15196

हिंदी दा पत्रिका भाग

Original with:
Language Department Punjab
Digitized by:
Panjab Digital Library

Original document was digitized by the Punjab Digital Library as part of the Punjabi Language Department's project.

1519G

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

262—3-4-61—30,000—C.P. and S. Pb. Patiala.

LANGUAGE DEPARTMENT
LIBRARY ACC. No. _____ PUNJAB

Date Due

Date of Issue	Date of Return	Date of Issue	Date of Return

1519

ਇੰਜੀਲ ਦਾ ਪਹਿਲਾ ਭਾਗ॥

ਅਰਥਾਤ

ਮੱਤੀ ਮਰਕੁਸ ਲੂਕਾ ਅਤੇ ਯੂਹੱਨਾ ਦੇ ਉਚਰੇ ਹੋਏ ਮੰਗਲ ਸਮਾਚਾਰ ਅਤੇ ਰਸੂਲਾਂ ਦੇ ਕਰਤੱਬਾਂ ਦੀ ਪੋਥੀ॥

REFERENCE LIBRARY
1519
A.C.C. N. .....

Original with:
Language Department Punjab
Digitized by:
Panjab Digital Library

15196

Original with:
Language Department Punjab
Digitized by:
Panjab Digital Library

ਇੰਜੀਲ ਵਿੱਚੋਂ
ਮੱਤੀ ਦਾ ਉਚਰਿਆ ਹੋਇਆ ਮੰਗਲ ਸਮਾਚਾਰ

REFERENCE LIBRARY
ACC. No. ....

Original with:
Language Department Punjab
Digitized by:
Panjab Digital Library

ST. MATTHEW.

(GURUMUKKI.)

Original with:
Language Department Punjab
Digitized by:
Panjab Digital Library

ਮੱਤੀ ਦਾ

ਉਚਾਰਿਆ ਹੋਇਆ ਮੰਗਲਸਮਾਚਾਰ॥

੧ਕਾਂਡ॥ ਕੁਲਪਤ੍ਰੀ ਯਿਸੂ ਮਸੀਹ ਦਾਊਦ ਦੇ ਪੁਤ੍ਰ ਦੀ ਜਿਹੜਾ ਇਬਰਾਹੀਮ ਦਾ ਪੁਤ੍ਰ ਸੀ॥ ॥੨॥ ਇਬਰਾਹੀਮ ਦੇ ਘਰ ਇਸਹਾਕ ਜੰਮਿਆ ਅਤੇ ਇਸਹਾਕ ਦੇ ਘਰ ਯਾਕੂਬ ਜੰਮਿਆ ਅਤੇ ਯਾਕੂਬ ਦੇ ਯਹੂਦਾ ਅਤੇ ਉਸ ਦੇ ਭਾਈ ਜੰਮੇ ॥੩॥ ਅਤੇ ਯਹੂਦਾ ਦੇ ਫਰਿਸ ਅੱਤੇ ਜਰਾ ਥਾਮਰ ਦੀ ਕੁੱਖੋਂ ਜੰਮੇ ਅਤੇ ਫਰਿਸ ਦੇ ਇਸਰੋਮ ਜੰਮਿਆ ਅਤੇ ਇਸਰੋਮ ਦੇ ਅਰਾਮ ਜੰਮਿਆ ॥੪॥ ਅਤੇ ਅਰਾਮ ਦੇ ਅੰਮਿਨਦਾਬ ਜੰਮਿਆ ਅਤੇ ਅੰਮਿਨਦਾਬ ਦੇ ਨਾਸੋਨ ਜੰਮਿਆ ਅਤੇ ਨਾਸੋਨ ਦੇ ਸਲਮੋਨ ਜੰਮਿਆ ॥੫॥ ਅਤੇ ਸਲਮੋਨ ਦੇ ਬੋਅਜ ਰਹਾਬ ਦੀ ਕੁੱਖੋਂ ਜੰਮਿਆ ਅਤੇ ਬੋਅਜ ਦੇ ਓਬੇਦ ਰੂਥ ਦੀ ਕੁੱਖੋਂ ਜੰਮਿਆ ਅਤੇ ਓਬੇਦ ਦੇ ਯੱਸੀ ਜੰਮਿਆ ॥ ੬ ॥ ਅਤੇ ਯੱਸੀ ਦੇ ਦਾਊਦ ਪਾਤਸਾਹ ਜੰਮਿਆ ਅਤੇ ਦਾਊਦ ਦੇ ਘਰ ਸੁਲੇਮਾਨ ਊਹ ਦੀ ਕੁੱਖੋਂ ਜੰਮਿਆ

Original with:
Language Department Punjab
Digitized by:
Panjab Digital Library

ਜਿਹੜੀ ਅੱਰੇ ਊਰਿਆ ਦੀ ਤੀਮੀ ਸੀ ॥੭॥ ਅਤੇ ਸੁਲੇਮਾਨ ਦੇ ਰੁਬੁਆਮ ਜੰਮਿਆ ਅਤੇ ਰੁਬੁਆਮ ਦੇ ਆਬਿਯਾ ਜੰਮਿਆ ਅਤੇ ਆਬਿਯਾ ਦੇ ਆਸਾਫ ਜੰਮਿਆ ॥੮॥ ਅਤੇ ਆਸਾਫ ਦੇ ਯੋਸ਼ਫਾਤ ਜੰਮਿਆ ਅਤੇ ਯੋਸ਼ਫਾਤ ਦੇ ਯੋਰਾਮ ਜੰਮਿਆ ਅਤੇ ਯੋਰਾਮ ਦੇ ਉਜ਼ੀਆ ਜੰਮਿਆ ॥੯॥ ਅਤੇ ਉਜ਼ੀਆ ਦੇ ਯੋਆਥਾਮ ਜੰਮਿਆ ਅਤੇ ਯੋਆਥਾਮ ਦੇ ਆਖਜ਼ ਜੰਮਿਆ ਅਤੇ ਆਖਜ਼ ਦੇ ਹਿਜ਼ਕੀਆ ਜੰਮਿਆ ॥੧੦॥ ਅਤੇ ਹਿਜ਼ਕੀਆ ਦੇ ਮਨੱਸ਼ੇ ਜੰਮਿਆ ਅਤੇ ਮਨੱਸ਼ੇ ਦੇ ਆਮੋਸ ਜੰਮਿਆ ਅਤੇ ਆਮੋਸ ਦੇ ਯੋਸ਼ੀਆ ਜੰਮਿਆ ॥੧੧॥ ਅਤੇ ਯੋਸ਼ੀਆ ਦੇ ਯਿਖ਼ਨੀਆ ਅਤੇ ਉਹ ਦੇ ਭਾਈ ਬਾਬੁਲ ਨੂੰ ਉੱਠ ਜਾਣ ਦੇ ਸਮੇ ਜੰਮੇ ॥ ॥੧੨॥ ਅਤੇ ਬਾਬੁਲ ਨੂੰ ਉੱਠ ਜਾਣ ਥੋਂ ਪਿੱਛੇ ਯਿਖ਼ਨੀਆ ਦੇ ਸ਼ਲਾਥਿਏਲ ਜੰਮਿਆ ਅਤੇ ਸ਼ਲਾਥਿਏਲ ਦੇ ਜ਼ੁਰੁਬਾਬਿਲ ਜੰਮਿਆ ॥੧੩॥ ਅਤੇ ਜ਼ੁਰੁਬਾਬਿਲ ਦੇ ਅਬਿਯੂਦ ਜੰਮਿਆ ਅਤੇ ਅਬਿਯੂਦ ਦੇ ਇਲਿਯਕੀਮ ਜੰਮਿਆ ਅਤੇ ਇਲਿਯਕੀਮ ਦੇ ਅੱਜ਼ੋਰ ਜੰਮਿਆ ॥੧੪॥ ਅਤੇ ਅੱਜ਼ੋਰ ਦੇ ਸਾਦੋਕ ਜੰਮਿਆ ਅਤੇ ਸਾਦੋਕ ਦੇ ਅਖ਼ੀਮ ਜੰਮਿਆ ਅਤੇ ਅਖ਼ੀਮ ਦੇ ਇਲਿਯੂਦ ਜੰਮਿਆ ॥੧੫॥ ਅਤੇ ਇਲਿਯੂਦ ਦੇ ਇਲਿਯਾਜ਼ਰ ਜੰਮਿਆ ਅਤੇ ਇਲਿਯਾਜ਼ਰ ਦੇ ਮੱਥਨ ਜੰਮਿਆ ਅਤੇ ਮੱਥਨ ਦੇ ਯਾਕੂਬ ਜੰਮਿਆ ॥੧੬॥ ਅਤੇ ਯਾਕੂਬ ਦੇ ਯੂਸੁਫ ਜੰਮਿਆ ਉਹ ਉਸ ਮਰਿਯਮ ਦਾ ਭਰਤਾ ਸੀ ਜਿਹ ਦੀ ਕੁੱਖੋਂ ਯਿਸੂ ਜੰਮਿਆ ਜਿਹੜਾ ਮਸੀਹ ਕਹਾਉਂਦਾ ਹੈ ॥ ॥੧੭॥ ਸੋ ਇਬਰਾਹੀਮ ਥੋਂ ਲੈਕੇ ਦਾਊਦ ਤੀਕੁਰ ਸੱਭੋ ਚੌਦਾਂ ਪੀਹੜੀਆਂ ਹਨ ਅਤੇ ਦਾਊਦ ਥੋਂ ਲੈਕੇ ਬਾਬੁਲ ਨੂੰ ਉੱਠ ਜਾਣ ਤੀਕੁਰ ਚੌਦਾਂ ਪੀਹੜੀਆਂ ਹਨ ਅਤੇ ਬਾਬੁਲ ਨੂੰ ਉੱਠ ਜਾਣ ਥੋਂ ਲੈਕੇ ਮਸੀਹ ਤੀਕੁਰ

Original with:
Language Department Punjab
Digitized by:
Panjab Digital Library

ਚੌਦਾਂ ਪੀਹੜੀਆਂ ਹਨ॥ ॥੧੮॥ਅਤੇ ਯਿਸੂ ਮਸੀਹ ਦਾ ਜਨਮ ਐਉਂ ਹੋਇਆ ਕਿ ਜਾਂ
ਉਹ ਦੀ ਮਾਂ ਮਰਿਯਮ ਦੀ ਯੂਸੁਫ ਨਾਲ ਕੁੜਮਾਈ ਹੋਈ ਸੀ ਤਾਂ ਉਨ੍ਹਾਂ ਦੇ ਕੱਠੇ ਹੋਣ ਦੇ ਅੱਗੇ ਉਹ
ਪਵਿਤ੍ਰ ਆਤਮਾ ਥੋਂ ਪੈਰ ਭਾਰੇ ਮਲੂਮ ਹੋਈ॥੧੯॥ ਤਦ ਉਹ ਦੇ ਭਰਤਾ ਯੂਸੁਫ ਨੈ ਜਿਹੜਾ
ਧਰਮੀ ਪੁਰਖ ਸੀ ਅਤੇ ਇਹ ਨ ਚੀਂਹਦੀ ਚਾਹੁੰਦਾ ਭਈ ਉਹ ਨੂੰ ਪਰਗਟ ਕਲੰਕਣ ਕਰੇ ਇਹ ਦ-
ਲੀਲ ਕੀਤੀ ਜੋ ਉਹ ਨੂੰ ਚੁਪਕੀਤਿਆਂ ਤਿਆਗ ਦੇਵੇ॥੨੦॥ ਪਰ ਜਾਂ ਉਹ ਇਨ੍ਹਾਂ ਗੱਲਾਂ ਦੀ
ਚਿੰਤਾ ਵਿੱਚ ਪਿਆ ਹੋਇਆ ਸੀ ਤਾਂ ਵੇਖੋ ਜੋ ਪ੍ਰਭੂ ਦੇ ਇੱਕ ਦੂਤ ਨੈ ਸੁਫਨੇ ਵਿੱਚ ਉਹ ਨੂੰ ਦਰਸਣ
ਦੇ ਕੇ ਕਿਹਾ ਹੇ ਯੂਸੁਫ ਦਾਊਦ ਦੇ ਪੁਤ੍ਰ ਤੂੰ ਆਪਣੀ ਤੀਮੀ ਮਰਿਯਮ ਨੂੰ ਆਪਣੇ ਘਰ ਲਿਆਉ-
ਣ ਥੋਂ ਨਾ ਡਰ ਕਿਉਂਕਿ ਜਿਹੜਾ ਉਹ ਦੀ ਕੁੱਖ ਵਿੱਚ ਆਇਆ ਹੈ ਉਹ ਪਵਿਤ੍ਰ ਆਤਮਾ ਥੋਂ ਹੈ ਗਾ
॥੨੧॥ ਅਤੇ ਉਹ ਪੁਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਉਂ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ
ਨੂੰ ਉਨ੍ਹਾਂ ਦੇ ਪਾਪਾਂ ਥੋਂ ਬਚਾਊ॥੨੨॥ ਇਹ ਸਭ ਕੁਛ ਇਸ ਲਈ ਹੋਇਆ ਭਈ ਜਿਹੜੀ ਗੱ-
ਲ ਪ੍ਰਭੂ ਨੈ ਪਿਕੰਬਰ ਦੀ ਜਬਾਨੀ ਆਖੀ ਸੀ ਉਹ ਪੂਰੀ ਹੋਵੇ॥੨੩॥ ਕਿ ਵੇਖੋ ਕੁਆਰੀ ਗਰਭ-
ਣੀ ਹੋਵੇਗੀ ਅਤੇ ਪੁਤ੍ਰ ਜਣੇਗੀ ਅਤੇ ਉਹ ਦਾ ਨਾਉਂ ਇੰਮਾਨੂਏਲ ਰੱਖਣਗੇ ਜਿਹ ਦਾ ਅਰਥ ਇ-
ਹ ਹੈ ਪਰਮੇਸ਼ੁਰ ਅਸਾਡੇ ਸੰਗ॥੨੪॥ ਤਦੋਂ ਯੂਸੁਫ ਨੈ ਸੁੱਤਿਓਂ ਉੱਠ ਕੇ ਜਿਹਾ ਕੁ ਪ੍ਰਭੂ ਦੇ ਦੂਤ ਨੈ
ਉਹ ਨੂੰ ਆਗਿਆ ਦਿੱਤੀ ਸੀ ਤਿਹਾ ਹੀ ਕੀਤਾ ਅਰ ਆਪਣੀ ਤੀਮੀ ਨੂੰ ਆਪਣੇ ਘਰ ਲਿਆ-
ਇਆ॥੨੫॥ ਅਤੇ ਉਹ ਨੂੰ ਨਾ ਜਾਣਿਆ ਜਿਨਾ ਚਿਰ ਉਹ ਪੁਤ੍ਰ ਨਾ ਜਣੀ ਅਤੇ ਉਹ ਦਾ ਨਾ-
ਉਂ ਯਿਸੂ ਰੱਖਿਆ॥

Original with:
Language Department Punjab
Digitized by:
Panjab Digital Library

੨ਕਾਂਡ।। ਅਤੇ ਜਾਂ ਯਿਸੂ ਮਹਾਰਾਜਾ ਹੇਰੋਦੇਸ ਦੇ ਦਿਨੀਂ ਯਹੂਦਿਯਾ ਦੇ ਬੈਤਲਹਮ ਵਿੱਚ ਜੰਮਿਆ ਤਾਂ ਵੇਖੋ ਕਿ ਜੋਤਸ਼ੀਆਂ ਨੈ ਚੜ੍ਹਦੇ ਪਾਸਿਓਂ ਯਰੂਸਲੀਮ ਵਿੱਚ ਆ ਣਕੇ ਕਿਹਾ।।੨।। ਭਈ ਜਿਹੜਾ ਯਹੂਦੀਆਂ ਦਾ ਪਾਤਸਾਹ ਜੰਮਿਆ ਹੈ ਉਹ ਕਿੱਥੇ ਹੈ ਕਿਉਂ ਜੋ ਅਸਾਂ ਚੜ੍ਹਦੇ ਪਾਸੇ ਉਹਦਾ ਤਾਰਾ ਡਿੱਠਾ ਅਤੇ ਉਹ ਨੂੰ ਮੱਥਾ ਟੇਕਣ ਆਏ ਹਾਂ।।੩।। ਇਹ ਗੱਲ ਸੁਣਕੇ ਮਹਾਰਾਜਾ ਹੇਰੋਦੇਸ ਸਾਰੇ ਯਰੂਸਲੀਮ ਸਣੇ ਘਬਰਾਇਆ।।੪।। ਅਤੇ ਉਸ ਨੈ ਸਾਰੇ ਪ੍ਰਧਾਨ ਜਾਜਕਾਂ ਅਤੇ ਕੌਮ ਦੇ ਗ੍ਰੰਥੀਆਂ ਨੂੰ ਕੱਠਿਆਂ ਕਰਕੇ ਉਨਾਂ ਨੂੰ ਪੁੱਛਿਆ ਜੋ ਮਸੀਹ ਕਿੱਥੇ ਜੰਮੇਗਾ।।੫।। ਉਨਾਂ ਨੈ ਉਸ ਨੂੰ ਕਿਹਾ ਯਹੂਦਿਯਾ ਦੇ ਬੈਤਲਹਮ ਵਿੱਚ ਕਿਉਂ ਜੋ ਪਿਕੰਬਰ ਦੇ ਹੱਥੀਂ ਐਉਂ ਲਿਖਿਆ ਹੋਇਆ ਹੈ।।੬।। ਕਿ ਹੇ ਬੈਤਲਹਮ ਯਹੂਦਾ ਦੇਸ ਦੇ ਤੂੰ ਯਹੂਦਾ ਦੇ ਹਾਕਮਾਂ ਵਿੱਚੋਂ ਕਿਸੇ ਤਰਾਂ ਛੋਟਾ ਨਹੀਂ ਹੈਂ ਕਿਉਂ ਜੋ ਤੇਰੇ ਵਿੱਚੋਂ ਇੱਕ ਹਾਕਮ ਨਿੱਕਲੇਗਾ ਜਿਹੜਾ ਮੇਰੀ ਕੌਮ ਇਸਰਾਈਲ ਦੀ ਰੱਛਿਆ ਕਰੂ।।੭।। ਤਦ ਹੇਰੋਦੇਸ ਨੈ ਜੋਤਸ਼ੀਆਂ ਨੂੰ ਚੁਪਕੀਤੇ ਬੁਲਾਕੇ ਉਨ ਕੋਲੋਂ ਤਰੀਦ ਨਾਲ ਪੁੱਛਿਆ ਕਿ ਤਾਰਾ ਕਦੋਂ ਵਿਖਾਈ ਦਿੱਤਾ।।੮।। ਅਤੇ ਉਸ ਨੈ ਉਨਾਂ ਨੂੰ ਬੈਤਲਹਮ ਵਲ ਇਹ ਕਹਿਕੇ ਘੱਲਿਆ ਭਈ ਜਾਓ ਜਤਨ ਨਾਲ ਉਸ ਬਾਲਕ ਦੀ ਭਾਲ ਕਰੋ ਅਰ ਜਦ ਉਹ ਲੱਭ ਪਵੇ ਤਦ ਮੁੜ ਮੈਨੂੰ ਖਬਰ ਦਿਓ ਤਾਂ ਮੈਂ ਬੀ ਜਾਕੇ ਉਹ ਨੂੰ ਮੱਥਾ ਟੇਕਾਂ।।੯।। ਅਤੇ ਓਹ ਮਹਾਰਾਜੇ ਦੀ ਸੁਣਕੇ ਤੁਰ ਪਏ ਅਤੇ ਵੇਖੋ ਕਿ ਉਹ ਤਾਰਾ ਜਿਹੜਾ ਉਨਾਂ ਨੈ ਚੜ੍ਹਦੇ ਪਾਸੇ ਡਿੱਠਾ ਸੀ ਉਨਾਂ ਦੇ ਅੱਗੇ ਅੱਗੇ ਚੱਲਿਆ ਇੱਥੋਂ ਤੀਕੁ ਜੋ ਉਸ ਥਾਂ ਦੇ ਉੱਤੇ ਜਾ ਟਿਕਿਆ ਜਿੱਥੇ ਉਹ ਬਾਲਕ ਸੀ।।੧੦।। ਅਤੇ ਤਾਰੇ ਨੂੰ ਵੇਖਕੇ ਓਹ ਵੜੇ ਹੀ ਅਨੰਦ ਹੋਏ।।੧੧।। ਅਤੇ ਉਨਾਂ ਨੈ ਉਸ

Original with:
Language Department Punjab
Digitized by:
Panjab Digital Library

ਘਰ ਵਿੱਚ ਜਾਕੇ ਬਾਲਕ ਨੂੰ ਉਹਦੀ ਮਾਂ ਮਰਿਯਮ ਦੇ ਨਾਲ ਡਿੱਠਾ ਅਰ ਪੈਰੀਂ ਪੈਕੇ ਉਹ ਨੂੰ ਮੱਥਾ
ਟੇਕਿਆ ਅਤੇ ਆਪਣੀਆਂ ਥੈਲੀਆਂ ਖੋਲ੍ਹਕੇ ਸੋਨਾ ਅਤੇ ਲੁਬਾਣ ਅਤੇ ਗੰਧਰਸ ਉਹ ਦੀ ਭੇਟ
ਕੀਤੀ ॥੧੨॥ ਅਰ ਸੁਫਨੇ ਵਿੱਚ ਖਬਰ ਪਾਕੇ ਜੋ ਹੇਰੋਦੇਸ ਦੇ ਕੋਲ ਫੇਰ ਨਾ ਜਾਣ ਓਹ ਹੋਰ ਰਸ-
ਤੇ ਆਪਣੇ ਦੇਸ ਨੂੰ ਮੁੜ ਗਏ ॥ ॥੧੩॥ ਜਾਂ ਓਹ ਤੁਰ ਗਏ ਸਨ ਤਾਂ ਵੇਖੋ ਕਿ ਪ੍ਰਭੁ ਦੇ ਇੱ
ਕ ਦੂਤ ਨੈ ਯੂਸੁਫ ਨੂੰ ਸੁਫਨੇ ਵਿੱਚ ਦਰਸਣ ਦੇਕੇ ਆਖਿਆ ਭਈ ਉੱਠ ਬਾਲਕ ਅਤੇ ਉਹ ਦੀ ਮਾਂ
ਨੂੰ ਨਾਲ ਲੈਕੇ ਮਿਸਰ ਦੇਸ ਨੂੰ ਭੱਜ ਜਾਹ ਅਤੇ ਜਦ ਤੀਕ ਮੈਂ ਤੈਨੂੰ ਨਾ ਆਖਾਂ ਉੱਥੇ ਹੀ ਰਹੁ ਕਿਉਂ
ਜੋ ਹੇਰੋਦੇਸ ਨਾਸ ਕਰਨ ਲਈ ਇਸ ਬਾਲਕ ਨੂੰ ਭਾਲੇਗਾ ॥੧੪॥ ਤਦ ਉਹ ਉੱਠਕੇ ਰਾਤੋ ਰਾਤ
ਬਾਲਕ ਅਤੇ ਉਹ ਦੀ ਮਾਂ ਨੂੰ ਨਾਲ ਲੈਕੇ ਮਿਸਰ ਵੱਲ ਤੁਰ ਪਿਆ ॥੧੫॥ ਅਤੇ ਹੇਰੋਦੇਸ ਦੇ ਮ-
ਰਨ ਤੋੜੀ ਉੱਥੇ ਰਿਹਾ ਇਸ ਲਈ ਕਿ ਜਿਹੜਾ ਬਚਨ ਪ੍ਰਭੁ ਨੈ ਪਿਕੰਬਰ ਦੀ ਜਬਾਨੀ ਆਖਿਆ
ਸੀ ਪੂਰਾ ਹੋਵੇ ਭਈ ਮੈਂ ਆਪਣੇ ਪੁੱਤ ਨੂੰ ਮਿਸਰ ਵਿੱਚੋਂ ਸੱਦਿਆ ॥੧੬॥ ਜਾਂ ਹੇਰੋਦੇਸ ਨੈ ਵੇਖਿਆ
ਕਿ ਜੋਤਸੀਆਂ ਨੈ ਮੇਰੇ ਨਾਲ ਮਖੌਲ ਕੀਤਾ ਤਾਂ ਉਹ ਨੂੰ ਵੱਡਾ ਕ੍ਰੋਧ ਆਇਆ ਅਤੇ ਮਨੁੱਖਾਂ ਨੂੰ ਭੇਜ-
ਕੇ ਬੈਤਲਹਮ ਅਤੇ ਉਹ ਦੇ ਆਲੇ ਦੁਆਲੇ ਦੇ ਸਭ ਨਾਂ ਨੀਂਗਰਾਂ ਨੂੰ ਮਰਵਾ ਸੁੱਟਿਆ ਜੇਹੜੇ ਦੋ ਵਰਿਹ ੦
ਦੇ ਅਤੇ ਏਦੋਂ ਇਆਣੇ ਸਨ ਉਸ ਸਮੇ ਦੇ ਅਨੁਸਾਰ ਜਿਹੜਾ ਜੋਤਸੀਆਂ ਥੋਂ ਤਰੀਦ ਨਾਲ ਪੁੱਛਿ-
ਆ ਸੀ ॥੧੭॥ ਤਦ ਉਹ ਬਚਨ ਜਿਹੜਾ ਯਿਰਮੀਆ ਪਿਕੰਬਰ ਨੈ ਆਖਿਆ ਸੀ ਪੂਰਾ ਹੋਇਆ ੦
॥੧੮॥ ਭਈ ਰਮਾ ਵਿੱਚ ਇੱਕ ਅਵਾਜ ਸੁਣਾਈ ਦਿੱਤੀ ਰੋਣਾ ਅਤੇ ਵੱਡਾ ਵਿਰਲਾਪ। ਰਾਹੇਲ ਅ- ੦
ਪਣੇ ਬਾਲ ਬੱਚਿਆਂ ਨੂੰ ਰੋਂਦੀ ਹੈ ਅਤੇ ਤਸੱਲਾ ਨਹੀਂ ਚਾਹੁੰਦੀ ਇਸ ਲਈ ਜੋ ਓਹ ਹਨ ਨਹੀਂ ॥

Original with:
Language Department Punjab
Digitized by:
Panjab Digital Library

॥੧੯॥ਜਾਂ ਹੇਰੋਦੇਸ ਮਰ ਗਿਆ ਤਾਂ ਵੇਖੋ ਪ੍ਰਭੂ ਦੇ ਇੱਕ ਦੂਤ ਨੈ ਮਿਸਰ ਵਿਖੇ ਯੂਸੁਫ ਨੂੰ ਸੁਫਨੇ ਵਿੱਚ ਦਰਸਣ ਦੇਕੇ ਆਖਿਆ ॥੨੦॥ਉੱਠ ਬਾਲਕ ਅਤੇ ਉਹਦੀ ਮਾਂ ਨੂੰ ਨਾਲ ਲੈਕੇ ਇਸਰਾਈਲ ਦੀ ਧਰਤੀ ਨੂੰ ਜਾਹ ਕਿਉਂਕਿ ਜੇਹੜੇ ਬਾਲਕ ਦੇ ਪ੍ਰਾਣਾਂ ਦੇ ਵੈਰੀ ਸਨ ਓਹ ਮਰ ਗਾਏ ॥੨੧॥ਤਦ ਉਹ ਉੱਠਿਆ ਅਤੇ ਬਾਲਕ ਅਤੇ ਉਹਦੀ ਮਾਂ ਨੂੰ ਨਾਲ ਲੈਕੇ ਇਸਰਾਈਲ ਦੀ ਧਰਤੀ ਵਿੱਚ ਆਇਆ ॥੨੨॥ਪਰ ਜਾਂ ਸੁਣਿਆ ਜੋ ਅਰਕਿਲਾਉ ਸ ਯਹੂਦਿਯਾ ਵਿੱਚ ਆਪਣੇ ਪਿਤਾ ਹੇਰੋਦੇਸ ਦੇ ਥਾਂ ਰਾਜ ਕਰਦਾ ਹੈ ਤਾਂ ਉੱਥੇ ਜਾਣ ਥੋਂ ਡਰਿਆ ਪਰ ਸੁਫਨੇ ਵਿੱਚ ਖਬਰ ਪਾਕੇ ਗਲੀਲ ਦੇ ਇਲਾਕੇ ਵਿੱਚ ਚੱਲਿਆ ਗਿਆ ॥੨੩॥ਅਤੇ ਨਾਸਰਤ ਨਾਮੇ ਇੱਕ ਨਗਰ ਵਿੱਚ ਜਾ ਬਸਿਆ ਇਸ ਲਈ ਕਿ ਜਿਹੜਾ ਬਚਨ ਪਿਕੰਬਰਾਂ ਦੀ ਜਬਾਨੀ ਆਖਿਆ ਗਿਆ ਸੀ ਪੂਰਾ ਹੋਵੇ ਜੋ ਉਹ ਨਾਸਰੀ ਕਹਾਵੇਗਾ ॥

੩ਕਾਂਡ ॥

ਓਨੀਂ ਦਿਨੀਂ ਯੂਹੱਨਾ ਬਪਤਿਸਮਾ ਦੇਣਵਾਲਾ ਆਣਕੇ ਯਹੂਦਿਯਾ ਦੇ ਜੰਗਲ ਵਿੱਚ ਮਨਾਦੀ ਕਰਦੇ ਹੋਏ ਕਹਿਣ ਲਗਾ ॥੨॥ਕਿ ਤੋਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ ॥੩॥ਕਿ ਇਹ ਉਹੋ ਹੈ ਜਿਹ ਦੀ ਬਾਬਤ ਯਸਾਯਾਹ ਪਿਕੰਬਰ ਦੀ ਜਬਾਨੀ ਆਖਿਆ ਗਿਆ ਸੀ ਭਈ ਜੰਗਲ ਵਿੱਚ ਇੱਕ ਹੋਕਾ ਦੇਣਵਾਲੇ ਦੀ ਅਵਾਜ ਜੋ ਪ੍ਰਭੂ ਦੇ ਰਸਤੇ ਨੂੰ ਤਿਆਰ ਕਰੋ ਉਹ ਦੇ ਰਾਹਾਂ ਨੂੰ ਸਿੱਧੇ ਕਰੋ ॥੪॥ਇਸ ਯੂਹੱਨਾ ਦੇ ਬਸਤ੍ਰ ਊਠ ਦੇ ਵਾਲਾਂ ਦੇ ਸਨ ਅਤੇ ਚੰਮ ਦੀ ਪੇਟੀ ਉਹ ਦੇ ਲੱਕ ਨਾਲ ਸੀ ਅਤੇ ਉਹ ਦਾ ਭੋਜਨ ਟਿੱਡੀਆਂ ਅਤੇ ਬਣ ਦਾ ਸ਼ਹਿਤ ਸੀ ॥੫॥ਤਦ ਯਰੂਸਲੀਮ ਅਤੇ ਸਾਰੇ ਯਹੂਦਿਯਾ ਅਤੇ ਯਰਦਨ ਦੇ ਸਭ ਲਾਂਭ

Original with:
Language Department Punjab
Digitized by:
Panjab Digital Library

ਛਾਂਭ ਦੇ ਰਹਿਣ ਵਾਲੇ ਉਹ ਦੇ ਕੋਲ ਚਲੇ ਆਉਂਦੇ ਸਨ ॥੬॥ ਅਤੇ ਆਪੋ ਆਪਣੇ ਪਾਪਾਂ ਨੂੰ
ਮੰਨਕੇ ਯਰਦਨ ਨਦੀ ਵਿੱਚ ਉਹ ਦੇ ਹੱਥੋਂ ਬਪਤਿਸਮਾ ਲੈਂਦੇ ਸਨ ॥੭॥ ਪਰ ਜਾਂ ਉਹ ਨੇ ਵੇਖਿ-
ਆ ਜੋ ਫ਼ਰੀਸੀਆਂ ਅਤੇ ਸਦੂਕੀਆਂ ਵਿੱਚੋਂ ਬਥੇਰੇ ਮੇਥੋਂ ਬਪਤਿਸਮਾ ਲੈਣ ਨੂੰ ਆਉਂਦੇ ਹ-
ਨ ਤਾਂ ਉਨਾਂ ਨੂੰ ਕਿਹਾ ਕਿ ਹੇ ਸੱਪਾਂ ਦੇ ਬੱਚਿਓ ਤੁਹਾਨੂੰ ਆਉਣ ਵਾਲੇ ਕ੍ਰੋਪ ਥੋਂ ਭੱਜਣਾ ਕਿਨ ਦੱ-
ਸਿਆ ॥੮॥ ਸੋ ਤੁਸੀਂ ਤੋਬਾ ਦੇ ਲਾਇਕ ਫਲ ਦਿਓ ॥੯॥ ਅਤੇ ਆਪਣੇ ਮਨ ਵਿੱਚ ਇਸ
ਗੱਲ ਦੇ ਕਹਿਣ ਦੀ ਸੋਚ ਨਾ ਕਰੋ ਕਿ ਇਬਰਾਹੀਮ ਸਾਡਾ ਪਿਤਾ ਹੈ ਕਿਉਂ ਜੋ ਮੈਂ ਤੁਹਾਨੂੰ ਆ-
ਖਦਾ ਹਾਂ ਭਈ ਪਰਮੇਸੁਰ ਇਬਰਾਹੀਮ ਦੇ ਲਈ ਇਨਾਂ ਪੱਥਰਾਂ ਵਿੱਚੋਂ ਸੰਤਾਨ ਉਤਪੰਨ ਕਰ
ਸੱਕਦਾ ਹੈ ॥੧੦॥ ਅਤੇ ਰੁੱਖਾਂ ਦੀ ਜੜ ਪੁਰ ਹੁਣ ਕੁਹਾੜਾ ਰੱਖਿਆ ਹੋਇਆ ਹੈ ਸੋ ਹਰੇਕ ਰੁੱਖ
ਜਿਹੜਾ ਅੱਛਾ ਫਲ ਨਹੀਂ ਦਿੰਦਾ ਵੱਢਿਆ ਅਤੇ ਅੱਗ ਵਿੱਚ ਸੁੱਟਿਆ ਜਾਂਦਾ ਹੈ ॥੧੧॥ ਮੈਂ
ਤਾਂ ਤੁਹਾਨੂੰ ਤੋਬਾ ਦੇ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿੱਛੇ ਆਉ-
ਣ ਵਾਲਾ ਹੈ ਉਹ ਮੈਥੋਂ ਬਲਵੰਤ ਹੈ ਅਤੇ ਮੈਂ ਉਹ ਦੀ ਜੁੱਤੀ ਚੁੱਕਣ ਦੇ ਜੋਗ ਨਹੀਂ ਹਾਂ ਉਹ ਤੁਹਾ
ਨੂੰ ਪਵਿੱਤ੍ਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਊ ॥੧੨॥ ਉਹ ਦਾ ਛੱਜ ਉਹ ਦੇ ਹੱਥ ਵਿੱ-
ਚ ਹੈ ਅਤੇ ਉਹ ਆਪਣੇ ਖਲਵਾੜੇ ਨੂੰ ਅੱਛੀ ਤਰਾਂ ਸਾਫ਼ ਕਰੂ ਅਤੇ ਆਪਣੀ ਕਣਕ ਨੂੰ ਕੋਠੇ
ਵਿੱਚ ਜਮਾਂ ਕਰੂ ਪਰ ਤੂੜੀ ਨੂੰ ਉਸ ਅਗਨ ਵਿੱਚ ਸਾੜੇਗਾ ਜਿਹੜੀ ਬੁੱਝਣ ਵਾਲੀ ਨਹੀਂ ॥
॥੧੩॥ ਤਦ ਯਿਸੂ ਗਲੀਲ ਥੋਂ ਯਰਦਨ ਦੇ ਕੰਢੇ ਯੂਹੰਨਾ ਕੋਲ ਉਹ ਦੇ ਹੱਥੋਂ ਬਪ-
ਤਿਸਮਾ ਲੈਣ ਨੂੰ ਆਇਆ ॥੧੪॥ ਪਰ ਯੂਹੰਨਾ ਨੇ ਇਹ ਕਹਿਕੇ ਉਸ ਨੂੰ ਰੋਕਿਆ ਭਈ ਮੈਨੂੰ

Original with:
Language Department Punjab
Digitized by:
Panjab Digital Library

ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ ਫੇਰ ਤੂੰ ਮੇਰੇ ਕੋਲ ਆਇਆ ਹੈਂ॥੧੫॥ ਪਰ ਯਿਸੂ ਨੇ ਉ-
ਹਨੂੰ ਉੱਤਰ ਦਿੱਤਾ ਹੁਣ ਹੋਣ ਦਿਹ ਕਿਉਂਕਿ ਸਾਨੂੰ ਜੋਗ ਹੈ ਜੋ ਸਾਰੇ ਧਰਮ ਨੂੰ ਇਸੇ ਤਰਾਂ ਪੂਰਾ ਕ-
ਰਿਯੇ। ਤਾਂ ਉਸ ਨੇ ਹੋਣ ਦਿੱਤਾ॥੧੬॥ ਅਤੇ ਜਾਂ ਯਿਸੂ ਬਪਤਿਸਮਾ ਲੈ ਚੁੱਕਿਆ ਤਾਂ ਝੱਟ ਪਾਣੀ ਥੋਂ
ਉੱਪਰ ਆਇਆ ਅਤੇ ਵੇਖੋ ਜੋ ਅਕਾਸ ਉਹ ਦੇ ਲਈ ਖੁਲ ਗਿਆ ਅਤੇ ਉਸ ਨੇ ਪਰਮੇਸ਼ੁਰ ਦਾ
ਆਤਮਾ ਕਬੂਤਰ ਦੀ ਨਿਆਈਂ ਉੱਤਰਦਾ ਅਤੇ ਆਪਣੇ ਉੱਤੇ ਆਉਂਦਾ ਡਿੱਠਾ॥੧੭॥ ਅਰ ਵੇਖੋ
ਇੱਕ ਅਕਾਸ ਬਾਣੀ ਆਈ ਕਿ ਇਹ ਮੇਰਾ ਪਿਆਰਾ ਪੁਤ੍ਰ ਹੈ ਜਿਸ ਥੋਂ ਮੈਂ ਪਰਸੰਨ ਹਾਂ॥

੪ ਕਾਂਡ

ਤਦ ਯਿਸੂ ਆਤਮਾ ਦੀ ਅਗਵਾਈ ਨਾਲ ਬਣ ਵਿੱਚ ਗਿਆ ਜੋ ਸ਼ਤਾਨ ਥੋਂ ਪ-
ਰਤਾਇਆ ਜਾਵੇ॥੨॥ ਅਤੇ ਜਾਂ ਚਾਲੀ ਦਿਨ ਅਤੇ ਚਾਲੀ ਰਾਤ ਫਰਤ ਰੱਖ-
ਆ ਤਾਂ ਓੜਕ ਉਹ ਨੂੰ ਭੁੱਖ ਲੱਗੀ॥੩॥ ਤਦ ਪਰਤਾਉਣ ਵਾਲੇ ਨੇ ਕੋਲ ਆਣ ਕੇ ਉਹ ਨੂੰ ਕਿਹਾ
ਜੇ ਤੂੰ ਪਰਮੇਸ਼ੁਰ ਦਾ ਪੁਤ੍ਰ ਹੈਂ ਤਾਂ ਕਹੁ ਜੋ ਏਹ ਪੱਥਰ ਰੋਟੀਆਂ ਬਣ ਜਾਣ॥੪॥ ਪਰ ਉਸ ਨੇ ਉੱਤਰ
ਦਿੱਤਾ ਜੋ ਲਿਖਿਆ ਹੈ ਭਈ ਮਨੁੱਖ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੂਗਾ ਪਰ ਹਰੇਕ ਵਾ-
ਕ ਨਾਲ ਜਿਹੜਾ ਪਰਮੇਸ਼ੁਰ ਦੇ ਮੁੱਖੋਂ ਨਿੱਕਲਦਾ ਹੈ॥੫॥ ਫੇਰ ਸ਼ਤਾਨ ਉਹ ਨੂੰ ਪਵਿਤ੍ਰ ਸ਼ਹਿਰ ਵਿੱ-
ਚ ਨਾਲ ਲੈ ਗਿਆ ਅਤੇ ਮੰਦਰ ਦੇ ਕਿੰਗਰੇ ਉੱਤੇ ਖੜਾ ਕਰ ਕੇ ਉਹ ਨੂੰ ਕਿਹਾ॥੬॥ ਜੇ ਤੂੰ ਪਰਮੇਸ਼ੁਰ
ਦਾ ਪੁਤ੍ਰ ਹੈਂ ਤਾਂ ਆਪਣੇ ਆਪ ਨੂੰ ਹੇਠਾਂ ਡੇਗ। ਦਿਹ ਕਿਉਂ ਜੋ ਲਿਖਿਆ ਹੈ ਕਿ ਉਹ ਆਪਣੇ ਦੂਤਾਂ ਨੂੰ
ਤੇਰੇ ਲਈ ਹੁਕਮ ਕਰੂ ਅਤੇ ਓਹ ਤੈਨੂੰ ਹੱਥਾਂ ਪੁਰ ਚੁੱਕ ਲੈਣਗੇ ਭਈ ਕਿਤੇ ਐਉਂ ਨਾ ਹੋਵੇ ਜੋ ਤੇਰੇ
ਪੈਰ ਨੂੰ ਪੱਥਰ ਨਾਲ ਸੱਟ ਲੱਗੇ॥੭॥ ਯਿਸੂ ਨੇ ਉਹ ਨੂੰ ਆਖਿਆ ਇਹ ਭੀ ਲਿਖਿਆ ਹੈ ਜੋ

Original with:
Language Department Punjab
Digitized by:
Panjab Digital Library

ਤੂੰ ਪ੍ਰਭੁ ਆਪਣੇ ਪਰਮੇਸ਼ੁਰ ਦਾ ਪਰਤਾਵਾ ਨਾ ਕਰ॥੮॥ ਫੇਰ ਸ਼ਤਾਨ ਉਹ ਨੂੰ ਇੱਕ ਵੱਡੇ ਉੱਚੇ ਪਹਾ-
ੜ ਉੱਤੇ ਨਾਲ ਲੈ ਗਿਆ ਅਤੇ ਜਗਤ ਦੀਆਂ ਸਾਰੀਆਂ ਪਾਤਸ਼ਾਹੀਆਂ ਅਤੇ ਉਨਾਂ ਦੀ ਭੜਕ ਉਹ
ਨੂੰ ਵਿਖਾਈ॥੯॥ ਅਤੇ ਉਹ ਨੂੰ ਕਿਹਾ ਜੇ ਤੂੰ ਨੇੜੇ ਕੇ ਮੈ ਨੂੰ ਮੱਥਾ ਟੇਕੇਂ ਤਾਂ ਇਹ ਸਭੋ ਕੁਛ ਮੈਂ ਤੈ
ਨੂੰ ਦੇਆਂਗਾ॥੧੦॥ ਤਦੋਂ ਯਿਸੂ ਨੈ ਉਹ ਨੂੰ ਕਿਹਾ ਹੇ ਸ਼ਤਾਨ ਚੱਲਿਆ ਜਾਹ ਕਿਉਂ ਜੋ ਲਿਖਿਆ ਹੈ
ਭਈ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਮੱਥਾ ਟੇਕ ਅਤੇ ਉਸੇ ਅੱਕਲੇ ਦੀ ਸੇਵਾ ਕਰ॥੧੧॥ ਤਦ
ਸ਼ਤਾਨ ਉਹ ਨੂੰ ਛੱਡ ਗਿਆ ਅਤੇ ਵੇਖੋ ਦੂਤਾਂ ਨੈ ਕੋਲ ਆਣਕੇ ਉਹ ਦੀ ਟਹਿਲ ਕੀਤੀ॥

॥੧੨॥ ਜਾਂ ਉਸ ਨੈ ਸੁਣਿਆ ਕਿ ਯੂਹੱਨਾ ਫੜਿਆ ਗਿਆ ਤਾਂ ਉਹ ਗਲੀਲ ਨੂੰ ਤੁਰ ਪਿ-
ਆ॥੧੩॥ ਅਤੇ ਨਾਸਰਤ ਨੂੰ ਛੱਡ ਕੇ ਕਫ਼ਰਨਾਹੂਮ ਵਿੱਚ ਜਾ ਰਿਹਾ ਜਿਹੜਾ ਦਰਿਆਉ ਦੇ ਕੰ-
ਢੇ ਜਬੂਲੋਨ ਅਤੇ ਨਫ਼ਤਾਲੀ ਦੇ ਬੰਨਿਆਂ ਵਿਖੇ ਹੈ॥੧੪॥ ਭਈ ਯਸਾਯਾ ਪਿਕੰਬਰ ਦਾ ਵਾਕ
ਪੂਰਾ ਹੋਵੇ ਕਿ॥੧੫॥ ਜਬੂਲੋਨ ਦੀ ਧਰਤੀ ਅਤੇ ਨਫ਼ਤਾਲੀ ਦੀ ਧਰਤੀ ਦਰਿਆਉ ਦੀ ਵਲ
ਯਰਦਨੇਂ ਪਾਰ ਪਰਾਈਆਂ ਕੌਮਾਂ ਦੀ ਗਲੀਲ॥੧੬॥ ਜੇਹੜੇ ਲੋਕ ਅਨ੍ਹੇਰੇ ਵਿੱਚ ਬੈਠੇ ਹੋਏ ਸ-
ਨ ਉਨਾਂ ਨੈ ਵੱਡਾ ਚਾਨਣ ਵੇਖਿਆ ਅਤੇ ਜੇਹੜੇ ਮੌਤ ਦੇ ਦੇਸ ਅਤੇ ਛਾਇਆ ਵਿੱਚ ਬੈਠੇ ਹੋਏ ਸ-
ਨ ਉਨਾਂ ਲਈ ਚਾਨਣ ਚੜ੍ਹ ਗਿਆ॥ ॥੧੭॥ ਉਸੇ ਵੇਲੇ ਤੋਂ ਯਿਸੂ ਮਨਾਦੀ ਕਰਨ
ਅਤੇ ਕਹਿਣ ਲੱਗਾ ਭਈ ਤੋਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ॥

॥੧੮॥ ਅਤੇ ਗਲੀਲ ਦੇ ਦਰਿਆਉ ਦੇ ਕੰਢੇ ਫਿਰਦਿਆਂ ਹੋਇਆਂ ਉਸ ਨੈ ਦੋ ਭਰਾਵਾਂ ਅਰ-

Original with:
Language Department Punjab
Digitized by:
Panjab Digital Library

ਥਾਤ ਸਮਝੂਨਨੂੰ ਜਿਹੜਾ ਪਤਰਸ ਕਹਾਉਂਦਾ ਹੈ ਅਤੇ ਉਹ ਦੇ ਭਾਈ ਅੰਦ੍ਰਿਯਾਸ ਨੂੰ ਦਰਿਆ-
ਉ ਵਿੱਚ ਜਾਲ ਪਾਉਂਦਿਆਂ ਡਿੱਠਾ ਕਿਉ ਜੋ ਓਹ ਮੱਛੀ ਦੇ ਸਕਾਰੀ ਸਨ ॥ ੧੯ ॥ ਅਤੇ ਉਨਾਂ ਨੂੰ ਕਿ-
ਹਾ ਜੋ ਮੇਰੇ ਮਗਰ ਆਓ ਤਾਂ ਮੈਂ ਤੁਹਾਨੂੰ ਮਨੁੱਖਾਂ ਦੇ ਸਕਾਰੀ ਬਣਾਵਾਂਗਾ ॥ ੨੦ ॥ ਅਤੇ ਓਹ ਝੱਟ
ਜਾਲਾਂ ਨੂੰ ਛੱਡ ਕੇ ਉਹ ਦੇ ਮਗਰ ਹੋ ਤੁਰੇ ॥ ੨੧ ॥ ਅਰ ਉੱਥੋਂ ਅੱਗੇ ਵਧ ਕੇ ਉਹ ਨੇ ਹੋਰ ਦੋ ਭਰਾਵਾਂ
ਅਰਥਾਤ ਜ਼ਬਦੀ ਦੇ ਪੁੜ ਯਾਕੂਬ ਨੂੰ ਅਤੇ ਉਹ ਦੇ ਭਾਈ ਯੂਹੰਨਾ ਨੂੰ ਵੇਖਿਆ ਜੋ ਹੜੇ ਆਪਣੇ
ਪਿਉ ਦੇ ਨਾਲ ਬੇੜੀ ਉੱਤੇ ਆਪਣਿਆਂ ਜਾਲਾਂ ਨੂੰ ਸੁਧਾਰਦੇ ਸਨ। ਅਰ ਉਨਾਂ ਨੂੰ ਸੱਦਿਆ ॥ ੨੨
॥ ਅਤੇ ਓਹ ਝੱਟ ਬੇੜੀ ਨੂੰ ਅਤੇ ਆਪਣੇ ਪਿਉ ਨੂੰ ਛੱਡ ਕੇ ਉਹ ਦੇ ਮਗਰ ਹੋ ਤੁਰੇ ॥ ॥
੨੩ ॥ ਅਤੇ ਯਿਸੂ ਸਾਰੀ ਗਲੀਲ ਵਿੱਚ ਫਿਰਦਾ ਹੋਇਆ ਉਨਾਂ ਦਿਆਂ ਸਮਾਸਾਂ ਵਿੱਚ ਉਪਦੇ-
ਸ ਦਿੰਦਾ ਅਤੇ ਰਾਜ ਦੇ ਮੰਗਲ ਸਮਾਚਾਰ ਦੀ ਮਨਾਦੀ ਕਰਦਾ ਅਤੇ ਲੋਕਾਂ ਵਿੱਚ ਸਾਰੇ ਰੋਗ
ਅਤੇ ਸਾਰੀ ਮਾਂਦਗੀ ਨੂੰ ਹਟਾਉਂਦਾ ਸੀ ॥ ੨੪ ॥ ਅਰ ਸਾਰੇ ਸੁਰੀਆ ਦੇਸ ਵਿੱਚ ਉਹ ਦੀ ਧੂੰਮ
ਪੈ ਗਈ ਅਤੇ ਉਨਾਂ ਸਭਨਾਂ ਰੋਗੀਆਂ ਨੂੰ ਜੋ ਹੜੇ ਕਈ ਪਰਕਾਰ ਦੇ ਰੋਗਾਂ ਅਤੇ ਦੁਖਾਂ ਵਿੱਚ
ਗ੍ਰਸੇ ਹੋਏ ਸਨ ਅਤੇ ਜਿਨਾਂ ਨੂੰ ਭੂਤ ਚੰਬੜੇ ਹੋਏ ਸਨ ਅਤੇ ਮਿਰਗੀ ਵਾਲਿਆਂ ਅਤੇ ਅਧ-
ਰੰਗੀਆਂ ਨੂੰ ਉਹ ਦੇ ਕੋਲ ਲਿਆਏ ਅਰ ਉਸ ਨੇ ਉਨਾਂ ਨੂੰ ਚੰਗੇ ਕੀਤਾ ॥ ੨੫ ॥ ਅਤੇ ਵਡੀਆ
ਭੀੜਾਂ ਗਲੀਲ ਅਤੇ ਦਿਕਾਪੁਲਿਸ ਅਤੇ ਯਰੂਸਲੀਮ ਅਤੇ ਯਹੂਦਿਯਾ ਅਤੇ ਯਰਦ-
ਨ ਦੇ ਪਾਰੋਂ ਉਹ ਦੇ ਮਗਰ ਲਗ ਪਈਆਂ ॥

Original with:
Language Department Punjab
Digitized by:
Panjab Digital Library

ਪਕਾਂਡ ॥ ਅਤੇ ਭੀੜ ਨੂੰ ਵੇਖਕੇ ਉਹ ਪਹਾੜ ਉੱਤੇ ਚੜ੍ਹ ਗਿਆ। ਅਰ ਜਦ ਬੈਠਾ ਤਦ ਉ-
ਹਦੇ ਸਿੱਖ ਉਸ ਪਾਸ ਆਏ ॥੨॥ ਅਤੇ ਉਸ ਨੈ ਆਪਣਾ ਮੂੰਹ ਖੋਲ੍ਹਿਆ ਅਤੇ
ਇਹ ਕਹਿਕੇ ਉਨਾਂ ਨੂੰ ਉਪਦੇਸ ਦੇਣ ਲੱਗਾ ॥ ॥੩॥ ਧੰਨ ਓਹ ਜੇਹੜੇ ਦਿਲ ਦੇ
ਗਰੀਬ ਹਨ ਕਿਉਂ ਜੋ ਸੁਰਗ ਦਾ ਰਾਜ ਉਨਾਂ ਦਾ ਹੈ ॥੪॥ ਧੰਨ ਓਹ ਜੇਹੜੇ ਸੋਗ ਕਰਦੇ ਹਨ ਕਿਉਂ
ਜੋ ਓਹ ਸਾਂਤ ਕੀਤੇ ਜਾਣਗੇ ॥੫॥ ਧੰਨ ਓਹ ਜੇਹੜੇ ਮਨ ਦੇ ਕੋਮਲ ਹਨ ਕਿਉਂ ਜੋ ਓਹ ਧਰਤੀ ਦੇ ਵ
ਰਸ ਹੋਣਗੇ ॥੬॥ ਧੰਨ ਓਹ ਜੇਹੜੇ ਧਰਮ ਦੇ ਭੁੱਖੇ ਅਤੇ ਤਿਹਾਏ ਹਨ ਕਿਉਂ ਜੋ ਓਹ ਰਜਾਏ ਜਾਣ-
ਗੇ ॥੭॥ ਧੰਨ ਓਹ ਜੇਹੜੇ ਦਯਾਵਾਨ ਹਨ ਕਿਉਂ ਜੋ ਉਨਾਂ ਉੱਤੇ ਦਯਾ ਕੀਤੀ ਜਾਊ ॥੮॥ ਧੰਨ ਓਹ
ਜੇਹੜੇ ਸੁੱਧ ਮਨ ਹਨ ਕਿਉਂ ਜੋ ਓਹ ਪਰਮੇਸੁਰ ਨੂੰ ਵੇਖਣਗੇ ॥੯॥ ਧੰਨ ਓਹ ਜੇਹੜੇ ਮੇਲ ਕਰਾਉ-
ਣਵਾਲੇ ਹਨ ਕਿਉਂ ਜੋ ਓਹ ਪਰਮੇਸੁਰ ਦੇ ਪੁਤ੍ਰ ਕਹਾਉਣਗੇ ॥੧੦॥ ਧੰਨ ਓਹ ਜੇਹੜੇ ਧਰਮ ਦੇ
ਕਾਰਨ ਸਤਾਏ ਗਏ ਹਨ ਕਿਉਂ ਜੋ ਸੁਰਗ ਦਾ ਰਾਜ ਉਨਾਂ ਦਾ ਹੈ ॥੧੧॥ ਧੰਨ ਹੋ ਤੁਸੀਂ ਜਾਂ ਮਨੁੱਖ ਮੇ
ਰੇ ਕਾਰਨ ਤੁਹਾਨੂੰ ਬੋਲੀਆਂ ਮਾਰਨਗੇ ਅਤੇ ਸਤਾਉਣਗੇ ਅਤੇ ਹਰੇਕ ਬੁਰੀ ਗੱਲ ਤੁਹਾਡੇ ਉੱਤੇ ਝੂ
ਠਮੂਠ ਲਾਉਣਗੇ ॥੧੨॥ ਅਨੰਦ ਹੋਵੋ ਅਤੇ ਖੁਸੀ ਕਰੋ ਕਿਉਂ ਜੋ ਤੁਹਾਡਾ ਫਲ ਸੁਰਗ ਵਿੱਚ ਬ-
ਹੁਤ ਹੈ ਇਸ ਲਈ ਜੋ ਉਨਾਂ ਨੈ ਤੁਹਾਥੋਂ ਅਗਲਿਆਂ ਪਿਕੰਬਰਾਂ ਨੂੰ ਇਸੇ ਤਰਾਂ ਸਤਾਇਆ ਸੀ ॥
॥੧੩॥ ਤੁਸੀਂ ਧਰਤੀ ਦੇ ਲੂਣ ਹੋ ਪਰ ਜੇ ਲੂਣ ਬੇਸੁਆਦ ਹੋ ਜਾਵੇ ਤਾਂ ਕਿਸ ਬਿਧ ਸ-
ਲੂਣਾ ਕੀਤਾ ਜਾਊ। ਉਹ ਫੇਰ ਕਿਸੇ ਕੰਮ ਦਾ ਨਹੀਂ ਅਪਰ ਇਹ ਕਿ ਬਾਹਰ ਸੁੱਟਿਆ ਅਤੇ ਮਨੁੱਖਾਂ

Original with:
Language Department Punjab
Digitized by:
Panjab Digital Library

ਦੇ ਪੈਰਾਂ ਹੇਠ ਮਿੱਧਿਆ ਜਾਵੇ।।੧੪।। ਤੁਸੀਂ ਜਗਤ ਦੇ ਚਾਨਣ ਹੋ। ਜਿਹੜਾ ਨਗਰ ਪਹਾੜ ਉੱਤੇ ਵਸਦਾ ਹੈ ਉਹ ਗੁੱਝਾ ਨਹੀਂ ਰਹਿ ਸੱਕਦਾ।।੧੫।। ਅਤੇ ਦੀਵਾ ਬਾਲ੍ਹ ਕੇ ਟੋਪੇ ਦੇ ਹੇਠ ਨਹੀਂ ਸਗੋਂ ਦੀਵਟ ਉੱਤੇ ਰੱਖਦੇ ਹਨ। ਤਾਂ ਉਹ ਸਭਨਾਂ ਨੂੰ ਜੋ ਹੜ੍ਹੇ ਘਰ ਵਿੱਚ ਹਨ ਚਾਨਣ ਦਿੰਦਾ ਹੈ।।੧੬।। ਇਸੇ ਤਰਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਤੁਹਾਡੇ ਸੁਭ ਕਰਮ ਵੇਖਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ।। ।।੧੭।। ਇਹ ਨਾ ਸਮਝੋ ਭਈ ਮੈਂ ਤੌਰੇਤ ਜਾਂ ਪਿਕੰਬਰਾਂ ਨੂੰ ਖੰਡਣ ਆਇਆ। ਮੈਂ ਖੰਡਣ ਨਹੀਂ ਸਗੋਂ ਪੂਰੇ ਕਰਨ ਨੂੰ ਆਇਆ।। ੧੮।। ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ ਅਤੇ ਧਰਤੀ ਟਲ੍ਹ ਨਾ ਜਾਣ ਇੱਕ ਅੱਖਰ ਜਾਂ ਇੱਕ ਬਿੰਦੀ ਬੀ ਤੌਰੇਤ ਦੀ ਨਾ ਟਲ੍ਹੂਗੀ ਜਦ ਤੀਕੁ ਸਭ ਕੁਛ ਸੰਪੂਰਨ ਨ ਹੋਵੇ।।੧੯।। ਸੋ ਜੋ ਕੋਈ ਇਨਾਂ ਸਭਨਾਂ ਥੋਂ ਛੋਟਿਆਂ ਹੁਕਮਾਂ ਵਿੱਚੋਂ ਇੱਕ ਨੂੰ ਬੀ ਟਾਲ੍ਹ ਦੇਵੇ ਅਤੇ ਇਸੇ ਤਰਾਂ ਮਨੁੱਖਾਂ ਨੂੰ ਸਿਖਲਾਵੇ ਸੋ ਸੁਰਗ ਦੇ ਰਾਜ ਵਿੱਚ ਸਭਨਾਂ ਨਾਲੋਂ ਛੋਟਾ ਕਹਾਊਗਾ ਪਰ ਜਿਹੜਾ ਉਨਾਂ ਦੀ ਪਾਲਣਾ ਕਰੇ ਅਤੇ ਸਿਖਲਾਵੇ ਉਹ ਸੁਰਗ ਦੇ ਰਾਜ ਵਿੱਚ ਵਡਾ ਕਹਾਊਗਾ ।।੨੦।। ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿੱਚ ਕਿਸੇ ਬਿਧ ਨਾ ਵੜੋਗੇ।।

।।੨੧।। ਤੁਸਾਂ ਸੁਣਿਆ ਹੈ ਜੋ ਅਗਾਲਿਆਂ ਨੂੰ ਇਹ ਕਿਹਾ ਗਿਆ ਸੀ ਤੂੰ ਖੂਨ ਨਾ ਕਰ ਅਤੇ ਜੋ ਕੋਈ ਖੂਨ ਕਰੇ ਸੋ ਅਦਾਲਤ ਵਿੱਚ ਸਜਾ ਦੇ ਲਾਇਕ ਹੋਊਗਾ।।੨੨।। ਪਰ ਮੈਂ ਤੁਹਾਨੂੰ ਆਖਦ

Original with:
Language Department Punjab
Digitized by:
Panjab Digital Library

ਹਾਂਭਈ ਹਰੇਕ ਜੋ ਆਪਣੇ ਭਰਾਉ ਉੱਤੇ ਕਰੋਧ ਕਰੇ ਉਹ ਅਦਾਲਤ ਵਿੱਚ ਸਜਾ ਦੇ ਲਾਇਕ ਹੋ-
ਊਗਾ ਅਤੇ ਜਿਹੜਾ ਆਪਣੇ ਭਰਾਉ ਨੂੰ ਨੀਚ ਕਹੇ ਉਹ ਸਭਾ ਵਿੱਚ ਸਜਾ ਦੇ ਲਾਇਕ ਹੋਊਗਾ ਪ-
ਰ ਜਿਹੜਾ ਕਹੇ ਮੂਰਖਾ ਉਹ ਅਗਨ ਦੇ ਨਰਕ ਦੀ ਸਜਾ ਦੇ ਲਾਇਕ ਹੋਊਗਾ ॥੨੩॥ ਜੋ ਜੇ ਤੂੰ ਜਗ-
ਵੇਦੀ ਉੱਤੇ ਆਪਣੀ ਭੇਟ ਝੜਾਉਣ ਲੱਗੇਂ ਅਰ ਉੱਥੇ ਤੈਨੂੰ ਚੇਤੇ ਆਵੇ ਜੋ ਮੈਂ ਆਪਣੇ ਭਰਾਉ
ਨਾਲ ਖੋਟ ਕਮਾਇਆ ਹੈ ॥੨੪॥ ਤਾਂ ਉੱਥੇ ਆਪਣੀ ਭੇਟ ਜਗਵੇਦੀ ਦੇ ਸਾਹਮਣੇ ਛੱਡ ਕੇ ਚੱਲਿ
ਆ ਜਾਹ ਅਤੇ ਪਹਿਲਾਂ ਆਪਣੇ ਭਰਾਉ ਨਾਲ ਮੇਲ ਕਰ ਪਿੱਛੋਂ ਆਣ ਕੇ ਆਪਣੀ ਭੇਟ ਝੜਾ ॥
੨੫॥ ਜਿੰਨਾ ਚਿਰ ਤੂੰ ਆਪਣੇ ਮੁਦਈ ਨਾਲ ਰਸਤੇ ਵਿੱਚ ਹੈਂ ਛੇਤੀ ਉਹ ਦੇ ਨਾਲ ਮਿਲਾਪ ਕ
ਰ ਕਿਤੇ ਐਉਂ ਨਾ ਹੋਵੇ ਜੋ ਮੁਦਈ ਤੈਨੂੰ ਹਾਕਮ ਦੇ ਹਵਾਲੇ ਕਰੇ ਅਤੇ ਹਾਕਮ ਤੈਨੂੰ ਸਿਪਾਹੀ ਦੇ
ਹਵਾਲੇ ਕਰੇ ਅਤੇ ਤੂੰ ਕੈਦ ਵਿੱਚ ਪੈ ਜਾਵੇਂ ॥੨੬॥ ਮੈਂ ਤੈਨੂੰ ਸੱਤ ਆਖਦਾ ਹਾਂ ਭਈ ਜਿੰਨਾ ਚਿਰ ਤੂੰ
ਕੌਡੀ ਕੌਡੀ ਨਾ ਭਰ ਦੇਵੇਂ ਉੱਥੋਂ ਕਿਸੇ ਬਿਧ ਨਾ ਛੁੱਟੇਂਗਾ ॥ ॥੨੭॥ ਤੁਸਾਂ ਸੁਣਿਆ ਹੈ
ਜੋ ਇਹ ਕਿਹਾ ਗਿਆ ਸੀ ਭਈ ਤੂੰ ਜਾਰੀ ਨਾ ਕਰ ॥੨੮॥ ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋ-
ਈ ਤੀਮੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋ ਉਹ ਦੇ ਨਾਲ ਜਾਰੀ ਕਰ ਚੁੱ
ਕਿਆ ॥੨੯॥ ਅਰ ਜੇ ਤੇਰੀ ਸੱਜੀ ਅੱਖ ਤੈਨੂੰ ਠੋਕਰ ਖੁਆਵੇ ਤਾਂ ਉਹਨੂੰ ਕੱਢ ਕੇ ਆਪਣੇ ਪਾਸੋਂ
ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਅਤੇ ਤੇਰਾ
ਸਾਰਾ ਸਰੀਰ ਨਰਕ ਵਿੱਚ ਸੁੱਟਿਆ ਨਾ ਜਾਵੇ ॥੩੦॥ ਅਤੇ ਜੇ ਤੇਰਾ ਸੱਜਾ ਹੱਥ ਤੈਨੂੰ ਠੋਕਰ ਖੁ-

Original with:
Language Department Punjab
Digitized by:
Panjab Digital Library

ਆਵੇ ਤਾਂ ਉਹ ਨੂੰ ਵੱਢਕੇ ਆਪਣੇ ਪਾਸੋਂ ਸੁੱਟ ਦਿਹ ਕਿਉਂਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰ-
ਗਾਂ ਦਿੱਚੋਂ ਇੱਕ ਦਾ ਨਾਸ ਹੋਵੇ ਅਤੇ ਤੇਰਾ ਸਾਰਾ ਸਰੀਰ ਨਰਕ ਵਿੱਚ ਨਾ ਜਾਵੇ॥੩੧॥ ਅਤੇ ਇਹ
ਭੀ ਕਿਹਾ ਗਿਆ ਸੀ ਭਈ ਜਿਹੜਾ ਆਪਣੀ ਤੀਮੀਂ ਨੂੰ ਤਿਆਗੇ ਉਹ ਉਸ ਨੂੰ ਤਿਆਗ ਪੱਤ੍ਰੀ
ਲਿਖ ਦੇਵੇ॥੩੨॥ ਪਰ ਮੈਂ ਤੁਹਾ ਨੂੰ ਆਖਦਾ ਹਾਂ ਭਈ ਜਿਹੜਾ ਆਪਣੀ ਤੀਮੀਂ ਨੂੰ ਹਰਾਮਕਾ-
ਰੀ ਬਿਨਾ ਕਿਸੇ ਹੋਰ ਸਬੱਬ ਨਾਲ ਤਿਆਗੇ ਉਹ ਉਸ ਕੋਲੋਂ ਜ਼ਾਰੀ ਕਰਾਉਂਦਾ ਹੈ ਅਤੇ ਜੋ ਕੋਈ
ਉਸ ਤਿਆਗੀ ਹੋਈ ਨਾਲ ਵਿਆਹ ਕਰੇ ਸੋ ਜ਼ਾਰੀ ਕਰਦਾ ਹੈ॥ ॥੩੩॥ ਫੇਰ ਤੁਸਾਂ
ਸੁਣਿਆ ਹੈ ਜੋ ਅਗਲਿਆਂ ਨੂੰ ਇਹ ਕਿਹਾ ਗਿਆ ਸੀ ਭਈ ਤੂੰ ਝੂਠੀ ਸੌਂਹ ਨਾ ਖਾਹ ਪਰ ਪ੍ਰਭੂ
ਦੇ ਲਈ ਆਪਣੀਆਂ ਸੌਹਾਂ ਪੂਰੀਆਂ ਕਰ॥੩੪॥ ਪਰ ਮੈਂ ਤੁਹਾ ਨੂੰ ਆਖਦਾ ਹਾਂ ਭਈ ਕਦੇ
ਭੀ ਸੌਂਹ ਨਾ ਖਾਣੀ ਨਾ ਅਕਾਸ ਦੀ ਇਸ ਲਈ ਜੋ ਉਹ ਪਰਮੇਸ਼ੁਰ ਦਾ ਸਿੰਘਾਸਣ ਹੈ॥੩੫
॥ ਅਤੇ ਨਾ ਧਰਤੀ ਦੀ ਇਸ ਲਈ ਜੋ ਉਹ ਉਸ ਦੇ ਚਰਨਾਂ ਦੀ ਚੌਂਕੀ ਹੈ ਅਤੇ ਨਾ ਯਰੂਸਲੀਮ
ਦੀ ਇਸ ਲਈ ਜੋ ਉਹ ਮਹਾਰਾਜ ਦਾ ਸ਼ਹਿਰ ਹੈ॥੩੬॥ ਅਤੇ ਨਾ ਆਪਣੇ ਸਿਰ ਦੀ ਸੌਂ ਖਾ-
ਹ ਕਿਉਂਜੋ ਤੂੰ ਇੱਕ ਵਾਲ ਨੂੰ ਧੌਲਾ ਜਾਂ ਕਾਲਾ ਨਹੀਂ ਕਰ ਸੱਕਦਾ॥੩੭॥ ਪਰ ਤੁਹਾਡੇ ਬੋਲਣ
ਵਿੱਚ ਹਾਂ ਦੀ ਹਾਂ ਅਤੇ ਨਾ ਦੀ ਨਾ ਹੋਵੇ ਅਰ ਜੋ ਇਨ੍ਹਾਂ ਥੋਂ ਵੱਧ ਹੈ ਸੋ ਦੁਸ਼ਟ ਥੋਂ ਹੁੰਦਾ ਹੈ॥
॥੩੮॥ ਤੁਸਾਂ ਸੁਣਿਆ ਹੈ ਜੋ ਕਿਹਾ ਗਿਆ ਸੀ ਕਿ ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦ-
ਲੇ ਦੰਦ॥੩੯॥ ਪਰ ਮੈਂ ਤੁਹਾ ਨੂੰ ਆਖਦਾ ਹਾਂ ਜੋ ਦੁਸ਼ਟ ਦਾ ਸਾਹਮਣਾ ਨਾ ਕਰਨਾ ਸਗੋਂ ਜੋ ਕੋ

Original with:
Language Department Punjab
Digitized by:
Panjab Digital Library

ਈ ਤੇਰੀ ਜੱਜੀ ਗਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਬੀ ਉਹ ਦੀ ਵਲ ਛੁਆ ਦਿਹ ॥੪੦॥ ਅਤੇ ਜਿਹ
ੜਾ ਤੇਰੇ ਉੱਤੇ ਨਾਲਸ ਕਰ ਕੇ ਤੇਰਾ ਕੁੜਤਾ ਲੈਣਾ ਚਾਹੇ ਤਾਂ ਉਹ ਨੂੰ ਚਾਦਰ ਬੀ ਲੈ ਲੈਣ ਦਿਹ ॥
੪੧॥ ਅਤੇ ਜੋ ਕੋਈ ਤੈਨੂੰ ਇੱਕ ਕੋਹ ਵਿਗਾਰੇ ਲੈ ਜਾਵੇ ਤਾਂ ਉਹ ਦੇ ਨਾਲ ਦੋ ਕੋਹ ਚੱਲਿਆ ਜਾਹ ॥
੪੨॥ ਜਿਹੜਾ ਤੈਥੋਂ ਮੰਗੇ ਉਹ ਨੂੰ ਦਿਹ ਅਤੇ ਜੋ ਤੇਰੇ ਕੋਲੋਂ ਉਧਾਰ ਮੰਗੇ ਉਸ ਥੋਂ ਮੂੰਹ ਨਾ ਮੋੜ ॥

॥੪੩॥ ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਕਿ ਤੂੰ ਆਪਣੇ ਗੁਆਂਢੀ ਨੂੰ ਪਿਆਰ
ਕਰ ਅਤੇ ਆਪਣੇ ਵੈਰੀ ਨਾਲ ਵੈਰ ਰੱਖ ॥੪੪॥ ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਆਪਣੇ ਵੈ
ਰੀਆਂ ਨੂੰ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ ॥੪੫॥ ਤਾਂ ਤੁਸੀਂ
ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ ਪੁਤ੍ਰ ਹੋਵੋ। ਕਿਉਂ ਜੋ ਉਹ ਆਪਣਾ ਸੂਰਜ ਬੁਰਿਆ ੦
ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ੦
ਹੈ ॥੪੬॥ ਕਿਉਂ ਕਿ ਜੇ ਤੁਸੀਂ ਉਨ੍ਹਾਂ ਨੂੰ ਪਿਆਰ ਕਰੋ ਜੋ ਤੁਹਾਨੂੰ ਪਿਆਰ ਕਰਦੇ ਹਨ ਤਾਂ ਤੁ-
ਹਾਡਾ ਕੀ ਫਲ੍ਹ ਹੈ। ਭਲਾ ਮਸੂਲੀਏ ਬੀ ਇਹੋ ਨਹੀਂ ਕਰਦੇ ॥੪੭॥ ਅਤੇ ਜੇ ਕਰ ਤੁਸੀਂ ਨਿਰਾ ੦
ਪਣੇ ਭਾਈਆਂ ਨੂੰ ਸਲਾਮ ਕਰੋ ਤਾਂ ਤੁਸੀਂ ਕੀ ਵੱਧ ਕਰਦੇ ਹੋ। ਭਲਾ ਪਰਾਈ ਕੌਮ ਦੇ ਲੋਕ ਬੀ
ਇਹੋ ਨਹੀਂ ਕਰਦੇ ॥੪੮॥ ਸੋ ਜਿਹਾ ਕੁ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਹੇ ਤੁਸੀਂ ਬੀ ਸੰਪੂਰਣ ਹੋਵੋ

੬ ਕਾਂਡ ॥ ਖਬਰਦਾਰ ਤੁਸੀਂ ਆਪਣੇ ਧਰਮ ਦੇ ਕੰਮ ਮਨੁੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਵਿਖਾ-
ਉਣ ਲਈ ਨਾ ਕਰੋ ਨਹੀਂ ਤਾਂ ਤੁਹਾਡੇ ਪਿਤਾ ਕੋਲ੍ਹ ਜਿਹੜਾ ਸੁਰਗ ਵਿੱਚ ਹੈ ਤੁਹਾਡ ੦

Original with:
Language Department Punjab
Digitized by:
Panjab Digital Library

ਕੁਛਫਲ੍ਹਨਹੀਂ॥ ॥੨॥ਜੋਜਦਤੂੰਦਾਨਕਰੇਂਆਪਣੇ ਮੁਹਰੇਤੁਰਹੀਨਾਬਜਾ ਜਿਸ
ਪਰਕਾਰਕਪਟੀਸਮਾਜਾਂ ਅਤੇਰਸਤਿਆਂਵਿੱਚਕਰਦੇਹਨਜੋਲੋਕਉਨਾਂ ਦੀਵਡਿਆਈਕਰਨ
।ਮੈਂਤੁਹਾਨੂੰਸੱਤਆਖਦਾਹਾਂਜੋਓਹਆਪਣਾਫਲ੍ਹਪਾਚੁੱਕੇ॥੩॥ਪਰਜਾਂਤੂੰਦਾਨਕਰੇਂਤਾਂਜੋਕੁਛਤੇ-
ਰਾਸੱਜਾਹੱਥਕਰਦਾਹੈਤੇਰਾਖੱਬਾਹੱਥਨਾਜਾਣੇ॥੪॥ਭਈਤੇਰਾਦਾਨਗੁਪਤਵਿੱਚਹੋਵੇਅਤੇਤੇਰ ੦
ਪਿਤਾਜਿਹੜਾਗੁਪਤਵਿੱਚ ਵੇਖਦਾ ਹੈਤੈਨੂੰਫਲ੍ਹਦੇਊ॥ ॥੫॥ਅਤੇਜਾਂਤੁਸੀਂਪ੍ਰਾਰਥਨ ੦
ਕਰੋਂਤਾਂਕਪਟੀਆਂਵਾਂਙੂਨਾਹੋ ਕਿਉਂਜੋਓਹਸਮਾਜਾਂਅਤੇਚੌਕਾਂਦੇਖੁੰਜਿਆਂਵਿੱਚ ਖੜ੍ਹੇਹੋਕੇ ਪ੍ਰਾਰਥ-
ਨਾਕਰਨਨੂੰਪਸੰਦ ਕਰਦੇਹਨਜੋ ਮਨੁੱਖਉਨਾਂ ਨੂੰਵੇਖਣ।ਮੈਂਤੁਹਾਨੂੰਸੱਤ ਆਖਦਾਹਾਂਜੋਓਹਆ-
ਪਣਾਫਲ੍ਹਪਾਚੁੱਕੇ॥੬॥ਪਰਜਾਂਤੂੰਪ੍ਰਾਰਥਨਾਕਰੇਂਤਾਂਆਪਣੀਕੋਠੜੀਵਿੱਚ ਵੜਅਤੇਆਪ-
ਣਾਬੂਹਾਭੇੜਕੇ ਆਪਣੇਪਿਤਾਥੈਂਜਿਹੜਾਗੁਪਤਹੈ ਪ੍ਰਾਰਥਨਾਕਰ ਅਤੇਤੇਰਾਪਿਤਾਜਿਹੜਾ
ਗੁਪਤਵਿੱਚ ਵੇਖਦਾਹੈਤੈਨੂੰਫਲ੍ਹਦੇਊ॥੭॥ ਅਤੇਤੁਸੀਂਪ੍ਰਾਰਥਨਾ ਕਰਦਿਆਂਹੋਇਆਂਪਰਾ-
ਈਆਂਕੌਮਾਂਦੇ ਲੋਕਾਂਵਾਂਙੂਰਮੁੜਮੁੜਉਹੋ ਬਾਤਨਾਕਰੋ ਕਿਉਂਜੋ ਓਹਸਮਝਦੇਹਨਭਈਸਾਡੇ
ਬਹੁਤੇ ਬੋਲਣ ਕਰਕੇਸਾਡੀਸੁਣੀਜਾਊ॥੮॥ ਸੋਤੁਸੀਂਉਨਾਂਵਰਗੇ ਨਾਹੋਵੋ ਕਿਉਂਜੋਤੁਹਾਡਾ
ਪਿਤਾਤੁਹਾਡੇ ਮੰਗਣਥੈਂਪਹਿਲਾਂਹੀਜਾਣਦਾਹੈ ਭਈਤੁਹਾਨੂੰਕਿਨਾਂ ਕਿਨਾਂਵਸਤਾਂਦੀਲੋੜਹੈ॥
੯॥ਸੋਤੁਸੀਂਇਸਬਿਧਨਾਲ੍ਹਪ੍ਰਾਰਥਨਾ ਕਰੋ।ਹੇਸਾਡੇ ਪਿਤਾ ਜਿਹੜਾ ਸੁਰਗਵਿੱਚਹੈ ਤੇਰਾਨਾਉਂ
ਪਵਿਤ੍ਰਮੰਨਿਆਜਾਵੇ॥੧੦॥ ਤੇਰਾਰਾਜ ਆਵੇ।ਤੇਰੀਮਰਜੀ ਜਿਹੀਸੁਰਗਵਿੱਚਤਿਹੀਧਰਤੀ

Original with:
Language Department Punjab
Digitized by:
Panjab Digital Library

ਉੱਤੇ ਬੀ ਪੂਰੀ ਕੀਤੀ ਜਾਵੇ ॥੧੧॥ ਸਾਡੀ ਗੁਜਰ ਜੋਗੀ ਰੋਟੀ ਅੱਜ ਸਾਨੂੰ ਦਿਹ ॥੧੨॥ ਅਤੇ ਸਾ-
ਡੇ ਕਰਜ ਸਾਨੂੰ ਮਾਫ ਕਰ ਜਿਵੇਂ ਅਸਾਂ ਬੀ ਆਪਣੇ ਕਰਜਾਈਆਂ ਨੂੰ ਮਾਫ ਕੀਤਾ ਹੈ ॥੧੩॥ ਅ-
ਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ ਸਗੋਂ ਦੁਸਟ ਥੋਂ ਬਚਾ ॥ ॥੧੪॥ ਕਿਉਂਕਿ ਜੇ ਤੁਸੀਂ
ਮਨੁੱਖਾਂ ਨੂੰ ਉਨਾਂ ਦੀਆਂ ਤਖਸੀਰਾਂ ਮਾਫ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾ ਨੂੰ ਬੀ ਮਾਫ
ਕਰ ਦੇਊ ॥੧੫॥ ਪਰ ਜੇ ਤੁਸੀਂ ਮਨੁੱਖਾਂ ਨੂੰ ਉਨਾਂ ਦੀਆਂ ਤਖਸੀਰਾਂ ਮਾਫ ਨਾ ਕਰੋ ਤਾਂ ਤੁਹਾਡਾ ਪਿਤ ੦
ਬੀ ਤੁਹਾਡੀਆਂ ਤਖਸੀਰਾਂ ਮਾਫ ਨਾ ਕਰੂ ॥ ॥੧੬॥ ਅਤੇ ਜਾਂ ਤੁਸੀਂ ਵਰਤ ਰੱਖੋ ਤਾਂ ਕ-
ਪਟੀਆਂ ਵਾਂਙੂ ਮੂੰਹ ਉਦਾਸ ਨਾ ਬਣਾਓ ਕਿਉਂ ਜੋ ਓਹ ਆਪਣਾ ਮੂੰਹ ਇਸ ਲਈ ਵਿਗਾੜਦੇ ਹਨ
ਜੋ ਓਹ ਮਨੁੱਖਾਂ ਨੂੰ ਵਰਤੀ ਮਲੂਮ ਹੋਣ। ਮੈਂ ਤੁਹਾਨੂੰ ਸੱਤ ਆਖਦਾ ਹਾਂ ਭੁਈ ਓਹ ਆਪਣਾ ਫਲ ੦
ਚੁੱਕੇ ॥੧੭॥ ਪਰ ਜਾਂ ਤੂੰ ਵਰਤ ਰੱਖੇਂ ਤਾਂ ਆਪਣੇ ਸਿਰ ਉੱਤੇ ਚਿਕਣਾਈ ਲਾ ਅਤੇ ਆਪਣਾ ਮੂੰਹ
ਧੋ ॥੧੮॥ ਜੋ ਤੂੰ ਮਨੁੱਖਾਂ ਨੂੰ ਨਹੀਂ ਪਰ ਆਪਣੇ ਪਿਤਾ ਨੂੰ ਜਿਹੜਾ ਗੁਪਤ ਹੈ ਵਰਤੀ ਮਲੂਮ ਹੋਵੇਂ
ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਊ ॥ ॥੧੯॥ ਆਪਣੇ
ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰ-
ਨ ਮਾਰਦੇ ਅਤੇ ਚੁਰਾਉਂਦੇ ਹਨ ॥੨੦॥ ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ
ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ ਮਾਰਦੇ ਨਾ ਚੁਰਾਉਂਦੇ ਹਨ ॥੨੧॥
ਕਿਉਂਕਿ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਬੀ ਹੋਊ ॥੨੨॥ ਸਰੀਰ ਦਾ ਦੀਵਾ ਅੱਖ ਹੈ। ਇਸ ਲ-

Original with:
Language Department Punjab
Digitized by:
Panjab Digital Library

ਈ ਜੇ ਤੇਰੀ ਅੱਖ ਨਿਰਮਲ ਹੋਵੇ ਤਾਂ ਤੇਰਾ ਸਾਰਾ ਸਰੀਰ ਚਨਣਾ ਹੋਊਗਾ ॥੨੩॥ ਪਰ ਜੇ ਤੇਰੀ ਅੱਖ
ਬੁਰੀ ਹੋਵੇ ਤਾਂ ਤੇਰਾ ਸਾਰਾ ਸਰੀਰ ਅਨੇਰਾ ਹੋਊਗਾ। ਸੋ ਜੇ ਤੇਰੇ ਅੰਦਰ ਦਾ ਚਨਣ ਅਨੇਰਾ ਹੋਵੇ ਤ
ਕੇਹਾ ਅਨੇਰਾ ਹੋਇਆ ॥੨੪॥ ਕੋਈ ਮਨੁੱਖ ਦੋਂਹੁ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ ਕਿਉਂ ਜੋ
ਉਹ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੂ ਅਥਵਾ ਇੱਕ ਨਾਲ ਮਿਲਿਆ ਰਹੂ ਅਤੇ ਦੂਏ
ਨੂੰ ਤੁੱਛ ਜਾਣੂ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ ॥੨੫॥ ਇਸ ਕ
ਰਕੇ ਮੈਂ ਤੁਹਾਨੂੰ ਆਖਦਾ ਹਾਂ ਜੋ ਆਪਣੇ ਪ੍ਰਾਣਾਂ ਦੇ ਲਈ ਚਿੰਤਾ ਨਾ ਕਰੋ ਕੁਈ ਅਸੀਂ ਕੀ ਖਾਵਾਂਗੇ
ਜਾਂ ਕੀ ਪੀਵਾਂਗੇ। ਅਤੇ ਨਾ ਆਪਣੇ ਸਰੀਰ ਦੇ ਲਈ ਜੋ ਕੀ ਪਾਹਿਨਾਂਗੇ। ਭੁਲਾ ਪ੍ਰਾਣ ਭੋਜਨ ਨਾ-
ਲੋਂ ਅਤੇ ਸਰੀਰ ਬਸਤ੍ਰ ਨਾਲੋਂ ਵਧੀਕ ਨਹੀਂ ॥੨੬॥ ਅਕਾਸ ਦੇ ਪੰਛੀਆਂ ਵਲ ਧਿਆਨ ਕਰੋ
ਜੋ ਓਹ ਨਾ ਬੀਜਦੇ ਨਾ ਵੱਢਦੇ ਹਨ ਅਤੇ ਨਾ ਭੜੋਲਿਆਂ ਵਿੱਚ ਕੱਠੇ ਕਰਦੇ ਹਨ ਅਰ ਤੁਹਾਡਾ ਸੁ-
ਰਗੀ ਪਿਤਾ ਉਨ੍ਹਾਂ ਦੀ ਪਿਰਤਪਾਲ ਕਰਦਾ ਹੈ। ਭੁਲਾ ਤੁਸੀਂ ਉਨ੍ਹਾਂ ਨਾਲੋਂ ਉੱਤਮ ਨਹੀਂ ਹੋ ॥੨੭॥
ਅਤੇ ਤੁਹਾਡੇ ਵਿੱਚੋਂ ਉਹ ਕਿਹੜਾ ਹੈ ਜਿਹੜਾ ਚਿੰਤਾ ਕਰਕੇ ਆਪਣੀ ਉਮਰ ਨੂੰ ਇੱਕ ਪਲ ਵਧਾਸੱ-
ਕਦਾ ਹੈ ॥੨੮॥ ਅਤੇ ਬਸਤ੍ਰ ਲਈ ਕਾਹ ਨੂੰ ਚਿੰਤਾ ਕਰਦੇ ਹੋ। ਜੰਗਲੀ ਸੋਸਨਾਂ ਦੇ ਫੁੱਲਾਂ ਨੂੰ ਵੇਖੋ
ਜੋ ਓਹ ਕਿੱਕੁਰ ਵਧਦੇ ਹਨ। ਓਹ ਨਾ ਮਿਹਨਤ ਕਰਦੇ ਨਾ ਕੱਤਦੇ ਹਨ ॥੨੯॥ ਪਰ ਮੈਂ ਤੁਹਾਨੂੰ ਕਹਿੰ-
ਦਾ ਹਾਂ ਭਈ ਸੁਲੇਮਨ ਬੀ ਆਪਣੀ ਸਾਰੀ ਭੜਕ ਵਿਖੇ ਇਨ੍ਹਾਂ ਵਿੱਚੋਂ ਇੱਕ ਜਿਹਾ ਪਹਿਨਿਆ ਹੋਇ-
ਆ ਨਾ ਸੀ ॥੩੦॥ ਸੋ ਜਾਂ ਪਰਮੇਸ਼ੁਰ ਜੰਗਲੀ ਬੂਟੀ ਨੂੰ ਜਿਹੜੀ ਅੱਜ ਹੈ ਅਤੇ ਭੁਲ੍ਹਕੇ ਤੰਦੂਰ ਵਿੱ-

Original with:
Language Department Punjab
Digitized by:
Panjab Digital Library

ਚਖ੍ਹੇਕੀ ਜਾਂਦੀ ਆਜਿਹਾ ਪਹਿਨਾਉਂਦਾ ਹੈ ਤਾਂ ਹੇਥੋੜੀ ਪਰਤੀਤ ਵਾਲਿਓ ਭਲਾ ਉਹ ਤੁਹਾ ਨੂੰ ਉਸਥੋਂ ਵੱਧ ਨਾ ਪਹਿਨਾਊਗਾ॥੩੧॥ਜੋ ਤੁਸੀਂ ਚਿੰਤਾ ਕਰਕੇ ਇਹ ਨਾ ਕਹੋ ਭਈ ਕੀ ਖਾਵਾਂਗੇ ਜਾਂ ਕੀ ਪੀਵਾਂਗੇ ਜਾਂ ਕੀ ਪਹਿਨਾਂਗੇ॥੩੨॥ਕਿ ਪਰਾਈਆਂ ਕੌਮਾਂ ਦੇ ਲੋਕ ਇਨ੍ਹਾਂ ਸਭਨਾਂ ਵਸਤਾਂ ਨੂੰ ਭਾਲਦੇ ਹਨ। ਕਿਉਂ ਜੋ ਤੁਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ ਤੁਹਾਨੂੰ ਇਨ੍ਹਾਂ ਸਭਨਾਂ ਵਸਤਾਂ ਦੀ ਲੋੜ ਹੈ॥੩੩॥ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਬੀ ਦਿੱਤੀਆਂ ਜਾਣਗੀਆਂ॥੩੪॥ਜੋ ਤੁਸੀਂ ਭਲਕ ਦੇ ਲਈ ਚਿੰਤਾ ਕਰੋ ਕਿਉਂ ਜੋ ਭਲਕ ਆਪਣੇ ਲਈ ਆਪੇ ਚਿੰਤਾ ਕਰੂ। ਅੱਜ ਦੇ ਲਈ ਅੱਜ ਹੀ ਦਾ ਦੁਖ ਬਥੇਰਾ ਹੈ॥

੭ ਕਾਂਡ॥ ਦੋਸ ਨਾ ਲਾਓ ਤਾਂ ਤੁਹਾਡੇ ਉੱਤੇ ਦੋਸ ਲਾਇਆ ਨਾ ਜਾਏ॥੨॥ਕਿਉਂ ਕਿ ਜਿਸ ਵਿਚਾਰ ਨਾਲ ਤੁਸੀਂ ਦੋਸ ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਬੀ ਦੋਸ ਲਾਇਆ ਜਾਊ ਅਤੇ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮਿਣਿਆ ਜਾਊ॥੩॥ਅਤੇ ਤੂੰ ਉਸ ਤਿਣ ਨੂੰ ਜੋ ਤੇਰੇ ਭਾਈ ਦੀ ਅੱਖ ਵਿੱਚ ਹੈ ਕਿਉਂ ਵੇਖਦਾ ਹੈਂ ਪਰ ਉਸ ਸਤੀਰ ਦੀ ਵਲ ਜੋ ਤੇਰੀ ਆਪਣੀ ਅੱਖ ਵਿੱਚ ਹੈ ਧਿਆਨ ਨਹੀਂ ਕਰਦਾ॥੪॥ਅਥਵਾ ਕਿੱਕੁਰ ਤੂੰ ਆਪਣੇ ਭਾਈ ਨੂੰ ਆਖੇਂਗਾ ਲਿਆ ਤੇਰੀ ਅੱਖ ਵਿੱਚੋਂ ਤਿਣ ਕੱਢ ਸੁੱਟਾਂ ਅਤੇ ਵੇਖ ਤੇਰੀ ਆਪਣੀ ਅੱਖ ਵਿੱਚ ਸਤੀਰ ਹੈ॥੫॥ ਹੇ ਕਪਟੀ ਪਹਿਲਾਂ ਉਸ ਸਤੀਰ ਨੂੰ ਆਪਣੀ ਅੱਖੋਂ ਕੱਢ। ਤਾਂ ਅੱਛੀ ਤਰਾਂ ਵੇਖਕੇ ਤੂੰ ਉਸ ਤਿਣ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸੱਕੇਂਗਾ॥ ॥੬॥ਪਵਿਤ੍ਰ ਵਸਤ ਕੁੱਤਿਆਂ ਨੂੰ ਨਾ ਪਾ-

Original with:
Language Department Punjab
Digitized by:
Panjab Digital Library

ਓ ਅਤੇ ਆਪਣੇ ਮੋਤੀ ਸੂਰਾਂ ਅੱਗੇ ਨਾ ਸੁੱਟੋ ਕਿਤੇ ਐਉਂ ਨਾ ਹੋਵੇ ਜੋ ਓਹ ਉਨ੍ਹਾਂ ਨੂੰ ਆਪਣੇ ਪੈਰਾਂ ਹੇਠ ਮਿੱਧ ਦੇਣ ਅਤੇ ਮੁੜਕੇ ਤੁਹਾਨੂੰ ਪਾੜਨ॥ ॥੭॥ ਮੰਗੋ ਤਾਂ ਤੁਹਾਨੂੰ ਦਿੱਤਾ ਜਾਊ। ਢੂੰਢੋ ਤਾਂ ਤੁਹਾਨੂੰ ਲਭੂ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਊ॥੮॥ ਕਿਉਂਕਿ ਹਰੇਕ ਜੋ ਮੰਗਦਾ ਹੈ ਉਹ ਲੈਂਦਾ ਹੈ ਅਤੇ ਜਿਹੜਾ ਢੂੰਢਦਾ ਹੈ ਉਹ ਨੂੰ ਲੱਭਦਾ ਹੈ ਅਤੇ ਜਿਹੜਾ ਖੜਕਾਉਂਦਾ ਹੈ ਉਹਦੇ ਲਈ ਖੋਲ੍ਹਿਆ ਜਾਊ॥ ੯॥ ਅਥਵਾ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ ਕਿ ਜੇ ਉਹਦਾ ਪੁੱਤ ਉਸ ਥੋਂ ਰੋਟੀ ਮੰਗੇ ਤਾਂ ਉਹ ਉਸਨੂੰ ਪੱਥਰ ਦੇਵੇ॥ ੧੦॥ ਅਰ ਜੇ ਮੱਛੀ ਮੰਗੇ ਤਾਂ ਉਹ ਉਸਨੂੰ ਸੱਪ ਦੇਵੇ॥ ੧੧॥ ਸੋ ਜਾਂ ਤੁਸੀਂ ਬੁਰੇ ਹੋਕੇ ਆਪਣਿਆਂ ਬਾਲਕਾਂ ਨੂੰ ਚੰਗੀ ਦਾਤ ਦੇਣੀ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਪਿਤਾ ਜਿਹੜਾ ਸੁਰਗ ਵਿੱਚ ਹੈ ਉਨ੍ਹਾਂ ਨੂੰ ਜੋ ਉਸ ਥੋਂ ਮੰਗਦੇ ਹਨ ਅੱਛੀਆਂ ਵਸਤਾਂ ਨਾ ਦੇਊਗਾ॥ ੧੨॥ ਸੋ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਭੀ ਉਨ੍ਹਾਂ ਨਾਲ ਉਹੋ ਜਿਹਾ ਕਰੋ ਕਿਉਂ ਜੋ ਤੌਰੇਤ ਅਤੇ ਪਿਕੰਬਰਾਂ ਦਾ ਇਹੋ ਮਤਲਬ ਹੈ॥ ॥੧੩॥ ਭੀੜੇ ਦਰ ਵੱਜੇ ਥੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਦਰ ਵੱਜਾ ਅਤੇ ਖੁਲਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ ਬਹੁਤੇ ਹਨ ਜੋ ਜੇਹੜੇ ਉਸ ਥੋਂ ਵੜਦੇ ਹਨ॥ ੧੪॥ ਕਿਉਂ ਜੋ ਭੀੜਾ ਹੈ ਉਹ ਦਰ ਵੱਜਾ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ॥ ॥੧੫॥ ਝੂਠੇ ਪਿਕੰਬਰਾਂ ਥੋਂ ਹੁਸਿਆਰ ਰਹੋ ਜੇਹੜੇ ਤੁਹਾਡੇ ਕੋਲ ਭੇਡਾਂ ਦੇ ਭੇਸ ਵਿੱਚ ਆਉਂਦੇ ਹਨ ਪਰ ਅੰਦਰੋਂ ਓਹ ਪਾੜ ਖਾਣ ਵਾਲੇ ਬਘਿਆੜ ਹਨ॥ ੧੬॥ ਤੁਸੀਂ ਉਨ੍ਹਾਂ ਦੇ ਫਲਾਂ ਥੋਂ ਉਨ੍ਹਾਂ ਨੂੰ ਪਛਾਣੋਗੇ। ਭਲਾ ਕੰਡਿਆਲਿਆ ਂ

Original with:
Language Department Punjab
Digitized by:
Panjab Digital Library

ਬੋਂ ਦਾਖ ਜਾਂ ਊਂਟ ਕਟਾਰਿਆਂ ਬੋਂ ਹੰਜੀਰ ਤੋੜਦੇ ਹਨ॥ ੧੭॥ ਇਸੇ ਪਰਕਾਰ ਹਰੇਕ ਅੱਛਾ ਰੁੱਖ ਚੰ-
ਗਾ ਫਲ ਦਿੰਦਾ ਪਰ ਮਾੜਾ ਰੁੱਖ ਬੁਰਾ ਫਲ ਦਿੰਦਾ ਹੈ॥ ੧੮॥ ਅੱਛਾ ਰੁੱਖ ਬੁਰਾ ਫਲ ਨਹੀਂ ਦੇ ਸੱਕ-
ਦਾ ਅਤੇ ਨਾ ਮਾੜਾ ਰੁੱਖ ਚੰਗਾ ਫਲ ਦੇ ਸੱਕਦਾ ਹੈ॥ ੧੯॥ ਹਰੇਕ ਰੁੱਖ ਜਿਹੜਾ ਚੰਗਾ ਫਲ ਨਹੀਂ ਦਿ-
ਦਾ ਵੱਢਿਆ ਅਤੇ ਅੱਗ ਵਿੱਚ ਸੁੱਟਿਆ ਜਾਂਦਾ ਹੈ॥ ੨੦॥ ਸੋ ਤੁਸੀਂ ਉਨਾਂ ਦੇ ਫਲਾਂ ਥੋਂ ਉਨਾਂ ਨੂੰ ਪ-
ਛਾਣੋਗੇ॥ ੨੧॥ ਨਾ ਹਰੇਕ ਜਿਹੜਾ ਮੈਨੂੰ ਪ੍ਰਭੁ ਪ੍ਰਭੁ ਕਰਕੇ ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਵੜੇਗਾ
ਬਲਕ ਉਹੋ ਜੋ ਮੇਰੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਮਰਜੀ ਉੱਤੇ ਚੱਲਦਾ ਹੈ॥ ੨੨॥ ਉਸ ਦਿ-
ਨ ਅਨੇਕ ਮੈਨੂੰ ਆਖਣਗੇ ਹੇ ਪ੍ਰਭੁ ਹੇ ਪ੍ਰਭੁ ਕੀ ਅਸਾਂ ਤੇਰਾ ਨਾਉਂ ਲੈਕੇ ਅਗੰਮ ਵਾਕ ਨਹੀਂ ਕੀਤ
॥ ਅਤੇ ਤੇਰਾ ਨਾਉਂ ਲੈਕੇ ਭੂਤ ਨਹੀਂ ਕੱਢੇ। ਅਤੇ ਤੇਰਾ ਨਾਉਂ ਲੈਕੇ ਬਹੁਤੀਆਂ ਕਰਾਮਾਤਾਂ ਨਹੀਂ ਵਿ-
ਖਾਲੀਆਂ॥ ੨੩॥ ਤਦ ਮੈਂ ਉਨਾਂ ਨੂੰ ਸਾਫ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਬੀ ਨਹੀਂ ਜਾਣਿਆ। ਹੇ
ਬੁਰਿਆਰੋ ਮੇਰੇ ਕੋਲੋਂ ਚੱਲੇ ਜਾਓ॥ ੨੪॥ ਸੋ ਹਰੇਕ ਜੋ ਮੇਰੇ ਏਹ ਬਚਨ ਸੁਣਦਾ ਅਤੇ ਉਨਾਂ ਉੱਤੇ
ਚੱਲਦਾ ਹੈ ਉਹ ਉਸ ਬੁੱਧਮਾਨ ਵਰਗਾ ਜਾਣਿਆ ਜਾਊ ਜਿਹ ਨੈ ਪੱਥਰ ਉੱਪਰ ਆਪਣਾ ਘਰ ਬ-
ਣਾਇਆ॥ ੨੫॥ ਅਤੇ ਮੀਂਹ ਵਰਿਆ ਅਤੇ ਹੜ ਆਏ ਅਤੇ ਅਨੇਰੀਆਂ ਵਗੀਆਂ ਅਰ ਉਸ
ਘਰ ਨੂੰ ਧੱਕਾ ਮਾਰਿਆ ਅਤੇ ਉਹ ਨਾ ਡਿਗਿਆ ਕਿਉਂਕਿ ਉਹ ਦੀ ਨੀਉਂ ਪੱਥਰ ਉੱਪਰ ਧਰੀ ਹੋਈ
ਸੀ॥ ੨੬॥ ਅਤੇ ਹਰੇਕ ਜੋ ਮੇਰੇ ਏਹ ਬਚਨ ਸੁਣਦਾ ਅਤੇ ਉਨਾਂ ਉੱਤੇ ਨਹੀਂ ਚੱਲਦਾ ਉਹ ਉਸ ਮੂਰ
ਖ ਵਰਗਾ ਠਹਰਾਇਆ ਜਾਊ ਜਿਹ ਨੈ ਆਪਣਾ ਘਰ ਰੇਤ ਉੱਪਰ ਬਣਾਇਆ॥ ੨੭॥ ਅਤੇ ਮੀਂਹ

Original with
Language Department Punjab
Digitized by:
Panjab Digital Library

ਫਰਿਆ ਅਤੇ ਹੜ੍ਹ ਆਏ ਅਤੇ ਅਨ੍ਹੇਰੀਆਂ ਵਗੀਆਂ ਅਰ ਉਸ ਘਰ ਨੂੰ ਧੱਕਾ ਮਾਰਿਆ ਅਤੇ
ਉਹ ਢੈ ਪਿਆ ਅਤੇ ਉਹਦਾ ਵੱਡਾ ਨਾਸ ਹੋਇਆ ॥ ॥੨੮॥ ਅਤੇ ਐਉਂ ਹੋਇਆ
ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ ਥੋਂ ਹੈਰਾਨ ਹੋਈ ॥੨੯॥ ਕਿਉਂ
ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੂ ਨਹੀਂ ਪਰ ਇਖ਼ਤਿਆਰ ਵਾਲੇ ਵਰਗਾ ਉਨ੍ਹਾਂ ਨੂੰ ਉਪਦੇਸ ਦਿੰਦਾ ਸੀ

੮ ਕਾਂਡ ॥

ਜਾਂ ਉਹ ਪਹਾੜੋਂ ਉੱਤਰਿਆ ਵੱਡੀ ਭੀੜ ਉਹ ਦੇ ਮਗਰ ਲੱਗ ਪਈ ॥੨॥ ਅਤੇ ਵੇ
ਖੋ ਇੱਕ ਕੋੜ੍ਹੀ ਨੇ ਕੋਲ੍ਹ ਆਣ ਕੇ ਉਸ ਅੱਗੇ ਮੱਥਾ ਟੇਕਿਆ ਅਤੇ ਕਿਹਾ ਪ੍ਰਭੂ ਜੀ
ਜੇ ਤੂੰ ਚਾਹੇਂ ਤਾਂ ਮੈਨੂੰ ਸੁੱਧ ਕਰ ਸੱਕਦਾ ਹੈਂ ॥੩॥ ਅਤੇ ਉਸ ਨੇ ਹੱਥ ਲੰਮਾ ਕਰ ਕੇ ਉਹ ਨੂੰ ਛੋਹਿਆ
ਅਤੇ ਆਖਿਆ ਮੈਂ ਚਾਹੁੰਦਾ ਹਾਂ ਤੂੰ ਸੁੱਧ ਹੋ ਜਾਹ। ਅਤੇ ਉਸੇ ਵੇਲੇ ਉਹ ਆਪਣੇ ਕੋੜ੍ਹ ਥੋਂ ਸੁੱਧ ਹੋ ਗਿਆ
॥੪॥ ਅਰ ਯਿਸੂ ਨੇ ਉਹ ਨੂੰ ਆਖਿਆ ਖ਼ਬਰਦਾਰ ਕਿਸੇ ਨੂੰ ਨਾ ਦੱਸੀਂ ਪਰ ਜਾ ਕੇ ਆਪਣਾ ਆਪ ਜ
ਜਾਜਕ ਨੂੰ ਵਿਖਾ ਅਤੇ ਜੇਹੜੀ ਭੇਟ ਮੂਸਾ ਨੇ ਠਹਰਾਈ ਚੜ੍ਹਾ ਤਾਂ ਉਨ੍ਹਾਂ ਲਈ ਸਾਖੀ ਹੋਵੇ ॥
॥੫॥ ਜਾਂ ਉਹ ਕਫ਼ਰਨਹੂਮ ਵਿੱਚ ਵੜਿਆ ਇੱਕ ਸੂਬੇਦਾਰ ਉਸ ਕੋਲ੍ਹ ਆਇਆ ਅਤੇ ਉਹ ਦੀ ਮਿ
ਨਤ ਕਰ ਕੇ ਕਿਹਾ ॥੬॥ ਪ੍ਰਭੂ ਜੀ ਮੇਰਾ ਨੌਕਰ ਝੋਲੇ ਦਾ ਮਾਰਿਆ ਘਰ ਵਿੱਚ ਵੱਡਾ ਦੁਖੀ ਪਿਆ ਹੈ
॥੭॥ ਅਤੇ ਉਸ ਨੇ ਉਹ ਨੂੰ ਆਖਿਆ ਮੈਂ ਆਣ ਕੇ ਉਹ ਨੂੰ ਚੰਗਾ ਕਰ ਦਿਆਂਗਾ ॥੮॥ ਅਤੇ ਸੂਬੇ
ਦਾਰ ਨੇ ਉੱਤਰ ਦਿੱਤਾ ਪ੍ਰਭੂ ਜੀ ਮੈਂ ਇਸ ਲਾਇਕ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ ਬਚ
ਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ ॥੯॥ ਕਿਉਂ ਜੋ ਮੈਂ ਭੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ

Original with:
Language Department Punjab
Digitized by:
Panjab Digital Library

ਹਾਂ ਅਤੇ ਸਿਪਾਹੀਆਂ ਨੂੰ ਆਪਣੇ ਇਖਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ ਆਖਦਾ ਹਾਂ ਜਾ
ਹ ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ ਕਿ ਆ ਤਾਂ ਉਹ ਆਉਂਦਾ ਹੈ ਅਰ ਆਪਣੇ ਚਾਕਰ ਨੂੰ ਕਿ ਇਹ
ਕਰ ਤਾਂ ਉਹ ਕਰਦਾ ਹੈ ॥੧੦॥ ਯਿਸੂ ਨੇ ਇਹ ਸੁਣਕੇ ਅਚੰਭਾ ਕੀਤਾ ਅਤੇ ਉਨਾਂ ਨੂੰ ਜੋ ਪਿਛੇ ਮਗਰ
ਮਗਰ ਆਉਂਦੇ ਸਨ ਕਿਹਾ ਭਈ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਇਸਰਾਈਲ ਵਿੱਚ ਬੀ ਮੈਂ ਐਡੀ
ਨਿਹਚਾ ਨਹੀਂ ਵੇਖੀ ॥੧੧॥ ਅਰ ਮੈਂ ਤੁਹਾਨੂੰ ਆਖਦਾ ਹਾਂ ਜੋ ਬਥੇਰੇ ਚੜ੍ਹਾਦਿਓਂ ਅਤੇ ਲਹਿੰਦਿਓਂ ਆ ੯
ਉਣਗੇ ਅਤੇ ਸੁਰਗ ਦੇ ਰਾਜ ਵਿੱਚ ਇਬਰਾਹੀਮ ਅਤੇ ਇਸਹਾਕ ਅਤੇ ਯਾਕੂਬ ਨਾਲ ਬੈਠਣ-
ਗੇ ॥੧੨॥ ਪਰ ਰਾਜ ਦੇ ਪੁਤ੍ਰ ਬਾਹਰ ਦੇ ਅੰਧਘੋਰ ਵਿੱਚ ਕੱਢੇ ਜਾਣਗੇ। ਉੱਥੇ ਰੋਣਾ ਅਤੇ ਦੰਦੀਆ ੧੦
ਪੀਹਣੀਆਂ ਹੋਣਗੀਆਂ ॥੧੩॥ ਅਤੇ ਯਿਸੂ ਨੈ ਸੂਬੇਦਾਰ ਨੂੰ ਕਿਹਾ ਜਾਹ ਜਿਹੀ ਤੈਂ ਨਿਹਚਾ ਕੀਤੀ
ਤੇਰੇ ਲਈ ਤਿਹਾ ਹੀ ਹੋਵੇ। ਅਤੇ ਉਹ ਨੌਕਰ ਉਸੇ ਘੜੀ ਚੰਗਾ ਹੋ ਗਿਆ ॥ ॥੧੪॥
ਅਤੇ ਯਿਸੂ ਨੈ ਪਤਰਸ ਦੇ ਘਰ ਵਿੱਚ ਆਣਕੇ ਉਹ ਦੀ ਸੱਸ ਨੂੰ ਤਾਪ ਨਾਲ ਪਈ ਹੋਈ ਵੇਖਿਆ
॥੧੫॥ ਅਤੇ ਉਸ ਨੈ ਉਹ ਦਾ ਹੱਥ ਛੋਹਿਆ ਅਤੇ ਉਹ ਦਾ ਤਾਪ ਲਹਿ ਗਿਆ ਅਰ ਉਸ ਨੈ ਉੱਠ-
ਕੇ ਉਹ ਦੀ ਟਹਿਲ ਕੀਤੀ ॥੧੬॥ ਅਤੇ ਜਾਂ ਸੰਝ ਹੋਈ ਉਹ ਦੇ ਕੋਲ ਬਹੁਤਿਆਂ ਨੂੰ ਲਿਆਏ ਜਿ-
ਨਾਂ ਨੂੰ ਭੂਤ ਚਿੰਬੜੇ ਹੋਏ ਸਨ ਅਤੇ ਉਸ ਨੈ ਬਚਨ ਨਾਲ ਆਤਮਿਆਂ ਨੂੰ ਕੱਢ ਦਿੱਤਾ ਅਰ ਸਾਰੇ
ਰੋਗੀਆਂ ਨੂੰ ਚੰਗੇ ਕੀਤਾ ॥੧੭॥ ਤਾਂ ਯਸਾਯਾਹ ਪਿਕੰਬਰ ਦਾ ਉਹ ਵਾਕ ਪੂਰਾ ਹੋਵੇ ਭਈ ਉਹ ਨੈ
ਆਪੇ ਸਾਡੀਆਂ ਮਾਂਦਗੀਆਂ ਲੈ ਲਈਆਂ ਅਤੇ ਰੋਗਾਂ ਨੂੰ ਚੁੱਕ ਲਿਆ ॥ ॥੧੮॥

Original with:
Language Department Punjab
Digitized by:
Panjab Digital Library

ਤਦ ਯਿਸੂ ਨੈ ਬਹੁਤ ਭੀੜ ਆਪਣੇ ਚੁਫੇਰੇ ਵੇਖਕੇ ਪਾਰ ਚੱਲਣ ਦੀ ਆਗਿਆ ਦਿੱਤੀ ॥ ੧੮
॥ ਅਤੇ ਇੱਕ ਗ੍ਰੰਥੀ ਨੈ ਕੋਲ ਆਣਕੇ ਉਹ ਨੂੰ ਕਿਹਾ ਗੁਰੂ ਜੀ ਜਿੱਥੇ ਕਿਤੇ ਤੂੰ ਜਾਵੇਂ ਮੈਂ ਤੇਰੇ ਮਗ-
ਰ ਚੱਲਾਂਗਾ ॥ ੨੦ ॥ ਅਤੇ ਯਿਸੂ ਨੈ ਉਹ ਨੂੰ ਆਖਿਆ ਭੁਈ ਲੂੰਬੜੀਆਂ ਦੇ ਪੁਰਨੇ ਅਤੇ ਅ-
ਕਾਸ਼ ਦੇ ਪੰਛੀਆਂ ਦੇ ਆਹਲਣੇ ਹਨ ਪਰ ਮਨੁੱਖ ਦੇ ਪੁਤ੍ਰ ਦੇ ਸਿਰ ਧਰਨ ਨੂੰ ਥਾਉਂ ਨਹੀਂ ॥
੨੧ ॥ ਅਰ ਸਿੱਖਾਂ ਵਿੱਚੋ ਹੋਰ ਦੂਏ ਨੈ ਉਹ ਨੂੰ ਆਖਿਆ ਪ੍ਰਭੂ ਜੀ ਮੈਨੂੰ ਪਰਵਾਨਗੀ ਦਿਹੋ ਜੋ ਪ-
ਹਿਲਾਂ ਜਾਕੇ ਆਪਣੇ ਪਿਉ ਨੂੰ ਦੱਬਾਂ ॥ ੨੨ ॥ ਪਰ ਯਿਸੂ ਨੈ ਉਹ ਨੂੰ ਕਿਹਾ ਤੂੰ ਮੇਰੇ ਮਗਰ ਚੱਲਿ-
ਆ ਆ ਅਤੇ ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ॥ ॥ ੨੩ ॥ ਅਤੇ ਜਾਂ ਉਹ
ਹਥੇੜੀ ਉੱਤੇ ਚੜ੍ਹਿਆ ਉਹ ਦੇ ਸਿੱਖ ਉਹ ਦੇ ਮਗਰ ਆਏ ॥ ੨੪ ॥ ਅਰ ਵੇਖੋ ਦਰਿਆਉ ਵਿੱਚ
ਐਡੀ ਅਨੇਰੀ ਵਗੀ ਜੋ ਬੇੜੀ ਲਹਿਰਾਂ ਵਿੱਚ ਛਿਪਦੀ ਜਾਂਦੀ ਸੀ ਪਰ ਉਹ ਸੁੱਤਾ ਪਿਆ ਸੀ
॥ ੨੫ ॥ ਅਤੇ ਉਨਾਂ ਨੈ ਕੋਲ ਆਣਕੇ ਉਹ ਨੂੰ ਜਗਾਇਆ ਅਤੇ ਕਿਹਾ ਪ੍ਰਭੂ ਜੀ ਬਚਾ। ਅਸੀਂ
ਤਾਂ ਮਰ ਚੱਲੇ ਹਾਂ ॥ ੨੬ ॥ ਅਰ ਉਸ ਨੈ ਉਨਾਂ ਨੂੰ ਆਖਿਆ ਹੇ ਥੋੜੀ ਪਰਤੀਤ ਵਾਲਿਓ ਤੁਸੀਂ ਕਿ-
ਉ ਡਰਦੇ ਹੋ। ਤਦ ਉਹ ਨੈ ਉੱਠਕੇ ਪੌਣ ਅਤੇ ਦਰਿਆਉ ਨੂੰ ਦਬਕਾ ਦਿੱਤਾ ਅਤੇ ਵੱਡਾ ਚੈਨ ਹੋ ਗਿਆ
॥ ੨੭ ॥ ਅਤੇ ਓਹ ਮਨੁੱਖ ਹੈਰਾਨ ਹੋਕੇ ਬੋਲੇ ਜੋ ਇਹ ਕਿਹਾ ਜਿਹਾ ਪੁਰਖ ਹੈ ਕਿ ਪੌਣ ਅਤੇ ਦਰਿ-
ਆਉ ਭੀ ਉਹ ਦੀ ਮੰਨ ਲੈਂਦੇ ਹਨ ॥ ॥ ੨੮ ॥ ਅਤੇ ਜਾਂ ਉਹ ਪਾਰ ਗਦਰੀਨੀਆਂ ਦੇ
ਦੇਸ ਵਿੱਚ ਪਹੁੰਚਿਆ ਤਾਂ ਦੋ ਮਨੁੱਖ ਜਿਨਾਂ ਨੂੰ ਭੂਤ ਚਿੰਬੜੇ ਹੋਏ ਸਨ ਕਬਰਾਂ ਵਿੱਚੋਂ ਨਿੱਕਲ ਕੇ ਉ-

Original with:
Language Department Punjab
Digitized by:
Panjab Digital Library

ਹਨੂੰ ਮਿਲ੍ਹੇ ਅਤੇ ਓਹ ਐਡੇ ਕਰੜੇ ਸਨ ਜੋ ਉਸ ਰਸਤੇ ਕੋਈ ਲੰਘ ਨਹੀ ਸੀ ਸੱਕਦਾ ॥ ੨੯ ॥ ਅ-
ਤੇ ਵੇਖੋ ਜੋ ਉਨਾਂ ਨੈ ਪੁਕਾਰ ਕੇ ਆਖਿਆ ਹੇ ਪਰਮੇਸ਼ੁਰ ਦੇ ਪੁਤ੍ਰ ਤੇਰਾ ਸਾਡੇ ਨਾਲ੍ਹ ਕੀ ਵਾਸਤਾ। ਕਿ-
ਆ ਤੂੰ ਵੇਲੇ ਥੀਂ ਪਹਿਲਾਂ ਸਾਨੂੰ ਦੁਖ ਦੇਣ ਐਥੇ ਆਇਆ ਹੈਂ ॥ ੩੦ ॥ ਅਤੇ ਉਨਾਂ ਥੀਂ ਕੁਛ ਦੂਰ ਬ-
ਹੁਤ ਸਾਰਿਆਂ ਸੂਰਾਂ ਦਾ ਇੱਜੜ ਚੁਗਦਾ ਸੀ ॥ ੩੧ ॥ ਅਰ ਭੂਤਾਂ ਨੈ ਉਹ ਦੀਆਂ ਮਿੰਨਤਾਂ ਕਰਕੇ ਆ
ਖਿਆ ਕਿ ਜੇ ਤੂੰ ਸਾਨੂੰ ਕੱਢਦਾ ਹੈਂ ਤਾਂ ਸਾਨੂੰ ਸੂਰਾਂ ਦੇ ਇੱਜੜ ਵਿੱਚ ਘੱਲ ਦਿਹ ॥ ੩੨ ॥ ਅਤੇ ਉਸ
ਨੈ ਉਨਾਂ ਨੂੰ ਆਖਿਆ ਜਾਓ। ਤਾਂ ਓਹ ਨਿੱਕਲ੍ਹ ਕੇ ਸੂਰਾਂ ਵਿੱਚ ਜਾ ਵੜੇ ਅਤੇ ਵੇਖੋ ਕਿ ਸਾਰਾ ਇੱਜੜ
ਢਾਹੇ ਉੱਤੋਂ ਸਿਰ ਤੋੜ ਭੱਜ ਕੇ ਦਰਿਆਉ ਵਿੱਚ ਜਾ ਪਿਆ ਅਤੇ ਪਾਣੀ ਵਿੱਚ ਡੁੱਬ ਮੋਇਆ ॥ ੩੩
॥ ਤਦ ਚੁਗਾਉਣ ਵਾਲ੍ਹੇ ਨੱਠੇ ਅਤੇ ਨਗਰ ਵਿੱਚ ਜਾ ਕੇ ਸਾਰੀ ਵਾਰਤਾ ਅਤੇ ਭੂਤਾਂ ਵਾਲ੍ਹਿਆਂ ਦੀ
ਵਿਥਿਆ ਸੁਣਾ ਦਿੱਤੀ ॥ ੩੪ ॥ ਅਤੇ ਵੇਖੋ ਸਾਰਾ ਨਗਰ ਯਿਸੂ ਦੇ ਮਿਲਣ ਨੂੰ ਨਿੱਕਲ੍ਹਿਆ ਅ-
ਰ ਜਾਂ ਉਹ ਨੂੰ ਵੇਖਿਆ ਤਾਂ ਉਹ ਦੀਆਂ ਮਿੰਨਤਾਂ ਕੀਤੀਆਂ ਜੋ ਸਾਡੀ ਹੱਦੋਂ ਬਾਹਰ ਨਿੱਕਲ੍ਹ ਜਾਹ ॥

੮ ਕਾਂਡ ॥

ਅਤੇ ਉਹ ਬੇੜੀ ਉੱਤੇ ਚੜ੍ਹ ਕੇ ਪਾਰ ਲੰਘਿਆ ਅਰ ਆਪਣੇ ਨਗਰ ਵਿੱਚ ਆ-
ਇਆ ॥ ੨ ॥ ਅਤੇ ਵੇਖੋ ਇੱਕ ਮੰਜੀ ਉੱਤੇ ਪਏ ਹੋਏ ਅਧਰੰਗੀ ਨੂੰ ਉਸ ਪਾਸ ਲ੍ਹਿ
ਆਏ। ਅਤੇ ਯਿਸੂ ਨੈ ਉਨਾਂ ਦੀ ਨਿਹਚਾ ਵੇਖ ਕੇ ਉਸ ਅਧਰੰਗੀ ਨੂੰ ਆਖਿਆ ਹੇ ਪੁਤ੍ਰ ਖਾਤਰ ਜ-
ਮਾਂ ਰੱਖ ਤੇਰੇ ਪਾਪ ਮਾਫ ਹੋਏ ॥ ੩ ॥ ਅਤੇ ਵੇਖੋ ਕਈਆਂ ਗ੍ਰੰਥੀਆਂ ਨੈ ਆਪਣੇ ਮਨ ਵਿੱਚ ਕਿਹ
ਜੋ ਇਹ ਕੁਫਰ ਬਕਦਾ ਹੈ ॥ ੪ ॥ ਅਤੇ ਯਿਸੂ ਨੈ ਉਨਾਂ ਦੀ ਸੋਚ ਵਿਚਾਰ ਮਲੂਮ ਕਰਕੇ ਆਖਿਆ

Original with
Language Department Punjab
Digitized by:
Panjab Digital Library

ਤੁਸੀਂ ਕਾਹਨੂੰ ਆਪਣੇ ਮਨ ਵਿੱਚ ਬੁਰੇ ਵਿਚਾਰ ਕਰਦੇ ਹੋ॥੫॥ ਭਲਾ ਕਿਹੜੀ ਗੱਲ ਸੁਖਾਲ਼ੀ
ਹੈ ਇਹ ਕਹਿਣਾ ਜੋ ਤੇਰੇ ਪਾਪ ਮਾਫ਼ ਹੋਏ ਜਾਂ ਇਹ ਕਹਿਣਾ ਭਈ ਉੱਠ ਅਤੇ ਤੁਰ॥੬॥ ਪਰ ਇਸ
ਲਈ ਜੋ ਤੁਸੀਂ ਜਾਣੋ ਜੋ ਮਨੁੱਖ ਦੇ ਪੁਤ੍ਰ ਨੂੰ ਧਰਤੀ ਉੱਤੇ ਪਾਪ ਮਾਫ਼ ਕਰਨ ਦਾ ਇਖਤਿਆਰ ਹੈ ਤਦ
ਉਸ ਨੈ ਅਧਰੰਗੀ ਨੂੰ ਕਿਹਾ ਉੱਠ ਆਪਣੀ ਮੰਜੀ ਚੁੱਕ ਕੇ ਘਰ ਚੱਲਿਆ ਜਾਹ॥੭॥ ਅਤੇ ਉਹ
ਉੱਠ ਕੇ ਆਪਣੇ ਘਰ ਨੂੰ ਤੁਰ ਗਿਆ॥੮॥ ਅਤੇ ਭੀੜ ਇਹ ਵੇਖ ਕੇ ਡਰ ਗਈ। ਅਰ ਪਰਮੇਸ਼ੁ
ਰ ਦੀ ਵਡਿਆਈ ਕੀਤੀ ਜੋ ਉਹ ਨੈ ਮਨੁੱਖਾਂ ਨੂੰ ਐਂਹਾ ਇਖਤਿਆਰ ਦਿੱਤਾ॥ ॥੮॥
ਅਤੇ ਯਿਸੂ ਨੈ ਉੱਥੋਂ ਅੱਗੇ ਵਧ ਕੇ ਮੱਤੀ ਨਾਮੇ ਇੱਕ ਮਨੁੱਖ ਨੂੰ ਮਸੂਲ ਦੀ ਚੌਂਕੀ ਉੱਤੇ ਬੈਠੇ ਵੇਖਿਆ
ਅਰ ਉਹ ਨੂੰ ਕਿਹਾ ਭਈ ਮੇਰੇ ਮਗਰ ਹੋ ਤੁਰ। ਅਤੇ ਉਹ ਉੱਠ ਕੇ ਉਹ ਦੇ ਮਗਰ ਹੋ ਤੁਰਿਆ॥
॥੧੦॥ ਅਰ ਐਉਂ ਹੋਇਆ ਕਿ ਜਾਂ ਉਹ ਘਰ ਵਿੱਚ ਰੋਟੀ ਖਾਣ ਬੈਠਾ ਸੀ ਤਾਂ ਵੇਖੋ ਬਹੁਤ ਸ
ਰੇ ਮਸੂਲੀਏ ਅਤੇ ਪਾਪੀ ਆਣ ਕੇ ਯਿਸੂ ਅਰ ਉਹ ਦੇ ਸਿੱਖਾਂ ਨਾਲ਼ ਬੈਠ ਗਏ॥੧੧॥ ਅਤੇ ਫ-
ਰੀਸੀਆਂ ਨੈ ਇਹ ਵੇਖ ਕੇ ਉਹ ਦੇ ਸਿੱਖਾਂ ਨੂੰ ਆਖਿਆ ਤੁਹਾਡਾ ਗੁਰੂ ਮਸੂਲੀਆਂ ਅਤੇ ਪਾਪੀਆਂ
ਦੇ ਨਾਲ਼ ਕਿਉ ਖਾਂਦਾ ਹੈ॥੧੨॥ ਪਰ ਉਹ ਨੈ ਇਹ ਸੁਣ ਕੇ ਕਿਹਾ ਭਈ ਨਵੇਂ ਨਰੋਇਆਂ ਨੂੰ ਨਹੀਂ ਬ-
ਲਕ ਰੋਗੀਆਂ ਨੂੰ ਹਕੀਮ ਦੀ ਲੋੜ ਹੈ॥੧੩॥ ਪਰ ਤੁਸੀਂ ਜਾ ਕੇ ਇਹ ਦਾ ਅਰਥ ਸਿੱਖੋ ਕਿ ਮੈਂ ਬ-
ਲਦਾਨ ਨੂੰ ਨਹੀਂ ਪਰ ਦਯਾ ਨੂੰ ਚਾਹੁੰਦਾ ਹਾਂ। ਕਿਉ ਜੋ ਮੈਂ ਧਰਮੀਆਂ ਨੂੰ ਨਹੀਂ ਬਲਕ ਪਾਪੀਆਂ
ਨੂੰ ਬੁਲਾਉਣ ਆਇਆ ਹਾਂ॥ ॥੧੪॥ ਤਦ ਯੂਹੰਨਾ ਦੇ ਸਿੱਖਾਂ ਨੈ ਉਹ ਦੇ ਕੋਲ਼ ਆ-

Original with:
Language Department Punjab
Digitized by:
Panjab Digital Library

ਣਕੇ ਕਿਹਾ ਜੋ ਇਹਦਾ ਕੀ ਕਾਰਨ ਹੈ ਕਿ ਅਸੀਂ ਅਤੇ ਫਰੀਸੀ ਬਹੁਤ ਵਰਤ ਰੱਖਦੇ ਹਾਂ ਪਰ ਤੇਰੇ ਸਿ
ਖ ਵਰਤ ਨਹੀਂ ਰੱਖਦੇ ॥੧੫॥ ਅਤੇ ਯਿਸੂ ਨੇ ਉਨਾਂ ਨੂੰ ਆਖਿਆ ਜੰਞੀ ਨਾਂ ਚਿਰ ਲਾੜਾ ਜਨੇਤੀਆ
ਦੇ ਨਾਲ ਹੈ ਭੁਲਾ ਓਹ ਸੋਗ ਕਰ ਸੱਕਦੇ ਹਨ। ਪਰ ਓਹ ਦਿਨ ਆਉਣਗੇ ਜਦ ਲਾੜਾ ਉਨਾਂ ਥੋਂ
ਅੱਡ ਕੀਤਾ ਜਾਊ ਤਦ ਓਹ ਵਰਤ ਰੱਖਣਗੇ ॥੧੬॥ ਪੁਰਾਣੇ ਕੱਪੜੇ ਨੂੰ ਕੋਰੇ ਦੀ ਟਾਕੀ ਕੋਈ ਨਹੀ
ਲਾਉਂਦਾ ਕਿਉਂ ਜੋ ਉਹ ਟਾਕੀ ਜਿਹੜੀ ਲਾਈ ਹੈ ਉਸ ਕੱਪੜੇ ਥੋਂ ਕੁਛ ਖਿੰਚ ਲੈਂਦੀ ਹੈ ਅਤੇ ਉਹ
ਲੀਰਾ ਵਧ ਜਾਂਦਾ ਹੈ ॥੧੭॥ ਅਤੇ ਨਾ ਨਵੀਂ ਵੈਨ ਨੂੰ ਪੁਰਾਣੀਆਂ ਮਸਕਾਂ ਵਿੱਚ ਭਰਦੇ ਹਨ।
ਨਹੀਂ ਤਾਂ ਮਸਕਾਂ ਪਾਟ ਜਾਂਦੀਆਂ ਅਤੇ ਵੈਨ ਵਗ ਜਾਂਦੀ ਅਤੇ ਮਸਕਾਂ ਦਾ ਨਾਸ ਹੋ ਜਾਂਦਾ ਹੈ। ਪ
ਰ ਨਵੀਂ ਵੈਨ ਨਵੀਆਂ ਮਸਕਾਂ ਵਿੱਚ ਭਰਦੇ ਹਨ ਅਤੇ ਓਹ ਦੋਵੇਂ ਬਚ ਰਹਿੰਦੀਆਂ ਹਨ ॥

॥੧੮॥ ਜਦ ਉਹ ਉਨਾਂ ਨੂੰ ਏਹ ਗੱਲਾਂ ਕਹਿ ਰਿਹਾ ਸੀ ਵੇਖੋ ਇੱਕ ਸਰਦਾਰ ਨੇ ਆਣਕੇ
ਉਹ ਦੇ ਅੱਗੇ ਮੱਥਾ ਟੇਕਿਆ ਅਤੇ ਆਖਿਆ ਮੇਰੀ ਧੀ ਹੁਣੇ ਮਰੀ ਪਰ ਤੂੰ ਆਣਕੇ ਆਪਣਾ
ਹੱਥ ਉਸ ਉੱਤੇ ਰੱਖ ਤਾਂ ਉਹ ਜੀਏਗੀ ॥੧੯॥ ਅਤੇ ਯਿਸੂ ਉੱਠਕੇ ਆਪਣੇ ਸਿੱਖਾਂ ਸਣੇ ਉਹ ਦੇ ਮਗ
ਰ ਤੁਰ ਪਿਆ ॥੨੦॥ ਅਰ ਵੇਖੋ ਇੱਕ ਤੀਮੀਂ ਨੇ ਜਿਹ ਦੇ ਬਾਰਾਂ ਵਰਿਹਾਂ ਥੋਂ ਲਹੂ ਦੀ ਧਾਰ ਜਾਰੀ
ਸੀ ਪਿੱਛੋਂ ਦੀ ਆਣਕੇ ਉਹ ਦੇ ਲੀੜੇ ਦਾ ਪੱਲਾ ਛੋਹਿਆ ॥੨੧॥ ਕਿਉਂ ਜੋ ਉਹ ਆਪਣੇ ਜੀ ਵਿੱਚ
ਆਖਦੀ ਸੀ ਕੁਈ ਜੇ ਮੈਂ ਨਿਰਾ ਉਹ ਦੇ ਲੀੜੇ ਨੂੰ ਛੋ ਲਵਾਂ ਤਾਂ ਚੰਗੀ ਹੋ ਜਾਵਾਂਗੀ ॥੨੨॥ ਤਦ ਯਿ
ਸੂ ਨੇ ਪਿਛਾਹਾਂ ਮੁੜਕੇ ਅਤੇ ਉਹ ਨੂੰ ਵੇਖਕੇ ਆਖਿਆ ਧੀਏ ਖਾਤਰ ਜ਼ਮਾ ਰੱਖ। ਤੇਰੀ ਨਿਹਚਾ ਨੇ

Original with:
Language Department Punjab
Digitized by:
Panjab Digital Library

ਤੈਨੂੰ ਚੰਗਾ ਕੀਤਾ ਹੈ। ਅਤੇ ਉਹ ਤੀਮੀਂ ਉਸੇ ਘੜੀ ਚੰਗੀ ਹੋ ਗਈ॥ ੨੨॥ ਅਤੇ ਯਿਸੂ ਸਰਦਾ-
ਰ ਦੇ ਘਰ ਵਿੱਚ ਗਿਆ ਅਤੇ ਬੰਸਰੀ ਬਜਾਉਣ ਵਾਲਿਆਂ ਨੂੰ ਅਤੇ ਭੀੜ ਨੂੰ ਰੌਲਾ ਪਾਉਂਦੀ ਵੇਖ
ਕੇ ਆਖਿਆ॥ ੨੪॥ ਲਾਂਭੇ ਹੋਵੋ ਕਿਉਂ ਜੋ ਕੰਨਿਆਂ ਮਰੀ ਨਹੀਂ ਪਰ ਸੁੱਤੀ ਪਈ ਹੈ। ਅਤੇ ਓਹ ਉਸ
ਉੱਤੇ ਹੱਸੇ॥ ੨੫॥ ਪਰ ਜਾਂ ਭੀੜ ਬਾਹਰ ਕੱਢੀ ਗਈ ਤਾਂ ਉਸ ਨੇ ਅੰਦਰ ਜਾਕੇ ਉਹ ਦਾ ਹੱਥ ਫੜਿਆ
ਅਤੇ ਕੰਨਿਆਂ ਉੱਠੀ॥ ੨੬॥ ਅਰ ਇਹ ਖਬਰ ਉਸ ਸਾਰੇ ਦੇਸ ਵਿੱਚ ਖਿੰਡ ਗਈ॥
॥ ੨੭॥ ਅਤੇ ਜਾਂ ਯਿਸੂ ਉੱਥੋਂ ਤੁਰਿਆ ਤਾਂ ਦੋ ਅੰਨੇ ਉਹ ਦੇ ਮਗਰ ਹਾਕਾਂ ਮਾਰਦੇ ਆਏ ਅਤੇ ਬੋਲੇ
ਹੇ ਦਾਊਦ ਦੇ ਪੁੱਤ ਸਾਡੇ ਉੱਤੇ ਦਯਾ ਕਰ॥ ੨੮॥ ਅਰ ਜਾਂ ਉਹ ਘਰ ਵਿੱਚ ਗਿਆ ਤਾਂ ਓਹ ਅੰਨੇ ਉਹ
ਦੇ ਕੋਲ ਆਏ ਅਤੇ ਯਿਸੂ ਨੇ ਉਨਾਂ ਨੂੰ ਕਿਹਾ ਭਲਾ ਤੁਹਾਨੂੰ ਨਿਹਚਾ ਹੈ ਜੋ ਮੈਂ ਇਹ ਕੰਮ ਕਰ ਸੱਕਦਾ ਹਾਂ
। ਉਨਾਂ ਉਸ ਨੂੰ ਆਖਿਆ ਹਾਂ ਪ੍ਰਭੁ ਜੀ॥ ੨੯॥ ਤਦ ਉਹ ਉਨਾਂ ਦੀਆਂ ਅੱਖੀਆਂ ਨੂੰ ਛੋਹ ਕੇ ਬੋਲਿਆ
ਭਈ ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇ॥ ੩੦॥ ਅਤੇ ਉਨਾਂ ਦੀਆਂ ਅੱਖੀਆਂ
ਖੁਲ ਗਈਆਂ। ਅਤੇ ਯਿਸੂ ਨੇ ਤਗੀਦ ਨਾਲ ਉਨਾਂ ਨੂੰ ਕਿਹਾ ਖਬਰਦਾਰ ਕੋਈ ਨਾ ਜਾਣੇ॥ ੩੧॥ ਪ
ਰ ਉਨਾਂ ਨੇ ਨਿੱਕਲ ਕੇ ਉਸ ਸਾਰੇ ਦੇਸ ਵਿੱਚ ਉਹ ਦਾ ਜਸ ਖਿੰਡਾਇਆ॥ ॥ ੩੨॥ ਫੇਰ
ਉਨਾਂ ਦੇ ਬਾਹਰ ਨਿੱਕਲਦਿਆਂ ਹੀ ਵੇਖੋ ਇੱਕ ਗੂੰਗੇ ਨੂੰ ਜਿਹ ਨੂੰ ਭੂਤ ਚਿੰਬੜਿਆ ਹੋਇਆ ਸੀ ਉਹ
ਦੇ ਕੋਲ ਲਿਆਏ॥ ੩੩॥ ਅਤੇ ਜਦ ਭੂਤ ਕੱਢਿਆ ਗਿਆ ਸੀ ਤਦ ਗੂੰਗਾ ਬੋਲਣ ਲੱਗ ਪਿਆ
। ਅਤੇ ਭੀੜ ਅਚਰਜ ਕਰਕੇ ਆਖਣ ਲੱਗੀ ਕਦੀ ਇਸਰਾਈਲ ਵਿੱਚ ਇਸ ਪਰਕਾਰ ਦਾ ਨਹੀਂ ਵੇ

Original with:
Language Department Punjab
Digitized by:
Panjab Digital Library

ਖਿਆ॥੩੪॥ ਪਰ ਫਰੀਸੀਆਂ ਨੈ ਕਿਹਾ ਉਹ ਤਾਂ ਭੂਤਾਂ ਦੇ ਸਰਦਾਰ ਦੀ ਸਹਾਇਤਾ ਨਾਲ ਭੂਤਾਂ
ਨੂੰ ਕੱਢਦਾ ਹੁੰਦਾ ਹੈ॥ ॥੩੫॥ ਅਤੇ ਯਿਸੂ ਉਨ੍ਹਾਂ ਦਿਆਂ ਸਮਾਜਾਂ ਵਿੱਚ ਉਪਦੇਸ ਦਿ
ਦਾ ਅਤੇ ਰਾਜ ਦੇ ਮੰਗਲ ਸਮਾਚਾਰ ਦੀ ਮਨਾਦੀ ਕਰਦਾ ਹੋਇਆ ਅਤੇ ਸਾਰੇ ਰੋਗ ਅਤੇ ਸਾਰੀ ਮਾਂ
ਦਗੀ ਦੂਰ ਕਰਦਾ ਹੋਇਆ ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ॥੩੬॥ ਅਤੇ ਜਾਂ ਉ-
ਹ ਨੈ ਭੀੜਾਂ ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ ਤਰਸ ਆਇਆ ਕਿਉ ਜੋ ਉਹ ਭੇਡਾਂ ਵਾਂਙੂ ਜਿਨ੍ਹਾਂ ਦਾ
ਅਯਾਲੀ ਨਾ ਹੋਵੇ ਓਹ ਲੋਕ ਮਾੜੇ ਹਾਲ ਅਤੇ ਭਾਵਾਂ ਡੋਲ ਫਿਰਦੇ ਸਨ॥੩੭॥ ਤਦ ਉਹ ਨੈ ਆਪ
ਣੇ ਸਿੱਖਾਂ ਨੂੰ ਆਖਿਆ ਖੇਤੀ ਪੱਕੀ ਹੋਈ ਤਾਂ ਬਹੁਤ ਹੈ ਪਰ ਕੱਮੇ ਥੋੜੇ ਹਨ॥੩੮॥ ਇਸ ਲਈ ਤੁਸੀਂ
ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਕੱਮੇ ਘੱਲ ਦੇਵੇ॥

੧੦ ਕਾਂਡ॥

ਅਤੇ ਉਸ ਨੈ ਆਪਣੇ ਬਾਰਾਂ ਸਿੱਖਾਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ ਇਖਤਿਆਰ ਦਿੱਤਾ
ਜੋ ਭ੍ਰਿਸਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ
ਕਰਨ॥ ॥੨॥ ਅਤੇ ਬਾਰਾਂ ਰਸੂਲਾਂ ਦੇ ਏਹ ਨਾਉਂ ਹਨ। ਪਹਿਲਾ ਸਮਊਨ ਜਿਹੜਾ ਪ-
ਤਰਸ ਕਹਾਉਂਦਾ ਹੈ ਅਤੇ ਉਹ ਦਾ ਭਾਈ ਅੰਦ੍ਰਿਯਾਸ। ਜਬਦੀ ਦਾ ਪੁੱਤ੍ਰ ਯਾਕੂਬ ਅਤੇ ਉਹ ਦਾ
ਭਾਈ ਯੂਹੰਨਾ॥੩॥ ਫੈਲਬੁਸ ਅਤੇ ਬਰਥੁਲਮਾ। ਥੁਮਾ ਅਤੇ ਮੱਤੀ ਮਸੂਲੀਆ। ਹਲਫਾ ਦਾ
ਪੁੱਤ੍ਰ ਯਾਕੂਬ ਅਤੇ ਥੱਦੀ॥੪॥ ਸਮਊਨ ਕਨਾਨੀ ਅਤੇ ਯਹੂਦਾ ਇਸਕਰਿਯੋਤੀ ਜਿਸ ਨੈ ਉਹ ਨੂੰ
ਫੜਵਾ ਬੀ ਦਿੱਤਾ॥੫॥ ਇਨ੍ਹਾਂ ਬਾਰਾਂ ਨੂੰ ਯਿਸੂ ਨੈ ਘੱਲਿਆ ਅਤੇ ਉਨ੍ਹਾਂ ਨੂੰ ਇਹ ਆਗਿਆ ਦੇ ਕੇ ਕਿ

Original with:
Language Department Punjab
Digitized by:
Panjab Digital Library

॥ ॥ਤੁਸੀਂ ਪਰਾਈਆਂ ਕੋਮਾਂ ਵਲ ਨਾ ਜਾਣਾ ਅਤੇ ਸਾਮਰੀਆਂ ਦੇ ਕਿਸੇ ਨਗਰ
ਵਿੱਚ ਨਾ ਵੜਨਾ ॥੬॥ਪਰ ਪਹਿਲਾਂ ਇਸਰਾਈਲ ਦੇ ਘਰਦੀਆਂ ਗੁਆਚੀਆਂ ਹੋਈਆਂ ਭੇ-
ਡਾਂ ਕੋਲ ਜਾਓ ॥੭॥ਅਤੇ ਤੁਰਦੇ ਤੁਰਦੇ ਮਨਾਦੀ ਕਰਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆ-
ਇਆ ਹੈ ॥੮॥ਰੋਗੀਆਂ ਨੂੰ ਚੰਗਾ ਕਰੋ ਮੁਰਦਿਆਂ ਨੂੰ ਜਿਵਾਲੋ ਕੋੜੀਆਂ ਨੂੰ ਸੁੱਧ ਕਰੋ ਭੂਤਾਂ ਨੂੰ
ਕੱਢੋ। ਤੁਸਾਂ ਮੁਫਤ ਲਿਆ ਹੈ ਮੁਫਤ ਹੀ ਦਿਓ ॥੯॥ਨਾ ਸੋਨਾ ਨਾ ਚਾਂਦੀ ਨਾ ਤਾਂਬਾ ਖੱਟਕੇ ਆਪ-
ਣੇ ਲੱਕ ਨਾਲ ਬੰਨੋ ॥੧੦॥ਅਤੇ ਨਾ ਰਾਹ ਦੇ ਲਈ ਝੋਲਾ ਨਾ ਦੋ ਕੁੜਤੇ ਨਾ ਜੁੱਤੀ ਅਤੇ ਨਾ ਲਾਠੀ
ਲਓ ਕਿਉਂ ਜੋ ਕੰਮਾ ਆਪਣੇ ਭੋਜਨ ਦਾ ਹੱਕਦਾਰ ਹੈ ॥੧੧॥ਅਤੇ ਜਿਸ ਨਗਰ ਜਾਂ ਪਿੰਡ ਵਿੱਚ ਵ
ੜੋ ਪੁੱਛੋ ਭਈ ਇੱਥੇ ਲਾਇਕ ਕੌਣ ਹੈ ਅਤੇ ਜਿੰਨਾਂ ਚਿਰ ਨਾ ਤੁਰੋ ਉੱਥੇ ਹੀ ਟਿਕੋ ॥੧੨॥ਅਰ ਘਰ
ਵਿੱਚ ਵੜਦਿਆਂ ਉਹ ਨੂੰ ਸਲਾਮ ਕਰੋ ॥੧੩॥ਅਤੇ ਜੇ ਘਰ ਲਾਇਕ ਹੋਵੇ ਤਾਂ ਤੁਹਾਡਾ ਸਲਾਮ ਉ-
ਹ ਨੂੰ ਪਹੁੰਚੇ ਪਰ ਜੇ ਲਾਇਕ ਨਾ ਹੋਵੇ ਤਾਂ ਤੁਹਾਡਾ ਸਲਾਮ ਤੁਹਾ ਨੂੰ ਮੁੜ ਆਵੇ ॥੧੪॥ਅਤੇ ਜੋ ਕੋ-
ਈ ਤੁਹਾ ਨੂੰ ਅੰਗੀਕਾਰ ਨਾ ਕਰੇ ਨਾ ਤੁਹਾਡੀਆਂ ਗੱਲਾਂ ਸੁਣੇ ਤਾਂ ਤੁਸੀਂ ਉਸ ਘਰ ਅਥਵਾ ਨਗਰ
ਥੋਂ ਬਾਹਰ ਨਿੱਕਲਕੇ ਆਪਣੇ ਪੈਰਾਂ ਦੀ ਧੂੜ ਝਾੜ ਸੁੱਟੋ ॥੧੫॥ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭਈ
ਨਿਆਉਂ ਦੇ ਦਿਨ ਉਸ ਨਗਰ ਨਾਲੋਂ ਸਦੂਮ ਅਤੇ ਗਮੂਰਾ ਦੇਸ ਉੱਤੇ ਨਰਮੀ ਹੋਊ ॥
॥੧੬॥ਵੇਖੋ ਮੈਂ ਤੁਹਾ ਨੂੰ ਭੇਡਾਂ ਵਾਂਙੂ ਬਘਿਆੜਾਂ ਵਿੱਚ ਭੇਜਦਾ ਹਾਂ ਸੋ ਤੁਸੀਂ ਸੱਪਾਂ ਵਰਗੇ ਹੁਸਿਆਰ
ਅਤੇ ਕਬੂਤਰਾਂ ਵਰਗੇ ਸੁਧੇ ਹੋਵੋ ॥੧੭॥ਪਰ ਮਨੁੱਖਾਂ ਥੋਂ ਚੌਕਸ ਰਹੋ ਕਿਉਂ ਜੋ ਓਹ ਤੁਹਾ ਨੂੰ ਕਚ-

Original with:
Language Department Punjab
Digitized by:
Panjab Digital Library

ਹਿਰੀਆਂ ਵਿੱਚ ਫੜਵਾਉਣਗੇ ਅਤੇ ਆਪਣਿਆਂ ਸਮਾਜਾਂ ਵਿੱਚ ਤੁਹਾ ਨੂੰ ਕੋਰੜੇ ਮਾਰਨਗੇ ॥੧੮॥ਅਤੇ ਤੁਸੀਂ ਮੇਰੇ ਕਾਰਨ ਹਾਕਮਾਂ ਅਤੇ ਰਾਜਿਆਂ ਦੇ ਅੱਗੇ ਹਾਜ਼ਰ ਕੀਤੇ ਜਾਓਗੇ ਜੋ ਉ-ਨ੍ਹਾਂ ਉੱਤੇ ਅਰ ਪਰਾਈਆਂ ਕੌਮਾਂ ਉੱਤੇ ਸਾਖੀ ਹੋਵੇ ॥੧੯॥ ਪਰ ਜਦ ਓਹ ਤੁਹਾ ਨੂੰ ਫੜਵਾਉਣ ਤਾਂ ਚਿੰਤਾ ਨਾ ਕਰੋ ਜੋ ਅਸੀਂ ਕਿੰਕੁਰ ਅਥਵਾ ਕੀ ਬੋਲਿਏ ਕਿਉਂਕਿ ਜਿਹੜੀ ਗੱਲ ਤੁਸਾਂ ਬੋਲਣੀ ਹੈ ਉਹ ਤੁਹਾ ਨੂੰ ਉਸੇ ਘੜੀ ਬਖਸ਼ੀ ਜਾਊ ॥੨੦॥ ਕਿਉਂ ਜੋ ਬੋਲਣ ਵਾਲੇ ਤੁਸੀਂ ਤਾਂ ਨਹੀਂ ਪਰ ਤੁਹਾਡੇ ਪਿਤਾ ਦਾ ਆਤਮਾ ਜਿਹੜਾ ਤੁਹਾਡੇ ਵਿੱਚ ਬੋਲਦਾ ਹੈ ॥੨੧॥ ਅਰ ਭਾਈ ਭਾਈ ਨੂੰ ਅਤੇ ਪਿਉ ਪੁੱ-ਤ ਨੂੰ ਕਤਲ ਲਈ ਫੜਵਾਏਗਾ ਅਤੇ ਬਾਲਕ ਆਪਣੇ ਮਾਪਿਆਂ ਦੇ ਵਿਰੁੱਧ ਉੱਠ ਖੜੇ ਹੋਣਗੇ ਅਤੇ ਉਨਾਂ ਨੂੰ ਮਰਵਾ ਸੁੱਟਣਗੇ ॥੨੨॥ ਅਤੇ ਮੇਰੇ ਨਾਉਂ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱ-ਖਣਗੇ ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਮੁਕਤਿ ਪਾਊ ॥੨੩॥ ਪਰ ਜਦ ਲੋਕ ਤੁਹਾ ਨੂੰ ਇੱਕ ਨਗਰ ਵਿੱਚ ਸਤਾਉਣ ਤਦ ਦੂਏ ਨੂੰ ਭੱਜ ਜਾਓ ਕਿਉਂ ਜੋ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭੁਈ ਤੁਸੀਂ ਇਸਰਾਈਲ ਦਿਆਂ ਸਾਰਿਆਂ ਨਗਰਾਂ ਵਿੱਚ ਨਾ ਫਿਰ ਲਵੋਗੇ ਜਦ ਤੀਕੁਰ ਮਨੁੱਖ ਦ ੰ ਪੁੱਤ੍ਰ ਨਾ ਆਵੇ ॥ ॥੨੪॥ ਸਿੱਖ ਗੁਰੂ ਨਾਲੋਂ ਵੱਡਾ ਨਹੀਂ ਅਤੇ ਨਾ ਚਾਕਰ ਆਪਣੇ ਮਾਲਕ ਨਾਲੋਂ ॥੨੫॥ ਐਂਨਾ ਬਹੁਤ ਹੈ ਜੋ ਸਿੱਖ ਆਪਣੇ ਗੁਰੂ ਦੇ ਅਤੇ ਚਾਕਰ ਆਪਣੇ ਮਾਲ-ਕ ਦੇ ਤੁੱਲ ਹੋਵੇ। ਜਾਂ ਉਨਾਂ ਘਰ ਦੇ ਮਾਲਕ ਨੂੰ ਬਾਲਜਬੂਲ ਆਖਿਆ ਤਾਂ ਕਿੰਨਾਂ ਵਧੀਕ ਉਹ ਦੇ ਘਰ ਦਿਆਂ ਨੂੰ ਨਾ ਆਖਣਗੇ ॥੨੬॥ ਸੋ ਤੁਸੀਂ ਉਨਾਂ ਕੋਲੋਂ ਨਾ ਡਰੋ ਕਿਉਂਕਿ ਕੋਈ ਚੀਜ਼ ਛਿ

Original with:
Language Department Punjab
Digitized by:
Panjab Digital Library

ਧੀ ਨਗੀਂ ਹੈ ਜਿਹੜੀ ਪਰਗਟ ਨਾ ਹੋਊਗੀ ਅਤੇ ਨਾ ਕੁਛ ਗੁਪਤ ਹੈ ਜੋ ਜਾਣਿਆ ਨਾ ਜਾਊ ॥੨੭
॥ ਜੋ ਕੁਛ ਮੈਂ ਤੁਹਾਨੂੰ ਅਨ੍ਹੇਰੇ ਵਿੱਚ ਆਖਦਾ ਹਾਂ ਤੁਸੀਂ ਉਹ ਨੂੰ ਚਾਨਣ ਵਿੱਚ ਕਹਿਓ ਅਤੇ ਜੋ ਕੁ-
ਛ ਤੁਸੀਂ ਕੰਨਾਂ ਵਿੱਚ ਸੁਣਦੇ ਹੋਂ ਕੋਠਿਆਂ ਉੱਤੇ ਉਹ ਦੀ ਮਨਾਦੀ ਕਰੋ ॥੨੮॥ ਅਰ ਉਨਾਂ ਕੋਲੋਂ ਨ
ਡਰੋ ਜੋ ਹੜ੍ਹ ਦੇਹੀ ਨੂੰ ਮਾਰਦੇ ਹਨ ਪਰ ਪ੍ਰਾਣ ਨੂੰ ਨਹੀਂ ਮਾਰ ਸੱਕਦੇ ਬਲਕ ਉਸੇ ਕੋਲੋਂ ਡਰੋ ਜਿਹ-
ੜਾ ਦੇਹੀ ਅਤੇ ਪ੍ਰਾਣ ਦੋਹਾਂ ਦਾ ਨਰਕ ਵਿੱਚ ਨਾਸ ਕਰ ਸੱਕਦਾ ਹੈ ॥੨੯॥ ਭੁਲਾ ਇੱਕ ਪੈਸੇ ਨੂੰ
ਦੋ ਚਿੜੀਆਂ ਨਹੀਂ ਵਿਕਦੀਆਂ। ਅਤੇ ਉਨਾਂ ਵਿੱਚੋਂ ਇੱਕ ਬੀ ਤੁਹਾਡੇ ਪਿਤਾ ਦੀ ਮਰਜੀ ਬਿਨਾ
ਧਰਤੀ ਉੱਤੇ ਨਹੀਂ ਡਿਗਦੀ ॥੩੦॥ ਪਰ ਤੁਹਾਡੇ ਸਿਰ ਦੇ ਵਾਲ ਬੀ ਸਭ ਗਿਣੇ ਹੋਏ ਹਨ ॥੩੧
॥ ਸੋ ਨਾ ਡਰੋ। ਤੁਸੀਂ ਬਹੁਤੀਆਂ ਚਿੜੀਆਂ ਨਾਲੋਂ ਉੱਤਮ ਹੋ ॥੩੨॥ ਉਪਰੰਦ ਜੋ ਕੋਈ ਮਨੁੱਖਾਂ ਦੇ
ਅੱਗੇ ਮੇਰਾ ਇਕਰਾਰ ਕਰੂ ਮੈਂ ਬੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿੱਚ ਹੈ ਉਹ ਦਾ ਇ
ਕਰਾਰ ਕਰਾਂਗਾ ॥੩੩॥ ਪਰ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਨਕਾਰ ਕਰੂ ਮੈਂ ਬੀ ਆਪਣੇ
ਪਿਤਾ ਦੇ ਅੱਗੇ ਜਿਹੜਾ ਸੁਰਗ ਵਿੱਚ ਹੈ ਉਹ ਦਾ ਇਨਕਾਰ ਕਰਾਂਗਾ ॥ ॥੩੪
॥ ਇਹ ਨਾ ਸਮਝੋ ਭਈ ਮੈਂ ਧਰਤੀ ਉੱਤੇ ਮੇਲ ਕਰਾਉਣ ਆਇਆ। ਮੇਲ ਕਰਾਉਣ ਨਹੀਂ ਸ-
ਗੋਂ ਤਲਵਾਰ ਚਲਾਉਣ ਆਇਆ ਹਾਂ ॥੩੫॥ ਕਿਉਂ ਜੋ ਮੈਂ ਮਨੁੱਖ ਨੂੰ ਉਹ ਦੇ ਪਿਉ ਥੋਂ ਅਤੇ
ਧੀ ਨੂੰ ਉਹ ਦੀ ਮਾਂ ਥੋਂ ਅਤੇ ਬਹੂ ਨੂੰ ਉਹ ਦੀ ਸੱਸ ਥੋਂ ਅੱਡ ਕਰਨ ਆਇਆ ਹਾਂ ॥੩੬॥ ਅਰ ਮ-
ਨੁੱਖ ਦੇ ਵੈਰੀ ਉਹ ਦੇ ਘਰ ਦੇ ਹੀ ਹੋਣਗੇ ॥੩੭॥ ਜੋ ਕੋਈ ਪਿਉ ਅਥਵਾ ਮਾਂ ਨੂੰ ਮੇਰੇ ਨਾਲੋਂ ਵੱਧ

Original with:
Language Department Punjab
Digitized by:
Panjab Digital Library

ਪਿਆਰ ਕਰਦਾ ਹੈ ਮੇਰੇ ਜੋਗ ਨਹੀਂ ਅਤੇ ਜੋ ਕੋਈ ਪੁੱਤ ਅਥਵਾ ਧੀ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਜੋਗ ਨਹੀਂ ॥੩੮॥ ਅਤੇ ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਤੁਰੇ ਮੇਰੇ ਜੋਗ ਨਹੀਂ ॥੩੯॥ ਜਿਸ ਕਿਸੇ ਨੈ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਊ ਅਤੇ ਜਿਸ ਕਿਸੇ ਨੈ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਊ ॥ ॥੪੦॥ ਜਿਹੜਾ ਤੁਹਾ ਨੂੰ ਅੰਗੀਕਾਰ ਕਰੇ ਉਹ ਮੈਂ ਨੂੰ ਅੰਗੀਕਾਰ ਕਰਦਾ ਹੈ ਅਤੇ ਜਿਹੜਾ ਮੈਂ ਨੂੰ ਅੰਗੀਕਾਰ ਕਰੇ ਉਹ ਮੇਰੇ ਭੇਜਣ ਵਾਲੇ ਨੂੰ ਅੰਗੀਕਾਰ ਕਰਦਾ ਹੈ ॥੪੧॥ ਜਿਹੜਾ ਪਿਕੰਬਰ ਦੇ ਨਾਉਂ ਉੱਤੇ ਪਿਕੰਬਰ ਨੂੰ ਅੰਗੀਕਾਰ ਕਰੇ ਉਹ ਪਿਕੰਬਰ ਦਾ ਫਲ ਪਾਊ। ਅਤੇ ਜਿਹੜਾ ਧਰਮੀ ਦੇ ਨਾਉਂ ਉੱਤੇ ਧਰਮੀ ਨੂੰ ਅੰਗੀਕਾਰ ਕਰੇ ਉਹ ਧਰਮੀ ਦਾ ਫਲ ਪਾਊ ॥੪੨॥ ਅਤੇ ਜੋ ਕੋਈ ਇਨਾਂ ਛੋਟਿਆਂ ਵਿੱਚੋਂ ਇੱਕ ਨੂੰ ਸਿੱਖ ਦੇ ਨਾਉਂ ਉੱਤੇ ਨਿਰਾ ਇੱਕ ਕਟੋਰਾ ਠੰਢੇ ਪਾਣੀ ਦਾ ਪਿਆਵੇ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭਈ ਉਹ ਆਪਣਾ ਫਲ ਪਾਏ ਬਿਨਾ ਕਦੇ ਨਾ ਰਹੂ ॥

੧੧ਕਾਂਡ ॥ ਅਤੇ ਐਉਂ ਹੋਇਆ ਕਿ ਜਾਂ ਯਿਸੂ ਆਪਣੇ ਬਾਰਾਂ ਸਿੱਖਾਂ ਨੂੰ ਆਗਿਆ ਦੇ ਹਟਿ-
ਆ ਤਾਂ ਉੱਥੋਂ ਉਨਾਂ ਦੇ ਨਗਰਾਂ ਵਿੱਚ ਉਪਦੇਸ ਦੇਣ ਅਤੇ ਮਨਾਦੀ ਕਰਨ ਚੱਲਿਆ
ਗਿਆ ॥ ॥੨॥ ਅਤੇ ਯੂਹੰਨਾ ਨੈ ਕੈਦਖਾਨੇ ਵਿੱਚ ਮਸੀਹ ਦੇ ਕੰਮਾਂ ਨੂੰ ਸੁਣ ਕੇ ਆਪ-
ਣੇ ਸਿੱਖਾਂ ਦੀ ਰਾਹੀਂ ਉਹ ਨੂੰ ਪੁਛਵਾ ਭੇਜਿਆ ॥੩॥ ਭਈ ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ
ਹੈਂ ਜਾਂ ਅਸੀਂ ਕਿਸੇ ਹੋਰ ਨੂੰ ਉਡੀਕ ਕਿਯੇ ॥੪॥ ਅਤੇ ਯਿਸੂ ਨੈ ਉਨਾਂ ਨੂੰ ਉੱਤਰ ਦਿੱਤਾ ਭਈ ਜੋ ਕੁਛ ਤੁਸੀਂ

Original w...
Language Department Punjab
Digitized by:
Panjab Digital Library

ਸੁਣਦੇ ਅਤੇ ਵੇਖਦੇ ਹੋਂ ਸੋ ਯੂਹੱਨਾ ਨੂੰ ਜਾ ਦੱਸਿਓ॥੫॥ ਕਿ ਅੰਨੇ ਸੁਜਾਖੇ ਹੁੰਦੇ ਹਨ ਅਤੇ ਲੰਙੇ ਤੁਰ-
ਦੇ ਹਨ। ਕੋੜ੍ਹੀ ਪੁਨੀਤ ਕੀਤੇ ਜਾਂਦੇ ਹਨ ਅਤੇ ਬੋਲੇ ਸੁਣਦੇ ਹਨ ਅਤੇ ਮੁਰਦੇ ਜਿਵਾਏ ਜਾਂਦੇ ਹਨ
ਅਤੇ ਗਰੀਬਾਂ ਨੂੰ ਮੰਗਲ ਸਮਾਚਾਰ ਸੁਣਾਇਆ ਜਾਂਦਾ ਹੈ॥੬॥ ਅਤੇ ਧੰਨ ਉਹ ਹੈ ਜੋ ਮੇਰੇ ਕ
ਰਨ ਠੋਕਰ ਨਾ ਖਾਵੇ॥ ੭॥ ਅਤੇ ਜਾਂ ਓਹ ਤੁਰ ਪਏ ਤਾਂ ਯਿਸੂ ਯੂਹੱਨਾ ਦੀ ਬਾਬਤ ਲੋਕਾਂ ਨੂੰ ਕਹਿ-
ਣ ਲੱਗਾ ਜੋ ਤੁਸੀਂ ਜੰਗਲ ਵਿੱਚ ਕੀ ਵੇਖਣ ਨਿੱਕਲੇ ਸਓ। ਕਿਆ ਇੱਕ ਕਾਨੇ ਨੂੰ ਜਿਹੜਾ ਵਾਉ
ਨਾਲ ਹਿੱਲਦਾ ਹੈ॥੮॥ ਫੇਰ ਤੁਸੀਂ ਕੀ ਵੇਖਣ ਨਿੱਕਲੇ ਸਓ। ਕਿਆ ਮਹੀਨ ਬਸਤ੍ਰ ਪਹਿਨੇ ਹੋਏ
ਇੱਕ ਮਨੁੱਖ ਨੂੰ। ਵੇਖੋ ਓਹ ਜੋ ਜਹੜੇ ਮਹੀਨ ਬਸਤ੍ਰ ਪਹਿਨਦੇ ਹਨ ਰਾਜਿਆਂ ਦੇ ਮਹੱਲਾਂ ਵਿੱਚ ਹਨ
॥੯॥ ਫੇਰ ਤੁਸੀਂ ਕਾਹਨੂੰ ਨਿੱਕਲੇ ਸਓ। ਕਿਆ ਇੱਕ ਪਿਕੰਬਰ ਦੇ ਵੇਖਣ ਨੂੰ। ਹਾਂ ਮੈਂ ਤੁਹਾਨੂੰ ਆ-
ਖਦਾ ਹਾਂ ਸਗੋਂ ਪਿਕੰਬਰ ਨਾਲੋਂ ਬੀ ਵੱਡਾ॥੧੦॥ ਇਹ ਉਹੋ ਹੈ ਜਿਹ ਦੇ ਹੱਕ ਵਿੱਚ ਲਿਖਿਆ ਹੋਇਆ
ਹੈ ਭੁਈ ਵੇਖ ਮੈਂ ਆਪਣਾ ਰਸੂਲ ਤੇਰੇ ਅੱਗੇ ਭੇਜਦਾ ਹਾਂ ਜਿਹੜਾ ਤੇਰੇ ਅੱਗੇ ਤੇਰਾ ਰਾਹ ਬਣਾਊ
॥੧੧॥ ਮੈਂ ਤੁਹਾਨੂੰ ਸੱਤ ਆਖਦਾ ਹਾਂ ਭੁਈ ਜੇਹੜੇ ਤੀਮੀਆਂ ਥੋਂ ਜੰਮੇ ਉਨਾਂ ਵਿੱਚੋਂ ਯੂਹੱਨਾ ਬਪਤਿ-
ਸਮਾ ਦੇਣਵਾਲੇ ਨਾਲੋਂ ਵੱਡਾ ਕੋਈ ਬੀ ਨਾ ਉੱਠਿਆ ਪਰ ਜੋ ਸੁਰਗ ਦੇ ਰਾਜ ਵਿੱਚ ਛੋਟਾ ਹੈ ਸੋ ਉਸ ਥੋਂ
ਵੱਡਾ ਹੈ॥੧੨॥ ਅਤੇ ਯੂਹੱਨਾ ਬਪਤਿਸਮਾ ਦੇਣਵਾਲੇ ਦੇ ਦਿਨਾਂ ਥੋਂ ਹੁਣ ਤੋੜੀ ਸੁਰਗ ਦੇ ਰਾਜ ਪੁਰ
ਜੋਰ ਮਾਰਿਆ ਜਾਂਦਾ ਹੈ ਅਤੇ ਜੋਰ ਮਾਰਨਵਾਲੇ ਉਸ ਨੂੰ ਖੋਹ ਲੈਂਦੇ ਹਨ॥੧੩॥ ਕਿਉਂ ਜੋ ਸਾਰੇ ਪਿ-
ਕੰਬਰ ਅਤੇ ਤੌਰੇਤ ਯੂਹੱਨਾ ਤੀਕੁਰ ਅਗੰਮਵਾਕ ਕਰਦੇ ਸਨ॥੧੪॥ ਅਤੇ ਆਉਣਵਾਲਾ ਇ-

Original with:
Language Department, Punjab
Digitized by:
Panjab Digital Library

ਲੀਆਸ ਇਹੋ ਹੈ ਚਾਹੋ ਤਾਂ ਮੰਨੋ ॥੧੫॥ ਜਿਹ ਦੇ ਸੁਣਨ ਦੇ ਕੰਨ ਹੋਣ ਸੋ ਸੁਣੇ ॥੧੬॥ ਪਰ ਮੈਂ ਇਸ
ਪੀੜੀ ਦੇ ਲੋਕਾਂ ਨੂੰ ਕਿਹ ਦੇ ਵਰਗਾ ਦੱਸਾਂ। ਏਹ ਉਨਾਂ ਨੀਂਗਾਰਾਂ ਵਰਗੇ ਹਨ ਜੇਹੜੇ ਬਜ਼ਾਰਾਂ ਵਿੱਚ
ਬੈਠੇ ਆਪਣੇ ਸਾਥੀਆਂ ਨੂੰ ਅਵਾਜ਼ ਮਾਰਕੇ ਆਖਦੇ ਹਨ ॥੧੭॥ ਭਈ ਅਸਾਂ ਤੁਹਾਡੇ ਲਈ ਬੰਸ-
ਰੀ ਬਜਾਈ ਪਰ ਤੁਸੀਂ ਨਾ ਨੱਚੇ। ਅਸਾਂ ਸਿਆਪਾ ਕੀਤਾ ਪਰ ਤੁਸੀਂ ਨਾ ਪਿੱਟੇ ॥੧੮॥ ਕਿਉਂ ਜੋ ਯੂਹੰਨ
ਨਾ ਖਾਂਦਾ ਨਾ ਪੀਂਦਾ ਆਇਆ ਅਤੇ ਆਖਦੇ ਹਨ ਜੋ ਉਹ ਦੇ ਨਾਲ ਇੱਕ ਭੂਤ ਹੈ ॥੧੯॥ ਮਨੁੱਖ
ਦਾ ਪੁੱਤ ਖਾਂਦਾ ਪੀਂਦਾ ਆਇਆ ਅਤੇ ਆਖਦੇ ਹਨ ਵੇਖੋ ਇੱਕ ਖਾਊ ਅਤੇ ਸਰਾਬੀ ਮਨੁੱਖ ਮ-
ਸੂਲੀਆਂ ਅਰ ਪਾਪੀਆਂ ਦਾ ਯਾਰ। ਅਤੇ ਗਿਆਨ ਆਪਣੇ ਕਰਮਾਂ ਥੋਂ ਸੱਚਾ ਠਹਿਰਿਆ ॥

॥੨੦॥ ਤਦ ਉਹ ਉਨਾਂ ਨਗਰਾਂ ਨੂੰ ਜਿਨਾਂ ਵਿੱਚ ਉਹ ਦੀਆਂ ਬਹੁਤੀਆਂ ਕਰਾਮਾਤਾਂ
ਵਿਖਾਈਆਂ ਗਈਆਂ ਸੀਆਂ ਉਲਾਂਭਾ ਦੇਣ ਲੱਗਾ ਜੋ ਉਨਾਂ ਨੇ ਤੋਬਾ ਨਹੀਂ ਸੀ ਕੀਤੀ ॥੨੧॥
ਹਾਇ ਤੈ ਨੂੰ ਖੁਰਾਜੀਨ ਹਾਇ ਤੈ ਨੂੰ ਬੈਤਸੈਦਾ। ਕਿਉਂਕਿ ਜੇਹੜੀਆਂ ਕਰਾਮਾਤਾਂ ਤੁਹਾਡੇ ਵਿੱਚ ਵਿ-
ਖਾਈਆਂ ਗਈਆਂ ਜੇ ਸੂਰ ਅਤੇ ਸੈਦਾ ਵਿੱਚ ਵਿਖਾਈਆਂ ਜਾਂਦੀਆਂ ਤਾਂ ਓਹ ਤੱਪੜ ਪਹਿਨ
ਕੇ ਅਤੇ ਸੁਆਹ ਵਿੱਚ ਬੈਠਕੇ ਕਦੀ ਦੇ ਤੋਬਾ ਕਰ ਲੈਂਦੇ ॥੨੨॥ ਪਰ ਮੈਂ ਤੁਹਾਨੂੰ ਆਖਦਾ ਹਾਂ
ਜੋ ਨਿਆਉਂ ਦੇ ਦਿਨ ਤੁਹਾਡੇ ਨਾਲੋਂ ਸੂਰ ਅਤੇ ਸੈਦਾ ਉੱਤੇ ਨਰਮੀ ਹੋਊ ॥੨੩॥ ਅਤੇ ਹੇ ਕਫ਼ਰ-
ਨਾਹੂਮ ਕੀ ਤੂੰ ਅਕਾਸ ਤੀਕੁਰ ਉੱਚਾ ਕੀਤਾ ਜਾਏਂਗਾ। ਤੂੰ ਸਓਲ ਪਤਾਲ ਤੋੜੀ ਉੱਤਰੇਂਗਾ ਕਿਉਂ
ਕਿ ਜੇਹੜੀਆਂ ਕਰਾਮਾਤਾਂ ਤੇਰੇ ਵਿੱਚ ਵਿਖਾਈਆਂ ਗਈਆਂ ਜੇ ਓਹ ਸਦੂਮ ਵਿੱਚ ਵਿਖਾਈ-

Original with:
Language Department Punjab
Digitized by:
Panjab Digital Library

ਆਂ ਜਾਂਦੀਆਂ ਤਾਂ ਉਹ ਅੱਜ ਤਾਈਂ ਬਣਿਆ ਰਹਿੰਦਾ ॥੨੪॥ ਪਰ ਮੈਂ ਤੁਹਾ ਨੂੰ ਆਖਦਾ ਹਾਂ
ਭਈ ਨਿਆਉਂ ਦੇ ਦਿਨ ਤੇਰੇ ਨਾਲੋਂ ਸਦੂਮ ਦੇਸ ਦੇ ਉੱਤੇ ਨਰਮੀ ਹੋਊ ॥ ॥੨੫॥ ਉ
ਸ ਵੇਲੇ ਯਿਸੂ ਨੇ ਅੱਗੋਂ ਆਖਿਆ ਹੇ ਪਿਤਾ ਅਕਾਸ ਅਤੇ ਧਰਤੀ ਦੇ ਮਾਲਕ ਮੈਂ ਤੇਰੀ ਵ-
ਡਿਆਈ ਕਰਦਾ ਹਾਂ ਜੋ ਤੈਂ ਇਨਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਥੋਂ ਗੁਪਤ ਰੱਖਿ-
ਆ ਅਤੇ ਉਨਾਂ ਨੂੰ ਇਆਣਿਆਂ ਉੱਤੇ ਪਰਗਟ ਕੀਤਾ ॥੨੬॥ ਹਾਂ ਹੇ ਪਿਤਾ ਕਿਉਂ ਜੋ ਤੈਂ ਨੂੰ ਇ
ਹੋ ਚੰਗਾ ਮਲੂਮ ਹੋਇਆ ॥੨੭॥ ਸਭ ਕੁਛ ਮੇਰੇ ਪਿਤਾ ਨੇ ਮੈਂ ਨੂੰ ਸੌਂਪਿਆ ਹੋਇਆ ਹੈ ਅ
ਤੇ ਪੁਤ ਨੂੰ ਕੋਈ ਨਹੀਂ ਜਾਣਦਾ ਅਪਰ ਪਿਤਾ ਅਤੇ ਨਾ ਕੋਈ ਪਿਤਾ ਨੂੰ ਜਾਣਦਾ ਹੈ ਅਪਰ ਪੁਤ
ਅਤੇ ਉਹ ਕਿ ਜਿਸ ਉੱਤੇ ਪੁਤ ਉਹ ਨੂੰ ਪਰਗਟ ਕੀਤਾ ਚਾਹੇ ॥੨੮॥ ਹੇ ਸਾਰੇ ਥੱਕੇ ਹੋਇਓ ਅਤੇ ਭ
ਰਵਾਲਿਓ ਮੇਰੇ ਕੋਲ ਆਓ ਤਾਂ ਮੈਂ ਤੁਹਾ ਨੂੰ ਅਰਾਮ ਦਿਆਂਗਾ ॥੨੯॥ ਮੇਰਾ ਜੂਲਾ ਆਪਣੇ
ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗਰੀਬ ਹਾਂ ਅਤੇ ਤੁਸੀਂ ਆਪ
ਣਿਆਂ ਜੀਆਂ ਵਿੱਚ ਅਰਾਮ ਪਾਓਗੇ ॥੩੦॥ ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ
ਹਲਕਾ ਹੈ ॥

੧੨ ਕਾਂਡ ॥

ਉਸ ਵੇਲੇ ਯਿਸੂ ਸਬਤ ਦੇ ਦਿਨ ਖੇਤਾਂ ਵਿੱਚੋਂ ਦੀ ਲੰਘਿਆ ਅਤੇ ਉਹ ਦੇ ਸਿੱ
ਖ ਭੁੱਖੇ ਹੋ ਕੇ ਸਿੱਟੇ ਤੋੜ ਤੋੜ ਚੱਬਣ ਲੱਗੇ ॥੨॥ ਅਤੇ ਫ਼ਰੀਸੀਆਂ ਨੇ ਵੇਖ
ਕੇ ਉਹ ਨੂੰ ਕਿਹਾ ਵੇਖ ਤੇਰੇ ਸਿੱਖ ਉਹ ਕੰਮ ਕਰਦੇ ਹਨ ਜਿਹੜਾ ਸਬਤ ਦੇ ਦਿਨ ਕਰਨਾ ਜੋਗ ਨ

Original with:
Language Department Punjab
Digitized by:
Panjab Digital Library

ਹੀਂ॥੩॥ਪਰ ਉਸਨੈ ਉਨਾਂ ਨੂੰ ਆਖਿਆ ਭੁਲਾ ਤੁਸਾਂ ਇਹ ਨਹੀਂ ਪੜ੍ਹਿਆ ਭਈ ਦਾਊਦ ਨੈ ਕੀ
ਕੀਤਾ ਜਾਂ ਉਹ ਅਤੇ ਉਹ ਦੇ ਸਾਥੀ ਭੁੱਖੇ ਸਨ॥ ੪॥ ਜੋ ਉਹ ਕਿੱਕਰ ਪਰਮੇਸੁਰ ਦੇ ਘਰ ਵਿੱਚ
ਗਿਆ ਅਤੇ ਭੜਾਵੇ ਦੀਆਂ ਰੋਟੀਆਂ ਖਾਧੀਆਂ ਜੇਹੜੀਆਂ ਉਹ ਨੂੰ ਅਤੇ ਉਹ ਦੇ ਸਾਥੀਆਂ
ਨੂੰ ਖਾਣੀਆਂ ਜੋਗ ਨਹੀਂ ਸੀਆਂ ਪਰ ਨਿਰੇ ਜਾਜਕਾਂ ਨੂੰ ॥੫॥ ਜਾਂ ਤੁਸਾਂ ਤੌਰੇਤ ਵਿੱਚ ਇਹ ਨਹੀਂ ਪ
ੜ੍ਹਿਆ ਭੁਈ ਜਾਜਕ ਸਬਤ ਦੇ ਦਿਨ ਮੰਦਰ ਵਿੱਚ ਸਬਤ ਦਾ ਅਪਮਾਨ ਕਰਕੇ ਬੀ ਨਿਰਦੋਸ
ਹਨ॥੬॥ ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਐੱਥੇ ਮੰਦਰ ਨਾਲੋਂ ਬੀ ਇੱਕ ਵਡਾ ਹੈ॥ ੭॥ ਪਰ ਜੇ ਤੁ
ਸੀਂ ਇਹ ਦਾ ਅਰਥ ਜਾਣਦੇ ਕਿ ਮੈਂ ਬਲਿਦਾਨ ਨੂੰ ਨਹੀਂ ਸਗੋਂ ਦਇਆ ਨੂੰ ਚਾਹੁੰਦਾ ਹਾਂ ਤਾਂ ਨਿਰਦੋ
ਸੀਆਂ ਨੂੰ ਦੋਸੀ ਨਾ ਠਰਾਉਂਦੇ॥ ੮॥ ਕਿਉਂ ਜੋ ਮਨੁੱਖ ਦਾ ਪੁਤ੍ਰ ਸਬਤ ਦੇ ਦਿਨ ਦਾ ਮਾਲਕ ਹੈ॥

॥੯॥ ਅਰ ਉੱਥੋਂ ਤੁਰ ਕੇ ਉਹ ਉਨਾਂ ਦੇ ਸਮਾਜ ਵਿੱਚ ਗਿਆ॥ ੧੦॥ ਅਤੇ ਵੇਖੋ ਇੱਕ ਮਨੁੱਖ ਸੀ
ਜਿਹ ਦਾ ਹੱਥ ਸੁੱਕਾ ਹੋਇਆ ਸੀ। ਅਰ ਉਨਾਂ ਨੈ ਉਹ ਦੇ ਜੁੰਮੇ ਦੋਸ ਲਾਉਣ ਨੂੰ ਸਤ ਇਹ ਕਹਿ ਕੇ ਉ-
ਸ ਨੂੰ ਪੁੱਛਿਆ ਭੁਲਾ ਸਬਤ ਦੇ ਦਿਨ ਚੰਗਾ ਕਰਨਾ ਜੋਗ ਹੈ॥ ੧੧॥ ਅਤੇ ਉਸ ਨੈ ਉਨਾਂ ਨੂੰ ਕਿਹਾ
ਭੁਈ ਤੁਹਾਡੇ ਵਿੱਚੋਂ ਇਹੋ ਜਿਹਾ ਕਿਹੜਾ ਮਨੁੱਖ ਹੈ ਜਿਹ ਦੇ ਕੋਲ ਇੱਕ ਭੇਡੂ ਹੋਵੇ ਅਤੇ ਜੇ ਉਹ ਸਬਤ
ਦੇ ਦਿਨ ਟੋਏ ਵਿੱਚ ਡਿਗ ਪਏ ਤਾਂ ਉਹ ਉਸ ਨੂੰ ਫੜ ਕੇ ਨਾ ਕੱਢੇ॥ ੧੨॥ ਸੋ ਮਨੁੱਖ ਭੇਡੂ ਨਾਲੋਂ ਕਿੰਨਾ ਕੁ
ਉੱਤਮ ਹੈ। ਇਸ ਲਈ ਸਬਤ ਦੇ ਦਿਨ ਭਲਾ ਕਰਨਾ ਜੋਗ ਹੈ॥ ੧੩॥ ਤਦ ਉਸ ਨੈ ਉਸ ਮਨੁੱਖ ਨੂੰ ਆ-
ਖਿਆ ਭੁਈ ਆਪਣਾ ਹੱਥ ਲੀਮਾ ਕਰ ਅਤੇ ਉਸ ਨੈ ਲੀਮਾ ਕੀਤਾ। ਤਾਂ ਉਹ ਦੂਏ ਵਰਗਾ ਫੇਰ ਚੰਗਾ

Original with:
Language Department Punjab
Digitized by:
Panjab Digital Library

ਹੋਰਿਆ॥੧੪॥ਤਦਫਰੀਸੀਆਂਨੈਬਾਹਰਜਾਕੇਉਹਦੇਵਿਰੁੱਧਮਤਾਕੀਤਾਜੋਕਿਸਤਰਾਂਉ-
ਹਦਾਨਾਸਕਰਿਜੇ॥੧੫॥ਪਰਜਿਸੂਇਹਜਾਣਕੇਉੱਥੋਂਤੁਰਪਿਆਅਤੇਬਹੁਤਸਾਰੇਲੋਕਉ-
ਹਦੇਮਗਰਲੱਗਾਤੁਰੇਅਰਉਸਨੈਉਨਾਂਸਭਨਾਂਨੂੰਚੰਗਾਕੀਤਾ॥੧੬॥ਅਤੇਉਨਾਂਨੂੰਤਗੀਦ
ਕੀਤੀਜੋਮੈਨੂੰਉਜਾਗਰਨਾਕਰਨਾ॥੧੭॥ਤਾਂਉਹਬਚਨਜਿਹੜਾਯਸਾਯਾਪੈਕੰਬਰਨੈਆਖਿ-
ਆਸੀਪੂਰਾਹੋਵੇ॥੧੮॥ਕਿ ਵੇਖੋਮੇਰਾ ਬੰਦਾਜਿਹਨੂੰਮੈਂਪਸੰਦਕੀਤਾ।ਮੇਰਾਪਿਆਰਾਜਿਸ ਥੋਂ
ਮੇਰਾਜੀਖਰਸੰਨਹੈ।ਮੈਂਆਪਣਾ ਆਤਮਾਉਸਉੱਤੇਰੱਖਾਂਗਾ ਅਤੇਉਹਪਰਾਈਆਂਕੋਮਾਂਨੂੰ
ਨਿਆਉਂਦੀਖਬਰਕਰੂ॥੧੯॥ਉਹਨਾ ਝਗੜਾਕਰੂਅਤੇਨਾਧੀਮ ਮਚਾਊ ਅਤੇਨਾ ਚੌਂਕਾਂਵਿੱਚ
ਕੋਈਉਹਦੀਅਵਾਜਸੁਣੂ॥੨੦॥ਉਹਜਦਤੀਕੁਰਨਿਆਉਂਨੂੰਜੈਮਾਨਨਾਕਰੇਲਿਤੜੇਹੋਏ
ਕਾਨੇਨੂੰਨਾਤੋੜੂਅਤੇਧੁਖਦੀਹੋਈਸਣਨੂੰਨਾ ਬੁਝਾਊ॥੨੧॥ਅਤੇਉਹ ਦੇਨਾਉਂਪੁਰਪਰਾਈ-
ਆਂਕੋਮਾਂਆਸਰਾਰੱਖਣਗੀਆਂ॥ ॥੨੨॥ਤਦਲੋਕਇੱਕ ਅੰਨਾ ਗੂੰਗਾ ਜਿਹਨੂੰ
ਭੂਤਚਿੰਬੜਿਆਹੋਇਆਸੀਉਹਦੇਕੋਲ੍ਹਲਿਆਏ ਅਤੇਉਸਨੈਉਹਨੂੰ ਅਜਿਹਾ ਚੰਗਾਕੀ-
ਤਾਜੋਗੂੰਗਾ ਬੋਲਣ ਵੇਖਣਲੱਗਾ॥੨੩॥ ਅਤੇ ਸਰਬਲੋਕ ਅਚਰਜਹੋਕੇ ਬੋਲੇ ਭਲਾਇਹੋ
ਦਾਊਦਦਾਪੁਤ੍ਰਨਹੀਂਹੈ॥੨੪॥ਪਰ ਫਰੀਸੀਆਂਨੈ ਸੁਣਕੇਕਿਹਾਜੋਇਹਭੂਤਾਂਦੇਸਰਦਾਰ
ਬਾਲਜਬੂਲਦੀਸਹਾਇਤਾ ਬਿਨਾ ਭੂਤਾਂਨੂੰਨਹੀਂਕੱਢਦਾ॥੨੫॥ਪਰਉਸਨੈਉਨਾਂਦੀਸੋਚ
ਵਿਚਾਰਜਾਣਕੇਉਨਾਂਨੂੰਆਖਿਆਕੁਈਜਿਸਕਿਸੇਰਾਜਵਿੱਚਫੁੱਟਪੈਂਦੀਸੋਵਿਰਾਨਹੋਜਾਂ

Original with:
Language Department Punjab
Digitized by:
Panjab Digital Library

ਦਾਹੈ ਅਤੇ ਜਿਸ ਕਿਸੇ ਨਗਰ ਅਥਵਾ ਘਰ ਵਿੱਚ ਫੁੱਟ ਪੈਂਦੀ ਹੈ ਉਹ ਨਹੀਂ ਠਹਿਰੂ ॥੨੬॥ ਅ
ਤੇ ਜੇ ਸ਼ਤਾਨ ਹੀ ਸ਼ਤਾਨ ਨੂੰ ਕੱਢਦਾ ਹੈ ਤਾਂ ਉਹ ਦੇ ਆਪਣੇ ਆਪ ਵਿੱਚ ਹੀ ਫੁੱਟ ਪੈ ਗਈ ਹੈ। ਫੇਰ
ਉਹ ਦਾ ਰਾਜ ਕਿੱਕੁਰ ਠਹਿਰੂ ॥੨੭॥ ਅਰ ਜੇ ਮੈਂ ਬਾਲਜਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ
ਕੱਢਦਾ ਹਾਂ ਤਾਂ ਤੁਹਾਡੇ ਪੁਤ੍ਰ ਕਿਹ ਦੀ ਸਹਾਇਤਾ ਨਾਲ ਕੱਢਦੇ ਹਨ। ਇਸ ਲਈ ਤੁਹਾਡਾ ਨਿਆ ੦
ਉਂ ਕਰਨ ਵਾਲੇ ਓਹੋ ਹੋਣਗੇ ॥੨੮॥ ਪਰ ਜੇ ਮੈਂ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂ-
ਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ ॥੨੯॥ ਅਥਵਾ ਕੋਈ
ਕਿਸੇ ਜੋਰਾਵਰ ਦੇ ਘਰ ਵਿੱਚ ਵੜ ਕੇ ਉਹ ਦਾ ਅਸਬਾਬ ਕਿੱਕੁਰ ਲੁੱਟ ਸੱਕਦਾ ਹੈ ਜੇ ਪਹਿਲਾਂ ਉ-
ਸ ਜੋਰਾਵਰ ਨੂੰ ਬੰਨ ਨਾ ਲਵੇ। ਤਾਂ ਉਹ ਦਾ ਘਰ ਲੁੱਟੇਗਾ ॥੩੦॥ ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱ
ਧ ਹੈ ਅਤੇ ਜੋ ਮੇਰੇ ਸੰਗ ਕੱਠਾ ਨਹੀਂ ਕਰਦਾ ਸੋ ਖਿੰਡਾਉਂਦਾ ਹੈ ॥੩੧॥ ਇਸ ਲਈ ਮੈਂ ਤੁਹਾ ਨੂੰ ਆ
ਖਦਾ ਹਾਂ ਜੋ ਹਰੇਕ ਪਾਪ ਅਤੇ ਕੁਫਰ ਮਨੁੱਖਾਂ ਨੂੰ ਮਾਫ ਕੀਤਾ ਜਾਊ ਪਰ ਉਹ ਕੁਫਰ ਜਿਹੜਾ ਆ-
ਤਮਾ ਦੇ ਹੱਕ ਵਿੱਚ ਹੋਵੇ ਮਾਫ ਨਹੀਂ ਕੀਤਾ ਜਾਊ ॥੩੨॥ ਅਤੇ ਜੋ ਕੋਈ ਮਨੁੱਖ ਦੇ ਪੁਤ੍ਰ ਦੇ ਵਿਰੁੱਧ
ਬਚਨ ਕਰੇ ਉਹ ਨੂੰ ਮਾਫ ਕੀਤਾ ਜਾਊ ਪਰ ਜੋ ਕੋਈ ਪਵਿਤ੍ਰ ਆਤਮਾ ਦੇ ਵਿਰੁੱਧ ਬਚਨ ਕਰੇ ਇਹ
ਉਸ ਨੂੰ ਨਾ ਲੋਕ ਨਾ ਪਰਲੋਕ ਵਿੱਚ ਮਾਫ ਕੀਤਾ ਜਾਊ ॥੩੩॥ ਰੁੱਖ ਨੂੰ ਚੰਗਾ ਠਰਾਓ ਅਤੇ ਉਹ ਦੇ
ਫਲ ਨੂੰ ਚੰਗਾ। ਅਥਵਾ ਰੁੱਖ ਨੂੰ ਮੰਦਾ ਠਰਾਓ ਅਤੇ ਉਹ ਦੇ ਫਲ ਨੂੰ ਮੰਦਾ। ਕਿਉਂ ਜੋ ਰੁੱਖ ਆਪਣੇ
ਫਲ ਹੀ ਪਛਾਣਿਆ ਜਾਂਦਾ ਹੈ ॥੩੪॥ ਹੇ ਸੱਪਾਂ ਦੇ ਬੱਚਿਓ ਤੁਸੀਂ ਬੁਰੇ ਹੋ ਕੇ ਚੰਗੀਆਂ ਗੱਲਾਂ ਕਿੱ-

Original wi
Language Department Punjab
Digitized by:
Panjab Digital Library

ਕੁਰ ਕਰ ਸੱਕਦੇ ਹੋ। ਕਿਉਂਕਿ ਜੋ ਮਨ ਵਿੱਚ ਭਰਿਆ ਹੋਇਆ ਹੈ ਉਹੋ ਮੂੰਹ ਉੱਤੇ ਆਉਂਦਾ ਹੈ।। ੩੫ ।। ਅੱਛਾ ਮਨੁੱਖ ਅੱਛੇ ਖਜ਼ਾਨੇ ਵਿੱਚੋਂ ਅੱਛੀਆਂ ਗੱਲਾਂ ਕੱਢਦਾ ਹੈ ਅਤੇ ਬੁਰਾ ਮਨੁੱਖ ਬੁਰੇ ਖਜ਼ਾਨੇ ਵਿੱਚੋਂ ਬੁਰੀਆਂ ਗੱਲਾਂ ਕੱਢਦਾ ਹੈ।। ੩੬।। ਪਰ ਮੈਂ ਤੁਹਾ ਨੂੰ ਆਖਦਾ ਹਾਂ ਕੁਈ ਮਨੁੱਖ ਹਰੇਕ ਅਕਾਰਥ ਗੱਲ ਜੋ ਬੋਲਣ ਨਿਆਉਂ ਦੇ ਦਿਨ ਉਹ ਦਾ ਹਿਸਾਬ ਦੇਣਗੇ।। ੩੭।। ਇਸ ਲਈ ਜੋ ਤੂੰ ਆਪਣੀਆਂ ਗੱਲਾਂ ਥੋਂ ਸੱਚਾ ਅਤੇ ਆਪਣੀਆਂ ਗੱਲਾਂ ਥੋਂ ਝੂਠਾ ਠਰਾਇਆ ਜਾਏਂਗਾ।।

।। ੩੮।। ਤਦ ਕਿੰਨੇ ਗ੍ਰੰਥੀਆਂ ਅਤੇ ਫਰੀਸੀਆਂ ਨੇ ਅੱਗੋਂ ਆਖਿਆ ਗੁਰੂ ਜੀ ਅਸੀਂ ਤੈਂ ਥੋਂ ਕੋਈ ਨਿਸਾਨੀ ਵੇਖਣੀ ਚਾਹੁੰਦੇ ਹਾਂ।। ੩੯।। ਪਰ ਉਸ ਨੇ ਉਨਾਂ ਨੂੰ ਉੱਤਰ ਦਿੱਤਾ ਕਿ ਇਸ ਪੀੜ੍ਹੀ ਦੇ ਬੁਰੇ ਅਤੇ ਹਰਾਮਕਾਰ ਲੋਕ ਨਿਸਾਨੀ ਚਾਹੁੰਦੇ ਹਨ ਪਰ ਯੂਨਸ ਪਿਕੰਬਰ ਦੀ ਨਿਸਾਨੀ ਬਿਨਾ ਕੋਈ ਹੋਰ ਨਿਸਾਨੀ ਉਨਾਂ ਨੂੰ ਦਿੱਤੀ ਨਾ ਜਾਊਗੀ।। ੪੦।। ਕਿਉਂਕਿ ਜਿਸ ਤਰਾਂ ਯੂਨਸ ਤਿੰਨ ਦਿਨ ਤੇ ਤਿੰਨ ਰਾਤ ਮੱਛੀ ਦੇ ਪੇਟ ਵਿੱਚ ਸੀ ਉਸੇ ਤਰਾਂ ਮਨੁੱਖ ਦਾ ਪੁਤ੍ਰ ਤਿੰਨ ਦਿਨ ਅਤੇ ਤਿੰਨ ਰਾਤ ਧਰਤੀ ਦੇ ਅੰਦਰ ਹੋਊਗਾ।। ੪੧।। ਨੀਨਵਾਹ ਦੇ ਲੋਕ ਅਦਾਲਤ ਵਿੱਚ ਇਸ ਪੀੜ੍ਹੀ ਦੇ ਲੋਕਾਂ ਨਾਲ ਉੱਠ ਖੜ੍ਹੇ ਹੋਣਗੇ ਅਤੇ ਇਨਾਂ ਨੂੰ ਦੋਸੀ ਠਰਾਉਣਗੇ ਕਿਉਂ ਜੋ ਉਨਾਂ ਨੇ ਯੂਨਸ ਦੀ ਮਨਾਦੀ ਸੁਣਕੇ ਤੋਬਾ ਕੀਤੀ ਅਤੇ ਵੇਖੋ ਐੱਥੇ ਯੂਨਸ ਨਾਲੋਂ ਬੀ ਇੱਕ ਵੱਡਾ ਹੈ।। ੪੨।। ਦੱਖਣ ਦੀ ਰਾਣੀ ਅਦਾਲਤ ਵਿੱਚ ਇਸ ਪੀੜ੍ਹੀ ਦੇ ਲੋਕਾਂ ਨਾਲ ਉੱਠੂਗੀ ਅਤੇ ਇਨਾਂ ਨੂੰ ਦੋਸੀ ਠਰਾਊਗੀ ਕਿਉਂ ਜੋ ਉਹ ਧਰਤੀ ਦੀ ਹੱਦੋਂ ਸੁਲੇਮਾਨ ਦਾ ਗਿਆਨ ਸੁਣਨ ਆਈ ਅਤੇ ਵੇਖੋ ਐੱਥੇ ਸੁਲੇਮਾਨ ਨਾਲੋਂ ਬੀ ਇੱਕ ਵੱਡਾ ਹੈ

Original with:
Language Department Punjab
Digitized by:
Panjab Digital Library

॥੪੩॥ਪਰ ਜਾਂ ਕ੍ਰਿਸਟ ਆਤਮਾ ਮਨੁੱਖ ਥੋਂ ਨਿੱਕਲ ਗਿਆ ਹੋਵੇ ਤਾਂ ਸੁੱਕਿਆਂ ਥਾਂਵਾਂ ਵਿੱਚ ਆ-
ਰਾਮ ਢੂੰਢਦਾ ਫਿਰਦਾ ਹੈ ਪਰ ਨਹੀਂ ਲੱਭਦਾ॥੪੪॥ਤਦ ਆਖਦਾ ਹੈ ਭਈ ਮੈਂ ਆਪਣੇ ਘਰ ਜਿੱ-
ਥੋਂ ਨਿੱਕਲਿਆ ਸੀ ਮੁੜ ਜਾਵਾਂਗਾ ਅਤੇ ਆਣਕੇ ਉਹ ਨੂੰ ਵਿਹਲਾ ਅਤੇ ਝਾੜਿਆ ਸੁਆਰਿਆ
ਹੋਇਆ ਵੇਖਦਾ ਹੈ॥੪੫॥ਤਦ ਉਹ ਜਾਕੇ ਹੋਰ ਸੱਤ ਆਤਮੇ ਆਪਣੇ ਨਾਲੋਂ ਬੀ ਭੈੜੇ ਸੰਗ ਲਿ-
ਆਉਂਦਾ ਹੈ ਅਤੇ ਓਹ ਅੰਦਰ ਵੜਕੇ ਉੱਥੇ ਵਸਦੇ ਹਨ।ਤਾਂ ਉਸ ਮਨੁੱਖ ਦਾ ਪਿੱਛਲਾ ਹਾਲ ਪ-
ਹਿਲੇ ਨਾਲੋਂ ਬੁਰਾ ਹੁੰਦਾ ਹੈ।ਇਸ ਬੁਰੀ ਪੀੜ੍ਹੀ ਦੇ ਲੋਕਾਂ ਦਾ ਬੀ ਠੀਕ ਇਹੋ ਜਿਹਾ ਹਾਲ ਹੋਊਗਾ॥

॥੪੬॥ਉਹ ਦੇ ਲੋਕਾਂ ਨਾਲ ਅਜੇ ਗੱਲ ਕਰਦਿਆਂ ਹੀ ਵੇਖੋ ਉਹ ਦੀ ਮਾਂ ਅਤੇ ਭਾਈ
ਬਾਹਰ ਖੜੇ ਉਸ ਨਾਲ ਬਾਤ ਕਰਨੀ ਚਾਹੁੰਦੇ ਸਨ॥੪੭॥ਤਦ ਕਿਨੇ ਉਸ ਨੂੰ ਆਖਿਆ ਵੇਖ
ਤੇਰੀ ਮਾਂ ਅਤੇ ਤੇਰੇ ਭਾਈ ਬਾਹਰ ਖੜੇ ਤੇਰੇ ਨਾਲ ਬਾਤ ਕਰਨੀ ਚਾਹੁੰਦੇ ਹਨ॥੪੮॥ਪਰ ਉਹ ਨੇ
ਆਖਣਵਾਲੇ ਨੂੰ ਉੱਤਰ ਦਿੱਤਾ ਕੌਣ ਹੈ ਮੇਰੀ ਮਾਂ ਅਤੇ ਕੌਣ ਮੇਰੇ ਭਾਈ॥੪੯॥ਅਤੇ ਆਪ-
ਣੇ ਸਿੱਖਾਂ ਦੀ ਵਲ ਆਪਣਾ ਹੱਥ ਪਸਾਰਕੇ ਕਿਹਾ ਵੇਖੋ ਮੇਰੀ ਮਾਂ ਅਤੇ ਮੇਰੇ ਭਾਈ॥੫੦॥ਕਿ-
ਉਕਿ ਜੋ ਕੋਈ ਮੇਰੇ ਪਿਤਾ ਦੀ ਮਰਜੀ ਉੱਤੇ ਜਿਹੜਾ ਸੁਰਗ ਵਿੱਚ ਹੈ ਚੱਲਦਾ ਹੈ ਸੋਈ ਮੇਰਾ ਭ
ਈ ਅਤੇ ਭੈਣ ਅਤੇ ਮਾਂ ਹੈ॥

੧੩ਕਾਂਡ॥ ਉਸੇ ਦਿਨ ਯਿਸੂ ਘਰੋਂ ਨਿੱਕਲਕੇ ਦਰਿਆਉ ਦੇ ਨੇੜੇ ਜਾ ਬੈਠਾ॥੨॥ਅਤੇ ਅ
ਤੀ ਭੀੜ ਉਹ ਦੇ ਕੋਲ ਲੱਗ ਗਈ ਜੋ ਉਹ ਬੇੜੀ ਪੁਰ ਚੜ੍ਹ ਬੈਠਾ ਅਤੇ ਸਾਰੀ ਭੀ

Original with
Language Department Punjab
Digitized by:
Panjab Digital Library

ਨਕੰਢੇ ਉੱਤੇ ਖੜੀ ਰਹੀ ॥ ੩ ॥ ਅਤੇ ਉਸ ਨੇ ਉਨਾਂ ਨੂੰ ਬਹੁਤ ਸਾਰੀਆਂ ਗੱਲਾਂ ਦ੍ਰਿਸ਼ਟਾਂਤਾਂ ਵਿੱਚ ਕਹੀ-
ਆਂ ਕਿ ਵੇਖੋ ਇੱਕ ਬੀਜਣ ਵਾਲਾ ਬੀਜਣ ਨੂੰ ਨਿੱਕਲਿਆ ॥ ੪ ॥ ਅਤੇ ਉਹ ਦੇ ਬੀਜਦਿਆਂ ਕੁਝ ਪਏ
ਵਲ ਕਿ ਰਿਪਿਆ ਅਤੇ ਪੰਛੀ ਆਣਕੇ ਉਹ ਨੂੰ ਚੁਗ ਗਏ ॥ ੫ ॥ ਅਤੇ ਕੁਝ ਪਥਰੈਲੀ ਜਮੀਨ ਵਿੱਚ
ਕਿਰਿਆ ਜਿੱਥੇ ਉਹ ਨੂੰ ਬਹੁਤੀ ਮਿੱਟੀ ਨਾ ਮਿਲੀ ਅਰ ਦਲਦਾਰ ਮਿੱਟੀ ਨਾ ਮਿਲਣ ਕਰਕੇ ਉਹ ਛੇਤੀ
ਉਗ ਪਿਆ ॥ ੬ ॥ ਪਰ ਜਾਂ ਸੂਰਜ ਚੜਿਆ ਤਾਂ ਕੁਮਲਾ ਗਿਆ ਅਤੇ ਜੜ ਨਾ ਫੜਨ ਦੇ ਕਾਰਨ ਸੁੱਕ
ਗਿਆ ॥ ੭ ॥ ਅਤੇ ਕੁਝ ਕੰਡਿਆਲਿਆਂ ਵਿੱਚ ਕਿਰਿਆ ਅਤੇ ਕੰਡਿਆਲਿਆਂ ਨੇ ਵਧਕੇ ਉਹ ਨੂੰ
ਦਬਾ ਲਿਆ ॥ ੮ ॥ ਅਤੇ ਕੁਝ ਚੰਗੀ ਜਮੀਨ ਵਿੱਚ ਕਿਰਿਆ ਅਤੇ ਫਲਿਆ ਕੁਝ ਸੌ ਗੁਣਾ ਕੁਝ
ਸੱਠ ਗੁਣਾ ਕੁਝ ਤੀਹ ਗੁਣਾ ॥ ੯ ॥ ਜਿਹ ਦੇ ਕੰਨ ਹੋਣ ਸੋ ਸੁਣੇ ॥ ॥ ੧੦ ॥ ਅਤੇ ਸਿੱਖਾਂ ਨੇ ਨੇ
ੜੇ ਆਣਕੇ ਉਹ ਨੂੰ ਕਿਹਾ ਤੂੰ ਉਨਾਂ ਨਾਲ ਦ੍ਰਿਸ਼ਟਾਂਤਾਂ ਵਿੱਚ ਕਿਉ ਗੱਲਾਂ ਕਰਦਾ ਹੈਂ ॥ ੧੧ ॥ ਅਤੇ ਉਸ
ਨੇ ਉਨਾਂ ਨੂੰ ਉੱਤਰ ਦਿੱਤਾ ਕਿ ਸੁਰਗ ਦੇ ਰਾਜ ਦੇ ਭੇਤਾਂ ਦੀ ਸਮਝ ਤੁਹਾ ਨੂੰ ਦਿੱਤੀ ਗਈ ਪਰ ਉਨਾਂ ਨੂੰ
ਨਹੀਂ ਦਿੱਤੀ ਗਈ ਹੈ ॥ ੧੨ ॥ ਕਿਉਕਿ ਜਿਹ ਦੇ ਕੋਲ ਹੈ ਉਹ ਨੂੰ ਦਿੱਤਾ ਜਾਊਗਾ ਅਤੇ ਵਾਧਾ ਹੋ
ਊ ਪਰ ਜਿਹ ਦੇ ਕੋਲ ਨਹੀਂ ਹੈ ਉਸ ਥੋਂ ਜੋ ਕੁਝ ਹੈ ਸੋ ਭੀ ਲੈ ਲਿਆ ਜਾਊਗਾ ॥ ੧੩ ॥ ਮੈਂ ਇਸ
ਲਈ ਉਨਾਂ ਨਾਲ ਦ੍ਰਿਸ਼ਟਾਂਤਾਂ ਵਿੱਚ ਗੱਲਾਂ ਕਰਦਾ ਹਾਂ ਕਿ ਓਹ ਵੇਖਦੇ ਹੋਏ ਨਹੀਂ ਵੇਖਦੇ ਅਤੇ
ਸੁਣਦੇ ਹੋਏ ਨਹੀਂ ਸੁਣਦੇ ਅਤੇ ਨਹੀਂ ਸਮਝਦੇ ॥ ੧੪ ॥ ਅਰ ਉਨਾਂ ਉੱਤੇ ਯਸਾਯਾਹ ਦਾ ਇਹ
ਅਰੀਮ ਵਾਕ ਪੂਰਾ ਹੋਇਆ ਜੋ ਤੁਸੀਂ ਕੰਨਾਂ ਨਾਲ ਸੁਣੋਗੇ ਪਰ ਮੂਲੇਂ ਨਾ ਸਮਝੋਗੇ ਅਤੇ ਵੇਖਦੇ

Original with:
Language Department Punjab
Digitized by:
Panjab Digital Library

ਹੋਏ ਵੇਖੋਗੇ ਪਰ ਦ੍ਰਿਸਟ ਤੁਹਾਨੂੰ ਮੂਲੇਂ ਨਹੀਂ ਆਊਗੀ ॥੧੫॥ ਕਿਉਂ ਜੋ ਇਨਾਂ ਲੋਕਾਂ ਦਾ ਮਨ ਮੋਟਾ
ਹੋਇਆ ਹੈ ਅਤੇ ਕੰਨਾਂ ਨਾਲ ਉੱਚਾ ਸੁਣਦੇ ਹਨ ਅਤੇ ਇਨਾਂ ਨੇ ਆਪਣੀਆਂ ਅੱਖਾਂ ਮੀਟ ਲਈਆਂ
ਹਨ ਤਾਂ ਕਿਤੇ ਐਉਂ ਨਾ ਹੋਵੇ ਜੋ ਅੱਖਾਂ ਨਾਲ ਵੇਖਣ ਅਤੇ ਕੰਨਾਂ ਨਾਲ ਸੁਣਨ ਅਤੇ ਮਨ ਨਾਲ ਸਮ
ਝਣ ਅਤੇ ਮੁੜ ਆਉਣ ਅਤੇ ਮੈਂ ਇਨਾਂ ਨੂੰ ਚੰਗਾ ਕਰਾਂ ॥੧੬॥ ਪਰ ਧੰਨ ਤੁਹਾਡੀਆਂ ਅੱਖੀਆਂ
ਜੋ ਓਹ ਵੇਖਦੀਆਂ ਹਨ ਅਤੇ ਤੁਹਾਡੇ ਕੰਨ ਜੋ ਓਹ ਸੁਣਦੇ ਹਨ ॥੧੭॥ ਕਿਉਂ ਕਿ ਮੈਂ ਤੁਹਾਨੂੰ ਸੱਤਮ
ਖਦਾ ਹਾਂ ਕਿ ਬਥੇਰੇ ਪਿਕੰਬਰ ਅਤੇ ਧਰਮੀ ਚਾਹ ਕਰਦੇ ਸਨ ਭਈ ਜੋ ਕੁਛ ਤੁਸੀਂ ਵੇਖਦੇ ਹੋ ਸੋ ਵੇਖ
ਣ ਪਰ ਨਾ ਵੇਖਿਆ ਅਤੇ ਜੋ ਕੁਛ ਤੁਸੀਂ ਸੁਣਦੇ ਹੋ ਸੋ ਸੁਣਨ ਪਰ ਨਾ ਸੁਣਿਆ ॥੧੮॥ ਸੋ ਤੁਸੀਂ ਥੀ
ਜਣ ਵਾਲੇ ਦਾ ਦ੍ਰਿਸਟਾਂਤ ਸੁਣੋ ॥੧੯॥ ਹਰ ਕੋਈ ਜੋ ਰਾਜ ਦਾ ਬਚਨ ਸੁਣਦਾ ਹੈ ਪਰ ਨਹੀਂ ਸਮਝਦਾ
ਸੋ ਉਹਦੇ ਮਨ ਵਿੱਚ ਜੋ ਕੁਛ ਬੀਜਿਆ ਹੋਇਆ ਹੈ ਦੁਸਟ ਆਣ ਕੇ ਉਹ ਨੂੰ ਖੋਹ ਲੈਂਦਾ ਹੈ। ਇਹ ਉਹ
ਹੈ ਜਿਹੜਾ ਪਹੇ ਵਲ ਬੀਜਿਆ ਗਿਆ ਸੀ ॥੨੦॥ ਅਤੇ ਜਿਹੜਾ ਪਥਰੈਲੀ ਜ਼ਮੀਨ ਵਿੱਚ ਬੀਜਿਆ
ਗਿਆ ਸੋ ਉਹ ਹੈ ਜੋ ਬਚਨ ਸੁਣ ਕੇ ਝੱਟ ਖ਼ੁਸੀ ਨਾਲ ਉਹ ਨੂੰ ਮੰਨ ਲੈਂਦਾ ਹੈ ॥੨੧॥ ਪਰ ਆਪਣੇ ਵਿੱਚ
ਜੜ੍ਹ ਨਹੀਂ ਰੱਖਦਾ ਹੈ। ਤਾਂ ਬੀ ਥੋੜ੍ਹਾ ਚਿਰ ਰਹਿੰਦਾ ਹੈ ਪਰ ਜਾਂ ਬਚਨ ਦੇ ਕਾਰਨ ਦੁਖ ਵਿੱਚ ਪੈਂਦਾ ਅਥਵ
ਸਤਾਇਆ ਜਾਂਦਾ ਹੈ ਤਾਂ ਉਹ ਝੱਟ ਠੋਕਰ ਖਾਂਦਾ ਹੈ ॥੨੨॥ ਅਤੇ ਜੇਹੜਾ ਕੰਡਿਆਲਿਆਂ ਵਿੱਚ ਬੀਜਿ
ਆ ਗਿਆ ਸੋ ਉਹ ਹੈ ਜੋ ਬਚਨ ਨੂੰ ਸੁਣਦਾ ਹੈ ਪਰ ਇਸ ਜੁਗ ਦੀ ਚਿੰਤਾ ਅਤੇ ਧਨ ਦਾ ਧੋਖਾ ਬਚਨ ਨੂੰ ਦ
ਬਾ ਲੈਂਦਾ ਹੈ ਅਤੇ ਉਹ ਅੱਫਲ ਹੁੰਦਾ ਹੈ ॥੨੩॥ ਪਰ ਜਿਹੜਾ ਚੰਗੀ ਜ਼ਮੀਨ ਵਿੱਚ ਬੀਜਿਆ ਗਿਆ ਸੋ

Original with
Language Department Punjab
Digitized by:
Panjab Digital Library

ਉਹ ਹੈ ਜੋ ਬਚਨ ਨੂੰ ਸੁਣਦਾ ਅਤੇ ਸਮਝਦਾ ਹੈ। ਜੋ ਜ਼ਰੂਰ ਫਲ ਦਿੰਦਾ ਅਤੇ ਕੋਈ ਸੌ ਗੁਣਾ ਕੋਈ ਸੱਠ ਗੁਣਾ ਕੋਈ ਤੀਹ ਗੁਣਾ ਫਲ ਦਾ ਹੈ॥ ॥੨੪॥ ਉਸ ਨੇ ਉਨਾਂ ਨੂੰ ਇੱਕ ਹੋਰ ਦ੍ਰਿਸ਼ਟਾਂਤ ਦੇ ਕੇ ਕਿਹਾ ਭਈ ਸੁਰਗ ਦਾ ਰਾਜ ਇੱਕ ਮਨੁੱਖ ਵਰਗਾ ਹੈ ਜਿਹ ਨੇ ਆਪਣੇ ਖੇਤ ਵਿੱਚ ਅੱਛਾ ਬੀ ਉ ਬੀਜਿਆ॥੨੫॥ ਪਰ ਜਦ ਲੋਕ ਸੌਂ ਰਹੇ ਸਨ ਤਦ ਉਹ ਦਾ ਵੈਰੀ ਆਇਆ ਅਰ ਉਹ ਦੀ ਕਣਕ ਵਿੱਚ ਭੁਗਾਟ ਬੀ ਜ ਗਿਆ॥੨੬॥ ਅਰ ਜਦ ਅੰਗੂਰੀ ਨਿੱਕਲੀ ਅਤੇ ਸਿੱਟੇ ਲੱਗੇ ਤਦ ਭੁ ਗਾਟ ਬੀ ਦਿਸ ਪਿਆ॥੨੭॥ ਤਾਂ ਘਰ ਦੇ ਮਾਲਕ ਦੇ ਚਾਕਰਾਂ ਨੇ ਕੋਲ ਆਣ ਕੇ ਉਹ ਨੂੰ ਆਖਿਆ ਭ ਭਲਾ ਮਹਾਰਾਜ ਤੈਂ ਆਪਣੇ ਖੇਤ ਵਿੱਚ ਅੱਛਾ ਬੀਉ ਨਹੀਂ ਸੀ ਬੀਜਿਆ। ਫੇਰ ਭੁਗਾਟ ਕਿੱਥੋਂ ਆ ਇਆ॥੨੮॥ ਅਤੇ ਉਸ ਨੇ ਉਨਾਂ ਨੂੰ ਆਖਿਆ ਜੋ ਇਹ ਕਿਸੇ ਵੈਰੀ ਦਾ ਕੰਮ ਹੈ। ਅਤੇ ਚਾਕਰਾਂ ਨੇ ਉ ਹ ਨੂੰ ਆਖਿਆ ਜੇ ਮਰਜ਼ੀ ਹੋਵੇ ਤਾਂ ਅਸੀਂ ਜਾ ਕੇ ਉਹ ਨੂੰ ਕੱਠਾ ਕਰਿਯੇ॥੨੯॥ ਪਰ ਉਹ ਨੇ ਕਿਹ ਨਾ ਕਿਤੇ ਐਉਂ ਨਾ ਹੋਵੇ ਜੋ ਤੁਸੀਂ ਭੁਗਾਟ ਨੂੰ ਕੱਠਾ ਕਰਦਿਆਂ ਕਣਕ ਨੂੰ ਬੀ ਨਾਲ ਹੀ ਪੁੱਟ ਲਓ॥ ੩੦॥ ਵਾਢੀ ਤੋੜੀ ਦੋਹਾਂ ਨੂੰ ਰਲੇ ਮਿਲੇ ਵਧਣ ਦਿਓ ਅਰ ਮੈਂ ਵਾਢੀ ਦੇ ਵੇਲੇ ਵੱਢਣ ਵਾਲਿਆਂ ਨੂੰ ਆਖਾਂਗਾ ਜੋ ਪਹਿਲਾਂ ਭੁਗਾਟ ਨੂੰ ਕੱਠਾ ਕਰੋ ਅਤੇ ਫੂਕਣ ਲਈ ਉਹ ਦੇ ਗੱਠੇ ਬੰਨੋ ਪਰ ਕਣਕ ਨੂੰ ਮੇਰੇ ਕੋਠੇ ਵਿੱਚ ਜਮਾ ਕਰੋ॥ ॥੩੧॥ ਉਸ ਨੇ ਉਨਾਂ ਨੂੰ ਇੱਕ ਹੋਰ ਦ੍ਰਿਸ਼ਟਾਂਤ ਦੇ ਕੇ ਕਿਹਾ ਭਈ ਸੁਰਗ ਦਾ ਰਾਜ ਰਾਈ ਦੇ ਇੱਕ ਦਾਣੇ ਵਰਗਾ ਹੈ ਜਿਹ ਨੂੰ ਕਿਸੇ ਮਨੁੱਖ ਨੇ ਲੈ ਕੇ ਆ ਪਣੇ ਖੇਤ ਵਿੱਚ ਬੀਜਿਆ॥੩੨॥ ਉਹ ਤਾਂ ਸਭ ਬੀਆਂ ਨਾਲੋਂ ਛੋਟਾ ਹੈ ਪਰ ਜਦ ਉਗਦਾ ਹੈ

Original with:
Language Department Punjab
Digitized by:
Panjab Digital Library

ਤਾਂ ਤਰਕਾਰੀਆਂ ਨਾਲੋਂ ਵਡਾ ਹੁੰਦਾ ਹੈ ਅਰ ਅਜਿਹਾ ਬੂਟਾ ਹੋ ਜਾਂਦਾ ਹੈ ਜੋ ਅਕਾਸ਼ ਦੇ ਪੰਛੀਆਂ ਆ-
ਣਕੇ ਉਹ ਦੀਆਂ ਟਹਿਣੀਆਂ ਉੱਤੇ ਵਸੇਰਾ ਕਰਦੇ ਹਨ॥ ॥੩੨॥ ਉਸ ਨੇ ਉਨਾਂ ਨੂੰ
ਇੱਕ ਹੋਰ ਦ੍ਰਿਸ਼ਟਾਂਤ ਦਿੱਤਾ ਜੋ ਸੁਰਗ ਦਾ ਰਾਜ ਖਮੀਰ ਵਰਗਾ ਹੈ ਜਿਹ ਨੂੰ ਇੱਕ ਤੀਮੀਂ ਨੇ ਲੈ ਕੇ
ਤਿੰਨ ਸੇਰ ਆਟੇ ਵਿੱਚ ਮਿਲਾਇਆ ਐੱਥੋਂ ਤੋੜੀ ਜੋ ਸਾਰਾ ਖਮੀਰਾ ਹੋ ਗਿਆ॥ ॥
॥੩੪॥ ਏਹ ਸਾਰੀਆਂ ਗੱਲਾਂ ਯਿਸੂ ਨੇ ਲੋਕਾਂ ਨੂੰ ਦ੍ਰਿਸ਼ਟਾਂਤਾਂ ਵਿੱਚ ਸੁਣਾਈਆਂ ਅਤੇ ਬਿਨਾ ਦ੍ਰਿ-
ਸ਼ਟਾਂਤ ਉਹ ਉਨਾਂ ਨਾਲ ਨਹੀਂ ਸੀ ਬੋਲਦਾ॥ ੩੫॥ ਤਾਂ ਜਿਹੜਾ ਬਚਨ ਪਿਕਬਰ ਨੇ ਆਖਿਆ
ਸੀ ਉਹ ਪੂਰਾ ਹੋਵੇ ਜੋ ਮੈਂ ਦ੍ਰਿਸ਼ਟਾਂਤਾਂ ਵਿੱਚ ਆਪਣਾ ਮੂੰਹ ਖੋਲਾਂਗਾ। ਮੈਂ ਉਨਾਂ ਗੱਲਾਂ ਨੂੰ ਉਚਾਰਾਂ-
ਗਾ ਜੋ ਹੜੀਆਂ ਸੰਸਾਰ ਦੇ ਮੁੱਢੋਂ ਗੁਪਤ ਰਹੀਆਂ ਹਨ॥ ॥੩੬॥ ਤਦ ਉਹ ਭੀੜ ਨੂੰ
ਛੱਡਕੇ ਘਰ ਵਿੱਚ ਆਇਆ ਅਤੇ ਉਹ ਦੇ ਸਿੱਖਾਂ ਨੇ ਉਸ ਕੋਲ ਆਣਕੇ ਕਿਹਾ ਜੋ ਖਤੇ ਦੇ ਭੁਗ
ਟ ਦਾ ਦ੍ਰਿਸ਼ਟਾਂਤ ਖੋਲ ਕੇ ਸਾ ਨੂੰ ਦੱਸ॥ ੩੭॥ ਅਤੇ ਉਸ ਨੇ ਉੱਤਰ ਦਿੱਤਾ ਜਿਹੜਾ ਅੱਛਾ ਬੀਉ
ਬੀਜਦਾ ਹੈ ਉਹ ਮਨੁੱਖ ਦਾ ਪੁੜ ਹੈ॥ ੩੮॥ ਖੇਤ ਜਗਤ ਹੈ ਅਤੇ ਅੱਛਾ ਬੀਉ ਰਾਜ ਦੇ ਪੁੜ ਆ
ਤੇ ਭੁਗਾ ਟ ਦੁਸ਼ਟ ਦੇ ਪੁੜ ਹਨ॥ ੩੯॥ ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਉਹ ਸ਼ਤਾਨ ਹੈ।
ਵਾਢੀ ਦਾ ਵੇਲਾ ਜੁਗ ਦਾ ਅੰਤ ਹੈ ਅਰ ਵੱਢਣ ਵਾਲੇ ਦੂਤ ਹਨ॥ ੪੦॥ ਸੋ ਜਿਸ ਪਰਕਾਰ ਭੁ-
ਗਾ ਕੱਠਾ ਕੀਤਾ ਅਤੇ ਅੱਗ ਵਿੱਚ ਫੂਕਿਆ ਜਾਂਦਾ ਹੈ ਉਸੇ ਪਰਕਾਰ ਇਸ ਜੁਗ ਦੇ ਅੰਤ ਦੇ ਸ-
ਮੇ ਹੋਵੇਗਾ॥ ੪੧॥ ਮਨੁੱਖ ਦਾ ਪੁੜ ਆਪਣਿਆਂ ਦੂਤਾਂ ਨੂੰ ਭੇਜੇਗਾ ਅਤੇ ਓਹ ਉਸ ਦੇ ਰਾਜ ਵਿੱ-

Original with:
Language Department Punjab
Digitized by:
Panjab Digital Library

ਚੋਂ ਸਾਰੀਆਂ ਠੋਕਰ ਖੁਆਉਣ ਵਾਲੀਆਂ ਚੀਜ਼ਾਂ ਨੂੰ ਅਤੇ ਕੁਕਰਮੀਆਂ ਨੂੰ ਕੱਠਿਆਂ ਕਰਨਗੇ
॥੪੨॥ ਅਤੇ ਉਨ੍ਹਾਂ ਨੂੰ ਭੁਖਦੇ ਭੱਠੇ ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਰ ਦੰਦੀਆਂ ਪੀਹਣੀਆਂ ਹੋ-
ਣਗੀਆਂ॥੪੩॥ ਤਦ ਧਰਮੀ ਲੋਕ ਆਪਣੇ ਪਿਤਾ ਦੇ ਰਾਜ ਵਿੱਚ ਸੂਰਜ ਵਾਂਙੂ ਚਮਕਣਗੇ। ਜਿ-
ਹਦੇ ਕੰਨ ਹੋਣ ਸੋ ਸੁਣੇ॥ ॥੪੪॥ ਸੁਰਗ ਦਾ ਰਾਜ ਉਸ ਧਨ ਵਰਗਾ ਹੈ ਜਿਹੜਾ ਖੇਤ
ਵਿੱਚ ਲੁਕਿਆ ਹੋਇਆ ਸੀ ਜਿਹ ਨੂੰ ਇੱਕ ਮਨੁੱਖ ਨੈ ਲੱਭ ਕੇ ਲੁਕਾ ਰੱਖਿਆ ਅਤੇ ਖੁਸ਼ੀ ਦੇ ਮਾਰੇ
ਉਹ ਨੈ ਜਾਕੇ ਆਪਣਾ ਸਭ ਕੁਛ ਵੇਚ ਦਿੱਤਾ ਅਤੇ ਉਸ ਖੇਤ ਨੂੰ ਮੁੱਲ ਲਿਆ॥ ॥੪੫
॥ ਫੇਰ ਸੁਰਗ ਦਾ ਰਾਜ ਇੱਕ ਬੁਪਾਰੀ ਵਰਗਾ ਹੈ ਜਿਹੜਾ ਚੰਗੇ ਮੋਤੀਆਂ ਦੀ ਤਲਾਸ਼ ਵਿੱਚ ਸੀ॥
੪੬॥ ਜਦ ਉਹ ਨੂੰ ਇੱਕ ਮੋਤੀ ਭਾਰੇ ਮੁੱਲ ਦਾ ਮਿਲਿਆ ਤਾਂ ਗਿਆ ਅਤੇ ਆਪਣਾ ਸਭ ਕੁਛ ਵੇਚ-
ਕੇ ਉਹ ਨੂੰ ਮੁੱਲ ਲਿਆ॥ ॥੪੭॥ ਫੇਰ ਸੁਰਗ ਦਾ ਰਾਜ ਇੱਕ ਜਾਲ ਵਰਗਾ ਹੈ ਜਿ-
ਹੜਾ ਦਰਿਆਉ ਵਿੱਚ ਸੁੱਟਿਆ ਗਿਆ ਅਤੇ ਹਰ ਕੁਾਂਤ ਦੇ ਮੱਛ ਕੱਛ ਸਮੇਟ ਲਿਆਇਆ॥ ੪੮
॥ ਜੋ ਜਾਂ ਉਹ ਭਰ ਗਿਆ ਤਾਂ ਲੋਕ ਕੰਢੇ ਉੱਤੇ ਖਿੱਚ ਕੇ ਲੈ ਆਏ ਅਤੇ ਬੈਠ ਕੇ ਖਰੀਆਂ ਨੂੰ ਭਾਂਡਿਆਂ
ਵਿੱਚ ਜਮਾ ਕੀਤਾ ਅਤੇ ਨਿਕੰਮੀਆਂ ਨੂੰ ਪਰੇ ਸੁੱਟ ਦਿੱਤਾ॥ ੪੯॥ ਜੋ ਜੁਗ ਦੇ ਅੰਤ ਦੇ ਸਮੇ ਅਜਿਹਾ
ਹੀ ਹੋਊਗਾ। ਦੂਤ ਨਿੱਕਲਿ ਆਉਣਗੇ ਅਤੇ ਧਰਮੀਆਂ ਵਿੱਚੋਂ ਦੁਸਟਾਂ ਨੂੰ ਅੱਡ ਕਰਨਗੇ॥ ੫੦॥
ਅਰ ਇਨਾਂ ਨੂੰ ਭੁਖਦੇ ਭੱਠੇ ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਰ ਦੰਦੀਆਂ ਪੀਹਣੀਆਂ ਹੋਣਗੀਆਂ
॥ ॥੫੧॥ ਕੀ ਤੁਸਾਂ ਇਹ ਸੱਭੇ ਕੁਛ ਸਮਝਿਆ। ਉਨਾਂ ਉਸ ਨੂੰ ਆਖਿਆ ਹਾਂ ਜੀ॥ ੫੨

Original with:
Language Department Punjab
Digitized by:
Panjab Digital Library

।। ਤਦ ਉਸ ਨੈ ਉਨਾਂ ਨੂੰ ਕਿਹਾ ਇਸ ਲਈ ਹਰੇਕ ਗ੍ਰੰਥੀ ਜਿਹ ਨੈ ਸੁਰਗ ਦੇ ਰਾਜ ਦੀ ਸਿੱਖਿਆ ਪਾ
ਈ ਹੈ ਉਸ ਘਰ ਦੇ ਮਾਲਕ ਵਰਗਾ ਹੈ ਜਿਹੜਾ ਆਪਣੇ ਤੋਸੇਖਾਨੇ ਵਿੱਚੋਂ ਨਵੀਆਂ ਅਤੇ ਪੁਰਾ-
ਣੀਆਂ ਚੀਜਾਂ ਕੱਢਦਾ ਹੈ।। ।।੫੩।। ਅਤੇ ਐਉਂ ਹੋਇਆ ਕਿ ਜਾਂ ਯਿਸੂ ਨੈ ਏਹ ਦ੍ਰਿਸ-
ਟਾਂਤ ਪੂਰੇ ਕੀਤੇ ਤਾਂ ਉੱਥੋਂ ਤੁਰ ਪਿਆ।। ੫੪।। ਅਰ ਆਪਣੇ ਦੇਸ ਵਿੱਚ ਆਣ ਕੇ ਉਨਾਂ ਦੇ ਸਮਾਜ
ਵਿੱਚ ਉਨਾਂ ਨੂੰ ਅਜਿਹਾ ਉਪਦੇਸ ਦੇਦਾ ਸੀ ਜੋ ਓਹ ਦੰਗ ਹੋ ਕੇ ਕਹਿਣ ਲੱਗੇ ਕਿ ਇਸ ਮਨੁੱਖ
ਨੂੰ ਇਹ ਗਿਆਨ ਅਰ ਏਹ ਕਰਾਮਾਤਾਂ ਕਿੱਥੋਂ ਮਿਲੀਆਂ।। ੫੫।। ਕੀ ਇਹ ਤਰਖਾਣ ਦਾ ਪੁੜ
ਨਹੀਂ ਅਤੇ ਇਹ ਦੀ ਮਾਂ ਮਰਿਯਮ ਨਹੀਂ ਕਹਾਉਂਦੀ ਅਤੇ ਇਹ ਦੇ ਭਾਈ ਯਾਕੂਬ ਅਰ ਯੂਸੁਫ
ਅਰ ਸਮਊਨ ਅਰ ਯਹੂਦਾ।। ੫੬।। ਅਤੇ ਉਹ ਦੀਆਂ ਸਭੇ ਭੈਣਾਂ ਕਿਆ ਸਾਡੇ ਕੋਲ ਨਹੀਂ ਹਨ।
ਫੇਰ ਉਹ ਨੂੰ ਇਹ ਸਭ ਕੁਛ ਕਿੱਥੋਂ ਮਿਲ੍ਹਿਆ।। ੫੭।। ਅਤੇ ਉਨਾਂ ਉਸ ਥੋਂ ਠੋਕਰ ਖਾਧੀ। ਪਰ ਯਿਸੂ
ਨੈ ਉਨਾਂ ਨੂੰ ਆਖਿਆ ਜੋ ਪਿਕੰਬਰ ਦਾ ਆਪਣੇ ਦੇਸ ਅਤੇ ਆਪਣੇ ਘਰ ਥੋਂ ਬਿਨਾ ਹੋਰ ਕਿਤੇ ਨਿਆ-
ਦਰ ਨਹੀਂ ਹੁੰਦਾ।। ੫੮।। ਅਤੇ ਉਸ ਨੈ ਉਨਾਂ ਦੀ ਬੇਪਰਤੀਤੀ ਦੇ ਸਬੱਬ ਓਥੇ ਬਹੁਤ ਕਰਾਮਾਤਾਂ ਨਾ
ਵਿਖਾਲੀਆਂ।।

੧੪ ਕਾਂਡ।। ਉਸ ਸਮੇ ਰਾਜਾ ਹੇਰੋਦੇਸ ਨੈ ਯਿਸੂ ਦੀ ਖਬਰ ਸੁਣੀ।। ੨।। ਅਤੇ ਆਪਣੇ ਨੌਕ-
ਰਾਂ ਨੂੰ ਆਖਿਆ ਜੋ ਇਹ ਯੂਹੱਨਾ ਬਪਤਿਸਮਾ ਦੇਣ ਵਾਲਾ ਹੈ। ਉਹ ਮੁਰਦਿਆਂ
ਵਿੱਚੋਂ ਜੀ ਉੱਠਿਆ ਹੈ ਅਤੇ ਇਸੇ ਲਈ ਉਹ ਦੇ ਹੱਥੋਂ ਕਰਾਮਾਤਾਂ ਪਰਗਟ ਹੁੰਦੀਆਂ ਹਨ।। ੩।। ਕਿ

Original with:
Language Department Punjab
Digitized by:
Panjab Digital Library

ਉਨ੍ਹੇ ਹੇਰੋਦੇਸ ਨੈ ਆਪਣੇ ਭਾਈ ਫੈਲਬੂਸ ਦੀ ਤੀਮੀਂ ਹੇਰੋਦਿਯਾਸ ਦੇ ਕਾਰਨ ਯੂਹੱਨਾ ਨੂੰ ਫੜਕੇ
ਬੰਧਾ ਅਤੇ ਕੈਦ ਵਿੱਚ ਪਾ ਦਿੱਤਾ ਸੀ॥੪॥ ਇਸ ਲਈ ਜੋ ਯੂਹੱਨਾ ਨੈ ਉਹ ਨੂੰ ਆਖਿਆ ਸੀ ਭਈ ਉਹ
ਦਾ ਰੱਖਣਾ ਤੈ ਨੂੰ ਜੋਗ ਨਹੀ॥੫॥ ਅਤੇ ਜਾਂ ਉਸ ਨੈ ਉਹ ਨੂੰ ਮਾਰ ਸੁੱਟਣਾ ਚਾਹਿਆ ਤਾਂ ਲੋਕਾਂ ਥੇਂ ਡ
ਰਿਆ ਕਿੰਉ ਜੋ ਓਹ ਉਸ ਨੂੰ ਪਿਕੰਬਰ ਮੰਨਦੇ ਸਨ॥੬॥ ਪਰ ਜਦ ਹੇਰੋਦੇਸ ਦਾ ਜਨਮ ਦਿਨ ਆ
ਇਆ ਤਦ ਹੇਰੋਦਿਯਾਸ ਦੀ ਧੀ ਨੈ ਵਿਚਾਲੇ ਨੱਚਕੇ ਹੇਰੋਦੇਸ ਨੂੰ ਰਿਝਾਇਆ॥੭॥ ਜੋ ਉਹ ਨੈ
ਸੌਂਹ ਖਾਕੇ ਇਕਰਾਰ ਕੀਤਾ ਭਈ ਜੋ ਕੁਛ ਤੂੰ ਮੰਗੇਂ ਸੋ ਈ ਤੈ ਨੂੰ ਦਿਆਂਗਾ॥੮॥ ਅਤੇ ਉਹ ਆਪਣੀ
ਮਾਂ ਦੀ ਸਿਖਲਾਈ ਹੋਈ ਬੋਲੀ ਯੂਹੱਨਾ ਬਪਤਿਸਮਾ ਦੇਣਵਾਲੇ ਦਾ ਸਿਰ ਮੇਂਥੇ ਥਾਲ ਵਿੱਚ ਮੈਨੂੰ
ਦਿਹ॥੯॥ ਅਤੇ ਰਾਜਾ ਉਦਾਸ ਹੋਇਆ ਪਰ ਆਪਣੀ ਸੌਂਹ ਦੇ ਕਾਰਨ ਅਤੇ ਉਨ੍ਹਾਂ ਲੋਕਾਂ ਕਰਕੇ ਜੋ
ਹੜੇ ਉਹ ਦੇ ਨਾਲ ਬੈਠੇ ਸਨ ਉਸ ਨੈ ਦੇ ਦੇਣ ਦਾ ਹੁਕਮ ਕੀਤਾ॥੧੦॥ ਅਤੇ ਮਨੁੱਖ ਭੇਜਕੇ ਕੈਦ ਖਾ
ਨੇ ਵਿੱਚ ਯੂਹੱਨਾ ਦਾ ਸਿਰ ਵਢਵਾ ਸੁੱਟਿਆ॥੧੧॥ ਅਤੇ ਉਹ ਦਾ ਸਿਰ ਥਾਲ ਵਿੱਚ ਲਿਆਂਦਾ ਅ
ਰ ਕੰਨਿਆਂ ਨੂੰ ਦਿੱਤਾ ਗਿਆ ਅਤੇ ਉਹ ਆਪਣੀ ਮਾਂ ਦੇ ਕੋਲ ਲੈ ਗਈ॥੧੨॥ ਅਰ ਉਹ ਦੇ ਸਿੱ
ਖਾਂ ਨੈ ਓੱਥੇ ਜਾਕੇ ਲੋਥ ਚੁੱਕੀ ਅਰ ਉਸ ਨੂੰ ਦੱਬਿਆ ਅਤੇ ਆਣਕੇ ਯਿਸੂ ਨੂੰ ਖਬਰ ਦਿੱਤੀ॥

॥੧੩॥ ਜਾਂ ਯਿਸੂ ਨੈ ਇਹ ਸੁਣਿਆ ਤਾਂ ਉੱਥੋਂ ਬੇੜੀ ਪੁਰ ਚੜ੍ਹਕੇ ਇੱਕ ਉਜਾੜ ਥਾਉਂ ਵਿੱਚ
ਅਲੱਗਾ ਚੱਲਿਆ ਗਿਆ ਅਰ ਲੋਕ ਇਹ ਸੁਣਕੇ ਨਗਰਾਂ ਥੇਂ ਉਹ ਦੇ ਪਿੱਛੇ ਪੈਦਲ ਤੁਰ ਪ
ਏ॥੧੪॥ ਅਤੇ ਉਸ ਨੈ ਨਿੱਕਲਕੇ ਵਡੀ ਭੀੜ ਵੇਖੀ ਅਰ ਉਨ੍ਹਾਂ ਉੱਤੇ ਤਰਸ ਖਾਕੇ ਉਨ੍ਹਾਂ ਦੇ ਰੋਗੀ

Original with:
Language Department Punjab
Digitized by:
Panjab Digital Library

ਆਂ ਨੂੰ ਚੰਗਾ ਕੀਤਾ ॥੧੫॥ ਅਤੇ ਜਾਂ ਸੰਝ ਹੋਈ ਤਾਂ ਸਿੱਖਾਂ ਨੇ ਉਹ ਦੇ ਕੋਲ ਆਣਕੇ ਕਿਹਾ ਇਹ ਥਾ-
ਉਂ ਉਜਾੜ ਹੈ ਅਤੇ ਵੇਲਾ ਹੁਣ ਬੀਤ ਗਿਆ ਹੈ। ਲੋਕਾਂ ਨੂੰ ਵਿਦਿਆ ਕਰ ਤਾਂ ਪਿੰਡਾਂ ਵਿੱਚ ਜਾਕੇ ਆ-
ਪਣੇ ਲਈ ਖਾਣਾ ਦਾਣਾ ਮੁੱਲ ਲੈਣ ॥੧੬॥ ਪਰ ਯਿਸੂ ਨੇ ਉਨਾਂ ਨੂੰ ਆਖਿਆ ਉਨਾਂ ਦੇ ਜਾਣ ਦੀ
ਲੋੜ ਨਹੀਂ। ਤੁਸੀਂ ਉਨਾਂ ਨੂੰ ਖਾਣ ਨੂੰ ਦਿਓ ॥੧੭॥ ਪਰ ਉਨਾਂ ਉਸ ਨੂੰ ਕਿਹਾ ਐੱਥੇ ਸਾਡੇ ਕੋਲ ਪੰਜ
ਰੋਟੀਆਂ ਅਤੇ ਦੋਂਹ ਮੱਛੀਆਂ ਬਿਨਾ ਹੋਰ ਕੁਛ ਨਹੀਂ ॥੧੮॥ ਤਾਂ ਉਹ ਬੋਲਿਆ ਉਨਾਂ ਨੂੰ ਐੱਥੇ ਮੇ-
ਰੇ ਪਾਸ ਲਿਆਓ ॥੧੯॥ ਅਤੇ ਉਸ ਨੇ ਲੋਕਾਂ ਨੂੰ ਘਾਹ ਉੱਤੇ ਬੈਠਣ ਦਾ ਹੁਕਮ ਦਿੱਤਾ। ਤਦ ਉਨਾਂ
ਪੰਜਾਂ ਰੋਟੀਆਂ ਅਤੇ ਦੋਹਾਂ ਮੱਛੀਆਂ ਨੂੰ ਲੈ ਲਿਆ ਅਰ ਅਕਾਸ ਵਲ ਵੇਖਕੇ ਬਰਕਤ ਦਿੱਤੀ ਅ-
ਤੇ ਰੋਟੀਆਂ ਤੋੜਕੇ ਸਿੱਖਾਂ ਨੂੰ ਦਿੱਤੀਆਂ ਅਰ ਸਿੱਖਾਂ ਨੇ ਲੋਕਾਂ ਨੂੰ ਦਿੱਤੀਆਂ ॥੨੦॥ ਅਤੇ ਓਹ ਸੱਭੇ
ਖਾਕੇ ਰੱਜ ਗਏ ਅਤੇ ਉਨਾਂ ਨੇ ਬਾਚਿਆਂ ਹੋਇਆਂ ਟੁਕੜਿਆਂ ਨਾਲ ਬਾਰਾਂ ਟੋਕਰੀਆਂ ਭਰੀਆਂ
ਹੋਈਆਂ ਚੁੱਕ ਲਈਆਂ ॥੨੧॥ ਅਰ ਖਾਣ ਵਾਲੇ ਤੀਮੀਆਂ ਅਤੇ ਬਾਲਕਾਂ ਬਿਨਾ ਪੰਜ ਕੁ ਹਜ਼ਾ-
ਰ ਮਰਦ ਸਨ ॥

॥੨੨॥ ਅਤੇ ਓਨ ਉਸੇ ਵੇਲੇ ਸਿੱਖਾਂ ਨੂੰ ਤਰੀਦ ਕੀਤੀ ਭਈ ਜ-
ਦ ਤੀਕੁਰ ਮੈਂ ਭੀੜ ਨੂੰ ਵਿਦਿਆ ਕਰਾਂ ਤੁਸੀਂ ਬੇੜੀ ਉੱਤੇ ਚੜ੍ਹਕੇ ਮੈਥੋਂ ਅੱਗੇ ਪਾਰ ਜਾਓ ॥੨੩॥ ਅ-
ਤੇ ਉਹ ਭੀੜ ਨੂੰ ਵਿਦਿਆ ਕਰਕੇ ਪ੍ਰਾਰਥਨਾ ਕਰਨ ਲਈ ਨਿਰਾਲੇ ਵਿੱਚ ਪਹਾੜ ਪੁਰ ਚੜ੍ਹ ਗਿਆ
ਅਰ ਜਾਂ ਸੰਝ ਹੋਈ ਤਾਂ ਉਹ ਉੱਥੇ ਕੱਲਾ ਹੀ ਸੀ ॥੨੪॥ ਪਰ ਬੇੜੀ ਉਸ ਵੇਲੇ ਦਰਿਆਉ ਵਿੱਚ ਲ-
ਹਿਰਾਂ ਦੀ ਮਾਰੀ ਡੋਲਦੀ ਸੀ ਇਸ ਲਈ ਜੋ ਪੌਣ ਸਾਹਮਣੀ ਸੀ ॥੨੫॥ ਅਤੇ ਰਾਤ ਦੇ ਪਿਛਲੇ ਪ-

Original with:
Language Department, Punjab
Digitized by:
Panjab Digital Library

ਹਿਰਉਹਦਰਿਆਉ ਦੇਉੱਤੋਂ ਦੀ ਉਨਾਂ ਵਲ ਤੁਰਦਾ ਹੋਇਆ ਆਇਆ ॥੨੬॥ ਅਤੇ ਜਾਂ ਸਿੱਖਾਂ ਨੈ ਉਹਨੂੰ ਦਰਿਆਉ ਪਰ ਤੁਰਦਿਆਂ ਵੇਖਿਆ ਤਾਂ ਘਬਰਾਕੇ ਆਖਣ ਲੱਗੇ ਜੋ ਇਹ ਭੂਤ ਹੈ ਅਤੇ ਡਰਕੇ ਚੀਕਾਂ ਮਾਰਨ ਲੱਗੇ ॥੨੭॥ ਪਰ ਜਿਸੂ ਨੈ ਝੱਟ ਉਨਾਂ ਨੂੰ ਆਖਿਆ ਖਾਤਰ ਜਮਾ ਰੱਖੋ। ਮੈਂ ਹਾਂ ਨਾ ਡਰੋ ॥੨੮॥ ਤਦ ਪਤਰਸ ਨੈ ਉਹਨੂੰ ਉੱਤਰ ਦਿੱਤਾ ਪ੍ਰਭੂ ਜੀ ਜੇ ਤੂੰ ਹੈਂ ਤਾਂ ਮੈਨੂੰ ਪਾਣੀ ਦੇ ਉੱਤੋਂ ਦੀ ਆਪਣੇ ਕੋਲ ਆਉਣ ਦਾ ਹੁਕਮ ਦਿਹ ॥੨੯॥ ਉਹ ਨੈ ਆਖਿਆ ਆ। ਅਤੇ ਪਤਰਸ ਬੇੜੀ ਪਰੋਂ ਉੱਤਰ ਕੇ ਯਿਸੂ ਦੇ ਕੋਲ ਜਾਣ ਨੂੰ ਪਾਣੀ ਉੱਤੇ ਤੁਰਨ ਲੱਗਾ ॥੩੦॥ ਪਰ ਪੌਣ ਵੇਖ ਕੇ ਡਰਿਆ ਅਰ ਜਾਂ ਡੁੱਬਣ ਲੱਗਾ ਤਾਂ ਚੀਕ ਮਾਰ ਕੇ ਬੋਲਿਆ ਪ੍ਰਭੂ ਜੀ ਮੈਨੂੰ ਬਚਾ ਲੈ ॥੩੧॥ ਅਤੇ ਝੱਟ ਯਿਸੂ ਨੈ ਹੱਥ ਲੀਮਾ ਕਰ ਕੇ ਉਹਨੂੰ ਫੜ ਲਿਆ ਅਤੇ ਉਹ ਨੂੰ ਆਖਿਆ ਹੇ ਥੋੜੀ ਪਰਤੀਤ ਵਾਲਿਆ ਤੈਂ ਕਿਉਂ ਭਰਮ ਕੀਤਾ ॥੩੨॥ ਅਰ ਜਾਂ ਓਹ ਬੇੜੀ ਉੱਤੇ ਚੜ ਗਏ ਤਾਂ ਪੌਣ ਥੰਮ ਗਈ ॥੩੩॥ ਫੇਰ ਜੇਹੜੇ ਲੋਕ ਬੇੜੀ ਉੱਤੇ ਸਨ ਓਹ ਉਸ ਦੇ ਅੱਗੇ ਮੱਥਾ ਟੇਕ ਕੇ ਬੋਲੇ ਤੂੰ ਸੱਚਮੁੱਚ ਪਰਮੇਸੁਰ ਦਾ ਪੁਤ੍ਰ ਹੈਂ ॥

॥੩੪॥ ਅਤੇ ਓਹ ਪਾਰ ਲੰਘ ਕੇ ਗਨੇਸਰਤ ਦੀ ਧਰਤੀ ਪੁਰ ਉੱਤਰੇ ॥੩੫॥ ਅਰ ਜਾਂ ਉੱਥੋਂ ਦੇ ਲੋਕਾਂ ਨੈ ਉਹਨੂੰ ਪਛਾਣਿਆ ਤਾਂ ਉਸ ਸਾਰੇ ਇਲਾਕੇ ਵਿੱਚ ਖਬਰ ਭੇਜ ਕੇ ਸਾਰਿਆਂ ਰੋਗੀਆਂ ਨੂੰ ਉਸ ਪਾਸ ਲਿਆਂਦਾ ॥੩੬॥ ਅਤੇ ਉਹ ਦੀ ਮਿੰਨਤ ਕੀਤੀ ਜੋ ਉਨਾਂ ਨੂੰ ਨਿਰਾ ਆਪਣੇ ਲੀੜੇ ਦਾ ਪੱਲਾ ਛੋਹਣ ਦਿਹ ਅਰ ਜਿੰਨਿਆਂ ਨੈ ਛੋਹਿਆ ਓਹ ਚੰਗੇ ਹੋ ਗਏ ॥

੧੫ਕਾਂਡ ॥ ਤਦ ਫਰੀਸੀਆਂ ਅਰ ਗ੍ਰੰਥੀਆਂ ਨੈ ਯਰੂਸਲੀਮ ਥੋਂ ਯਿਸੂ ਦੇ ਕੋਲ ਆਣ ਕੇ ਕਿਹਾ

Original with:
Language Department Punjab
Digitized by:
Panjab Digital Library

॥੨॥ਤੇਰੇਸਿੱਖਵਾੜ੍ਹਿਆਂਦੀਰੀਤਨੂੰਕਿੰਉਉਲੰਘਣ ਕਰਦੇਹਨਕਿਰੋਟੀਖਾਣਦੇਵੇਲੇਹੱਥਨ
ਹੀਂਧੋਂਦੇ॥੩॥ਪਰਉਸਨੈਉਨਾਂਨੂੰਉੱਤਰਦਿੱਤਾ ਤੁਸੀਂਬੀਕਿੰਉਆਪਣੀਰੀਤਨਾਲ੍ਹਪਰਮੇਸੁਰਦੇਹੁ-
ਕਮਨੂੰਉਲੰਘਣ ਕਰਦੇਹੋ॥੪॥ਕਿੰਉਜੋਪਰਮੇਸੁਰਨੈਫਰਮਾਇਆਕਿਆਪਣੇਪਿਉਅਤੇਅ ੦
ਪਣੀਮਾਂਦਾ ਆਦਰਕਰ ਅਤੇ ਜਿਹੜਾਪਿਉਜਾਂਮਾਂਨੂੰਮੰਦਾਬੋਲੇਉਹਜਾਨੋਂਮਾਰਿਆਜਾਵੇ॥੫
॥ਪਰਤੁਸੀਂਆਖਦੇਹੋਂਕੁਈਜਿਹੜਾਪਿਉਜਾਂਮਾਂਨੂੰਕਹੇਕਿਜੋਕੁਛਮੇਰੇਕੋਲ੍ਹੋਂਤੈਨੂੰਲਾਭੁਹੋਸੱਕਦ ੦
ਸੀਜੋਭੇਟਹੋਚੁਕਿਆਉਹਆਪਣੇਪਿਉਦਾ ਆਦਰਨਾ ਕਰੇ॥੬॥ਅਤੇਤੁਸਾਂ ਆਪਣੀਰੀਤਨ ੦
ਲ੍ਹਪਰਮੇਸੁਰਦੇ ਬਚਨਨੂੰ ਅਕਾਰਥਕਰਦਿੱਤਾ॥੭॥ਹੇਕਪਟੀਓ ਯਸਾਯਾਨੈ ਤੁਹਾਡ੍ਹੀਬਾਬਤ
ਠੀਕਅਗੰਮਵਾਕਕੀਤਾਹੈ॥੮॥ਕਿ ਏਹਲੋਕ ਆਪਣੇਹੋਠਾਂਨਾਲ੍ਹ ਮੇਰਾ ਆਦਰ ਕਰਦੇਹਨਪ-
ਰਇਨਾਂਦਾ ਮਨ ਮੈਥੋਂਦੂਰ ਹੈ॥੯॥ਪਰ ਓਹ ਵਿਰਥਾ ਮੇਰੀਸੇਵਾ ਕਰਦੇਹਨ ਕਿੰਉਜੋ ਮਨੁੱਖਾਂਦੀ-
ਆਂ ਆਗਿਆਂ ਨੂੰ ਸਿੱਖਿਆ ਠਰਾਕੇ ਸਿਖਾਉਂਦੇਹਨ॥੧੦॥ ਅਤੇਉਸਨੈਲੋਕਾਂ ਨੂੰ ਕੋਲ੍ਹ ਸੱਦਕੇਉਨ੍ ੦
ਨੂੰ ਆਖਿਆ ਸੁਣੋ ਅਤੇ ਸਮਝੋ॥੧੧॥ਕਿ ਜੋਕੁਛ ਮੂੰਹ ਵਿੱਚ ਆਉਂਦਾ ਹੈ ਜੋ ਮਨੁੱਖ ਨੂੰ ਭ੍ਰਿਸਟਨ-
ਹੀਂਕਰਦਾ ਬਲਕ ਜੋ ਮੂੰਹੋਂ ਨਿੱਕਲ੍ਹਦਾ ਹੈ ਸੋਈ ਮਨੁੱਖ ਨੂੰ ਭ੍ਰਿਸਟ ਕਰਦਾ ਹੈ॥੧੨॥ਤਦ ਸਿੱਖਾਂ ਨੈ
ਨੇੜੇ ਆਣਕੇ ਉਹ ਨੂੰ ਆਖਿਆ ਕੁ ਲਾ ਤੈਨੂੰ ਮਲ੍ਹੂਮ ਹੈ ਜੋ ਫਰੀਸੀਆਂ ਨੈ ਇਹ ਗੱਲ ਸੁਣਕੇ ਠੋਕ-
ਰ ਖਾਧੀ॥੧੩॥ਉਹ ਨੈ ਉੱਤਰ ਦਿੱਤਾ ਕੁ ਈ ਹਰੇਕ ਬੂਟਾ ਜੋ ਮੇਰੇ ਸੁਰਗੀ ਪਿਤਾ ਨੈ ਨ ਲਾਇਆ
ਸੋ ਜੜ੍ਹੋਂ ਪੁੱਟਿਆ ਜਾਊ॥੧੪॥ ਉਨਾਂ ਨੂੰ ਜਾਣ ਦਿਓ ਓਹ ਅੱਨ੍ਹੇ ਆਗੂ ਹਨ ਅਤੇ ਜੇ ਅੱਨ੍ਹਾ ਅੱਨ੍ਹੇ ਦ ੦

Original with:
Language Department Punjab
Digitized by:
Panjab Digital Library

ਆਗੂ ਹੋਵੇ ਤਾਂ ਦੋਵੇਂ ਟੋਏ ਵਿੱਚ ਡਿੱਗਣਗੇ ॥੧੫॥ ਤਦ ਪਤਰਸ ਨੈ ਅੱਗੋਂ ਉਹ ਨੂੰ ਆਖਿਆ ਜੋ ਇਸ ਕਹਾਉਤ ਦਾ ਅਰਥ ਸਾਨੂੰ ਦੱਸ ॥੧੬॥ ਉਹ ਨੈ ਕਿਹਾ ਭਲਾ ਤੁਸੀਂ ਭੀ ਅਜੇ ਨਿਰਬੁੱਧ ਹੋਂ ॥ ੧੭॥ ਕੀ ਤੁਸੀਂ ਨਹੀਂ ਸਮਝਦੇ ਭਈ ਸਭ ਕੁਛ ਜੋ ਮੂੰਹ ਵਿੱਚ ਆਉਂਦਾ ਹੈ ਸੋ ਢਿੱਡ ਵਿੱਚ ਪੈਂਦ ਅਤੇ ਬਾਹਰ ਸੇਦਖਾਨੇ ਵਿੱਚ ਸੁੱਟਿਆ ਜਾਂਦਾ ਹੈ ॥੧੮॥ ਪਰ ਜੋ ਗੱਲਾਂ ਮੂੰਹੋਂ ਨਿੱਕਲਦੀਆਂ ਹਨ ਓਹ ਮਨ ਵਿੱਚੋਂ ਆਉਂਦੀਆਂ ਹਨ ਅਤੇ ਏਹੋ ਮਨੁੱਖ ਨੂੰ ਭ੍ਰਿਸ਼ਟ ਕਰਦੀਆਂ ਹਨ ॥੧੯॥ ਕਿਉਂਕਿ ਬੁਰੇ ਖਿਆਲ ਖੂਨ ਜ਼ਾਰੀਆਂ ਹਰਾਮਕਾਰੀਆਂ ਚੋਰੀਆਂ ਝੂਠੀਆਂ ਗਵਾਹੀਆਂ ਕੁਫਰ ਮਨ ਵਿੱਚੋਂ ਨਿੱਕਲਦੇ ਹਨ ॥੨੦॥ ਏਹੋ ਗੱਲਾਂ ਹਨ ਜੋ ਮਨੁੱਖ ਨੂੰ ਭ੍ਰਿਸ਼ਟ ਕਰਦੀਆਂ ਹਨ ਪਰ ਅਣਧੋਤੇ ਹੱਥਾਂ ਨਾਲ ਰੋਟੀ ਖਾਣੀ ਮਨੁੱਖ ਨੂੰ ਭ੍ਰਿਸ਼ਟ ਨਹੀਂ ਕਰਦੀ ॥

॥੨੧॥ ਅਤੇ ਯਿਸੂ ਉੱਥੋਂ ਉੱਠਕੇ ਸੂਰ ਅਤੇ ਸੈਦਾ ਦੇ ਇਲਾਕੇ ਵਿੱਚ ਗਿਆ ॥੨੨॥ ਅਰ ਵੇਖੋ ਇੱਕ ਕਨਾਨੀ ਤੀਮੀ ਉਨ੍ਹਾਂ ਹੱਦਾਂ ਵਿੱਚੋਂ ਨਿੱਕਲਕੇ ਹਾਕਾਂ ਮਾਰਦੀ ਬੋਲੀ ਕਿ ਹੇ ਪ੍ਰਭੁ ਦਾਊਦ ਦੇ ਪੁੱਤ੍ਰ ਮੇਰੇ ਉੱਤੇ ਦਯਾ ਕਰ। ਮੇਰੀ ਧੀ ਦਾ ਭੂਤ ਦੇ ਸਾਏ ਨਾਲ ਬੁਰਾ ਹਾਲ ਹੈ ॥੨੩॥ ਪਰ ਉਸ ਨੈ ਉਹ ਨੂੰ ਕੋਈ ਉੱਤਰ ਨਾ ਦਿੱਤਾ। ਤਦ ਉਹ ਦੇ ਸਿੱਖਾਂ ਨੈ ਕੋਲ ਆਣਕੇ ਉਹ ਦੇ ਅੱਗੇ ਅਰਜ ਕੀਤੀ ਭਈ ਉਸ ਨੂੰ ਵਿਦਿਆ ਕਰ ਕਿਉਂ ਜੋ ਉਹ ਸਾਡੇ ਮਗਰ ਡੰਡ ਪਾਉਂਦੀ ਹੈ ॥੨੪॥ ਉਸ ਨੈ ਅੱਗੋਂ ਆਖਿਆ ਮੈਂ ਇਸਰਾਈਲ ਦੇ ਪਰਵਾਰ ਦੀਆਂ ਗੁਆਚੀਆਂ ਹੋਈਆਂ ਭੇਡਾਂ ਦੇ ਬਿਨਾ ਹੋਰਨਾਂ ਕੋਲ ਨਹੀਂ ਭੇਜਿਆ ਗਿਆ ॥੨੫॥ ਪਰ ਉਹ

Original with:
Language Department Punjab
Digitized by:
Panjab Digital Library

ਆਈ ਅਤੇ ਉਸ ਦੇ ਅੱਗੇ ਮੱਥਾ ਟੇਕਕੇ ਬੋਲੀ ਪ੍ਰਭੂ ਜੀ ਮੇਰੀ ਸਹਾਇਤਾ ਕਰ ॥੨੬॥ ਤਾਂ ਉਹ
ਨੇ ਉੱਤਰ ਦਿੱਤਾ ਕਿ ਬਾਲਕਾਂ ਦੀ ਰੋਟੀ ਲੈਕੇ ਕਤੂਰਿਆਂ ਅੱਗੇ ਸੁੱਟਣੀ ਅੱਛੀ ਨਹੀਂ ਹੈ ॥੨੭
॥ ਉਹ ਬੋਲੀ ਠੀਕ ਮਹਾਰਾਜ ਪਰ ਜੋ ਹੜੇ ਚੂਰੇ ਭੂਰੇ ਉਨਾਂ ਦੇ ਮਾਲਕਾਂ ਦੀ ਮੇਜ ਦੇ ਉੱਤੋਂ ਡਿਗਦੇ
ਹਨ ਓਹ ਕਤੂਰੇ ਬੀ ਖਾਂਦੇ ਹਨ ॥੨੮॥ ਤਦ ਯਿਸੂ ਨੇ ਉਹਨੂੰ ਉੱਤਰ ਦਿੱਤਾ ਹੇ ਤੀਮਤ ਤੇਰੀ ਨਿਹਚ
ਵਡੀ ਹੈ। ਜਿਵੇਂ ਤੂੰ ਚਾਹੁੰਦੀ ਹੈਂ ਤੇਰੀ ਲਈ ਤਿਵੇਂ ਹੀ ਹੋਵੇ। ਅਤੇ ਉਹ ਦੀ ਧੀ ਉਸੇ ਘੜੀ ਚੰਗੀ ਹੋ
ਗਈ ॥ ॥੨੯॥ ਅਤੇ ਯਿਸੂ ਉੱਥੋਂ ਤੁਰਕੇ ਗਲੀਲ ਦੇ ਦਰਿਆਉ ਦੇ ਨੇੜੇ ਆਇ-
ਆ ਅਤੇ ਪਹਾੜ ਉੱਤੇ ਚੜ੍ਹਕੇ ਉੱਥੇ ਬਹਿ ਰਿਹਾ ॥੩੦॥ ਅਤੇ ਬਹੁਤ ਟੋਲੀਆਂ ਲੀੜ੍ਹਿਆਂ ਅੰ-
ਨ੍ਹਿਆਂ ਰੁੰਗਿਆਂ ਟੁੰਡਿਆਂ ਅਤੇ ਹੋਰ ਬਥੇਰਿਆਂ ਨੂੰ ਆਪਣੇ ਸੰਗ ਲੈਕੇ ਉਹ ਦੇ ਕੋਲ ਆਈ-
ਆਂ ਅਤੇ ਉਨਾਂ ਨੂੰ ਉਹ ਦੇ ਚਰਨਾਂ ਉੱਤੇ ਪਾਇਆ ਅਰ ਉਸ ਨੇ ਉਨਾਂ ਨੂੰ ਚੰਗਾ ਕੀਤਾ ॥੩੧॥
ਅੱਥੋਂ ਤੋੜੀ ਕਿ ਜਾਂ ਲੋਕਾਂ ਨੇ ਵੇਖਿਆ ਜੋ ਗੁੰਗੇ ਬੋਲਦੇ ਟੁੰਡੇ ਚੰਗੇ ਹੋਏ ਅਤੇ ਲੰਙੇ ਤੁਰਦੇ ਅਤੇ ਅ
ਨ੍ਹੇ ਸੁਜਾਖੇ ਹੁੰਦੇ ਹਨ ਤਾਂ ਹੈਰਾਨ ਹੋਏ ਅਤੇ ਇਸਰਾਈਲ ਦੇ ਪਰਮੇਸ਼ੁਰ ਦੀ ਵਡਿਆਈ ਕੀਤੀ ॥
॥੩੨॥ ਤਦ ਯਿਸੂ ਨੇ ਆਪਣੇ ਸਿੱਖਾਂ ਨੂੰ ਕੋਲ ਸੱਦਕੇ ਕਿਹਾ ਭਈ ਮੈ ਨੂੰ ਲੋਕਾਂ ਉੱਤੇ
ਤਰਸ ਆਉਂਦਾ ਹੈ ਕਿਉ ਜੋ ਓਹ ਤਿੰਨਾਂ ਦਿਨਾਂ ਥੋਂ ਮੇਰੇ ਨਾਲ ਰਹਿੰਦੇ ਹਨ ਅਤੇ ਉਨਾਂ ਦੇ ਕੋਲ ਖਾ-
ਣ ਨੂੰ ਕੁਛ ਨਹੀਂ ਅਰ ਮੈਂ ਨਹੀਂ ਚਾਹੁੰਦਾ ਜੋ ਉਨਾਂ ਨੂੰ ਭੁੱਖਿਆਂ ਵਿਦਿਆ ਕਰਾਂ ਕਿਤੇ ਅਜਿਹਾ
ਨਾ ਹੋਵੇ ਜੋ ਰਸਤੇ ਵਿੱਚ ਨਿਤਾਣੇ ਹੋ ਜਾਣ ॥੩੩॥ ਅਤੇ ਸਿੱਖਾਂ ਨੇ ਉਹ ਨੂੰ ਕਿਹਾ ਕਿ ਉਜਾੜ ਵਿੱ

Original text:
Language Department Punjab
Digitized by:
Panjab Digital Library

ਚ ਅਸੀਂ ਔਂਨੀਆਂ ਰੋਟੀਆਂ ਕਿੱਥੋਂ ਲਿਆਇਯੇ ਜੋ ਐਡੀ ਭੀੜ ਨੂੰ ਰਜਾਇਯੇ।। ੩੪।। ਤਦ ਯਿਸੂ ਨੈ ਉਨਾਂ ਨੂੰ ਆਖਿਆ ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ। ਓਹ ਬੋਲੇ ਸੱਤ ਰੋਟੀਆਂ ਅਤੇ ਥੋੜੀਆਂ ਜੇਹੀਆਂ ਛੋਟੀਆਂ ਮੱਛੀਆਂ ਹਨ।। ੩੫।। ਤਦ ਉਸ ਨੈ ਭੀੜ ਨੂੰ ਆਖਿਆ ਜੋ ਭੂਏਂ ਬੈਠ ਜਾਣ।। ੩੬।। ਅਤੇ ਉਸ ਨੈ ਓਹ ਸੱਤ ਰੋਟੀਆਂ ਅਰ ਮੱਛੀਆਂ ਲਈਆਂ ਅਤੇ ਸ਼ੁਕਰ ਕਰਕੇ ਤੋੜੀਆਂ ਅਤੇ ਸਿੱਖਾਂ ਨੂੰ ਦਿੱਤੀਆਂ ਅਤੇ ਸਿੱਖਾਂ ਨੈ ਲੋਕਾਂ ਨੂੰ ਵੰਡੀਆਂ।। ੩੭।। ਅਤੇ ਓਹ ਸਭੇ ਖਾਕੇ ਰੱਜ ਗਏ ਅਰ ਬਾਚਿਆਂ ਹੋਇਆਂ ਟੁਕੜਿਆਂ ਨਾਲ ਉਨਾਂ ਨੈ ਸੱਤ ਟੋਕਰੇ ਭਰੇ ਹੋਏ ਚੁੱਕ ਲਏ।। ੩੮।। ਅਤੇ ਖਾਣਵਾਲੇ ਤੀਮੀਆਂ ਅਤੇ ਬਾਲਕਾਂ ਬਿਨਾ ਚਾਰ ਹਜਾਰ ਮਰਦ ਸਨ।। ੩੯।। ਫੇਰ ਲੋਕਾਂ ਨੂੰ ਵਿਦਿਆ ਕਰਕੇ ਉਹ ਬੇੜੀ ਉੱਤੇ ਚੜ੍ਹ ਗਿਆ ਅਤੇ ਮਗਦਾਨ ਦੀਆਂ ਹੱਦਾਂ ਵਿੱਚ ਆਇਆ।।

੧੬ ਕਾਂਡ।।

ਅਤੇ ਫਰੀਸੀਆਂ ਅਤੇ ਸਦੂਕੀਆਂ ਨੈ ਕੋਲ ਆਣਕੇ ਪਰਤਾਉਣ ਲਈ ਉਸ ਅੱਗੇ ਅਰਦਾਸ ਕੀਤੀ ਜੋ ਸਾ ਨੂੰ ਅਕਾਸ ਵਲੋਂ ਕੋਈ ਨਿਸਾਨੀ ਵਿਖਾਦਿ ਹ।। ੨।। ਪਰ ਉਸ ਨੈ ਉਨਾਂ ਨੂੰ ਉੱਤਰ ਦਿੱਤਾ ਭਈ ਸੰਝ ਦੇ ਵੇਲੇ ਤੁਸੀਂ ਕਹਿੰਦੇ ਹੋ ਜੋ ਭਲਕੇ ਨਿੰਬਲ ਹੋਊ ਕਿਉਂਕਿ ਅਕਾਸ ਲਾਲ ਹੈ।। ੩।। ਅਤੇ ਸਵੇਰ ਨੂੰ ਆਖਦੇ ਹੋ ਅੱਜ ਅਨੇਰੀ ਵਰੁਗੀ ਕਿਉਂਕਿ ਅਕਾਸ ਲਾਲ ਅਤੇ ਧੁੰਦਲਾ ਹੈ। ਅਕਾਸ ਦੇ ਤੌਰ ਭੌਰ ਦੀ ਜਾਚ ਕਰਨੀ ਤੁਹਾਨੂੰ ਆਉਂਦੀ ਹੈ ਪਰ ਸਮਿਆਂ ਦੀਆਂ ਨਿਸਾਨੀਆਂ ਮਲੂਮ ਨਹੀਂ ਕਰ ਸੱਕਦੇ।। ੪।। ਇਸ ਪੀਹ-

Original with:
Language Department Punjab
Digitized by:
Panjab Digital Library

ੜੀਦੇ ਬੁਰੇ ਅਤੇ ਹਰਾਮਕਾਰ ਲੋਕ ਨਿਸ਼ਾਨੀ ਚਾਹੁੰਦੇ ਹਨ ਪਰ ਯੂਨਸ ਦੀ ਨਿਸ਼ਾਨੀ ਬਿਨਾ ਉ-
ਨਾਂ ਨੂੰ ਕੋਈ ਹੋਰ ਨਿਸ਼ਾਨੀ ਵਿਖਾਈ ਨਾ ਜਾਊਗੀ। ਅਤੇ ਉਹ ਉਨਾਂ ਨੂੰ ਛੱਡ ਕੇ ਚੱਲਿਆ ਗਿਆ ੦
॥ ॥੪॥ ਅਤੇ ਸਿੱਖ ਪਾਰ ਪਹੁੰਚੇ ਪਰ ਰੋਟੀ ਲੈਣੀ ਭੁੱਲ ਗਏ ਸਨ ॥੬॥ ਤਦ ਯਿ-
ਸੂ ਨੇ ਉਨਾਂ ਨੂੰ ਆਖਿਆ ਖਬਰਦਾਰ ਫਰੀਸੀਆਂ ਅਤੇ ਸਦੂਕੀਆਂ ਦੇ ਖਮੀਰ ਥੋਂ ਹੁਸ਼ਿਆ ੦
ਰ ਰਹੋ ॥੭॥ ਅਤੇ ਓਹ ਆਪੋ ਵਿੱਚ ਵਿਚਾਰ ਕਰਕੇ ਕਹਿਣ ਲੱਗੇ ਭਈ ਅਸੀਂ ਰੋਟੀ ਜੋ ਨਹੀਂ
ਲਿਆਏ ॥੮॥ ਪਰ ਯਿਸੂ ਨੇ ਇਹ ਜਾਣ ਕੇ ਕਿਹਾ ਹੇ ਥੋੜੀ ਪਰਤੀਤ ਵਾਲਿਓ ਤੁਸੀਂ ਆਪੋ ਵਿੱ-
ਚ ਕਿਉਂ ਵਿਚਾਰ ਕਰਦੇ ਹੋ ਜੋ ਸਾਡੇ ਕੋਲ ਰੋਟੀਆਂ ਨਹੀਂ ਹਨ ॥੯॥ ਭੁਲਾ ਤੁਸੀਂ ਅਜੇ ਨਹੀਂ ਸਮ-
ਝਦੇ ਹੋ ਅਤੇ ਉਨਾਂ ਪੰਜਾਂ ਹਜ਼ਾਰਾਂ ਦੀਆਂ ਪੰਜ ਰੋਟੀਆਂ ਨੂੰ ਚੇਤੇ ਨਹੀਂ ਰੱਖਦੇ ਅਰ ਤੁਸਾਂ ਕਿੰਨੀ-
ਆਂ ਟੋਕਰੀਆਂ ਚੁੱਕ ਲਈਆਂ ॥ ੧੦॥ ਅਤੇ ਨਾ ਉਨਾਂ ਚੌਹ ਹਜ਼ਾਰਾਂ ਦੀਆਂ ਸੱਤ ਰੋਟੀਆਂ ਨੂੰ ਅ-
ਰ ਤੁਸਾਂ ਕਿੰਨੇ ਟੋਕਰੇ ਚੁੱਕ ਲਏ ਸਨ ॥੧੧॥ ਕਿਉਂ ਨਹੀਂ ਤੁਸੀਂ ਸਮਝਦੇ ਜੋ ਮੈਂ ਤੁਹਾ ਨੂੰ ਰੋਟੀਆ ੦
ਦੀ ਗੱਲ ਨਹੀਂ ਆਖੀ ਪਰ ਫਰੀਸੀਆਂ ਅਤੇ ਸਦੂਕੀਆਂ ਦੇ ਖਮੀਰ ਥੋਂ ਹੁਸ਼ਿਆਰ ਰਹੋ ॥੧੨
॥ ਤਦ ਓਹ ਸਮਝੇ ਭਈ ਉਸ ਨੇ ਰੋਟੀ ਦੇ ਖਮੀਰ ਥੋਂ ਨਹੀਂ ਸਗੋਂ ਫਰੀਸੀਆਂ ਅਤੇ ਸਦੂਕੀਆਂ
ਦੀ ਸਿੱਖਿਆ ਥੋਂ ਹੁਸ਼ਿਆਰ ਰਹਿਣ ਨੂੰ ਆਖਿਆ ਸੀ ॥ ॥੧੩॥ ਅਤੇ ਯਿਸੂ ਨੇ
ਕੈਸਰੀਆ ਫਿਲਿੱਪੀ ਦੇ ਇਲਾਕੇ ਵਿੱਚ ਆਣ ਕੇ ਆਪਣੇ ਸਿੱਖਾਂ ਨੂੰ ਇਹ ਕਹਿ ਕੇ ਪੁੱਛਿਆ
ਜੋ ਲੋਕ ਮਨੁੱਖ ਦੇ ਪੁੜ ਦੇ ਹੱਕ ਵਿੱਚ ਕੀ ਕਹਿੰਦੇ ਹਨ ਕਿ ਉਹ ਕੌਣ ਹੈ ॥੧੪॥ ਓਹ ਬੋਲੇ ਕਈ

Original with
Language Department Punjab
Digitized by:
Panjab Digital Library

ਭਾਂ ਯੂਹੱਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਹਨ ਅਤੇ ਕਈ ਇਲੀਆਸ ਅਤੇ ਕਈ ਯਿਰਮੀਆ ਜਾਂ ਪਿਕੰਬਰਾਂ ਵਿੱਚੋਂ ਕੋਈ ॥੧੫॥ ਉਸ ਨੇ ਉਨਾਂ ਨੂੰ ਕਿਹਾ ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ ॥੧੬॥ ਸਮਊਨ ਪਤਰਸ ਨੇ ਉੱਤਰ ਦਿੱਤਾ ਤੂੰ ਮਸੀਹ ਜੀਉਂਦੇ ਪਰਮੇਸੁਰ ਦਾ ਪੁਤ੍ਰ ਹੈਂ ॥੧੭॥ ਯਿਸੂ ਨੇ ਉਹ ਨੂੰ ਉੱਤਰ ਦਿੱਤਾ ਧੰਨ ਹੈਂ ਤੂੰ ਸਮਊਨ ਯੂਨਸ ਦੇ ਪੁਤ੍ਰ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਬਲਕ ਮੇਰੇ ਪਿਤਾ ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ ॥੧੮॥ ਅਤੇ ਮੈਂ ਭੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਪੱਥਰ ਪੁਰ ਆਪਣੀ ਕਲੀਸਿਯਾ ਬਣਾਵਾਂਗਾ ਅਤੇ ਪਤਾਲ ਦੇ ਦਰਵਾਜ਼ਿਆਂ ਦਾ ਉਹ ਦੇ ਉੱਤੇ ਕੁਛ ਵੱਸ ਨਾ ਚੱਲੂਗਾ ॥੧੯॥ ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਛ ਤੂੰ ਧਰਤੀ ਉੱਤੇ ਬੰਨੇਂਗਾ ਸੁਰਗ ਵਿੱਚ ਬੰਨ੍ਹਿਆ ਜਾਊ ਅਤੇ ਜੋ ਕੁਛ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਊ ॥੨੦॥ ਤਦ ਉਹ ਨੇ ਸਿੱਖਾਂ ਨੂੰ ਤਗੀਦ ਕੀਤੀ ਭਈ ਕਿਸੇ ਨੂੰ ਨਾ ਦੱਸੋ ਜੋ ਮੈਂ ਮਸੀਹ ਹਾਂ ॥

॥੨੧॥ ਉਸ ਸਮੇ ਤੋਂ ਯਿਸੂ ਆਪਣੇ ਸਿੱਖਾਂ ਨੂੰ ਦੱਸਣ ਲੱਗਾ ਭਈ ਮੈਨੂੰ ਜਰੂਰ ਹੈ ਜੋ ਯਰੂਸ਼ਲੀਮ ਨੂੰ ਜਾਵਾਂ ਅਤੇ ਬੁਜ਼ੁਰਗਾਂ ਅਤੇ ਪਰਧਾਨ ਜਾਜਕਾਂ ਅਤੇ ਰੀਖੀਆਂ ਦੇ ਹੱਥੋਂ ਬਹੁਤ ਦੁਖ ਝੱਲਾਂ ਅਤੇ ਮਾਰਿਆ ਜਾਵਾਂ ਅਤੇ ਤੀਏ ਦਿਨ ਜੀ ਉਠਾਂ ॥੨੨॥ ਤਦ ਪਤਰਸ ਉਹ ਨੂੰ ਇੱਕ ਪਾਸੇ ਕਰਕੇ ਝਿੜਕਣ ਲੱਗਾ ਅਤੇ ਉਹ ਨੂੰ ਕਿਹਾ ਪ੍ਰਭੂ ਜੀ ਤੇਰੀ ਖੈਰ ਹੋਵੇ। ਤੇਰੇ ਉੱਤੇ ਇਹ ਕਦੇ ਨਾ ਹੋਣਾ ॥੨੩॥ ਪਰ ਉਹ ਨੇ ਮੁੜਕੇ ਪਤਰਸ ਨੂੰ ਕਿਹਾ

Original with:
Language Department Punjab
Digitized by:
Panjab Digital Library

ਹੇਸ਼ਤਾਨ ਮੇਰੇ ਅੱਗੋਂ ਚੱਲਿਆ ਜਾਹ। ਤੂੰ ਮੇਰੇ ਲਈ ਠੋਕਰ ਹੈਂ ਕਿਉਂਜੋ ਤੂੰ ਪਰਮੇਸ਼ੁਰ ਦੀਆਂ ਨ-
ਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ॥੨੪॥ ਤਦ ਜਿਸ਼ੂ ਨੇ ਆਪਣੇ ਸਿੱਖਾਂ ਨੂੰ
ਕਿਹਾ ਜੇ ਕੋਈ ਮੇਰੇ ਪਿੱਛੇ ਆਇਆ ਚਾਹੇ ਤਾਂ ਆਪਣੇ ਮਨ ਨੂੰ ਮਾਰੇ ਅਤੇ ਆਪਣੀ ਸ਼ਲੀਬ
ਚੁੱਕ ਕੇ ਮੇਰੇ ਪਿੱਛੇ ਚੱਲੇ॥੨੫॥ ਕਿਉਂਕਿ ਜਿਹੜਾ ਆਪਣੀ ਜਾਨ ਬਚਾਇਆ ਚਾਹੇ ਉਹ ਉਸ
ਨੂੰ ਗੁਆ ਦੇਊ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਲੱਭ ਲਊ॥੨੬॥
ਕਿਉਂਕਿ ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕੁਮਾਵੇ ਪਰ ਆਪਣੀ ਜਾਨ ਨੂੰ ਗੁਆਵੇ ਅਥਵਾ ਮਨੁੱਖ
ਆਪਣੀ ਜਾਨ ਦੇ ਬਦਲੇ ਕੀ ਦੇਊਗਾ॥੨੭॥ ਕਿਉਂਜੋ ਮਨੁੱਖ ਦਾ ਪੁਤ੍ਰ ਆਪਣੇ ਦੂਤਾਂ ਸਣੇ ਆਪਣੇ ਪਿ-
ਤਾ ਦੇ ਤੇਜ ਨਾਲ ਆਊਗਾ ਅਤੇ ਉਸ ਸਮੇ ਉਹ ਹਰੇਕ ਨੂੰ ਉਹ ਦੀ ਕਰਣੀ ਮੂਜਬ ਫਲ ਦੇਊ॥੨੮॥
ਮੈਂ ਤੁਹਾਨੂੰ ਸੱਤ ਆਖਦਾ ਹਾਂ ਜੋ ਕਈ ਇਨਾਂ ਵਿੱਚੋਂ ਜੇਹੜੇ ਐੱਥੇ ਖੜੇ ਹਨ ਮੌਤ ਦਾ ਸੁਆਦ ਨਾ ਚੱ-
ਖਣਗੇ ਜਦ ਤੋੜੀ ਮਨੁੱਖ ਦੇ ਪੁੱਤ੍ਰ ਨੂੰ ਆਪਣੇ ਰਾਜ ਵਿੱਚ ਆਉਂਦਾ ਨਾ ਵੇਖਣ॥

੧੭ਕਾਂਡ॥ ਅਤੇ ਛਿਆਂ ਦਿਨਾਂ ਪਿੱਛੋਂ ਜਿਸ਼ੂ ਪਤਰਸ ਅਤੇ ਯਾਕੂਬ ਅਤੇ ਉਹ ਦੇ ਭਾਈ ਯੂ-
ਹੰਨਾ ਨੂੰ ਨਾਲ ਲੈਕੇ ਉਨਾਂ ਨੂੰ ਇੱਕ ਉੱਚੇ ਪਹਾੜ ਉੱਤੇ ਨਿਰਾਲੇ ਵਿੱਚ ਲੈ ਗਿਆ॥
੨॥ ਅਤੇ ਉਹ ਦਾ ਰੂਪ ਉਨਾਂ ਦੇ ਸਾਹਮਣੇ ਬਦਲ ਗਿਆ ਅਰ ਉਹ ਦਾ ਮੂੰਹ ਸੂਰਜ ਵਾਂਙੂ ਚਮ-
ਕਿਆ ਅਤੇ ਉਹ ਦੇ ਲੀੜੇ ਚਾਨਣ ਜੇਹੇ ਚਿੱਟੇ ਹੋ ਗਏ॥੩॥ ਅਰ ਵੇਖੋ ਜੋ ਮੂਸਾ ਅਤੇ ਇਲੀਆ
ਸ਼ ਉਸ ਨਾਲ ਗੱਲਾਂ ਕਰਦੇ ਉਨਾਂ ਨੂੰ ਵਿਖਾਲੀ ਦਿੱਤੇ॥੪॥ ਤਦ ਪਤਰਸ ਨੇ ਅੱਗੋਂ ਯਿਸ਼ੂ ਨੂੰ ਆਖਿ

Original with:
Language Department Punjab
Digitized by:
Panjab Digital Library

ਆ ਪ੍ਰਭੂ ਜੀ ਸਾਡਾ ਐੱਥੇ ਹੋਣਾ ਅੱਛਾ ਹੈ। ਜੇ ਤੂੰ ਚਾਹੇਂ ਤਾਂ ਮੈਂ ਐੱਥੇ ਤਿੰਨ ਡੇਰੇ ਬਣਾਵਾਂ ਇੱਕ ਤੇਰੇ
ਅਤੇ ਇੱਕ ਮੂਸਾ ਅਤੇ ਇੱਕ ਇਲੀਆਸ ਦੇ ਲਈ ॥੫॥ ਉਹ ਅਜੇ ਬੋਲਦਾ ਹੀ ਸੀ ਕਿ ਵੇਖੋ ਇੱ-
ਕ ਜੋਤਮਾਨ ਬੱਦਲ ਨੇ ਉਨ੍ਹਾਂ ਉੱਤੇ ਛਾਉਂ ਕੀਤੀ ਅਤੇ ਵੇਖੋ ਉਸ ਬੱਦਲ ਵਿੱਚੋਂ ਇੱਕ ਅਵਾਜ ਇ-
ਹ ਕਹਿੰਦੀ ਆਈ ਜੋ ਇਹ ਮੇਰਾ ਪਿਆਰਾ ਪੁਤ੍ਰ ਹੈ ਜਿਸ ਥੋਂ ਮੈਂ ਪਰਸੰਨ ਹਾਂ। ਉਹ ਦੀ ਸੁਣੋ ॥੬
॥ ਅਤੇ ਸਿੱਖ ਇਹ ਸੁਣਕੇ ਮੂੰਧੇ ਮੂੰਹ ਡਿਗ ਪਏ ਅਤੇ ਬਹੁਤ ਡਰੇ ॥੭॥ ਅਰ ਜਿਸੂ ਨੇ ਨੇੜੇ ਆ-
ਣ ਕੇ ਉਨ੍ਹਾਂ ਨੂੰ ਛੋਹਿਆ ਅਤੇ ਕਿਹਾ ਉੱਠੋ ਅਤੇ ਨਾ ਡਰੋ ॥੮॥ ਤਦ ਉਨ੍ਹਾਂ ਨੇ ਆਪਣੀਆਂ ਅੱਖੀ-
ਆਂ ਚੁੱਕ ਕੇ ਹੋਰ ਕਿਸੇ ਨੂੰ ਨਹੀਂ ਪਰ ਇੱਕਲੇ ਜਿਸੂ ਨੂੰ ਡਿੱਠਾ ॥ ॥੯॥ ਅਤੇ ਜਾਂ ਉ-
ਹ ਪਹਾੜੋਂ ਉੱਤਰਦੇ ਸਨ ਤਾਂ ਜਿਸੂ ਨੇ ਉਨ੍ਹਾਂ ਨੂੰ ਹੁਕਮ ਕੀਤਾ ਭਈ ਜਦ ਤੀਕ ਮਨੁੱਖ ਦਾ ਪੁਤ੍ਰ
ਮੁਰਦਿਆਂ ਵਿੱਚੋਂ ਨਾ ਜੀ ਉੱਠੇ ਇਸ ਦਰਸਣ ਦੀ ਗੱਲ ਕਿਸੇ ਨੂੰ ਨਾ ਦੱਸਿਓ ॥੧੦॥ ਤਦ ਉਹ
ਦੇ ਸਿੱਖਾਂ ਨੇ ਉਸ ਨੂੰ ਪੁੱਛਿਆ ਫੇਰ ਗ੍ਰੰਥੀ ਕਿਉਂ ਆਖਦੇ ਹਨ ਜੋ ਇਲੀਆਸ ਦਾ ਪਹਿਲਾਂ ਆ-
ਉਣਾ ਜਰੂਰ ਹੈ ॥੧੧॥ ਉਸ ਨੇ ਉੱਤਰ ਦਿੱਤਾ ਜੋ ਇਲੀਆਸ ਠੀਕ ਆਉਂਦਾ ਹੈ ਅਤੇ ਸਭੋ ਕੁਛ
ਮੁੜਕੇ ਸੁਆਰੂਗਾ ॥੧੨॥ ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਇਲੀਆਸ ਤਾਂ ਆ ਚੁੱਕਿਆ
ਅਤੇ ਉਨ੍ਹਾਂ ਨੇ ਉਹ ਨੂੰ ਨਾ ਪਛਾਣਿਆ। ਪਰ ਜੋ ਕੁਛ ਉਨ੍ਹਾਂ ਨੇ ਚਾਹਿਆ ਸੋ ਉਹ ਦੇ ਨਾਲ ਕੀਤਾ।
ਇਸੇ ਤਰਾਂ ਮਨੁੱਖ ਦਾ ਪੁਤ੍ਰ ਬੀ ਉਨ੍ਹਾਂ ਦੇ ਹੱਥੋਂ ਦੁਖ ਪਾਊਗਾ ॥੧੩॥ ਤਦ ਸਿੱਖਾਂ ਨੇ ਸਮਝਿਆ ਜੋ
ਉਹ ਨੇ ਸਾਡੇ ਨਾਲ ਯੂਹੱਨਾ ਬਪਤਿਸਮਾ ਦੇਣ ਵਾਲੇ ਦੀ ਗੱਲ ਕੀਤੀ ਹੈ ॥ ॥੧੪॥

Original with:
Language Department Punjab
Digitized by:
Panjab Digital Library

ਅਤੇ ਜਦ ਓਹ ਭੀੜ ਦੇ ਕੋਲ ਪਹੁੰਚੇ ਤਦ ਇੱਕ ਮਨੁੱਖ ਉਸ ਪਾਸ ਆਇਆ ਅਤੇ ਉਹ ਦੇ ਅੱਗੇ ਗੋ-
ਡੇ ਨਿਵਾ ਕੇ ਬੋਲਿਆ ॥੧੫॥ ਪ੍ਰਭੂ ਜੀ ਮੇਰੇ ਪੁੜ ਉੱਤੇ ਦਯਾ ਕਰ ਕਿਉਂ ਜੋ ਉਹ ਮਿਰਗੀ ਦੇ ਮਾਰੇ ਬ-
ਹੁਤ ਦੁਖ ਪਾਉਂਦਾ ਹੈ। ਕਿਉਂਕਿ ਉਹ ਬਹੁਤ ਵਾਰੀ ਅੱਗ ਵਿੱਚ ਅਤੇ ਬਹੁਤ ਵਾਰੀ ਪਾਣੀ ਵਿੱਚ ਡਿ-
ਗ ਪੈਂਦਾ ਹੈ ॥੧੬॥ ਅਤੇ ਮੈਂ ਉਸ ਨੂੰ ਤੇਰੇ ਸਿੱਖਾਂ ਕੋਲ ਲਿਆਇਆ ਸੀ ਅਰ ਓਹ ਉਸ ਨੂੰ ਚੰਗਾ ਨ
ਕਰ ਸੱਕੇ ॥੧੭॥ ਤਦ ਯਿਸੂ ਨੇ ਉੱਤਰ ਦਿੱਤਾ ਹੇ ਬੇਪਰਤੀਤ ਅਤੇ ਉਲਟੀ ਪੀੜ੍ਹੀ ਕਦ ਤੋੜੀ ਮੈਂ ਤੁ-
ਹਾਡੇ ਸੰਗ ਰਹਾਂਗਾ। ਕਦ ਤੋੜੀ ਤੁਹਾਡੀ ਸਹਾਂਗਾ। ਉਹ ਨੂੰ ਮੇਰੇ ਕੋਲ ਲਿਆ ॥੧੮॥ ਅਤੇ
ਯਿਸੂ ਨੇ ਉਹ ਨੂੰ ਝਿੜਕਿਆ ਅਤੇ ਭੂਤ ਉਸ ਵਿੱਚੋਂ ਨਿੱਕਲ ਗਿਆ ਅਰ ਮੁੰਡਾ ਉਸੇ ਘੜੀ ਓਂ ਚੰ-
ਗਾ ਹੋ ਰਿਆ ॥੧੯॥ ਤਦ ਸਿੱਖਾਂ ਨੇ ਨਿਰਾਲੇ ਵਿੱਚ ਯਿਸੂ ਦੇ ਕੋਲ ਆਣ ਕੇ ਆਖਿਆ ਕਿ ਅਸੀਂ
ਉਹ ਨੂੰ ਕਿਉਂ ਨਾ ਕੱਢ ਸੱਕੇ ॥੨੦॥ ਉਸ ਨੇ ਉਨਾਂ ਨੂੰ ਕਿਹਾ ਆਪਣੀ ਘਟ ਨਿਹਚਾ ਦੇ ਸਬੱਬ ਕਿ-
ਉਂ ਜੋ ਮੈਂ ਤੁਹਾਨੂੰ ਸੱਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ
ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਥੋਂ ਹਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾ-
ਊਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਊਗਾ ॥ ॥੨੨॥ ਜਦ ਓਹ ਗਲੀਲ
ਵਿੱਚ ਫਿਰਦੇ ਸਨ ਯਿਸੂ ਨੇ ਉਨਾਂ ਨੂੰ ਕਿਹਾ ਮਨੁੱਖ ਦਾ ਪੁੜ ਮਨੁੱਖਾਂ ਦੇ ਹੱਥ ਫੜਵਾਇਆ ਜਾਊਗਾ
॥੨੩॥ ਅਤੇ ਓਹ ਉਸ ਨੂੰ ਮਾਰ ਸੁੱਟਣਗੇ ਅਤੇ ਉਹ ਤੀਏ ਦਿਨ ਜੀ ਉੱਠੂ। ਤਾਂ ਓਹ ਬਹੁਤ ਉਦਾਸ ਹੋ-
ਏ ॥ ॥੨੪॥ ਜਾਂ ਓਹ ਕਫ਼ਰਨਾਹੂਮ ਵਿੱਚ ਆਏ ਤਾਂ ਮੰਦਰ ਦੀ ਕਾਰ ਉਗਰਾਹੁਣ ਵਾਲੇ

Original with:
Language Department Punjab
Digitized by:
Panjab Digital Library

ਆਂਨੈ ਪਤਰਸ ਦੇ ਕੋਲ੍ਹ ਆਣਕੇ ਕਿਹਾ ਕੀ ਤੁਹਾਡਾ ਗੁਰੂ ਮੰਦਰ ਦੀ ਕਾਰ ਨਹੀਂ ਦਿੰਦਾ। ਉਹ ਨੈ ਕਿ
ਹਾਹਾਂ ਦਿੰਦਾ ਹੈ ॥੨੫॥ ਅਰ ਜਦ ਉਹ ਘਰ ਵਿੱਚ ਆਇਆ ਤਦ ਯਿਸੂ ਨੈ ਅੱਗੋਂ ਹੀ ਉਸ ਨੂੰ
ਕਿਹਾ ਸਮਉਨ ਤੂੰ ਕੀ ਸਮਝਦਾ ਹੈਂ ਜੋ ਧਰਤੀ ਦੇ ਰਾਜੇ ਕਿਨਾਂ ਥੋਂ ਕਰ ਜਾਂ ਜੋਜਯਾ ਲੈਂਦੇ ਹਨ। ਆ
ਪਣੇ ਪੁਤ੍ਰਾਂ ਥੋਂ ਜਾਂ ਪਰਾਇਆਂ ਥੋਂ ॥੨੬॥ ਜਦ ਉਹ ਬੋਲਿਆ ਪਰਾਇਆਂ ਥੋਂ ਤਦ ਯਿਸੂ ਨੈ ਉਹ ਨੂੰ
ਆਖਿਆ ਫੇਰ ਪੁਤ੍ਰ ਤਾਂ ਮਾਫ ਹੋਏ ॥੨੭॥ ਪਰ ਇਸ ਲਈ ਜੋ ਅਸੀਂ ਉਨਾਂ ਨੂੰ ਠੋਕਰ ਨਾ ਖੁ-
ਆਇਜੇ ਤੂੰ ਜਾਕੇ ਦਰਿਆਉ ਵਿੱਚ ਕੁੰਡੀ ਸੁੱਟ ਅਰ ਜੋ ਮੱਛੀ ਪਹਿਲਾਂ ਨਿੱਕਲੇ ਉਹ ਨੂੰ ਚੁੱਕ ਅ
ਤੇ ਤੂੰ ਉਹ ਦਾ ਮੂੰਹ ਖੋਲਕੇ ਇੱਕ ਰੁਪੱਯਾ ਵੇਖੇਂਗਾ ਸੋ ਉਹ ਨੂੰ ਲੈਕੇ ਮੇਰੇ ਅਤੇ ਆਪਣੇ ਬਦਲੇ ਉ-
ਨਾਂ ਨੂੰ ਦੇ ਦੇਈਂ ॥

੧੮ ਕਾਂਡ ॥ ਉਸੇ ਘੜੀ ਸਿੱਖ ਯਿਸੂ ਕੋਲ੍ਹ ਆਣਕੇ ਬੋਲੇ ਜੋ ਸੁਰਗ ਦੇ ਰਾਜ ਵਿੱਚ ਹੋਰਨ
ਨਾਲੇਂ ਵਡਾ ਕੌਣ ਹੈ ॥੨॥ ਤਦ ਉਸ ਨੈ ਇੱਕ ਛੋਟੇ ਬਾਲਕ ਨੂੰ ਕੋਲ੍ਹ ਸੱਦਕੇ ਉ-
ਸ ਨੂੰ ਉਨਾਂ ਦੇ ਵਿਚਾਲੇ ਖੜਾ ਕੀਤਾ ॥੩॥ ਅਤੇ ਕਿਹਾ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭਈ ਜੇ ਤੁ-
ਸੀਂ ਨਾ ਮੁੜੋ ਅਤੇ ਛੋਟਿਆਂ ਬਾਲਕਾਂ ਵਾਂਙੂ ਨਾ ਬਣੋਂ ਤਾਂ ਸੁਰਗ ਦੇ ਰਾਜ ਵਿੱਚ ਕਦੇ ਨਾ ਵੜੋਗੇ ॥
੪॥ ਉਪਰੰਦ ਜੋ ਕੋਈ ਆਪਣੇ ਆਪ ਨੂੰ ਇਸ ਬਾਲਕ ਵਾਂਙੂ ਛੋਟਾ ਜਾਣੇ ਸੋਈ ਸੁਰਗ ਦੇ ਰਾਜ
ਵਿੱਚ ਹੋਰਨਾਂ ਨਾਲੇਂ ਵਡਾ ਹੈ ॥੫॥ ਅਤੇ ਜੋ ਕੋਈ ਮੇਰੇ ਨਾਉਂ ਕਰਕੇ ਅਜਿਹੇ ਇੱਕ ਬਾਲਕ ਨੂੰ ਅੰ-
ਗੀਕਾਰ ਕਰੇ ਸੋ ਮੈ ਨੂੰ ਅੰਗੀਕਾਰ ਕਰਦਾ ਹੈ ॥੬॥ ਪਰ ਜੋ ਕੋਈ ਇਨਾਂ ਛੋਟਿਆਂ ਵਿੱਚੋਂ ਜੇਹੜੇ ਮੇ-

Original with:
Language Department Punjab
Digitized by:
Panjab Digital Library

ਰੇਉੱਤੇ ਨਿਹਚਾ ਕਰਦੇ ਹਨ ਇੱਕ ਨੂੰ ਠੋਕੁਰ ਖੁਆਵੇ ਉਹ ਦੇ ਲਈ ਚੰਗਾ ਸੀ ਜੋ ਖਰਾਸ ਦਾ ਪੁੜ
ਉਹ ਦੇ ਗਲ੍ਹ ਵਿੱਚ ਬੰਨ੍ਹਿਆ ਜਾਂਦਾ ਅਤੇ ਉਹ ਸਮੁੰਦਰ ਦੇ ਡੂੰਘਾਣ ਵਿੱਚ ਡੋਬਿਆ ਜਾਂਦਾ ॥੭॥
ਠੋਕੁਰਾਂ ਦੇ ਸਬੱਬ ਜਗਤ ਉੱਤੇ ਹਾਇ ਹਾਇ ਕਿਉਂ ਜੋ ਠੋਕੁਰ ਦਾ ਲੱਗਣਾ ਤਾਂ ਜਰੂਰ ਹੈ ਪਰ ਹਾ-
ਇ ਉਸ ਮਨੁੱਖ ਉੱਤੇ ਜਿਸ ਕਰਕੇ ਠੋਕੁਰ ਲੱਗਦੀ ਹੈ ॥੮॥ ਪਰ ਜੇ ਤੇਰਾ ਹੱਥ ਜਾਂ ਤੇਰਾ ਪੈਰ ਤੈਨੂੰ
ਠੋਕੁਰ ਖੁਆਵੇ ਤਾਂ ਉਹ ਨੂੰ ਵੱਢ ਕੇ ਆਪਣੇ ਪਾਸੇ ਸੁੱਟ ਦਿਹ। ਟੁੰਡਾ ਜਾਂ ਲੀਡਾ ਹੋਕੇ ਜੀਉਣ ਵਿੱਚ
ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਜੋ ਦੋ ਹੱਥ ਜਾਂ ਦੋ ਪੈਰ ਹੁੰਦਿਆਂ ਤੂੰ ਸਦੀਪਕ ਅੱਗ ਵਿੱਚ
ਸੁੱਟਿਆ ਜਾਵੇਂ ॥੯॥ ਅਤੇ ਜੇ ਤੇਰੀ ਅੱਖ ਤੈਨੂੰ ਠੋਕੁਰ ਖੁਆਵੇ ਤਾਂ ਉਹ ਨੂੰ ਕੱਢ ਕੇ ਆਪਣੇ ਪਾਸੇ
ਸੁੱਟ ਦਿਹ। ਕਾਣਾ ਹੋਕੇ ਜੀਉਣ ਵਿੱਚ ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਕਿ ਦੋ ਅੱਖੀਆਂ ਹੁੰ-
ਦਿਆਂ ਤੂੰ ਅੱਗ ਦੇ ਨਰਕ ਵਿੱਚ ਸੁੱਟਿਆ ਜਾਵੇਂ ॥੧੦॥ ਖਬਰਦਾਰ ਤੁਸੀਂ ਇਨ੍ਹਾਂ ਛੋਟਿਆਂ ਵਿੱਚੋਂ
ਕਿਸੇ ਨੂੰ ਤੁੱਛ ਨਾ ਜਾਣੋ ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਸੁਰਗ ਵਿੱਚ ਉਨ੍ਹਾਂ ਦੇ ਦੂਤ ਮੇਰੇ
ਪਿਤਾ ਦਾ ਜੋ ਸੁਰਗ ਵਿੱਚ ਹੈ ਮੁੰਹ ਸਦਾ ਵੇਖਦੇ ਹਨ ॥੧੧॥ ਤੁਸੀਂ ਕੀ ਸਮਝਦੇ ਹੋ ਜੇ ਕਿਸੇ
ਮਨੁੱਖ ਦੀਆਂ ਸੌ ਭੇਡਾਂ ਹੋਣ ਅਤੇ ਉਨ੍ਹਾਂ ਵਿੱਚੋਂ ਇੱਕ ਰਾਹ ਜਾਵੇ ਤਾਂ ਉਹ ਕਿਆ ਉਨ੍ਹਾਂ ਨਾਹਿੰ
ਨਵਿਆਂ ਨੂੰ ਛੱਡ ਕੇ ਅਤੇ ਪਹਾੜਾਂ ਉੱਤੇ ਜਾਕੇ ਉਸ ਰਾਹ ਦੀ ਹੋਈ ਨੂੰ ਨਾ ਭਾਲੂ ॥੧੨॥ ਅਤੇ ਮੈਂ
ਤੁਹਾਨੂੰ ਸੱਤ ਆਖਦਾ ਹਾਂ ਭਈ ਜੇ ਐਉਂ ਹੋਵੇ ਜੋ ਉਹ ਨੂੰ ਲੱਭੇ ਤਾਂ ਉਹ ਉਸ ਦੇ ਕਾਰਨ ਉਨ੍ਹਾਂ ਨਾਹਿੰ-
ਨਵਿਆਂ ਨਾਲੋਂ ਜੋ ਰਾਹ ਨਾ ਗਈਆਂ ਸੀਆਂ ਬਹੁਤ ਅਨੰਦ ਹੋਊ ॥੧੪॥ ਇਸੇ ਤ-

Original with:
Language Department Punjab
Digitized by:
Panjab Digital Library

ਰਾਂਤੁਹਾਡੇਪਿਤਾਦੀਜਿਹੜਾਸੁਰਗਾਵਿੱਚ ਹੈਮਰਜੀਨਹੀਂਜੋਇਨਾਂਛੋਟਿਆਂਵਿੱਚੋਂਇੱਕਦਾਬੀ
ਨਾਸ਼ਹੋਜਾਵੇ॥ ॥੧੫॥ਜੇਤੇਰਾਭਾਈਤੇਰਾਗੁਨਾਹਕਰੇਤਾਂਜਾਹ ਅਰਉਹਦੇਸੰਗਾ
ਕੱਲਾਹੋਕੇਉਹਨੂੰਸਮਝਾਦਿਹ।ਜੇਉਹਤੇਰੀਸੁਣੇਤਾਂਤੈਂਆਪਣੇਭਾਈਨੂੰਲੱਭਲਿਆ॥੧੬
॥ਪਰਜੇਨਾਸੁਣੇਤਾਂਤੂੰਇੱਕਜਾਂਦੋਜਣੇ ਆਪਣੇਨਾਲ਼ਹੋਰਲੈਤਾਂਹਰੇਕਬਾਤਦੋਜਾਂਤਿੰਨਉਗਾ
ਹਾਂਦੇਮੂਹੋਂਸਾਬਤਹੋਜਾਵੇ॥੧੭॥ਅਰਜੇਉਹਉਨਾਂਦੀਨਾਸੁਣੇਤਾਂਕਲੀਸਿਯਾਨੂੰਖਬਰਦਿਹ
।ਫੇਰਜੇਉਹਕਲੀਸਿਯਾਦੀਬੀਨਾਸੁਣੇਤਾਂਉਹਤੇਰੇ ਅੱਗੇ ਪਰਾਈਕੋਮਵਾਲੇ ਅਤੇ ਮਸੂਲੀਏ
ਵਰਗਾਹੋਵੇ॥੧੮॥ਮੈਂਤੁਹਾਨੂੰਸੱਤ ਆਖਦਾਹਾਂਭਈਜੋਕੁਛਤੁਸੀਂਧਰਤੀਉੱਤੇ ਬੰਨੋਗੇਸੋਸੁ-
ਰਗਾਵਿੱਚ ਬਨਿਆ ਜਾਊ ਅਤੇਜੋਕੁਛਤੁਸੀਂਧਰਤੀਉੱਤੇ ਖੋਲੋਗੇਸੋ ਸੁਰਗਾਵਿੱਚ ਖੋਲਿਆ ਜਾਊ
॥੧੯॥ਫੇਰਮੈਂਤੁਹਾਨੂੰ ਆਖਦਾਹਾਂਜੇਤੁਹਾਡੇਵਿੱਚੋਂਦੋਜਣੇਧਰਤੀਉੱਤੇਕਿਸੇਕੰਮ ਵਾਸਤੇਮਿਲ
ਕੇ ਪ੍ਰਾਰਥਨਾਕਰਨ ਤਾਂਮੇਰੇਪਿਤਾਵਲੋਂਜਿਹੜਾ ਸੁਰਗਾਵਿੱਚ ਹੈਉਨਾਂਲਈਕੀਤਾ ਜਾਊ॥੨੦॥
ਕਿਉਂਕਿਜਿੱਥੇ ਦੋ ਜਾਂਤਿੰਨ ਮੇਰੇ ਨਾਉਂਪੁਰ ਕੱਠੇ ਹੋਣ ਉੱਥੇ ਮੈਂਉਨਾਂ ਦੇਵਿਚਕਾਰ ਹਾਂ॥ ॥
॥੨੧॥ਤਦ ਪਤਰਸ ਨੈਕੋਲ਼ ਆਣਕੇਉਹਨੂੰ ਆਖਿਆ ਪ੍ਰਭੂ ਜੀ ਮੇਰਾ ਭਾਈ ਕਿੰਨੀਵਾਰੀ ਮੇਰਾ
ਗੁਨਾਹ ਕਰੇ ਅਤੇ ਮੈਂਉਹਨੂੰ ਮਾਫ਼ ਕਰਾਂ ਕਿਆ ਸੱਤ ਵਾਰੀ ਤੀਕੁਰ॥੨੨॥ਯਿਸੂ ਨੈਉਹਨੂੰ ਕਿਹਾ
ਮੈਂ ਤੈਨੂੰ ਸੱਤ ਵਾਰੀ ਤੀਕੁਰ ਨਹੀਂ ਆਖਦਾ ਪਰ ਸੱਤਰ ਗੁਣਾ ਸੱਤ ਵਾਰੀ ਤੀਕੁਰ॥੨੩॥ਇਸਲ
ਈ ਸੁਰਗਾਦਾ ਰਾਜ ਇੱਕ ਰਾਜੇ ਵਰਗਾ ਹੈ ਜਿਹ ਨੈ ਆਪਣੇ ਚਾਕਰਾਂ ਥੋਂ ਹਿਸਾਬ ਲੈਣਾ ਚਾਹਿਆ

Original with:
Language Department Punjab
Digitized by:
Panjab Digital Library

॥੨੪॥ ਅਤੇ ਜਾਂ ਉਹ ਹਿਸਾਬ ਲੈਣ ਲੱਗਾ ਤਾਂ ਦਸ ਹਜ਼ਾਰ ਤੋੜੇ ਦੇ ਇੱਕ ਕਰਜ਼ਾਈ ਨੂੰ ਉਸ ਪਾਸ ਲਿ-
ਆਏ॥੨੫॥ ਪਰ ਜਦ ਉਹ ਦੇ ਕੋਲ ਦੇਣ ਨੂੰ ਕੁਛ ਨਾ ਸੀ ਤਦ ਉਹ ਦੇ ਮਾਲਕ ਨੈ ਹੁਕਮ ਦਿੱਤਾ ਜੋ ਉਹ
ਅਤੇ ਉਹ ਦੀ ਤੀਮੀ ਅਤੇ ਉਹ ਦੇ ਬਾਲ ਬੱਚੇ ਅਰ ਸਭ ਕੁਛ ਜੋ ਉਹ ਦਾ ਹੈ ਵੇਚਿਆ ਜਾਵੇ ਅਤੇ ਕ-
ਰਜ ਭਰ ਲਿਆ ਜਾਵੇ॥੨੬॥ ਤਦ ਉਸ ਚਾਕਰ ਨੈ ਪੈਰੀਂ ਪੈ ਕੇ ਉਹ ਨੂੰ ਮੱਥਾ ਟੇਕਿਆ ਅਤੇ ਕਿਹਾ
ਹੇ ਮਹਾਰਾਜ ਮੇਰੇ ਉੱਤੇ ਧੀਰਜ ਕਰ ਤਾਂ ਮੈਂ ਤੇਰਾ ਸਾਰਾ ਕਰਜ ਭਰ ਦਿਆਂਗਾ॥ ੨੭॥ ਤਦ ਉਸ ਚ ੦
ਕਰਦੇ ਮਾਲਕ ਨੈ ਤਰਸ ਖਾ ਕੇ ਉਹ ਨੂੰ ਛੱਡ ਦਿੱਤਾ ਅਤੇ ਕਰਜ ਬੀ ਉਹ ਨੂੰ ਬਖਸ਼ ਦਿੱਤਾ॥੨੮॥ ਜ ੦
ਉਹ ਚਾਕਰ ਬਾਹਰ ਨਿੱਕਲਿਆ ਤਾਂ ਉਹ ਦੇ ਨਾਲ ਦੇ ਚਾਕਰਾਂ ਵਿੱਚੋਂ ਇੱਕ ਉਸ ਨੂੰ ਲੱਭ ਪਿਆ ਜਿ-
ਸ ਥੋਂ ਉਹ ਨੈ ਪੰਜਾਹ ਰੁਪੱਜੇ ਲੈਣੇ ਸੀ ਅਤੇ ਉਸ ਉੱਤੇ ਹੱਥ ਪਾ ਕੇ ਸੰਘੀ ਘੁੱਟ ਲਿਆ ਅਤੇ ਆਖਿ-
ਆ ਕੁਈ ਜੋ ਮੇਰਾ ਨਿੱਕਲਦਾ ਹੈ ਸੋ ਦਿਹ॥੨੯॥ ਤਦ ਉਹ ਦੇ ਨਾਲ ਦਾ ਚਾਕਰ ਉਹ ਦੇ ਪੈਰੀਂ ਪਿਆ ੦
ਅਤੇ ਮਿੰਨਤ ਕਰ ਕੇ ਕਿਹਾ ਮੇਰੇ ਉੱਤੇ ਧੀਰਜ ਕਰ ਤਾਂ ਮੈਂ ਤੇਰਾ ਕਰਜ ਭਰ ਦਿਆਂਗਾ॥੩੦॥ ਪਰ
ਉਸ ਨੈ ਨਾ ਮੰਨਿਆ ਸਗੋਂ ਜਾ ਕੇ ਉਹ ਨੂੰ ਕੈਦ ਵਿੱਚ ਪਾ ਦਿੱਤਾ ਜਿਨਾਂ ਚਿਰ ਕਰਜ ਨਾ ਭਰ ਦੇਵੇ ॥
੩੧॥ ਪਰ ਜਾਂ ਉਹ ਦੇ ਨਾਲ ਦੇ ਚਾਕਰਾਂ ਨੈ ਇਹ ਹਾਲ ਡਿੱਠਾ ਤਾਂ ਵੱਡੇ ਉਦਾਸ ਹੋਏ ਅਤੇ ਜਾ ਕੇ ਅ ੦
ਪਣੇ ਮਾਲਕ ਨੂੰ ਸਾਰਾ ਹਾਲ ਦੱਸ ਦਿੱਤਾ॥੩੨॥ ਤਦ ਉਹ ਦੇ ਮਾਲਕ ਨੈ ਉਹ ਨੂੰ ਆਪਣੇ ਕੋਲ ਸੱ-
ਦ ਕੇ ਕਿਹਾ ਓਇ ਦੁਸਟ ਚਾਕਰ ਮੈਂ ਤੈਂ ਨੂੰ ਉਹ ਸਾਰਾ ਕਰਜ ਛੱਡ ਦਿੱਤਾ ਇਸ ਲਈ ਜੋ ਤੈਂ ਮੇਰੀ ਮਿ-
ਨਤ ਕੀਤੀ॥੩੩॥ ਫੇਰ ਜਿਹੀ ਕੁ ਮੈਂ ਤੇਰੇ ਉੱਤੇ ਦਯਾ ਕੀਤੀ ਕਿਆ ਤੈਂ ਨੂੰ ਆਪਣੇ ਨਾਲ ਦੇ ਚਾਕਰ

Original with:
Language Department Punjab
Digitized by:
Panjab Digital Library

ਉੱਤੇ ਤਿਹੀ ਕੁ ਦਯਾ ਕਰਨੀ ਨਹੀਂ ਸੀ ਚਾਹੀਦੀ ॥ ੩੪ ॥ ਅਤੇ ਉਸ ਦੇ ਮਾਲਕ ਨੈ ਕਰੋਧੀ ਹੋਕੇ ਉਹ
ਨੂੰ ਦੁਖਦਾਇਕਾਂ ਦੇ ਹਵਾਲੇ ਕੀਤਾ ਕਿ ਜਿੰਨਾਂ ਚਿਰ ਸਾਰਾ ਕਰਜ ਭੁਰਨਾ ਦੇਵੇ ਉਨਾਂ ਦੇ ਵੱਸ ਰਹੇ ॥ ੩੫
॥ ਇਸੇ ਤਰਾਂ ਮੇਰਾ ਸੁਰਗੀ ਪਿਤਾ ਬੀ ਤੁਹਾਡੇ ਨਾਲ ਕਰੂ ਜੇ ਤੁਸੀਂ ਆਪਣੇ ਭਾਈਆਂ ਨੂੰ ਆਪਣੇ ਮ
ਨਾਂ ਥੋਂ ਮਾਫ ਨਾ ਕਰੋ ॥

੧੮ ਕਾਂਡ ॥ ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਗਲੀਲ ਥੋਂ ਚੱਲ
ਆਰਿਆ ਅਰ ਯਰਦਨ ਦੇ ਪਾਰ ਯਹੂਦਿਯਾ ਦੀਆਂ ਹੱਦਾਂ ਵਿੱਚ ਆਇਆ ॥ ੨
॥ ਅਤੇ ਬਹੁਤ ਸਾਰੇ ਲੋਕ ਉਹ ਦੇ ਪਿੱਛੇ ਹੋ ਤੁਰੇ ਅਰ ਉਸ ਨੈ ਉਨਾਂ ਨੂੰ ਉੱਥੇ ਚੰਗਾ ਕੀਤਾ ॥
॥ ੩ ॥ ਅਤੇ ਫਰੀਸੀ ਉਹ ਦੇ ਪਰਤਾਉਣ ਲਈ ਉਹ ਦੇ ਕੋਲ ਆਣ ਕੇ ਬੋਲੇ ਕੀ ਮਨੁੱਖ ਨੂੰ ਇਹ ਜੋਗ
ਹੈ ਜੋ ਹਰੇਕ ਸਬੱਬ ਥੋਂ ਆਪਣੀ ਤੀਮੀਂ ਨੂੰ ਤਿਆਗ ਦੇਵੇ ॥ ੪ ॥ ਅਤੇ ਉਸ ਨੈ ਉੱਤਰ ਦਿੱਤਾ ਕੀ ਤੁਸਾਂ
ਇਹ ਨਹੀਂ ਪੜਿਆ ਕੁਈ ਜਿਸ ਨੈ ਉਨਾਂ ਨੂੰ ਬਣਾਇਆ ਉਹ ਨੈ ਮੁੱਢੋਂ ਉਨਾਂ ਨੂੰ ਨਰ ਅਤੇ ਨਾਰੀ ਬਣ
ਇਆ ॥ ੫ ॥ ਅਤੇ ਕਿਹਾ ਜੋ ਇਸ ਲਈ ਮਨੁੱਖ ਆਪਣੇ ਮਾਂ ਪਿਉ ਨੂੰ ਛੱਡੂਗਾ ਅਰ ਆਪਣੀ ਤੀਮੀਂ
ਨਾਲ ਮਿਲਿਆ ਰਹੂਗਾ ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ ॥ ੬ ॥ ਸੋ ਹੁਣ ਓਹ ਦੋ ਨਹੀਂ ਬਲਕ
ਇੱਕ ਸਰੀਰ ਹਨ । ਉਪਰੰਦ ਜੋ ਕੁਛ ਪਰਮੇਸੁਰ ਨੈ ਜੋੜ ਦਿੱਤਾ ਹੈ ਉਹ ਨੂੰ ਮਨੁੱਖ ਅੱਡ ਨਾ ਕਰੇ ॥ ੭ ॥
ਉਨਾਂ ਨੈ ਉਸ ਨੂੰ ਆਖਿਆ ਫੇਰ ਮੂਸਾ ਨੈ ਕਿਉਂ ਤਿਆਗ ਪੜੀ ਦੇਣ ਅਤੇ ਉਹ ਨੂੰ ਤਿਆਗਣ ਦੀ ਆ
ਗਿਆ ਦਿੱਤੀ ॥ ੮ ॥ ਉਸ ਨੈ ਉਨਾਂ ਨੂੰ ਕਿਹਾ ਮੂਸਾ ਨੈ ਤੁਹਾਡੇ ਕਠੋਰ ਮਨ ਕਰਕੇ ਤੁਹਾ ਨੂੰ ਆਪਣੀਆਂ

Original with:
Language Department Punjab
Digitized by:
Panjab Digital Library

ਤੀਮੀਆਂ ਤਿਆਗਣ ਦੀ ਪਰਵਾਨਗੀ ਦਿੱਤੀ ਪਰ ਮੁੱਢੋਂ ਅਜਿਹਾ ਨ ਸੀ ॥੮॥ ਪਰ ਮੈਂ ਤੁਹਾਨੂੰ ਆਖਦ
ਹਾਂ ਭਈ ਜੋ ਕੋਈ ਆਪਣੀ ਤੀਮੀਂ ਨੂੰ ਬਿਨਾ ਹਰਾਮਕਾਰੀ ਦੇ ਕਿਸੇ ਹੋਰ ਸ਼ਬੱਬੇਂ ਤਿਆਗ ਦੇਵੇ ਅਤੇ ਦੂ-
ਈ ਨਾਲ ਵਿਆਹ ਕਰੇ ਸੋ ਜ਼ਾਰੀ ਕਰਦਾ ਹੈ ਅਤੇ ਜਿਹੜਾ ਉਸ ਤਿਆਗੀ ਹੋਈ ਨਾਲ ਵਿਆਹ ਕਰੇ
ਸੋ ਜ਼ਾਰੀ ਕਰਦਾ ਹੈ ॥੯॥ ਸਿੱਖਾਂ ਨੇ ਉਹ ਨੂੰ ਕਿਹਾ ਜੇ ਤੀਮੀਂ ਨਾਲ ਮਨੁੱਖ ਦਾ ਇਹ ਹਾਲ ਹੈ ਤਾਂ ਵਿਆ
ਹ ਕਰਨਾ ਅੱਛਾ ਨਹੀਂ ॥੧੦॥ ਪਰ ਉਸ ਨੇ ਉਨਾਂ ਨੂੰ ਆਖਿਆ ਜੋ ਇਸ ਗੱਲ ਨੂੰ ਸਭ ਲੋਕ ਕਬੂਲ
ਨਹੀਂ ਕਰਦੇ ਪਰ ਓਹ ਜਿਨਾਂ ਨੂੰ ਬਖਸ਼ਿਆ ਗਿਆ ॥੧੨॥ ਕਿਉਂਕਿ ਅਜੇਹੇ ਨਪੁੰਸਕ ਹਨ ਜੋ ਜਹੜੇ
ਮਾਂ ਦੀ ਕੁੱਖੋਂ ਇਸੇ ਤਰਾਂ ਜੰਮੇ ਅਤੇ ਅਜੇਹੇ ਨਪੁੰਸਕ ਹਨ ਜੋ ਜਹੜੇ ਮਨੁੱਖਾਂ ਦੇ ਨਪੁੰਸਕ ਕੀਤੇ ਹੋਏ ਹਨ
ਅਤੇ ਅਜੇਹੇ ਨਪੁੰਸਕ ਹਨ ਕਿ ਜਿਨਾਂ ਨੇ ਸੁਰਗ ਦੇ ਰਾਜ ਦੇ ਕਾਰਨ ਆਪਣੇ ਆਪ ਨੂੰ ਨਪੁੰਸਕ
ਕੀਤਾ ਹੈ। ਜਿਹੜਾ ਕਬੂਲ ਕਰ ਸੱਕਦਾ ਹੈ ਉਹ ਕਬੂਲ ਕਰੇ ॥ ॥੧੩॥ ਤਦ ਛੋਟੇ ਬਾਲ
ਕਾਂ ਨੂੰ ਉਹ ਦੇ ਕੋਲ ਲਿਆਏ ਤਾਂ ਜੋ ਉਹ ਉਨਾਂ ਉੱਤੇ ਹੱਥ ਰੱਖ ਕੇ ਪ੍ਰਾਰਥਨਾ ਕਰੇ ਪਰ ਸਿੱਖਾਂ ਨੇ ਉਨਾਂ ਨੂੰ
ਝਿੜਕਿਆ ॥੧੪॥ ਤਦ ਯਿਸੂ ਨੇ ਆਖਿਆ ਬਾਲਕਾਂ ਨੂੰ ਛੱਡ ਦਿਓ ਅਤੇ ਉਨਾਂ ਨੂੰ ਮੇਰੇ ਕੋਲ ਆਉ
ਣ ਥੀਂ ਨਾ ਵਰਜੋ ਕਿਉਂ ਜੋ ਸੁਰਗ ਦਾ ਰਾਜ ਇਹੋ ਜਿਹਾਂ ਦਾ ਹੈ ॥੧੫॥ ਅਤੇ ਉਹ ਉਨਾਂ ਪੁਰ ਹੱਥ ਰੱਖ ਕੇ ਉੱ
ਥੋਂ ਚੱਲਿਆ ਗਿਆ ॥ ॥੧੬॥ ਅਰ ਵੇਖੋ ਇੱਕ ਜਣੇ ਨੇ ਉਹ ਦੇ ਕੋਲ ਆਣ ਕੇ ਕਿਹਾ ਹੇ ਗੁ-
ਰੂ ਜੀ ਮੈਂ ਕਿਹੜਾ ਭਲਾ ਕੰਮ ਕਰਾਂ ਜੋ ਮੈਨੂੰ ਸਦੀਪਕ ਜੀਉਣ ਮਿਲੇ ॥੧੭॥ ਪਰ ਉਸ ਨੇ ਉਹ ਨੂੰ ਆ
ਖਿਆ ਤੂੰ ਭਲੇ ਦੀ ਬਾਬਤ ਮੈਨੂੰ ਕਿਉਂ ਪੁੱਛਦਾ ਹੈਂ। ਭਲਾ ਤਾਂ ਇੱਕੋ ਹੈ। ਪਰ ਜੇ ਤੂੰ ਜੀਉਣ ਵਿੱਚ ਵੜ

Original with
Language Department Punjab
Digitized by:
Panjab Digital Library

ਨਾ ਚਾਹੁੰਦਾ ਹੈਂ ਤਾਂ ਹੁਕਮਾਂ ਨੂੰ ਮੰਨ ॥੧੮॥ ਉਸ ਨੈ ਉਹ ਨੂੰ ਆਖਿਆ ਕੇਹੜੇ ਹੁਕਮ। ਤਦ ਯਿਸੂ ਨੈ
ਕਿਹਾ ਏਹ ਜੋ ਖੂਨ ਨਾ ਕਰ ਜਾਰੀ ਨਾ ਕਰ ਚੋਰੀ ਨਾ ਕਰ ਝੂਠੀ ਉਗਾਹੀ ਨਾ ਦਿਹ ॥੧੯॥ ਆਪਣੇ ਮਾ ਤੇ
ਪਿਉ ਦਾ ਆਦਰ ਕਰ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ ॥੨੦॥ ਉਸ ਜੁ-
ਆਨ ਨੈ ਉਹ ਨੂੰ ਆਖਿਆ ਮੈਂ ਤਾਂ ਇਨਾਂ ਸਭਨਾਂ ਨੂੰ ਮੰਨਿਆ ਹੈ ਹੁਣ ਮੇਰੇ ਵਿੱਚ ਕੀ ਘਾਟਾ ਹੈ ॥
੨੧॥ ਯਿਸੂ ਨੈ ਉਹ ਨੂੰ ਕਿਹਾ ਜੇ ਤੂੰ ਪੂਰਾ ਬਣਨਾ ਚਾਹੁੰਦਾ ਹੈਂ ਤਾਂ ਜਾਕੇ ਆਪਣਾ ਮਾਲ ਵੇਚ ਅਤੇ
ਕੰਗਾਲਾਂ ਨੂੰ ਦੇ ਦਿਹ ਤਾਂ ਤੈ ਨੂੰ ਸੁਰਗ ਵਿੱਚ ਧਨ ਮਿਲੂਗਾ ਅਤੇ ਆ ਮੇਰੇ ਮਗਰ ਹੋ ਤੁਰ ॥੨੨॥
ਪਰ ਉਸ ਜੁਆਨ ਨੈ ਜਾਂ ਇਹ ਗੱਲ ਸੁਣੀ ਤਾਂ ਉਦਾਸ ਹੋਕੇ ਚੱਲਿਆ ਗਿਆ ਕਿਉਂ ਜੋ ਵੱਡਾ ਮਾਲ-
ਦਾਰ ਸੀ ॥ ॥੨੩॥ ਤਦ ਯਿਸੂ ਨੈ ਆਪਣੇ ਸਿੱਖਾਂ ਨੂੰ ਕਿਹਾ ਮੈਂ ਤੁਹਾਨੂੰ ਸੱਚ ਆਖ-
ਦਾ ਹਾਂ ਜੋ ਧਨਮਾਨ ਦਾ ਸੁਰਗ ਦੇ ਰਾਜ ਵਿੱਚ ਵੜਨਾ ਔਖਾ ਹੈ ॥੨੪॥ ਫੇਰ ਮੈਂ ਤੁਹਾਨੂੰ ਆਖਦਾ
ਹਾਂ ਜੋ ਸੂਈ ਦੇ ਨੱਕੇ ਦੇ ਵਿੱਚ ਦੀ ਊਠ ਦਾ ਲੰਘਣਾ ਐਸ ਨਾਲੋਂ ਸੁਖਾਲਾ ਹੈ ਜੋ ਧਨਮਾਨ ਮਨੁੱਖ
ਪਰਮੇਸ਼ੁਰ ਦੇ ਰਾਜ ਵਿੱਚ ਵੜੇ ॥੨੫॥ ਅਤੇ ਸਿੱਖ ਇਹ ਸੁਣਕੇ ਵੱਡੇ ਹੈਰਾਨ ਹੋਏ ਅਤੇ ਬੋਲੇ ਫੇ-
ਰ ਕਿਹਦੀ ਮੁਕਤਿ ਹੋ ਸੱਕਦੀ ॥੨੬॥ ਤਦ ਯਿਸੂ ਨੈ ਉਨਾਂ ਵਲ ਵੇਖਕੇ ਉਨਾਂ ਨੂੰ ਕਿਹਾ ਇਹ ਮ-
ਨੁੱਖ ਥੋਂ ਅਣਹੋਣਾ ਹੈ ਪਰ ਪਰਮੇਸ਼ੁਰ ਥੋਂ ਸਭੋ ਕੁਛ ਹੋ ਸੱਕਦਾ ਹੈ ॥੨੭॥ ਤਦ ਪਤਰਸ ਨੈ ਉਹ ਨੂੰ
ਉੱਤਰ ਦਿੱਤਾ ਵੇਖ ਅਸੀਂ ਸਭੋ ਕੁਛ ਛੱਡਕੇ ਤੇਰੇ ਮਗਰ ਹੋ ਤੁਰੇ ਹਾਂ ਫੇਰ ਸਾ ਨੂੰ ਕੀ ਲੱਭੂ ॥੨੮॥
ਯਿਸੂ ਨੈ ਉਨਾਂ ਨੂੰ ਕਿਹਾ ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਜਦ ਮਨੁੱਖ ਦਾ ਪੁਤ੍ਰ ਨਵੀਂ ਸਰਿਸਟ

Original with:
Language Department Punjab
Digitized by:
Panjab Digital Library

ਵਿੱਚ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੂਗਾ ਤਦ ਤੁਸੀਂ ਬੀ ਜੋ ਮੇਰੇ ਮਗਰ ਹੋ ਤੁਰੇ ਹੋ ਬਾਰਾਂ ਸਿੰ-
ਘਾਸਣਾਂ ਉੱਤੇ ਬੈਠੋਗੇ ਅਤੇ ਇਸਰਾਈਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ ਕਰੋਗੇ।।੨੮।। ਅ-
ਤੇ ਹਰ ਕੋਈ ਜਿਹ ਨੇ ਘਰਾਂ ਜਾਂ ਭਾਈਆਂ ਜਾਂ ਭੈਣਾਂ ਜਾਂ ਪਿਉ ਜਾਂ ਮਾਂ ਜਾਂ ਬਾਲ ਬੱਚਿਆਂ ਜਾਂ ਜ਼ਮੀ-
ਨ ਨੂੰ ਮੇਰੇ ਨਾਉਂ ਦੇ ਕਾਰਨ ਛੱਡਿਆ ਹੈ ਉਹ ਸੌ ਗੁਣਾ ਪਾਊਗਾ ਅਤੇ ਸਦੀਪਕ ਜੀਉਣ ਦਾ ਵਾਰ-
ਸ ਹੋਊ।।੩੦।। ਪਰ ਬਥੇਰੇ ਜੋ ਪਹਿਲੇ ਹਨ ਸੋ ਪਿਛਲੇ ਹੋਣਗੇ ਅਤੇ ਜੋ ਪਿਛਲੇ ਹਨ ਸੋ ਪਹਿਲੇ
ਹੋਣਗੇ।।

੨੦ ਕਾਂਡ।। ਕਿਉਂ ਜੋ ਸੁਰਗ ਦਾ ਰਾਜ ਇੱਕ ਘਰ ਦੇ ਮਾਲਕ ਵਰਗਾ ਹੈ ਜਿਹੜਾ ਤੜਕੇ ਘਰੋਂ
ਨਿੱਕਲਿਆ ਕੁਈ ਆਪਣੇ ਦਾਖ ਦੇ ਬਾਗ ਵਿੱਚ ਮਜ਼ੂਰ ਲਾਵੇ।।੨।। ਅਤੇ ਜਾਂ
ਉਹ ਨੇ ਮਜ਼ੂਰਾਂ ਨਾਲ ਇੱਕ ਇੱਕ ਅਠਿਆਨੀ ਦਿਹਾੜੀ ਚੁਕਾਲਈ ਤਾਂ ਉਨਾਂ ਨੂੰ ਆਪਣੇ ਬਾ-
ਗ ਵਿੱਚ ਘੱਲ ਦਿੱਤਾ।।੩।। ਅਤੇ ਪਹਿਰ ਕੁ ਦਿਨ ਚੜ੍ਹੇ ਬਾਹਰ ਜਾ ਕੇ ਉਹ ਨੇ ਹੋਰਨਾਂ ਨੂੰ ਬਜਾਰ ਵਿ-
ਚ ਵਿਹਲੇ ਖੜ੍ਹੇ ਵੇਖਿਆ।।੪।। ਅਤੇ ਉਨਾਂ ਨੂੰ ਆਖਿਆ ਤੁਸੀਂ ਬੀ ਬਾਗ ਵਿੱਚ ਜਾਓ ਅਰ ਜੋ
ਹੱਕ ਹੋਵੇ ਸੋ ਤੁਹਾਨੂੰ ਦਿਆਂਗਾ। ਅਤੇ ਓਹ ਗਏ।।੫।। ਫੇਰ ਦੁਪਹਿਰ ਅਰ ਤੀਏ ਪਹਿਰ ਦੇ ਲਗ-
ਭਗ ਬਾਹਰ ਜਾ ਕੇ ਉਹ ਨੇ ਉਸੇ ਤਰਾਂ ਕੀਤਾ।।੬।। ਅਰ ਘੰਟਕੁ ਦਿਨ ਰਹਿੰਦੇ ਬਾਹਰ ਜਾ ਕੇ ਉਹ ਨੇ
ਹੋਰਨਾਂ ਨੂੰ ਖੜ੍ਹੇ ਵੇਖਿਆ ਅਤੇ ਉਨਾਂ ਨੂੰ ਕਿਹਾ ਤੁਸੀਂ ਐੱਥੇ ਸਾਰਾ ਦਿਨ ਕਿਉਂ ਵਿਹਲੇ ਖੜ੍ਹੇ ਰਹੇ ।।
੭।। ਉਨਾਂ ਨੇ ਉਸ ਨੂੰ ਕਿਹਾ ਇਸ ਲਈ ਜੋ ਕਿਨੇ ਸਾ ਨੂੰ ਦਿਹਾੜੀ ਨਾ ਲਾਇਆ। ਉਸ ਨੇ ਉਨਾਂ ਨੂੰ

Original from:
Language Department Punjab
Digitized by:
Panjab Digital Library

ਕਿਹਾ ਤੁਸੀਂ ਬੀ ਬਾਗ ਵਿੱਚ ਜਾਓ ॥੮॥ ਅਤੇ ਜਾਂ ਸੰਝ ਹੋਈ ਬਾਗ ਦੇ ਮਾਲਕ ਨੈ ਆਪਣੇ ਮੁਖ-
ਤਿਆਰ ਨੂੰ ਆਖਿਆ ਭਈ ਮਜੂਰਾਂ ਨੂੰ ਸੱਦੋ ਅਰ ਪਿਛਲਿਆਂ ਥੋਂ ਲਾਕੇ ਪਹਿਲਿਆਂ ਤੀਕੁਰ ਉ-
ਨਾਂ ਨੂੰ ਮਜੂਰੀ ਦੇ ਦਿਓ ॥੯॥ ਅਤੇ ਜਾਂ ਓਹ ਆਏ ਜੇਹੜੇ ਘੰਟਾ ਦਿਨ ਰਹਿੰਦੇ ਕੰਮ ਲੱਗੇ ਸਨ ਤਾਂ ਉ-
ਨਾਂ ਨੂੰ ਇੱਕ ਇੱਕ ਅਠਿੰਆਨੀ ਮਿਲੀ ॥੧੦॥ ਅਤੇ ਜਾਂ ਪਹਿਲੇ ਆਏ ਉਨਾਂ ਇਹ ਸਮਝਿਆ ਭਈ
ਸਾ ਨੂੰ ਕੁਛ ਵੱਧ ਮਿਲੂ ਅਤੇ ਉਨਾਂ ਨੂੰ ਬੀ ਇੱਕੋ ਇੱਕ ਅਠਿਆਨੀ ਮਿਲੀ ॥੧੧॥ ਪਰ ਓਹ ਇਹ
ਲੈਕੇ ਘਰ ਦੇ ਮਾਲਕ ਉੱਤੇ ਕੁੜਨ ਲੱਗੇ ॥੧੨॥ ਅਤੇ ਬੋਲੇ ਜੋ ਇਨਾਂ ਪਿਛਲਿਆਂ ਨੈ ਇੱਕੋ ਘੜੀ
ਕੰਮ ਕੀਤਾ ਅਰ ਤੈਂ ਇਨਾਂ ਨੂੰ ਸਾਡੇ ਬਰੋਬਰ ਕਰ ਦਿੱਤਾ ਜਿਨਾਂ ਸਾਰੇ ਦਿਨ ਦਾ ਭਾਰ ਅਤੇ ਧੁੱਪ ਸ-
ਹੀ ॥੧੩॥ ਤਦ ਉਸ ਨੈ ਉਨਾਂ ਵਿੱਚੋਂ ਇੱਕ ਨੂੰ ਉੱਤਰ ਦਿੱਤਾ ਭਾਈ ਮੈਂ ਤੇਰੇ ਉੱਤੇ ਕੁਛ ਵਾਧਾ ਨਹੀ
ਕਰਦਾ। ਭੁਲਾ ਤੈਂ ਮੇਰੇ ਨਾਲ ਇੱਕ ਅਠਿਆਨੀ ਨਹੀਂ ਚੁਕਾਈ ਸੀ ॥੧੪॥ ਤੂੰ ਆਪਣਾ ਲੈਕੇ
ਚੱਲਿਆ ਜਾਹ ਪਰ ਮੇਰੀ ਮਰਜੀ ਹੈ ਕਿ ਜਿੰਨਾ ਤੈ ਨੂੰ ਦਿੱਤਾ ਉੱਨਾ ਹੀ ਇਸ ਪਿਛਲੇ ਨੂੰ ਬੀ ਦਿਆਂ
॥੧੫॥ ਭੁਲਾ ਮੇਰਾ ਇਖਤਿਆਰ ਨਹੀਂ ਕਿ ਆਪਣੇ ਮਾਲ ਨਾਲ ਜੋ ਚਾਹਾਂ ਸੋ ਕਰਾਂ। ਕੀ ਤੂੰ ਇਸੇ ਲ-
ਈ ਬੁਰੀ ਨਜਰ ਵੇਖਦਾ ਹੈਂ ਜੋ ਮੈਂ ਭੁਲਾਹਾਂ ॥੧੬॥ ਇਸੇ ਤਰਾਂ ਜੋ ਪਿਛਲੇ ਹਨ ਸੋ ਪਹਿਲੇ ਹੋਣਗੇ
ਅਤੇ ਜੋ ਪਹਿਲੇ ਹਨ ਸੋ ਪਿਛਲੇ ਹੋਣਗੇ ॥ ॥੧੭॥ ਅਤੇ ਜਾਂ ਯਿਸੂ ਯਰੂਸਲੀਮ
ਨੂੰ ਜਾਂਦਾ ਸੀ ਤਾਂ ਬਾਰਾਂ ਸਿੱਖਾਂ ਨੂੰ ਅਲੱਗਾ ਕਰਕੇ ਰਾਹ ਵਿੱਚ ਉਨਾਂ ਨੂੰ ਆਖਿਆ ॥੧੮॥ ਵੇਖੋ
ਅਸੀਂ ਯਰੂਸਲੀਮ ਨੂੰ ਜਾਂਦੇ ਹਾਂ ਅਤੇ ਮਨੁੱਖ ਦਾ ਪੁਤ੍ਰ ਪਰਧਨ ਜਾਜਕਾਂ ਅਰ ਰੀਥੀਆਂ ਦੇ ਹੱਥ

Original with:
Language Department Punjab
Digitized by:
Panjab Digital Library

ਫੜਵਾਇਆ ਜਾਊਂਗਾ ਅਤੇ ਓਹ ਉਸ ਨੂੰ ਮਾਰ ਸੁੱਟਣ ਦਾ ਹੁਕਮ ਦੇਣਗੇ ॥੧੯॥ ਅਤੇ ਉਸ ਨੂੰ
ਠੱਠਾ ਕਰਨ ਅਰ ਕੋਰੜੇ ਮਾਰਨ ਅਰ ਸਲੀਬ ਉੱਤੇ ਚੜ੍ਹਾਉਣ ਵਾਸਤੇ ਪਰਾਈਆਂ ਕੌਮਾਂ ਦੇ ਹੱਥ
ਫੜਵਾ ਦੇਣਗੇ ਅਤੇ ਉਹ ਤੀਏ ਦਿਨ ਫੇਰ ਜਿਵਾਇਆ ਜਾਊਂਗਾ ॥ ॥੨੦॥ ਤਦ ਜ਼ਬ-
ਦੀ ਦੇ ਪੁੜਾਂ ਦੀ ਮਾਂ ਆਪਣੇ ਪੁੜਾਂ ਸਣੇ ਉਹ ਦੇ ਕੋਲ ਆਈ ਅਤੇ ਮੱਥਾ ਟੇਕ ਕੇ ਉਸ ਅੱਗੇ ਇੱ-
ਕ ਅਰਜ ਕਰਨ ਲੱਗੀ ॥੨੧॥ ਜੋ ਉਸ ਨੇ ਉਹ ਨੂੰ ਆਖਿਆ ਤੂੰ ਕੀ ਚਾਹੁੰਦੀ ਹੈਂ। ਉਸ ਨੇ ਉਹ ਨੂੰ
ਕਿਹਾ ਆਗਿਆ ਕਰ ਜੋ ਤੇਰੇ ਰਾਜ ਵਿੱਚ ਮੇਰੇ ਏਹ ਦੋਵੇਂ ਪੁੜ ਇੱਕ ਤੇਰੇ ਸੱਜੇ ਅਤੇ ਇੱਕ ਤੇਰੇ ਖੱਬੇ
ਹੱਥ ਬੈਠੇ ॥੨੨॥ ਪਰ ਜਿਸ ਨੇ ਉੱਤਰ ਦਿੱਤਾ ਤੁਸੀਂ ਨਹੀਂ ਜਾਣਦੇ ਜੋ ਕੀ ਮੰਗਦੇ ਹੋ। ਉਹ ਪਿਆ ੦
ਲਾ ਜਿਹੜਾ ਮੈਂ ਪੀਣੇ ਪੁਰ ਹਾਂ ਕੀ ਤੁਸੀਂ ਪੀ ਸੱਕਦੇ ਹੋ। ਉਨਾਂ ਉਸ ਨੂੰ ਆਖਿਆ ਅਸੀਂ ਪੀ ਸੱਕਦੇ
॥੨੩॥ ਉਸ ਨੇ ਉਨਾਂ ਨੂੰ ਕਿਹਾ ਤੁਸੀਂ ਤਾਂ ਮੇਰਾ ਪਿਆਲਾ ਜਰੂਰ ਪੀਓਗੇ ਪਰ ਉਨਾਂ ਦੇ ਬਿਠਾ ਜ-
ਨਾਂ ਲਈ ਮੇਰੇ ਪਿਤਾ ਨੇ ਤਿਆਰ ਕੀਤਾ ਕਿਸੇ ਨੂੰ ਆਪਣੇ ਸੱਜੇ ਅਰ ਖੱਬੇ ਹੱਥ ਬਿਠਾਲਣਾ ਮੇਰ
ਕੰਮ ਨਹੀਂ ॥੨੪॥ ਅਤੇ ਜਾਂ ਦਸਾਂ ਸਿੱਖਾਂ ਨੇ ਇਹ ਸੁਣਿਆ ਤਾਂ ਉਨਾਂ ਦੋਹਾਂ ਭਰਾਵਾਂ ਉੱਤੇ ਖਿਝ
ਗਏ ॥੨੫॥ ਤਦ ਯਿਸੂ ਨੇ ਉਨਾਂ ਨੂੰ ਕੋਲ ਸੱਦ ਕੇ ਆਖਿਆ ਤੁਸੀਂ ਜਾਣਦੇ ਹੋ ਜੋ ਪਰਾਈਆਂ ਕੌ-
ਮਾਂ ਦੇ ਸਰਦਾਰ ਉਨਾਂ ਉੱਤੇ ਹੁਕਮ ਚਲਾਉਂਦੇ ਹਨ ਅਤੇ ਓਹ ਜੇਹੜੇ ਵੱਡੇ ਹਨ ਉਨਾਂ ਉੱਤੇ ਇਖਤਿ-
ਆਰ ਰੱਖਦੇ ਹਨ ॥੨੬॥ ਤੁਹਾਡੇ ਵਿੱਚ ਅਜਿਹਾ ਨਾ ਹੋਊਗਾ ਪਰ ਜੋ ਕੋਈ ਤੁਹਾਡੇ ਵਿੱਚੋਂ ਵੱਡਾ
ਹੋਣਾ ਚਾਹੇ ਸੋ ਤੁਹਾਡਾ ਟਹਿਲੂਆ ਹੋਊ ॥੨੭॥ ਅਤੇ ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਿਆ

Original with:
Language Department of the Punjab
Digitized by:
Panjab Digital Library

ਚਾਹੇ ਸੋ ਤੁਹਾਡਾ ਚਾਕਰ ਹੋਊ ॥੨੮॥ ਜਿਹਾ ਕੁ ਮਨੁੱਖ ਦਾ ਪੁਤ੍ਰ ਆਪਣੀ ਟਹਿਲ ਕਰਾਉਣ ਨੂੰ
ਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਨਿਸਤਾਰੇ ਦਾ ਮੁੱਲ ਛੁਰਨ ਲਈ ਆਪਣੀ ਜਾਨ
ਦੇਣ ਨੂੰ ਆਇਆ ॥ ॥੨੯॥ ਅਰ ਜਦ ਓਹ ਯਰੀਹੋ ਥੋਂ ਨਿੱਕਲਦੇ ਸਨ ਤਦ
ਭੀ ਭੀੜ ਉਹ ਦੇ ਪਿੱਛੇ ਹੋ ਤੁਰੀ ॥੩੦॥ ਅਤੇ ਵੇਖੋ ਕਿ ਦੋ ਅੰਨ੍ਹੇ ਜੋ ਰਾਹ ਦੇ ਕੰਢੇ ਬੈਠੇ ਸਨ
ਜਾਂ ਇਹ ਸੁਣਿਆ ਜੋ ਯਿਸੂ ਲੰਘਿਆ ਜਾਂਦਾ ਹੈ ਉੱਚੀ ਦੇ ਕੇ ਬੋਲੇ ਹੇ ਪ੍ਰਭੁ ਦਾਊਦ ਦੇ ਪੁਤ੍ਰ ਸਾਡੇ ਉੱਤੇ
ਦਯਾ ਕਰ ॥੩੧॥ ਅਤੇ ਭੀੜ ਨੇ ਉਨ੍ਹਾਂ ਨੂੰ ਝਿੜਕਿਆ ਭਈ ਚੁੱਪ ਕਰ ਜਾਣ ਪਰ ਓਹ ਹੋਰ ਭੀ ਉ-
ਚੀ ਦੇ ਕੇ ਬੋਲੇ ਹੇ ਪ੍ਰਭੁ ਦਾਊਦ ਦੇ ਪੁਤ੍ਰ ਸਾਡੇ ਉੱਤੇ ਦਯਾ ਕਰ ॥੩੨॥ ਤਦ ਯਿਸੂ ਨੇ ਖੜੇ ਕੇ ਉਨ੍ਹਾਂ
ਨੂੰ ਸੱਦਿਆ ਅਤੇ ਕਿਹਾ ਤੁਸੀਂ ਕੀ ਚਾਹੁੰਦੇ ਹੋ ਜੋ ਮੈਂ ਤੁਹਾਡੇ ਲਈ ਕਰਾਂ ॥੩੩॥ ਉਨ੍ਹਾਂ ਉਸ ਨੂੰ ਆ-
ਖਿਆ ਪ੍ਰਭੁ ਜੀ ਸਾਡੀਆਂ ਅੱਖਾਂ ਖੁਲ੍ਹ ਜਾਣ ॥੩੪॥ ਅਤੇ ਯਿਸੂ ਨੇ ਤਰਸ ਖਾ ਕੇ ਉਨ੍ਹਾਂ ਦੀਆਂ
ਅੱਖਾਂ ਨੂੰ ਛੋਹਿਆ ਅਰ ਓਹ ਝੱਟ ਸੁਜਾਖੇ ਹੋ ਗਏ ਅਤੇ ਉਹ ਦੇ ਮਗਰ ਤੁਰ ਪਏ ॥

੨੧ਕਾਂਡ ॥

ਅਤੇ ਜਾਂ ਓਹ ਯਰੂਸਲੀਮ ਦੇ ਨੇੜੇ ਆਏ ਅਰ ਜੈਤੂਨ ਦੇ ਪਹਾੜ ਉੱਤੇ ਬੈਤਫ
ਗਾ ਕੋਲ੍ਹ ਪਹੁੰਚੇ ਤਾਂ ਯਿਸੂ ਨੇ ਦੋ ਜਿੰਨ੍ਹਾਂ ਨੂੰ ਘੱਲਿਆ ਅਤੇ ਉਨ੍ਹਾਂ ਨੂੰ ਕਿਹਾ ॥
੨॥ ਉਸ ਪਿੰਡ ਨੂੰ ਜਿਹੜਾ ਤੁਹਾਡੇ ਸਾਹਮਣੇ ਹੈ ਜਾਓ ਅਤੇ ਵੜਦੇ ਹੀ ਤੁਸੀਂ ਇੱਕ ਗਧੀ ਬੰਨ੍ਹੀ
ਹੋਈ ਅਰ ਉਹ ਦੇ ਨਾਲ ਬੱਚੇ ਨੂੰ ਵੇਖੋਗੇ ਜੋ ਖੋਲ੍ਹ ਕੇ ਮੇਰੇ ਪਾਸ ਲਿਆਓ ॥੩॥ ਅਰ ਜੇ ਕੋਈ ਤੁ
ਹਾਨੂੰ ਕੁਛ ਕਹੇ ਤਾਂ ਕਹਿਣਾ ਭਈ ਪ੍ਰਭੁ ਨੂੰ ਇਨ੍ਹਾਂ ਦੀ ਲੋੜ ਹੈ ਫੇਰ ਉਹ ਉੱਸੇ ਵੇਲੇ ਉਨ੍ਹਾਂ ਨੂੰ ਘੱਲ

Original with:
Language Department Punjab
Digitized by:
Panjab Digital Library

ਦੇਊ॥੪॥ਜੋ ਇਹ ਇਸ ਲਈ ਹੋਇਆ ਕਿ ਪੈਕੰਬਰ ਦਾ ਇਹ ਬਚਨ ਪੂਰਾ ਹੋਵੇ॥੫॥ਜੋ ਸੀਓ-
ਨ ਦੀ ਧੀ ਨੂੰ ਆਖੋ ਕਿ ਵੇਖ ਤੇਰਾ ਪਾਤਸਾਹ ਅਧੀਨਗੀ ਨਾਲ ਗਧੀ ਉੱਤੇ ਬਲਕ ਗਧੀ ਦੇ ਬੱਚੇ
ਉੱਤੇ ਸੁਆਰ ਹੋਕੇ ਤੇਰੇ ਕੋਲ ਆਉਂਦਾ ਹੈ॥੬॥ਅਤੇ ਸਿੱਖਾਂ ਨੇ ਜਾਕੇ ਜਿੱਕੁਰ ਜਿਸ ਨੇ ਹੁਕਮ ਦਿੱਤਾ
ਸੀ ਤਿਹਾ ਹੀ ਕੀਤਾ॥੭॥ਅਤੇ ਗਧੀ ਨੂੰ ਬੱਚੇ ਸਣੇ ਲਿਆਏ ਅਰ ਆਪਣੇ ਲੀੜੇ ਉਨਾਂ ਦੇ ਉ-
ਤੇ ਪਾ ਦਿੱਤੇ ਅਤੇ ਉਹ ਉਨਾਂ ਪੁਰ ਚੜ੍ਹ ਬੈਠਾ॥੮॥ਅਤੇ ਵਧੇਰੇ ਲੋਕਾਂ ਨੇ ਆਪਣੇ ਲੀੜੇ ਰਸਤੇ ਵਿ-
ਚ ਬਿਛਾਏ ਪਰ ਹੋਰਨਾਂ ਨੇ ਬਿਰਛਾਂ ਦੀਆਂ ਡਾਲੀਆਂ ਵੱਢਕੇ ਰਸਤੇ ਵਿੱਚ ਬਿਛਾ ਦਿੱਤੀਆਂ॥
ਦੀ॥ਅਤੇ ਭੀੜ ਜਿਹੜੀ ਉਹ ਦੇ ਅੱਗੇ ਪਿੱਛੇ ਚੱਲੀ ਜਾਂਦੀ ਸੀ ਉੱਚੀ ਅਵਾਜ ਨਾਲ ਆਖਣ
ਲੱਗੀ ਹੋਸੱਨਾ ਦਾਊਦ ਦੇ ਪੁੜ ਨੂੰ। ਧੰਨ ਉਹ ਜਿਹੜਾ ਪ੍ਰਭੁ ਦੇ ਨਾਉਂ ਉੱਤੇ ਆਉਂਦਾ ਹੈ। ਪਰਮਧਾ-
ਮ ਵਿੱਚ ਹੋਸੱਨਾ॥੧੦॥ਅਰ ਜਦ ਉਹ ਯਰੂਸ਼ਲੀਮ ਵਿੱਚ ਵੜਿਆ ਤਾਂ ਸਾਰੇ ਸ਼ਹਿਰ ਵਿੱਚ ਹਲ
ਚਲ ਪੈ ਗਈ ਅਤੇ ਬੋਲੇ ਕਿ ਇਹ ਕੌਣ ਹੈ॥੧੧॥ਤਾਂ ਲੋਕਾਂ ਨੇ ਆਖਿਆ ਇਹ ਉਹ ਪੈਕੰਬਰ
ਹੈ ਯਿਸੂ ਗਲੀਲ ਦੇ ਨਾਸ਼ਰਤ ਦਾ॥ ॥੧੨॥ਅਤੇ ਯਿਸੂ ਪਰਮੇਸ਼ੁਰ ਦੇ ਮੰਦਰ ਵਿੱ-
ਚ ਗਿਆ ਅਤੇ ਉਨਾਂ ਸਭਨਾਂ ਨੂੰ ਜੋ ਹੜੇ ਮੰਦਰ ਵਿੱਚ ਵੇਚਦੇ ਅਰ ਮੁੱਲ ਲੈਂਦੇ ਸਨ ਕੱਢ ਦਿੱਤਾ
ਅਤੇ ਸਰਾਫਾਂ ਦੇ ਤਖਤ ਪੋਸ਼ ਅਰ ਕਬੂਤਰ ਵੇਚਣ ਵਾਲਿਆਂ ਦੀਆਂ ਚੌਕੀਆਂ ਉਲਟਾ ਸੁੱਟੀਆ
॥੧੩॥ਅਤੇ ਉਨਾਂ ਨੂੰ ਕਿਹਾ ਕਿ ਲਿਖਿਆ ਹੈ ਜੋ ਮੇਰਾ ਘਰ ਪ੍ਰਾਰਥਨਾ ਦਾ ਘਰ ਸਦਾਵੇਗਾ ਪਰ
ਤੁਸੀਂ ਉਹ ਨੂੰ ਧਾੜਵੀਆਂ ਦੀ ਗੁਫਾ ਬਣਾਉਂਦੇ ਹੋ॥੧੪॥ਅਤੇ ਮੰਦਰ ਵਿੱਚ ਅੰਨੇ ਅਰ ਲੰਙੇ ਉ-

Original with:
Language Department Punjab
Digitized by:
Panjab Digital Library

ਹਦੇਕੋਲ੍ਹ ਆਏ ਅਤੇ ਉਸ ਨੈ ਉਨਾਂ ਨੂੰ ਚੰਗਾ ਕੀਤਾ ॥੧੫॥ ਅਰ ਜਾਂ ਪਰਧਾਨ ਜਾਜਕਾਂ ਅਤੇ ਰੀ-
ਬੀਆਂ ਨੈ ਉਨ੍ਹਾਂ ਅਚਰਜ ਕੰਮਾਂ ਨੂੰ ਜੋ ਹੜੇ ਉਸ ਨੈ ਕੀਤੇ ਅਰ ਬਾਲਕਾਂ ਨੂੰ ਮੰਦਰ ਵਿੱਚ ਉੱਚੀ ਅਵਾ-
ਜ ਨਾਲ੍ਹ ਬੋਲਦੇ ਅਤੇ ਦਾਊਦ ਦੇ ਪੁਤ੍ਰ ਨੂੰ ਹੋਸੱਨਾ ਆਖਦੇ ਆਖਦੇ ਵੇਖਿਆ ਤਾਂ ਖਿਝ ਗਏ ॥੧੬॥
ਅਤੇ ਉਹ ਨੂੰ ਕਿਹਾ ਕੀ ਤੂੰ ਸੁਣਦਾ ਹੈਂ ਜੋ ਏਹ ਕੀ ਆਖਦੇ ਹਨ। ਅਤੇ ਯਿਸੂ ਨੈ ਉਨ੍ਹਾਂ ਨੂੰ ਕਿਹਾ ਹਾਂ ਕਿਅ
ਤੁਸਾਂ ਕਦੇ ਇਹ ਨਹੀਂ ਪੜ੍ਹਿਆ ਜੋ ਬਾਲਕਾਂ ਅਤੇ ਦੁੱਧ ਚੁੰਘਣ ਵਾਲ੍ਹਿਆਂ ਦੇ ਮੂੰਹੋਂ ਤੈਂ ਉਸਤੁਤ ਪੂਰੀ
ਕਰਵਾਈ ॥੧੭॥ ਅਤੇ ਉਹ ਉਨ੍ਹਾਂ ਨੂੰ ਛੱਡ ਕੇ ਸ਼ਹਿਰੋਂ ਬਾਹਰ ਨਿੱਕਲ੍ਹਿਆ ਅਰ ਬੈਤਅਨੀਆ ਵਿੱਚ
ਆਣ ਕੇ ਉੱਥੇ ਰਾਤ ਕੱਟੀ ॥ ॥੧੮॥ ਅਤੇ ਜਾਂ ਤੜਕੇ ਉਹ ਸ਼ਹਿਰ ਨੂੰ ਮੁੜਿਆ ਜਾਂਦਾ ਸੀ ਤ
ਉਹ ਨੂੰ ਭੁੱਖ ਲੱਗੀ ॥੧੯॥ ਅਤੇ ਰਸਤੇ ਪੁਰ ਹੰਜੀਰ ਦਾ ਇੱਕ ਬਿਰਛ ਵੇਖ ਕੇ ਉਹ ਦੇ ਨੇੜੇ ਗਿਆ ਪ
ਰ ਪੱਤਾਂ ਬਿਨਾ ਉਸ ਉੱਤੇ ਹੋਰ ਕੁਛ ਨਾ ਲੱਭਿਆ। ਅਤੇ ਉਸ ਨੈ ਉਹ ਨੂੰ ਆਖਿਆ ਕਿ ਅੱਜ ਥੋਂ ਲਾ ਕੇ ਤੈ
ਨੂੰ ਕਦੇ ਫਲ੍ਹ ਨਾ ਲੱਗੇ। ਅਤੇ ਹੰਜੀਰ ਦਾ ਬਿਰਛ ਓਵੇਂ ਸੁੱਕ ਗਿਆ ॥੨੦॥ ਅਰ ਸਿੱਖ ਇਹ ਵੇਖ ਕੇ
ਹੈਰਾਨ ਹੋਏ ਅਤੇ ਬੋਲ੍ਹੇ ਕਿ ਹੰਜੀਰ ਦਾ ਬਿਰਛ ਕਿੰਕੁਰ ਐਡੀ ਛੇਤੀ ਸੁੱਕ ਗਿਆ ॥੨੧॥ ਯਿਸੂ ਨੈ
ਉਨਾਂ ਨੂੰ ਉੱਤਰ ਦਿੱਤਾ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭੁਈ ਜੇ ਤੁਹਾ ਨੂੰ ਨਿਹਚਾ ਹੋਵੇ ਅਤੇ ਤੁਸੀਂ ਭੁਰਮ
ਨਾ ਕਰੋ ਤਾਂ ਤੁਸੀਂ ਨਿਰਾ ਇਹੋ ਨਹੀਂ ਕਰੋਗੇ ਜੋ ਹੰਜੀਰ ਦੇ ਬਿਰਛ ਨਾਲ੍ਹ ਹੋਇਆ ਬਲ੍ਕ ਜੇ ਤੁਸੀਂ ਇਸ
ਪਹਾੜ ਨੂੰ ਕਹੋ ਜੋ ਉਠ ਅਰ ਸਮੁੰਦਰ ਵਿੱਚ ਜਾ ਪਉ ਤਾਂ ਅਜਿਹਾ ਹੋ ਜਾਊ ਗਾ ॥੨੨॥ ਅਤੇ ਸਭ ਕੁਛ
ਜੋ ਤੁਸੀਂ ਨਿਹਚਾ ਨਾਲ੍ਹ ਪ੍ਰਾਰਥਨਾ ਕਰ ਕੇ ਮੰਗੋਗੇ ਸੋ ਪਾਓਗੇ ॥ ॥੨੩॥ ਅਤੇ ਜਦ ਉਹ ਮੈਂ

Original with:
Language Department Punjab
Digitized by:
Panjab Digital Library

ਦਰ ਵਿੱਚ ਆਣਕੇ ਉਪਦੇਸ ਦਿੰਦਾ ਸੀ ਤਦ ਪਰਧਾਨ ਜਾਜਕ ਅਰ ਲੋਕਾਂ ਦੇ ਬੁਜ਼ੁਰਗ ਉਹਦੇ ਕੋਲ਼ ਆਏ ਅਤੇ ਬੋਲੇ ਤੂੰ ਕਿਹੜੇ ਇਖ਼ਤਿਆਰ ਨਾਲ਼ ਏਹ ਕੰਮ ਕਰਦਾ ਹੈਂ ਅਰ ਕਿਹ ਨੈ ਤੈਨੂੰ ਇਹ ਇਖ਼ਤਿਆਰ ਦਿੱਤਾ ॥੨੪॥ ਪਰ ਜਿਸ਼ੂ ਨੈ ਉਨਾਂ ਨੂੰ ਉੱਤਰ ਦਿੱਤਾ ਮੈਂ ਬੀ ਤੁਹਾਥੋਂ ਇੱਕ ਗੱਲ ਪੁੱਛਨਾ ਜੋ ਜੇ ਤੁਸੀ ਮੈਨੂੰ ਦੱਸੋ ਤਾਂ ਮੈਂ ਬੀ ਤੁਹਾਨੂੰ ਦੱਸਾਂਗਾ ਭਈ ਮੈਂ ਕਿਹੜੇ ਇਖ਼ਤਿਆਰ ਨਾਲ਼ ਏਹ ਕੰਮ ਕਰਦਾ ਹਾਂ ॥੨੫॥ ਯੂਹੱਨਾ ਦਾ ਬਪਤਿਸਮਾ ਕਿੱਥੋਂ ਸੀ ਸੁਰਗ ਵਲੋਂ ਅਥਵਾ ਮਨੁੱਖਾਂ ਵਲੋਂ। ਅਤੇ ਓਹ ਆਪੋ ਵਿੱਚ ਵਿਚਾਰ ਕਰਕੇ ਕਹਿਣ ਲੱਗੇ ਜੇ ਕਹਿਜੇ ਸੁਰਗ ਵਲੋਂ ਤਾਂ ਉਹ ਸਾਨੂੰ ਆਖੂ ਫੇਰ ਤੁਸਾਂ ਉਹਦੀ ਪਰਤੀਤ ਕਿਉਂ ਨਾ ਕੀਤੀ ॥੨੬॥ ਅਰ ਜੇ ਕਹਿਜੇ ਮਨੁੱਖਾਂ ਵਲੋਂ ਤਾਂ ਲੋਕਾਂ ਥੋਂ ਡਰਦੇ ਹਾਂ ਕਿਉਂ ਜੋ ਸੱਭੇ ਯੂਹੱਨਾ ਨੂੰ ਪਿਕੰਬਰ ਜਾਣਦੇ ਹਨ ॥੨੭॥ ਅਤੇ ਉਨਾਂ ਨੈ ਜਿਸ਼ੂ ਨੂੰ ਉੱਤਰ ਦਿੱਤਾ ਅਸੀਂ ਨਹੀਂ ਜਾਣਦੇ। ਉਸ ਨੈ ਬੀ ਉਨਾਂ ਨੂੰ ਆਖਿਆ ਮੈਂ ਬੀ ਤੁਹਾਨੂੰ ਨਹੀਂ ਦੱਸਦਾ ਜੋ ਕਿਹੜੇ ਇਖ਼ਤਿਆਰ ਨਾਲ਼ ਮੈਂ ਏਹ ਕੰਮ ਕਰਦਾ ਹਾਂ ॥੨੮॥ ਪਰ ਤੁਸੀਂ ਕੀ ਸਮਝ਼ਦੇ ਹੋ। ਇੱਕ ਮਨੁੱਖ ਦੇ ਦੋ ਪੁਤ੍ਰ ਸਨ ਅਤੇ ਉਹ ਪਹਿਲੇ ਦੇ ਕੋਲ਼ ਆਣਕੇ ਬੋਲਿਆ ਪੁਤ੍ਰ ਜਾਹ ਅੱਜ ਦਾ ਦਾਖ ਦੇ ਬਾਗ਼ ਵਿੱਚ ਕੰਮ ਕਰ ॥੨੯॥ ਅਤੇ ਉਸ ਨੈ ਉੱਤਰ ਦਿੱਤਾ ਮੇਰਾ ਜੀ ਨਹੀਂ ਕਰਦਾ ਪਰ ਪਿੱਛੋਂ ਪਛਤਾਕੇ ਗਿਆ ॥੩੦॥ ਫੇਰ ਦੂਏ ਪਾਸ ਆਣਕੇ ਇਹੋ ਹੀ ਕਿਹਾ। ਅਤੇ ਉਸ ਨੈ ਉੱਤਰ ਦਿੱਤਾ ਅੱਛਾ ਮਹਾਰਾਜ ਪਰ ਗਿਆ ਨਾ ॥੩੧॥ ਸੋ ਇਨਾਂ ਦੋਹਾਂ ਵਿੱਚੋਂ ਕਿਹ ਨੈ ਪਿਤਾ ਦੀ ਮਰਜ਼ੀ ਪੂਰੀ ਕੀਤੀ। ਉਨਾਂ ਆਖਿਆ ਪਹਿਲੇ ਨੈ। ਜਿਸ਼ੂ ਨੈ ਉਨਾਂ ਨੂੰ ਕਿਹਾ ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਮਸੂਲੀਏ ਅਤੇ ਕੰਜਰੀਆਂ ਤੁਹਾਡੇ ਨਾਲੋਂ ਪਹਿਲਾਂ ਪਰਮੇਸ਼ੁਰ ਦੇ ਰਾਜ ਵਿੱਚ

Original with
Language Department Punjab
Digitized by:
Panjab Digital Library

ਜਾਂਦੇ ਹਨ॥੩੨॥ਕਿੰਉਜੋ ਯੂਹੱਨਾ ਧਰਮ ਦੀ ਰਾਹੀਂ ਤੁਹਾਡੇ ਕੋਲ ਆਇਆ ਅਤੇ ਤੁਸਾਂ ਉਹਦੀ ਪ-
ਰਤੀਤ ਨਾ ਕੀਤੀ ਪਰ ਮਸੂਲੀਆਂ ਅਰ ਕੰਜਰੀਆਂ ਨੈ ਉਹਦੀ ਪਰਤੀਤ ਕੀਤੀ ਅਤੇ ਤੁਸੀਂ ਇਹ
ਵੇਖਕੇ ਪੱਛੋਂ ਬੀ ਨਾ ਪਛਤਾਏ ਜੋ ਉਹਦੀ ਪਰਤੀਤ ਕਰਦੇ॥ ॥੩੩॥ਇੱਕ ਹੋਰ ਦ੍ਰਿਸ-
ਟਾਂਤ ਸੁਣੋ ਜੋ ਇੱਕ ਘਰ ਦਾ ਮਾਲਕ ਸੀ ਜਿਹਨੈ ਦਾਖ ਦਾ ਬਾਗ ਲਾਇਆ ਅਤੇ ਉਹਦੇ ਚੁਫੇਰੇ ਬ
ੜ ਦਿੱਤੀ ਅਤੇ ਉਸ ਵਿੱਚ ਰਸ ਲਈ ਇੱਕ ਚੁਬੱਚਾ ਕੱਢਿਆ ਅਤੇ ਬੁਰਜ ਉਸਾਰਿਆ ਅਰ ਉਹ
ਨੂੰ ਮਾਲੀਆਂ ਦੇ ਹੱਥ ਸੌਂਪਕੇ ਪਰਦੇਸ ਚੱਲਿਆ ਗਿਆ॥੩੪॥ਅਤੇ ਜਾਂ ਫਲਾਂ ਦੀ ਰੁੱਤ ਨੇੜੇ ਆ-
ਈ ਤਾਂ ਉਹਨੈ ਆਪਣੇ ਚਾਕਰ ਮਾਲੀਆਂ ਦੇ ਕੋਲ ਆਪਣੇ ਫਲ ਲੈਣ ਵਾਸਤੇ ਘੱਲੇ॥੩੫॥ਅ-
ਤੇ ਮਾਲੀਆਂ ਨੈ ਉਹਦੇ ਚਾਕਰਾਂ ਨੂੰ ਫੜਕੇ ਕਿਸੇ ਨੂੰ ਕੁੱਟਿਆ ਅਰ ਕਿਸੇ ਨੂੰ ਮਾਰ ਸੁੱਟਿਆ ਅਰ
ਕਿਸੇ ਨੂੰ ਪਥਰਾਉ ਕੀਤਾ॥੩੬॥ਫੇਰ ਉਹ ਨੈ ਹੋਰ ਚਾਕਰ ਪਹਿਲਿਆਂ ਨਾਲੋਂ ਵਧੀਕ ਘੱਲੇ ਅ-
ਤੇ ਉਨਾਂ ਨੈ ਇਨਾਂ ਨਾਲ ਬੀ ਉਸੇ ਤਰਾਂ ਕੀਤਾ॥੩੭॥ਅਤੇ ਓੜਕ ਉਸ ਨੈ ਆਪਣੇ ਪੁੜ ਨੂੰ ਉਨਾਂ
ਦੇ ਪਾਸ ਇਹ ਕਹਿਕੇ ਘੱਲਿਆ ਭਈ ਉਹ ਮੇਰੇ ਪੁੜ ਦਾ ਆਦਰ ਕਰਨਗੇ॥੩੮॥ਪਰ ਮਾਲੀ-
ਆਂ ਨੈ ਜਾਂ ਉਹਦੇ ਪੁੜ ਨੂੰ ਵੇਖਿਆ ਤਾਂ ਆਪੋ ਵਿੱਚ ਕਿਹਾ ਵਾਰਸ ਇਹੋ ਹੈ ਆਓ ਇਹ ਨੂੰ ਮਾਰ ਸੁੱ-
ਟਿਏ ਅਤੇ ਉਹਦਾ ਵਿਰਸਾ ਸਾਂਭ ਲਈਏ॥੩੯॥ਅਤੇ ਉਨਾਂ ਉਸ ਨੂੰ ਫੜਿਆ ਅਰ ਬਾਹੋਂ ਬ
ਹਰ ਕੱਢਕੇ ਮਾਰ ਸੁੱਟਿਆ॥੪੦॥ਜੋ ਜਦ ਬਾਗ ਦਾ ਮਾਲਕ ਆਊਗਾ ਤਦ ਉਨਾਂ ਮਾਲੀਆਂ
ਨਾਲ ਕੀ ਕਰੂ॥੪੧॥ ਉਨਾਂ ਨੈ ਉਸ ਨੂੰ ਆਖਿਆ ਕਿ ਉਨਾਂ ਬੁਰਿਆਰਾਂ ਦਾ ਬੁਰੀ ਤਰਾਂ ਨਾਸ ਕ

Original with
Language Department Punjab
Digitized by:
Panjab Digital Library

ਰੂ ਅਤੇ ਦਾਖ ਦਾ ਬਾਗ ਹੋਰਨਾਂ ਮਾਲੀਆਂ ਨੂੰ ਸੌਂਪੇਗਾ ਜੋ ਰੁੱਤ ਸਿਰ ਉਸ ਨੂੰ ਫਲ ਪੁਚਾਉਣਗੇ
॥੪੨॥ ਯਿਸੂ ਨੈ ਉਨਾਂ ਨੂੰ ਆਖਿਆ ਕੁਲਾ ਤੁਸਾਂ ਕਿਤਾਬਾਂ ਵਿੱਚ ਕਦੇ ਨਹੀਂ ਪੜ੍ਹਿਆ ਭਈ ਜਿ
ਸ ਪੱਥਰ ਨੂੰ ਰਾਜਾਂ ਨੈ ਰੱਦਿਆ ਸੋਈ ਖੂੰਜੇ ਦਾ ਸਿਰਾ ਹੋ ਗਿਆ। ਇਹ ਪ੍ਰਭੂ ਦੀ ਵਲੋਂ ਹੈ ਅਤੇ ਸਾ
ਡੀ ਨਜਰ ਵਿੱਚ ਅਚਰਜ ਹੈ॥੪੩॥ ਇਸ ਕਰਕੇ ਮੈਂ ਤੁਹਾ ਨੂੰ ਆਖਦਾ ਹਾਂ ਜੋ ਪਰਮੇਸੁਰ ਦਾ ਰ
ਜ ਤੁਹਾ ਥੋਂ ਖੋਹਿਆ ਅਤੇ ਪਰਾਈ ਕੋਮ ਨੂੰ ਜਿਹੜੀ ਉਹ ਦੇ ਫਲ ਦੇਵੇ ਦਿੱਤਾ ਜਾਊ॥੪੪॥ ਅਰ
ਜੋ ਕੋਈ ਇਸ ਪੱਥਰ ਉੱਤੇ ਡਿਗੂ ਸੋ ਚੂਰ ਹੋ ਜਾਊਗਾ ਪਰ ਜਿਹ ਦੇ ਉੱਤੇ ਉਹ ਡਿਗੂ ਉਹ ਨੂੰ ਪੀਹ ਸੁੱ
ਟੂਗਾ॥੪੫॥ ਅਤੇ ਜਾਂ ਪਰਧਾਨ ਜਾਜਕਾਂ ਅਤੇ ਫਰੀਸੀਆਂ ਨੈ ਉਹ ਦੇ ਦ੍ਰਿਸਟਾਂਤ ਸੁਣੇ ਤਾਂ ਮਲੂ
ਮ ਕੀਤਾ ਜੋ ਉਹ ਸਾਡੇ ਹੀ ਹੱਕ ਵਿੱਚ ਆਖਦਾ ਹੈ॥੪੬॥ ਅਤੇ ਜਾਂ ਓਹ ਉਸ ਨੂੰ ਫੜਨਾ ਚਾਹੁੰਦੇ ਸਨ
ਤਾਂ ਲੋਕਾਂ ਥੋਂ ਡਰੇ ਇਸ ਲਈ ਜੋ ਓਹ ਉਸ ਨੂੰ ਪਿਕੰਬਰ ਜਾਣਦੇ ਸਨ॥

੨੨ਕਾਂਡ॥

ਅਤੇ ਯਿਸੂ ਨੈ ਅੱਗੋਂ ਉਨਾਂ ਦੇ ਨਾਲ ਦ੍ਰਿਸਟਾਂਤਾਂ ਵਿੱਚ ਫੇਰ ਬਚਨ ਕੀਤਾ ਅਰ ਕਿ
ਹਾ॥੨॥ ਸੁਰਗ ਦਾ ਰਾਜ ਇੱਕ ਪਾਤਸਾਹ ਵਰਗਾ ਹੈ ਜਿਹ ਨੈ ਆਪਣੇ ਪੁਤ੍ਰ ਦ
ਵਿਆਹ ਕੀਤਾ॥੩॥ ਅਤੇ ਉਸ ਨੈ ਪਰਾਹੁਣਿਆਂ ਨੂੰ ਵਿਆਹ ਵਿੱਚ ਸੱਦਣ ਲਈ ਆਪਣੇ ਚਾ
ਕਰਾਂ ਨੂੰ ਘੱਲਿਆ ਪਰ ਓਹ ਆਉਣ ਨੂੰ ਰਾਜੀ ਨਾ ਹੋਏ॥੪॥ ਫੇਰ ਉਹ ਨੈ ਹੋਰਨਾਂ ਚਾਕਰਾਂ ਨੂੰ ਇਹ
ਕਹਿਕੇ ਘੱਲਿਆ ਜੋ ਪਰਾਹੁਣਿਆਂ ਨੂੰ ਕਹੋ ਭਈ ਵੇਖੋ ਮੈਂ ਆਪਣਾ ਖਾਣਾ ਤਿਆਰ ਕੀਤਾ ਹੈ ਮੇਰੇ
ਬੈਲ ਅਰ ਮੋਟੇ ਮੋਟੇ ਜਾਨਵਰ ਕੋਹੇ ਗਏ ਹਨ ਅਤੇ ਸਭ ਕੁਛ ਤਿਆਰ ਹੈ ਤੁਸੀਂ ਵਿਆਹ ਵਿੱਚ ਚੱ

Original with:
Language Department Punjab
Digitized by:
Panjab Digital Library

ਲੋ॥੫॥ਪਰ ਓਹ ਬੇਪਰਵਾਈ ਕਰਕੇ ਚੱਲੇ ਗਏ ਕੋਈ ਆਪਣੇ ਖੇਤ ਨੂੰ ਅਰ ਕੋਈ ਆਪਣੇ ਵ-
ਣਜ ਬਪਾਰ ਨੂੰ॥੬॥ ਅਤੇ ਹੋਰਨਾਂ ਨੇ ਉਹ ਦੇ ਚਾਕਰਾਂ ਨੂੰ ਫੜਕੇ ਉਨਾਂ ਦੀ ਪਤ ਲਾਹੀ ਅਰ ਮਾਰ
ਸੁੱਟਿਆ॥੭॥ ਅਤੇ ਪਾਤਸ਼ਾਹ ਨੂੰ ਕ੍ਰੋਧ ਆਇਆ ਅਤੇ ਉਸ ਨੇ ਆਪਣੀਆਂ ਫੌਜਾਂ ਘੱਲਕੇ
ਉਨਾਂ ਖੂਨੀਆਂ ਦਾ ਨਾਸ ਕਰ ਦਿੱਤਾ ਅਰ ਉਨਾਂ ਦਾ ਸਹਿਰ ਫੂਕ ਸੁੱਟਿਆ॥੮॥ ਤਦ ਉਹ ਨੇ ਆ-
ਪਣੇ ਚਾਕਰਾਂ ਨੂੰ ਆਖਿਆ ਵਿਆਹ ਦਾ ਸਮਿਆਨ ਤਾਂ ਤਿਆਰ ਹੈ ਪਰ ਸੱਦੇ ਹੋਏ ਨਲਾਇਕ ਸ-
ਨ॥੯॥ ਸੋ ਤੁਸੀਂ ਚੁਰਾਹਿਆਂ ਵਿੱਚ ਜਾਓ ਅਤੇ ਜਿੰਨੇ ਤੁਹਾਨੂੰ ਮਿਲਣ ਵਿਆਹ ਵਿੱਚ ਸੱਦ ਲਿ-
ਆਓ॥੧੦॥ ਤਾਂ ਓਹ ਚਾਕਰ ਰਸਤਿਆਂ ਉੱਤੇ ਬਾਹਰ ਜਾਕੇ ਬੁਰੇ ਭਲੇ ਜਿੰਨੇ ਮਿਲੇ ਸੱਭ ਨੂੰ ਕੱਠੇ ਕ-
ਰ ਲਿਆਏ ਅਤੇ ਵਿਆਹ ਵਾਲਾ ਘਰ ਪਰਾਹੁਣਿਆਂ ਨਾਲ ਭਰ ਗਿਆ॥੧੧॥ ਪਰ ਜਦ ਪਾ-
ਤਸ਼ਾਹ ਪਰਾਹੁਣਿਆਂ ਨੂੰ ਵੇਖਣ ਅੰਦਰ ਆਇਆ ਤਦ ਉੱਥੇ ਇੱਕ ਮਨੁੱਖ ਨੂੰ ਡਿੱਠਾ ਜਿਹੜਾ ਵਿ-
ਆਹ ਦਾ ਕੱਪੜਾ ਪਹਿਨਿਆ ਹੋਇਆ ਨ ਸੀ॥੧੨॥ ਅਤੇ ਉਹ ਨੂੰ ਕਿਹਾ ਭਾਈ ਤੂੰ ਇੱਥੇ ਵਿਆ-
ਹ ਦੇ ਕੱਪੜੇ ਬਾਝੋਂ ਕਿਸ ਤਰਾਂ ਅੰਦਰ ਆਇਆ। ਪਰ ਉਹ ਚੁੱਪ ਹੀ ਰਹਿ ਗਿਆ॥੧੩॥ ਤ-
ਦ ਪਾਤਸ਼ਾਹ ਨੇ ਟਹਿਲ ਵਾਲਿਆਂ ਨੂੰ ਆਖਿਆ ਇਹ ਦੇ ਹੱਥ ਪੈਰ ਬੰਨਕੇ ਇਹ ਨੂੰ ਬਾਹਰ ਦੇ
ਅੰਧਘੋਰ ਵਿੱਚ ਸੁੱਟ ਦਿਓ ਉੱਥੇ ਰੋਣਾ ਅਤੇ ਦੰਦੀਆਂ ਪੀਹਣੀਆਂ ਹੋਣਗੀਆਂ॥੧੪॥ ਕਿ-
ਉ ਜੋ ਸੱਦੇ ਹੋਏ ਤਾਂ ਬਹੁਤ ਹਨ ਪਰ ਚੁਣੇ ਹੋਏ ਥੋੜੇ॥ ॥੧੫॥ ਤਦੋਂ ਫਰੀਸੀਆਂ ਨੇ
ਜਾਕੇ ਮਤਾ ਪਕਾਇਆ ਜੋ ਉਹ ਨੂੰ ਕਿਸ ਤਰਾਂ ਗੱਲਾਂ ਵਿੱਚ ਫਸਾਇਯੇ॥੧੬॥ ਅਤੇ ਉਨਾਂ ਆਪ-

Original with:
Language Department Punjab
Digitized by:
Panjab Digital Library

ਏ ਸਿੱਖਾਂ ਨੂੰ ਹੇਰੋਦੀਆਂ ਦੇ ਨਾਲ੍ਹ ਉਹ ਦੇ ਕੋਲ੍ਹ ਭੇਜਿਆ ਭਈ ਉਸ ਨੂੰ ਆਖਣ ਗੁਰੂ ਜੀ
ਅਸੀਂ ਜਾਣਦੇ ਹਾਂ ਜੋ ਤੂੰ ਸੱਚਾ ਹੈਂ ਅਰ ਸਾਚਿਆਈ ਨਾਲ੍ਹ ਪਰਮੇਸ਼ੁਰ ਦਾ ਰਾਹ ਦੱਸਦਾ ਹੈਂ ਅਤੇ
ਤੈ ਨੂੰ ਕਿਸੇ ਦੀ ਪਰਵਾਹ ਨਹੀਂ ਕਿੰਉ ਜੋ ਤੂੰ ਮਨੁੱਖਾਂ ਦਾ ਪੱਖ ਨਹੀਂ ਕਰਦਾ॥੧੭॥ ਸੋ ਸਾ ਨੂੰ ਦੱਸ
ਤੂੰ ਕੀ ਸਮਝ੍ਹਦਾ ਹੈਂ ਜੋ ਕੈਸਰ ਨੂੰ ਜੇਜਯਾ ਦੇਣਾ ਜੋਗ ਹੈ ਕੇ ਨਹੀਂ॥੧੮॥ ਪਰ ਯਿਸੂ ਨੈ ਉਨਾਂ ਦੀ
ਖਚਰਵਿੱਦਿਆ ਜਾਣਕੇ ਆਖਿਆ ਹੇ ਕਪਟੀਓ ਕਿੰਉ ਮੈ ਨੂੰ ਪਰਤਾਉਂਦੇ ਹੋ॥੧੯॥ ਜੇਜਯੇ ਦਾ
ਸਿੱਕਾ ਮੈ ਨੂੰ ਵਿਖਾਓ। ਤਦ ਓਹ ਇੱਕ ਅਠਿਆਨੀ ਉਸ ਪਾਸ ਲਿਆਏ॥੨੦॥ ਅਤੇ ਉਸ ਨੈ
ਉਨਾਂ ਨੂੰ ਕਿਹਾ ਇਹ ਮੂਰਤ ਅਤੇ ਲਿਖਤ ਕਿਹ ਦੀ ਹੈ॥੨੧॥ ਉਨਾਂ ਉਸ ਨੂੰ ਕਿਹਾ ਕੈਸਰ ਦੀ।
ਤਦ ਉਸ ਨੈ ਉਨਾਂ ਨੂੰ ਆਖਿਆ ਫੇਰ ਜੇਹੜੀਆਂ ਚੀਜਾਂ ਕੈਸਰ ਦੀਆਂ ਹਨ ਓਹ ਕੈਸਰ ਨੂੰ ਅ
ਤੇ ਜੇਹੜੀਆਂ ਪਰਮੇਸ਼ੁਰ ਦੀਆਂ ਹਨ ਓਹ ਪਰਮੇਸ਼ੁਰ ਨੂੰ ਦਿਓ॥੨੨॥ ਅਤੇ ਉਨਾਂ ਨੈ ਇਹ ਸੁਣ
ਕੇ ਅਚੰਭਾ ਕੀਤਾ ਅਰ ਉਸ ਨੂੰ ਛੱਡ ਕੇ ਚੱਲੇ ਗਏ॥ 1519 ॥੨੩॥ ਉਸੇ ਦਿਨ ਸਦੂਕੀ ਜੋ
ਹੜੇ ਆਖਦੇ ਹਨ ਜੋ ਕਿਆਮਤ ਨਹੀਂ ਹੋਣੀ ਉਸ ਪਾਸ ਆਏ ਅਤੇ ਇਹ ਕਹਿ ਕੇ ਉਸ ਨੂੰ ਸੁਆ
ਲ੍ਹ ਕੀਤਾ॥੨੪॥ ਕਿ ਗੁਰੂ ਜੀ ਮੂਸਾ ਨੈ ਆਖਿਆ ਸੀ ਭਈ ਜੇ ਕੋਈ ਔਤ ਮਰ ਜਾਵੇ ਤਾਂ ਉਹ ਦਾ
ਭਾਈ ਉਹ ਦੀ ਤੀਮੀਂ ਨਾਲ੍ਹ ਵਿਆਹ ਕਰ ਲਵੇ ਅਤੇ ਆਪਣੇ ਭਾਈ ਵਾਸਤੇ ਵੰਸ ਉਤਪੱਤ ਕ
ਰੇ॥੨੫॥ ਸੋ ਸਾਡੇ ਵਿੱਚ ਸੱਤ ਭਾਈ ਸਨ ਅਤੇ ਪਹਿਲਾ ਵਿਆਹ ਕਰ ਕੇ ਮਰ ਗਿਆ ਅਤੇ ਬੰ
ਉਲਾਦ ਹੋਣ ਕਰ ਕੇ ਆਪਣੇ ਭਾਈ ਦੇ ਵਾਸਤੇ ਆਪਣੀ ਤੀਮੀ ਛੱਡ ਗਿਆ॥੨੬॥ ਇਸੇ

Original
Language Department Punjab
Digitized by:
Panjab Digital Library

ਤਰਾਂ ਦੂਆ ਬੀ ਅਤੇ ਤੀਆ ਬੀ ਸੱਤਵੇਂ ਤੀਕੁਰ ॥੨੭॥ ਅਰ ਸਾਰਿਆਂ ਦੇ ਪਿੱਛੋਂ ਉਹ ਤੀਮੀ
ਬੀ ਮਰ ਗਈ ॥੨੮॥ ਉਪਰੰਦ ਕਿਯਾਮਤ ਨੂੰ ਉਹ ਉਨਾਂ ਸੱਤਾਂ ਵਿੱਚੋਂ ਕਿਹ ਦੀ ਤੀਮੀਂ ਹੋਊ
ਕਿਉਂਕਿ ਉਨਾਂ ਸਭਨਾਂ ਨੇ ਉਹ ਨੂੰ ਵਸਾਇਆ ਸੀ ॥੨੯॥ ਅਤੇ ਯਿਸੂ ਨੇ ਉਨਾਂ ਨੂੰ ਉੱਤਰ ਦਿੱ-
ਤਾ ਤੁਸੀਂ ਕਿਤਾਬਾਂ ਅਰ ਪਰਮੇਸੁਰ ਦੀ ਸਮਰੱਥਾ ਨੂੰ ਨਾ ਜਾਣਕੇ ਭੁੱਲ ਵਿੱਚ ਪਏ ਹੋ ॥੩੦॥
ਕਿਉਂ ਜੋ ਕਿਯਾਮਤ ਵਿੱਚ ਨਾ ਵਿਆਹ ਕਰਦੇ ਅਤੇ ਨਾ ਵਿਆਹੇ ਜਾਂਦੇ ਹਨ ਬਲਕ ਸੁਰਗਾਂ-
ਚ ਦੂਤਾਂ ਵਰਗੇ ਹਨ ॥੩੧॥ ਪਰ ਮੁਰਦਿਆਂ ਦੀ ਕਿਯਾਮਤ ਦੀ ਬਾਬਤ ਕੀ ਤੁਸਾਂ ਉਹ ਨਹੀਂ
ਪੜ੍ਹਿਆ ਜੋ ਪਰਮੇਸੁਰ ਨੇ ਤੁਹਾ ਨੂੰ ਆਖਿਆ ॥੩੨॥ ਕਿ ਮੈਂ ਇਬਰਾਹੀਮ ਦਾ ਪਰਮੇਸੁਰ
ਅਤੇ ਇਸਹਾਕ ਦਾ ਪਰਮੇਸੁਰ ਅਤੇ ਯਾਕੂਬ ਦਾ ਪਰਮੇਸੁਰ ਹਾਂ। ਉਹ ਮੁਰਦਿਆਂ ਦਾ ਪਰ-
ਮੇਸੁਰ ਨਹੀਂ ਪਰ ਜੀਉਂਦਿਆਂ ਦਾ ਹੈ ॥੩੩॥ ਅਤੇ ਲੋਕ ਇਹ ਸੁਣਕੇ ਉਹ ਦੇ ਉਪਦੇਸ ਥੋਂ ਹੈ-
ਰਾਨ ਹੋਏ ॥ ॥੩੪॥ ਪਰ ਜਦ ਫਰੀਸੀਆਂ ਨੇ ਸੁਣਿਆ ਜੋ ਉਹ ਨੇ ਸਦੂਕੀਆਂ ਦਾ
ਮੂੰਹ ਬੰਦ ਕਰ ਦਿੱਤਾ ਤਦ ਓਹ ਇੱਕ ਥਾਉਂ ਕੱਠੇ ਹੋਏ ॥੩੫॥ ਅਤੇ ਉਨਾਂ ਵਿੱਚੋਂ ਇੱਕ ਨੇ ਜਿਹੜਾ
ਸਰਾ ਦਾ ਸਿਖਲਾਉਣਵਾਲਾ ਸੀ ਉਹ ਦੇ ਪਰਤਾਉਣ ਲਈ ਸੁਆਲ ਕੀਤਾ ॥੩੬॥ ਜੋ ਚੁ-
ਰੂ ਜੀ ਸਰਾ ਵਿੱਚ ਵਡਾ ਹੁਕਮ ਕਿਹੜਾ ਹੈ ॥੩੭॥ ਅਤੇ ਉਸ ਨੇ ਉਹ ਨੂੰ ਕਿਹਾ ਤੂੰ ਪ੍ਰਭੁ ਆਪਣੇ
ਪਰਮੇਸੁਰ ਨੂੰ ਆਪਣੇ ਸਾਰੇ ਮਨ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸ-
ਾਰੀ ਬੁੱਧ ਨਾਲ ਪਿਆਰ ਕਰ ॥੩੮॥ ਵਡਾ ਅਤੇ ਪਹਿਲਾ ਹੁਕਮ ਇਹੋ ਹੈ ॥੩੯॥ ਅਤੇ ਦੂਆ

Original with:
Language Department Punjab
Digitized by:
Panjab Digital Library

ਇਹਦੇ ਵਾਙੂੰ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ॥੪੦॥ ਇਨਾਂ ਦੋਹਾਂ ਹੁਕਮਾਂ ਉੱਤੇ ਸਾਰੀ ਸਰਾ ਅਤੇ ਪੈਕੰਬਰਾਂ ਦੇ ਬਚਨ ਟਿਕੇ ਹੋਏ ਹਨ॥ ॥੪੧॥ ॥ ਅਰ ਜਿਸ ਵੇਲੇ ਫਰੀਸੀ ਕੱਠੇ ਸਨ ਯਿਸੂ ਨੈ ਉਨਾਂ ਨੂੰ ਪੁੱਛਿਆ॥੪੨॥ ਮਸੀਹ ਦੇ ਹੱਕ ਵਿੱਚ ਤੁਸੀਂ ਕੀ ਸਮਝਦੇ ਹੋ ਉਹ ਕਿਹਦਾ ਪੁੜ ਹੈ। ਉਨਾਂ ਉਸ ਨੂੰ ਆਖਿਆ ਦਾਊਦ ਦਾ॥੪੩॥ ਉਸ ਨੈ ਉਨਾਂ ਨੂੰ ਕਿਹਾ ਫੇਰ ਦਾਊਦ ਆਤਮਾ ਦੀ ਰਾਹੀਂ ਕਿੱਕੁਰ ਉਹ ਨੂੰ ਪ੍ਰਭੂ ਆਖਦਾ ਹੈ॥੪੪॥ ਕਿ ਪ੍ਰਭੂ ਨੈ ਮੇਰੇ ਪ੍ਰਭੂ ਨੂੰ ਆਖਿਆ ਤੂੰ ਮੇਰੇ ਸੱਜੇ ਪਾਸੇ ਬੈਠ ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਹੇਠਨਾ ਕਰ ਦਿਆਂ॥੪੫॥ ਸੋ ਜਦ ਦਾਊਦ ਉਹ ਨੂੰ ਪ੍ਰਭੂ ਆਖਦਾ ਹੈ ਤਾਂ ਉਹ ਉਸ ਦਾ ਪੁੜ ਕਿਸ ਤਰਾਂ ਹੋਇਆ॥੪੬॥ ਅਤੇ ਕੋਈ ਉਹ ਨੂੰ ਇੱਕ ਬਚਨ ਤੀਕੁਰ ਜਵਾਬ ਨਾ ਦੇ ਸੱਕਿਆ ਅਤੇ ਨਾ ਉਸ ਦਿਨ ਥੋਂ ਕਿਸੇ ਦਾ ਹੀਆ ਪਿਆ ਜੋ ਉਸ ਅੱਗੇ ਕੋਈ ਪ੍ਰਸਨ ਕਰੇ॥

੨੩ ਕਾਂਡ॥

ਤਦ ਯਿਸੂ ਨੈ ਲੋਕਾਂ ਨੂੰ ਅਤੇ ਆਪਣੇ ਸਿੱਖਾਂ ਨੂੰ ਕਿਹਾ॥੨॥ ਰੀਥੀ ਅਤੇ ਫਰੀਸੀ ਮੂਸਾ ਦੀ ਗੱਦੀ ਉੱਤੇ ਬੈਠੇ ਹਨ॥੩॥ ਇਸ ਲਈ ਸਭ ਕੁਛ ਜੋ ਓਹ ਤੁਹਾਨੂੰ ਕਹਿਣ ਤੁਸੀਂ ਮੰਨ ਲੈਣਾ ਅਤੇ ਉਹ ਦੀ ਪਾਲਣਾ ਕਰੋ ਪਰ ਉਨਾਂ ਵਰਗੇ ਕੰਮ ਨਾ ਕਰਨੇ ਕਿਉਂ ਜੋ ਓਹ ਕਹਿੰਦੇ ਹਨ ਪਰ ਕਰਦੇ ਨਹੀਂ॥੪॥ ਓਹ ਭਾਰੇ ਬੋਝ ਜਿਨਾਂ ਦਾ ਚੁੱਕਣਾ ਔਖਾ ਹੈ ਬੰਨ ਕੇ ਮਨੁੱਖਾਂ ਦਿਆਂ ਮੋਢਿਆਂ ਉੱਤੇ ਰੱਖਦੇ ਹਨ ਪਰ ਓਹ ਆਪ ਉਨਾਂ ਨੂੰ ਆਪਣੀ ਉਂਗਲ ਨਾ-ਲ ਖਿਸਕਾਉਣ ਨੂੰ ਰਾਜੀ ਨਹੀਂ॥੫॥ ਅਤੇ ਓਹ ਆਪਣੇ ਸਭ ਕੰਮ ਲੋਕਾਂ ਦੇ ਦਿਖਲਾਵੇ ਲ-

Original with:
Language Department Punjab
Digitized by:
Panjab Digital Library

ਈ ਕਰਦੇ ਹਨ ਕਿਉਂ ਜੋ ਓਹ ਆਪਣੇ ਜੰਤਰ ਚਾਉੜੇ ਕਰਦੇ ਅਤੇ ਆਪਣੇ ਕੱਪੜਿਆਂ ਦੀ ਝਾਲ-
ਰ ਵਧਾਉਂਦੇ ਹਨ॥੬॥ ਅਤੇ ਜਿਆਫਤਾਂ ਵਿੱਚ ਉੱਚੀ ਥਾਉਂ ਅਤੇ ਸਮਾਜਾਂ ਵਿੱਚ ਅਗਲੀਆਂ
ਕੁਰਸੀਆਂ॥੭॥ ਅਤੇ ਬਜ਼ਾਰਾਂ ਵਿੱਚ ਸਲਾਮ ਲੈਣ ਅਤੇ ਮਨੁੱਖਾਂ ਕੋਲੋਂ ਸੁਆਮੀ ਜੀ ਕਹਾਉ-
ਣ ਦੇ ਭੁੱਖੇ ਹਨ॥੮॥ ਪਰ ਤੁਸੀਂ ਸੁਆਮੀ ਨਾ ਕਹਾਓ ਕਿਉਂ ਜੋ ਤੁਹਾਡਾ ਗੁਰੂ ਇੱਕੋ ਹੈ ਅਰ ਤੁਸੀਂ
ਸਭੋ ਭਾਈ ਹੋ॥੯॥ ਅਤੇ ਧਰਤੀ ਉੱਤੇ ਕਿਸੇ ਨੂੰ ਆਪਣਾ ਪਿਤਾ ਨਾ ਆਖੋ ਕਿਉਂ ਜੋ ਤੁਹਾਡਾ ਪਿਤਾ
ਇੱਕੋ ਹੈ ਜਿਹੜਾ ਅਕਾਸ਼ ਉੱਤੇ ਹੈ॥੧੦॥ ਅਰ ਨਾ ਤੁਸੀਂ ਹਾਦੀ ਕਹਾਓ ਕਿਉਂ ਜੋ ਤੁਹਾਡਾ ਹਾਦੀ ਇੱਕੋ
ਹੈ ਅਰਥਾਤ ਮਸੀਹ॥੧੧॥ ਪਰ ਉਹ ਜਿਹੜਾ ਤੁਹਾਡੇ ਵਿੱਚੋਂ ਹੋਰਨਾਂ ਨਾਲੋਂ ਵੱਡਾ ਹੈ ਸੋ ਤੁਹਾਡਾ ਟਹਿ-
ਲੂਆ ਹੋਊਗਾ॥੧੨॥ ਅਤੇ ਜੋ ਕੋਈ ਆਪਣੇ ਆਪ ਨੂੰ ਉੱਚਾ ਕਰੂ ਸੋ ਨੀਵਾਂ ਕੀਤਾ ਜਾਊ ਅਤੇ ਜੋ
ਕੋਈ ਆਪਣੇ ਆਪ ਨੂੰ ਨੀਵਾਂ ਕਰੂ ਸੋ ਉੱਚਾ ਕੀਤਾ ਜਾਊ॥ ॥੧੩॥ ਪਰ ਹੇ ਕਪਟੀ ਗ੍ਰੰਥੀ-
ਓ ਅਤੇ ਫ਼ਰੀਸੀਓ ਤੁਹਾਡੇ ਉੱਤੇ ਹਾਇ ਹਾਇ ਇਸ ਲਈ ਜੋ ਤੁਸੀਂ ਸੁਰਗ ਦੇ ਰਾਜ ਨੂੰ ਮਨੁੱਖਾਂ ਦੇ ਅੱ-
ਗੇ ਬੰਦ ਕਰਦੇ ਹੋ ਕਿਉਂ ਜੋ ਉਸ ਵਿੱਚ ਨਾ ਆਪ ਵੜਦੇ ਨਾ ਵੜਨਵਾਲਿਆਂ ਨੂੰ ਵੜਨ ਦਿੰਦੇ ਹੋ
॥ ॥੧੪॥ ਹੇ ਕਪਟੀ ਗ੍ਰੰਥੀਓ ਅਤੇ ਫ਼ਰੀਸੀਓ ਤੁਹਾਡੇ ਉੱਤੇ ਹਾਇ ਹਾਇ! ਕਿਉਂ
ਜੋ ਤੁਸੀਂ ਇੱਕ ਮਨੁੱਖ ਨੂੰ ਆਪਣੇ ਪੰਥ ਵਿੱਚ ਰਲਾਉਣ ਲਈ ਜਲ ਥਲ ਗਾਹੁੰਦੇ ਹੋ ਅਤੇ ਜਾਂ ਉ-
ਹਆ ਚੁੱਕਿਆ ਤਾਂ ਤੁਸੀਂ ਉਹ ਨੂੰ ਆਪਣੇ ਨਾਲੋਂ ਦੂਣਾ ਨਰਕ ਦਾ ਪੁਤ੍ਰ ਬਣਾਉਂਦੇ ਹੋ॥
॥੧੬॥ ਹੇ ਅੰਨ੍ਹੇ ਆਗੂਓ ਤੁਹਾਡੇ ਉੱਤੇ ਹਾਇ ਹਾਇ ਜੋ ਤੁਸੀਂ ਆਖਦੇ ਹੋ ਭਈ ਜੇ ਕੋਈ ਮੰਦਰ ਦੀ

Original with:
Language Department Punjab
Digitized by:
Panjab Digital Library

ਸੌਂਖਾਵੇ ਤਾਂ ਕੁਛ ਗੱਲ ਨਹੀਂ ਪਰ ਜੇ ਕੋਈ ਮੰਦਰ ਦੇ ਸੋਨੇ ਦੀ ਸੌਂਖਾਵੇ ਤਾਂ ਉਹ ਪੂਰੀ ਕਰ-
ਨੀ ਪਊ॥ ੧੭॥ ਹੇ ਮੂਰਖੋ ਅਤੇ ਅੰਨਿਓ ਕਿਹੜਾ ਵੱਡਾ ਹੈ ਸੋਨਾ ਅਥਵਾ ਮੰਦਰ ਜਿਹ ਨੈ ਸੋਨੇ
ਨੂੰ ਪਵਿੱਤ੍ਰ ਕੀਤਾ ਹੈ॥ ੧੮॥ ਅਤੇ ਇਹ ਆਖਦੇ ਹੋ ਕੁ ਜੋ ਕੋਈ ਜਗਵੇਦੀ ਦੀ ਸੌਂਖਾਵੇ ਤ ਂ
ਕੁਛ ਗੱਲ ਨਹੀਂ ਪਰ ਜਿਹੜੀ ਭੇਟ ਉਸ ਉੱਤੇ ਹੈ ਜੇ ਉਹ ਦੀ ਸੌਂਖਾਵੇ ਤਾਂ ਉਹ ਨੂੰ ਪੂਰੀ ਕਰਨੀ
ਪਊ॥ ੧੯॥ ਹੇ ਅੰਨਿਓ ਕਿਹੜੀ ਵਡੀ ਹੈ ਭੇਟ ਅਥਵਾ ਜਗਵੇਦੀ ਜਿਹੜੀ ਭੇਟ ਨੂੰ ਪਵਿੱਤ੍ਰ
ਕਰਦੀ ਹੈ॥ ੨੦॥ ਇਸ ਲਈ ਜੋ ਕੋਈ ਜਗਵੇਦੀ ਦੀ ਸੌਂਖਾਂਦਾ ਹੈ ਸੋ ਉਹ ਦੀ ਅਤੇ ਸ-
ਭ ਚੀਜਾਂ ਦੀ ਜੋ ਹੜੀਆਂ ਉਸ ਉੱਤੇ ਹਨ ਸੌਂਖਾਂਦਾ ਹੈ॥ ੨੧॥ ਅਤੇ ਜੋ ਕੋਈ ਮੰਦਰ ਦੀ
ਸੌਂਖਾਂਦਾ ਹੈ ਸੋ ਉਸ ਦੀ ਅਰ ਉਹ ਦੇ ਵਿੱਚ ਰਹਿਣ ਵਾਲੇ ਦੀ ਭੀ ਸੌਂਖਾਂਦਾ ਹੈ॥ ੨੨॥
ਅਤੇ ਜੋ ਕੋਈ ਸੁਰਗ ਦੀ ਸੌਂਖਾਂਦਾ ਹੈ ਸੋ ਪਰਮੇਸ਼ੁਰ ਦੇ ਸਿੰਘਾਸਣ ਦੀ ਅਤੇ ਉਸ ਉੱਪਰ
ਬੈਠਣ ਵਾਲੇ ਦੀ ਸੌਂਖਾਂਦਾ ਹੈ॥ ॥੨੩॥ ਹੇ ਕਪਟੀ ਗ੍ਰੰਥੀਓ ਅਤੇ ਫ਼ਰੀ-
ਸੀਓ ਤੁਹਾਡੇ ਉੱਤੇ ਹਾਇ ਹਾਇ ਕਿਉ ਜੋ ਤੁਸੀਂ ਪੂਦਨੇ ਅਤੇ ਸੌਂਫ ਅਤੇ ਜੀਰੇ ਦਾ ਦ-
ਸੌਂਧ ਦਿੰਦੇ ਹੋ ਅਤੇ ਸ਼ਰਾ ਦੇ ਭਾਰੇ ਹੁਕਮਾਂ ਨੂੰ ਅਰਥਾਤ ਨਿਆਉਂ ਅਰ ਦਯਾ ਅਰ ਨਿਹ-
ਚਾ ਨੂੰ ਛੱਡ ਦਿੱਤਾ ਹੈ। ਪਰ ਚਾਹੀਦਾ ਸੀ ਜੋ ਇਨਾਂ ਨੂੰ ਕਰਦੇ ਅਤੇ ਉਨਾਂ ਨੂੰ ਭੀ ਨਾ ਛੱਡਦੇ॥
੨੪॥ ਹੇ ਅੰਨੇ ਆਗੂਓ ਜੋ ਹੜੇ ਮੱਛਰ ਪੁਣ ਲੈਂਦੇ ਅਤੇ ਊਠ ਨਿਗਲ ਜਾਂਦੇ ਹੋ॥
॥੨੫॥ ਹੇ ਕਪਟੀ ਗ੍ਰੰਥੀਓ ਅਤੇ ਫ਼ਰੀਸੀਓ ਤੁਹਾਡੇ ਉੱਤੇ ਹਾਇ ਹਾਇ ਕਿਉ ਜੋ ਤੁਸੀਂ ਕ

Original
Language Department Punjab
Digitized by:
Panjab Digital Library

ਟੋਰੇ ਅਰ ਥਾਲੀ ਨੂੰ ਬਾਹਰੋਂ ਸਾਫ ਕਰਦੇ ਹੋ ਪਰ ਅੰਦਰੋਂ ਓਹ ਲੁੱਟ ਅਤੇ ਬਦਪਰਹੇਜੀ ਨਾਲ
ਭਰੇ ਹੋਏ ਹਨ ॥੨੬॥ ਹੇ ਅੰਨੇ ਫਰੀਸੀ ਪਹਿਲਾਂ ਕਟੋਰੇ ਅਤੇ ਥਾਲੀ ਦੇ ਅੰਦਰ ਨੂੰ ਸਾਫ ਕਰ
ਤਾਂ ਓਹ ਬਾਹਰੋਂ ਬੀ ਸਾਫ ਹੋਣ ॥ ॥੨੭॥ ਹੇ ਕਪਟੀ ਗ੍ਰੰਥੀਓ ਅਤੇ ਫਰੀਸੀਓ ਤੁਹਾ-
ਨੂੰ ਉੱਤੇ ਹਾਇ ਹਾਇ ਕਿਉਂ ਜੋ ਤੁਸੀਂ ਕਲੀ ਫੇਰੀ ਹੋਈ ਕਬਰਾਂ ਵਰਗੇ ਹੋ ਜੋ ਬਾਹਰੋਂ ਤ
ਸੁਹੁਣੀਆਂ ਦਿਸਦੀਆਂ ਹਨ ਪਰ ਅੰਦਰੋਂ ਮੁਰਦਿਆਂ ਦੀਆਂ ਹੱਡੀਆਂ ਅਤੇ ਹਰ ਪਰਕਾਰ
ਦੀ ਪਲੀਤੀ ਨਾਲ ਭਰੀਆਂ ਹੋਈਆਂ ਹਨ ॥੨੮॥ ਇਸੇ ਤਰਾਂ ਤੁਸੀਂ ਬੀ ਬਾਹਰੋਂ ਮਨੁੱਖਾਂ ਨੂੰ ਧ
ਰਮੀ ਵਿਖਾਈ ਦਿੰਦੇ ਹੋ ਪਰ ਅੰਦਰੋਂ ਕਪਟ ਅਰ ਕੁਧਰਮ ਨਾਲ ਭਰੇ ਹੋਏ ਹੋ ॥ ॥੨੯
॥ ਹੇ ਕਪਟੀ ਗ੍ਰੰਥੀਓ ਅਤੇ ਫਰੀਸੀਓ ਤੁਹਾਡੇ ਉੱਤੇ ਹਾਇ ਹਾਇ ਕਿਉਂ ਜੋ ਤੁਸੀਂ ਪੈਕੰਬਰਾਂ ਦੀਆ
ਕਬਰਾਂ ਬਣਾਉਂਦੇ ਹੋ ਅਤੇ ਧਰਮੀਆਂ ਦੀਆਂ ਸਮਾਧਾਂ ਸੁਆਰਦੇ ਹੋ ॥੩੦॥ ਅਤੇ ਆਖਦੇ ਹੋ
ਜੇ ਅਸੀਂ ਆਪਣੇ ਵਡਿਆਂ ਦੇ ਦਿਨਾਂ ਵਿੱਚ ਹੁੰਦੇ ਤਾਂ ਉਨਾਂ ਨਾਲ ਪੈਕੰਬਰਾਂ ਦੇ ਖੂਨ ਵਿੱਚ ਸਾ-
ਝੀ ਨਾ ਹੁੰਦੇ ॥੩੧॥ ਸੋ ਤੁਸੀਂ ਆਪਣੇ ਉੱਤੇ ਉਗਾਹੀ ਦਿੰਦੇ ਹੋ ਜੋ ਅਸੀਂ ਪੈਕੰਬਰਾਂ ਦੇ ਖੂਨੀਆਂ
ਦੇ ਪੁੜ ਹਾਂ ਗੇ ॥੩੨॥ ਸੋ ਤੁਸੀਂ ਆਪਣੇ ਵਡਿਆਂ ਦੇ ਹਾੜੇ ਨੂੰ ਭਰੀ ਜਾਓ ॥੩੩॥ ਹੇ ਸੱਪੋ ਹੇ ਨਾ-
ਗਾਂ ਦੇ ਬੱਚਿਓ ਤੁਸੀਂ ਨਰਕ ਦੇ ਦੰਡੋਂ ਕਿਸ ਬਿਧ ਭੱਜੋਗੇ ॥੩੪॥ ਇਸ ਲਈ ਵੇਖੋ ਮੈਂ ਪੈਕੰਬਰ
ਅਤੇ ਗਿਆਨੀਆਂ ਅਤੇ ਗ੍ਰੰਥੀਆਂ ਨੂੰ ਤੁਹਾਡੇ ਕੋਲ ਭੇਜਦਾ ਹਾਂ। ਤੁਸੀਂ ਉਨਾਂ ਵਿੱਚੋਂ ਕਈਆ
ਨੂੰ ਮਾਰ ਸੁੱਟੋਗੇ ਅਤੇ ਸਲੀਬ ਉੱਤੇ ਚੜ੍ਹਾਓਗੇ ਅਤੇ ਕਈਆਂ ਨੂੰ ਆਪਣੇ ਸਮਾਜਾਂ ਵਿੱਚ ਕੋਰ-

Original with:
Language Department Punjab
Digitized by:
Panjab Digital Library

ਕੇ ਮਾਰੇਗੇ ਅਤੇ ਸ਼ਹਿਰ ਸ਼ਹਿਰ ਉਨਾਂ ਦੇ ਮਗਰ ਪਵੇਗੇ॥੨੫॥ ਤਾਂ ਕਿ ਧਰਮੀਆਂ ਦਾ ਜਿੰਨਾ ਲਹੂ ਧਰਤੀ ਉੱਤੇ ਵਹਾਇਆ ਗਿਆ ਹਾਬਿਲ ਧਰਮੀ ਦੇ ਲਹੂ ਥੋਂ ਲਾਕੇ ਬਰਖੀਆ ਦੇ ਪੁਤ੍ਰ ਜਕਰੀਆ ਦੇ ਲਹੂ ਤੀਕ ਜਿਹ ਨੂੰ ਤੁਸਾਂ ਮੰਦਰ ਅਤੇ ਜਗਵੇਦੀ ਦੇ ਵਿਚਕਾਰ ਮਾਰ ਦਿੱਤਾ ਸ਼ ਭੋ ਤੁਹਾਡੇ ਜੁੰਮੇ ਆਵੇ॥੩੬॥ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਜੋ ਇਹ ਸਭ ਕੁਛ ਇਸ ਪੀਹੜੀ ਦੇ ਲੋਕਾਂ ਦੇ ਜੁੰਮੇ ਆਊਗਾ॥

॥੩੭॥ ਹੇ ਯਰੂਸਲੀਮ ਯਰੂਸਲੀਮ ਤੂੰ ਜੋ ਪਿਕੰਬਰਾਂ ਨੂੰ ਕਤਲ ਕਰਦਾ ਹੈਂ ਅਤੇ ਉਨਾਂ ਨੂੰ ਜੋ ਤੇਰੇ ਤੇਰੇ ਕੋਲ ਘੱਲੇ ਗਏ ਪਥਰਾਉ ਕਰਦਾ ਹੈਂ ਮੈਂ ਕਿੰਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉਸੇ ਤਰਾਂ ਕੱਠੇ ਕਰਾਂ ਜਿਸ ਤਰਾਂ ਕੁਕੜੀ ਆਪਣੇ ਬੱਚਿਆਂ ਨੂੰ ਖੰਭਾਂ ਦੇ ਹੇਠ ਕੱਠੇ ਕਰਦੀ ਹੈ ਪਰ ਤੁਸਾਂ ਨਾ ਚਾਹਿਆ॥੩੮॥ ਵੇਖੋ ਤੁਹਾਡਾ ਘਰ ਤੁਹਾਡੇ ਵਾਸਤੇ ਉਜਾੜ ਛੱਡਿਆ ਜਾਂਦਾ ਹੈ॥੩੯॥ ਕਿਉਂਕਿ ਮੈਂ ਤੁਹਾ ਨੂੰ ਆਖਦਾ ਹਾਂ ਜੋ ਤੁਸੀਂ ਮੈਨੂੰ ਏਦੋਂ ਅੱਗੇ ਫੇਰ ਨਾ ਵੇਖੋਗੇ ਜਦ ਤੋੜੀ ਇਹ ਨਾ ਕਹੋਗੇ ਭੁਈ ਧੰਨ ਹੈ ਉਹ ਜਿਹੜਾ ਪ੍ਰਭੁ ਦੇ ਨਾਉਂ ਉੱਤੇ ਆਉਂਦਾ ਹੈ॥

੨੪ਕਾਂਡ॥ ਅਤੇ ਜਿਸ ਮੰਦਰੋਂ ਬਾਹਰ ਨਿੱਕਲ ਕੇ ਚੱਲਿਆ ਜਾਂਦਾ ਸੀ ਕਿਉਹਦੇ ਸਿੱਖ ਉਸ ਕੋਲ ਆਏ ਜੋ ਮੰਦਰ ਦੀਆਂ ਇਮਾਰਤਾਂ ਉਹ ਨੂੰ ਵਿਖਾਲਣ॥੨॥ ਪਰ ਉਸ ਨੇ ਅੱਗੋਂ ਉਨਾਂ ਨੂੰ ਕਿਹਾ ਕੀ ਤੁਸੀਂ ਇਨਾਂ ਸਭਨਾਂ ਚੀਜਾਂ ਨੂੰ ਨਹੀਂ ਵੇਖਦੇ। ਮੈਂ ਤੁਹਾ ਨੂੰ ਸੱਤ ਆਖਦਾ ਹਾਂ ਜੋ ਐੱਥੇ ਪੱਥਰ ਉੱਤੇ ਪੱਥਰ ਨਾ ਛੱਡਿਆ ਜਾਏਗਾ ਜੋ ਡੇਗਿਆ ਨਾ ਜਾਊ॥

॥੩॥ ਅਤੇ ਜਦ ਉਹ ਜੈਤੂਨ ਦੇ ਪਹਾੜ ਉੱਤੇ ਬੈਠਾ ਹੋਇਆ ਸੀ ਉਹ ਦੇ ਸਿੱਖ ਉਸ ਪਾਸ ਨਿ-

Original with:
Language Department Punjab
Digitized by:
Panjab Digital Library

ਰਾਲੇ ਵਿੱਚ ਆਏ ਅਤੇ ਬੋਲੇ ਕਿ ਸਾ ਨੂੰ ਦੱਸ ਜੋ ਏਹ ਗੱਲਾਂ ਕਦ ਹੋਣਗੀਆਂ ਅਤੇ ਤੇਰੇ ਆਉ-
ਣ ਅਰ ਜੁਗਾਦੇ ਅੰਤ ਦਾ ਕੀ ਲੱਛਣ ਹੋਊ ॥ ੪ ॥ ਅਤੇ ਜਿਸ ਨੇ ਉਨਾਂ ਨੂੰ ਉੱਤਰ ਦਿੱਤਾ ਚੌਕਸ ਰ
ਹੋ ਕੋਈ ਤੁਹਾਨੂੰ ਕੋਈ ਭੁਲਾਵੇ ਵਿੱਚ ਨਾ ਪਾਵੇ ॥ ੫ ॥ ਕਿਉ ਜੋ ਮੇਰਾ ਨਾਉਂ ਧਾਰਕੇ ਬਥੇਰੇ ਇਹ-
ਹਿਦੇ ਆਉਣਗੇ ਜੋ ਮੈਂ ਮਸੀਹ ਹਾਂ ਅਤੇ ਬਹੁਤਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ ॥ ੬ ॥ ਅਤੇ
ਤੁਸੀਂ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ ਸੁਣੋਗੇ। ਖਬਰਦਾਰ ਕਿਤੇ ਘ-
ਬਰਾ ਨਾ ਜਾਣਾ ਕਿਉ ਜੋ ਏਹ ਗੱਲਾਂ ਤਾਂ ਹੋਣੀਆਂ ਹੀ ਹਨ ਪਰ ਅਜੇ ਅੰਤ ਨਹੀਂ ॥ ੭ ॥ ਕਿਉ
ਜੋ ਕੌਮ ਕੌਮ ਉੱਤੇ ਅਤੇ ਪਾਤਸਾਹੀ ਪਾਤਸਾਹੀ ਉੱਤੇ ਚੜਾਈ ਕਰੂ ਅਤੇ ਥਾਉਂ ਥਾਉਂ ਕਾਲ ਪੈਣਗੇ ਅ-
ਤੇ ਭੁਚਾਲ ਆਉਣਗੇ ॥ ੮ ॥ ਪਰ ਇਹ ਸਭ ਕੁਛ ਪੀੜਾਂ ਦਾ ਪਹਿਲਾ ਹੈ ॥ ੯ ॥ ਤਦ ਓਹ ਤੁਹਾ
ਨੂੰ ਦੁਖ ਭੋਗਣ ਲਈ ਫੜਵਾ ਦੇਣਗੇ ਅਰ ਤੁਹਾ ਨੂੰ ਮਾਰ ਦੇਣਗੇ ਅਤੇ ਮੇਰੇ ਨਾਉਂ ਦੇ ਕਾਰਨ
ਸਰਬੱਤ ਕੌਮਾਂ ਤੁਹਾਡੇ ਨਾਲ ਵੈਰ ਰੱਖਣਗੀਆਂ ॥ ੧੦ ॥ ਅਤੇ ਉਸ ਸਮੇ ਬਥੇਰੇ ਠੋਕਰ ਖਾਣ-
ਗੇ ਅਤੇ ਇੱਕ ਦੂਏ ਨੂੰ ਫੜਵਾਉਗਾ ਅਤੇ ਇੱਕ ਦੂਏ ਨਾਲ ਵੈਰ ਰੱਖੂ ॥ ੧੧ ॥ ਅਰ ਬਹੁਤ ਝੂਠੇ ਪ-
ਕੰਬਰ ਉੱਠਣਗੇ ਅਤੇ ਬਥੇਰਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ ॥ ੧੨ ॥ ਅਤੇ ਕੁਧਰਮ ਦੇ ਵਧਣ
ਕਰਕੇ ਬਹੁਤਿਆਂ ਦੀ ਪ੍ਰੀਤ ਠੰਢੀ ਹੋ ਜਾਊ ॥ ੧੩ ॥ ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਮੁਕ-
ਤਿ ਪਾਊ ॥ ੧੪ ॥ ਅਤੇ ਰਾਜ ਦੇ ਇਸ ਮੰਗਲ ਸਮਾਚਾਰ ਦੀ ਮਨਾਦੀ ਸਾਰੀ ਦੁਨੀਆਂ ਵਿੱਚ ਕੀ-
ਤੀ ਜਾਊ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਅਰ ਤਦੋਂ ਅੰਤ ਆਊਗਾ ॥ ॥ ੧੫ ॥ ਉਪ-

Original with:
Language Depa
Digitized by:
Panjab Digital Library

ਰੰਦਜਦ ਤੁਸੀਂ ਉਸ ਉਜਾੜਨਵਾਲੀ ਘਿਣਾਉਣੀ ਚੀਜ਼ ਨੂੰ ਜਿਹ ਦੀ ਖਬਰ ਦਾਨਿਯੇਲ ਪੈ-
ਕੰਬਰ ਨੈ ਦਿੱਤੀ ਪਵਿਤ੍ਰ ਥਾਉਂ ਵਿੱਚ ਖੜੀ ਵੇਖੋਗੇ। ਵਾਚਣਵਾਲਾ ਸਮਝ ਲਵੇ।।੧੬।। ਤਦ
ਓਹ ਜੋ ਯਹੂਦਿਯਾ ਵਿੱਚ ਹੋਣ ਪਹਾੜਾਂ ਉੱਤੇ ਭੱਜ ਜਾਣ।।੧੭।। ਜੋ ਕੋਠੇ ਪੁਰ ਹੋਵੇ ਉਹ
ਆਪਣੇ ਘਰ ਵਿੱਚੋਂ ਅਸਬਾਬ ਲੈਣ ਨੂੰ ਹੇਠਾਂ ਨਾ ਉੱਤਰੇ।।੧੮।। ਅਤੇ ਜਿਹੜਾ ਖੇਤ ਵਿੱਚ ਹੋ-
ਵੇ ਆਪਣੇ ਲੀੜੇ ਲੈਣ ਨੂੰ ਪਿਛਾਹਾਂ ਨਾ ਮੁੜੇ।।੧੯।। ਪਰ ਹਮਸੋਸ ਉਨਾਂ ਉੱਤੇ ਜੋ ਹੜੀਆਂ ਉਨ੍ਹ
ਦਿਨਾਂ ਵਿੱਚ ਪੈਰ ਭਾਰੀਆਂ ਅਤੇ ਦੁੱਧ ਚੁੰਘਾਉਣਵਾਲੀਆਂ ਹੋਣ।।੨੦।। ਪਰ ਤੁਸੀਂ ਪ੍ਰਾਰਥਨ
ਕਰੋ ਜੋ ਤੁਹਾਡਾ ਭੱਜਣਾ ਸਿਆਲ ਵਿੱਚ ਜਾਂ ਸਬਤ ਦੇ ਦਿਨ ਨਾ ਹੋਵੇ।।੨੧।। ਕਿਉਂ ਜੋ ਉਸ ਸਮੇ
ਅਜਿਹਾ ਵੱਡਾ ਕਸ਼ਟ ਹੋਊਗਾ ਜੋ ਜਗਤ ਦੇ ਮੁੱਢ ਤੋਂ ਲਾਕੇ ਨਾ ਹੁਣ ਤੋੜੀ ਹੋਇਆ ਅਤੇ ਨਾ ਕਦੇ
ਹੋਊ।।੨੨।। ਅਰ ਜੇ ਓਹ ਦਿਨ ਘਟਾਏ ਨਾ ਜਾਂਦੇ ਤਾਂ ਕੋਈ ਸ਼ਰੀਰ ਨਾ ਬਚਦਾ ਪਰ ਓਹ ਦਿਨ
ਚੁਣਿਆਂ ਹੋਇਆਂ ਦੀ ਖਾਤਰ ਘਟਾਏ ਜਾਣਗੇ।।੨੩।। ਤਦ ਜੇ ਕੋਈ ਤੁਹਾਨੂੰ ਆਖੇ ਭਈ ਦੇ-
ਖੋ ਮਸੀਹ ਐੱਥੇ ਜਾਂ ਓੱਥੇ ਹੈ ਤਾਂ ਸੱਚ ਨਾ ਮੰਨਣਾ।।੨੪।। ਕਿਉਂ ਕਿ ਝੂਠੇ ਮਸੀਹ ਅਤੇ ਝੂਠੇ ਪਿ-
ਕੰਬਰ ਉੱਠਣਗੇ ਅਰ ਅਜਿਹੀਆਂ ਵੱਡੀਆਂ ਨਿਸ਼ਾਨੀਆਂ ਅਤੇ ਅਚਰਜ ਕੰਮ ਵਿਖਾਉ-
ਣਗੇ ਕਿ ਜੇ ਹੋ ਸੱਕਦਾ ਤਾਂ ਓਹ ਚੁਣਿਆਂ ਹੋਇਆਂ ਨੂੰ ਭੀ ਭੁਲਾਵੇ ਵਿੱਚ ਪਾ ਦਿੰਦੇ।।੨੫।। ਵੇਖੋ
ਮੈਂ ਤੁਹਾਨੂੰ ਅੱਗੋਂ ਹੀ ਦੱਸ ਦਿੱਤਾ।।੨੬।। ਇਸ ਲਈ ਜੇ ਓਹ ਤੁਹਾਨੂੰ ਆਖਣ ਵੇਖੋ ਉਹ ਉਜਾ-
ੜ ਵਿੱਚ ਹੈ ਤਾਂ ਬਾਹਰ ਨਾ ਜਾਣਾ। ਵੇਖੋ ਉਹ ਅੰਦਰਲੀਆਂ ਕੋਠੜੀਆਂ ਵਿੱਚ ਹੈ ਤਾਂ ਸੱਤ ਨਾ

Original with:
Language Department Punjab
Digitized by:
Panjab Digital Library

ਮੰਨਣਾ॥੨੭॥ਕਿਉਂਕਿ ਜਿਸਤਰਾਂ ਬਿਜਲੀ ਚੜ੍ਹਦਿਓਂ ਚਮਕਾਰਾ ਮਾਰਕੇ ਲਹਿੰਦੇਤੀਕੁ
ਰ ਦਿਸਦੀ ਹੈ ਉਸੇਤਰਾਂ ਮਨੁੱਖ ਦੇ ਪੁਤ੍ਰ ਦਾ ਆਉਣਾ ਹੋਊਗਾ॥੨੮॥ਜਿੱਥੇ ਮੁਰਦਾਰ ਹੈ ਉੱ
ਥੇ ਗਿਰਝਾਂ ਕੱਠੀਆਂ ਹੋਣਗੀਆਂ॥ ॥੨੯॥ਅਤੇ ਉਨਾਂ ਦਿਨਾਂ ਦੇ ਕਸ਼ਟ ਦੇ ਪਿੱ
ਛੋਂ ਝੱਟ ਸੂਰਜ ਅਨੇਰਾ ਹੋ ਜਾਊ ਅਤੇ ਚੰਦ ਆਪਣੀ ਚਾਂਦਨੀ ਨਾ ਦੇਊ ਅਰ ਤਾਰੇ ਅਕਾਸ
ਥੋਂ ਡਿਗ ਪੈਣਗੇ ਅਤੇ ਅਕਾਸਾਂ ਦੀਆਂ ਸ਼ਕਤੀਆਂ ਹਿਲਾਈਆਂ ਜਾਣਗੀਆਂ॥੩੦॥
ਅਰ ਤਦ ਮਨੁੱਖ ਦੇ ਪੁਤ੍ਰ ਦੀ ਨਿਸ਼ਾਨੀ ਅਕਾਸ਼ ਵਿੱਚ ਪਰਗਟ ਹੋਊਗੀ ਅਰ ਤਦੋਂ ਧਰਤੀ
ਦੀਆਂ ਸਾਰੀਆਂ ਕੌਮਾਂ ਪਿੱਟਣਗੀਆਂ ਅਤੇ ਮਨੁੱਖ ਦੇ ਪੁਤ੍ਰ ਨੂੰ ਸਮਰੱਥਾ ਅਰ ਵਡੇ ਤੇਜ ਨ
ਲ ਅਕਾਸ਼ ਦੇ ਬੱਦਲਾਂ ਉੱਤੇ ਆਉਂਦਿਆਂ ਵੇਖਣਗੇ॥੩੧॥ਅਤੇ ਉਹ ਤੁਰਹੀ ਦੀ ਵਡੀ ਅਵ ਨ
ਜ ਨਾਲ ਆਪਣੇ ਦੂਤਾਂ ਨੂੰ ਭੇਜੂਗਾ ਅਰ ਓਹ ਚੌਹਾਂ ਕੰਟਾਂ ਥੋਂ ਅਕਾਸ ਦੇ ਉਸ ਸਿਰੇ ਥੋਂ ਲਾਕੇ ਐ-
ਸ ਸਿਰੇ ਤੀਕੁਰ ਉਹਦੇ ਚੁਣਿਆਂ ਹੋਇਆਂ ਨੂੰ ਕੱਠਿਆਂ ਕਰਨਗੇ॥੩੨॥ਫੇਰ ਹੰਜੀਰ ਦੇ ਬਿਰ-
ਛ ਥੋਂ ਇੱਕ ਦ੍ਰਿਸ਼ਟਾਂਤ ਸਿੱਖੋ। ਜਦ ਉਹ ਦੀ ਲਾਗਰ ਕੋਮਲ ਹੁੰਦੀ ਅਤੇ ਪੱਤੇ ਫੁਟਦੇ ਹਨ ਤਦ ਜ
ਣ ਲੈਂਦੇ ਹੋ ਭਈ ਗਰਮੀ ਦੀ ਰੁੱਤ ਨੇੜੇ ਆਈ ਹੈ॥੩੩॥ਇਸੇ ਤਰਾਂ ਨਾਲ ਤੁਸੀਂ ਬੀ ਜਾਂ ਇਹ ਸ-
ਭ ਕੁਛ ਵੇਖੋ ਤਾਂ ਜਾਣ ਲਓ ਜੋ ਉਹ ਨੇੜੇ ਸਗੋਂ ਬੂਹੇ ਪੁਰ ਹੈ॥੩੪॥ਮੈਂ ਤੁਹਾਨੂੰ ਸੱਤ ਆਖਦਾ ਹਾਂ
ਕਿ ਜਦ ਤੀਕੁਰ ਏਹ ਸਭ ਗੱਲਾਂ ਨਾ ਹੋ ਲੈਣ ਇਹ ਪੀਹੜੀ ਬੀਤ ਨਾ ਜਾਊਗੀ॥੩੫॥ਅਕਾਸ
ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟਲਣਗੇ॥੩੬॥ਪਰ ਉਸ ਦਿਨ ਅਤੇ ਘ-

Original with:
Language Department Punjab
Digitized by:
Panjab Digital Library

ਨੀਦੀ ਬਾਬਤ ਕੋਈ ਨਹੀਂ ਜਾਣਦਾ ਨਾ ਸੁਰਗ ਦੇ ਦੂਤ ਨਾ ਪੁਤ੍ਰ ਪਰ ਕੇਵਲ ਪਿਤਾ ॥੩੭॥ ਪਰ
ਜਿਸ ਤਰਾਂ ਨੂਹ ਦੇ ਦਿਨ ਸਨ ਮਨੁੱਖ ਦੇ ਪੁਤ੍ਰ ਦਾ ਆਉਣਾ ਉਸੇ ਤਰਾਂ ਹੋਊ ॥੩੮॥ ਕਿਉਂਕਿ
ਜਿਸ ਤਰਾਂ ਪਰਲੋਂ ਥੋਂ ਅੱਗੇ ਦੇ ਦਿਨਾਂ ਵਿੱਚ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਵਿਆਹੇ ਜਾਂਦੇ ਸ-
ਨ ਉਸ ਦਿਨ ਤੀਕੁਰ ਕਿ ਨੂਹ ਕਿਸਤੀ ਉੱਤੇ ਚੜ੍ਹਿਆ ॥੩੯॥ ਅਤੇ ਓਹ ਨਹੀਂ ਜਾਣਦੇ ਸਨ ਜਦ
ਤਾਈਂ ਪਰਲੋਂ ਨਾ ਆਈ ਅਤੇ ਸਭਨਾਂ ਨੂੰ ਰੁੜ੍ਹਾ ਕੇ ਲੈ ਨਾ ਗਾਈ ਇਸੇ ਤਰਾਂ ਮਨੁੱਖ ਦੇ ਪੁਤ੍ਰ ਦਾ ਆ
ਉਣਾ ਹੋਊਗਾ ॥੪੦॥ ਤਦ ਦੋ ਜਣੇ ਖੇਤ ਵਿੱਚ ਹੋਣਗੇ ਇੱਕ ਲੈ ਲਿਆ ਜਾਊ ਅਤੇ ਇੱਕ ਛੱਡਿ-
ਆ ਜਾਊ ॥੪੧॥ ਦੋ ਤੀਮੀਆਂ ਚੱਕੀ ਪੀਹੰਦੀਆਂ ਹੋਣਗੀਆਂ ਇੱਕ ਲੈ ਲਈ ਜਾਊ ਅਤੇ ਇ-
ਕ ਛੱਡੀ ਜਾਊ ॥੪੨॥ ਸੋ ਜਾਗਦੇ ਰਹੋ ਕਿਉਂਕਿ ਤੁਸੀਂ ਨਹੀਂ ਜਾਣਦੇ ਜੋ ਤੁਹਾਡਾ ਪ੍ਰਭੂ ਕਿਹੜੇ ਦਿ
ਨ ਆਊਗਾ ॥੪੩॥ ਪਰ ਇਹ ਜਾਣੋ ਕਿ ਜੇ ਘਰ ਦੇ ਮਾਲਕ ਨੂੰ ਖਬਰ ਹੁੰਦੀ ਭਈ ਚੋਰ ਕਿਸ ਪ
ਹਿਰ ਆਊਗਾ ਤਾਂ ਜਾਗਦਾ ਰਹਿੰਦਾ ਅਤੇ ਆਪਣੇ ਘਰ ਸੰਨ ਲੱਗਣ ਨਾ ਦਿੰਦਾ ॥੪੪॥ ਇ-
ਸ ਲਈ ਤੁਸੀਂ ਭੀ ਤਿਆਰ ਰਹੋ ਕਿਉਂਕਿ ਜਿਸ ਘੜੀ ਤੁਹਾ ਨੂੰ ਚਿੱਤ ਚੇਤਾ ਨਾ ਹੋਵੇ ਉਸੇ ਘੜੀ ਮ-
ਨੁੱਖ ਦਾ ਪੁਤ੍ਰ ਆਊਗਾ ॥੪੫॥ ਉਪਰੰਦ ਉਹ ਮਾਤਬਰ ਅਤੇ ਬੁੱਧਮਾਨ ਚਾਕਰ ਕੌਣ ਹੈ ਕਿ ਜਿ-
ਹ ਨੂੰ ਮਾਲਕ ਨੈ ਆਪਣੇ ਨੌਕਰਾਂ ਚਾਕਰਾਂ ਉੱਤੇ ਮੁਖਤਿਆਰ ਕੀਤਾ ਭਈ ਵੇਲੇ ਸਿਰ ਉਨਾਂ ਨੂੰ
ਰਸਤ ਦੇਵੇ ॥੪੬॥ ਧੰਨ ਉਹ ਚਾਕਰ ਜਿਹ ਨੂੰ ਉਸ ਦਾ ਮਾਲਕ ਜਦ ਆਵੇ ਅਜਿਹਾ ਹੀ ਕਰ-
ਦਿਆਂ ਵੇਖੇ ॥੪੭॥ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਜੋ ਉਹ ਉਸ ਨੂੰ ਆਪਣੇ ਸਾਰੇ ਮਾਲ ਮਤਾ ਉ-

Original with
Language Department Punjab
Digitized by:
Panjab Digital Library

ਤੇ ਮੁਖਤਿਆਰ ਕਰ ਦੇਊਗਾ ॥ ੪੮ ॥ ਪਰ ਜੇ ਉਹ ਦੁਸਟ ਚਾਕਰ ਆਪਣੇ ਮਨ ਵਿੱਚ ਆਖੇ ਜੋ ਮੇਰਾ ਮਾਲਕ ਚਿਰ ਲਾਉਂਦਾ ਹੈ ॥ ੪੯ ॥ ਅਤੇ ਆਪਣੇ ਨਾਲ ਦੇ ਚਾਕਰਾਂ ਨੂੰ ਮਾਰਨ ਲੱਗੇ ਅਤੇ ਸਰਾਬੀਆਂ ਨਾਲ ਖਾਏ ਪੀਏ ॥ ੫੦ ॥ ਤਾਂ ਜਿਸ ਦਿਨ ਉਹ ਉਡੀਕ ਨਹੀਂ ਕਰਦਾ ਅਤੇ ਜਿਸ ਘੜੀ ਉਹ ਨਹੀਂ ਜਾਣਦਾ ਉਸ ਚਾਕਰ ਦਾ ਮਾਲਕ ਆਊਗਾ ॥ ੫੧ ॥ ਅਤੇ ਉਸ ਨੂੰ ਦੋ ਟੁਕੜੇ ਕਰੂ ਅਰ ਕਪਟੀਆਂ ਨਾਲ ਉਹ ਦਾ ਹਿੱਸਾ ਠਰਾਊ। ਉੱਥੇ ਰੋਣਾ ਅਤੇ ਦੰਦੀਆਂ ਪੀਹਣੀਆਂ ਹੋਣਗੀਆਂ ॥

੨੫ਕਾਂਡ ॥

ਉਸ ਵੇਲੇ ਸੁਰਗ ਦਾ ਰਾਜ ਦਸ ਕੁਆਰੀਆਂ ਵਰਗਾ ਹੋਊਗਾ ਜੇਹੜੀਆਂ ਆਪਣੀਆਂ ਮਸਾਲਾਂ ਲੈਕੇ ਲਾੜੇ ਨੂੰ ਮਿਲਣ ਨਿੱਕਲੀਆਂ ॥ ੨ ॥ ਅਰ ਉਨਾਂ ਵਿੱਚੋਂ ਪੰਜ ਤਾਂ ਮੂਰਖ ਅਤੇ ਪੰਜ ਚਤੁਰ ਸੀਆਂ ॥ ੩ ॥ ਕਿਉਂਕਿ ਜੇਹੜੀਆਂ ਮੂਰਖ ਸਨ ਉਨਾਂ ਨੇ ਆਪਣੀਆਂ ਮਸਾਲਾਂ ਤਾਂ ਲੈ ਲਈਆਂ ਪਰ ਤੇਲ ਆਪਣੇ ਨਾਲ ਨਾ ਲਿਆ ॥ ੪ ॥ ਪਰ ਚਤੁਰਾਂ ਨੇ ਆਪਣੇ ਭਾਂਡਿਆਂ ਵਿੱਚ ਤੇਲ ਆਪਣੀਆਂ ਮਸਾਲਾਂ ਨਾਲ ਲੈ ਲਿਆ ॥ ੫ ॥ ਅਤੇ ਜਦ ਲਾੜੇ ਨੇ ਚਿਰ ਲਾਇਆ ਓਹ ਸਭ ਊਂਘ ਪਈਆਂ ਅਤੇ ਸੌਂ ਗਈਆਂ ॥ ੬ ॥ ਅਰ ਅੱਧੀ ਰਾਤ ਨੂੰ ਧੁੰਮ ਪਈ ਓਹ ਲਾੜਾ ਆਇਆ ਉਹ ਦੇ ਮਿਲਣ ਨੂੰ ਨਿੱਕਲੋ ॥ ੭ ॥ ਤਦ ਉਨਾਂ ਸਭਨਾਂ ਕੁਆਰੀਆਂ ਨੇ ਉੱਠਕੇ ਆਪਣੀਆਂ ਮਸਾਲਾਂ ਤਿਆਰ ਕੀਤੀਆਂ ॥ ੮ ॥ ਅਤੇ ਮੂਰਖਾਂ ਨੇ ਚਤੁਰਾਂ ਨੂੰ ਕਿਹਾ ਕਿ ਆਪਣੇ ਤੇਲ ਵਿੱਚੋਂ ਕੁਛ ਸਾਨੂੰ ਦਿਓ ਕਿਉਂ ਜੋ ਸਾਡੀਆ

Original with:
Language Department Punjab
Digitized by:
Panjab Digital Library

ਮਸਾਲਾਂ ਬੁਝਦੀਆਂ ਜਾਂਦੀਆਂ ਹਨ ॥ ੮ ॥ ਪਰ ਚਤੁਰਾਂ ਨੇ ਉੱਤਰ ਦਿੱਤਾ ਨਾ ਕਿਤੇ ਸਾਡੇ ਅਤੇ ਤੁ-
ਹਾਡੇ ਲਈ ਬੁੜ ਨਾ ਜਾਏ ਪਰ ਤੁਸੀਂ ਵੇਚਣਵਾਲਿਆਂ ਦੇ ਕੋਲ ਜਾਕੇ ਆਪਣੇ ਲਈ ਮੁੱਲ ਲ-
ਓ ॥ ੧੦ ॥ ਅਤੇ ਜਦ ਓਹ ਮੁੱਲ ਲੈਣ ਗਈਆਂ ਲਾੜਾ ਆ ਪਹੁੰਚਿਆ ਅਤੇ ਜੇਹੜੀਆਂ ਤਿਆਰ
ਸਨ ਉਹ ਦੇ ਨਾਲ ਵਿਆਹਵਾਲੇ ਘਰ ਜਾ ਵੜੀਆਂ ਅਤੇ ਬੂਹਾ ਮਾਰਿਆ ਗਿਆ ॥ ੧੧ ॥ ਅ-
ਰ ਪਿੱਛੋਂ ਦੂਜੀਆਂ ਕੁਆਰੀਆਂ ਭੀ ਆਈਆਂ ਅਤੇ ਬੋਲੀਆਂ ਹੇ ਮਹਾਰਾਜ ਹੇ ਮਹਾਰਾਜ ਸ
ਡੇ ਲਈ ਖੋਲ੍ਹ ਦਿਹ ॥ ੧੨ ॥ ਪਰ ਉਹ ਨੇ ਉੱਤਰ ਦਿੱਤਾ ਮੈਂ ਤੁਹਾ ਨੂੰ ਸੱਚ ਆਖਦਾ ਹਾਂ ਜੋ ਮੈਂ ਤੁਹਾ
ਨੂੰ ਨਹੀਂ ਪਛਾਣਦਾ ॥ ੧੩ ॥ ਇਸ ਕਰਕੇ ਜਾਗਦੇ ਰਹੋ ਕਿਉਂ ਜੋ ਤੁਸੀਂ ਨਾ ਉਸ ਦਿਨ ਅਤੇ ਨਾ
ਉਸ ਘੜੀ ਨੂੰ ਜਾਣਦੇ ਹੋ ॥ ੧੪ ॥ ਕਿਉਂਕਿ ਇਹ ਗੱਲ ਉਸ ਮਨੁੱਖ ਵਰਗੀ ਹੈ ਜਿਹ ਨੇ ਪਰਦੇ
ਸ ਨੂੰ ਜਾਣ ਲੱਗਿਆਂ ਆਪਣੇ ਚਾਕਰਾਂ ਨੂੰ ਸੱਦਕੇ ਆਪਣਾ ਮਾਲ ਉਨਾਂ ਨੂੰ ਸੌਂਪਿਆ ॥ ੧੫ ॥
ਅਤੇ ਇੱਕ ਨੂੰ ਪੰਜ ਤੋੜੇ ਦੂਏ ਨੂੰ ਦੋ ਅਤੇ ਤੀਏ ਨੂੰ ਇੱਕ ਹਰੇਕ ਨੂੰ ਉਹ ਦੇ ਗੁਣ ਦੇ ਅਨੁਸਾਰ ਦਿੱ-
ਤਾ ਅਤੇ ਪਰਦੇਸ ਨੂੰ ਚੱਲਿਆ ਗਿਆ ॥ ੧੬ ॥ ਜਿਹ ਨੇ ਪੰਜ ਤੋੜੇ ਲਏ ਸਨ ਉਹ ਨੇ ਝੱਟ ਜਾਕੇ ਉ-
ਨਾਂ ਨਾਲ ਵਣਜ ਬੁਪਾਰ ਕੀਤਾ ਅਤੇ ਹੋਰ ਪੰਜ ਤੋੜੇ ਕੁਮਾਏ ॥ ੧੭ ॥ ਇਸੇ ਤਰਾਂ ਜਿਹ ਨੇ ਦੋ ਲ-
ਏ ਸਨ ਉਹ ਨੇ ਭੀ ਹੋਰ ਦੋ ਖੱਟ ਲਏ ॥ ੧੮ ॥ ਪਰ ਜਿਹ ਨੇ ਇੱਕੋ ਲਿਆ ਸੀ ਉਹ ਨੇ ਜਾਕੇ ਧਰਤੀ
ਪੁੱਟੀ ਅਤੇ ਆਪਣੇ ਮਾਲਕ ਦੇ ਰੁਪੱਯਾਂ ਨੂੰ ਲੁਕਾ ਦਿੱਤਾ ॥ ੧੯ ॥ ਅਰ ਬਹੁਤ ਚਿਰ ਪਿੱਛੋਂ ਉ-
ਨਾਂ ਚਾਕਰਾਂ ਦਾ ਮਾਲਕ ਆਇਆ ਅਤੇ ਉਨਾਂ ਥੋਂ ਲੇਖਾ ਲੈਣ ਲੱਗਾ ॥ ੨੦ ॥ ਸੋ ਜਿਹ ਨੇ ਪੰਜ

Original with:
Language Department Punjab
Digitized by:
Panjab Digital Library

ਤੋੜੇ ਲਏ ਸਨ ਉਹਨੇ ਕੋਲ੍ਹ ਆਣਕੇ ਹੋਰ ਪੰਜ ਤੋੜੇ ਉਹਦੇ ਅੱਗੇ ਰੱਖੇ ਅਤੇ ਕਿਹਾ ਮਹਾਰਾਜ ਤੈਂ ਮੈਨੂੰ ਪੰਜ ਤੋੜੇ ਸੌਂਪੇ ਸਨ ਵੇਖ ਮੈਂ ਪੰਜ ਤੋੜੇ ਹੋਰ ਬੀ ਖੱਟੇ ॥੨੧॥ ਉਹਦੇ ਮਾਲਕ ਨੈ ਉਸ ਨੂੰ ਕਿਹਾ ਹੇ ਚੰਗੇ ਅਤੇ ਮਾਤਬਰ ਚਾਕਰ ਸਾਬਾਸੇ। ਤੂੰ ਤਾਂ ਥੋੜੇ ਜਿਹੇ ਵਿੱਚ ਮਾਤਬਰ ਨਿੱਕਲਿਆ ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖਤਿਆਰ ਦਿਆਂਗਾ। ਤੂੰ ਆਪਣੇ ਮਾਲਕ ਦੀ ਖ਼ੁਸੀ ਵਿੱਚ ਸ਼ਾਮਲ ਹੋ ॥ ੨੨॥ ਅਤੇ ਜਿਹ ਨੈ ਦੋ ਤੋੜੇ ਲਏ ਸਨ ਉਹ ਬੀ ਪਾਸ ਆਣਕੇ ਬੋਲਿਆ ਮਹਾਰਾਜ ਤੈਂ ਮੈ ਨੂੰ ਦੋ ਤੋੜੇ ਸੌਂਪੇ ਸਨ ਵੇਖ ਮੈਂ ਦੋ ਤੋੜੇ ਹੋਰ ਬੀ ਖੱਟੇ ॥੨੩॥ ਉਹਦੇ ਮਾਲਕ ਨੈ ਉਸ ਨੂੰ ਕਿਹਾ ਹੇ ਚੰਗੇ ਅਤੇ ਮਾਤਬਰ ਚਾਕਰ ਸਾਬਾਸੇ। ਤੂੰ ਥੋੜੇ ਜਿਹੇ ਵਿੱਚ ਮਾਤਬਰ ਨਿੱਕਲਿਆ ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖਤਿਆਰ ਦਿਆਂਗਾ। ਤੂੰ ਆਪਣੇ ਮਾਲਕ ਦੀ ਖ਼ੁਸੀ ਵਿੱਚ ਸ਼ਾਮਲ ਹੋ ॥ ੨੪॥ ਫੇਰ ਜਿਹ ਨੈ ਇੱਕ ਤੋੜਾ ਲਿਆ ਸੀ ਉਹ ਬੀ ਕੋਲ੍ਹ ਆਣਕੇ ਬੋਲਿਆ ਮਹਾਰਾਜ ਮੈਂ ਤੈਨੂੰ ਜਾਣਿਆ ਜੋ ਤੂੰ ਕਰੜਾ ਆਦਮੀ ਹੈਂ ਕਿ ਜਿੱਥੇ ਤੈਂ ਨਹੀਂ ਬੀਜਿਆ ਉੱਥੋਂ ਵੱਢਦਾ ਹੈਂ ਅਰ ਜਿੱਥੇ ਨਹੀਂ ਖਿੰਡਾਇਆ ਉੱਥੋਂ ਕੱਠਾ ਕਰਦਾ ਹੈਂ ॥ ੨੫॥ ਸੋ ਮੈਂ ਡਰਿਆ ਅਤੇ ਜਾਕੇ ਤੇਰੇ ਤੋੜੇ ਨੂੰ ਧਰਤੀ ਵਿੱਚ ਲੁਕਾ ਦਿੱਤਾ। ਆਹ ਆਪਣਾ ਲੈ ਲੈ ॥ ੨੬॥ ਉਹਦੇ ਮਾਲਕ ਨੈ ਉਸ ਨੂੰ ਉੱਤਰ ਦਿੱਤਾ ਹੇ ਦੁਸਟ ਅਤੇ ਆਲਸੀ ਚਾਕਰ ਤੈਂ ਜਾਣਿਆ ਕੁ ਮੈਂ ਜਿੱਥੇ ਨਹੀਂ ਬੀਜਿਆ ਉੱਥੋਂ ਵੱਢਦਾ ਹਾਂ ਅਰ ਜਿੱਥੇ ਨਹੀਂ ਖਿੰਡਾਇਆ ਉੱਥੋਂ ਕਠਾ ਕਰਦਾ ਹਾਂ ॥ ੨੭॥ ਇਸੇ ਲਈ ਤੈਨੂੰ ਚਾਹੀਦਾ ਸੀ ਜੋ ਮੇਰੇ ਰੁੱਪਏ ਸਰਾਫ਼ਾਂ ਨੂੰ ਦਿੰਦਾ ਤਾਂ ਮੈਂ ਆਣਕੇ ਆਪਣਾ ਮਾਲ ਬਿਆਜ ਸੁਧਾ ਲੈਂਦਾ ॥ ੨੮॥ ਸੋ ਉਹ ਤੋੜਾ ਉਸ ਕੋ-

Original with:
Language Department Punjab
Digitized by:
Panjab Digital Library

ਲੈਂ ਲੈਲਓ ਅਤੇ ਜਿਸ ਪਾਸ ਦਸ ਤੋੜੇ ਹਨ ਉਹ ਨੂੰ ਦਿਓ ॥੨੮॥ ਕਿਉਂ ਕਿ ਜਿਸ ਕਿਸੇ ਕੋਲ ਕੁਛ
ਹੈ ਉਹ ਨੂੰ ਦਿੱਤਾ ਜਾਊ ਅਤੇ ਉਹ ਦਾ ਵਾਧਾ ਹੋਊ ਪਰ ਜਿਸ ਪਾਸ ਨਹੀਂ ਉਸ ਕੋਲੋਂ ਜੋ ਉਹ ਦਾ ਹੈ ਸੋ
ਬੀ ਫੇਰ ਲਿਆ ਜਾਊ ॥੨੯॥ ਅਤੇ ਇਸ ਨਿਕੰਮੇ ਚਾਕਰ ਨੂੰ ਬਾਹਰ ਦੇ ਅੰਧ ਘੋਰ ਵਿੱਚ ਕੱਢ
ਦਿਓ। ਉੱਥੇ ਰੋਣਾ ਅਤੇ ਦੰਦੀਆਂ ਪੀਹਣੀਆਂ ਹੋਣਗੀਆਂ ॥ ॥੩੧॥ ਜਦ ਮਨੁੱ-
ਖਦਾ ਪੁਤ੍ਰ ਆਪਣੇ ਤੇਜ ਨਾਲ ਸਾਰੇ ਦੂਤਾਂ ਸਣੇ ਆਊਗਾ ਤਦ ਉਹ ਆਪਣੇ ਤੇਜ ਦੇ ਸਿੰਘਾ-
ਸਣ ਉੱਤੇ ਬੈਠੂ ॥੩੨॥ ਅਰ ਸਭ ਕੌਮਾਂ ਉਹ ਦੇ ਅੱਗੇ ਕੱਠੀਆਂ ਕੀਤੀਆਂ ਜਾਣਗੀਆਂ ਅਰ
ਜਿਸ ਤਰਾਂ ਅਜਾਲੀ ਭੇਡਾਂ ਨੂੰ ਬਕਰੀਆਂ ਵਿੱਚੋਂ ਅਲੱਗ ਕਰਦਾ ਹੈ ਓਸੇ ਤਰਾਂ ਉਹ ਉਨਾਂ ਨੂੰ ਇੱ
ਕ ਦੂਏ ਥੋਂ ਅਲੱਗ ਕਰੂ ॥੩੩॥ ਅਤੇ ਉਹ ਭੇਡਾਂ ਨੂੰ ਆਪਣੇ ਸੱਜੇ ਪਾਸੇ ਅਰ ਬਕਰੀਆਂ ਨੂੰ ਖੱਬੇ
ਪਾਸੇ ਖੜੀਆਂ ਕਰੂ ॥੩੪॥ ਤਦ ਪਾਤਸਾਹ ਉਨਾਂ ਨੂੰ ਜੋ ਜਹੜੇ ਉਹ ਦੇ ਸੱਜੇ ਪਾਸੇ ਹੋਣ ਆਖੂ ਹੇ ਮੇਰੇ
ਪਿਤਾ ਦੇ ਮੁਬਾਰਕ ਲੋਕੋ ਆਓ ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ
ਹੈ ਉਹ ਦੇ ਵਾਰਸ ਹੋਵੋ ॥੩੫॥ ਕਿਉਂ ਜੋ ਮੈਂ ਭੁੱਖਾ ਸਾਂ ਅਤੇ ਤੁਸਾਂ ਮੈਨੂੰ ਖਾਣ ਨੂੰ ਦਿੱਤਾ। ਮੈਂ ਤਿਹਾਇ-
ਆ ਸਾਂ ਅਤੇ ਤੁਸਾਂ ਮੈਨੂੰ ਪਿਆਇਆ। ਮੈਂ ਪਰਦੇਸੀ ਸਾਂ ਅਰ ਤੁਸਾਂ ਮੈਨੂੰ ਆਪਣੇ ਘਰ ਉਤਾਰਿ-
ਆ ॥੩੬॥ ਨੰਗਾ ਸਾਂ ਅਰ ਤੁਸਾਂ ਮੈਨੂੰ ਪਹਿਨਾਇਆ। ਮੈਂ ਰੋਗੀ ਸਾਂ ਅਰ ਤੁਸਾਂ ਮੇਰੀ ਖਬਰ ਲ-
ਈ। ਮੈਂ ਕੈਦ ਵਿੱਚ ਸਾਂ ਅਤੇ ਤੁਸੀਂ ਮੇਰੇ ਕੋਲ ਆਏ ॥੩੭॥ ਤਦ ਧਰਮੀ ਲੋਕ ਉਹ ਨੂੰ ਇਹ ਉੱਤਰ
ਦੇਣਗੇ ਪ੍ਰਭੂ ਜੀ ਅਸਾਂ ਕਦ ਤੈਨੂੰ ਭੁੱਖਾ ਵੇਖਿਆ ਅਤੇ ਖੁਆਇਆ ਜਾਂ ਤਿਹਾਇਆ ਅਤੇ ਪਿ-

Original with:
Language Department Punjab
Digitized by:
Panjab Digital Library

ਖ਼ਾਇਆ।।੩੮।। ਕਦ ਅਸਾਂ ਤੈਂ ਨੂੰ ਪਰਦੇਸੀ ਵੇਖਿਆ ਅਤੇ ਆਪਣੇ ਘਰ ਉਤਾਰਿਆ ਜਾਂ ਨੰਗਾ ਅਤੇ ਪਹਿਨਾਇਆ।।੩੯।। ਕਦ ਅਸਾਂ ਤੈਨੂੰ ਰੋਗੀ ਜਾਂ ਕੈਦੀ ਵੇਖਿਆ ਅਰ ਤੇਰੇ ਕੋ-ਲ ਆਏ।।੪੦।। ਅਤੇ ਪਾਤਸਾਹ ਉਨਾਂ ਨੂੰ ਉੱਤਰ ਦੇਊਗਾ ਮੈਂ ਤੁਹਾਨੂੰ ਸੱਤ ਆਖਦਾ ਹਾਂ ਭੁਈ ਜਦ ਤੁਸਾਂ ਮੇਰੇ ਇਨਾਂ ਸਭਨਾਂ ਥੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀ-ਤਾ।।੪੧।। ਤਦ ਜੇਹੜੇ ਖੱਬੇ ਪਾਸੇ ਹੋਣ ਉਨਾਂ ਨੂੰ ਬੀ ਉਹ ਕਹੇਗਾ ਹੇ ਸਰਾਪੇ ਹੋਇਓ ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚੱਲੇ ਜਾਓ ਜਿਹੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀ-ਤੀ ਹੋਈ ਹੈ।।੪੨।। ਕਿਉਂ ਜੋ ਮੈਂ ਭੁੱਖਾ ਸਾਂ ਅਰ ਤੁਸਾਂ ਮੈਨੂੰ ਨਾ ਖੁਆਇਆ ਮੈਂ ਤਿਹਾਇਆ ਸਾਂ ਅਰ ਤੁਸਾਂ ਮੈਨੂੰ ਨਾ ਪਿਆਇਆ।।੪੩।। ਮੈਂ ਪਰਦੇਸੀ ਸਾਂ ਅਤੇ ਤੁਸਾਂ ਮੈਨੂੰ ਆਪਣੇ ਘ-ਰ ਨਾ ਉਤਾਰਿਆ। ਨੰਗਾ ਸਾਂ ਅਤੇ ਤੁਸਾਂ ਮੈਨੂੰ ਨਾ ਪਹਿਨਾਇਆ। ਰੋਗੀ ਅਤੇ ਕੈਦੀ ਸਾਂ ਅਰ ਤੁਸਾਂ ਮੇਰੀ ਖਬਰ ਨਾ ਲਈ।।੪੪।। ਤਦ ਓਹ ਬੀ ਉੱਤਰ ਦੇਣਗੇ ਪ੍ਰਭੂ ਜੀ ਕਦ ਅਸਾਂ ਤੈਨੂੰ ਭੁੱ-ਖਾ ਜਾਂ ਤਿਹਾਇਆ ਜਾਂ ਪਰਦੇਸੀ ਜਾਂ ਨੰਗਾ ਜਾਂ ਰੋਗੀ ਜਾਂ ਕੈਦੀ ਵੇਖਿਆ ਅਤੇ ਤੇਰੀ ਟਹਿਲ ਨਾ ਕੀਤੀ।।੪੫।। ਤਦ ਉਹ ਉਨਾਂ ਨੂੰ ਇਹ ਉੱਤਰ ਦੇਊਗਾ ਜੋ ਮੈਂ ਤੁਹਾਨੂੰ ਸੱਤ ਆਖਦਾ ਹਾਂ ਭੁਈ ਜਦ ਤੁਸਾਂ ਇਨਾਂ ਸਭਨਾਂ ਥੋਂ ਛੋਟਿਆਂ ਵਿੱਚੋਂ ਇੱਕ ਨਾਲ ਇਹ ਨਾ ਕੀਤਾ ਤਾਂ ਮੇਰੇ ਨਾਲ ਨਾ ਕੀਤ ।।੪੬।। ਅਤੇ ਏਹ ਸਦੀਪਕ ਦੰਡ ਵਿੱਚ ਜਾਣਗੇ ਪਰ ਧਰਮੀ ਸਦੀਪਕ ਜੀਉਣ ਵਿੱਚ।।

੨੬ ਕਾਂਡ।। ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਸਾਰੀਆਂ ਗੱਲਾਂ ਕਹਹਟਿਆ ਤਾਂ

Original with:
Language Department Punjab
Digitized by:
Panjab Digital Library

ਆਪਣੇ ਸਿੱਖਾਂ ਨੂੰ ਕਿਹਾ॥੨॥ਤੁਸੀਂ ਜਾਣਦੇ ਹੋ ਜੋ ਦੋ ਦਿਨਾਂ ਦੇ ਪਿੱਛੋਂ ਪਸਾਹ ਦਾ ਤਿਉਹਾਰ ਹੋ-
ਊਗਾ ਅਤੇ ਮਨੁੱਖ ਦਾ ਪੁਤ੍ਰ ਸਲੀਬ ਉੱਤੇ ਚੜ੍ਹਾਏ ਜਾਣ ਲਈ ਫੜਵਾਇਆ ਜਾਊ॥੩॥ਤਦ
ਪਰਧਾਨ ਜਾਜਕ ਅਤੇ ਲੋਕਾਂ ਦੇ ਬੁਜ਼ੁਰਗ ਕਯਾਫਾ ਨਾਮੇ ਸਰਦਾਰ ਜਾਜਕ ਦੇ ਵੇਹੜੇ ਵਿੱਚ ਕੱਠੇ
ਹੋਏ॥੪॥ਅਰ ਮਤਾ ਪਕਾਇਆ ਜੋ ਯਿਸੂ ਨੂੰ ਛਲ ਨਾਲ ਫੜ ਕੇ ਮਾਰ ਸੁੱਟਿਜੇ॥੫॥ਪਰ ਉ-
ਨਾਂ ਆਖਿਆ ਜੋ ਤਿਉਹਾਰ ਦੇ ਦਿਨ ਨਹੀਂ ਕਿਤੇ ਲੋਕਾਂ ਵਿੱਚ ਬਲਵਾ ਨਾ ਹੋ ਜਾਏ॥੬॥ਅਤੇ
ਜਾਂ ਯਿਸੂ ਬੈਤਅਨੀਆ ਵਿੱਚ ਸਮਊਨ ਕੋੜ੍ਹੀ ਦੇ ਘਰ ਸੀ॥੭॥ਤਾਂ ਇੱਕ ਤੀਮੀਂ ਮਹਿੰਗਾ
ਮੁੱਲਾ ਅਤਰ ਸੀਸੀ ਵਿੱਚ ਉਹ ਦੇ ਕੋਲ ਲਿਆਈ ਅਰ ਜਿਸ ਵੇਲੇ ਉਹ ਰੋਟੀ ਖਾਣ ਬੈਠ
ਹੋਇਆ ਸੀ ਉਹ ਦੇ ਸਿਰ ਉੱਤੇ ਪਾਇਆ॥੮॥ਪਰ ਸਿੱਖ ਇਹ ਵੇਖ ਕੇ ਖਿਝ ਗਏ ਅਤੇ
ਬੋਲੇ ਇਹ ਨੁਕਸਾਨ ਕਾਹ ਨੂੰ ਹੋਇਆ॥੯॥ਕਿਉਂਕਿ ਹੋ ਸੱਕਦਾ ਸੀ ਜੋ ਇਹ ਵੱਡੇ ਮੁੱਲ ਨੂੰ
ਵਿਕਦਾ ਅਤੇ ਕੰਗਾਲਾਂ ਨੂੰ ਦਿੱਤਾ ਜਾਂਦਾ॥੧੦॥ਪਰ ਯਿਸੂ ਨੇ ਇਹ ਜਾਣ ਕੇ ਉਨਾਂ ਨੂੰ ਆਖਿ-
ਆ ਇਸ ਤੀਮੀਂ ਨੂੰ ਕਿਉਂ ਔਖਿਆਂ ਕਰਦੇ ਹੋ। ਕਿਉਂ ਜੋ ਉਹ ਨੇ ਮੇਰੇ ਨਾਲ ਚੰਗਾ ਵਰਤਾਵਾ
ਕੀਤਾ ਹੈ॥੧੧॥ਕਿਉਂਕਿ ਕੰਗਾਲ ਸਦਾ ਤੁਹਾਡੇ ਨਾਲ ਹਨ ਪਰ ਮੈਂ ਸਦਾ ਤੁਹਾਡੇ ਨਾਲ ਨ-
ਹੀਂ ਹਾਂ॥੧੨॥ਕਿ ਇਹ ਜੋ ਉਸ ਨੇ ਅਤਰ ਮੇਰੀ ਦੇਹੀ ਉੱਤੇ ਪਾਇਆ ਜੋ ਮੇਰੇ ਕਫਨਾਉਣ ਦ
ਫਨਾਉਣ ਲਈ ਕੀਤਾ ਹੈ॥੧੩॥ਮੈਂ ਤੁਹਾ ਨੂੰ ਸੱਚ ਆਖਦਾ ਹਾਂ ਜੋ ਸਾਰੇ ਸੰਸਾਰ ਵਿੱਚ ਜਿੱਥੇ
ਕਿਤੇ ਇਸ ਮੰਗਲ ਸਮਾਚਾਰ ਦੀ ਮਨਾਦੀ ਹੋਵੇਗੀ ਉੱਥੇ ਇਹ ਵੀ ਜੋ ਉਹ ਨੇ ਕੀਤਾ ਹੈ ਉਹ ਦੀ

Original with:
Language Department Punjab
Digitized by:
Panjab Digital Library

ਯਾਦਗਾਰੀ ਲਈ ਕਿਹਾ ਜਾਊ॥ ॥੧੪॥ਤਦ ਉਨਾਂ ਬਾਰਾਂ ਵਿੱਚੋਂ ਇੱਕ ਨੇ ਜਿਹਦਾ ਨਾਉਂ ਯ-
ਹੂਦਾ ਇਸਕਰਿਯੂਤੀ ਸੀ ਪਰਧਾਨ ਜਾਜਕਾਂ ਕੋਲ ਜਾ ਕੇ ਆਖਿਆ॥੧੫॥ਜੇ ਮੈਂ ਉਹਨੂੰ ਤੁਹਾਡੇ ਹੱਥ
ਫੜਵਾ ਦਿਆਂ ਤਾਂ ਮੈਨੂੰ ਕੀ ਦਿਓਗੇ। ਤਾਂ ਉਨਾਂ ਉਸ ਨਾਲ ਤੀਹ ਰੁਪੱਯੇ ਚੁਕਾਏ॥੧੬॥ਅਤੇ ਉਹ ਉਸੇ
ਵੇਲੇ ਉਹ ਦੇ ਫੜਵਾਉਣ ਦਾ ਦਾਉ ਲੱਭਦਾ ਸੀ॥ ॥੧੭॥ਅਤੇ ਪਤੀਰੀ ਰੋਟੀ ਦੇ ਤਿ-
ਉਹਾਰ ਦੇ ਪਹਿਲੇ ਦਿਨ ਸਿੱਖਾਂ ਨੇ ਯਿਸੂ ਕੋਲ ਆਣ ਕੇ ਕਿਹਾ ਤੂੰ ਕਿੱਥੇ ਚਾਹੁੰਦਾ ਹੈਂ ਜੋ ਅਸੀਂ ਤੇਰੇ ਖ
ਣ ਲਈ ਪਸਾਹ ਤਿਆਰ ਕਰਿਯੇ॥੧੮॥ਤਾਂ ਉਹ ਨੇ ਕਿਹਾ ਸ਼ਹਿਰ ਵਿੱਚ ਫਲਾਣੇ ਕੋਲ ਜਾ ਕੇ ਉ-
ਹਨੂੰ ਕਹੋ ਭਈ ਗੁਰੂ ਆਖਦਾ ਹੈ ਮੇਰਾ ਵੇਲਾ ਨੇੜੇ ਆ ਢੁਕਿਆ ਮੈਂ ਆਪਣੇ ਸਿੱਖਾਂ ਨਾਲ
ਤੇਰੇ ਘਰ ਪਸਾਹ ਦਾ ਤਿਉਹਾਰ ਕਰਾਂਗਾ॥੧੯॥ਅਤੇ ਸਿੱਖਾਂ ਨੇ ਜਿਸ ਤਰਾਂ ਯਿਸੂ ਨੇ ਉਨਾਂ ਨੂੰ ਹੁ-
ਕਮ ਦਿੱਤਾ ਸੀ ਉਸੇ ਤਰਾਂ ਕਰਿਆ ਅਤੇ ਪਸਾਹ ਤਿਆਰ ਕੀਤੀ॥੨੦॥ਅਤੇ ਜਾਂ ਸੰਝ ਹੋਈ
ਤਾਂ ਉਹ ਬਾਰਾਂ ਸਿੱਖਾਂ ਸਣੇ ਬੈਠ ਖਾਂਦਾ ਸੀ॥੨੧॥ਅਰ ਜਦ ਓਹ ਖਾ ਰਹੇ ਸਨ ਉਸ ਨੇ ਕਿਹਾ
ਮੈਂ ਤੁਹਾਨੂੰ ਸੱਤ ਆਖਦਾ ਹਾਂ ਜੋ ਤੁਹਾਡੇ ਵਿੱਚੋਂ ਇੱਕ ਮੈਨੂੰ ਫੜਵਾਊਗਾ॥੨੨॥ਤਾਂ ਓਹ ਬ-
ਹੁਤ ਉਦਾਸ ਹੋਏ ਅਤੇ ਹਰੇਕ ਉਹ ਨੂੰ ਆਖਣ ਲੱਗਾ ਪ੍ਰਭੂ ਜੀ ਕੀ ਉਹ ਮੈਂ ਹਾਂ॥੨੩॥ਉਹ
ਨੇ ਉੱਤਰ ਦਿੱਤਾ ਜਿਹ ਨੇ ਮੇਰੇ ਨਾਲ ਥਾਲੀ ਵਿੱਚ ਹੱਥ ਪਾਇਆ ਹੈ ਉਹੋ ਮੈਨੂੰ ਫੜਵਾਊਗਾ
॥੨੪॥ਮਨੁੱਖ ਦਾ ਪੁਤ੍ਰ ਤਾਂ ਜਾਂਦਾ ਹੈ ਜਿਹਾਕੁ ਉਹ ਦੇ ਹੱਕ ਵਿੱਚ ਲਿਖਿਆ ਹੈ ਪਰ ਹਾਇ
ਉਸ ਮਨੁੱਖ ਉੱਤੇ ਜਿਹ ਦੀ ਰਾਹੀਂ ਮਨੁੱਖ ਦਾ ਪੁਤ੍ਰ ਫੜਵਾਇਆ ਜਾਂਦਾ। ਉਸ ਮਨੁੱਖ ਦੇ ਲ-

Original with:
Language Department Punjab
Digitized by:
Panjab Digital Library

ਈਕੁਲਾ ਹੁੰਦਾ ਜੇ ਉਹ ਨਿੱਜ ਜੰਮਦਾ ॥੨੫॥ ਝੁਦ ਯਹੂਦਾ ਜਿਹ ਨੈ ਉਸ ਨੂੰ ਫੜਵਾਇਆ ਅੱਗੋਂ ਬੋਲਿਆ ਸੁਆਮੀ ਜੀ ਕੀ ਉਹ ਮੈਂ ਹਾਂ। ਓਨ ਉਸ ਨੂੰ ਕਿਹਾ ਤੈਂ ਆਪੇ ਆਖ ਦਿੱਤਾ ॥੨੬॥ ਅਤੇ ਜਦ ਓਹ ਖਾ ਰਹੇ ਸਨ ਤਦ ਜਿਸੂ ਨੈ ਰੋਟੀ ਲਈ ਅਤੇ ਬਰਕਤ ਦੇਕੇ ਤੋੜੀ ਅਰ ਸਿੱਖ ਨੂੰ ਦੇਕੇ ਕਿਹਾ ਲਓ ਖਾਓ ਇਹ ਮੇਰਾ ਸਰੀਰ ਹੈ ॥੨੭॥ ਫੇਰ ਉਹ ਨੈ ਪਿਆਲਾ ਲੈਕੇ ਸੁਕਰ ਕੀਤਾ ਅਤੇ ਉਨਾਂ ਨੂੰ ਦੇਕੇ ਕਿਹਾ ਤੁਸੀਂ ਸਾਰੇ ਇਸ ਵਿੱਚੋਂ ਪੀਓ ॥੨੮॥ ਕਿਉ ਜੋ ਇਹ ਮੇਰਾ ਲਹੂ ਹੈ ਅਰਥਾਤ ਨੇਮ ਦਾ ਲਹੂ ਜਿਹੜਾ ਬਹੁਤਿਆਂ ਦੀ ਖਾਤਰ ਪਾਪਾਂ ਦੀ ਮਾਫੀ ਲਈ ਵਹਾਇਆ ਜਾਂਦਾ ਹੈ ॥੨੯॥ ਅਤੇ ਮੈਂ ਤੁਹਾਨੂੰ ਆਖਦਾ ਹਾਂ ਜੋ ਏਦੋਂ ਅੱਗੇ ਮੈਂ ਇਸ ਦਾ ਖਰਸ ਨੂੰ ਕਦੇ ਨਾ ਪੀਵਾਂਗਾ ਜਿਸ ਦਿਨ ਤੀਕੁਰ ਤੁਹਾਡੇ ਨਾਲ ਆਪਣੇ ਪਿਤਾ ਦੇ ਰਾਜ ਵਿੱਚ ਉਹਨ ਦਾਂ ਨਾ ਪੀਵਾਂ ॥੩੦॥ ਫੇਰ ਓਹ ਭਜਨ ਗਾਕੇ ਜੈਤੂਨ ਦੇ ਪਹਾੜ ਨੂੰ ਨਿੱਕਲ ਗਏ ॥੩੧॥ ਤਦ ਜਿਸੂ ਨੈ ਉਨਾਂ ਨੂੰ ਕਿਹਾ ਅੱਜ ਰਾਤ ਤੁਸੀਂ ਸੱਭੇ ਮੇਰੇ ਕਾਰਨ ਠੋਕਰ ਖਾਓਗੇ ਕਿਉ ਕਿ ਇਹ ਲਿਖਿਆ ਹੈ ਜੋ ਮੈਂ ਅਯਾਲੀ ਨੂੰ ਮਾਰਾਂਗਾ ਅਤੇ ਇੱਜੜ ਦੀਆਂ ਭੇਡਾਂ ਖਿੰਡਰ ਜਾਣਗੀਆਂ ॥੩੨॥ ਪਰ ਮੈਂ ਆਪਣੇ ਜੀ ਉੱਠਣ ਦੇ ਪਿੱਛੋਂ ਤੁਹਾਥੋਂ ਅੱਗੇ ਗਲੀਲ ਨੂੰ ਜਾਵਾਂਗਾ ॥੩੩॥ ਤਦ ਪਤਰਸ ਨੈ ਉਹ ਨੂੰ ਉੱਤਰ ਦਿੱਤਾ ਭਾਵੇਂ ਤੇਰੇ ਕਾਰਨ ਸੱਭੇ ਠੋਕਰ ਖਾਣ ਪਰ ਮੈਂ ਠੋਕਰ ਕਦੇ ਨਹੀਂ ਖਾਵਾਂਗਾ ॥੩੪॥ ਜਿਸੂ ਨੈ ਉਹ ਨੂੰ ਕਿਹਾ ਮੈਂ ਤੈਨੂੰ ਸੱਚ ਆਖਦਾ ਹਾਂ ਜੋ ਅੱਜ ਰਾਤ ਕੁੱਕੜ ਦੇ ਬਾਂਗ ਦੇਣ ਥੋਂ ਅੱਗੇ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ ॥੩੫॥ ਪਤਰਸ

Original with:
Language Department Punjab
Digitized by:
Panjab Digital Library

ਨੈਉਹ ਨੂੰਕਿਹਾ ਭਾਵੇਂ ਤੇਰੇ ਨਾਲ ਮੈ ਨੂੰ ਮਰਨਾ ਥੀ ਪਵੇ ਤਾਂ ਥੀ ਮੈਂ ਤੇਰਾ ਇਨਕਾਰ ਕਦੇ ਨਾ ਕਰਾਂਗਾ ਅ
ਤੇ ਸਾਰੇ ਸਿੱਖ ਇਸੇ ਤਰਾਂ ਬੋਲੇ॥ ੩੬॥ ਤਦ ਯਿਸੂ ਉਨਾਂ ਦੇ ਨਾਲ ਗਤਸਮਨੀ ਨਾਮੇ ਇੱਕ ਥਾਉਂ ਆ
ਇਆ ਅਤੇ ਆਪਣੇ ਸਿੱਖਾਂ ਨੂੰ ਕਿਹਾ ਤੁਸੀਂ ਐੱਥੇ ਬੈਠੋ ਜਿੰਨਾਂ ਚਿਰ ਮੈਂ ਉੱਥੇ ਜਾਕੇ ਪ੍ਰਾਰਥਨਾ ਕਰਾਂ॥ ੩੭
॥ ਅਤੇ ਪਤਰਸ ਅਰ ਜਬਦੀ ਦੇ ਦੋਵੇਂ ਪੁਤ੍ਰ ਨਾਲ ਲੈਕੇ ਉਹ ਉਦਾਸ ਅਤੇ ਦਿਲਗੀਰ ਹੋਣ ਲੰ
ਗਾ॥ ੩੮॥ ਫੇਰ ਉਸ ਨੈਉਨਾਂ ਨੂੰ ਕਿਹਾ ਮੇਰਾ ਜੀ ਬਹੁਤ ਉਦਾਸ ਹੈ ਬਲਕ ਮਰਨ ਵਰਗਾ ਹਾਲ
ਹੈ ਤੁਸੀਂ ਐੱਥੇ ਠਹਿਰੋ ਅਤੇ ਮੇਰੇ ਨਾਲ ਜਾਗਦੇ ਰਹੋ॥ ੩੯॥ ਅਰ ਥੋੜਾ ਅੱਗੇ ਵਧਕੇ ਮੂੰਹ ਭਾਰ
ਪੈ ਰਿਆ ਅਤੇ ਪ੍ਰਾਰਥਨਾ ਕਰਦਿਆਂ ਆਖਿਆ ਹੇ ਮੇਰੇ ਪਿਤਾ ਜੇ ਹੋ ਸੱਕੇ ਤਾਂ ਇਹ ਪਿਆਲਾ
ਮੈਥੋਂ ਦੂਰ ਹੋ ਜਾਵੇ ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਬਲਕ ਉਹ ਜੋ ਤੂੰ ਚਾਹੁੰਦਾ ਹੈਂ॥ ੪੦॥ ਅਤੇ
ਸਿੱਖਾਂ ਪਾਸ ਆਣਕੇ ਉਨਾਂ ਨੂੰ ਸੁੱਤੇ ਹੋਏ ਵੇਖਿਆ ਅਤੇ ਪਤਰਸ ਨੂੰ ਆਖਿਆ ਇਹ ਕੀ ਤੁਹਾ
ਥੋਂ ਮੇਰੇ ਨਾਲ ਇੱਕ ਘੜੀ ਥੀ ਨਾ ਜਾਗ ਹੋਇਆ॥ ੪੧॥ ਜਾਗੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ
ਪਰਤਾਵੇ ਵਿੱਚ ਨਾ ਪਓ। ਆਤਮਾ ਤਾਂ ਤਿਆਰ ਹੈ ਪਰ ਸਰੀਰ ਢਿੱਲਾ ਹੈ॥ ੪੨॥ ਫੇਰ ਉਹ ਦੂਈ
ਵਾਰ ਗਿਆ ਅਤੇ ਇਹ ਕਹਿਕੇ ਉਹ ਨੈ ਪ੍ਰਾਰਥਨਾ ਕੀਤੀ ਹੇ ਮੇਰੇ ਪਿਤਾ ਜੇ ਇਹ ਮੇਰੇ ਪੀਣ ਬਿ
ਨਾ ਨਾ ਦੂਰ ਹੋ ਸੱਕੇ ਤਾਂ ਜੋ ਤੇਰੀ ਮਰਜ਼ੀ ਹੈ ਸੋਈ ਹੋਵੇ॥ ੪੩॥ ਅਤੇ ਉਸ ਨੈ ਆਣਕੇ ਉਨਾਂ ਨੂੰ ਫੇ
ਰ ਸੁੱਤੇ ਹੋਏ ਵੇਖਿਆ ਕਿਉ ਜੋ ਉਨਾਂ ਦੀਆਂ ਅੱਖਾਂ ਨੀਂਦਰ ਨਾਲ ਭਰੀਆਂ ਹੋਈਆਂ ਸੀਆਂ॥
੪੪॥ ਅਤੇ ਉਨਾਂ ਨੂੰ ਫੇਰ ਛੱਡਕੇ ਗਿਆ ਅਰ ਉਹੋ ਬਾਤ ਕਹਿਕੇ ਤੀਜੀ ਵਾਰੀ ਪ੍ਰਾਰਥਨਾ ਕੀਤੀ

Original with:
Language Department Punjab
Digitized by:
Panjab Digital Library

॥੪੫॥ ਫੇਰ ਸਿੱਖਾਂ ਕੋਲ ਆਣਕੇ ਉਨਾਂ ਨੂੰ ਆਖਿਆ ਹੁਣ ਤੁਸੀਂ ਸੁੱਤੇ ਰਹੋ ਅਤੇ ਵਿਸਰਾਮ ਕਰੋ ਵੇਖੋ ਘੜੀ ਨੇੜੇ ਆ ਢੁਕੀ ਅਤੇ ਮਨੁੱਖ ਦਾ ਪੁਤ੍ਰ ਪਾਪੀਆਂ ਦੇ ਹੱਥਾਂ ਵਿੱਚ ਫੜਵਾਇਆ ਜਾਂਦਾ ਹੈ॥੪੬॥ ਉੱਠੋ ਚੱਲਿਯੇ ਵੇਖੋ ਮੇਰਾ ਫੜਵਾਉਣਵਾਲਾ ਨੇੜੇ ਆਇਆ ਹੈ॥੪੭॥ ਅਤੇ ਉਹ ਅਜੇ ਬੋਲਦਾ ਹੀ ਸੀ ਕਿ ਵੇਖੋ ਯਹੂਦਾ ਜਿਹੜਾ ਉਨਾਂ ਬਾਰਾਂ ਵਿੱਚੋਂ ਇੱਕ ਸੀ ਆ ਪਹੁੰਚਿਆ ਅਤੇ ਪਰਧਾਨ ਜਾਜਕਾਂ ਅਰ ਲੋਕਾਂ ਦੇ ਬੁਜ਼ੁਰਗਾਂ ਦੀ ਵਲੋਂ ਇੱਕ ਵੱਡੀ ਭੀੜ ਤਲਵਾਰਾਂ ਅਤੇ ਡਾਂਗਾਂ ਫੜੀ ਉਹ ਦੇ ਨਾਲ ਸੀ॥੪੮॥ ਅਤੇ ਉਹ ਦੇ ਫੜਵਾਉਣਵਾਲੇ ਨੇ ਉਨਾਂ ਨੂੰ ਇਹ ਕਹਿਕੇ ਪਤਾ ਦਿੱਤਾ ਸੀ ਭਈ ਜਿਹ ਨੂੰ ਮੈਂ ਚੁੰਮਾਂ ਉਹੋ ਹੈ ਉਸ ਨੂੰ ਫੜ ਲੈਣਾ॥੪੯॥ ਅਰ ਝੱਟ ਯਿਸੂ ਕੋਲ ਆਣਕੇ ਉਹ ਨੇ ਆਖਿਆ ਸੁਆਮੀ ਜੀ ਮੱਥਾ ਟੇਕਦਾ ਹਾਂ ਅਤੇ ਉਸ ਨੂੰ ਚੁੰਮਿਆ॥੫੦॥ ਅਤੇ ਯਿਸੂ ਨੇ ਉਹ ਨੂੰ ਆਖਿਆ ਭਾਈ ਜਿਸ ਕੰਮ ਵਾਸਤੇ ਤੂੰ ਆਇਆ ਹੈਂ ਸੋ ਕਰ ਲੈ। ਤਦ ਉਨਾਂ ਨੇ ਕੋਲ ਆਣਕੇ ਯਿਸੂ ਉੱਤੇ ਹੱਥ ਪਾਏ ਅਤੇ ਉਹ ਨੂੰ ਫੜ ਲਿਆ॥੫੧॥ ਅਰ ਵੇਖੋ ਯਿਸੂ ਦੇ ਨਾਲ ਦਿਆਂ ਵਿੱਚੋਂ ਇੱਕ ਨੇ ਹੱਥ ਕੱਢਕੇ ਆਪਣੀ ਤਲਵਾਰ ਧੂਲਈ ਅਤੇ ਸਰਦਾਰ ਜਾਜਕ ਦੇ ਚਾਕਰ ਨੂੰ ਮਾਰਕੇ ਉਹ ਦਾ ਕੰਨ ਉੜਾ ਦਿੱਤਾ॥੫੨॥ ਤਦ ਯਿਸੂ ਨੇ ਉਹ ਨੂੰ ਆਖਿਆ ਆਪਣੀ ਤਲਵਾਰ ਮਿਆਨ ਕਰ ਕਿਉਂਕਿ ਸਭ ਜੋ ਤਲਵਾਰ ਖਿੱਚਦੇ ਹਨ ਤਲਵਾਰ ਨਾਲ ਉਨਾਂ ਦਾ ਨਾਸ ਹੋ ਜਾਊ॥੫੩॥ ਕੀ ਤੂੰ ਇਹ ਸਮਝਦਾ ਹੈਂ ਜੋ ਮੈਂ ਆਪਣੇ ਪਿਤਾ ਕੋਲੋਂ ਬੇਨਤੀ ਨਹੀਂ ਕਰ ਸੱਕਦਾ ਅਤੇ ਉਹ ਹੁਣੇ ਦੂਤਾਂ ਦੀਆਂ ਬਾਰਾਂ ਫੌਜਾਂ ਥੋਂ ਵਧੀਕ ਮੇਰੇ ਕੋਲ ਹਾਜਰ ਨਾ ਕਰੂ॥੫੪॥ ਫੇਰ ਓ-

Original with:
Language Department Punjab
Digitized by:
Panjab Digital Library

ਹਲਿਖਤਾਂਕੁਈ ਅਜਿਹਾ ਹੋਣਾ ਜਰੂਰ ਹੈ ਕਿੰਕੁਰ ਪੂਰੀਆਂ ਹੁੰਦੀਆਂ ॥੫੫॥ ਉਸੇਵੇਲੇ ਯਿਸੂ
ਨੈ ਉਸਭੀੜ ਨੂੰ ਆਖਿਆ ਕੁਈ ਤਲਵਾਰਾਂ ਅਤੇ ਡਾਂਗਾਂ ਫੜੀ ਕੀ ਤੁਸੀਂ ਮੈਨੂੰ ਧਾੜਵੀ ਵਾਂਗੂ ਫ
ੜਨ ਨੂੰ ਨਿੱਕਲੇ ਹੋ। ਮੈਂ ਰੋਜ ਮੰਦਰ ਵਿੱਚ ਬੈਠਕੇ ਉਪਦੇਸ ਦਿੰਦਾ ਸੀ ਅਤੇ ਤੁਸਾਂ ਮੈਨੂੰ ਨਾ ਫੜਿਆ
॥੫੬॥ ਪਰ ਇਹ ਸਭੋ ਕੁਛ ਇਸ ਲਈ ਹੋਇਆ ਜੋ ਪਿਕੰਬਰਾਂ ਦੀਆਂ ਲਿਖਤਾਂ ਪੂਰੀਆਂ ਹੋ
ਣ। ਤਦ ਸਾਰੇ ਸਿੱਖ ਉਹ ਨੂੰ ਛੱਡ ਕੇ ਭੱਜ ਗਏ ॥੫੭॥ ਅਤੇ ਜਿਨਾਂ ਨੈ ਯਿਸੂ ਨੂੰ ਫੜਿਆ ਸੀ ਸੋ
ਸਰਦਾਰ ਜਾਜਕ ਕਯਾਫਾ ਦੇ ਕੋਲ ਜਿੱਥੇ ਗੀਥੀ ਅਰ ਬੁਜੁਰਗ ਕੱਠੇ ਹੋਏ ਸਨ ਉਹ ਨੂੰ ਲੈ ਗਏ
॥੫੮॥ ਅਤੇ ਪਤਰਸ ਕੁਛ ਵਿੱਥ ਨਾਲ ਉਹ ਦੇ ਪਿੱਛੇ ਪਿੱਛੇ ਸਰਦਾਰ ਜਾਜਕ ਦੇ ਵੇਹੜੇ ਤੀਕ ਚੱ
ਲਿਆ ਗਿਆ ਅਤੇ ਅੰਦਰ ਜਾਕੇ ਸਿਪਾਹੀਆਂ ਨਾਲ ਬੈਠਾ ਭਈ ਵੇਖੇ ਜੋ ਓੜਕ ਕੀ ਹੁੰਦਾ ਹੈ ॥੫੯
॥ ਅਤੇ ਪਰਧਾਨ ਜਾਜਕ ਅਰ ਸਾਰੀ ਮਹਾ ਸਭਾ ਯਿਸੂ ਦੇ ਵਿਰੁੱਧ ਉਹ ਦੇ ਜਾਨੋਂ ਮਾਰਨ ਲਈ ਝੂਠੀ
ਉਗਾਹੀ ਢੂੰਢਦੀ ਸੀ ॥ ੬੦॥ ਪਰ ਨਾ ਲੱਭੀ ਭਾਵੇਂ ਝੂਠੇ ਉਗਾਹ ਬਹੁਤ ਆਏ। ਪਰ ਓੜਕ ਨੂੰ ਦੋ
ਜਣੇ ਅੱਗੇ ਆਣਕੇ ਬੋਲੇ ॥ ੬੧॥ ਜੋ ਇਹ ਨੈ ਆਖਿਆ ਹੈ ਮੈਂ ਪਰਮੇਸੁਰ ਦੇ ਮੰਦਰ ਨੂੰ ਢਾਹਕੇ ਤਿ
ਨਾਂ ਦਿਨਾਂ ਵਿੱਚ ਉਹ ਨੂੰ ਬਣਾ ਸੱਕਦਾ ਹਾਂ ॥ ੬੨॥ ਅਤੇ ਸਰਦਾਰ ਜਾਜਕ ਨੈ ਖੜੋਕੇ ਉਹ ਨੂੰ ਆ
ਖਿਆ ਕੀ ਤੂੰ ਜਵਾਬ ਨਹੀਂ ਦਿੰਦਾ ਏਹ ਤੇਰੇ ਵਿਰੁੱਧ ਕੀ ਉਗਾਹੀ ਦਿੰਦੇ ਹਨ ॥ ੬੩॥ ਪਰ ਯਿਸੂ
ਚੁਪ ਹੀ ਰਿਹਾ ਅਤੇ ਸਰਦਾਰ ਜਾਜਕ ਨੈ ਉਹ ਨੂੰ ਆਖਿਆ ਮੈਂ ਤੈਨੂੰ ਜੀਉਂਦੇ ਪਰਮੇਸੁਰ ਦੀ
ਸੌਂਹ ਦਿੰਦਾ ਹਾਂ ਭਈ ਜੇ ਤੂੰ ਮਸੀਹ ਪਰਮੇਸੁਰ ਦਾ ਪੁਤ੍ਰ ਹੈਂ ਤਾਂ ਸਾਨੂੰ ਦੱਸ ॥ ੬੪॥ ਯਿਸੂ ਨੈ ਉਹ ਨੂੰ ਕਿ

Original with:
Language Department Punjab
Digitized by:
Panjab Digital Library

ਹਾਂ ਤੈਂ ਆਖ ਦਿੱਤਾ ਹੈ ਬਲਕ ਮੈਂ ਤੁਹਾ ਨੂੰ ਆਖਦਾ ਹਾਂ ਜੋ ਏਦੋਂ ਅੱਗੇ ਤੁਸੀਂ ਮਨੁੱਖ ਦੇ ਪੁਤ੍ਰ ਨੂੰ ਸ-
ਕਤਿ ਦੇ ਸੱਜੇ ਹੱਥ ਬਿਰਾਜਮਾਨ ਹੋਇਆ ਅਤੇ ਅਕਾਸ ਦੇ ਬੱਦਲਾਂ ਉੱਤੇ ਆਉਂਦਾ ਵੇਖੋਗੇ॥੬੫
॥ਤਦ ਸਰਦਾਰ ਜਾਜਕ ਨੈ ਆਪਣੇ ਲੀੜੇ ਪਾੜ੍ਹਕੇ ਆਖਿਆ ਇਹ ਕੁਫਰ ਬੋਲ ਚੁੱਕਿਆ ਹੈ
ਹੁਣ ਸਾ ਨੂੰ ਉਗਾਹਾਂ ਦੀ ਹੋਰ ਕੀ ਲੋੜ ਹੈ। ਵੇਖੋ ਹੁਣੇ ਤੁਸਾਂ ਇਹ ਕੁਫਰ ਸੁਣਿਆ ਤੁਹਾਡੀ ਕੀ
ਸਲਾਹ ਹੈ॥੬੬॥ਉਨਾਂ ਉੱਤਰ ਦਿੱਤਾ ਇਹ ਮਾਰੇ ਜਾਣ ਦੇ ਲਾਇਕ ਹੈ॥੬੭॥ਤਦ ਉਨਾਂ ਨੈ ਉਹ
ਦੇ ਮੂੰਹ ਉੱਤੇ ਥੁੱਕਿਆ ਅਰ ਉਹ ਨੂੰ ਮੁੱਕੇ ਮਾਰੇ ਅਤੇ ਹੋਰਨਾਂ ਨੈ ਚਪੇੜਾਂ ਮਾਰਕੇ ਕਿਹਾ॥੬੮॥
ਹੇ ਮਸੀਹ ਸਾ ਨੂੰ ਅਰੀਮਥਿਆਹ ਨਾਲ੍ਹ ਦੱਸ ਤੈ ਨੂੰ ਕਿਹ ਨੈ ਮਾਰਿਆ॥੬੯॥ਅਤੇ ਪਤਰਸ
ਬਾਹਰ ਵੇਹੜੇ ਵਿੱਚ ਬੈਠਾ ਸੀ ਅਰ ਇੱਕ ਗੋਲੀ ਉਹ ਦੇ ਕੋਲ੍ਹ ਆਣਕੇ ਬੋਲੀ ਜੋ ਜਿਸੂ ਗਲੀ-
ਲੀ ਦੇ ਨਾਲ੍ਹ ਤੂੰ ਬੀ ਸੀ॥੭੦॥ਪਰ ਉਹ ਨੈ ਸਭਨਾਂ ਦੇ ਅੱਗੇ ਮੁੱਕਰਕੇ ਆਖਿਆ ਮੈਂ ਨਹੀਂ ਜਾ-
ਣਦਾ ਤੂੰ ਕੀ ਬੋਲਦੀ ਹੈਂ॥੭੧॥ਅਤੇ ਜਦ ਉਹ ਬਾਹਰ ਡੇਉਢੀ ਵਿੱਚ ਗਿਆ ਦੂਈ ਨੈ ਉਹ ਨੂੰ
ਵੇਖਕੇ ਉਨਾਂ ਨੂੰ ਜੋ ਹੜੇ ਉੱਥੇ ਸਨ ਆਖਿਆ ਇਹ ਬੀ ਜਿਸੂ ਨਾਸਰੀ ਦੇ ਨਾਲ੍ਹ ਸੀ॥੭੨॥
ਅਤੇ ਉਹ ਸੌਂਹ ਖਾਕੇ ਫੇਰ ਮੁੱਕਰ ਗਿਆ ਜੋ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ॥੭੩॥ਅਰ
ਥੋੜ੍ਹੇ ਚਿਰ ਪਿੱਛੋਂ ਜੋ ਹੜੇ ਉੱਥੇ ਖੜੇ ਸਨ ਉਨਾਂ ਨੈ ਕੋਲ੍ਹ ਆਣਕੇ ਪਤਰਸ ਨੂੰ ਕਿਹਾ ਸੱਚੀ ਮੁੱਚੀ
ਤੂੰ ਬੀ ਉਨਾਂ ਵਿੱਚੋਂ ਹੈਂ ਤੇਰੀ ਬੋਲੀ ਜੋ ਪਈ ਦੱਸਦੀ ਹੈ॥੭੪॥ਤਦ ਉਹ ਸਰਾਪ ਦੇਣ ਅਰ ਸੌ-
ਹ ਖਾਣ ਲੱਗਾ ਭਈ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ। ਅਤੇ ਓਵੇਂ ਕੁੱਕੜ ਨੈ ਬਾਂਗ ਦਿੱਤੀ

Original with:
Language Department Punjab
Digitized by:
Panjab Digital Library

॥੭੫॥ਤਦੋਂ ਪਤਰਸ ਨੂੰ ਉਹ ਬਾਤ ਚੇਤੇ ਆਈ ਜਿਹੜੀ ਜਿਸ ਨੈ ਆਖੀ ਸੀ ਜੋ ਕੁੱਕੁੜ ਦੇ ਬਾਂਗ ਦੇਣ ਥੋਂ ਅੱਗੇ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ। ਅਤੇ ਉਹ ਬਾਹਰ ਗਿਆ ਅਰ ਭੁੰ ਮਾਰਕੇ ਰੋਇਆ॥

੨੭ਕਾਂਡ॥ ਜਾਂ ਸਵੇਰ ਹੋਈ ਤਾਂ ਸਾਰੇ ਪਰਧਾਨ ਜਾਜਕਾਂ ਅਤੇ ਲੋਕਾਂ ਦੇ ਬਜ਼ੁਰਗਾਂ ਨੈ ਯਿਸੂ ਦੇ ਵਿਰੁੱਧ ਮਤਾ ਪਕਾਇਆ ਜੋ ਉਹ ਨੂੰ ਜਾਨੋਂ ਮਾਰਨ ॥੨॥ ਅਤੇ ਉਹ ਨੂੰ ਬੰਨ ਕੇ ਲੈ ਗਏ ਅਰ ਪਿਲਾਤੁਸ ਹਾਕਮ ਦੇ ਹਵਾਲੇ ਕੀਤਾ॥ ॥੩॥ ਤਦ ਯਹੂਦਾ ਜਿਨ ਉਸ ਨੂੰ ਫੜਵਾਇਆ ਸੀ ਇਹ ਵੇਖਕੇ ਜੋ ਉਸ ਉੱਤੇ ਸਜ਼ਾ ਦਾ ਹੁਕਮ ਹੋ ਗਿਆ ਹੈ ਪਛਤਾਇਆ ਅਤੇ ਓਹ ਤੀਹ ਰੁੱਪਜੇ ਪਰਧਾਨ ਜਾਜਕਾਂ ਅਰ ਬਜ਼ੁਰਗਾਂ ਕੋਲ ਮੋੜ ਲਿਆਇਆ॥ ੪॥ ਅਤੇ ਬੋਲਿਆ ਮੈਂ ਪਾਪ ਕੀਤਾ ਜੋ ਨਿਰਦੋਸ ਜੀਵ ਨੂੰ ਫੜਵਾ ਦਿੱਤਾ। ਪਰ ਓਹ ਬੋਲੇ ਸਾਨੂੰ ਕੀ ਤੂੰ ਹੀ ਜਾਣ॥੫॥ ਅਤੇ ਉਹ ਉਨਾਂ ਰੁੱਪਜਾਂ ਨੂੰ ਮੰਦਰ ਵਿੱਚ ਸੁੱਟ ਕੇ ਚੱਲਿਆ ਗਿਆ ਅਰ ਜਾਕੇ ਆਪੇ ਫਾਹਾ ਲੈ ਲਿਆ॥੬॥ ਅਤੇ ਪਰਧਾਨ ਜਾਜਕਾਂ ਨੈ ਰੁੱਪਜੇ ਲੈਕੇ ਆਖਿਆ ਜੋ ਇਨ ਨੂੰ ਮੰਦਰ ਦੇ ਭੰਡਾਰ ਵਿੱਚ ਪਾਉਣਾ ਜੋਗ ਨਹੀਂ ਕਿਉਂਕਿ ਲਹੂ ਦਾ ਮੁੱਲ ਹੈ॥੭॥ ਅਤੇ ਉਨਾਂ ਨੈ ਮਤਾ ਕਰਕੇ ਉਨਾਂ ਨਾਲ ਇੱਕ ਘੁਮਿਆਰ ਦਾ ਖੇਤ ਪਰਦੇਸੀਆਂ ਦੇ ਦੱਬਣ ਲਈ ਮੁੱਲ ਲਿਆ ॥੮॥ ਇਸ ਕਾਰਨ ਉਹ ਖੇਤ ਅੱਜ ਤੀਕੁਰ ਲਹੂ ਦਾ ਖੇਤ ਕਹਾਉਂਦਾ ਹੈ॥੯॥ ਤਦ ਜਿਹੜਾ ਬਚਨ ਯਿਰਮੀਆ ਪਿਕੰਬਰ ਦੀ ਰਾਹੀਂ ਕਿਹਾ ਗਿਆ ਸੀ ਪੂਰਾ ਹੋਇਆ ਜੋ ਉਨਾਂ ਨੈ ਤੀਹ ਰੁ-

Original with:
Language Department Punjab
Digitized by:
Panjab Digital Library

ਪੱਯੇਲਏ ਅਰਥਾਤ ਉਸਦਾ ਮੁੱਲ ਜਿਹ ਦਾ ਇਸਰਾਈਲ ਦੇ ਵੰਸ ਵਿੱਚੋਂ ਕਿਨਿਆਂ ਨੈ ਮੁੱਲ ਠ-
ਰਾਇਆ॥੧੦॥ ਅਤੇ ਉਨਾਂ ਨੂੰ ਪ੍ਰਮਿਆਰ ਦੇ ਖੇਤ ਦੇ ਬਦਲੇ ਦਿੱਤਾ ਜਿਹਾ ਕੁ ਪ੍ਰਭੁ ਨੈ ਮੈਨੂੰ
ਆਗਿਆ ਕੀਤੀ॥ ॥੧੧॥ ਅਤੇ ਯਿਸੂ ਹਾਕਮ ਦੇ ਸਾਹਮਣੇ ਖੜਾ ਸੀ ਅਰ ਹਾ-
ਕਮ ਨੈ ਉਸ ਥੋਂ ਇਹ ਪੁੱਛਿਆ ਭੁਲਾਯਹੂਦੀਆਂ ਦਾ ਪਾਤਸਾਹ ਤੂੰ ਹੈਂ। ਯਿਸੂ ਨੈ ਉਹ ਨੂੰ ਆ-
ਖਿਆ ਤੂੰ ਕਹਿੰਦਾ ਹੈਂ॥੧੨॥ ਅਤੇ ਜਦ ਪਰਧਾਨ ਜਾਜਕ ਅਰ ਬੁਜ਼ਰਗ ਉਸ ਉੱਤੇ ਦੋਸ ਲਾਉਂਦੇ
ਸਨ ਉਹ ਕੁਛ ਜਵਾਬ ਨਾ ਸੀ ਦਿੰਦਾ॥੧੩॥ ਤਦ ਪਿਲਾਤੁਸ ਨੈ ਉਹ ਨੂੰ ਕਿਹਾ ਤੂੰ ਸੁਣਦਾ ਨਹੀਂ
ਜੋ ਏਹ ਤੇਰੇ ਵਿਰੁੱਧ ਕਿੰਨੀਆਂ ਉਗਾਹੀਆਂ ਦਿੰਦੇ ਹਨ॥੧੪॥ ਪਰ ਉਨ ਉਸ ਨੂੰ ਇੱਕ ਗੱਲ ਦਾ ਭੀ
ਜਵਾਬ ਨ ਦਿੱਤਾ ਐੱਥੋਂ ਤੀਕੁ ਜੋ ਹਾਕਮ ਨੈ ਬਹੁਤ ਅਚੰਭਾ ਕੀਤਾ॥੧੫॥ ਅਤੇ ਹਾਕਮ ਦੀ ਇਹ
ਰੀਤ ਸੀ ਜੋ ਉਸ ਤਿਉਹਾਰ ਨੂੰ ਲੋਕਾਂ ਦੀ ਖਾਤਰ ਇੱਕ ਕੈਦੀ ਜਿਹ ਨੂੰ ਓਹ ਚਾਹੁੰਦੇ ਸਨ ਛੱਡਦਾ ਹੁੰਦ
ਸੀ॥੧੬॥ ਅਰ ਉਸ ਵੇਲੇ ਉਨਾਂ ਦਾ ਬਰੱਬਾਸ ਕਰਕੇ ਇਕ ਨਾਮੀ ਕੈਦੀ ਸੀ॥੧੭॥ ਸੋ ਜਾਂ ਓਹ
ਕੱਠੇ ਹੋਏ ਤਾਂ ਪਿਲਾਤੁਸ ਨੈ ਉਨਾਂ ਨੂੰ ਆਖਿਆ ਤੁਸੀਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖਾਤਰ ਛੱ
ਡੁ ਦਿਆਂ। ਬਰੱਬਾਸ ਨੂੰ ਜਾਂ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ॥੧੮॥ ਕਿਉਂ ਕਿ ਉਹ ਜਾਣ-
ਦਾ ਸੀ ਜੋ ਉਨਾਂ ਉਸ ਨੂੰ ਖਾਰ ਦੇ ਮਾਰੇ ਹਵਾਲੇ ਕੀਤਾ ਸੀ॥੧੯॥ ਅਤੇ ਜਦ ਉਹ ਗੱਦੀ ਉੱਤੇ ਬੈਠਾ
ਉਹ ਦੀ ਤੀਮੀਂ ਨੈ ਉਸ ਨੂੰ ਅਖਵਾ ਭੇਜਿਆ ਜੋ ਤੂੰ ਉਸ ਧਰਮੀ ਨਾਲ ਕੁਛ ਵਾਸਤਾ ਨਾ ਰੱਖ ਕਿਉਂ ਜੋ
ਮੈਂ ਅੱਜ ਸੁਫ਼ਨੇ ਵਿੱਚ ਉਹ ਦੇ ਸਬੱਬ ਵਡਾ ਦੁਖ ਝਿੱਠਾ॥੨੦॥ ਪਰ ਪਰਧਾਨ ਜਾਜਕਾਂ ਅਤੇ ਬੁਜ਼ਰ-

Original with:
Language Department Punjab
Digitized by:
Panjab Digital Library

ਗਾਂ ਨੈ ਲੋਕਾਂ ਨੂੰ ਉਭਾਰਿਆ ਜੋ ਬਰੱਬਾਸ ਨੂੰ ਮੰਗੋ ਅਤੇ ਜਿਸ਼ੂ ਦਾ ਨਾਸ ਕਰੋ ॥ ੨੧ ॥ ਫੇਰ ਹਾਕ
ਮ ਨੈ ਅੱਗੋਂ ਉਨਾਂ ਨੂੰ ਆਖਿਆ ਤੁਸੀਂ ਦੋਹਾਂ ਵਿੱਚੋਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖਾਤਰ ਛੱਡ
ਦਿਆਂ। ਓਹ ਬੋਲੇ ਬਰੱਬਾਸ ਨੂੰ ॥ ੨੨ ॥ ਪਿਲਾਤੁਸ ਨੈ ਉਨਾਂ ਨੂੰ ਕਿਹਾ ਫੇਰ ਜਿਸ਼ੂ ਨੂੰ ਜਿਹੜਾ ਮਸੀ
ਹ ਕਹਾਉਂਦਾ ਹੈ ਮੈਂ ਕੀ ਕਰਾਂ। ਓਹ ਸਭ ਬੋਲੇ ਸਲੀਬ ਉੱਤੇ ਚੜ੍ਹਾਇਆ ਜਾਵੇ ॥ ੨੩ ॥ ਪਰ ਉਸ ਨੈ
ਆਖਿਆ ਉਹ ਨੈ ਕੀ ਬੁਰਿਆਈ ਕੀਤੀ ਹੈ। ਪਰ ਉਨਾਂ ਨੈ ਹੋਰ ਬੀ ਡੂੰਹ ਪਾਕੇ ਕਿਹਾ ਉਹ ਸਲੀਬ
ਉੱਤੇ ਚੜ੍ਹਾਇਆ ਜਾਵੇ ॥ ੨੪ ॥ ਜਦ ਪਿਲਾਤੁਸ ਨੈ ਵੇਖਿਆ ਜੋ ਕੁਛ ਨਹੀਂ ਬਣਦਾ ਸਗੋਂ ਹੋਰ ਬੀ
ਰੌਲਾ ਪੈਂਦਾ ਜਾਂਦਾ ਹੈ ਤਦ ਉਹ ਨੈ ਪਾਣੀ ਲੈਕੇ ਲੋਕਾਂ ਦੇ ਸਾਹਮਣੇ ਆਪਣੇ ਹੱਥ ਧੋਤੇ ਅਤੇ ਕਿਹ
ਮੈਂ ਇਸ ਧਰਮੀ ਦੇ ਲਹੂ ਥੋਂ ਨਿਰਦੋਸ਼ ਹਾਂ ਤੁਸੀਂ ਜਾਣੋ ॥ ੨੫ ॥ ਅਤੇ ਸਾਰੇ ਲੋਕਾਂ ਨੈ ਉੱਤਰ ਦਿੱਤਾ ਉ
ਹ ਦਾ ਲਹੂ ਸਾਡੇ ਉੱਤੇ ਅਰ ਸਾਡੀ ਉਲਾਦ ਉੱਤੇ ਹੋਵੇ ॥ ੨੬ ॥ ਤਦ ਉਸ ਨੈ ਬਰੱਬਾਸ ਨੂੰ ਉਨਾਂ ਦੀ ਖ
ਤਰ ਛੱਡ ਦਿੱਤਾ ਪਰ ਜਿਸ਼ੂ ਨੂੰ ਕੋਰੜੇ ਮਾਰਕੇ ਸਲੀਬ ਉੱਤੇ ਚੜ੍ਹਾਉਣ ਲਈ ਹਵਾਲੇ ਕੀਤਾ ॥

॥ ੨੭ ॥ ਤਦ ਹਾਕਮ ਦੇ ਸਿਪਾਹੀਆਂ ਨੈ ਜਿਸ਼ੂ ਨੂੰ ਦਿਵਾਨਖਾਨੇ ਵਿੱਚ ਲੈ ਜਾਕੇ ਸਾਰਾ
ਜਥਾ ਉਹਦੇ ਕੋਲ ਕੱਠਾ ਕੀਤਾ ॥ ੨੮ ॥ ਅਤੇ ਉਹ ਦੇ ਕੱਪੜੇ ਲਾਹਕੇ ਕਿਰਮਚੀ ਚੋਗਾ ਉਹ ਨੂੰ ਪ
ਹਿਨਾਇਆ ॥ ੨੯ ॥ ਅਤੇ ਉਨਾਂ ਨੈ ਕੰਡ੍ਹਿਆਂ ਦਾ ਤਾਜ ਗੁੰਦਕੇ ਉਹ ਦੇ ਸਿਰ ਉੱਤੇ ਰੱਖਿਆ ਅਤੇ
ਇੱਕ ਕਾਨਾ ਉਹ ਦੇ ਸੱਜੇ ਹੱਥ ਵਿੱਚ ਦਿੱਤਾ ਅਰ ਉਹ ਦੇ ਸਾਹਮਣੇ ਗੋਡੇ ਨਿਵਾਏ ਅਤੇ ਉਸ ਨੂੰ ਠੱ
ਠਾ ਮਾਰਕੇ ਆਖਿਆ ਹੇ ਯਹੂਦੀਆਂ ਦੇ ਪਾਤਸ਼ਾਹ ਸਲਾਮ ॥ ੩੦ ॥ ਅਤੇ ਉਨਾਂ ਨੈ ਉਸ ਪੁਰ

Original with:
Language Department Punjab
Digitized by:
Panjab Digital Library

ਬੁੱਕਿਆ ਅਰ ਉਹ ਕਾਨਾ ਲੈਕੇ ਉਹਦੇ ਸਿਰ ਉੱਤੇ ਮਾਰਿਆ ॥ ੩੧ ॥ ਅਤੇ ਜਦ ਉਹ ਨੂੰ ਠੱਠਾ ਕ-
ਰਹਟੇ ਤਦ ਉਨਾਂ ਨੇ ਉਹ ਚੋਗਾ ਉਹਦੇ ਉੱਤੋਂ ਲਾਹ ਲਿਆ ਅਰ ਉਸੇ ਦੇ ਕੱਪੜੇ ਉਹ ਨੂੰ ਪਹਿਨ ੦
ਏ ਅਤੇ ਸਲੀਬ ਉੱਤੇ ਚੜ੍ਹਾਉਣ ਲਈ ਉਹ ਨੂੰ ਲੈ ਗਏ ॥ ॥ ੩੨ ॥ ਅਤੇ ਜਦ
ਓਹ ਬਾਹਰ ਜਾਂਦੇ ਸਨ ਉਨਾਂ ਨੇ ਸਮਊਨ ਨਾਮੇ ਇੱਕ ਕੁਰੇਨੀ ਮਨੁੱਖ ਨੂੰ ਲੱਭਿਆ। ਉਹ ਨੂੰ ਵਿ-
ਗਾਰੇ ਫੜਿਆ ਜੋ ਉਹ ਦੀ ਸਲੀਬ ਚੁੱਕ ਕੇ ਲੈ ਚੱਲੇ ॥ ੩੩ ॥ ਅਤੇ ਜਾਂ ਉਸ ਥਾਉਂ ਵਿੱਚ ਆ-
ਏ ਜਿਹ ਦਾ ਨਾਉਂ ਗਲਗਥਾ ਅਰਥਾਤ ਖੋਪਰੀ ਦਾ ਥਾਉਂ ਸੀ ॥ ੩੪ ॥ ਤਾਂ ਉਨਾਂ ਨੇ ਪਿੱਤ ਦੇ
ਨਾਲ ਮਿਲਾਈ ਹੋਈ ਵੈਨ ਉਹ ਨੂੰ ਪੀਣ ਲਈ ਦਿੱਤੀ ਪਰ ਉਸ ਨੇ ਚੱਖ ਕੇ ਉਹ ਨੂੰ ਪੀਣਾ ਨਾ
ਚਾਹਿਆ ॥ ੩੫ ॥ ਅਤੇ ਉਨਾਂ ਉਸ ਨੂੰ ਸਲੀਬ ਉੱਤੇ ਚੜ੍ਹਾਇਆ ਅਤੇ ਗੁਟੇ ਪਾ ਕੇ ਉਹਦੇ ਕੱ-
ਪੜੇ ਵੰਡ ਲਏ ॥ ੩੬ ॥ ਅਰ ਬੈਠ ਕੇ ਉੱਥੇ ਉਹ ਦੀ ਰਾਖੀ ਕਰਨ ਲੱਗੇ ॥ ੩੭ ॥ ਅਤੇ ਉਨਾਂ ਨੇ
ਉਹ ਦੇ ਸਿਰ ਦੇ ਉਤਾਹਾਂ ਕਰ ਕੇ ਉਹ ਦੀ ਦੋਸ ਪੜੀ ਲਾਈ ਜੋ ਇਹ ਯਿਸੂ ਯਹੂਦੀਆਂ ਦਾ ਪਾਤ
ਸਾਹ ਹੈ ॥ ੩੮ ॥ ਉਸ ਵੇਲੇ ਉਹ ਦੇ ਨਾਲ ਦੋ ਧਾੜਵੀ ਸਲੀਬ ਉੱਤੇ ਚੜ੍ਹਾਏ ਗਏ ਇੱਕ ਸੱਜੇ
ਅਤੇ ਇੱਕ ਖੱਬੇ ॥ ੩੯ ॥ ਅਤੇ ਆਉਣ ਜਾਣ ਵਾਲੇ ਉਹ ਨੂੰ ਮਿਹਣਾ ਮਾਰਨ ਅਤੇ ਸਿਰ ਹਲ ੦
ਕੇ ਕਹਿਣ ਲੱਗੇ ॥ ੪੦ ॥ ਭਈ ਤੂੰ ਜਿਹੜਾ ਮੰਦਰ ਨੂੰ ਢਾਹ ਕੇ ਤਿੰਨਾਂ ਦਿਨਾਂ ਵਿੱਚ ਬਣਾਉਂਦਾ
ਸੀ ਆਪਣੇ ਆਪ ਨੂੰ ਬਚਾ ਲੈ। ਜੇ ਤੂੰ ਪਰਮੇਸੁਰ ਦਾ ਪੁਤ੍ਰ ਹੈਂ ਤਾਂ ਸਲੀਬ ਉੱਤੋਂ ਉੱਤਰ ਆ ॥
੪੧ ॥ ਅਰ ਇਸੇ ਤਰਾਂ ਪਰਧਾਨ ਜਾਜਕਾਂ ਨੇ ਬੀ ਗ੍ਰੰਥੀਆਂ ਅਤੇ ਬੁਜ਼ੁਰਗਾਂ ਦੇ ਨਾਲ ਮਿਲ ਕੇ

Original with:
Language Department Punjab
Digitized by:
Panjab Digital Library

ਕੱਠਾ ਮਾਰਿਆ ਅਤੇ ਕਿਹਾ ॥੪੨॥ ਉਸਨੈ ਹੋਰਨਾਂ ਨੂੰ ਬਚਾਇਆ ਆਪਣੇ ਆਪ ਨੂੰ ਨਹੀਂ
ਬਚਾ ਸੱਕਦਾ। ਉਹ ਤਾਂ ਇਸਰਾਈਲ ਦਾ ਪਾਤਸ਼ਾਹ ਹੈ। ਹੁਣ ਸਲੀਬੋਂ ਉੱਤਰ ਆਵੇ ਤਾਂ ਅ-
ਸੀਂ ਉਹਦੇ ਉੱਤੇ ਨਿਹਚਾ ਕਰਾਂਗੇ ॥੪੩॥ ਉਹ ਨੈ ਪਰਮੇਸ਼ੁਰ ਪੁਰ ਭਰੋਸਾ ਰੱਖਿਆ ਸੀ ਜੇ ਉਹ
ਉਸ ਨੂੰ ਚਾਹੁੰਦਾ ਹੈ ਤਾਂ ਹੁਣ ਉਸ ਨੂੰ ਛੁਡਾਵੇ ਕਿਉਂ ਜੋ ਉਹ ਨੈ ਆਖਿਆ ਸੀ ਮੈਂ ਪਰਮੇਸ਼ੁਰ ਦਾ ਪੁ-
ਤ੍ਰ ਹਾਂ ॥੪੪॥ ਅਰ ਧਾੜਵੀ ਜੀ ਜੇਹੜੇ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਏ ਗਏ ਇਸੇ ਤਰਾਂ ਉ-
ਹਨੂੰ ਬੋਲੀ ਆਂ ਮਾਰਦੇ ਸਨ ॥ ॥੪੫॥ ਅਤੇ ਦੁਪਹਿਰਾਂ ਬੋਂ ਲਾਕੇ ਤੀਏ ਪਹਿਰ ਤੀ-
ਕ ਸਾਰੀ ਧਰਤੀ ਉੱਤੇ ਅਨੇਰਾ ਰਿਹਾ ॥੪੬॥ ਅਰ ਤੀਏ ਪਹਿਰ ਯਿਸੂ ਨੈ ਉੱਚੀ ਅਵਾਜ ਨ
ਲ ਪੁਕਾਰਕੇ ਕਿਹਾ ਏਲੀ ਏਲੀ ਲਮਾ ਸਬਕਤਾਨੀ ਜਿਹਦਾ ਅਰਥ ਇਹ ਹੈ ਹੇ ਮੇਰੇ ਪਰਮੇ-
ਸ਼ੁਰ ਹੇ ਮੇਰੇ ਪਰਮੇਸ਼ੁਰ ਤੈਂ ਮੈਨੂੰ ਕਿਉਂ ਛੱਡ ਦਿੱਤਾ ॥੪੭॥ ਅਤੇ ਕਿਨੇ ਉਨਾਂ ਵਿੱਚੋਂ ਜੇਹੜੇ ਉੱਥੇ
ਖੜੇ ਸਨ ਸੁਣਕੇ ਬੋਲੇ ਇਹ ਏਲੀਆਸ ਨੂੰ ਅਵਾਜ ਮਾਰਦਾ ਹੈ ॥੪੮॥ ਅਰ ਝੱਟ ਉਨਾਂ ਵਿ-
ਚੋਂ ਇੱਕ ਨੈ ਦੌੜਕੇ ਸਪੰਜ ਲਿਆ ਅਤੇ ਸਿਰਕੇ ਨਾਲ ਭੋਵਿਆ ਅਤੇ ਕਾਨੇ ਉੱਤੇ ਬੰਨਕੇ ਉਹ
ਨੂੰ ਚੁਸਾਇਆ ॥੪੯॥ ਹੋਰਨਾਂ ਆਖਿਆ ਰਹਿਣ ਦਿਹ ਅਸੀਂ ਵੇਖੀਏ ਭੁਲਾ ਏਲੀਆਸ
ਉਹਦੇ ਬਚਾਉਣ ਨੂੰ ਆਉਂਦਾ ਹੈ ॥੫੦॥ ਅਤੇ ਯਿਸੂ ਨੈ ਫੇਰ ਉੱਚੀ ਅਵਾਜ ਨਾਲ ਪੁਕਾਰਕੇ ਪ੍ਰ
ਾਣ ਛੱਡੇ ॥੫੧॥ ਅਰ ਵੇਖੋ ਮੰਦਰ ਦਾ ਪੜਦਾ ਉੱਪਰੋਂ ਲਾਕੇ ਹੇਠਾਂ ਤਾਈਂ ਪਾਟਕੇ ਦੋ ਹੋ ਗਿਆ
ਅਤੇ ਧਰਤੀ ਕੰਬੀ ਅਤੇ ਪੱਥਰ ਤਿੜਕ ਗਏ ॥੫੨॥ ਅਤੇ ਕਬਰਾਂ ਖੁਲ੍ਹ ਗਈਆਂ ਅਰ

Original with:
Language Department Punjab
Digitized by:
Panjab Digital Library

ਸੁੱਤੇ ਹੋਏ ਸੰਤਾਂ ਦੀਆਂ ਬਥੇਰੀਆਂ ਲੋਥਾਂ ਜੀ ਉੱਠੀਆਂ ॥੫੨॥ ਅਰ ਉਹ ਦੇ ਜੀ ਉੱਠਣ ਦੇ ਪਿੱਛੋਂ ਓਹ ਕਬਰਾਂ ਵਿੱਚੋਂ ਨਿੱਕਲ ਕੇ ਪਵਿਤ੍ਰ ਸ਼ਹਿਰ ਦੇ ਅੰਦਰ ਚੱਲੇ ਗਏ ਅਤੇ ਬਹੁਤਿਆਂ ਨੂੰ ਵਿਖਾਈ ਦਿੱਤੇ ॥੫੪॥ ਅਤੇ ਸੂਬੇਦਾਰ ਅਰ ਜੇਹੜੇ ਉਹ ਦੇ ਨਾਲ ਯਿਸੂ ਦੀ ਰਾਖੀ ਕਰਦੇ ਸਨ ਭੁਚਾਲ਼ ਅਤੇ ਸਾਰੀ ਵਾਰਤਾ ਵੇਖ ਕੇ ਬਹੁਤ ਡਰੇ ਅਤੇ ਬੋਲੇ ਇਹ ਸੱਚੀ ਮੁੱਚੀ ਪਰਮੇਸ਼ੁਰ ਦਾ ਪੁਤ੍ਰ ਸੀ ॥੫੫॥ ਅਰ ਉੱਥੇ ਬਹੁਤ ਤੀਮੀਆਂ ਦੂਰੋਂ ਵੇਖ ਰਹੀਆਂ ਸੀਆਂ ਜੇਹੜੀਆਂ ਯਿਸੂ ਦੇ ਨਾਲ਼ ਗਲੀਲ ਥੋਂ ਉਹ ਦੀ ਟਹਿਲ ਸੇਵਾ ਕਰਦੀਆਂ ਆਈਆਂ ਸਨ ॥੫੬॥ ਉਨ੍ਹਾਂ ਵਿੱਚ ਮਰਿਯਮ ਮਗਦਲੀਨੀ ਅਤੇ ਯਾਕੂਬ ਅਰ ਯੋਸੇਸ ਦੀ ਮਾਂ ਮਰਿਯਮ ਅਤੇ ਜਬਦੀ ਦੇ ਪੁਤ੍ਰਾਂ ਦੀ ਮਾਂ ਸੀ ॥

॥੫੭॥ ਅਤੇ ਜਾਂ ਸੰਝ ਹੋਈ ਤਾਂ ਯੂਸੁਫ ਨਾਮੇ ਅਰਿਮਥੈਆ ਦਾ ਇੱਕ ਧਨਮਾਨ ਮਨੁੱਖ ਆਇਆ ਜਿਹੜਾ ਆਪ ਵੀ ਯਿਸੂ ਦਾ ਸਿੱਖ ਸੀ ॥੫੮॥ ਉਹ ਨੇ ਪਿਲਾਤੁਸ ਪਾਸ ਜਾ ਕੇ ਯਿਸੂ ਦੀ ਲੋਥ ਮੰਗੀ। ਤਦ ਪਿਲਾਤੁਸ ਨੇ ਲੋਥ ਦੇਣ ਦਾ ਹੁਕਮ ਕੀਤਾ ॥੫੯॥ ਅਤੇ ਯੂਸੁਫ ਨੇ ਲੋਥ ਨੂੰ ਲੈ ਕੇ ਸਾਫ਼ ਮਹੀਨ ਕੱਪੜੇ ਵਿੱਚ ਵਲ੍ਹੇਟਿਆ ॥੬੦॥ ਅਰ ਆਪਣੀ ਨਵੀਂ ਕਬਰ ਦੇ ਅੰਦਰ ਰੱਖਿਆ ਜਿਹੜੀ ਉਸ ਨੇ ਪੱਥਰ ਵਿੱਚ ਖੁਦਵਾਈ ਸੀ ਅਤੇ ਵੱਡਾ ਪੱਥਰ ਕਬਰ ਦੇ ਮੂੰਹ ਉੱਤੇ ਰੇੜ੍ਹ ਕੇ ਚੱਲਿਆ ਗਿਆ ॥੬੧॥ ਅਤੇ ਮਰਿਯਮ ਮਗਦਲੀਨੀ ਅਰ ਦੂਜੀ ਮਰਿਯਮ ਉੱਥੇ ਕਬਰ ਦੇ ਸਾਹਮਣੇ ਬੈਠੀਆਂ ਸੀਆਂ ॥

॥੬੨॥ ਅਤੇ ਅਗਲੇ ਭੁਲ੍ਹਕ ਜਿਹੜਾ ਤਿਆਰੀ ਦੇ ਦਿਨ ਥੋਂ ਪਿੱਛੋਂ ਸੀ ਪਰਧਾਨ ਜਾਜਕ ਅਤੇ ਫ

Original with:
Language Department Punjab
Digitized by:
Panjab Digital Library

ਤੀਸੀਕੱਠੇਹੋਕੇਪਿਲਾਤੁਸ ਦੇਕੋਲ ਆਏ ਅਰਬੋਲੇ॥੬੩॥ਮਹਾਰਾਜ ਸਾਨੂੰਯਾਦਹੈਕਿ ਉਹਛਲੀਆ ਆਪਣੇਜੀਉਂਦੇਜੀ ਕਹਿਗਿਆ ਸੀ ਜੋ ਮੈਂ ਤਿੰਨਾਂ ਦਿਨਾਂ ਪਿੱਛੋਂ ਜੀ ਉੱਠਾਂਗਾ॥ ੬੪॥ਇਸ ਲਈ ਹੁਕਮ ਕਰ ਜੋ ਤੀਏ ਦਿਨ ਤੀਕੁਰ ਕਬਰ ਦੀ ਰਾਖੀ ਕੀਤੀ ਜਾਏ ਕਿਤੇ ਉਹਦੇ ਸਿੱਖ ਆਣਕੇ ਉਹ ਨੂੰ ਚੁਰਾ ਨਾ ਲੈ ਜਾਣ ਅਤੇ ਲੋਕਾਂ ਨੂੰ ਨਾ ਆਖਣ ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਸੋ ਪਿਛਲੀ ਭੁੱਲ ਪਹਿਲੀ ਨਾਲੋਂ ਬੁਰੀ ਹੋਊਗੀ॥੬੫॥ਪਿਲਾਤੁਸ ਨੇ ਉਨ੍ਹਾਂ ਨੂੰ ਆਖਿਆ ਭਈ ਪਹਿਰਾ ਤੁਹਾਡੇ ਕੋਲ ਹੈ ਜਾਓ ਜਿਸ ਤਰਾਂ ਸਮਝੋ ਉਹਦੀ ਰਾਖੀ ਕਰੋ॥੬੬॥ ਸੋ ਓਹ ਗਏ ਅਰ ਪੱਥਰ ਉੱਤੇ ਮੁਹੁਰ ਲਾਕੇ ਉਨਾਂ ਨੈ ਕਬਰ ਦੀ ਰਾਖੀ ਕਰਵਾਈ ਅਤੇ ਪਹਿਰਾ ਉਨਾਂ ਦੇ ਨਾਲ ਸੀ॥

੨੮ਕਾਂਡ॥

ਜਾਂ ਸਬਤ ਦਾ ਦਿਨ ਬੀਤ ਗਿਆ ਤਾਂ ਹਫਤੇ ਦੇ ਪਹਿਲੇ ਦਿਨ ਪਉ ਫਟਦੇ ਵੇ ਲੇ ਮਰਿਯਮ ਮਗਦਲੀਨੀ ਅਤੇ ਦੂਈ ਮਰਿਯਮ ਕਬਰ ਨੂੰ ਵੇਖਣ ਆਈ ਆਂ॥੨॥ ਅਰ ਵੇਖੋ ਇੱਕ ਵਡਾ ਭੁਚਾਲ ਆਇਆ ਇਸ ਲਈ ਜੋ ਪ੍ਰਭੂ ਦਾ ਦੂਤ ਅਕਾਸੋਂ ਉੱਤਰਿਆ ਅਰ ਨੇੜੇ ਆਣਕੇ ਉਸ ਪੱਥਰ ਨੂੰ ਰੇੜ੍ਹ ਕੇ ਲਾਂਭੇ ਕਰ ਦਿੱਤਾ ਅਰ ਉਸ ਉੱਤੇ ਬਹਿ ਗਿਆ ॥੩॥ਉਹਦਾ ਰੂਪ ਬਿਜਲੀ ਵਰਗਾ ਅਰ ਉਹਦਾ ਬਸਤ੍ਰ ਬਰਫ ਜਿਹਾ ਚਿੱਟਾ ਸੀ॥੪॥ ਅਤੇ ਉਹਦੇ ਭੈ ਦੇ ਮਾਰੇ ਰਾਖੇ ਕੰਬ ਉੱਠੇ ਅਤੇ ਮੁਰਦਿਆਂ ਵਾਂਙੂ ਹੋ ਗਏ॥੫॥ਪਰ ਦੂਤ ਨੈ ਅੱਗੋਂ ਤੀਆਂ ਨੂੰ ਕਿਹਾ ਤੁਸੀਂ ਨਾ ਡਰੋ ਕਿਉਂਕਿ ਮੈਂ ਜਾਣਦਾ ਹਾਂ ਜੋ ਤੁਸੀਂ ਜਿਸ ਨੂੰ ਜਿਹੜਾ ਸਲੀਬ ਉੱਤੇ ਚ-

Original with:
Language Department Punjab
Digitized by:
Panjab Digital Library

ਨਾਇਆ ਗਿਆ ਸੀ ਭਾਲਦੀਆਂ ਹੋਂ॥੬॥ਉਹ ਐਥੇ ਹੈ ਨਹੀਂ ਕਿਉਂਕਿ ਜਿਹਾ ਕੁ ਉਸ ਨੇ ਕਿਹਾ ਸੀ ਉਹ ਜੀ ਉੱਠਿਆ ਹੈ। ਆਓ ਇਹ ਥਾਉਂ ਵੇਖੋ ਜਿੱਥੇ ਪ੍ਰਭੂ ਪਿਆ ਹੋਇਆ ਸੀ॥੭॥ ਅਰ ਛੇਤੀ ਜਾ ਕੇ ਉਹ ਦੇ ਸਿੱਖਾਂ ਨੂੰ ਆਖੋ ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਵੇਖੋ ਉਹ ਤੁਹਾਥੋਂ ਅੱਗੇ ਗਾਲੀਲ ਨੂੰ ਜਾਂਦਾ ਹੈ ਉਹ ਨੂੰ ਤੁਸੀਂ ਉੱਥੇ ਵੇਖੋਗੇ। ਲਓ ਮੈਂ ਤੁਹਾਨੂੰ ਦੱਸ ਦਿੱਤਾ॥੮॥ ਅਤੇ ਓਹ ਡਰ ਅਤੇ ਵਡੀ ਖ਼ੁਸੀ ਨਾਲ਼ ਕਬਰ ਪਾਸੋਂ ਛੇਤੀ ਚੱਲ ਕੇ ਉਹ ਦੇ ਸਿੱਖਾਂ ਨੂੰ ਖਬਰ ਦੇਣ ਲਈ ਦੌੜੇ ਆਂਗਾਈਆਂ॥੯॥ ਅਤੇ ਵੇਖੋ ਯਿਸੂ ਉਨਾਂ ਨੂੰ ਮਿਲਿਆ ਅਰ ਬੋਲਿਆ ਸਲਾਮ। ਅਤੇ ਉਨ ਨੇ ਕੋਲ਼ ਆਣ ਕੇ ਉਹ ਦੇ ਚਰਨ ਫੜੇ ਅਤੇ ਉਸ ਨੂੰ ਮੱਥਾ ਟੇਕਿਆ॥੧੦॥ ਤਾਂ ਯਿਸੂ ਨੇ ਉਨਾਂ ਨੂੰ ਕਿਹਾ ਡਰੋ ਨਾ ਜਾਓ ਮੇਰੇ ਭਾਈਆਂ ਨੂੰ ਆਖੋ ਜੋ ਗਾਲੀਲ ਨੂੰ ਜਾਣ ਅਤੇ ਓਹ ਉੱਥੇ ਮੈਂ ਨੂੰ ਵੇਖਣ ਗੇ॥

॥੧੧॥ ਅਰ ਜਿਸ ਵੇਲੇ ਓਹ ਚੱਲੀਆਂ ਜਾਂਦੀਆਂ ਸਨ ਤਾਂ ਵੇਖੋ ਪਹਿਰੇਵਾਲਿਆਂ ਵਿੱਚੋਂ ਕਿਨਿਆਂ ਨੇ ਸ਼ਹਿਰ ਜਾ ਕੇ ਸਾਰੀ ਵਾਰਤਾ ਪਰਧਾਨ ਜਾਜਕਾਂ ਨੂੰ ਦੱਸ ਦਿੱਤੀ॥੧੨॥ ਅਤੇ ਓਹ ਬਜ਼ੁਰਗਾਂ ਦੇ ਨਾਲ਼ ਕੱਠੇ ਹੋਏ ਅਰ ਮਤਾ ਪਕਾ ਕੇ ਸਿਪਾਹੀਆਂ ਨੂੰ ਬਹੁਤ ਰੁਪੱਯੇ ਦਿੱਤੇ ॥੧੩॥ ਅਤੇ ਬੋਲੇ ਭਈ ਤੁਸੀਂ ਇਹ ਕਹਿਣਾ ਕਿ ਜਦ ਅਸੀਂ ਸੁੱਤੇ ਹੋਏ ਸਾਂ ਉਹ ਦੇ ਸਿੱਖ ਰਾਤ ਨੂੰ ਆਣ ਕੇ ਉਹ ਨੂੰ ਚੁਰਾ ਲੈ ਗਏ॥੧੪॥ ਅਤੇ ਜੇ ਇਹ ਗੱਲ ਹਾਕਮ ਦੇ ਕੰਨਾਂ ਤੀਕੁਰ ਪਹੁੰਚੇ ਤਾਂ ਅਸੀਂ ਉਹ ਨੂੰ ਮਨਾ ਕੇ ਤੁਹਾਨੂੰ ਨਿਚਿੰਤ ਕਰ ਦਿਆਂਗੇ॥੧੫॥ ਅਰ ਉਨਾਂ ਨੇ ਰੁਪੱਯੇ ਲੈ ਕੇ ਉਸੇ ਤਰਾਂ ਕੀਤਾ ਜਿਸ ਤਰਾਂ ਸਿਖਲਾਏ ਗਏ ਸਨ ਅਤੇ ਇਹ ਗੱਲ ਅੱਜ ਤੀਕੁਰ ਯਹੂਦੀਆਂ ਵਿੱਚ

Original with:
Language Department Punjab
Digitized by:
Panjab Digital Library

ਉਜਾਗਰਹੈ॥ ॥੧੬॥ਫੇਰਓਹ ਗਿਆਰਾਂ ਸਿੱਖ ਗਲੀਲ ਵਿੱਚ ਉਸ ਪਹਾੜ ਉੱਤੇ
ਗਏ ਜਿੱਥੇ ਦਾ ਯਿਸੂ ਨੈ ਉਨਾਂ ਨੂੰ ਹੁਕਮ ਕੀਤਾ ਸੀ॥੧੭॥ਅਤੇ ਉਨਾਂ ਉਸ ਨੂੰ ਵੇਖ ਕੇ ਮੱਥਾ ਟੇਕਿ
ਆ ਪਰ ਕਈਆਂ ਨੈ ਭਰਮ ਕੀਤਾ॥੧੮॥ਅਤੇ ਯਿਸੂ ਨੈ ਕੋਲ ਆਣ ਕੇ ਉਨਾਂ ਨਾਲ ਗੱਲਾਂ
ਕੀਤੀਆਂ ਅਤੇ ਆਖਿਆ ਜੋ ਅਕਾਸ਼ ਅਤੇ ਧਰਤੀ ਦਾ ਸਾਰਾ ਇਖਤਿਆਰ ਮੈ ਨੂੰ ਦਿੱਤਾ ਗਿ
ਆ ਹੈ॥੧੯॥ਇਸ ਲਈ ਤੁਸੀਂ ਜਾ ਕੇ ਸਰਬੱਤ ਕੋਮਾਂ ਨੂੰ ਸਿੱਖ ਕਰੋ ਅਤੇ ਉਨਾਂ ਨੂੰ ਪਿਤਾ ਅਤੇ
ਪੁਤ੍ਰ ਅਤੇ ਪਵਿਤ੍ਰ ਆਤਮਾ ਦੇ ਨਾਉਂ ਉੱਤੇ ਬਪਤਿਸਮਾ ਦਿਓ॥੨੦॥ਅਰ ਉਨਾਂ ਨੂੰ ਉਪਦੇਸ
ਕਰੋ ਕਿ ਜਿਨਾਂ ਬਾਤਾਂ ਦਾ ਮੈਂ ਤੁਹਾ ਨੂੰ ਹੁਕਮ ਕੀਤਾ ਹੈ ਓਹ ਉਨਾਂ ਸਭਨਾਂ ਦੀ ਪਾਲਣਾ ਕਰਨਾ ਅ
ਤੇ ਵੇਖੋ ਮੈਂ ਜੁਗ ਦੇ ਅੰਤ ਤੀਕੁਰ ਹਰ ਵੇਲੇ ਤੁਹਾਡੇ ਨਾਲ ਹਾਂ॥

Original with:
Language Department Punjab
Digitized by:
Panjab Digital Library

ਇੰਜੀਲ ਵਿੱਚੋਂ

ਮਰਕੁਸ ਦਾ ਉਚਰਿਆ ਹੋਇਆ ਮੰਗਲ ਸਮਾਚਾਰ

Original with:
Language Department Punjab
Digitized by:
Panjab Digital Library

ST. MARK.

(GURUMUKKI.)

Original with:
Language Department Punjab
Digitized by:
Panjab Digital Library

ਮਰਕੁਸ ਦਾ

ਉਚਾਰਿਆ ਹੋਇਆ ਮੰਗਲਸਮਾਚਾਰ ॥

੧ ਕਾਂਡ ॥ ਪਰਮੇਸੁਰ ਦੇ ਪੁਤ੍ਰ ਯਿਸੂ ਮਸੀਹ ਦੇ ਮੰਗਲਸਮਾਚਾਰ ਦਾ ਆਰੰਭ ॥ ॥੨॥ ਜਿਹਾ ਕੁ ਯਸਾਯਾ ਪਿਕੰਬਰ ਦੇ ਪੁਸਤਕ ਵਿੱਚ ਲਿਖਿਆ ਹੈ ਕਿ ਵੇਖ ਮੈਂ ਅ ਪਣੇ ਰਸੂਲ ਨੂੰ ਤੇਰੇ ਅੱਗੇ ਭੇਜਦਾ ਹਾਂ ਜੋ ਤੇਰਾ ਰਸਤਾ ਬਣਾਊਗਾ ॥੩॥ ਜੰਗਲ ਵਿੱਚ ਇੱਕ ਹੋਕਾ ਦੇਣ ਵਾਲੇ ਦੀ ਅਵਾਜ ਜੋ ਪ੍ਰਭੂ ਦੇ ਰਸਤੇ ਨੂੰ ਤਿਆਰ ਕਰੋ ਉਹ ਦੇ ਰਾਹਾਂ ਨੂੰ ਸਿੱਧੇ ਕਰੋ ॥ ੪॥ ਯੂਹੰਨਾ ਆਇਆ ਜਿਹੜਾ ਜੰਗਲ ਵਿੱਚ ਬਪਤਿਸਮਾ ਦਿੰਦਾ ਸੀ ਅਰ ਪਾਪਾਂ ਦੀ ਮਾ- ਫੀ ਲਈ ਤੋਬਾ ਦੇ ਬਪਤਿਸਮਾ ਦੀ ਮਨਾਦੀ ਕਰਦਾ ਸੀ ॥ ੫॥ ਅਤੇ ਸਾਰਾ ਯਹੂਦਿਯਾ ਦੇ- ਸ਼ ਅਰ ਯਰੂਸਲੀਮ ਦੇ ਸਾਰੇ ਰਹਿਣ ਵਾਲੇ ਨਿੱਕਲ ਕੇ ਉਹ ਦੇ ਕੋਲ ਚੱਲੇ ਆਉਂਦੇ ਅਤੇ

Original Uploaded by:
Language Department Punjab
Digitized by:
Panjab Digital Library

ਆਪੋ ਆਪਣਿਆਂ ਪਾਪਾਂ ਨੂੰ ਮੰਨਕੇ ਯਰਦਨ ਨਦੀ ਵਿੱਚ ਉਹ ਦੇ ਹੱਥੋਂ ਬਪਤਿਸਮਾ ਲੈਂਦੇ
ਸਨ ॥੬॥ ਅਤੇ ਯੂਹੰਨਾ ਦੇ ਬਸਤ੍ਰ ਊਠ ਦੇ ਵਾਲਾਂ ਦੇ ਸਨ ਅਤੇ ਚੰਮ ਦੀ ਪੇਟੀ ਉਹ ਦੇ ਲੱਕ ਨਾ-
ਲ ਸੀ ਅਤੇ ਉਹ ਟਿੱਡੀਆਂ ਅਰ ਬਣ ਦਾ ਸ਼ਹਤ ਖਾਂਦਾ ਹੁੰਦਾ ਸੀ ॥੭॥ ਅਰ ਉਸ ਨੇ ਮਨਾਦੀ
ਕੀਤੀ ਭਈ ਮੇਰੇ ਪਿੱਛੇ ਉਹ ਆਉਂਦਾ ਹੈ ਜੋ ਮੈਥੋਂ ਬਲਵੰਤ ਹੈ ਅਰ ਮੈਂ ਇਸ ਲਾਇਕ ਨਹੀਂ
ਜੋ ਨਿਉਂਕੇ ਉਹ ਦੀ ਜੁੱਤੀ ਦਾ ਤਸਮਾ ਖੋਲਾਂ ॥੮॥ ਮੈਂ ਤੁਹਾਨੂੰ ਪਾਣੀ ਨਾਲ ਬਪਤਿਸਮਾ ਦਿੱਤਾ
ਪਰ ਉਹ ਤੁਹਾਨੂੰ ਪਵਿਤ੍ਰ ਆਤਮਾ ਨਾਲ ਬਪਤਿਸਮਾ ਦੇਊ ॥ ॥੯॥ ਅਤੇ ਉਨੀਂ
ਦਿਨੀਂ ਐਉਂ ਹੋਇਆ ਜੋ ਯਿਸੂ ਨੈਂ ਗਲੀਲ ਦੇ ਨਾਸਰਤ ਥੋਂ ਆਣਕੇ ਯਰਦਨ ਵਿੱਚ ਯੂਹੰਨਾ
ਦੇ ਹੱਥੋਂ ਬਪਤਿਸਮਾ ਲਿਆ ॥੧੦॥ ਅਰ ਪਾਣੀ ਵਿੱਚੋਂ ਨਿੱਕਲਦੇ ਸਾਰ ਉਹ ਨੈਂ ਅਕਾਸ਼ ਨੂੰ ਖੁ-
ਲਦਿਆਂ ਅਤੇ ਆਤਮਾ ਨੂੰ ਆਪਣੇ ਉੱਤੇ ਕਬੂਤਰ ਦੀ ਨਿਆਈਂ ਉੱਤਰਦਿਆਂ ਡਿੱਠਾ ॥੧੧
॥ ਅਤੇ ਇੱਕ ਅਕਾਸ਼ ਬਾਣੀ ਆਈ ਜੋ ਤੂੰ ਮੇਰਾ ਪਿਆਰਾ ਪੁਤ੍ਰ ਹੈਂ ਤੈਥੋਂ ਮੈਂ ਪਰਸੰਨ ਹਾਂ ॥
॥੧੨॥ ਅਤੇ ਆਤਮਾ ਝੱਟ ਉਹ ਨੂੰ ਬਣ ਵਿੱਚ ਲੈ ਗਿਆ ॥੧੩॥ ਅਰ ਬਣ
ਵਿੱਚ ਚਾਹਲੀਆਂ ਦਿਨਾਂ ਤੀਕ ਸ਼ਤਾਨ ਉਹ ਨੂੰ ਪਰਤਾਉਂਦਾ ਰਿਹਾ ਅਤੇ ਉਹ ਜੰਗਲੀ ਜਾ-
ਨਾਉਰਾਂ ਨਾਲ ਰਹਿੰਦਾ ਸੀ ਅਤੇ ਦੂਤ ਉਹ ਦੀ ਟਹਿਲ ਕਰਦੇ ਸਨ ॥ ॥੧੪॥
ਉਪਰੰਦ ਯੂਹੰਨਾ ਦੇ ਫੜਵਾਏ ਜਾਣ ਦੇ ਪਿੱਛੋਂ ਯਿਸੂ ਗਲੀਲ ਵਿੱਚ ਆਇਆ ਅਰ ਉਸ ਨੈਂ
ਪਰਮੇਸ਼ੁਰ ਦੇ ਮੰਗਲ ਸਮਾਚਾਰ ਦੀ ਮਨਾਦੀ ਕਰਕੇ ਕਿਹਾ ॥੧੫॥ ਸਮਾ ਪੂਰਾ ਹੋਇਆ ਅ

Original with
Language Department Punjab
Digitized by:
Panjab Digital Library

ਤੇ ਪਰਮੇਸ਼ੁਰ ਦਾ ਰਾਜ ਨੇੜੇ ਆ ਢੁਕਿਆ ਹੈ। ਤੋਬਾ ਕਰੋ ਅਤੇ ਮੰਗਲ ਸਮਾਚਾਰ ਉੱਤੇ ਪਰਤੀ
ਤ ਕਰੋ॥ ॥੧੬॥ ਅਤੇ ਗਲੀਲ ਦੇ ਦਰਿਆਉ ਦੇ ਕੰਢੇ ਉੱਤੇ ਫਿਰਦਿਆਂ ਉਸ ਨੇ ਸ਼ਮ-
ਊਨ ਅਰ ਸ਼ਮਊਨ ਦੇ ਭਰਾਉ ਅੰਦ੍ਰਿਯਾਸ ਨੂੰ ਦਰਿਆਉ ਵਿੱਚ ਜਾਲ ਪਾਉਂਦਿਆਂ ਡਿੱਠਾ ਕਿ-
ਉਜ਼ ਜੋ ਓਹ ਮੱਛੀਆਂ ਦੇ ਸ਼ਕਾਰੀ ਸਨ॥੧੭॥ ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ ਮੇਰੇ ਮਗਰ ਆਓ ਤ
ਮੈਂ ਤੁਹਾਨੂੰ ਮਨੁੱਖਾਂ ਦੇ ਸ਼ਕਾਰੀ ਬਣਾਵਾਂਗਾ॥੧੮॥ ਅਤੇ ਓਹ ਝੱਟ ਜਾਲਾਂ ਨੂੰ ਛੱਡ ਕੇ ਉਹ ਦੇ ਮਗ-
ਰ ਹੋ ਤੁਰੇ॥੧੯॥ ਅਰ ਥੋੜੀ ਦੂਰ ਅੱਗੇ ਵਧ ਕੇ ਉਹ ਨੇ ਜ਼ਬਦੀ ਦੇ ਪੁੱਤ੍ਰ ਯਾਕੂਬ ਅਤੇ ਉਹ ਦੇ ਭ-
ਰਾਉ ਯੂਹੰਨਾ ਨੂੰ ਵੇਖਿਆ ਜੋ ਓਹ ਬੇੜੀ ਉੱਤੇ ਜਾਲਾਂ ਨੂੰ ਸੁਧਾਰਦੇ ਸਨ॥੨੦॥ ਅਰ ਝੱਟ ਉਸ ਨੇ
ਉਨ੍ਹਾਂ ਨੂੰ ਸੱਦਿਆ ਅਤੇ ਓਹ ਆਪਣੇ ਪਿਉ ਜ਼ਬਦੀ ਨੂੰ ਕਾਮਿਆਂ ਸਣੇ ਬੇੜੀ ਵਿੱਚ ਛੱਡ ਕੇ ਉਹ ਦੇ
ਮਗਰ ਤੁਰ ਪਏ॥ ॥੨੧॥ ਅਤੇ ਓਹ ਕਫ਼ਰਨਾਹੂਮ ਵਿੱਚ ਵੜੇ ਅਰ ਸਬਤ ਦੇ ਦਿ-
ਨ ਉਹ ਝੱਟ ਸਮਾਜ ਵਿੱਚ ਜਾ ਕੇ ਉਪਦੇਸ਼ ਦੇਣ ਲੱਗਾ॥੨੨॥ ਅਤੇ ਓਹ ਉਸ ਦੇ ਉਪਦੇਸ਼ ਥੋਂ ਹੈ-
ਰਾਨ ਹੋਏ ਕਿਉਂ ਜੋ ਉਹ ਰੀਤੀਆਂ ਵਾਂਙੂ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੂ ਉਨ੍ਹਾਂ ਨੂੰ ਉਪਦੇਸ਼ ਦਿ-
ਦਾ ਸੀ॥੨੩॥ ਅਤੇ ਉਸ ਵੇਲੇ ਉਨ੍ਹਾਂ ਦੇ ਸਮਾਜ ਵਿੱਚ ਇੱਕ ਮਨੁੱਖ ਸੀ ਜਿਹ ਨੂੰ ਭ੍ਰਿਸ਼ਟ ਆਤਮਾ
ਚਿੰਬੜਿਆ ਹੋਇਆ ਸੀ ਅਤੇ ਉਹ ਐਉਂ ਕਹਿ ਕੇ ਉੱਚੀ ਅਵਾਜ਼ ਨਾਲ ਬੋਲ ਉੱਠਿਆ॥੨੪॥
ਹੇ ਯਿਸੂ ਨਾਸਰੀ ਤੇਰਾ ਸਾਡੇ ਨਾਲ ਕੀ ਵਾਸਤਾ। ਕੀ ਤੂੰ ਸਾਡਾ ਨਾਸ ਕਰਨ ਆਇਆ ਹੈਂ। ਮੈਂ ਤੈਨੂੰ
ਜਾਣਦਾ ਹਾਂ ਜੋ ਤੂੰ ਕੌਣ ਹੈਂ ਤੂੰ ਪਰਮੇਸ਼ੁਰ ਦਾ ਪਵਿਤ੍ਰ ਜਨ ਹੈਂ॥੨੫॥ ਤਾਂ ਯਿਸੂ ਨੇ ਉਹ ਨੂੰ ਵਰਜ ਕੇ ਕਿ

Original with:
Language Department Punjab
Digitized by:
Panjab Digital Library

ਹਾ ਚੁੱਪ ਕਰ ਅਤੇ ਇਸ ਵਿੱਚੋਂ ਨਿੱਕਲ ਜਾਹ ॥੨੬॥ ਜੋ ਉਹ ਭ੍ਰਿਸ਼ਟ ਆਤਮਾ ਉਸ ਨੂੰ ਮਰੋੜ ਮ-
ਾਰ ਕੇ ਵੱਡੀ ਅਵਾਜ਼ ਨਾਲ ਚੀਕਾਂ ਮਾਰਦਾ ਉਸ ਵਿੱਚੋਂ ਨਿੱਕਲ ਗਿਆ ॥੨੭॥ ਅਤੇ ਓਹ ਸਾਰੇ
ਲੋਕ ਐਡੇ ਹੈਰਾਨ ਹੋਏ ਕਿ ਆਪੋ ਵਿੱਚ ਚਰਚਾ ਕਰਨ ਲੱਗੇ ਜੋ ਇਹ ਕੀ ਹੈ। ਇੱਕ ਨਵੀਂ ਸਿੱਖਿ-
ਆ। ਕਿ ਉਹ ਭ੍ਰਿਸ਼ਟ ਆਤਮਿਆਂ ਨੂੰ ਇਖ਼ਤਿਆਰ ਨਾਲ ਹੁਕਮ ਕਰਦਾ ਹੈ ਅਤੇ ਓਹ ਉਸ ਦੀ ਮੰ-
ਨਦੇ ਹਨ ॥੨੮॥ ਇਵੇਂ ਹੀ ਗਲੀਲ ਦੇ ਸਾਰੇ ਇਲਾਕੇ ਵਿੱਚ ਉਹ ਦੀ ਧੂੰਮ ਪੈ ਗਈ ॥
॥੨੯॥ ਅਤੇ ਓਹ ਝੱਟ ਸਮਾਜ ਵਿੱਚੋਂ ਬਾਹਰ ਨਿੱਕਲ ਕੇ ਯਾਕੂਬ ਅਰ ਯੂਹੰਨਾ ਸਣੇ ਸ਼ਮਊਨ ਅ-
ਤੇ ਅੰਦ੍ਰਿਯਾਸ ਦੇ ਘਰ ਆਏ ॥੩੦॥ ਅਤੇ ਸ਼ਮਊਨ ਦੀ ਸੱਸ ਤਾਪ ਨਾਲ ਪਈ ਸੀ। ਤਾਂ ਉਨਾਂ ਨੇ ਤੁ-
ਰਤ ਉਸ ਨੂੰ ਉਹ ਦੀ ਖਬਰ ਕੀਤੀ ॥੩੧॥ ਅਰ ਉਹ ਕੋਲ ਆਇਆ ਅਤੇ ਉਹ ਨੂੰ ਹੱਥੋਂ ਫੜ ਕੇ ਉਠ
ਾਲਿਆ ਅਰ ਉਹ ਦਾ ਤਾਪ ਲਹਿ ਗਿਆ ਅਤੇ ਉਸ ਨੇ ਉਨਾਂ ਦੀ ਟਹਿਲ ਕੀਤੀ ॥
॥੩੨॥ ਅਤੇ ਸੰਝ ਨੂੰ ਜਾਂ ਸੂਰਜ ਡੁੱਬ ਗਿਆ ਤਾਂ ਸਾਰੇ ਰੋਗੀਆਂ ਅਤੇ ਜਿੰਨਾਂ ਨੂੰ ਭੂਤ ਚਿੰਬੜੇ ਹੋ-
ਏ ਸਨ ਉਸ ਕੋਲ ਲਿਆਏ ॥੩੩॥ ਅਰ ਸਾਰਾ ਨਗਰ ਬੂਹੇ ਉੱਤੇ ਕੱਠਾ ਹੋਇਆ ਸੀ ॥੩੪॥
ਅਤੇ ਉਸ ਨੇ ਬਹੁਤਿਆਂ ਨੂੰ ਜੋ ਹੜੇ ਭਾਂਤ ਭਾਂਤ ਦੇ ਰੋਗੀ ਸਨ ਚੰਗਾ ਕੀਤਾ ਅਰ ਬਹੁਤ ਸਾਰਿਆ
ਭੂਤਾਂ ਨੂੰ ਕੱਢ ਦਿੱਤਾ ਅਤੇ ਭੂਤਾਂ ਨੂੰ ਬੋਲਣ ਨਾ ਦਿੱਤਾ ਕਿਉਂ ਜੋ ਓਹ ਉਸ ਨੂੰ ਪਛਾਣਦੇ ਸਨ ॥
॥੩੫॥ ਅਤੇ ਉਹ ਵੱਡੇ ਤੜਕੇ ਕੁਛ ਰਾਤ ਰਹਿੰਦਿਆਂ ਉੱਠ ਕੇ ਬਾਹਰ ਨਿੱਕਲਿਆ ਅਰ ਇੱ-
ਕ ਉਜਾੜ ਥਾਉਂ ਵਿੱਚ ਜਾ ਕੇ ਉੱਥੇ ਪ੍ਰਾਰਥਨਾ ਕੀਤੀ ॥੩੬॥ ਅਤੇ ਸ਼ਮਊਨ ਅਰ ਉਹ ਦੇ ਸਾਥੀ ਉਸ

Original with:
Language Department Punjab
Digitized by:
Panjab Digital Library

ਦੇ ਪਿੱਛੇ ਗਏ ॥੩੭॥ ਅਰ ਜਾਂ ਉਨਾਂ ਉਸ ਨੂੰ ਲੱਭ ਲਿਆ ਤਾਂ ਉਹ ਨੂੰ ਕਿਹਾ ਤੈ ਨੂੰ ਸਭੇ ਭਾਲਦੇ ਹਨ ॥੩੮॥ ਉਸ ਨੇ ਉਨਾਂ ਨੂੰ ਕਿਹਾ ਆਓ ਕਿਸੇ ਹੋਰ ਪਾਸੇ ਨੇੜੇ ਦੇ ਨਗਰਾਂ ਵਿੱਚ ਚੱਲੀਏ ਜੋ ਮੈਂ ਉੱਥੇ ਭੀ ਮਨਾਦੀ ਕਰਾਂ ਕਿਉਂਕਿ ਮੈਂ ਇਸੇ ਲਈ ਨਿੱਕਲਿਆ ॥੩੯॥ ਅਤੇ ਉਹ ਸਾਰੀ ਗਲੀਲ ਵਿੱਚ ਉਨਾਂ ਦਿਆਂ ਸਮਾਜਾਂ ਵਿਖੇ ਜਾਕੇ ਮਨਾਦੀ ਕਰਦਾ ਅਰ ਭੂਤਾਂ ਨੂੰ ਕੱਢਦਾ ਸੀ ॥

॥੪੦॥ ਅਤੇ ਇੱਕ ਕੋੜ੍ਹੀ ਨੇ ਉਹ ਦੇ ਕੋਲ ਆਣਕੇ ਉਹ ਦੀ ਮਿੰਨਤ ਕੀਤੀ ਅਰ ਉਹ ਦੇ ਅੱਗੇ ਗੋਡੇ ਨਿਵਾਕੇ ਉਸ ਨੂੰ ਆਖਿਆ ਜੇ ਤੂੰ ਚਾਹੇਂ ਤਾਂ ਮੈਂ ਨੂੰ ਸੁੱਧ ਕਰ ਸੱਕਦਾ ਹੈਂ ॥੪੧॥ ਅਤੇ ਉਸ ਨੇ ਤਰਸ ਖਾਕੇ ਆਪਣਾ ਹੱਥ ਲੰਮਾ ਕੀਤਾ ਅਰ ਉਹ ਨੂੰ ਛੋਹਕੇ ਕਿਹਾ ਮੈਂ ਚਾਹੁੰਦਾ ਹਾਂ ਤੂੰ ਸੁੱਧ ਹੋ ਜਾ ॥੪੨॥ ਤਾਂ ਝੱਟ ਉਹ ਦਾ ਕੋੜ੍ਹ ਜਾਂਦਾ ਰਿਹਾ ਅਤੇ ਉਹ ਸੁੱਧ ਹੋ ਗਿਆ ॥੪੩॥ ਤਦ ਉਸ ਨੇ ਉਹ ਨੂੰ ਤਗੀਦ ਕਰਕੇ ਉਸੇ ਵੇਲੇ ਤੋਰ ਦਿੱਤਾ ॥੪੪॥ ਅਤੇ ਉਹ ਨੂੰ ਇਹ ਕਿਹਾ ਵੇਖ ਕਿਸੇ ਨੂੰ ਕੁਛ ਨਾ ਦੱਸੀਂ ਪਰ ਜਾ ਕੇ ਆਪਣੇ ਤਾਈਂ ਜਾਜਕ ਨੂੰ ਵਿਖਾ ਅਰ ਆਪਣੇ ਸੁੱਧ ਹੋਣ ਦੀ ਬਾਬਤ ਜਿਹੜੀ ਭੇਟ ਮੂਸਾ ਨੇ ਠਹਰਾਈ ਹੈ ਤਾਂ ਉਨਾਂ ਲਈ ਸਾਖੀ ਹੋਵੇ ॥੪੫॥ ਪਰ ਉਹ ਬਾਹਰ ਜਾਕੇ ਬਹੁਤ ਚਰਚਾ ਕਰਨ ਲੱਗਾ ਅਤੇ ਇਸ ਗੱਲ ਨੂੰ ਐਡਾ ਉਜਾਗਰ ਕੀਤਾ ਜੋ ਯਿਸੂ ਫੇਰ ਨਗਰ ਵਿੱਚ ਖੁਲਮਖੁਲੀ ਨਾ ਵੜ ਸੱਕਿਆ ਪਰ ਬਾਹਰ ਉਜਾੜ ਥਾਵਾਂ ਵਿੱਚ ਰਿਹਾ ਅਤੇ ਲੋਕ ਚੁਫੇਰਿਓਂ ਉਹ ਦੇ ਕੋਲ ਆਉਂਦੇ ਜਾਂਦੇ ਸਨ ॥

੨ ਕਾਂਡ ॥ ਅਤੇ ਕਿੰਨਿਆਂ ਦਿਨਾਂ ਪਿੱਛੋਂ ਜਾਂ ਉਹ ਕਫ਼ਰਨਾਹੂਮ ਵਿੱਚ ਫੇਰ ਆਇਆ ਤਾਂ ਇ

Original with:
Language Department Punjab
Digitized by:
Panjab Digital Library

ਹਸੁਣਿਆ ਗਿਆ ਜੋ ਉਹ ਘਰੇ ਹੈਂ ॥੨॥ ਅਤੇ ਔਨੇ ਲੋਕ ਕੱਠੇ ਹੋਏ ਜੋ ਬੂਹੇ ਦੇ ਅੱਗੇ ਥੀ ਥਾਉਂ
ਨਾ ਰਿਹਾ ਅਤੇ ਉਸ ਨੈ ਉਨਾਂ ਨੂੰ ਬਚਨ ਸੁਣਾਇਆ ॥੩॥ ਅਤੇ ਇੱਕ ਅਧਰੰਗੀ ਨੂੰ ਚੌਹੁੰ ਮਨੁੱਖਾਂ
ਕੋਲੇਂ ਚੁਕਵਾਕੇ ਉਹ ਦੇ ਪਾਸ ਲਿਆਏ ॥੪॥ ਅਰ ਜਾਂ ਓਹ ਭੀੜ ਕਰਕੇ ਉਹ ਦੇ ਨੇੜੇ ਨਾ ਆ ਸੱਕੇ
ਤਾਂ ਉਨਾਂ ਉਸ ਛੱਤ ਵਿੱਚ ਜਿੱਥੇ ਉਹ ਸੀ ਮੋਘਾ ਕੀਤਾ ਅਤੇ ਜਾਂ ਉਸ ਨੂੰ ਉਧੇੜਿਆ ਸੀ ਤਾਂ ਉਸ
ਮੰਜੀ ਨੂੰ ਜਿਹ ਦੇ ਉੱਤੇ ਉਹ ਅਧਰੰਗੀ ਪਿਆ ਸੀ ਉਤਾਰ ਦਿੱਤਾ ॥੫॥ ਅਤੇ ਯਿਸੂ ਨੈ ਉਨਾਂ ਦੀ ਨਿ-
ਹਚਾ ਵੇਖਕੇ ਉਸ ਅਧਰੰਗੀ ਨੂੰ ਕਿਹਾ ਹੇ ਪੁਤ੍ਰ ਤੇਰੇ ਪਾਪ ਮਾਫ ਹੋਏ ॥੬॥ ਪਰ ਕਈ ਗ੍ਰੰਥੀ ਉੱਥੇ ਬੈ-
ਠੇ ਆਪਣੇ ਮਨ ਵਿੱਚ ਵਿਚਾਰ ਕਰਨ ਲੱਗੇ ॥੭॥ ਭਈ ਇਹ ਕਿੰਉ ਇਸ ਤਰਾਂ ਬੋਲਦਾ ਹੈ। ਇ-
ਹ ਕੁਫਰ ਬਕਦਾ ਹੈ। ਇੱਕ ਪਰਮੇਸੁਰ ਦੇ ਬਿਨਾ ਹੋਰ ਕੌਣ ਪਾਪ ਮਾਫ ਕਰ ਸੱਕਦਾ ਹੈ ॥੮॥ ਅ-
ਤੇ ਓਵੇਂ ਯਿਸੂ ਨੈ ਆਪਣੇ ਆਤਮਾ ਨਾਲ ਜਾਣਕੇ ਜੋ ਓਹ ਆਪਣੇ ਮਨਾਂ ਵਿੱਚ ਐਉਂ ਵਿਚਾਰ
ਕਰਦੇ ਹਨ ਉਨਾਂ ਨੂੰ ਕਿਹਾ ਤੁਸੀਂ ਕਾਹ ਨੂੰ ਆਪਣੇ ਮਨਾਂ ਵਿੱਚ ਅਜੇਹੇ ਵਿਚਾਰ ਕਰਦੇ ਹੋ ॥੯॥
ਕਿਹੜੀ ਗੱਲ ਸੁਖਾਲੀ ਹੈ ਇਸ ਅਧਰੰਗੀ ਨੂੰ ਇਹ ਕਹਿਣਾ ਜੋ ਤੇਰੇ ਪਾਪ ਮਾਫ ਹੋਏ ਜਾਂ ਇਹ
ਕਹਿਣਾ ਕਿ ਉੱਠ ਅਤੇ ਆਪਣੀ ਮੰਜੀ ਚੁੱਕਕੇ ਤੁਰ ॥੧੦॥ ਪਰ ਇਸ ਲਈ ਜੋ ਤੁਸੀਂ ਜਾਣੋਂ ਭ-
ਈ ਮਨੁੱਖ ਦੇ ਪੁਤ੍ਰ ਨੂੰ ਧਰਤੀ ਉੱਤੇ ਪਾਪ ਮਾਫ ਕਰਨ ਦਾ ਇਖਤਿਆਰ ਹੈ ਉਹ ਨੈ ਅਧਰੰਗੀ ਨੂੰ
ਕਿਹਾ ॥੧੧॥ ਮੈਂ ਤੈਨੂੰ ਆਖਦਾ ਹਾਂ ਉੱਠ ਆਪਣੀ ਮੰਜੀ ਚੁੱਕਕੇ ਘਰ ਚੱਲਿਆ ਜਾਹ ॥੧੨॥
ਅਤੇ ਉਹ ਉੱਠਿਆ ਅਰ ਝੱਟ ਮੰਜੀ ਚੁੱਕਕੇ ਉਨਾਂ ਸਭਨਾਂ ਦੇ ਸਾਹਮਣੇ ਨਿੱਕਲ ਗਿਆ ਤਦ

Original with:
Language Department Punjab
Digitized by:
Panjab Digital Library

ਓਹ ਸਭੇ ਦੰਗ ਹੋ ਗਏ ਅਤੇ ਇਹ ਕਹਿਕੇ ਪਰਮੇਸ਼ੁਰ ਦੀ ਵਡਿਆਈ ਕੀਤੀ ਜੋ ਅਸਾਂ ਇਸ ਤੁ-
ਰੰਦੀ ਗੱਲ ਕਦੇ ਨਹੀਂ ਵੇਖੀ ॥ ॥੧੩॥ ਅਤੇ ਉਹ ਫੇਰ ਬਾਹਰ ਦਰਿਆਉ ਦੇ ਕੰਢੇ ਉੱਤੇ
ਗਿਆ ਅਰ ਸਾਰੀ ਭੀੜ ਉਹ ਦੇ ਕੋਲ ਆਈ ਅਤੇ ਉਸ ਨੇ ਉਨਾਂ ਨੂੰ ਉਪਦੇਸ ਦਿੱਤਾ ॥੧੪॥ ਅ-
ਰ ਜਾਂਦੇ ਹੋਏ ਉਹ ਨੇ ਹਲਫਾ ਦੇ ਪੁੱਤ੍ਰ ਲੇਵੀ ਨੂੰ ਮਸੂਲ ਦੀ ਚੌਂਕੀ ਉੱਤੇ ਬੈਠੇ ਵੇਖਿਆ ਅਤੇ ਉਸ
ਨੂੰ ਕਿਹਾ ਮੇਰੇ ਪਿੱਛੇ ਹੋ ਤੁਰ ਤਾਂ ਜੋ ਉਹ ਉੱਠਕੇ ਉਹ ਦੇ ਪਿੱਛੇ ਹੋ ਤੁਰਿਆ ॥੧੫॥ ਅਤੇ ਐਉਂ ਹੋਇ-
ਆ ਕਿ ਉਹ ਉਸ ਦੇ ਘਰ ਵਿੱਚ ਰੋਟੀ ਖਾਣ ਬੈਠਾ ਅਤੇ ਬਹੁਤ ਸਾਰੇ ਮਸੂਲੀਏ ਅਤੇ ਪਾਪੀ ਜਿ-
ਸੂ ਅਰ ਉਹ ਦੇ ਸਿੱਖਾਂ ਨਾਲ ਬੈਠ ਗਏ ਕਿਉਂ ਕਿ ਓਹ ਬਹੁਤ ਸਾਰੇ ਸਨ ਅਤੇ ਉਹ ਦੇ ਮਗ ਤੁਰ
ਆਏ ਸਨ ॥੧੬॥ ਅਰ ਜਦ ਫਰੀਸੀਆਂ ਦੇ ਗ੍ਰੰਥੀਆਂ ਨੇ ਉਹ ਨੂੰ ਪਾਪੀਆਂ ਅਤੇ ਮਸੂਲੀਆਂ
ਦੇ ਨਾਲ ਖਾਂਦਿਆਂ ਵੇਖਿਆ ਤਾਂ ਉਹ ਦੇ ਸਿੱਖਾਂ ਨੂੰ ਕਿਹਾ ਉਹ ਮਸੂਲੀਆਂ ਅਤੇ ਪਾਪੀਆਂ ਦੇ ਨ
ਲ ਖਾਂਦਾ ਪੀਂਦਾ ਹੈ ॥੧੭॥ ਅਤੇ ਯਿਸੂ ਨੇ ਸੁਣਕੇ ਉਨਾਂ ਨੂੰ ਆਖਿਆ ਨਵੇਂ ਨਰੋਇਆਂ ਨੂੰ ਨਹੀਂ
ਬਲਕ ਰੋਗੀਆਂ ਨੂੰ ਹਕੀਮ ਦੀ ਲੋੜ ਹੈ। ਮੈਂ ਧਰਮੀਆਂ ਨੂੰ ਨਹੀਂ ਬਲਕ ਪਾਪੀਆਂ ਨੂੰ ਬੁਲਾ-
ਉਣ ਆਇਆ ॥ ॥੧੮॥ ਅਤੇ ਯੂਹੰਨਾ ਦੇ ਸਿੱਖ ਅਰ ਫਰੀਸੀ ਵਰਤ ਰੱਖਦੇ
ਸਨ ਅਰ ਉਨਾਂ ਨੇ ਆਣਕੇ ਉਹ ਨੂੰ ਕਿਹਾ ਇਹ ਦਾ ਕੀ ਕਾਰਨ ਹੈ ਜੋ ਯੂਹੰਨਾ ਦੇ ਸਿੱਖ ਅਤੇ ਫ-
ਰੀਸੀਆਂ ਦੇ ਸਿੱਖ ਵਰਤ ਰੱਖਦੇ ਹਨ ਪਰ ਤੇਰੇ ਸਿੱਖ ਵਰਤ ਨਹੀਂ ਰੱਖਦੇ ॥੧੯॥ ਅਤੇ ਯਿਸੂ
ਨੇ ਉਨਾਂ ਨੂੰ ਆਖਿਆ ਜਦ ਤੀਕੁਰ ਲਾੜਾ ਜੰਞੀਆਂ ਦੇ ਨਾਲ ਹੈ ਭਲਾ ਓਹ ਵਰਤ ਰੱਖ ਸੱਕ-

Original with:
Language Department Punjab
Digitized by:
Panjab Digital Library

ਦੇਹਨ। ਜਿਨਾਂ ਚਿਰ ਲਾੜਾ ਉਨਾਂ ਦੇ ਨਾਲ ਹੈ ਓਹ ਵਰਤ ਨਹੀਂ ਰੱਖ ਸੱਕਦੇ ॥੨੦॥ ਪਰ ਓਹ ਦਿ-
ਨ ਆਉਣਗੇ ਜਦ ਲਾੜਾ ਉਨਾਂ ਥੋਂ ਅੱਡ ਕੀਤਾ ਜਾਊਗਾ ਤਦ ਉਸ ਦਿਨ ਓਹ ਵਰਤ ਰੱਖਣਗੇ ॥
੨੧॥ ਪੁਰਾਣੇ ਕੱਪੜੇ ਨੂੰ ਕੋਰੇ ਦੀ ਟਾਕੀ ਕੋਈ ਨਹੀਂ ਲਾਉਂਦਾ ਨਹੀਂ ਤਾਂ ਉਹ ਟਾਕੀ ਜਿਹੜੀ ਲਾਈ
ਹੈ ਉਸ ਥੋਂ ਕੁਛ ਖਿੱਚ ਲੈਂਦੀ ਅਰਥਾਤ ਨਵੀਂ ਪੁਰਾਣੀ ਥੋਂ ਅਤੇ ਉਹ ਲੰਗਾਰ ਵਧ ਜਾਂਦਾ ਹੈ ॥੨੨
॥ ਅਤੇ ਨਵੀਂ ਵੈਨ ਨੂੰ ਪੁਰਾਣੀਆਂ ਮਸਕਾਂ ਵਿੱਚ ਕੋਈ ਨਹੀਂ ਭਰਦਾ ਨਹੀਂ ਤਾਂ ਵੈਨ ਮਸਕਾਂ ਨੂੰ
ਪਾੜ ਦੇਊਗੀ ਅਰ ਵੈਨ ਅਤੇ ਮਸਕਾਂ ਦੋਹਾਂ ਦਾ ਨਾਸ ਹੋ ਜਾਂਦਾ ਹੈ ਪਰ ਨਵੀਂ ਵੈਨ ਨਵੀਆਂ ਮਸ-
ਕਾਂ ਵਿੱਚ ਭੁਰਦੇ ਹਨ ॥ ॥੨੩॥ ਅਤੇ ਐਉਂ ਹੋਇਆ ਜੋ ਉਹ ਸਬਤ ਦੇ ਦਿਨ ਪੈ-
ਲ੍ਹੀਆਂ ਵਿੱਚੋਂ ਦੀ ਲੰਘਦਾ ਸੀ ਅਰ ਉਹ ਦੇ ਸਿੱਖ ਰਾਹ ਚਲਦੇ ਸਿੱਟੇ ਤੋੜਨ ਲੱਗੇ ॥੨੪॥ ਅ-
ਤੇ ਫਰੀਸੀਆਂ ਨੇ ਉਹ ਨੂੰ ਕਿਹਾ ਵੇਖ ਏਹ ਸਬਤ ਦੇ ਦਿਨ ਉਹ ਕੰਮ ਕਿਉਂ ਕਰਦੇ ਹਨ ਜਿਹੜਾ
ਕਰਨਾ ਜੋਗ ਨਹੀਂ ਹੈ ॥੨੫॥ ਅਤੇ ਉਸ ਨੇ ਉਨਾਂ ਨੂੰ ਕਿਹਾ ਭਲਾ ਤੁਸਾਂ ਕਦੇ ਇਹ ਨਹੀਂ ਪੜ੍ਹਿਆ ੦
ਭਈ ਦਾਊਦ ਨੇ ਕੀ ਕੀਤਾ ਜਾਂ ਉਹ ਅਤੇ ਉਹ ਦੇ ਸਾਥੀ ਮੁਤਾਜ ਅਤੇ ਭੁੱਖੇ ਸਨ ॥੨੬॥ ਜੋ ਉਹ
ਕਿੱਕਰ ਸਰਦਾਰ ਜਾਜਕ ਅਬਿਯਾਥਰ ਦੇ ਸਮੇ ਪਰਮੇਸੁਰ ਦੇ ਘਰ ਵਿੱਚ ਗਿਆ ਅਤੇ ਝੜ ੦
ਵੇ ਦੀਆਂ ਰੋਟੀਆਂ ਖਾਧੀਆਂ ਜਿਨਾਂ ਦਾ ਖਾਣਾ ਜਾਜਕਾਂ ਦੇ ਬਿਨਾ ਹੋਰ ਕਿਸੇ ਨੂੰ ਜੋਗ ਨਹੀਂ ਅ-
ਰ ਆਪਣੇ ਸਾਥੀਆਂ ਨੂੰ ਭੀ ਦਿੱਤੀਆਂ ॥੨੭॥ ਅਤੇ ਉਸ ਨੇ ਉਨਾਂ ਨੂੰ ਆਖਿਆ ਸਬਤ ਦਾ ਦਿ-
ਨ ਮਨੁੱਖ ਦੀ ਖਾਤਰ ਹੋਇਆ ਅਰ ਨਾ ਮਨੁੱਖ ਸਬਤ ਦੀ ਖਾਤਰ ॥੨੮॥ ਇਸ ਲਈ ਮਨੁੱਖ ਦ ੦

Original with:
Language Department Punjab
Digitized by:
Panjab Digital Library

ਪੜ੍ਹਸਬਤ ਦੇ ਦਿਨ ਦਾ ਬੀ ਮਾਲਕ ਹੈ॥

੩ਕਾਂਡ॥ ਅਤੇ ਉਹ ਫੇਰ ਸਮਾਜ ਵਿੱਚ ਗਿਆ ਅਰ ਉੱਥੇ ਇੱਕ ਮਨੁੱਖ ਸੀ ਜਿਹ ਦ ੦
ਹੱਥ ਸੁੱਕਿਆ ਹੋਇਆ ਸੀ॥੨॥ ਅਤੇ ਓਹ ਉਸ ਦੀ ਤੱਕ ਵਿੱਚ ਲੱਗੇ ਹੋਏ ਸ-
ਨ ਕਿ ਵੇਖੀਏ ਉਹ ਸਬਤ ਦੇ ਦਿਨ ਉਸ ਨੂੰ ਚੰਗਾ ਕਰੂ ਕੇ ਨ ਹੀਂ ਇਸ ਲਈ ਜੋ ਉਹ ਦੇ ਜੁੰਮੇ ਦੋਸ
ਲਾਉਣ॥੩॥ ਅਤੇ ਉਸ ਨੈ ਉਸ ਸੁੱਕੇ ਹੱਥ ਵਾਲੇ ਮਨੁੱਖ ਨੂੰ ਕਿਹਾ ਵਿਚਾਲੇ ਖੜਾ ਹੋ॥੪॥ ਫੇਰ
ਉਸ ਨੈ ਉਨਾਂ ਥੋਂ ਪੁੱਛਿਆ ਕਿ ਸਬਤ ਦੇ ਦਿਨ ਭਲਾ ਕਰਨਾ ਜੋਗ ਹੈ ਜਾਂ ਬੁਰਾ ਕਰਨਾ। ਜਾਨ ਬ-
ਚਾਉਣੀ ਅਥਵਾ ਜਾਨ ਮਾਰਨੀ ਪਰ ਓਹ ਚੁੱਪ ਹੀ ਰਹੇ॥੫॥ ਤਦ ਉਸ ਨੈ ਉਨਾਂ ਦੇ ਮਨਾਂ ਦੀ ਕ-
ਠਨਾਈ ਦੇ ਸਬੱਬ ਉਦਾਸ ਹੋ ਕੇ ਉਨਾਂ ਵਲ ਕ੍ਰੋਧ ਨਾਲ ਚੁਫੇਰੇ ਨਜਰ ਕੀਤੀ ਅਤੇ ਉਸ ਮਨੁੱਖ ਨੂੰ
ਕਿਹਾ ਆਪਣਾ ਹੱਥ ਲੀਮਾ ਕਰ। ਤਾਂ ਉਹ ਨੈ ਲੀਮਾ ਕੀਤਾ ਅਤੇ ਉਹ ਦਾ ਹੱਥ ਫੇਰ ਚੰਗਾ ਹੋ ਗਿਆ ੭
॥੬॥ ਤਦ ਫਰੀਸੀਆਂ ਨੈ ਨਿੱਕਲ ਕੇ ਉਸੇ ਵੇਲੇ ਹੇਰੋਦੀਆਂ ਨਾਲ ਉਹ ਦੇ ਵਿਰੁੱਧ ਮਤਾ ਪਕਾਇ-
ਆ ਜੋ ਕਿਸ ਤਰਾਂ ਉਹ ਦਾ ਨਾਸ ਕਰਿਯੇ॥ ॥੭॥ ਅਤੇ ਯਿਸੂ ਆਪਣੇ ਸਿੱਖਾਂ ਸਣੇ ਦ-
ਰਿਆਉ ਦੀ ਵਲ ਚੱਲਿਆ ਗਿਆ ਅਰ ਗਲੀਲ ਥੋਂ ਬਹੁਤ ਸਾਰੇ ਲੋਕ ਮਗਰ ਹੋ ਤੁਰੇ॥੮॥ ਅ-
ਰ ਯਹੂਦਿਆ ਅਤੇ ਯਰੂਸਲੀਮ ਅਤੇ ਅਦੂਮ ਥੋਂ ਅਤੇ ਯਰਦਨ ਦੇ ਪਾਰੋਂ ਅਤੇ ਸ਼ੂਰ ਅਤੇ ਸੈਦਾ
ਦੇ ਆਲੇ ਦੁਆਲਿਓਂ ਇੱਕ ਵਡੀ ਭੀੜ ਇਹ ਸੁਣ ਕੇ ਜੋ ਉਹ ਕੇਹੇ ਵਡੇ ਵਡੇ ਕੰਮ ਕਰਦਾ ਹੈ ਉਹ ਦੇ
ਕੋਲ ਆਈ॥੯॥ ਤਾਂ ਉਹ ਨੈ ਆਪਣੇ ਸਿੱਖਾਂ ਨੂੰ ਆਖਿਆ ਭੀੜ ਦੇ ਕਾਰਨ ਇੱਕ ਡੋਂਗੀ ਮੇਰੇ ਲ-

Original with:
Language Department Punjab
Digitized by:
Panjab Digital Library

ਈ ਤਿਆਰ ਰਹੇ ਕਿਤੇ ਐਉਂਨਾ ਹੋਵੇ ਜੋ ਲੋਕ ਮੈਨੂੰ ਦਬਾ ਲੈਣ ॥੧੦॥ ਕਿੰਉਕਿ ਉਸ ਨੈ ਬਹੁਤਿ
ਆਂ ਨੂੰ ਚੰਗਾ ਕੀਤਾ ਸੀ ਐਥੋਂ ਤੋੜੀ ਕਿ ਜਿੰਨੇ ਰੋਗੀ ਸਨ ਓਹ ਉਸ ਨੂੰ ਛੋਹਣ ਲਈ ਉਸ ਉੱਤੇ ਡਿ
ਗਦੇ ਜਾਂਦੇ ਸਨ ॥੧੧॥ ਅਤੇ ਭ੍ਰਿਸਟ ਆਤਮਿਆਂ ਨੈ ਜਾਂ ਉਹ ਨੂੰ ਵੇਖਿਆ ਤਾਂ ਉਹਦੇ ਅੱਗੇ ਡਿਗ
ਪਏ ਅਰ ਚੀਕਾਂ ਮਾਰਕੇ ਬੋਲੇ ਤੂੰ ਪਰਮੇਸ਼ੁਰ ਦਾ ਪੁਤ੍ਰ ਹੈਂ ॥੧੨॥ ਤਦ ਉਸ ਨੈ ਉਨਾਂ ਨੂੰ ਵਡੀ ਤਗੀਦ
ਕੀਤੀ ਜੋ ਮੈਨੂੰ ਉਜਾਗਰ ਨਾ ਕਰਨਾ ॥ ॥੧੩॥ ਫੇਰ ਉਹ ਨੈ ਪਹਾੜ ਉੱਤੇ ਚੜ੍ਹਕੇ ਜਿਨਾਂ
ਨੂੰ ਉਹ ਆਪ ਚਾਹੁੰਦਾ ਸੀ ਉਨਾਂ ਨੂੰ ਕੋਲ ਸੱਦਿਆ ਅਤੇ ਓਹ ਉਸ ਪਾਸ ਆਏ ॥੧੪॥ ਅਰ ਉਸ ਨੈ
ਬਾਰਾਂ ਮਨੁੱਖ ਠਰਾਏ ਜੋ ਉਹਦੇ ਨਾਲ ਰਹਿਣ ਅਤੇ ਉਹ ਉਨਾਂ ਨੂੰ ਭੇਜੇ ਭਈ ਮਨਾਦੀ ਕਰਨ ॥੧੫
॥ ਨਾਲੇ ਭੂਤਾਂ ਦੇ ਕੱਢਣ ਦਾ ਇਖਤਿਆਰ ਰੱਖਣ ॥੧੬॥ ਅਤੇ ਸਮਊਨ ਦਾ ਨਾਉਂ ਉਹ ਨੈ ਪਤਰ
ਸ ਥੀ ਰੱਖਿਆ ॥੧੭॥ ਅਤੇ ਜਬਦੀ ਦਾ ਪੁਤ੍ਰ ਯਾਕੂਬ ਅਰ ਯਾਕੂਬ ਦਾ ਭ੍ਰਾਈ ਯੂਹੱਨਾ ਜਿਨਾਂ ਦੋਹ ੦
ਦਾ ਨਾਉਂ ਉਹ ਨੈ ਬਨੀ ਰੋਗਿਜ ਰੱਖਿਆ ਅਰ ਥਾਤ ਗਾਰਜਣ ਦੇ ਪੁਤ੍ਰ ॥੧੮॥ ਅਤੇ ਅੰਦ੍ਰਿਯਾਸ
ਅਤੇ ਫੈਲਬੂਸ ਅਤੇ ਬਰਥੁਲਮਾ ਅਤੇ ਮੱਤੀ ਅਤੇ ਥੂਮਾ ਅਤੇ ਹਲਫਾ ਦਾ ਪੁਤ੍ਰ ਯਾਕੂਬ ਅਤੇ ਥੱ
ਦੀ ਅਤੇ ਸਮਊਨ ਕਨਾਨੀ ॥੧੯॥ ਅਤੇ ਯਹੂਦਾ ਇਸਕਰਿਯੂਤੀ ਜਿਹ ਨੈ ਉਸ ਨੂੰ ਫੜਵਾ ਬੀ ਦਿੱ ੦
॥ ॥੨੦॥ ਅਤੇ ਉਹ ਘਰ ਆਇਆ ਅਰ ਫੇਰ ਐਂਨੀ ਕੀੜ ਕੱਠੀ ਹੋਈ ਜੋ ਓਹ ਰੋਟੀ
ਬੀ ਨਾ ਖਾ ਸੱਕੇ ॥੨੧॥ ਅਤੇ ਜਾਂ ਉਹ ਦੇ ਸਾਕਾਂ ਨੈ ਇਹ ਸੁਣਿਆ ਤਾਂ ਓਹ ਉਸ ਦੇ ਫੜਨ ਨੂੰ ਨਿੰਕਲੇ
ਕਿੰਉ ਜੋ ਉਨਾਂ ਆਖਿਆ ਉਹ ਸੁਦਾਈ ਹੈ ॥੨੨॥ ਅਤੇ ਗ੍ਰੰਥੀਆਂ ਨੈ ਜੋ ਜਰੂਸਲੀਮੋਂ ਥੇਂ ਆਏ

Original with:
Language Department Punjab
Digitized by:
Panjab Digital Library

ਸਨ ਕਿਹਾ ਭਈ ਉਹ ਬਾਲ ਜਬੂਲ ਨਾਲ ਮਿਲ੍ਹਿਆ ਹੋਇਆ ਹੈ ਅਤੇ ਭੂਤਾਂ ਦੇ ਸਰਦਾਰ ਦੀ ਸ
ਹਾਇਤਾ ਨਾਲ ਭੂਤਾਂ ਨੂੰ ਕੱਢਦਾ ਹੈ ॥੨੩॥ ਤਾਂ ਉਸ ਨੈ ਉਨਾਂ ਨੂੰ ਆਪਣੇ ਨੇਲ ਸੱਦਕੇ ਦ੍ਰਿਸ਼ਟਾਂਤਾਂ
ਵਿੱਚ ਉਨਾਂ ਨੂੰ ਕਿਹਾ ਕਿ ਸਤਾਨ ਨੂੰ ਸਤਾਨ ਕਿਸ ਤਰਾਂ ਕੱਢ ਸੱਕਦਾ ਹੈ ॥੨੪॥ ਅਤੇ ਜੇ ਕਿਸੇ ਰਾਜ
ਵਿੱਚ ਫੁੱਟ ਪੈ ਜਾਵੇ ਤਾਂ ਉਹ ਰਾਜ ਠਹਿਰ ਨਹੀਂ ਸੱਕਦਾ ॥੨੫॥ ਅਰ ਜੇ ਕਿਸੇ ਘਰ ਵਿੱਚ ਫੁੱਟ ਪੈ
ਜਾਵੇ ਤਾਂ ਉਹ ਘਰ ਠਹਿਰ ਨਾ ਸੱਕੂ ॥੨੬॥ ਅਤੇ ਜੇ ਸਤਾਨ ਆਪਣੇ ਹੀ ਵਿਰੁੱਧ ਉੱਠੇ ਅਰ ਉਸ
ਵਿੱਚ ਫੁੱਟ ਪੈ ਜਾਵੇ ਤਾਂ ਉਹ ਠਹਿਰ ਨਹੀਂ ਸੱਕਦਾ ਬਲਕ ਉਹਦਾ ਓੜਕ ਆ ਪੁੱਜਿਆ ॥੨੭॥ ਪ
ਰ ਕੋਈ ਕਿਸੇ ਜੋਰਾਵਰ ਦੇ ਘਰ ਵਿੱਚ ਵੜਕੇ ਉਹਦਾ ਅਸਬਾਬ ਲੁੱਟ ਨਹੀਂ ਸੱਕਦਾ ਜੇ ਪਹਿਲਾਂ ਉ
ਸ ਜੋਰਾਵਰ ਨੂੰ ਬੰਨ ਨਾ ਲਵੇ ਤਾਂ ਉਹ ਦਾ ਘਰ ਲੁੱਟੂ ॥੨੮॥ ਮੈਂ ਤੁਹਾਨੂੰ ਸੱਤ ਆਖਦਾ ਹਾਂ ਕਿ ਮਨੁ
ਖਾਂ ਦੇ ਪੁਤ੍ਰਾਂ ਦੇ ਸਾਰੇ ਪਾਪ ਅਤੇ ਕੁਫਰ ਜੋ ਬੋਲਣ ਮਾਫ ਕੀਤੇ ਜਾਣਗੇ ॥੨੯॥ ਪਰ ਜੋ ਕੋਈ ਪਵਿ
ਤ੍ਰ ਆਤਮਾ ਦੇ ਹੱਕ ਵਿੱਚ ਕੁਫਰ ਬੋਲੇ ਉਹ ਨੂੰ ਕਦੇ ਬੀ ਮਾਫੀ ਨਹੀਂ ਮਿਲ੍ਹੂਗੀ ਬਲਕ ਸਦੀਵ ਕਾਲ
ਦੇ ਪਾਪ ਦੇ ਵੱਸ ਵਿੱਚ ਆ ਰਿਹਾ ॥੩੦॥ ਕਿੰਉ ਜੋ ਉਨਾਂ ਆਖਿਆ ਸੀ ਭਈ ਉਹ ਭ੍ਰਿਸ਼ਟ ਆਤਮ
ਨਾਲ ਮਿਲ੍ਹਿਆ ਹੋਇਆ ਹੈ ॥

॥੩੧॥ ਤਦ ਉਹ ਦੀ ਮਾਂ ਅਰ ਉਹ ਦੇ ਭਾਈ ਆਏ
ਅਤੇ ਬਾਹਰ ਖੜੋਕੇ ਉਹ ਨੂੰ ਬੁਲਾ ਭੇਜਿਆ ॥੩੨॥ ਅਤੇ ਬਹੁਤ ਲੋਕ ਉਹ ਦੇ ਚੁਫੇਰੇ ਬੈਠੇ ਸਨ
ਜੋ ਉਹ ਨੂੰ ਆਖਣ ਲੱਗੇ ਵੇਖ ਤੇਰੀ ਮਾਂ ਅਤੇ ਤੇਰੇ ਭਾਈ ਬਾਹਰ ਤੈਨੂੰ ਢੂੰਢਦੇ ਹਨ ॥੩੩॥ ਉਸ ਨੈ
ਉਨਾਂ ਨੂੰ ਉੱਤਰ ਦਿੱਤਾ ਕੌਣ ਹੈ ਮੇਰੀ ਮਾਂ ਅਤੇ ਮੇਰੇ ਭਾਈ ॥੩੪॥ ਅਤੇ ਉਸ ਨੈ ਉਨਾਂ ਵਲ ਜੋ ਜੋ ਬੈਠੇ ਉਹ

Original with:
Language Department Punjab
Digitized by:
Panjab Digital Library

ਦੇ ਆਲ੍ਹੇਦੁਆਲ੍ਹੇ ਬੈਠੇ ਸਨ ਚੌਹੀਂ ਪਾਸੀਂ ਨਿਗਾਹ ਕਰਕੇ ਆਖਿਆ ਸੋਹ ਵੇਖੋ ਮੇਰੀ ਮਾਂ ਅ-
ਤੇ ਮੇਰੇ ਭਾਈ ॥ ੩੫ ॥ ਕਿਉਂਕਿ ਜੋ ਕੋਈ ਪਰਮੇਸ਼ੁਰ ਦੀ ਮਰਜ਼ੀ ਉੱਤੇ ਚੱਲਦਾ ਹੈ ਸੋਈ ਮੇਰਾ ਭਾ-
ਈ ਅਤੇ ਭੈਣ ਅਤੇ ਮਾਂ ਹੈ ॥

੪ ਕਾਂਡ ॥ ਅਤੇ ਉਹ ਫੇਰ ਦਰਿਆਉ ਦੇ ਕੰਢੇ ਉਪਦੇਸ ਦੇਣ ਲੱਗਾ ਅਰ ਇੱਕ ਅੱਤ ਭੀ-
ੜ ਉਹ ਦੇ ਕੋਲ ਕੱਠੀ ਹੋਈ ਜੋ ਉਹ ਦਰਿਆਉ ਵਿੱਚ ਇੱਕ ਬੇੜੀ ਪੁਰ ਚੜ੍ਹ ਬੈਠਾ
ਅਰ ਸਾਰੀ ਭੀੜ ਦਰਿਆਉ ਦੇ ਕੰਢੇ ਧਰਤੀ ਉੱਤੇ ਰਹੀ ॥ ੨ ॥ ਅਤੇ ਉਸ ਨੇ ਉਨ੍ਹਾਂ ਨੂੰ ਦ੍ਰਿਸ਼ਟਾਂਤ
ਵਿੱਚ ਬਹੁਤ ਸਾਰੀਆਂ ਗੱਲਾਂ ਦਾ ਉਪਦੇਸ ਦਿੱਤਾ ਅਰ ਆਪਣੇ ਉਪਦੇਸ ਵਿੱਚ ਉਨ੍ਹਾਂ ਨੂੰ ਕਿਹਾ
॥ ੩ ॥ ਸੁਣੋ ! ਵੇਖੋ ਇੱਕ ਬੀਜਣ ਵਾਲਾ ਬੀਜਣ ਨੂੰ ਨਿੱਕਲਿਆ ॥ ੪ ॥ ਅਤੇ ਐਉਂ ਹੋਇਆ ਕਿ ਉ-
ਹ ਦੇ ਬੀਜਦਿਆਂ ਕੁਛ ਪਹੇ ਵਲ ਕਿਰ ਪਿਆ ਅਤੇ ਪੰਛੀ ਆਣ ਕੇ ਉਹ ਨੂੰ ਚੁਗ ਗਏ ॥ ੫ ॥ ਅ-
ਰ ਕੁਛ ਪਥਰੈਲੀ ਜ਼ਮੀਨ ਵਿੱਚ ਕਿਰਿਆ ਜਿੱਥੇ ਉਹ ਨੂੰ ਬਹੁਤੀ ਮਿੱਟੀ ਨਾ ਮਿਲ਼ੀ ਅਤੇ ਦਲ
ਦਾਰ ਮਿੱਟੀ ਨਾ ਮਿਲ਼ਨ ਕਰਕੇ ਉਹ ਛੇਤੀ ਉਗ ਪਿਆ ॥ ੬ ॥ ਅਤੇ ਜਾਂ ਸੂਰਜ ਚੜ੍ਹਿਆ ਤਾਂ ਕੁ-
ਮਲ੍ਹਾ ਗਿਆ ਅਰ ਜੜ੍ਹ ਨਾ ਫੜਨ ਦੇ ਕਾਰਨ ਸੁੱਕ ਗਿਆ ॥ ੭ ॥ ਅਤੇ ਕੁਛ ਕੰਡਿਆਲ਼ਿਆਂ
ਵਿੱਚ ਕਿਰਿਆ ਅਤੇ ਕੰਡਿਆਲ਼ਿਆਂ ਨੇ ਵਧ ਕੇ ਉਹ ਨੂੰ ਦਬਾ ਲਿਆ ਅਤੇ ਉਹ ਨਾ ਫਲ਼ਿਆ
॥ ੮ ॥ ਅਰ ਕੁਛ ਚੰਗੀ ਜ਼ਮੀਨ ਵਿੱਚ ਕਿਰਿਆ ਅਤੇ ਉੱਗਦਿਆਂ ਵਧਦਿਆਂ ਫਲ਼ਿਆ। ਕੁਛ
ਤੀਹ ਗੁਣਾ ਕੁਛ ਸੱਠ ਗੁਣਾ ਕੁਛ ਸੌ ਗੁਣਾ ਫਲ਼ਿਆ ॥ ੯ ॥ ਫੇਰ ਉਹ ਨੇ ਕਿਹਾ ਜਿਹ ਦੇ ਸੁਣਨ

Original with:
Language Department Punjab
Digitized by:
Panjab Digital Library

ਦੇ ਕੰਨ ਹੋਣ ਉਹ ਸੁਣੇ॥ ॥੧੦॥ ਅਤੇ ਜਾਂ ਉਹ ਇਕਾਂਤ ਵਿੱਚ ਸੀ ਤਾਂ ਜੇਹੜੇ ਉਹਦੇ ਕੋਲ੍ਹ ਸਨ ਉਨਾਂ ਨੇ ਬਾਰਾਂ ਸਿੱਖਾਂ ਨਾਲ੍ਹ ਮਿਲ੍ਹ ਕੇ ਦ੍ਰਿਸ਼ਟਾਂਤਾਂ ਦਾ ਅਰਥ ਉਹ ਨੂੰ ਪੁੱਛਿਆ॥ ੧੧॥ ਅਰ ਉਸ ਨੇ ਉਨਾਂ ਨੂੰ ਕਿਹਾ ਪਰਮੇਸ਼ੁਰ ਦੇ ਰਾਜ ਦਾ ਭੇਤ ਤੁਹਾ ਨੂੰ ਦਿੱਤਾ ਗਿਆ ਹੈ ਪਰ ਜੇਹੜੇ ਬਾਹਰ ਹਨ ਉਨਾਂ ਲਈ ਸਾਰੀਆਂ ਗੱਲਾਂ ਦ੍ਰਿਸ਼ਟਾਂਤਾਂ ਵਿੱਚ ਹੁੰਦੀਆਂ ਹਨ॥ ੧੨॥ ਭਈ ਵੇਖਣ ਨੂੰ ਤਾਂ ਵੇਖਣ ਪਰ ਉਨਾਂ ਨੂੰ ਸੁੱਝੇ ਨਾ ਅਤੇ ਸੁਣਨ ਨੂੰ ਤਾਂ ਸੁਣਨ ਪਰ ਓਹ ਸਮਝ੍ਹ ਣ ਨਾ ਤਾਂ ਨਾ ਹੋਵੇ ਜੋ ਓਹ ਕਦੇ ਮੁੜ੍ਹ ਕੇ ਆਉਣ ਅਤੇ ਉਨਾਂ ਨੂੰ ਮਾਫ਼ੀ ਮਿਲ੍ਹੇ॥ ੧੩॥ ਫੇਰ ਉਸ ਨੇ ਉਨਾਂ ਨੂੰ ਕਿਹਾ ਕੀ ਤੁਸੀਂ ਇਹ ਦ੍ਰਿਸ਼ਟਾਂਤ ਨਹੀਂ ਸਮਝ੍ਹ ਦੇ ਤਾਂ ਸਾਰਿਆਂ ਦ੍ਰਿਸ਼ਟਾਂਤਾਂ ਨੂੰ ਕਿੱਕੁਰ ਸਮਝ੍ਹ ਓਗੇ॥ ੧੪॥ ਬੀਜਣ ਵਾਲ੍ਹਾ ਬਚਨ ਬੀਜਦਾ ਹੈ॥ ੧੫॥ ਅਤੇ ਪਹੇ ਦੇ ਕਨਾਰੇ ਵਾਲ੍ਹੇ ਜਿੱਥੇ ਬਚਨ ਬੀਜਿਆ ਜਾਂਦਾ ਹੈ ਸੋ ਏਹ ਲੋਕ ਹਨ ਭਈ ਜਦ ਉਨਾਂ ਨੇ ਸੁਣ ਲਿਆ ਤਦ ਸ਼ਤਾਨ ਓਵੇਂ ਆਣ ਕੇ ਉਸ ਬਚਨ ਨੂੰ ਖੋ ਜਾਂਦਾ ਹੈ ਜਿਹੜਾ ਉਨਾਂ ਵਿੱਚ ਬੀਜਿਆ ਗਿਆ ਸੀ॥ ੧੬॥ ਅਤੇ ਇਸੇ ਤਰਾਂ ਜੇਹੜੇ ਪਥਰੈਲੀ ਆਂ ਥਾਵਾਂ ਵਿੱਚ ਬੀਜੇ ਜਾਂਦੇ ਹਨ ਸੋ ਓਹ ਹਨ ਜੇਹੜੇ ਬਚਨ ਨੂੰ ਸੁਣਦਿਆਂ ਸਾਰ ਖ਼ੁਸ਼ੀ ਨਾਲ੍ਹ ਉਹ ਨੂੰ ਮੰਨ ਲੈਂਦੇ ਹਨ॥ ੧੭॥ ਅਤੇ ਆਪਣੇ ਵਿੱਚ ਜੜ੍ਹ ਨਹੀਂ ਰੱਖਦੇ ਹਨ ਪਰ ਥੋੜ੍ਹਾ ਚਿਰ ਰਹਿੰਦੇ ਹਨ ਅਤੇ ਜਾਂ ਬਚਨ ਦੇ ਕਾਰਨ ਦੁੱਖ ਵਿੱਚ ਪੈਂਦੇ ਅਥਵਾ ਸਤਾਏ ਜਾਂਦੇ ਹਨ ਤਾਂ ਝੱਟ ਠੋਕਰ ਖਾਂਦੇ ਹਨ॥ ੧੮॥ ਅਤੇ ਹੋਰ ਓਹ ਹਨ ਜੇਹੜੇ ਕੰਡ੍ਹਿਆਲ੍ਹਿਆਂ ਵਿੱਚ ਬੀਜੇ ਜਾਂਦੇ। ਏਹ ਓਹ ਹਨ ਜਿਨਾਂ ਬਚਨ ਸੁਣਿਆ॥ ੧੯॥ ਅਤੇ ਦੁਨੀਆਂ ਦੀ ਚਿੰਤਾ ਅਰ ਧਨ ਦਾ ਧੋਖਾ ਅਰ ਹੋਰਨਾਂ ਚੀਜਾਂ

Original with:
Language Department Punjab
Digitized by:
Panjab Digital Library

ਦਾਲੋਕ ਆਣਕੇ ਬਚਨ ਨੂੰ ਦਬਾ ਲੈਂਦੇ ਹਨ ਅਤੇ ਉਹ ਅੱਫਲ ਰਹਿੰਦਾ ਹੈ।। ੨੦।। ਅਤੇ ਜੇਹ-
ੜੇ ਚੰਗੀ ਜ਼ਮੀਨ ਵਿੱਚ ਬੀਜੇ ਗਏ ਸਨ ਜੋ ਓਹ ਲੋਕ ਹਨ ਜੇਹੜੇ ਬਚਨ ਨੂੰ ਸੁਣਕੇ ਮੰਨ ਲੈਂਦੇ
ਅਤੇ ਫਲ ਦਿੰਦੇ ਹਨ ਕੁਛ ਤੀਹ ਗੁਣਾ ਕੁਛ ਸੱਠ ਗੁਣਾ ਕੁਛ ਸੌ ਗੁਣਾ।। ।।੨੧
।। ਅਤੇ ਉਸ ਨੇ ਉਨਾਂ ਨੂੰ ਆਖਿਆ ਕਿਆ ਦੀਵਾ ਟੋਪੇ ਦੇ ਹੇਠ ਜਾਂ ਮੰਜੇ ਦੇ ਹੇਠ ਰੱਖਣ ਨੂੰ ਲਿਆ ੦
ਉਂਦੇ ਹਨ ਅਤੇ ਦੀਵਟ ਉੱਤੇ ਰੱਖਣ ਨੂੰ ਨਹੀਂ।। ੨੨।। ਕਿਉਂਕਿ ਕੋਈ ਵਸਤੁ ਗੁਪਤ ਨਹੀਂ ਪਰ
ਕੇਵਲ ਇਸ ਲਈ ਜੋ ਉਹ ਪਰਗਟ ਕੀਤੀ ਜਾਏ ਅਤੇ ਨਾ ਕੋਈ ਵਸਤੁ ਛਿਪਾਈ ਗਈ ਪਰ
ਇਸ ਲਈ ਜੋ ਉਹ ਉਜਾਗਰ ਹੋਵੇ।। ੨੩।। ਜੇ ਕਿਸੇ ਦੇ ਸੁਣਨ ਦੇ ਕੰਨ ਹੋਣ ਤਾਂ ਸੁਣੇ।। ੨੪।। ਫੇ
ਰ ਉਸ ਨੇ ਉਨਾਂ ਨੂੰ ਕਿਹਾ ਚੌਕਸ ਰਹੋ ਜੋ ਕੀ ਸੁਣਦੇ ਹੋ। ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨ ੦
ਲ ਤੁਹਾਡੇ ਲਈ ਮਿਣਿਆ ਜਾਊ ਅਤੇ ਤੁਹਾ ਨੂੰ ਵਧੀਕ ਦਿੱਤਾ ਜਾਊ।। ੨੫।। ਕਿਉਂਕਿ ਜਿਹ ਦੇ
ਕੋਲ ਕੁਛ ਹੈ ਉਹ ਨੂੰ ਦਿੱਤਾ ਜਾਊ ਅਤੇ ਜਿਹ ਦੇ ਕੋਲ ਨਹੀਂ ਉਸ ਥੋਂ ਜੋ ਕੁਛ ਹੈ ਜੋ ਥੀ ਲੈ ਲਿਆ ਜਾ
ਊ।। ।।੨੬।। ਅਤੇ ਉਨ ਆਖਿਆ ਪਰਮੇਸੁਰ ਦਾ ਰਾਜ ਇਹਾ ਜਿਹਾ ਹੈ ਜਿਹਾ ਕੁ
ਕੋਈ ਮਨੁੱਖ ਜ਼ਮੀਨ ਵਿੱਚ ਬੀਉ ਪਾਵੇ।। ੨੭।। ਅਤੇ ਰਾਤ ਦਿਨ ਸੋਂਵੇ ਉੱਠੇ ਅਤੇ ਉਹ ਬੀਉ ਉ-
ਗਾ ਪਵੇ ਅਰ ਫੁਧੇ ਪਰ ਉਹ ਨਾ ਜਾਣੇ ਕਿਸ ਤਰਾਂ।। ੨੮।। ਜ਼ਮੀਨ ਤਾਂ ਆਪੇ ਆਪ ਫਲ ਲਿ-
ਆਉਂਦੀ ਹੈ ਪਹਿਲਾਂ ਅੰਙੂਰੀ ਫੇਰ ਸਿੱਟਾ ਫੇਰ ਸਿੱਟੇ ਵਿੱਚ ਸਾਬਤ ਦਾਣੇ।। ੨੯।। ਅਰ ਜਾਂ
ਫਲ ਪੱਕੇ ਤਾਂ ਉਹ ਝੱਟ ਦਾਤੀ ਲਾਉਂਦਾ ਹੈ ਕਿਉਂ ਜੋ ਵਾਢੀ ਦਾ ਵੇਲਾ ਆ ਰਿਆ।। ੩੦।। ਫੇਰ

Original with:
Language Department Punjab
Digitized by:
Panjab Digital Library

ਉਹ ਨੈ ਕਿਹਾ ਅਸੀਂ ਪਰਮੇਸੁਰ ਦੇ ਰਾਜ ਨੂੰ ਕਿਹ ਦੇ ਵਰਗਾ ਦੱਸਿਯੇ ਜਾਂ ਉਹ ਦੇ ਲਈ ਕਿਹ-
ੜਾ ਦ੍ਰਿਸਟਾਂਤ ਦੇਇਯੇ॥ ੩੧॥ ਉਹ ਇੱਕ ਰਾਈ ਦੇ ਦਾਣੇ ਵਰਗਾ ਹੈ ਕਿ ਜਦ ਜਮੀਨ ਵਿੱਚ ਬੀ
ਜਿਆ ਜਾਂਦਾ ਹੈ ਜਮੀਨ ਦੇ ਸਭ ਨਾਂ ਬੀਆਂ ਨਾਲੋਂ ਛੋਟਾ ਹੈ॥ ੩੨॥ ਪਰ ਜਦ ਬੀਜਿਆ ਗਿਆ
ਤਦ ਉਗਦਾ ਹੈ ਅਤੇ ਸਾਰੀਆਂ ਤਰਕਾਰੀਆਂ ਨਾਲੋਂ ਵਡਾ ਹੋ ਜਾਂਦਾ ਹੈ ਅਤੇ ਅਜਿਹੀਆਂ ਵ-
ਡੀਆਂ ਟਹਿਣੀਆਂ ਫੁੱਟਦੀਆਂ ਹਨ ਜੋ ਅਕਾਸ ਦੇ ਪੰਛੀ ਉਹ ਦੀ ਛਾਇਆ ਵਿੱਚ ਵਸੇਰਾ ਕ-
ਰ ਸੱਕਦੇ ਹਨ॥ ॥੩੩॥ ਅਤੇ ਉਹ ਏਹੋ ਜੇਹੇ ਬਹੁਤ ਦ੍ਰਿਸਟਾਂਤਾਂ ਵਿੱਚ ਉਨਾਂ ਨਾਲ
ਬਚਨ ਕਰਦਾ ਸੀ ਜਿਸ ਤਰਾਂ ਓਹ ਸੁਣ ਸੱਕਦੇ ਸਨ॥ ੩੪॥ ਅਰ ਬਿਨਾ ਦ੍ਰਿਸਟਾਂਤ ਉਹ ਉਨਾਂ
ਨਾਲ ਨਹੀਂ ਸੀ ਬੋਲਦਾ ਪਰ ਨਿਰਾਲੇ ਵਿੱਚ ਉਹ ਆਪਣੇ ਹੀ ਸਿੱਖਾਂ ਨੂੰ ਸਭ ਕੁਛ ਖੋਲਕੇ ਦੱ-
ਸਦਾ ਸੀ॥ ॥੩੫॥ ਅਤੇ ਉਸੇ ਦਿਨ ਜਾਂ ਸੰਝ ਹੋਈ ਤਾਂ ਉਸ ਨੈ ਉਨਾਂ ਨੂੰ ਕਿਹਾ ਆ-
ਸੀਂ ਪਾਰ ਚੱਲਿਯੇ॥ ੩੬॥ ਅਰ ਓਹ ਭੀੜ ਨੂੰ ਛੱਡਕੇ ਜਿੱਕੁਰ ਉਹ ਬੇੜੀ ਉੱਤੇ ਸੀ ਤਿਹਾ ਹੀ ਉਹ
ਨੂੰ ਲੈ ਚੱਲੇ ਅਤੇ ਹੋਰ ਬੇੜੀਆਂ ਬੀ ਉਹ ਦੇ ਨਾਲ ਸੀਆਂ॥ ੩੭॥ ਤਦ ਵਡੀ ਅਨੇਰੀ ਵਗੀ ਅ-
ਤੇ ਲਹਿਰਾਂ ਬੇੜੀ ਪੁਰ ਐੱਥੇ ਤੀਕੁਰ ਲੱਗ ਗਾਈਆਂ ਜੋ ਬੇੜੀ ਪਾਣੀ ਨਾਲ ਭੁਰ ਚੱਲੀ ਸੀ॥
੩੮॥ ਅਰ ਉਹ ਬੇੜੀ ਦੇ ਪਿਛਲੇ ਸਿਰੇ ਵਲ ਇੱਕ ਸਿਰਹਾਣਾ ਰੱਖਕੇ ਸੁੱਤਾ ਹੋਇਆ ਸੀ।
ਤਦ ਉਨਾਂ ਉਸ ਨੂੰ ਜਗਾਇਆ ਅਤੇ ਉਹ ਨੂੰ ਆਖਿਆ ਗੁਰੂ ਜੀ ਤੈ ਨੂੰ ਪਰਵਾਹ ਨਹੀਂ ਜੋ ਅਸੀ
ਨਸ ਹੋ ਚੱਲੇ ਹਾਂ॥ ੩੯॥ ਤਦ ਉਹ ਨੈ ਉੱਠਕੇ ਪੌਣ ਨੂੰ ਦਬਕਾ ਦਿੱਤਾ ਅਤੇ ਦਰਿਆਉ ਨੂੰ ਕਿਹ

Original with:
Language Department Punjab
Digitized by:
Panjab Digital Library

ਚੁੱਪ ਕਰ ਥੰਮ੍ਹ ਜਾਹ। ਤਾਂ ਪੌਣ ਥੰਮ੍ਹ ਗਈ ਅਤੇ ਵੱਡਾ ਚੈਨ ਹੋ ਗਿਆ ॥੪੦॥ ਅਤੇ ਉਸ ਨੇ ਉਨ੍ਹਾਂ ਨੂੰ ਕਿਹਾ ਤੁਸੀਂ ਕਿਉਂ ਡਰਦੇ ਹੋ ਅਜੇ ਤੁਹਾਨੂੰ ਨਿਹਚਾ ਨਹੀਂ ਆਈ ॥੪੧॥ ਅਤੇ ਉਨ੍ਹਾਂ ਨੇ ਵੱਡਾ ਭੈ ਖਾਧਾ ਅਤੇ ਆਪੋ ਵਿੱਚ ਕਹਿਣ ਲੱਗੇ ਇਹ ਕੌਣ ਹੈ ਕਿ ਪੌਣ ਅਤੇ ਦਰਿਆਉ ਭੀ ਉਹ ਦੀ ਮੰਨ ਲੈਂਦੇ ਹਨ ॥

੫ ਕਾਂਡ ॥ ਅਤੇ ਓਹ ਦਰਿਆਉ ਦੇ ਪਾਰ ਗਿਰਸੇਨੀਆਂ ਦੇ ਦੇਸ ਵਿੱਚ ਪਹੁੰਚੇ ॥੨॥ ਜਾਂ ਉਹ ਬੇੜੀ ਉੱਤੋਂ ਉੱਤਰਿਆ ਤਾਂ ਓਵੇਂ ਇੱਕ ਮਨੁੱਖ ਜਿਹ ਨੂੰ ਭ੍ਰਿਸਟ ਆਤਮਾ ਚਿੰਬੜਿਆ ਹੋਇਆ ਸੀ ਕਬਰਾਂ ਵਿੱਚੋਂ ਨਿੱਕਲ ਕੇ ਉਹ ਨੂੰ ਆ ਮਿਲਿਆ ॥੩॥ ਉਹ ਕਬਰਾਂ ਵਿ- ਚ ਰਹਿੰਦਾ ਸੀ ਅਤੇ ਹੁਣ ਕੋਈ ਉਹ ਨੂੰ ਸੰਗਲਾਂ ਨਾਲ ਬੀ ਜਕੜ ਨਹੀਂ ਸੀ ਸੱਕਦਾ ॥੪॥ ਕਿਉਂ ਜੋ ਉਹ ਕਈ ਵਾਰੀ ਬੇੜੀਆਂ ਅਤੇ ਸੰਗਲਾਂ ਨਾਲ ਜਕੜਿਆ ਗਿਆ ਸੀ ਪਰ ਉਹ ਨੇ ਸੰਗਲ ਤੋੜ ਸੁੱਟੇ ਅਰ ਬੇੜੀਆਂ ਦੇ ਟੋਟੇ ਟੋਟੇ ਕਰ ਦਿੱਤੇ ਸਨ ਅਤੇ ਕੋਈ ਉਹ ਨੂੰ ਕਾਬੂ ਨਹੀਂ ਕਰ ਸੱਕ- ਦਾ ਸੀ ॥੫॥ ਅਤੇ ਉਹ ਰਾਤ ਦਿਨ ਨਿੱਤ ਕਬਰਾਂ ਅਤੇ ਪਹਾੜਾਂ ਵਿੱਚ ਚੀਕਾਂ ਮਾਰਦਾ ਅਰ ਆ- ਪਣੇ ਆਪ ਨੂੰ ਪੱਥਰਾਂ ਨਾਲ ਵੱਢਦਾ ਹੁੰਦਾ ਸੀ ॥੬॥ ਅਤੇ ਜਾਂ ਉਸ ਨੇ ਯਿਸੂ ਨੂੰ ਦੂਰੋਂ ਡਿੱਠਾ ਤਾਂ ਦੌੜਿਆ ਅਤੇ ਉਹ ਨੂੰ ਮੱਥਾ ਟੇਕਿਆ ॥੭॥ ਅਰ ਉੱਚੀ ਅਵਾਜ ਨਾਲ ਪੁਕਾਰ ਕੇ ਬੋਲਿਆ ਹੇ ਯਿਸੂ ਮਹਾਂ ਪਰਮੇਸ਼ੁਰ ਦੇ ਪੁਤ੍ਰ ਤੇਰਾ ਮੇਰੇ ਨਾਲ ਕੀ ਵਾਸਤਾ। ਮੈਂ ਤੈਨੂੰ ਪਰਮੇਸ਼ੁਰ ਦੀ ਸੌਂਹ ਦਿ- ਦਾਂ ਮੈਨੂੰ ਦੁੱਖ ਨਾ ਦਿਹ ॥੮॥ ਕਿਉਂ ਜੋ ਉਸ ਨੇ ਉਹ ਨੂੰ ਕਿਹਾ ਸੀ ਕਿ ਹੇ ਭ੍ਰਿਸਟ ਆਤਮਾ ਇਸ ਮ

Original with:
Language Department Punjab
Digitized by:
Panjab Digital Library

ਨੁੱਖ ਵਿੱਚੋਂ ਨਿੱਕਲ ਜਾਹ।। ੮।। ਫੇਰ ਉਸ ਨੈ ਉਹ ਨੂੰ ਪੁੱਛਿਆ ਤੇਰਾ ਕੀ ਨਾਉਂ ਹੈ। ਉਸ ਨੈ ਉਹ
ਨੂੰ ਕਿਹਾ ਮੇਰਾ ਨਾਉਂ ਫੌਜ ਹੈ ਕਿਉਂ ਜੋ ਅਸੀਂ ਬਹੁਤੇ ਹਾਂ।। ੧੦।। ਅਤੇ ਉਸ ਨੈ ਉਹ ਦੀਆਂ ਬ-
ਹੁਤ ਮਿੰਨਤਾਂ ਕੀਤੀਆਂ ਕੁਈ ਸਾ ਨੂੰ ਇਸ ਦੇਸ ਵਿੱਚੋਂ ਨਾ ਕੱਢ।। ੧੧।। ਅਰ ਉੱਥੇ ਪਹਾੜ ਦੇ ਨੇੜੇ
ਸੂਰਾਂ ਦਾ ਇੱਕ ਵੱਡਾ ਇੱਜੜ ਚੁਗਦਾ ਸੀ।। ੧੨।। ਅਤੇ ਉਨਾਂ ਨੈ ਉਹ ਦੀ ਮਿੰਨਤ ਕੀਤੀ ਕਿ ਸਾਨੂੰ
ਸੂਰਾਂ ਵਿੱਚ ਭੇਜ ਦਿਹ ਤਾਂ ਅਸੀਂ ਉਨਾਂ ਵਿੱਚ ਜਾ ਵੜਿਯੇ।। ੧੩।। ਅਤੇ ਉਸ ਨੈ ਉਨਾਂ ਨੂੰ ਜਾਣ ਦਿੱ-
ਤਾ। ਅਰ ਭ੍ਰਿਸਟ ਆਤਮੇ ਨਿੱਕਲ ਕੇ ਸੂਰਾਂ ਵਿੱਚ ਜਾ ਵੜੇ ਅਤੇ ਇੱਜੜ ਢਾਹੇ ਉੱਤੋਂ ਸਿਰ ਤੋੜ ਕੁੱ-
ਦ ਕੇ ਦਰਿਆਉ ਵਿੱਚ ਜਾ ਪਿਆ। ਓਹ ਗਿਣਤੀ ਵਿੱਚ ਦੋ ਕੁ ਹਜਾਰ ਸਨ ਅਤੇ ਓਹ ਦਰਿਆਉ
ਵਿੱਚ ਡੁੱਬ ਮੋਏ।। ੧੪।। ਤਦ ਉਨਾਂ ਦੇ ਚੁਗਾਉਣ ਵਾਲਿਆਂ ਨੈ ਨੱਠ ਕੇ ਨਗਰ ਅਤੇ ਪਿੰਡਾਂ ਵਿੱ-
ਚ ਖਬਰ ਪੁਚਾਈ ਅਰ ਲੋਕ ਇਹ ਵੇਖਣ ਨਿੱਕਲੇ ਜੋ ਕੀ ਹੋਇਆ ਹੈ।। ੧੫।। ਅਤੇ ਯਿਸੂ ਦੇ
ਕੋਲ ਆਣ ਕੇ ਉਸ ਭੂਤ ਵਾਲੇ ਨੂੰ ਜਿਸ ਉੱਤੇ ਫੌਜ ਦਾ ਸਾਇਆ ਸੀ ਕੱਪੜੇ ਪਹਿਨੀਂ ਅਤੇ ਸੁਰਤ
ਸਮ੍ਹਾਲੀ ਬੈਠਾ ਵੇਖਿਆ ਅਤੇ ਓਹ ਡੁਰ ਗਏ।। ੧੬।। ਅਰ ਵੇਖਣ ਵਾਲਿਆਂ ਨੈ ਉਸ ਭੂਤ ਦੇ
ਗ੍ਰਿਸੇ ਹੋਏ ਦੇ ਲਈ ਜੋ ਕੁਛ ਹੋਇਆ ਸੀ ਅਤੇ ਸੂਰਾਂ ਦਾ ਹਵਾਲ ਉਨਾਂ ਨੂੰ ਦੱਸਿਆ।। ੧੭।।
ਤਦ ਓਹ ਉਸ ਦੀ ਮਿੰਨਤ ਕਰਨ ਲੱਗੇ ਜੋ ਸਾਡੀ ਹੱਦੋਂ ਬਾਹਰ ਨਿੱਕਲ ਜਾਹ।। ੧੮।। ਅਤੇ ਜ-
ਉਂ ਉਹ ਬੇੜੀ ਉੱਤੇ ਚੜ੍ਹਨ ਲੱਗਾ ਤਾਂ ਜਿਹੜਾ ਪਹਿਲਾਂ ਭੂਤ ਦਾ ਗ੍ਰਿਸਿਆ ਹੋਇਆ ਸੀ ਉਸ
ਨੈ ਉਹ ਦੇ ਨਾਲ ਰਹਿਣ ਲਈ ਉਹ ਦੇ ਅੱਗੇ ਬੇਨਤੀ ਕੀਤੀ।। ੧੯।। ਅਤੇ ਉਸ ਨੈ ਉਹ ਨੂੰ ਰਹਿਣ

Original with:
Language Department Punjab
Digitized by:
Panjab Digital Library

ਨਾ ਦਿੱਤਾ ਪਰ ਉਹ ਨੂੰ ਆਖਿਆ ਆਪਣੇ ਘਰ ਆਪਣੇ ਸਾਕਾਂ ਕੋਲ ਜਾਹ ਅਤੇ ਉਨਾਂ ਨੂੰ ਦੱਸ
ਜੋ ਪ੍ਰਭੁ ਨੈ ਤੇਰੇ ਲਈ ਕੇਡੇ ਕੰਮ ਕੀਤੇ ਹਨ ਅਰ ਤੇਰੇ ਉੱਤੇ ਦਯਾ ਕੀਤੀ ॥ ੨੦ ॥ ਅਤੇ ਉਹ ਚੱਲਿ-
ਆ ਰਿਆ ਅਰ ਦਿਕਾਪੁਲਿਸ ਵਿੱਚ ਮਨਾਦੀ ਕਰਨ ਲੱਗਾ ਜੋ ਯਿਸੂ ਨੈ ਉਹ ਦੇ ਲਈ ਕੇਡੇ
ਕੰਮ ਕੀਤੇ ਅਤੇ ਸਾਰੇ ਲੋਕ ਹੈਰਾਨ ਹੋਏ ॥ ॥ ੨੧ ॥ ਅਤੇ ਜਾਂ ਯਿਸੂ ਬੇੜੀ ਉੱਤੇ ਫੇਰ
ਪਾਰ ਲੰਘਿਆ ਤਾਂ ਇੱਕ ਵੱਡੀ ਭੀੜ ਉਸ ਕੋਲ ਕੱਠੀ ਹੋਈ ਅਤੇ ਉਹ ਦਰਿਆਉ ਦੇ ਕੰਢੇ ਉੱਤੇ
ਸੀ ॥ ੨੨ ॥ ਅਰ ਸ਼ਮਾਜ ਦੇ ਸਰਦਾਰਾਂ ਵਿੱਚੋਂ ਜੈਰੁਸ ਨਾਮੇ ਇੱਕ ਮਨੁੱਖ ਆਇਆ ਅਤੇ ਉਹ
ਨੂੰ ਵੇਖ ਕੇ ਉਹ ਦੇ ਪੈਰੀਂ ਪਿਆ ॥ ੨੩ ॥ ਅਤੇ ਉਹ ਦੀ ਬਹੁਤ ਮਿੰਨਤ ਕੀਤੀ ਜੋ ਮੇਰੀ ਛੋਟੀ ਧੀ ਮ-
ਰਨਾਊ ਹੈ ਚੱਲ ਕੇ ਉਹ ਦੇ ਉੱਤੇ ਆਪਣੇ ਹੱਥ ਰੱਖ ਤਾਂ ਉਹ ਚੰਗੀ ਹੋਵੇ ਅਤੇ ਜੀਉਂਦੀ ਰਹੇ ॥ ੨੪
॥ ਤਦ ਉਹ ਉਸ ਦੇ ਨਾਲ ਗਿਆ ਅਰ ਵੱਡੀ ਭੀੜ ਉਹ ਦੇ ਮਗਰ ਤੁਰੀ ਅਤੇ ਉਹ ਨੂੰ ਦੱਬ ਲਿ-
ਆ ॥ ॥ ੨੫ ॥ ਤਦ ਇੱਕ ਤੀਮੀਂ ਜਿਹ ਨੂੰ ਬਾਰਾਂ ਵਰਿਹਾਂ ਥੋਂ ਲਹੂ ਦੀ ਬਿਮਾਰੀ ਸੀ
॥ ੨੬ ॥ ਅਰ ਜਿਨ ਕਈ ਹਕੀਮਾਂ ਦੇ ਹੱਥੋਂ ਵੱਡਾ ਦੁੱਖ ਪਾਇਆ ਅਤੇ ਆਪਣਾ ਸਭ ਕੁਛ ਖ-
ਰਚ ਕਰ ਦਿੱਤਾ ਸੀ ਪਰ ਕੁਛ ਬੀ ਅਰਾਮ ਨਾ ਪਾਇਆ ਸਗੋਂ ਉਹ ਦਾ ਹੋਰ ਬੀ ਮਾੜਾ ਹਾਲ ਹੋ ਗਿ-
ਆ ਸੀ ॥ ੨੭ ॥ ਉਹ ਯਿਸੂ ਦੀ ਖਬਰ ਸੁਣ ਕੇ ਭੀੜ ਵਿੱਚ ਪਿੱਛੋਂ ਦੀ ਹੋ ਕੇ ਆਈ ਅਤੇ ਉਹ ਦਾ
ਲੀੜਾ ਛੋਹ ਲਿਆ ॥ ੨੮ ॥ ਕਿਉਂ ਜੋ ਉਸ ਆਖਿਆ ਕਈ ਜੇ ਮੈਂ ਨਿਰਾ ਉਹ ਦੇ ਲੀੜੇ ਨੂੰ ਹੀ ਛੋਹਾਂ
ਤਾਂ ਚੰਗੀ ਹੋ ਜਾਵਾਂਗੀ ॥ ੨੯ ॥ ਅਤੇ ਓਵੇਂ ਉਹ ਦੇ ਲਹੂ ਦੀ ਧਾਰ ਸੁੱਕ ਗਈ ਅਰ ਉਨ ਆਪਣੇ

Original with:
Language Department Punjab
Digitized by:
Panjab Digital Library

ਸਰੀਰ ਵਿੱਚ ਮਲੂਮ ਕਰ ਲਿਆ ਜੋ ਮੈਂ ਇਸ ਬਲਾ ਥੋਂ ਛੁੱਟੀ ॥੩੦॥ ਅਤੇ ਯਿਸੂ ਨੇ ਉਸ ਦੇ ਲੇ ਆਪਣੇ ਮਨ ਵਿਖੇ ਜਾਣ ਕੇ ਜੋ ਮੇਰੇ ਵਿੱਚੋਂ ਸਕਤਿ ਨਿੱਕਲੀ ਹੈ ਉਸ ਭੀੜ ਦੀ ਵਲ ਮੁੜ ਕੇ ਕਿਹਾ ਮੇਰੇ ਲੀੜੇ ਨੂੰ ਕਿਹ ਨੇ ਛੋਹਿਆ ॥੩੧॥ ਉਹ ਦੇ ਸਿੱਖਾਂ ਨੇ ਉਹ ਨੂੰ ਆਖਿਆ ਤੂੰ ਵੇਖਦਾ ਹੈਂ ਜੋ ਲੋਕ ਤੈਂ ਨੂੰ ਦਬਾਉਂਦੇ ਹਨ ਫੇਰ ਤੂੰ ਕਹਿੰਦਾ ਹੈਂ ਮੈਨੂੰ ਕਿਹ ਨੇ ਛੋਹਿਆ ॥੩੨॥ ਅਤੇ ਉਹ ਨੇ ਇਧਰ ਉਧਰ ਨਜਰ ਮਾਰੀ ਕਿ ਇਸ ਕੰਮ ਦੇ ਕਰਨ ਵਾਲੀ ਨੂੰ ਵੇਖੇ ॥੩੩॥ ਤਦ ਉਹ ਤੀਮੀ ਜੋ ਕੁਛ ਉਸ ਉੱਤੇ ਬੀਤਿਆ ਸੀ ਜਾਣ ਕੇ ਡਰਦੀ ਅਤੇ ਕੰਬਦੀ ਆਈ ਅਤੇ ਉਹ ਦੇ ਚਰਨਾਂ ਉੱਤੇ ਡਿਗ ਕੇ ਸਾਰੀ ਹਕੀਕਤ ਉਹ ਨੂੰ ਦੱਸ ਦਿੱਤੀ ॥੩੪॥ ਤਾਂ ਉਸ ਨੇ ਉਹ ਨੂੰ ਕਿਹਾ ਹੇ ਧੀਏ ਤੇਰੀ ਨਿਹਚਾ ਨੇ ਤੈਂ ਨੂੰ ਚੰਗਾ ਕੀਤਾ ਹੈ ਸਲਾਮਤ ਚੱਲੀ ਜਾਹ ਅਤੇ ਆਪਣੀ ਬਲਾ ਥੋਂ ਬਚੀ ਰਹੁ ॥

॥੩੫॥ ਉਹ ਅਜੇ ਬੋਲਦਾ ਹੀ ਸੀ ਕਿ ਸਮਾਜ ਦੇ ਸਰਦਾਰ ਦੇ ਘਰੋਂ ਲੋਕਾਂ ਨੇ ਆਣ ਕੇ ਆਖਿਆ ਤੇਰੀ ਧੀ ਮਰ ਗਈ ਗੁਰੂ ਨੂੰ ਕਿਉਂ ਹੋਰ ਔਖਾ ਕਰਦਾ ਹੈਂ ॥੩੬॥ ਪਰ ਯਿਸੂ ਨੇ ਉਸ ਗੱਲ ਦੀ ਜੋ ਓਹ ਆਖਦੇ ਸਨ ਪਰਵਾਹ ਨਾ ਕਰ ਕੇ ਸਮਾਜ ਦੇ ਸਰਦਾਰ ਨੂੰ ਕਿਹਾ ਨਾ ਡਰ ਕੇਵਲ ਨਿਹਚਾ ਕਰ ॥੩੭॥ ਅਤੇ ਉਸ ਨੇ ਪਤਰਸ ਅਰ ਯਾਕੂਬ ਅਰ ਯਾਕੂਬ ਦੇ ਭਰਾ ਯੂਹੰਨਾ ਦੇ ਬਿਨਾ ਹੋਰ ਕਿਸੇ ਨੂੰ ਆਪਣੇ ਨਾਲ ਆਉਣ ਨਾ ਦਿੱਤਾ ॥੩੮॥ ਅਤੇ ਜਦ ਓਹ ਸਮਾਜ ਦੇ ਸਰਦਾਰ ਦੇ ਘਰ ਪਹੁੰਚੇ ਤਦ ਉਸ ਨੇ ਰੌਲਾ ਪਿਆ ਹੋਇਆ ਅਤੇ ਲੋਕਾਂ ਨੂੰ ਬਹੁਤ ਰੋਂਦੇ ਕੁਰਲਾਉਂਦੇ ਵੇਖਿਆ ॥੩੯॥ ਅਤੇ ਅੰਦਰ ਜਾ ਕੇ ਉਨਾਂ ਨੂੰ ਆਖਿਆ ਤੁਸੀਂ ਕਾਹ ਨੂੰ ਰੌਲਾ ਪਾਉਂਦੇ ਅਤੇ

Original with:
Language Department Punjab
Digitized by:
Panjab Digital Library

ਰੋਂਦੇ ਹੋਂ ਲੜਕੀ ਮਰੀ ਨਹੀਂ ਪਰ ਸੁੱਤੀ ਹੋਈ ਹੈ॥੪੦॥ ਤਾਂ ਓਹ ਉਸ ਉੱਤੇ ਹੱਸੇ। ਪਰ ਉਹ ਸਭਨਾਂ ਨੂੰ ਬਾਹਰ ਕੱਢ ਕੇ ਲੜਕੀ ਦੇ ਮਾਂ ਪਿਉ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜਿੱਥੇ ਲੜਕੀ ਸੀ ਉੱਥੇ ਅੰਦਰ ਗਿਆ॥੪੧॥ ਅਰ ਉਸ ਨੇ ਲੜਕੀ ਦਾ ਹੱਥ ਫੜ ਕੇ ਉਹ ਨੂੰ ਕਿਹਾ ਤਲੀਤਾ ਕੂਮੀ ਜਿਹਦਾ ਅਰਥ ਇਹ ਹੈ ਕਿ ਹੇ ਕੰਨਿਆਂ ਮੈਂ ਤੈਨੂੰ ਆਖਦਾ ਹਾਂ ਉੱਠ॥੪੨॥ ਅਤੇ ਉਹ ਕੰਨਿਆਂ ਝੱਟ ਉੱਠ ਖੜੀ ਹੋਈ ਅਰ ਤੁਰਨ ਫਿਰਨ ਲੱਗੀ ਕਿਉਂ ਜੋ ਉਹ ਬਾਰਾਂ ਵਰਿਹਾਂ ਦੀ ਸੀ। ਅਤੇ ਓਵੇਂ ਓਹ ਵੱਡੇ ਅਚੰਭੇ ਵਿੱਚ ਆਣ ਕੇ ਹੈਰਾਨ ਹੋ ਗਏ॥੪੩॥ ਅਤੇ ਉਸ ਨੇ ਉਨਾਂ ਨੂੰ ਤਰੀਦ ਨਾਲ ਹੁਕਮ ਕੀਤਾ ਕੁਈ ਕੋਈ ਇਹ ਗੱਲ ਨਾ ਜਾਣੇ ਅਤੇ ਆਖਿਆ ਜੋ ਉਸ ਨੂੰ ਕੁਛ ਖਾਣ ਲਈ ਦਿੱਤਾ ਜਾਏ॥

੬ ਕਾਂਡ॥ ਫੇਰ ਉਹ ਉੱਥੋਂ ਤੁਰ ਕੇ ਆਪਣੇ ਦੇਸ ਵਿੱਚ ਆਇਆ ਅਰ ਉਹ ਦੇ ਸਿੱਖ ਉਹ ਦੇ ਪਿੱਛੇ ਹੋ ਤੁਰੇ॥੨॥ ਅਤੇ ਜਾਂ ਸਬਤ ਦਾ ਦਿਨ ਹੋਇਆ ਤਾਂ ਉਹ ਸਮਾਜ ਵਿੱਚ ਉਪ-
ਦੇਸ ਦੇਣ ਲੱਗਾ ਅਰ ਬਹੁਤੇ ਸੁਣ ਕੇ ਹੈਰਾਨ ਹੋ ਗਏ ਅਤੇ ਬੋਲੇ ਕਿ ਏਹ ਗੱਲਾਂ ਇਸ ਨੂੰ ਕਿੱਥੋਂ ਆ-
ਈਆਂ ਅਤੇ ਇਹ ਕਿਹੋ ਜਿਹਾ ਗਿਆਨ ਹੈ ਜੋ ਇਸ ਨੂੰ ਦਿੱਤਾ ਗਿਆ ਅਰ ਏਹੋ ਜੇਹੀਆਂ ਕਰਾਮਾਤ
ਜੋ ਉਹ ਦੇ ਹੱਥੋਂ ਹੁੰਦੀਆਂ ਹਨ ਕੀ ਹਨ॥੩॥ ਕੁਲਾਇਹ ਤਰਖਾਣ ਨਹੀਂ ਹੈ ਮਰਿਯਮ ਦਾ ਪੁੜ ਅ-
ਤੇ ਯਾਕੂਬ ਅਰ ਯੋਸੇਸ ਅਰ ਯਹੂਦਾ ਅਰ ਸਮਊਨ ਦਾ ਭਾਈ ਅਤੇ ਉਹ ਦੀਆਂ ਭੈਣਾਂ ਕਿਆ
ਐੱਥੇ ਸਾਡੇ ਕੋਲ ਨਹੀਂ ਹਨ। ਸੋ ਉਨਾਂ ਉਸ ਥੋਂ ਠੋਕਰ ਖਾਧੀ॥੪॥ ਅਤੇ ਯਿਸੂ ਨੇ ਉਨਾਂ ਨੂੰ ਆਖਿ-

Original with:
Language Department Punjab
Digitized by:
Panjab Digital Library

ਆ ਪਿਕੰਬਰ ਦਾ ਆਪਣੇ ਦੇਸ ਅਤੇ ਆਪਣੇ ਅੰਗ ਸਾਕ ਅਤੇ ਆਪਣੇ ਘਰ ਥੋਂ ਬਿਨਾ ਹੋਰ ਕਿ-
ਤੇ ਨਿਆਦਰ ਨਹੀਂ ਹੁੰਦਾ ॥੫॥ ਅਰ ਉਹ ਉੱਥੇ ਕੋਈ ਕਰਾਮਾਤ ਨਾ ਵਿਖਾ ਸੱਕਿਆ ਪਰ ਥੋੜ੍ਹੇ ਜੇਹੇ
ਰੋਗੀਆਂ ਉੱਤੇ ਹੱਥ ਰੱਖ ਕੇ ਉਨਾਂ ਨੂੰ ਚੰਗਾ ਕੀਤਾ ॥੬॥ ਅਤੇ ਉਸ ਨੈ ਉਨਾਂ ਦੀ ਬੇ ਪਰਤੀਤੀ ਉੱਤੇ ਅ-
ਚੰਭਾ ਕੀਤਾ। ਅਰ ਉਹ ਆਲੇ ਦੁਆਲੇ ਦੇ ਪਿੰਡਾਂ ਵਿੱਚ ਉਪਦੇਸ ਦਿੰਦਾ ਫਿਰਿਆ ॥
॥੭॥ ਅਤੇ ਉਹ ਉਨਾਂ ਬਾਰਾਂ ਨੂੰ ਕੋਲ ਸੱਦ ਕੇ ਉਨਾਂ ਨੂੰ ਦੋ ਦੋ ਕਰ ਕੇ ਭੇਜਣ ਲੱਗਾ ਅਰ ਉਸ ਨੈ ਉ-
ਨਾਂ ਨੂੰ ਭ੍ਰਿਸਟ ਆਤਮਿਆਂ ਉੱਤੇ ਇਖਤਿਆਰ ਦਿੱਤਾ ॥੮॥ ਅਤੇ ਉਨਾਂ ਨੂੰ ਹੁਕਮ ਕੀਤਾ ਕੁਈ ਰ
ਹ ਦੇ ਲਈ ਲਾਠੀ ਬਿਨਾ ਹੋਰ ਕੁਛ ਨਾ ਲਓ ਨਾ ਰੋਟੀ ਨਾ ਝੋਲਾ ਅਤੇ ਨਾ ਕੁਛ ਖਰਚ ਆਪਣੇ ਲੱਕ
ਨਾਲ ਬੰਨੋ ॥ ੯॥ ਪਰ ਜੁੱਤੀ ਪਾਓ ਅਤੇ ਦੋ ਕੁਰਤੇ ਨਾ ਪਹਿਨੋ ॥੧੦॥ ਅਰ ਉਸ ਨੈ ਉਨਾਂ ਨੂੰ ਆ-
ਖਿਆ ਕਿ ਜਿੱਥੇ ਤੁਸੀਂ ਕਿਸੇ ਘਰ ਵਿੱਚ ਜਾਓ ਤਾਂ ਜਿਨਾਂ ਚਿਰ ਉੱਥੋਂ ਨਾ ਤੁਰੋ ਉੱਥੇ ਹੀ ਟਿਕੋ ॥੧੧॥ ਪ
ਰ ਜਿੱਥੇ ਕਿਤੇ ਤੁਹਾਨੂੰ ਅੰਗੀਕਾਰ ਨਾ ਕਰਨ ਅਤੇ ਤੁਹਾਡੀ ਨਾ ਸੁਣਨ ਤਾਂ ਉੱਥੋਂ ਨਿੱਕਲ ਕੇ ਉਨਾਂ
ਉੱਤੇ ਸਾਖੀ ਲਈ ਆਪਣੇ ਪੈਰਾਂ ਦੇ ਹੇਠਾਂ ਦੀ ਧੂੜ ਝਾੜ ਸੁੱਟੋ ॥੧੨॥ ਅਤੇ ਓਹ ਬਾਹਰ ਜਾ ਕੇ ਮ
ਨ ਫੇਰੀ ਕਰਨ ਲੱਗੇ। ਕਿ ਲੋਕ ਤੋਬਾ ਕਰਨ ॥੧੩॥ ਅਰ ਬਹੁਤ ਸਾਰਿਆਂ ਭੂਤਾਂ ਨੂੰ ਕੱਢ ਦਿੱਤਾ ਅ-
ਤੇ ਬਹੁਤ ਸਾਰਿਆਂ ਰੋਗੀਆਂ ਪੁਰ ਤੇਲ ਮਲ ਕੇ ਉਨਾਂ ਨੂੰ ਚੰਗਾ ਕੀਤਾ ॥ ॥੧੪॥
ਅਤੇ ਰਾਜਾ ਹੇਰੋਦੇਸ ਨੈ ਸੁਣਿਆ ਕਿਉ ਜੋ ਉਹ ਦਾ ਨਾਉਂ ਬਹੁਤ ਉਜਾਗਰ ਹੋ ਰਿਆ ਸੀ। ਤਾਂ
ਉਸ ਨੈ ਆਖਿਆ ਯੂਹੰਨਾ ਬਪਤਿਸਮਾ ਦੇਣ ਵਾਲਾ ਮੁਰਦਿਆਂ ਵਿਚੋਂ ਜੀ ਉੱਠਿਆ ਹੈ ਅਤੇ

Original with:
Language Department Punjab
Digitized by:
Panjab Digital Library

ਇਸੇਲਈ ਉਸ ਥੋਂ ਕਰਾਮਾਤਾਂ ਪਰਗਟ ਹੁੰਦੀਆਂ ਹਨ॥੧੫॥ ਹੋਰਨਾਂ ਆਖਿਆ ਜੋ ਇਲੀ-
ਆਸ ਹੈ ਅਤੇ ਦੂਜਿਆਂ ਨੇ ਕਿਹਾ ਕਿ ਇਹ ਪਿਕੰਬਰ ਹੈ ਹੋਰਨਾਂ ਪਿਕੰਬਰਾਂ ਵਰਗਾ॥੧੬॥ ਪਰ
ਹੇਰੋਦੇਸ ਨੇ ਸੁਣਕੇ ਕਿਹਾ ਯੂਹੱਨਾ ਜਿਹ ਦਾ ਸਿਰ ਮੈਂ ਵਢਵਾਇਆ ਸੀ ਉਹੋ ਜੀ ਉੱਠਿਆ ਹੈ॥
੧੭॥ ਕਿਉਂਕਿ ਹੇਰੋਦੇਸ ਨੇ ਆਪਣੇ ਭਾਈ ਫੈਲਬੂਸ ਦੀ ਤੀਮੀਂ ਹੇਰੋਦਿਯਾਸ ਦੇ ਕਾਰਨ ਜਿਹ ਨੂੰ
ਉਸ ਨੇ ਵਿਆਹਿਆ ਸੀ ਆਪੇ ਲੋਕਾਂ ਨੂੰ ਭੇਜਕੇ ਯੂਹੱਨਾ ਨੂੰ ਫੜਵਾਇਆ ਅਤੇ ਉਹ ਨੂੰ ਕੈਦ-
ਖਾਨੇ ਵਿੱਚ ਬੰਦ ਕੀਤਾ ਸੀ॥੧੮॥ ਇਸ ਲਈ ਜੋ ਯੂਹੱਨਾ ਨੇ ਹੇਰੋਦੇਸ ਨੂੰ ਆਖਿਆ ਸੀ ਕਿ ਆ
ਪਣੇ ਭਾਈ ਦੀ ਤੀਮੀਂ ਦਾ ਰੱਖਣਾ ਤੈਨੂੰ ਜੋਗ ਨਹੀਂ॥੧੯॥ ਅਤੇ ਹੇਰੋਦਿਯਾਸ ਉਸ ਨਾਲ ਵੈਰ ਰੱ-
ਖਦੀ ਅਤੇ ਉਹ ਨੂੰ ਮਾਰ ਸੁੱਟਣਾ ਚਾਹੁੰਦੀ ਸੀ ਪਰ ਵੱਸ ਨਹੀਂ ਸੀ ਚੱਲਦਾ॥੨੦॥ ਕਿਉਂ ਜੋ ਹੇਰੋਦੇ
ਸ ਯੂਹੱਨਾ ਨੂੰ ਧਰਮੀ ਅਤੇ ਪਵਿੱਤ੍ਰ ਪੁਰਖ ਜਾਣਕੇ ਉਸ ਕੋਲੋਂ ਡਰਦਾ ਅਰ ਉਹ ਦੀ ਰੱਛਿਆ ਕ-
ਰਦਾ ਸੀ ਅਤੇ ਉਹ ਦੀ ਸੁਣਕੇ ਬਹੁਤ ਦੁਬਧਾ ਵਿੱਚ ਪੈ ਜਾਂਦਾ ਅਤੇ ਖੁਸੀ ਨਾਲ ਉਹ ਦੀ ਸੁਣ-
ਦਾ ਸੀ॥੨੧॥ ਅਰ ਦਾਉ ਦਾ ਦਿਨ ਆ ਪਹੁੰਚਿਆ ਜੋ ਹੇਰੋਦੇਸ ਨੇ ਆਪਣੇ ਜਨਮਦਿਨ ਉੱਤੇ
ਆਪਣੇ ਅਮੀਰਾਂ ਅਤੇ ਫੌਜ ਦੇ ਸਰਦਾਰਾਂ ਅਤੇ ਗਲੀਲ ਦੇ ਰਈਸਾਂ ਲਈ ਜ਼ਿਆਫਤ
ਕੀਤੀ॥੨੨॥ ਅਰ ਜਦ ਹੇਰੋਦਿਯਾਸ ਦੀ ਧੀ ਆਪ ਅੰਦਰ ਆਣਕੇ ਨੱਚੀ ਅਤੇ ਹੇਰੋਦੇਸ
ਅਰ ਉਹ ਦੇ ਨਾਲ ਬੈਠਣ ਵਾਲਿਆਂ ਨੂੰ ਰਿਝਾਇਆ ਤ ਦ ਰਾਜਾ ਨੇ ਉਸ ਕੰਨਿਆਂ ਨੂੰ ਕਿ
ਜੋ ਚਾਹੇਂ ਜੋ ਮੈਥੋਂ ਮੰਗ ਤਾਂ ਮੈਂ ਤੈਨੂੰ ਦਿਆਂਗਾ॥੨੩॥ ਅਰ ਉਹ ਦੇ ਅੱਗੇ ਸੌਂਹ ਖਾਧੀ ਭਈ

Original with:
Language Department Punjab
Digitized by:
Panjab Digital Library

ਜੋ ਕੁਛ ਤੂੰ ਮੈਂ ਥੋਂ ਮੰਗੇਂ ਮੈਂ ਆਪਣੇ ਅੱਧੇ ਰਾਜ ਤੀਕੁਰ ਭੀ ਤੈਨੂੰ ਦਿਆਂਗਾ ॥੨੪॥ ਤਦ ਉਸ ਨੇ ਬਾਹਰ ਜਾਕੇ ਆਪਣੀ ਮਾਂ ਨੂੰ ਕਿਹਾ ਮੈਂ ਕੀ ਮੰਗਾਂ। ਉਹ ਬੋਲੀ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ॥੨੫॥ ਤਦ ਉਹ ਫੁਰਤੀ ਨਾਲ ਉਸੇ ਵੇਲੇ ਰਾਜਾ ਦੇ ਕੋਲ ਫੇਰ ਅੰਦਰ ਗਈ ਅਤੇ ਅਰਜ ਕਰਕੇ ਕਿਹਾ ਮੈਂ ਇਹ ਚਾਹੁੰਦੀ ਹਾਂ ਜੋ ਤੂੰ ਇੱਕ ਥਾਲ ਵਿੱਚ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ਮੈਨੂੰ ਹੁਣੇ ਦੇ ਦਿਹ ॥੨੬॥ ਤਦ ਰਾਜਾ ਬਹੁਤ ਉਦਾਸ ਹੋਇਆ ਪਰ ਉਹਨੇ ਆਪਣੀ ਸੌਂਹ ਅਤੇ ਨਾਲ ਬੈਠਣ ਵਾਲਿਆਂ ਦੀ ਖਾਤਰ ਉਸ ਨੂੰ ਨਾਂਹ ਕਰਨੀ ਨਾ ਚਾਹੀ ॥੨੭॥ ਤਾਂ ਰਾਜਾ ਨੇ ਝੱਟ ਇੱਕ ਸਿਪਾਹੀ ਨੂੰ ਹੁਕਮ ਦੇਕੇ ਭੇਜਿਆ ਜੋ ਉਹ ਦਾ ਸਿਰ ਲਿਆਵੇ। ਤਦ ਉਹ ਨੇ ਜਾਕੇ ਉਹ ਦਾ ਸਿਰ ਕੈਦਖਾਨੇ ਵਿੱਚ ਵੱਢਿਆ ॥੨੮॥ ਅਤੇ ਇੱਕ ਥਾਲ ਵਿੱਚ ਰੱਖਕੇ ਲਿਆਂਦਾ ਅਰ ਕੰਨਿਆਂ ਨੂੰ ਦਿੱਤਾ ਅਤੇ ਕੰਨਿਆਂ ਨੇ ਉਹ ਆਪਣੀ ਮਾਂ ਨੂੰ ਦਿੱਤਾ ॥੨੯॥ ਅਤੇ ਉਹ ਦੇ ਸਿੱਖ ਸੁਣਕੇ ਆਏ ਅਰ ਉਹ ਦੀ ਲੋਥ ਚੁੱਕਕੇ ਉਸ ਨੂੰ ਕਬਰ ਵਿੱਚ ਰੱਖਿਆ ॥

॥੩੦॥ ਫੇਰ ਰਸੂਲ ਯਿਸੂ ਦੇ ਕੋਲ ਕੱਠੇ ਹੋਏ ਅਤੇ ਜੋ ਕੁਛ ਉਨਾਂ ਕੀਤਾ ਅਰ ਜੋ ਕੁਛ ਉਪਦੇਸ਼ ਦਿੱਤਾ ਸੀ ਸਭ ਉਹ ਨੂੰ ਦੱਸਿਆ ॥੩੧॥ ਤਾਂ ਉਸ ਨੇ ਉਨਾਂ ਨੂੰ ਆਖਿਆ ਤੁਸੀਂ ਆਪ ਉਜਾੜ ਥਾਉਂ ਅਲੱਗ ਚੱਲੇ ਚੱਲੋ ਅਤੇ ਰਤੀਕੁ ਸਸਤਾਓ ਕਿਉਂਕਿ ਬਹੁਤ ਲੋਕ ਆਉਂਦੇ ਜਾਂਦੇ ਸਨ ਅਤੇ ਉਨਾਂ ਨੂੰ ਰੋਟੀ ਖਾਣ ਦਾ ਭੀ ਵਿਹੁਲ ਨਹੀਂ ਸੀ ਹੁੰਦਾ ॥੩੨॥ ਸੋ ਓਹ ਬੇੜੀ ਉੱਤੇ ਇੱਕ ਉਜਾੜ ਥਾਉਂ ਵਿੱਚ ਅਲੱਗ ਚੱਲੇ ਗਏ ॥੩੩॥ ਪਰ ਲੋਕਾਂ ਨੇ ਉਨਾਂ ਨੂੰ ਜਾਂਦੇ ਵੇਖਿਆ ਅਤੇ

Original with:
Language Department Punjab
Digitized by:
Panjab Digital Library

ਬਹੁਤਿਆਂ ਨੈ ਉਨਾਂ ਨੂੰ ਪਛਾਣ ਲਿਆ ਅਰ ਸਾਰਿਆਂ ਨਗਰਾਂ ਥੋਂ ਪੈਦਲ ਉਧਰ ਨੂੰ ਇੱਕਸੰ-
ਗ ਦੌੜੇ ਅਤੇ ਉਨਾਂ ਥੋਂ ਅੱਗੇ ਹੀ ਜਾ ਪਹੁੰਚੇ॥੩੪॥ ਅਤੇ ਉਸ ਨੈ ਨਿੱਕਲ ਕੇ ਇੱਕ ਵਡੀ ਭੀੜ
ਵੇਖੀ ਅਰ ਉਨਾਂ ਪੁਰ ਤਰਸ ਖਾਧਾ ਇਸ ਲਈ ਜੋ ਓਹ ਉਨਾਂ ਭੇਡਾਂ ਵਾਂਙੂ ਸਨ ਜਿਨਾਂ ਦਾ ਅ-
ਯਾਲੀ ਨਾ ਹੋਵੇ। ਅਤੇ ਉਹ ਉਨਾਂ ਨੂੰ ਬਹੁਤ ਉਪਦੇਸ ਦੇਣ ਲੱਗਾ॥੩੫॥ ਅਰ ਜਾਂ ਦਿਨ ਬ-
ਹੁਤ ਚੜ ਗਿਆ ਤਾਂ ਉਹ ਦੇ ਸਿੱਖਾਂ ਨੈ ਉਸ ਕੋਲ ਆਣ ਕੇ ਕਿਹਾ ਇਹ ਥਾਉਂ ਉਜਾੜ ਹੈ ਅਤੇ ਦਿ-
ਨ ਹੁਣ ਬਹੁਤ ਚੜ ਗਿਆ॥੩੬॥ ਇਨਾਂ ਨੂੰ ਵਿਦਿਆ ਕਰ ਤਾਂ ਓਹ ਆਲੇ ਦੁਆਲੇ ਦੇ ਗਾ-
ਵਾਂ ਅਤੇ ਪਿੰਡਾਂ ਵਿੱਚ ਜਾ ਕੇ ਆਪਣੇ ਲਈ ਖਾਣ ਨੂੰ ਮੁੱਲ ਲੈਣ॥੩੭॥ ਪਰ ਉਸ ਨੈ ਤਿ-
ਨਾਂ ਨੂੰ ਉੱਤਰ ਦਿੱਤਾ ਤੁਸੀਂ ਹੀ ਉਨਾਂ ਨੂੰ ਖਾਣ ਲਈ ਦਿਓ। ਪਰ ਉਨਾਂ ਉਸ ਨੂੰ ਆਖਿਆ ਕੁਲ
ਅਸੀਂ ਜਾ ਕੇ ਸੋ ਰੁਪੱਯੇ ਦੀਆਂ ਰੋਟੀਆਂ ਮੁੱਲ ਲੈ ਕੇ ਇਨਾਂ ਨੂੰ ਖੁਆਇਜੇ॥੩੮॥ ਉਸ ਨੈ ਉ-
ਨਾਂ ਨੂੰ ਕਿਹਾ ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ ਜਾਓ ਵੇਖੋ। ਤਾਂ ਉਨਾਂ ਮਲੂਮ ਕਰ ਕੇ ਕਿ-
ਹਾ ਕਿ ਪੰਜ ਅਤੇ ਦੋ ਮੱਛੀਆਂ॥੩੯॥ ਤਾਂ ਉਸ ਨੈ ਉਨਾਂ ਨੂੰ ਹੁਕਮ ਦਿੱਤਾ ਕਿ ਸਭ ਹਰੇ ਘਾਹ
ਉੱਪਰ ਪੰਗਤਾਂ ਹੋ ਕੇ ਬਹਿ ਜਾਣ॥੪੦॥ ਅਰ ਉਨਾਂ ਦੀ ਸੌ ਸੌ ਅਤੇ ਪੰਜਾਹਾਂ ਪੰਜਾਹਾਂ ਦੀ ਪਾ-
ਲ ਬੈਠੀ॥੪੧॥ ਤਾਂ ਉਸ ਨੈ ਓਹ ਪੰਜ ਰੋਟੀਆਂ ਅਤੇ ਦੋਹੁ ਮੱਛੀਆਂ ਲੈ ਕੇ ਅਕਾਸ ਦੀ ਵ-
ਲ ਵੇਖਿਆ ਅਰ ਬਰਕਤ ਦੇ ਕੇ ਰੋਟੀਆਂ ਤੋੜੀਆਂ ਅਤੇ ਲੋਕਾਂ ਦੇ ਅੱਗੇ ਰੱਖਣ ਲਈ
ਸਿੱਖਾਂ ਨੂੰ ਦਿੱਤੀਆਂ ਅਤੇ ਦੋਵੇਂ ਮੱਛੀਆਂ ਉਹ ਨੈ ਸਭਨਾਂ ਵਿੱਚ ਵੰਡੀਆਂ॥੪੨॥ ਅਰ ਓ-

Original with:
Language Department Punjab
Digitized by:
Panjab Digital Library

ਹਜ਼ਾਰੇ ਖਾਕੇ ਰੱਜ ਗਾਏ॥੪੩॥ ਅਤੇ ਉਨਾਂ ਨੈ ਟੁਕੜਿਆਂ ਦੀਆਂ ਬਾਰਾਂ ਟੋਕਰੀਆਂ ਭਰੀ-
ਆਂ ਹੋਈਆਂ ਉਠਾਈਆਂ ਅਤੇ ਕੁਛ ਮੱਛੀਆਂ ਵਿੱਚੋਂ ਬੀ ਉਠਾਇਆ॥੪੪॥ ਅਤੇ ਰੋਟੀ-
ਆਂ ਦੇ ਖਾਣ ਵਾਲੇ ਪੰਜ ਹਜ਼ਾਰ ਮਰਦ ਸਨ॥ ॥੪੫॥ ਫੇਰ ਉਹ ਨੈ ਉਸੇ ਵੇਲੇ ਆ
ਪਣੇ ਸਿੱਖਾਂ ਨੂੰ ਤਰੀਦ ਕੀਤੀ ਭੁਈ ਜਦ ਤੀਕੁਰ ਮੈਂ ਭੀੜ ਨੂੰ ਵਿਦਿਆ ਕਰਾਂ ਤੁਸੀਂ ਬੇੜੀ ਉੱ-
ਤੇ ਚੜ੍ਹ ਕੇ ਮੈਥੋਂ ਅੱਗੇ ਬੈਤਸੈਦਾ ਨੂੰ ਪਾਰ ਜਾਓ॥੪੬॥ ਅਤੇ ਉਨਾਂ ਨੂੰ ਤੋਰ ਕੇ ਉਹ ਆਪ ਪ੍ਰਾ-
ਰਥਨਾ ਕਰਨ ਲਈ ਪਹਾੜ ਉੱਤੇ ਚੱਲਿਆ ਗਿਆ॥੪੭॥ ਅਰ ਜਾਂ ਸੰਝ ਹੋਈ ਤਾਂ ਬੇੜੀ
ਦਰਿਆਉ ਦੇ ਵਿਚਾਲੇ ਸੀ ਅਤੇ ਉਹ ਕੱਲਾ ਹੀ ਕੰਢੇ ਉੱਤੇ ਸੀ॥੪੮॥ ਅਤੇ ਜਾਂ ਉਸ ਨੈ ਉਨ-
ਨੂੰ ਚੱਪੇ ਲਾਉਣ ਵਿੱਚ ਔਖਾ ਵੇਖਿਆ ਕਿਉ ਜੋ ਪੌਣ ਸਾਹਮਣੀ ਸੀ ਤਾਂ ਰਾਤ ਦੇ ਪਿਛਲੇ ਪ-
ਹਿਰ ਉਹ ਦਰਿਆਉ ਦੇ ਉੱਤੋਂ ਦੀ ਤੁਰਦਿਆਂ ਉਨਾਂ ਦੀ ਵਲ ਆਇਆ ਅਤੇ ਉਨਾਂ ਥੋਂ ਅੱ-
ਗੇ ਵਧਣ ਨੂੰ ਕਰਦਾ ਸੀ॥੪੯॥ ਪਰ ਜਾਂ ਉਨਾਂ ਉਸ ਨੂੰ ਦਰਿਆਉ ਉੱਤੇ ਤੁਰਦਿਆਂ ਵੇਖਿ-
ਆ ਤਾਂ ਉਹ ਨੂੰ ਭੂਤ ਜਾਣ ਕੇ ਚੀਕਾਂ ਮਾਰਨ ਲੱਗੇ॥੫੦॥ ਕਿਉਕਿ ਓਹ ਸਭ ਉਸ ਨੂੰ ਵੇਖ-
ਕੇ ਘਬਰਾ ਗਏ ਸਨ। ਅਤੇ ਉਸ ਨੈ ਓਵੇਂ ਉਨਾਂ ਦੇ ਨਾਲ ਗੱਲਾਂ ਕਰ ਕੇ ਉਨਾਂ ਨੂੰ ਕਿਹਾ ਖਾਤ-
ਰ ਜਮਾ ਰੱਖੋ ਮੈਂ ਹਾਂ ਨਾ ਡਰੋ॥੫੧॥ ਤਦ ਉਹ ਬੇੜੀ ਉੱਤੇ ਉਨਾਂ ਕੋਲ ਚੜ੍ਹ ਗਿਆ ਅਤੇ ਪੌਣ
ਥੰਮ੍ਹ ਗਈ। ਤਦ ਓਹ ਆਪਣੇ ਮਨਾਂ ਵਿੱਚ ਡਾਢੇ ਅਚਰਜ ਹੋਏ॥੫੨॥ ਕਿਉ ਜੋ ਉਨਾਂ ਨੈ
ਉਨਾਂ ਰੋਟੀਆਂ ਦੀ ਗੱਲ ਨਹੀਂ ਸੀ ਸਮਝੀ ਪਰ ਉਨਾਂ ਦੇ ਮਨ ਸੁੰਨ ਹੋਏ ਹੋਏ ਸਨ॥

Original with:
Language Department Punjab
Digitized by:
Panjab Digital Library

॥੫੨॥ਅਤੇ ਓਹ ਪਾਰ ਲੰਘਕੇ ਗਨੇਸਰਤ ਦੇ ਦੇਸ ਵਿੱਚ ਅੱਪੜੇ ਅਰ ਬੇੜੀ ਨੂੰ ਘਾਟ ਪੁ-
ਰ ਲਾਇਆ॥੫੪॥ਅਤੇ ਜਾਂ ਓਹ ਬੇੜੀ ਉੱਤੋਂ ਉੱਤਰੇ ਤਾਂ ਲੋਕਾਂ ਨੈ ਉਸ ਨੂੰ ਝੱਟ ਸਿਆਣ
ਲਿਆ॥੫੫॥ਅਰ ਉਸ ਸਾਰੇ ਦੇਸ ਦੇ ਚੌਗੀਂ ਪਾਸੀਂ ਦੌੜੇ ਅਰ ਜਿੱਥੇ ਸੁਣਿਆ ਕਿ ਉਹ ਹੈ
ਉੱਥੇ ਰੋਗੀਆਂ ਨੂੰ ਮੰਜੀਂ ਪਾਕੇ ਲੈ ਜਾਣ ਲੱਗੇ॥੫੬॥ਅਰ ਉਹ ਜਿੱਥੇ ਕਿਤੇ ਪਿੰਡਾਂ ਜਾਂ ਨ-
ਗਰਾਂ ਜਾਂ ਗਰਾਵਾਂ ਵਿੱਚ ਵੜਦਾ ਸੀ ਉੱਥੇ ਹੀ ਮਾਂਦਿਆਂ ਨੂੰ ਬਜ਼ਾਰਾਂ ਵਿੱਚ ਲਿਆ ਰੱਖਦੇ
ਸਨ ਅਤੇ ਉਹ ਦੀ ਮਿੰਨਤ ਕਰਦੇ ਸਨ ਕਿ ਉਹ ਦੇ ਲੀੜੇ ਦਾ ਪੱਲਾ ਹੀ ਛੋਹਣ ਪਾਉਣ ਅਰ
ਜਿੰਨਿਆਂ ਨੈ ਉਸ ਨੂੰ ਛੋਹਿਆ ਸੋ ਸਭੇ ਚੰਗੇ ਹੋ ਗਏ॥

੭ਕਾਂਡ॥

ਅਤੇ ਫਰੀਸੀ ਅਰ ਕਈ ਰੀਥੀ ਜੇਹੜੇ ਯਰੂਸਲੀਮ ਥੋਂ ਆਏ ਸਨ॥੨॥
ਅਤੇ ਜਿਨਾਂ ਨੈ ਉਹ ਦੇ ਕਿਨਿਆਂ ਸਿੱਖਾਂ ਨੂੰ ਅਸੁੱਧ ਅਰਥਾਤ ਅਣਧੋਤੇ ਹੱਥ
ਨਾਲ ਰੋਟੀ ਖਾਂਦੇ ਵੇਖਿਆ ਸੀ ਉਹ ਦੇ ਕੋਲ ਕੱਠੇ ਹੋਏ॥੩॥ਕਿਉਂ ਜੋ ਫਰੀਸੀ ਅਤੇ ਸਾਰੇ ਯਹੂ-
ਦੀ ਵਡਿਆਂ ਦੀ ਰੀਤ ਨੂੰ ਮੰਨਕੇ ਜਦ ਤੀਕਰ ਹੱਥਾਂ ਨੂੰ ਮਲ੍ਹਾ ਮਲ੍ਹਕੇ ਨਾ ਧੋ ਲੈਣ ਖਾਂਦੇ ਨਹੀਂ॥
੪॥ਅਤੇ ਬਜ਼ਾਰੋਂ ਆਣਕੇ ਨਹੀਂ ਖਾਂਦੇ ਜਿੰਨਾਂ ਚਿਰ ਨਹਾ ਨਾ ਲੈਣ। ਅਤੇ ਹੋਰ ਬਥੇਰੀਆਂ ਰੱਸ-
ਲਾਂ ਹਨ ਜੇਹੜੀਆਂ ਉਨਾਂ ਨੈ ਮੰਨਣ ਵਾਸਤੇ ਕ਼ਬੂਲ ਕੀਤੀਆਂ ਹਨ ਜਿਹਾ ਕ ਕਟੋਰਿਆਂ ਅ-
ਰ ਲੋਟਿਆਂ ਅਰ ਪਿੱਤਲ ਦੇ ਭਾਂਡਿਆਂ ਦਾ ਧੋਣਾ॥੫॥ਤਦ ਫਰੀਸੀਆਂ ਅਤੇ ਰੀਥੀਆਂ ਨੈ
ਉਹ ਨੂੰ ਪੁੱਛਿਆ ਤੇਰੇ ਸਿੱਖ ਵਡਿਆਂ ਦੀ ਰੀਤ ਉੱਤੇ ਕਿਉਂ ਨਹੀਂ ਚੱਲਦੇ ਪਰ ਅਸੁੱਧ ਹੱਥੀਂ

Original with:
Language Department Punjab
Digitized by:
Panjab Digital Library

ਰੋਟੀ ਖਾਂਦੇ ਹਨ॥੬॥ ਉਸ ਨੇ ਉਨਾਂ ਨੂੰ ਕਿਹਾ ਤੁਸਾਂ ਕਪਟੀਆਂ ਦੀ ਬਾਬਤ ਯਸਾਯਾਹ ਨੇ ਠੀਕ
ਅਰੰਮ ਵਾਕ ਕੀਤਾ ਜਿਹਾ ਕੁ ਲਿਖਿਆ ਹੈ ਭੁਈ ਏਹ ਲੋਕ ਆਪਣੇ ਹੋਠਾਂ ਨਾਲ ਮੇਰਾ ਆਦ-
ਰ ਕਰਦੇ ਹਨ ਪਰ ਇਨਾਂ ਦਾ ਮਨ ਮੈਥੋਂ ਦੂਰ ਹੈ॥੭॥ ਪਰ ਓਹ ਵਿਰਥਾ ਮੇਰੀ ਸੇਵਾ ਕਰਦੇ ਹਨ
ਕਿਉਂ ਜੋ ਮਨੁੱਖਾਂ ਦੀਆਂ ਆਗਿਆਂ ਨੂੰ ਸਿੱਖਿਆ ਠਰਾਕੇ ਸਿਖਾਉਂਦੇ ਹਨ॥੮॥ ਤੁਸੀਂ ਪਰ-
ਮੇਸੁਰ ਦੇ ਹੁਕਮ ਨੂੰ ਛੱਡ ਕੇ ਮਨੁੱਖਾਂ ਦੀ ਰੀਤ ਨੂੰ ਮੰਨ ਲੈਂਦੇ ਹੋ॥੮॥ ਅਤੇ ਉਸ ਨੇ ਉਨਾਂ ਨੂੰ
ਆਖਿਆ ਤੁਸੀਂ ਪਰਮੇਸੁਰ ਦੇ ਹੁਕਮ ਨੂੰ ਚੰਗੀ ਤਰਾਂ ਟਾਲ ਦਿੰਦੇ ਹੋ ਜੋ ਆਪਣੀ ਰੀਤ ਨੂੰ ਕ ੦
ਇਮ ਰੱਖੋ॥੧੦॥ ਕਿਉਂ ਕਿ ਮੂਸਾ ਨੇ ਕਿਹਾ ਕਿ ਆਪਣੇ ਪਿਉ ਅਤੇ ਆਪਣੀ ਮਾਂ ਦਾ ਆਦਰ
ਕਰ ਅਤੇ ਜਿਹੜਾ ਪਿਉ ਜਾਂ ਮਾਂ ਨੂੰ ਮੰਦਾ ਬੋਲੇ ਉਹ ਜਰੂਰ ਮਾਰਿਆ ਜਾਵੇ॥੧੧॥ ਪਰ ਤੁਸੀਂ ਆ ੦
ਖਦੇ ਹੋ ਜੇ ਕੋਈ ਮਨੁੱਖ ਪਿਉ ਜਾਂ ਮਾਂ ਨੂੰ ਕਹੇ ਭੁਈ ਜੋ ਕੁਛ ਮੇਰੇ ਕੋਲੋਂ ਤੈਨੂੰ ਲਾਭ ਹੋ ਸੱਕਦਾ ਸੀ
ਸੋ ਕੁਰਬਾਨ ਅਰਥਾਤ ਭੇਟ ਚੜਾ ਦਿੱਤਾ ਹੈ॥੧੨॥ ਤੁਸੀਂ ਫੇਰ ਉਹ ਨੂੰ ਉਹ ਦੇ ਪਿਉ ਜਾਂ ਉਹ ਦੀ
ਮਾਂ ਦੀ ਲਈ ਕੁਛ ਨਹੀਂ ਕਰਨ ਦਿੰਦੇ॥੧੩॥ ਇਸ ਤਰਾਂ ਤੁਸੀਂ ਪਰਮੇਸੁਰ ਦੇ ਬਚਨ ਨੂੰ ਆਪ
ਣੀ ਰੀਤ ਨਾਲ ਜਿਹੜੀ ਤੁਸਾਂ ਚਲਾਈ ਹੈ ਅਕਾਰਥ ਕਰਦੇ ਹੋ ਅਤੇ ਹੋਰ ਬਥੇਰੇ ਏਹੋ ਜੇਹੇ ਕੰਮ
ਤੁਸੀਂ ਕਰਦੇ ਹੋ॥੧੪॥ ਅਰ ਉਸ ਨੇ ਲੋਕਾਂ ਨੂੰ ਫੇਰ ਕੋਲ ਸੱਦ ਕੇ ਉਨਾਂ ਨੂੰ ਆਖਿਆ ਤੁਸੀਂ ਸ
ਭ ਦੇ ਸਭ ਮੇਰੀ ਸੁਣੋ ਅਤੇ ਸਮਝੋ॥੧੫॥ ਇਹੋ ਜਿਹੀ ਕੋਈ ਚੀਜ ਨਹੀਂ ਹੈ ਜਿਹੜੀ ਮਨੁੱਖ ਦੇ
ਬਾਹਰੋਂ ਉਹ ਦੇ ਅੰਦਰ ਜਾ ਕੇ ਉਸ ਨੂੰ ਭ੍ਰਿਸਟ ਕਰ ਸੱਕੇ ਪਰ ਜੇਹੜੀਆਂ ਚੀਜਾਂ ਉਹ ਦੇ ਅੰਦਰੋ

Original with:
Language Department Punjab
Digitized by:
Panjab Digital Library

ਨਿੱਕਲਦੀਆਂ ਹਨ ਓਹੋ ਮਨੁੱਖ ਨੂੰ ਭ੍ਰਿਸ਼ਟ ਕਰਦੀਆਂ ਹਨ॥ ੧੭॥ ਅਤੇ ਜਾਂ ਉਹ ਲੋਕਾਂ ਦੇ
ਪਾਸੋਂ ਘਰ ਵਿੱਚ ਗਿਆ ਤਾਂ ਉਹ ਦੇ ਸਿੱਖਾਂ ਨੇ ਉਹ ਦ੍ਰਿਸ਼ਟਾਂਤ ਉਸ ਥੋਂ ਪੁੱਛਿਆ॥ ੧੮॥ ਤਾਂ ਉ-
ਸ ਨੇ ਉਨਾਂ ਨੂੰ ਕਿਹਾ ਭਲਾ ਤੁਸੀਂ ਬੀ ਅਜੇਹੇ ਨਿਰਬੁੱਧ ਹੋ ਕੀ ਤੁਸੀਂ ਨਹੀਂ ਸਮਝਦੇ ਭਈ ਜੋ ਕੁਛ
ਬਾਹਰੋਂ ਮਨੁੱਖ ਵਿੱਚ ਜਾਂਦਾ ਹੈ ਜੋ ਉਹ ਨੂੰ ਭ੍ਰਿਸ਼ਟ ਨਹੀਂ ਕਰ ਸੱਕਦਾ॥ ੧੯॥ ਕਿਉਂਕਿ ਉਹ ਉਸ
ਦੇ ਮਨ ਵਿੱਚ ਨਹੀਂ ਪਰ ਢਿੱਡ ਵਿੱਚ ਜਾਂਦਾ ਹੈ ਅਤੇ ਸੇਦ ਖਾਨੇ ਵਿੱਚ ਨਿੱਕਲ ਜਾਂਦਾ ਹੈ। ਇਹ ਕ-
ਹਿ ਕੇ ਉਹ ਨੇ ਸਾਰੇ ਭੋਜਨ ਸੁੱਧ ਠਹਰਾਏ॥ ੨੦॥ ਫੇਰ ਓਨ ਆਖਿਆ ਭਈ ਜੋ ਮਨੁੱਖ ਦੇ ਅੰਦਰੋਂ
ਨਿੱਕਲਦਾ ਹੈ ਸੋਈ ਮਨੁੱਖ ਨੂੰ ਭ੍ਰਿਸ਼ਟ ਕਰਦਾ ਹੈ॥ ੨੧॥ ਕਿਉਂਕਿ ਅੰਦਰੋਂ ਮਨੁੱਖ ਦੇ ਮਨ ਵਿੱਚੋਂ
ਬੁਰੇ ਖਿਆਲ ਹਰਾਮਕਾਰੀਆਂ॥ ੨੨॥ ਚੋਰੀਆਂ ਖੂਨ ਜਾਰੀਆਂ ਲੋਭ ਬਦੀਆਂ ਛਲ ਮਸਤੀ
ਬੁਰੀ ਨਜਰ ਕੁਫਰ ਹੰਕਾਰ ਮੂਰਖਤਾਈ ਨਿੱਕਲਦੀ ਹੈ॥ ੨੩॥ ਏਹ ਸਾਰੀਆਂ ਬੁਰੀਆਂ ਗੱਲਾਂ
ਅੰਦਰੋਂ ਨਿੱਕਲਦੀਆਂ ਅਤੇ ਮਨੁੱਖ ਨੂੰ ਭ੍ਰਿਸ਼ਟ ਕਰਦੀਆਂ ਹਨ॥ ॥੨੪॥ ਫੇਰ
ਉਹ ਉੱਥੋਂ ਉੱਠਕੇ ਸੂਰ ਅਤੇ ਸੈਦਾ ਦੀਆਂ ਹੱਦਾਂ ਵਿੱਚ ਆਇਆ ਅਰ ਇੱਕ ਘਰ ਵਿੱਚ ਰਿਹਾ ੦
ਅਤੇ ਚਾਹੁੰਦਾ ਸੀ ਭਈ ਕਿਸੇ ਨੂੰ ਖਬਰ ਨਾ ਹੋਵੇ ਪਰ ਉਹ ਲੁਕਿਆ ਨਾ ਰਹਿ ਸੱਕਿਆ॥ ੨੫
॥ ਕਿਉਂ ਜੋ ਓਵੇਂ ਇੱਕ ਤੀਮੀ ਜਿਹ ਦੀ ਛੋਟੀ ਧੀ ਨੂੰ ਭ੍ਰਿਸ਼ਟ ਆਤਮਾ ਚਿੰਬੜਿਆ ਹੋਇਆ ਸੀ
ਉਹ ਦੀ ਖਬਰ ਸੁਣਕੇ ਆਈ ਅਤੇ ਉਹ ਦੇ ਪੈਰੀਂ ਪਈ॥ ੨੬॥ ਉਹ ਤੀਮੀ ਯੂਨਾਨਣ ਅਤੇ ਜ-
ਨਮ ਦੀ ਸੁਰ ਫੈ ਨਿੱਸਣ ਸੀ। ਉਸ ਨੇ ਉਹ ਦੇ ਅੱਗੇ ਅਰਜ ਕੀਤੀ ਜੋ ਤੂੰ ਮੇਰੀ ਧੀ ਵਿੱਚੋਂ ਭੂਤ ਨੂੰ

Original with:
Language Department Punjab
Digitized by:
Panjab Digital Library

ਕੱਢ ਦਿਹ ॥੨੭॥ ਪਰ ਉਸ ਨੈ ਉਹ ਨੂੰ ਕਿਹਾ ਪਹਿਲਾਂ ਬਾਲਕਾਂ ਨੂੰ ਰੱਜ ਕੇ ਖਾਣ ਦਿਹ ਕਿਉਂ
ਜੋ ਬਾਲਕਾਂ ਦੀ ਰੋਟੀ ਲੈ ਕੇ ਕਤੂਰਿਆਂ ਨੂੰ ਪਾਉਣੀ ਅੱਛੀ ਨਹੀਂ ਹੈ। ੨੮॥ ਉਸ ਨੈ ਉਹ ਨੂੰ ਉੱਤ
ਰ ਦਿੱਤਾ ਠੀਕ ਮਹਾਰਾਜ ਕਤੂਰੇ ਬੀ ਤਾਂ ਮੇਜ ਦੇ ਹੇਠ ਬਾਲਕਾਂ ਦੇ ਚੂਰੇ ਕੂਰੇ ਖਾਂਦੇ ਹਨ ॥੨੯॥
ਤਦ ਉਸ ਨੈ ਉਹ ਨੂੰ ਆਖਿਆ ਇਸ ਗੱਲ ਦੇ ਸਬੱਬ ਚੱਲੀ ਜਾਹ ਭੂਤ ਤੇਰੀ ਧੀ ਵਿੱਚੋਂ ਨਿੱਕਲ
ਗਿਆ ਹੈ ॥੩੦॥ ਅਤੇ ਉਹ ਨੈ ਆਪਣੇ ਘਰ ਜਾ ਕੇ ਵੇਖਿਆ ਜੋ ਲੜਕੀ ਮੰਜੇ ਉੱਤੇ ਲੀਮੀ ਪਈ
ਹੋਈ ਹੈ ਅਤੇ ਭੂਤ ਨਿੱਕਲ ਗਿਆ ਹੈ ॥ ॥੩੧॥ ਅਤੇ ਉਹ ਫੇਰ ਸੂਰ ਦੀਆਂ ਹੱਦਾਂ
ਦਾਥੋਂ ਨਿੱਕਲ ਕੇ ਸੈਦਾ ਦੇ ਰਾਹ ਦਿ ਕਾ ਪਲਿਸ ਦੀਆਂ ਹੱਦਾਂ ਵਿੱਚੋਂ ਦੀ ਹੋ ਕੇ ਗਲੀਲ ਦੇ ਦਰਿਆ ੦
ਉ ਨੂੰ ਗਿਆ ॥੩੨॥ ਅਤੇ ਲੋਕਾਂ ਨੈ ਇੱਕ ਬੋਲੇ ਨੂੰ ਜਿਹੜਾ ਥਥਲਾ ਬੀ ਸੀ ਉਹ ਦੇ ਕੋਲ ਲਿਆ ੦
ਕੇ ਉਹ ਦੀ ਮਿੰਨਤ ਕੀਤੀ ਜੋ ਉਸ ਪੁਰ ਆਪਣਾ ਹੱਥ ਰੱਖੇ ॥੩੩॥ ਅਤੇ ਉਹ ਉਸ ਨੂੰ ਭੀੜ ਥੋਂ ਅ-
ਲੱਗ ਲੈ ਗਿਆ ਅਰ ਆਪਣੀਆਂ ਉਂਗਲੀਆਂ ਉਹ ਦੇ ਕੰਨਾਂ ਵਿੱਚ ਦਿੱਤੀਆਂ ਅਤੇ ਥੁੱਕ ਕੇ
ਉਹ ਦੀ ਜੀਭ ਛੋਹੀ ॥੩੪॥ ਅਤੇ ਅਕਾਸ਼ ਵੱਲ ਵੇਖ ਕੇ ਹਉਕਾ ਭਰਿਆ ਅਰ ਉਹ ਨੂੰ ਆਖਿਆ ੦
ਇੱਫਤਾ ਅਰਥਾਤ ਖੁਲ ਜਾਹ ॥੩੫॥ ਅਤੇ ਉਹ ਦੇ ਕੰਨ ਖੁਲ ਗਏ ਅਰ ਉਹ ਦੀ ਜੀਭ ਦਾ
ਅਟਕਣਾ ਜਾਂਦਾ ਰਿਹਾ ਅਤੇ ਉਹ ਸਾਫ ਬੋਲਣ ਲੱਗ ਪਿਆ ॥੩੬॥ ਤਦ ਉਸ ਨੈ ਉਨਾਂ ਨੂੰ ਤ
ਗੀਦ ਨਾਲ ਆਖਿਆ ਭੁਈ ਕਿਸੇ ਕੋਲ ਨਾ ਕਹਿਣਾ। ਪਰ ਜਿੰਨੀ ਉਸ ਨੈ ਉਨਾਂ ਨੂੰ ਤਗੀਦ
ਕੀਤੀ ਓਹ ਓੱਨਾ ਉਸ ਗੱਲ ਨੂੰ ਹੋਰ ਬੀ ਬਹੁਤ ਉਜਾਗਰ ਕਰਦੇ ਰਹੇ ॥ ੩੭॥ ਅਤੇ ਲੋਕ ਡਾਢੇ

Original with:
Language Department Punjab
Digitized by:
Panjab Digital Library

ਹੈਰਾਨ ਹੋਕੇ ਬੋਲੇ ਕਿ ਉਹ ਨੇ ਸਭੋ ਕੁਝ ਅੱਛਾ ਕੀਤਾ ਹੈ। ਉਹ ਬੋਲ੍ਹਿਆਂ ਨੂੰ ਸੁਣਨ ਅਤੇ ਗੂੰਗਿਆਂ ਨੂੰ ਬੋਲਣ ਦੀ ਸਕਤਿ ਦਿੰਦਾ ਹੈ॥

੮ਕਾਂਡ॥ ਉਨੀਂ ਦਿਨੀਂ ਜਾਂ ਫੇਰ ਵਡੀ ਭੀੜ ਜੁੜ ਗਈ ਅਤੇ ਉਨਾਂ ਕੋਲ੍ਹ ਖਾਣ ਨੂੰ ਕੁਝ ਨਸੀ ਤਾਂ ਉਹ ਨੇ ਆਪਣੇ ਸਿੱਖਾਂ ਨੂੰ ਕੋਲ੍ਹ ਸੱਦ ਕੇ ਉਨਾਂ ਨੂੰ ਆਖਿਆ॥ ੨॥ ਮੈਂ ਨੂੰ ਲੋਕਾਂ ਉੱਤੇ ਤਰਸ ਆਉਂਦਾ ਹੈ ਕ੍ਯੋਂ ਜੋ ਹੁਣ ਓਹ ਤਿੰਨਾਂ ਦਿਨਾਂ ਥੋਂ ਮੇਰੇ ਨਾਲ੍ਹ ਰਹਿੰਦੇ ਹਨ ਅਤੇ ਉਨਾਂ ਦੇ ਕੋਲ੍ਹ ਖਾਣ ਨੂੰ ਕੁਝ ਨਹੀਂ॥ ੩॥ ਅਰ ਜੇ ਮੈਂ ਉਨਾਂ ਨੂੰ ਘਰਾਂ ਵਲ ਭੁੱਖਿਆਂ ਤੋਰ ਦਿਆਂ ਤਾਂ ਓਹ ਰਸਤੇ ਵਿੱਚ ਨਿਤਾਣੇ ਹੋ ਜਾਣਗੇ ਅਤੇ ਕਈ ਉਨਾਂ ਵਿੱਚੋਂ ਦੂਰੋਂ ਆਏ ਹਨ॥ ੪॥ ਅਰ ਉਹ ਦੇ ਸਿੱਖਾਂ ਨੇ ਉਸ ਨੂੰ ਉੱਤਰ ਦਿੱਤਾ ਕਿ ਇਸ ਉਜਾੜ ਵਿੱਚ ਕੋਈ ਇਨਾਂ ਨੂੰ ਰੋਟੀਆਂ ਨਾਲ੍ਹ ਕਿੰਞ ਥੋਂ ਰਜਾ ਸਕੂ॥ ੫॥ ਅਤੇ ਉਸ ਨੇ ਉਨਾਂ ਨੂੰ ਪੁੱਛਿਆ ਤੁਹਾਡੇ ਕੋਲ੍ਹ ਕਿਨੀਆਂ ਰੋਟੀਆਂ ਹਨ। ਓ ਹ ਬੋਲੇ ਸੱਤ॥ ੬॥ ਫੇਰ ਉਹ ਨੇ ਲੋਕਾਂ ਨੂੰ ਹੁਕਮ ਕੀਤਾ ਭੁਈ ਭੂਏਂ ਬਹਿ ਜਾਣ ਅਤੇ ਉਸ ਨੇ ਓਹ ਸੱਤ ਰੋਟੀਆਂ ਲਈਆਂ ਅਤੇ ਸ਼ੁਕਰ ਕਰਕੇ ਤੋੜੀਆਂ ਅਤੇ ਆਪਣੇ ਸਿੱਖਾਂ ਨੂੰ ਦਿੱਤੀਆਂ ਜੋ ਉਨਾਂ ਦੇ ਅੱਗੇ ਰੱਖਣ ਅਤੇ ਉਨਾਂ ਨੇ ਲੋਕਾਂ ਦੇ ਅੱਗੇ ਰੱਖ ਦਿੱਤੀਆਂ॥ ੭॥ ਅਰ ਉਨਾਂ ਦੇ ਕੋ ਲ੍ਹ ਥੋੜ੍ਹੀਆਂ ਜੇਹੀਆਂ ਛੋਟੀਆਂ ਮੱਛੀਆਂ ਸਨ ਸੋ ਉਸ ਨੇ ਉਨਾਂ ਉੱਤੇ ਬਰਕਤ ਦੇਕੇ ਕਿਹਾ ਏ ਹ ਬੀ ਉਨਾਂ ਦੇ ਅੱਗੇ ਰੱਖੋ॥ ੮॥ ਅਤੇ ਓਹ ਖਾਕੇ ਰੱਜ ਗਏ ਅਰ ਬਚਿਆਂ ਹੋਇਆਂ ਟੁਕੜਿ- ਆਂ ਦੇ ਉਨਾਂ ਨੇ ਸੱਤ ਟੋਕਰੇ ਚੁੱਕ ਲਏ॥ ੯॥ ਅਤੇ ਲੋਕ ਚਾਰ ਹਜਾਰ ਸਨ। ਫੇਰ ਉਸ ਨੇ ਉਨਾਂ

Original with:
Language Department Punjab
Digitized by:
Panjab Digital Library

ਨੂੰ ਵਿਦਿਆ ਕੀਤਾ ॥੧੦॥ ਅਰ ਉਸੇ ਵੇਲੇ ਉਹ ਆਪਣੇ ਸਿੱਖਾਂ ਸਣੇ ਬੇੜੀ ਉੱਤੇ ਚੜ੍ਹ ਕੇ ਦਲਮ
ਨੂਥਾ ਦੇ ਇਲਾਕੇ ਵਿੱਚ ਆਇਆ ॥ ॥੧੧॥ ਤਦ ਫਰੀਸੀ ਨਿੱਕਲੇ ਅਤੇ ਉਹ ਦੇ ਪ
ਰਤਾਉਣ ਲਈ ਅਕਾਸ ਵਲੋਂ ਕੋਈ ਨਿਸਾਨੀ ਉਸ ਥੋਂ ਮੰਗ ਕੇ ਉਹ ਦੇ ਨਾਲ ਝਗੜਾ ਕਰਨ ਲੱਗੇ
॥੧੨॥ ਅਤੇ ਉਸ ਨੈ ਆਪਣੇ ਆਤਮਾ ਥੀਂ ਹਉਕਾ ਭਰ ਕੇ ਕਿਹਾ ਇਸ ਪੀੜ੍ਹੀ ਦੇ ਲੋਕ ਕਿਉਂ ਨਿ
ਸਾਨੀ ਚਾਹੁੰਦੇ ਹਨ। ਮੈਂ ਤੁਹਾਨੂੰ ਸੱਤ ਆਖਦਾ ਹਾਂ ਭਈ ਇਸ ਪੀੜ੍ਹੀ ਦੇ ਲੋਕਾਂ ਨੂੰ ਕੋਈ ਨਿਸਾਨੀ ਨਾ
ਦਿੱਤੀ ਜਾਊ ॥੧੩॥ ਅਤੇ ਉਹ ਉਨਾਂ ਨੂੰ ਛੱਡ ਕੇ ਫੇਰ ਬੇੜੀ ਪੁਰ ਚੜ੍ਹਿਆ ਅਤੇ ਪਾਰ ਚੱਲਿਆ ਗਿ
ਆ ॥ ॥੧੪॥ ਅਤੇ ਓਹ ਰੋਟੀ ਲੈਣੀ ਭੁੱਲ ਗਏ ਸਨ ਅਰ ਬੇੜੀ ਵਿੱਚ ਇੱਕ ਰੋਟੀ ਦੇ
ਬਿਨਾ ਉਨਾਂ ਕੋਲ ਹੋਰ ਕੁਛ ਨਾ ਸੀ ॥੧੫॥ ਅਤੇ ਉਸ ਨੈ ਉਨਾਂ ਨੂੰ ਤਗੀਦ ਨਾਲ ਆਖਿਆ ਕਿਖ
ਬਰਦਾਰ ਫਰੀਸੀਆਂ ਦੇ ਖਮੀਰ ਅਤੇ ਹੇਰੋਦੇਸ ਦੇ ਖਮੀਰ ਥੋਂ ਚੌਕਸ ਰਹੋ ॥੧੬॥ ਤਦ ਓਹ ਆ
ਪੋ ਵਿੱਚ ਵਿਚਾਰ ਕਰ ਕੇ ਬੋਲੇ ਸਾਡੇ ਕੋਲ ਰੋਟੀਆਂ ਜੋ ਨਹੀ ॥੧੭॥ ਅਤੇ ਜਿਸ ਨੈ ਇਹ ਜਾਣ ਕੇ ਉ
ਨਾਂ ਨੂੰ ਆਖਿਆ ਤੁਸੀਂ ਕਿਉਂ ਵਿਚਾਰ ਕਰਦੇ ਹੋ ਭਈ ਸਾਡੇ ਕੋਲ ਰੋਟੀਆਂ ਨਹੀਂ। ਭਲਾ ਤੁਸੀਂ ਅ
ਜੇ ਨਹੀਂ ਜਾਣਦੇ ਅਤੇ ਨਹੀਂ ਸਮਝਦੇ। ਕੀ ਤੁਹਾਡਾ ਮਨ ਸੁੰਨ ਹੀ ਹੈ ॥੧੮॥ ਅੱਖਾਂ ਦੇ ਹੁੰਦੇ ਸੁੰਦੇ
ਕੀ ਤੁਸੀਂ ਨਹੀਂ ਵੇਖਦੇ ਅਤੇ ਕੰਨਾਂ ਦੇ ਹੁੰਦਿਆਂ ਸੁੰਦਿਆਂ ਨਹੀ ਸੁਣਦੇ ਅਰ ਚੇਤੇ ਨਹੀਂ ਰੱਖਦੇ ॥
੧੯॥ ਜਦ ਮੈਂ ਓਹ ਪੰਜ ਰੋਟੀਆਂ ਪੰਜਾਂ ਹਜਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੀਆਂ
ਕਿਨੀਆਂ ਟੋਕਰੀਆਂ ਭਰੀਆਂ ਹੋਈਆਂ ਚੁੱਕੀਆਂ। ਉਨਾਂ ਉਸ ਨੂੰ ਆਖਿਆ ਬਾਰਾਂ ॥੨੦॥

Original with:
Language Department Punjab
Digitized by:
Panjab Digital Library

ਅਤੇ ਜਦ ਸੱਤ ਰੋਟੀਆਂ ਚੌਂ ਹਜਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੇ ਕਿੰਨੇ ਟੋਕਰੇ ਭ-
ਰੇ ਹੋਏ ਚੁੱਕ ਲਏ। ਫੇਰ ਉਨਾਂ ਉਸ ਨੂੰ ਆਖਿਆ ਸੱਤ ॥੨੧॥ ਤਦ ਉਸ ਨੇ ਉਨਾਂ ਨੂੰ ਕਿਹਾ ਤੁਹਾਨੂੰ
ਅਜੇ ਸਮਝ ਨਹੀਂ ਆਈ ॥ ॥੨੨॥ ਫੇਰ ਓਹ ਬੈਤਸੈਦਾ ਵਿੱਚ ਆਏ ਅਤੇ ਲੋਕ ਉਸ
ਕ ਅੰਨੇ ਨੂੰ ਉਸ ਕੋਲ ਲਿਆਏ ਅਰ ਉਹ ਦੀ ਮਿੰਨਤ ਕੀਤੀ ਜੋ ਉਹ ਉਸ ਨੂੰ ਛੋਹੇ ॥੨੩॥ ਅਤੇ ਉ-
ਹ ਉਸ ਅੰਨੇ ਦਾ ਹੱਥ ਫੜ ਕੇ ਉਹ ਨੂੰ ਪਿੰਡੋਂ ਬਾਹਰ ਲੈ ਗਿਆ ਅਰ ਉਹ ਦੀਆਂ ਅੱਖਾਂ ਵਿੱਚ ਥੁੱਕ ਕੇ
ਉਸ ਉੱਤੇ ਹੱਥ ਰੱਖੇ ਅਤੇ ਉਸ ਨੂੰ ਪੁੱਛਿਆ ਤੈ ਨੂੰ ਕੁਛ ਦਿੱਸਦਾ ਹੈ ॥੨੪॥ ਅਤੇ ਉਸ ਨੇ ਨਜਰ ਪੱ-
ਟ ਕੇ ਵੇਖਿਆ ਅਤੇ ਕਿਹਾ ਮੈਂ ਮਨੁੱਖਾਂ ਨੂੰ ਵੇਖਦਾ ਹਾਂ ਕਿਉਂ ਜੋ ਓਹ ਤੁਰਦੇ ਫਿਰਦੇ ਮੈਂ ਨੂੰ ਬਿਰਛਾਂ ਵ-
ਰਗੇ ਦਿੱਸਦੇ ਹਨ ॥੨੫॥ ਤਦ ਉਸ ਨੇ ਫੇਰ ਉਹ ਦੀਆਂ ਅੱਖਾਂ ਪੁਰ ਹੱਥ ਰੱਖੇ ਅਰ ਉਸ ਨੇ ਨਜਰ
ਟਿਕਾ ਕੇ ਵੇਖਿਆ ਤਾਂ ਉਹ ਸੁਜਾਖਾ ਹੋ ਕੇ ਸਭ ਕੁਛ ਸਾਫ ਸਾਫ ਵੇਖਣ ਲੱਗਾ ॥੨੬॥ ਅਤੇ ਉਸ ਨੇ
ਇਹ ਕਹਿ ਕੇ ਜੋ ਤੂੰ ਪਿੰਡ ਵਿੱਚ ਵੜੀਂ ਨਾ ਉਹ ਨੂੰ ਉਹ ਦੇ ਘਰ ਘੱਲ ਦਿੱਤਾ ॥ ॥੨੭॥
ਤਦ ਯਿਸੂ ਅਰ ਉਹ ਦੇ ਸਿੱਖ ਕੈਸਰੀਆ ਫਿਲਿੱਪੀ ਦੇ ਪਿੰਡਾਂ ਵਿੱਚ ਗਏ ਅਤੇ ਰਾਹ ਵਿੱਚ ਉਹ ਨੇ ਅ-
ਪਣੇ ਸਿੱਖਾਂ ਨੂੰ ਇਹ ਕਹਿ ਕੇ ਉਨਾਂ ਕੋਲੋਂ ਪੁੱਛਿਆ ਕਿ ਲੋਕ ਕੀ ਕਹਿੰਦੇ ਹਨ ਜੋ ਮੈਂ ਕੌਣ ਹਾਂ ॥੨੮॥ ਤਾਂ
ਉਨਾਂ ਉਸ ਨੂੰ ਆਖਿਆ ਯੂਹੰਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਹਨ ਅਤੇ ਕਈ ਇਲੀਆਸ ਅ-
ਤੇ ਕਈ ਪੈਕੰਬਰਾਂ ਵਿੱਚੋਂ ਕੋਈ ॥੨੯॥ ਤਾਂ ਉਸ ਨੇ ਉਨਾਂ ਨੂੰ ਪੁੱਛਿਆ ਪਰ ਤੁਸੀਂ ਕੀ ਆਖਦੇ ਹੋ ਜੋ ਮੈਂ
ਕੌਣ ਹਾਂ। ਪਤਰਸ ਨੇ ਉਹ ਨੂੰ ਉੱਤਰ ਦਿੱਤਾ ਤੂੰ ਮਸੀਹ ਹੈਂ ॥੩੦॥ ਤਦ ਉਸ ਨੇ ਉਨਾਂ ਨੂੰ ਤਗੀਦ ਕੀਤੀ ਜੋ

Original with:
Language Department Punjab
Digitized by:
Panjab Digital Library

ਮੇਰੀ ਥਾਥਤ ਕਿਸੇ ਨੂੰ ਨਾ ਦੱਸੋ॥ ੩੧॥ ਫੇਰ ਉਹ ਉਨਾਂ ਨੂੰ ਸਿਖਾਲਣ ਲੱਗਾ ਭਈ ਜਰੂਰ
ਹੈ ਜੋ ਮਨੁੱਖ ਦਾ ਪੁਤ੍ਰ ਬਹੁਤ ਦੁਖ ਝੱਲੇ ਅਤੇ ਬ੍ਰਜ਼ੁਰਗਾਂ ਅਤੇ ਪਰਧਾਨ ਜਾਜਕਾਂ ਅਰ ਗ੍ਰੰਥੀ-
ਆਂ ਥੀਂ ਰੱਦਿਆ ਜਾਏ ਅਰ ਮਾਰਿਆ ਜਾਏ ਅਤੇ ਤਿੰਨਾਂ ਦਿਨਾਂ ਪਿੱਛੋਂ ਜੀ ਉੱਠੇ॥ ੩੨॥ ਅਰ
ਉਸ ਨੇ ਇਹ ਗੱਲ ਖੋਲ੍ਹ ਕੇ ਕਹਿ ਦਿੱਤੀ। ਤਦ ਪਤਰਸ ਉਹ ਨੂੰ ਇੱਕ ਪਾਸੇ ਕਰ ਕੇ ਝਿੜਕਨ ਲੱਗਾ॥ ੩੩॥ ਪਰ ਉਹ ਨੇ ਮੂੰਹ ਫੇਰ ਲਿਆ ਅਤੇ ਆਪਣੇ ਸਿੱਖਾਂ ਵਲ ਵੇਖ ਕੇ ਪਤਰਸ ਨੂੰ ਝਿ-
ੜਕਿਆ ਅਤੇ ਕਿਹਾ ਹੇ ਸ਼ਤਾਨ ਮੇਰੇ ਅੱਗੋਂ ਦੂਰ ਹੋ ਜਾਹ ਕਿਉਂ ਜੋ ਤੂੰ ਪਰਮੇਸ਼ੁਰ ਦੀਆਂ ਨਹੀਂ
ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ॥ ੩੪॥ ਤਦ ਉਸ ਨੇ ਭੀੜ ਨੂੰ ਆਪਣੇ ਸਿੰ-
ਖਾਂ ਸਣੇ ਕੋਲ ਸੱਦ ਕੇ ਉਨ੍ਹਾਂ ਨੂੰ ਆਖਿਆ ਜੇ ਕੋਈ ਮੇਰੇ ਪਿੱਛੇ ਆਇਆ ਚਾਹੇ ਉਹ ਆਪਣੇ ਮ-
ਨ ਨੂੰ ਮਾਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ॥ ੩੫॥ ਕਿਉਂ ਕਿ ਜਿਹੜਾ ਆਪ-
ਣੀ ਜਾਨ ਬਚਾਇਆ ਚਾਹੇ ਉਹ ਉਸ ਨੂੰ ਗੁਆਊਗਾ ਪਰ ਜਿਹੜਾ ਮੇਰੇ ਅਤੇ ਮੰਗਲ ਸਮਾਚ ੦
ਰ ਦੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਬਚਾਊਗਾ॥ ੩੬॥ ਕਿਉਂ ਕਿ ਮਨੁੱਖ ਨੂੰ ਕੀ ਲ ੦
ਭ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਨੂੰ ਗੁਆਵੇ॥ ੩੭॥ ਕਿਉ ਜੋ ਮਨੁੱਖ ਆਪਣੀ
ਜਾਨ ਦੇ ਬਦਲੇ ਕੀ ਦੇਵੇ॥ ੩੮॥ ਕਿਉਂ ਕਿ ਜੋ ਕੋਈ ਇਸ ਹਰਾਮਕਾਰ ਅਤੇ ਪਾਪੀ ਪੀੜ੍ਹੀ ਦੇ ਲੋਕਾਂ
ਵਿੱਚੋਂ ਮੈਥੋਂ ਅਤੇ ਮੇਰਿਆਂ ਬਚਨਾਂ ਥੋਂ ਸ਼ਰਮਾਊਗਾ ਮਨੁੱਖ ਦਾ ਪੁਤ੍ਰ ਵੀ ਉਸ ਥੋਂ ਸ਼ਰਮਾਊਗਾ
ਜਿਸ ਵੇਲੇ ਉਹ ਆਪਣੇ ਪਿਤਾ ਦੇ ਤੇਜ ਨਾਲ ਪਵਿਤ੍ਰ ਦੂਤਾਂ ਸਣੇ ਆਊ॥

Original with:
Language Department Punjab
Digitized by:
Panjab Digital Library

ਦਕਾਂਡ॥ ਅਤੇ ਉਸ ਨੈ ਉਨ੍ਹਾਂ ਨੂੰ ਕਿਹਾ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭੁਈ ਇਨ੍ਹਾਂ ਵਿੱਚੋਂ ਜੇ ਹੜੇ ਐੱਥੇ ਖੜੇ ਹਨ ਕਈ ਹਨ ਕਿ ਜਦ ਤੀਕੁਰ ਪਰਮੇਸੁਰ ਦੇ ਰਾਜ ਨੂੰ ਸਕਤਿ ਨਾ-ਲ ਆਇਆ ਹੋਇਆ ਨਾ ਵੇਖਣ ਕਦੇ ਮੌਤ ਦਾ ਸੁਆਦ ਨਾ ਚੱਖਣਗੇ॥ ॥੨॥ ਅਤੇ ਛਿਆਂ ਦਿਨਾਂ ਪਿੱਛੋਂ ਜਿਸੂ ਨੈ ਪਤਰਸ ਅਤੇ ਜਾਕੂਬ ਅਤੇ ਯੂਹੱਨਾ ਨੂੰ ਨਾਲ ਲਿਆ ਅਤੇ ਉਨ੍ਹਾਂ ਨੂੰ ਇੱਕ ਉੱਚੇ ਪਹਾੜ ਪੁਰ ਨਿਰਾਲੇ ਵਿੱਚ ਅਲੱਗ ਲੈ ਗਿਆ ਅਤੇ ਉਹ ਦਾ ਰੂਪ ਉਨ੍ਹਾਂ ਦੇ ਸਾਹਮ-ਣੇ ਬਦਲ ਗਿਆ॥ ੩॥ ਅਰ ਉਹ ਦੇ ਲੀੜੇ ਚਮਕਣ ਲੱਗੇ ਅਰ ਅਜਿਹੇ ਡਾਢੇ ਚਿੱਟੇ ਹੋ ਗਏ ਕਿ ਜਗਤ ਵਿੱਚ ਕੋਈ ਧੋਬੀ ਓਹੋ ਜੇਹੇ ਚਿੱਟੇ ਨਹੀਂ ਕਰ ਸੱਕਦਾ॥ ੪॥ ਅਤੇ ਇਲੀਆਸ ਮੂਸਾ ਦੇ ਨਾਲ ਉਨ੍ਹਾਂ ਨੂੰ ਵਿਖਾਈ ਦਿੱਤਾ ਅਰ ਓਹ ਜਿਸੂ ਨਾਲ ਗੱਲਾਂ ਕਰਦੇ ਸਨ॥ ੫॥ ਅਤੇ ਪਤਰਸ ਨੈ ਜਿਸੂ ਨੂੰ ਅੱਗੋਂ ਆਖਿਆ ਸੁਆਮੀ ਜੀ ਸਾਡਾ ਐੱਥੇ ਹੋਣਾ ਅੱਛਾ ਹੈ ਸੋ ਅਸੀਂ ਤਿੰਨ ਡੇਰੇ ਬਣਾਇਜੋ ਇੱ ਕ ਤੇਰੇ ਅਤੇ ਇੱਕ ਮੂਸਾ ਅਤੇ ਇੱਕ ਇਲੀਆਸ ਦੇ ਲਈ॥ ੬॥ ਕਿਉਂ ਜੋ ਉਹ ਨਹੀਂ ਜਾਣਦਾ ਸੀ ਭੁਈ ਕੀ ਉੱਤਰ ਦੇਵੇ ਇਸ ਲਈ ਜੋ ਓਹ ਬਹੁਤ ਡਰ ਗਏ ਸਨ॥ ੭॥ ਅਤੇ ਇੱਕ ਬੱਦਲ ਨੈ ਉਨ੍ਹਾਂ ਉੱਤੇ ਛਾਉਂ ਕੀਤੀ ਅਰ ਉਸ ਬੱਦਲ ਵਿੱਚੋਂ ਇੱਕ ਅਵਾਜ ਆਈ ਕਿ ਇਹ ਮੇਰਾ ਪਿਆਰਾ ਪੁੜ ਹੈ ਉਹ ਦੀ ਸੁਣੋ॥ ੮॥ ਅਤੇ ਉਨ੍ਹਾਂ ਨੈ ਅਚਾਣਕ ਚੁਫੇਰੇ ਨਜਰ ਕਰ ਕੇ ਫੇਰ ਹੋਰ ਕਿਸੇ ਨੂੰ ਨਹੀਂ ਪਰ ਜਿਸੂ ਨੂੰ ਇੱਕਲਾ ਆਪਣੇ ਨਾਲ ਡਿੱਠਾ॥ ॥੯॥ ਅਤੇ ਜਾਂ ਓਹ ਪਹਾੜੋਂ ਉੱਤਰ ਦੇ ਸ-ਨਤਾਂ ਉਸ ਨੈ ਉਨ੍ਹਾਂ ਨੂੰ ਹੁਕਮ ਕੀਤਾ ਭੁਈ ਜਦ ਤੀਕੁ ਮਨੁੱਖ ਦਾ ਪੁੜ ਮੁਰਦਿਆਂ ਵਿੱਚੋਂ ਨਾ ਜੀ

Original with:
Language Department Punjab
Digitized by:
Panjab Digital Library

ਉੱਠੇ ਤੁਸਾਂ ਜੋ ਕੁਛ ਡਿੱਠਾ ਕਿਸੇ ਨੂੰ ਨਾ ਦੱਸਣਾ ॥੧੦॥ ਅਤੇ ਓਹ ਉਸ ਗੱਲ ਨੂੰ ਆਪਣੇ ਹੀ ਵਿੱਚ
ਰੱਖ ਕੇ ਇੱਕ ਦੂਏ ਨਾਲ ਚਰਚਾ ਕਰਨ ਲੱਗੇ ਭਈ ਮੁਰਦਿਆਂ ਵਿੱਚੋਂ ਜੀ ਉੱਠਣ ਹੈ ਕੀ ॥੧੧॥ ਅ
ਰਥੁਨਾਂ ਉਸ ਅੱਗੇ ਅਰਜ ਕੀਤੀ ਕਿ ਗ੍ਰੰਥੀ ਆਖਦੇ ਹਨ ਜੋ ਇਲੀਆਸ ਦਾ ਪਹਿਲਾਂ ਆਉਣਾ
ਜਰੂਰ ਹੈ ॥੧੨॥ ਅਤੇ ਉਸ ਨੇ ਉਨਾਂ ਨੂੰ ਕਿਹਾ ਇਲੀਆਸ ਤਾਂ ਠੀਕ ਪਹਿਲਾਂ ਆਣ ਕੇ ਸਭੋ ਕੁਛ
ਮੁੜ ਸੁਆਰੇਗਾ ਅਰ ਮਨੁੱਖ ਦੇ ਪੁੜ ਦੇ ਹੱਕ ਵਿੱਚ ਕਿੱਕਰ ਲਿਖਿਆ ਹੈ ਜੋ ਉਹ ਬਹੁਤ ਦੁੱਖ ਝੱ-
ਲੂ ਅਤੇ ਤੁੱਛ ਗਿਣਿਆ ਜਾਊ ॥੧੩॥ ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਇਲੀਆਸ ਆਇ
ਚੁੱਕਿਆ ਨਾਲੇ ਜਿਹਾ ਕੁ ਉਹ ਦੇ ਹੱਕ ਵਿੱਚ ਲਿਖਿਆ ਹੈ ਉਨਾਂ ਉਹ ਦੇ ਨਾਲ ਜੋ ਚਾਹਿਆ ਸੋ ਈ ਕੀ-
ਤਾ ॥ ॥੧੪॥ ਅਤੇ ਜਾਂ ਓਹ ਸਿੱਖਾਂ ਦੇ ਕੋਲ ਆਏ ਤਾਂ ਉਨਾਂ ਦੇ ਚੁਫੇਰੇ ਵਡੀ ਭੀੜ ਅ-
ਥੁਨਾਂ ਨਾਲ ਰ੍ਹੀਆਂ ਨੂੰ ਝਗੜਾ ਕਰਦੇ ਡਿੱਠਾ ॥੧੫॥ ਅਤੇ ਝੱਟ ਸਾਰੀ ਭੀੜ ਉਹ ਨੂੰ ਵੇਖ ਕੇ
ਹੈਰਾਨ ਹੋਈ ਅਤੇ ਲੋਕਾਂ ਨੇ ਉਹ ਦੇ ਕੋਲ ਦੌੜ ਕੇ ਉਹ ਨੂੰ ਸਲਾਮ ਕੀਤਾ ॥੧੬॥ ਤਦ ਉਸ ਨੇ ਉ-
ਨਾਂ ਨੂੰ ਪੁੱਛਿਆ ਤੁਸੀਂ ਇਨਾਂ ਨਾਲ ਕੀ ਝਗੜਾ ਕਰਦੇ ਹੋ ॥੧੭॥ ਅਤੇ ਭੀੜ ਵਿੱਚੋਂ ਇੱਕ ਨੇ ਉਹ
ਨੂੰ ਉੱਤਰ ਦਿੱਤਾ ਗੁਰੂ ਜੀ ਮੈਂ ਆਪਣਾ ਪੁੜ ਜਿਹ ਨੂੰ ਰੂੰਗਾ ਆਤਮਾ ਚਿੰਬੜਿਆ ਹੋਇਆ ਹੈ
ਤੇਰੇ ਪਾਸ ਲਿਆਇਆ ॥੧੮॥ ਅਰ ਉਹ ਜਿੱਥੇ ਕਿਤੇ ਉਸ ਨੂੰ ਫੜਦਾ ਹੈ ਉਸ ਨੂੰ ਪਟਕਾ ਦਿੰਦ ੦
ਹੈ ਅਤੇ ਉਹ ਝਗ ਛੱਡਦਾ ਅਤੇ ਦੰਦ ਪੀਹੰਦਾ ਅਤੇ ਸੁੱਕਦਾ ਜਾਂਦਾ ਹੈ ਅਰ ਮੈਂ ਤੇਰੇ ਸਿੱਖਾਂ ਨੂੰ
ਕਿਹਾ ਸੀ ਜੋ ਓਹ ਉਸ ਨੂੰ ਕੱਢ ਦੇਣ ਪਰ ਓਹ ਨਾ ਕੱਢ ਸੱਕੇ ॥੧੯॥ ਉਸ ਨੇ ਉਨਾਂ ਨੂੰ ਉੱਤਰ ਦਿੱਤ ੦

Digitized by:
Panjab Digital Library

ਹੇ ਬੇਪਰਤੀਤ ਪੀੜ੍ਹੀ ਕਦ ਤੋੜੀ ਮੈਂ ਤੁਹਾਡੇ ਸੰਗ ਰਹਾਂਗਾ ਕਦ ਤੋੜੀ ਤੁਹਾਡੀ ਸਹਾਂਗਾ ਉਹਨੂੰ
ਮੇਰੇ ਕੋਲ ਲਿਆਓ ॥੨੦॥ ਅਤੇ ਓਹ ਉਸ ਨੂੰ ਉਹ ਦੇ ਕੋਲ ਲਿਆਏ ਅਰ ਜਾਂ ਉਸ ਨੇ ਉਹਨੂੰ
ਵੇਖਿਆ ਤਾਂ ਆਤਮਾ ਨੇ ਉਸੇ ਵੇਲੇ ਉਹਨੂੰ ਵੜ੍ਹਾ ਮੋਰੜਿਆ ਅਤੇ ਉਹ ਭੂੰਏਂ ਡਿਗ ਪਿਆ ਅਰ
ਝੱਗ ਛੱਡਦਾ ਹੋਇਆ ਲਿੱਟਣ ਲੱਗਾ ॥੨੧॥ ਅਤੇ ਉਸ ਨੇ ਉਹ ਦੇ ਪਿਉ ਨੂੰ ਪੁੱਛਿਆ ਕਿੰਨੇ
ਕੁ ਚਿਰ ਥੋਂ ਇਹ ਉਸ ਨੂੰ ਹੋਇਆ। ਉਹ ਬੋਲਿਆ ਛੋਟੇ ਹੁੰਦਿਆਂ ਹੀ ਥੋਂ ॥੨੨॥ ਅਤੇ ਕਈ ਵ
ਰੀ ਉਸ ਨੇ ਇਹ ਨੂੰ ਅੱਗ ਵਿੱਚ ਅਰ ਪਾਣੀ ਵਿੱਚ ਬੀ ਸੁੱਟਿਆ ਹੈ ਭਈ ਇਹ ਦਾ ਨਾਸ ਕਰੇ ਪ
ਰ ਜੇ ਤੂੰ ਕੁਛ ਕਰ ਸੱਕਦਾ ਹੈਂ ਤਾਂ ਸਾਡੇ ਉੱਤੇ ਤਰਸ ਖਾ ਕੇ ਸਾਡੀ ਸਹਾਇਤਾ ਕਰ ॥੨੩॥ ਯਿਸੂ
ਨੇ ਉਹ ਨੂੰ ਆਖਿਆ ਜੇ ਤੂੰ ਕਰ ਸੱਕਦਾ ਹੈਂ। ਪਰਤੀਤ ਕਰਨ ਵਾਲੇ ਦੇ ਲਈ ਸਭੋ ਕੁਛ ਹੋ ਸੱਕ-
ਦਾ ਹੈ ॥੨੪॥ ਉਸੇ ਵੇਲੇ ਉਸ ਬਾਲਕ ਦਾ ਪਿਉ ਉੱਚੀ ਅਵਾਜ਼ ਨਾਲ ਕਹਿਣ ਲੱਗਾ ਮੈਂ ਪ-
ਰਤੀਤ ਕਰਦਾ ਹਾਂ ਤੂੰ ਮੇਰੀ ਬੇਪਰਤੀਤੀ ਦਾ ਉਪਾਉ ਕਰ ॥੨੫॥ ਜਦ ਯਿਸੂ ਨੇ ਵੇਖਿਆ ਕਿ
ਲੋਕ ਦੌੜ ਕੇ ਕੱਠੇ ਹੁੰਦੇ ਜਾਂਦੇ ਹਨ ਤਦ ਉਹ ਨੇ ਛਿਸ ਆਤਮਾ ਨੂੰ ਝਿੜਕਿਆ ਅਤੇ ਉਸ ਨੂੰ
ਕਿਹਾ ਹੇ ਗੁੰਗੇ ਬੋਲੇ ਆਤਮਾ ਮੈਂ ਤੈਨੂੰ ਹੁਕਮ ਕਰਦਾ ਹਾਂ ਜੋ ਇਸ ਵਿੱਚੋਂ ਨਿੱਕਲ ਜਾ ਅਤੇ ਫੇ
ਰ ਕਦੇ ਇਸ ਵਿੱਚ ਨਾ ਵੜ੍ਹੀਂ ॥੨੬॥ ਅਤੇ ਉਹ ਚੀਕ ਮਾਰ ਕੇ ਅਰ ਉਸ ਨੂੰ ਬਹੁਤ ਮਰੋੜ
ਮਰਾੜ ਕੇ ਉਸ ਵਿੱਚੋਂ ਨਿੱਕਲ ਗਿਆ ਅਤੇ ਉਹ ਬਾਲਕ ਮੁਰਦਾ ਜਿਹਾ ਹੋ ਗਿਆ ਐਂਥੋਂ ਤੋ-
ਕ ਜੋ ਬਹੁਤਿਆਂ ਨੇ ਆਖਿਆ ਉਹ ਮਰ ਗਿਆ ॥੨੭॥ ਪਰ ਯਿਸੂ ਨੇ ਉਹ ਦਾ ਹੱਥ ਫੜ੍ਹ ਕੇ

Original with
Language Department Punjabi
Digitized by:
Panjab Digital Library

ਉਸਨੂੰ ਉਠਾਲਿਆ ਅਤੇ ਉਹ ਉੱਠ ਖੜਾ ਹੋਇਆ ॥੨੮॥ ਅਰ ਜਾਂ ਯਿਸੂ ਘਰ ਵਿੱਚ ਆ-
ਇਆ ਉਹ ਦੇ ਸਿੱਖਾਂ ਨੈ ਨਿਰਾਲੇ ਵਿੱਚ ਉਹ ਦੇ ਕੋਲ ਅਰਜ ਕੀਤੀ ਕਿ ਅਸੀਂ ਤਾਂ ਉਹਨੂੰ ਨਾ ਕੱ-
ਢ ਸੱਕੇ ॥੨੯॥ ਅਤੇ ਉਸ ਨੈ ਉਨਾਂ ਨੂੰ ਕਿਹਾ ਕਿ ਇਸ ਪਰਕਾਰ ਦੇ ਪ੍ਰਾਰਥਨਾ ਬਿਨਾ ਕਿਸੇ ਹੋ-
ਰ ਤੁਰਾਂ ਨਹੀਂ ਨਿੱਕਲ ਸੱਕਦੇ ॥ ॥੩੦॥ ਫੇਰ ਓਹ ਉਥੋਂ ਤੁਰ ਪਏ ਅਰ ਗਲੀਲ
ਵਿੱਚੋਂ ਦੀ ਲੰਘ ਗਏ ਅਤੇ ਉਹ ਨਹੀਂ ਚਾਹੁੰਦਾ ਸੀ ਜੋ ਕਿਸੇ ਨੂੰ ਖਬਰ ਹੋਵੇ ॥੩੧॥ ਇਸ ਲਈ
ਕਿ ਉਹ ਆਪਣੇ ਸਿੱਖਾਂ ਨੂੰ ਸਿਖਾਲਦਾ ਅਰ ਉਨਾਂ ਨੂੰ ਆਖਦਾ ਸੀ ਭਈ ਮਨੁੱਖ ਦਾ ਪੁਤ੍ਰ ਮਨੁੱ-
ਖਾਂ ਦੇ ਹੱਥੀਂ ਫੜਵਾਇਆ ਜਾਂਦਾ ਹੈ ਅਤੇ ਓਹ ਉਸ ਨੂੰ ਮਾਰ ਸੁੱਟਣਗੇ ਅਰ ਮਾਰੇ ਜਾਣ ਥੋਂ ਤਿੰਨ
ਦਿਨ ਪਿੱਛੋਂ ਉਹ ਫੇਰ ਜੀ ਉੱਠੂ ॥੩੨॥ ਪਰ ਉਨਾਂ ਨੈ ਇਹ ਗੱਲ ਨਾ ਸਮਝੀ ਅਤੇ ਉਹ ਦੇ ਪੁੱਛ-
ਥੋਂ ਡਰਦੇ ਸਨ ॥ ॥੩੩॥ ਫੇਰ ਓਹ ਕਫਰਨਾਹੂਮ ਵਿੱਚ ਆਏ ਅਤੇ ਜਾਂ ਉਹ ਘ-
ਰ ਵਿੱਚ ਸੀ ਉਸ ਨੈ ਉਨਾਂ ਨੂੰ ਪੁੱਛਿਆ ਤੁਸੀਂ ਰਾਹ ਵਿੱਚ ਕੀ ਗੱਲਾਂ ਬਾਤਾਂ ਕਰਦੇ ਸਓ ॥੩੪॥ ਪ-
ਰ ਓਹ ਚੁੱਪ ਹੀ ਰਹੇ ਇਸ ਲਈ ਜੋ ਉਨਾਂ ਨੈ ਰਾਹ ਵਿੱਚ ਇੱਕ ਦੂਏ ਨਾਲ ਇਹ ਬਹਿਸ ਕੀਤੀ ਸੀ
ਜੋ ਵਡਾ ਕਿਹੜਾ ਹੈ ॥੩੫॥ ਫੇਰ ਉਹ ਨੈ ਬੈਠ ਕੇ ਉਨਾਂ ਬਾਰਾਂ ਨੂੰ ਸੱਦਿਆ ਅਤੇ ਉਨਾਂ ਨੂੰ ਆਖਿਆ ੦
ਜੇ ਕੋਈ ਪਹਿਲਾ ਹੋਣਾ ਚਾਹੇ ਤਾਂ ਉਹ ਸਭਨਾਂ ਥੋਂ ਪਿਛਲਾ ਅਤੇ ਸਭਨਾਂ ਦਾ ਟਹਿਲੂਆ ਹੋਊ ੦
॥੩੬॥ ਅਤੇ ਇੱਕ ਛੋਟੇ ਬਾਲਕ ਨੂੰ ਲੈ ਕੇ ਉਸ ਨੂੰ ਉਨਾਂ ਦੇ ਵਿਚਾਲੇ ਖੜਾ ਕੀਤਾ। ਫੇਰ ਉਹ ਨੂੰ
ਕੁੱਛੜ ਚੁੱਕ ਕੇ ਉਨਾਂ ਨੂੰ ਕਿਹਾ ॥੩੭॥ ਜੋ ਕੋਈ ਮੇਰੇ ਨਾਉਂ ਕਰਕੇ ਅਜੇਹਾਂ ਬਾਲਕਾਂ ਵਿੱਚੋਂ ਇੱਕ ਨੂੰ

Original with:
Language Department Punjab
Digitized by:
Panjab Digital Library

ਅੰਗੀਕਾਰ ਕਰੇ ਜੋ ਮੈਨੂੰ ਅੰਗੀਕਾਰ ਕਰਦਾ ਹੈ ਅਤੇ ਜੋ ਕੋਈ ਮੈਨੂੰ ਅੰਗੀਕਾਰ ਕਰੇ ਜੋ ਮੈਨੂੰ
ਨਹੀਂ ਬਲਕ ਮੇਰੇ ਭੇਜਣ ਵਾਲੇ ਨੂੰ ਅੰਗੀਕਾਰ ਕਰਦਾ ਹੈ॥ ॥੩੮॥ ਯੂਹੰਨਾ ਨੇ
ਉਹ ਨੂੰ ਆਖਿਆ ਗੁਰੂ ਜੀ ਅਸੀਂ ਇੱਕ ਨੂੰ ਤੇਰੇ ਨਾਉਂ ਨਾਲ ਭੂਤ ਕੱਢਦੇ ਵੇਖਿਆ ਅਤੇ ਉਹ ਨੂੰ
ਵਰਜਿਆ ਇਸ ਲਈ ਜੋ ਉਹ ਸਾਡੇ ਪਿੱਛੇ ਨਹੀਂ ਸੀ ਚੱਲਦਾ॥ ੩੯॥ ਪਰ ਯਿਸੂ ਨੇ ਕਿਹਾ ਉਹ ਨੂੰ
ਨਾ ਵਰਜੋ ਕਿਉਂਕਿ ਅਜਿਹਾ ਕੋਈ ਨਹੀਂ ਜੋ ਮੇਰਾ ਨਾਉਂ ਲੈਕੇ ਕਰਾਮਾਤ ਵਿਖਾਲੇ ਅਰ ਓਵੇਂ ਮੈਨੂੰ
ਬੁਰਾ ਕਹਿ ਸੱਕੇ॥ ੪੦॥ ਕਿਉਂਕਿ ਜਿਹੜਾ ਸਾਡੇ ਵਿਰੁੱਧ ਨਹੀਂ ਉਹ ਸਾਡੀ ਵਲ ਹੈ॥ ੪੧॥ ਇਸ
ਲਈ ਕਿ ਜਿਹੜਾ ਤੁਹਾਨੂੰ ਇੱਕ ਕਟੋਰਾ ਪਾਣੀ ਦਾ ਪੀਣ ਨੂੰ ਦੇਵੇ ਇਸ ਕਰਕੇ ਜੋ ਤੁਸੀਂ ਮਸੀਹ ਦੇ
ਹੋ ਮੈਂ ਤੁਹਾਨੂੰ ਸੱਤ ਆਖਦਾ ਹਾਂ ਭਈ ਉਹ ਆਪਣਾ ਫਲ ਪਾਏ ਬਿਨਾ ਕਦੇ ਨਾ ਰਹੂਗਾ॥ ੪੨॥
ਅਤੇ ਜੋ ਕੋਈ ਇਨਾਂ ਛੋਟਿਆਂ ਵਿੱਚੋਂ ਜੋ ਮੇਰੇ ਉੱਤੇ ਨਿਹਚਾ ਕਰਦੇ ਹਨ ਇੱਕ ਨੂੰ ਠੋਕਰ ਖੁਆ
ਵੇ ਉਹ ਦੇ ਲਈ ਭਲਾ ਹੁੰਦਾ ਜੇ ਖਰਾਸ ਦਾ ਪੁੜ ਉਹ ਦੇ ਗਲ ਵਿੱਚ ਬੰਨਿਆ ਜਾਂਦਾ ਅਤੇ ਉਹ ਸ
ਮੁੰਦਰ ਵਿੱਚ ਸੁੱਟਿਆ ਜਾਂਦਾ॥ ੪੩॥ ਅਰ ਜੇ ਤੇਰਾ ਹੱਥ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਵੱਢ
ਸੁੱਟ। ਟੁੰਡਾ ਹੋਕੇ ਜੀਉਣ ਵਿੱਚ ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਜੋ ਦੋ ਹੱਥ ਹੁੰਦਿਆਂ ਤੂੰ ਨਰ
ਕ ਵਿੱਚ ਉਸ ਅੱਗ ਵਿੱਚ ਜਾਵੇਂ ਜਿਹੜੀ ਬੁਝਣ ਵਾਲੀ ਨਹੀਂ॥ ੪੫॥ ਅਤੇ ਜੇ ਤੇਰਾ ਪੈਰ ਤੈਨੂੰ ਠੋ-
ਕਰ ਖੁਆਵੇ ਤਾਂ ਉਹ ਨੂੰ ਵੱਢ ਸੁੱਟ। ਲੰਙਾ ਹੋਕੇ ਜੀਉਣ ਵਿੱਚ ਵੜਨਾ ਤੇਰੇ ਲਈ ਇਸ ਨਾਲੋਂ ਭ-
ਲਾ ਹੈ ਜੋ ਦੋ ਪੈਰ ਹੁੰਦਿਆਂ ਤੂੰ ਨਰਕ ਵਿੱਚ ਸੁੱਟਿਆ ਜਾਵੇਂ॥ ੪੭॥ ਅਤੇ ਜੇ ਤੇਰੀ ਅੱਖ ਤੈਨੂੰ ਠੋ-

Original with
Language Department Punjab
Digitized by:
Panjab Digital Library

ਕੁਰਖੁਆਵੇ ਤਾਂਉਹ ਨੂੰ ਕੱਢ ਸੁੱਟ। ਕਾਣਾ ਹੋਕੇ ਪਰਮੇਸੁਰ ਦੇ ਰਾਜ ਵਿੱਚ ਵੜਨਾ ਤੇਰੇ ਲਈ ਇਸ
ਨਾਲੋਂ ਭੁਲਾ ਹੈ ਜੋ ਦੋ ਅੱਖਾਂ ਹੁੰਦਿਆਂ ਤੂੰ ਨਰਕ ਵਿੱਚ ਸੁੱਟਿਆ ਜਾਵੇਂ॥ ੪੮॥ ਜਿੱਥੇ ਉਨਾਂ ਦਾ ਕੀੜਾ
ਨਹੀਂ ਮਰਦਾ ਅਤੇ ਅੱਗ ਨਹੀਂ ਬੁਝਦੀ॥ ੪੯॥ ਕਿਉਂਕਿ ਹਰ ਕੋਈ ਅੱਗ ਨਾਲ ਸਲੂਣਾ ਕੀਤਾ
ਜਾਊਗਾ॥ ੫੦॥ ਲੂਣ ਅੱਛਾ ਹੈ ਪਰ ਜੇ ਲੂਣ ਬੇਸੁਆਦ ਹੋ ਜਾਏ ਤਾਂ ਤੁਸੀਂ ਉਹ ਨੂੰ ਕਾਸ ਨਾਲ ਸੁ-
ਆਦੀ ਕਰੋਗੇ। ਆਪਣੇ ਵਿੱਚ ਲੂਣ ਰੱਖੋ ਅਤੇ ਇੱਕ ਦੂਏ ਨਾਲ ਮਿਲੇ ਰਹੋ॥

੧੦ ਕਾਂਡ॥ ਫੇਰ ਉਹ ਉੱਥੋਂ ਉੱਠਕੇ ਯਹੂਦਿਯਾ ਦੀਆਂ ਹੱਦਾਂ ਵਿੱਚ ਅਤੇ ਯਰਦਨ ਦੇ ਪਾਰ ਪ-
ਹੁੰਚਿਆ ਅਰ ਬਹੁਤ ਲੋਕ ਉਹ ਦੇ ਕੋਲ ਫੇਰ ਆਣ ਕੱਠੇ ਹੋਏ ਅਤੇ ਉਹ ਨੈਅ ੦
ਪਣੇ ਦਸਤੂਰ ਮੁਜੂਬ ਫੇਰ ਉਨਾਂ ਨੂੰ ਉਪਦੇਸ ਦਿੱਤਾ॥ ੨॥ ਅਰ ਫਰੀਸੀਆਂ ਨੈ ਕੋਲ ਆਣਕੇ
ਉਹ ਦੇ ਪਰਤਾਉਣ ਲਈ ਉਹ ਨੂੰ ਪੁੱਛਿਆ ਭੁਲਾ ਇਹ ਜੋਗ ਹੈ ਜੋ ਪੁਰਖ ਤੀਮੀ ਨੂੰ ਤਿਆਗ
ਦੇਵੇ॥ ੩॥ ਉਸ ਨੈ ਉਨਾਂ ਨੂੰ ਉੱਤਰ ਦਿੱਤਾ ਮੂਸਾ ਨੈ ਤੁਹਾ ਨੂੰ ਕੀ ਹੁਕਮ ਕੀਤਾ॥ ੪॥ ਓਹ ਬੋਲੇ ਮੂਸ ੦
ਨੈ ਤਾਂ ਪਰਵਾਨਗੀ ਦਿੱਤੀ ਹੈ ਜੋ ਤਿਆਗ ਪਤ੍ਰੀ ਲਿਖਕੇ ਤਿਆਗ ਦੇਵੇ॥ ੫॥ ਜਿਸ ਨੈ ਉਨਾਂ
ਨੂੰ ਆਖਿਆ ਉਹ ਨੈ ਤੁਹਾਡੇ ਮਨਾਂ ਦੀ ਕਠਨਾਈ ਦੇ ਕਾਰਨ ਤੁਹਾਡੇ ਵਾਸਤੇ ਇਹ ਹੁਕਮ ਲਿ-
ਖਿਆ॥ ੬॥ ਪਰ ਸਰਿਸਟ ਦੇ ਮੁੱਢੋਂ ਲਾਕੇ ਉਸ ਨੈ ਉਨਾਂ ਨੂੰ ਨਰ ਅਤੇ ਨਾਰੀ ਬਣਾਇਆ॥ ੭
॥ ਇਸ ਕਾਰਨ ਮਨੁੱਖ ਆਪਣੇ ਮਾਂ ਪਿਉ ਥੋਂ ਵਖਰਾ ਹੋਕੇ ਆਪਣੀ ਤੀਮੀ ਨਾਲ ਮਿਲਿਆ ਰਹੂ
ਅਤੇ ਓਹ ਦੋਵੇਂ ਇੱਕ ਸਰੀਰ ਹੋਣਗੇ॥ ੮॥ ਸੋ ਉਹ ਹੁਣ ਦੋ ਨਹੀਂ ਬਲਕ ਇੱਕੋ ਸਰੀਰ ਹਨ॥ ੯

Original with:
Language Department Punjab
Digitized by:
Panjab Digital Library

ਉਪਰੰਦ ਜਿਹ ਨੂੰ ਪਰਮੇਸ਼ੁਰ ਨੈ ਜੋੜ ਦਿੱਤਾ ਹੈ ਮਨੁੱਖ ਉਸ ਨੂੰ ਅੱਡ ਨਾ ਕਰੇ ॥੧੦॥ ਅਤੇ ਘਰ ਵਿੱ-
ਚ ਸਿੱਖਾਂ ਨੈ ਇਸ ਗੱਲ ਦੀ ਬਾਬਤ ਫੇਰ ਉਹ ਨੂੰ ਪੁੱਛਿਆ ॥੧੧॥ ਤਾਂ ਉਸ ਨੈ ਉਨਾਂ ਨੂੰ ਆਖਿਆ ੦
ਜੋ ਕੋਈ ਆਪਣੀ ਤੀਮੀ ਨੂੰ ਤਿਆਗ ਦੇਵੇ ਅਰ ਦੂਈ ਨਾਲ ਵਿਆਹ ਕਰੇ ਉਹ ਉਸ ਦੇ ਹੱਕ ਵਿੱ
ਚ ਜ਼ਾਰੀ ਕਰਦਾ ਹੈ ॥੧੨॥ ਅਤੇ ਜੇ ਉਹ ਆਪਣੇ ਭੁਰਥਾ ਨੂੰ ਤਿਆਗ ਕੇ ਦੂਏ ਨਾਲ ਵਿਆਹ
ਕਰੇ ਤਾਂ ਉਹ ਜ਼ਾਰੀ ਕਰਦੀ ਹੈ ॥ ॥੧੩॥ ਅਤੇ ਛੋਟੇ ਬਾਲਕਾਂ ਨੂੰ ਉਹ ਦੇ ਕੋਲ ਲਿ-
ਆਏ ਭਈ ਉਹ ਉਨਾਂ ਨੂੰ ਛੋਹੇ ਪਰ ਸਿੱਖਾਂ ਨੈ ਉਨਾਂ ਨੂੰ ਝਿੜਕਿਆ ॥੧੪॥ ਪਰ ਯਿਸੂ ਇਹ ਵੇ-
ਖ ਕੇ ਬਹੁਤ ਨਰਾਜ ਹੋਇਆ ਅਤੇ ਉਨਾਂ ਨੂੰ ਆਖਿਆ ਛੋਟਿਆਂ ਬਾਲਕਾਂ ਨੂੰ ਮੇਰੇ ਕੋਲ ਆਉ-
ਣ ਦਿਓ। ਉਨਾਂ ਨੂੰ ਨਾ ਵਰਜੋ ਕਿਉ ਜੋ ਪਰਮੇਸ਼ੁਰ ਦਾ ਰਾਜ ਏਹੋ ਜੇਹਾਂ ਦਾ ਹੈ ॥੧੫॥ ਮੈਂ ਤੁਹਾਨੂੰ ਸੱ
ਤ ਆਖਦਾ ਹਾਂ ਭਈ ਜੋ ਕੋਈ ਪਰਮੇਸ਼ੁਰ ਦੇ ਰਾਜ ਨੂੰ ਛੋਟੇ ਬਾਲਕ ਦੀ ਨਿਆਈਂ ਅੰਗੀਕਾਰ ਨ ੦
ਕਰੇ ਉਹ ਉਸ ਵਿੱਚ ਕਦੇ ਨਾ ਵੜੂਗਾ ॥੧੬॥ ਅਤੇ ਉਸ ਨੈ ਉਨਾਂ ਨੂੰ ਕੁੱਛੜ ਚੁੱਕਿਆ ਅਰ ਉਨ ੦
ਉੱਤੇ ਹੱਥ ਰੱਖ ਕੇ ਉਨਾਂ ਨੂੰ ਅਸੀਸ ਦਿੱਤੀ ॥ ॥੧੭॥ ਅਰ ਜਦ ਉਹ ਬਾਹਰ ਨਿੱਕ-
ਲ ਕੇ ਰਾਹ ਵਲ ਚੱਲਿਆ ਜਾਂਦਾ ਸੀ ਇੱਕ ਜਣਾ ਉਹ ਦੇ ਕੋਲ ਦੌੜਿਆ ਆਇਆ ਅਤੇ ਉ-
ਹ ਦੇ ਅੱਗੇ ਗੋਡੇ ਨਿਵਾ ਕੇ ਉਹ ਨੂੰ ਪੁੱਛਿਆ ਉੱਤਮ ਗੁਰੂ ਜੀ ਮੈਂ ਕੀ ਕਰਾਂ ਜੋ ਸਦੀਪਕ ਜੀਉ-
ਣ ਦਾ ਅਧਿਕਾਰੀ ਹੋਵਾਂ ॥੧੮॥ ਯਿਸੂ ਨੈ ਉਹ ਨੂੰ ਕਿਹਾ ਤੂੰ ਮੈਂ ਨੂੰ ਉੱਤਮ ਕਿਉ ਕਹਿੰਦਾ ਹੈਂ ਉ-
ਤਮ ਕੋਈ ਨਹੀਂ ਪਰ ਨਿਰਾ ਇੱਕੋ ਪਰਮੇਸ਼ੁਰ ॥੧੯॥ ਤੂੰ ਹੁਕਮਾਂ ਨੂੰ ਜਾਣਦਾ ਹੈਂ ਖੂਨ ਨਾ ਕਰ

Original with:
Language Department Punjab
Digitized by:
Panjab Digital Library

ਜਾਰੀ ਨਾ ਕਰ ਚੋਰੀ ਨਾ ਕਰ ਝੂਠੀ ਉਰਾਹੀ ਨਾ ਦਿਹ ਠਗੀ ਨਾ ਕਰ ਆਪਣੇ ਮਾਂ ਪਿਉ ਦਾ ਅ
ਦਰ ਕਰ ॥੨੦॥ ਉਸ ਨੈ ਉਹ ਨੂੰ ਕਿਹਾ ਗੁਰੂ ਜੀ ਮੈਂ ਆਪਣੇ ਬਾਲਕ ਪੁਣੇ ਥੋਂ ਲਾਕੇ ਉਨਾਂ ਸਭ ਨ
ਨੂੰ ਮੰਨਦਾ ਆਇਆ ਹਾਂ ॥੨੧॥ ਜਿਸ ਨੈ ਉਸ ਵਲ ਵੇਖਕੇ ਉਹ ਨੂੰ ਪਿਆਰ ਕੀਤਾ ਅਤੇ ਉਸ
ਨੂੰ ਆਖਿਆ ਤੇਰੇ ਵਿੱਚ ਇੱਕ ਗੱਲ ਦਾ ਘਾਟਾ ਹੈ ਜਾਹ ਅਤੇ ਜੋ ਕੁਛ ਤੇਰਾ ਹੈ ਵੇਚ ਅਤੇ ਕੰਗਾ
ਨੂੰ ਦੇ ਦਿਹ ਤਾਂ ਤੈ ਨੂੰ ਸੁਰਗ ਵਿੱਚ ਧਨ ਮਿਲੂ ਅਤੇ ਆ ਮੇਰੇ ਪਿੱਛੇ ਹੋ ਤੁਰ ॥੨੨॥ ਪਰ ਉਹ ਨੈ
ਉਸ ਗੱਲ ਥੋਂ ਬੁਰਾ ਮੂੰਹ ਬਣਾਇਆ ਅਤੇ ਉਦਾਸ ਹੋਕੇ ਚੱਲਿਆ ਗਿਆ ਕਿਉ ਜੋ ਉਹ ਵਡ
ਮਾਲਦਾਰ ਸੀ ॥ ॥੨੩॥ ਤਦ ਜਿਸੂ ਨੈ ਚੁਫੇਰੇ ਨਿਗਾਹ ਕਰਕੇ ਆਪਣੇ ਸਿੱਖਾਂ
ਨੂੰ ਕਿਹਾ ਜੇਹੜੇ ਦੌਲਤ ਰੱਖਦੇ ਹਨ ਉਨਾਂ ਦਾ ਪਰਮੇਸੁਰ ਦੇ ਰਾਜ ਵਿੱਚ ਵੜਨਾ ਕੇਡਾ ਹੀ ਔਖ
ਹੋਊਗਾ ॥੨੪॥ ਅਤੇ ਸਿੱਖ ਉਹ ਦੀਆਂ ਗੱਲਾਂ ਥੋਂ ਹੈਰਾਨ ਹੋਏ। ਪਰ ਜਿਸੂ ਨੈ ਉਨਾਂ ਨੂੰ ਅੱਗੋਂ
ਫੇਰ ਆਖਿਆ ਹੇ ਬੱਚਿਓ ਜੇਹੜੇ ਧਨ ਉੱਤੇ ਆਸਰਾ ਰੱਖਦੇ ਹਨ ਉਨਾਂ ਲਈ ਪਰਮੇਸੁਰ ਦੇ
ਰਾਜ ਵਿੱਚ ਵੜਨਾ ਕੇਡਾ ਹੀ ਔਖਾ ਹੈ ॥੨੫॥ ਸੂਈ ਦੇ ਨੱਕੇ ਵਿੱਚੋਂ ਦੀ ਊਠ ਦਾ ਲੰਘਣਾ ਇਸ
ਨਾਲੋਂ ਸੁਖਾਲਾ ਹੈ ਜੋ ਧਨਮਾਨ ਮਨੁੱਖ ਪਰਮੇਸੁਰ ਦੇ ਰਾਜ ਵਿੱਚ ਵੜੇ ॥੨੬॥ ਅਤੇ ਉਨਾਂ ਨੈ
ਬਹੁਤ ਹੀ ਹੈਰਾਨ ਹੋਕੇ ਉਹ ਨੂੰ ਆਖਿਆ ਤਾਂ ਫੇਰ ਕਿਹ ਦੀ ਮੁਕਤਿ ਹੋ ਸੱਕਦੀ ਹੈ ॥੨੭॥ ਜਿ
ਸੂ ਨੈ ਉਨਾਂ ਵਲ ਵੇਖਕੇ ਕਿਹਾ ਮਨੁੱਖਾਂ ਥੋਂ ਇਹ ਅਣਹੋਣਾ ਹੈ ਪਰ ਪਰਮੇਸੁਰ ਥੋਂ ਨਹੀਂ ਕਿਉ
ਕਿ ਪਰਮੇਸੁਰ ਥੋਂ ਸਭ ਕੁਛ ਹੋ ਸੱਕਦਾ ਹੈ ॥੨੮॥ ਪਤਰਸ ਉਹ ਨੂੰ ਕਹਿਣ ਲੱਗਾ ਵੇਖ ਅਸੀ

Original with:
Language Department Punjab
Digitized by:
Panjab Digital Library

ਸਭੋ ਕੁਛ ਛੱਡ ਕੇ ਤੇਰੇ ਮਗਰ ਹੋ ਤੁਰੇ ਹਾਂ ॥ ੨੮ ॥ ਯਿਸੂ ਨੈ ਕਿਹਾ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ
ਅਜਿਹਾ ਕੋਈ ਨਹੀਂ ਕਿ ਜਿਹਨੈ ਘਰ ਜਾਂ ਭਾਈਆਂ ਜਾਂ ਭੈਣਾਂ ਜਾਂ ਮਾਂ ਜਾਂ ਪਿਉ ਜਾਂ ਬਾਲ ਬੱਚੇ ਜਾਂ
ਜਮੀਨ ਨੂੰ ਮੇਰੇ ਅਤੇ ਮੰਗਲ ਸਮਾਚਾਰ ਦੇ ਲਈ ਛੱਡਿਆ ਹੋਵੇ ॥ ੩੦ ॥ ਜਿਹੜਾ ਹੁਣ ਇਸ
ਸਮੇ ਵਿੱਚ ਸੌ ਗੁਣਾ ਨਾ ਪਾਏ ਘਰ ਅਤੇ ਭਾਈ ਅਤੇ ਭੈਣ ਅਤੇ ਮਾਂ ਅਤੇ ਬਾਲ ਬੱਚੇ ਅਤੇ
ਜਮੀਨ ਦੁਖਾਂ ਨਾਲ ਅਤੇ ਅਗਾਲੇ ਜੁਗ ਵਿੱਚ ਸਦੀਪਕ ਜੀਉਣ ॥ ੩੧ ॥ ਪਰ ਬਥੇਰੇ ਜੋ ਪ-
ਹਿਲੇ ਹਨ ਸੋ ਪਿਛਲੇ ਹੋਣਗੇ ਅਤੇ ਜੋ ਪਿਛਲੇ ਹਨ ਸੋ ਪਹਿਲੇ ਹੋਣਗੇ ॥ ॥ ੩੨
॥ ਅਤੇ ਓਹ ਰਾਹ ਵਿੱਚ ਹੋਕੇ ਯਰੂਸਲੀਮ ਨੂੰ ਜਾਂਦੇ ਸਨ ਅਰ ਯਿਸੂ ਉਨਾਂ ਦੇ ਅੱਗੇ ਅੱਗੇ ਚੱਲ-
ਦਾ ਸੀ ਅਤੇ ਓਹ ਦੰਗ ਹੋਏ ਅਰ ਮਗਰ ਆਉਣ ਵਾਲੇ ਡਰੇ। ਅਤੇ ਫੇਰ ਉਹ ਉਨਾਂ ਬਾਰਾਂ ਨੂੰ
ਲੈ ਕੇ ਜੋ ਕੁਛ ਉਸ ਉੱਤੇ ਬੀਤਣਾ ਸੀ ਉਨਾਂ ਨੂੰ ਦੱਸਣ ਲੱਗਾ ॥ ੩੩ ॥ ਕਿ ਵੇਖੋ ਅਸੀਂ ਯਰੂਸ-
ਲੀਮ ਨੂੰ ਜਾਂਦੇ ਹਾਂ ਅਤੇ ਮਨੁੱਖ ਦਾ ਪੁਤ੍ਰ ਪਰਧਾਨ ਜਾਜਕਾਂ ਅਤੇ ਰੀਥੀਆਂ ਦੇ ਹੱਥ ਫੜਵਾਇ
ਆ ਜਾਊ ਅਤੇ ਓਹ ਉਸ ਨੂੰ ਮਾਰ ਸੁੱਟਣ ਦਾ ਹੁਕਮ ਦੇਣਗੇ ਅਰ ਉਸ ਨੂੰ ਪਰਾਈਆਂ ਕੌਮਾਂ
ਦੇ ਹਵਾਲੇ ਕਰਨਗੇ ॥ ੩੪ ॥ ਅਤੇ ਓਹ ਉਸ ਨੂੰ ਠੱਠਾ ਕਰਨਗੇ ਅਤੇ ਉਸ ਪੁਰ ਥੁੱਕਣਗੇ ਅਤੇ
ਕੋਰੜੇ ਮਾਰਨਗੇ ਅਤੇ ਮਾਰ ਸੁੱਟਣਗੇ ਅਤੇ ਉਹ ਤਿੰਨਾਂ ਦਿਨਾਂ ਪਿੱਛੋਂ ਫੇਰ ਜੀਉਂ ਠੂਗਾ ॥
॥ ੩੫ ॥ ਅਤੇ ਜਬਦੀ ਦੇ ਪੁਤ੍ਰ ਯਾਕੂਬ ਅਰ ਯੂਹੰਨਾ ਉਹ ਦੇ ਕੋਲ ਆਣ ਕੇ ਉਹ
ਨੂੰ ਕਹਿਣ ਲੱਗੇ ਗੁਰੂ ਜੀ ਅਸੀਂ ਚਾਹੁੰਦੇ ਹਾਂ ਭਈ ਜੋ ਕੁਛ ਅਸੀਂ ਤੈਥੋਂ ਮੰਗੀਏ ਤੂੰ ਸੋ ਈ ਸ

Original with:
Language Department Punjab
Digitized by:
Panjab Digital Library

ਤੇ ਲਈ ਕਰੇਂ।।੩੬।। ਉਸ ਨੇ ਉਨਾਂ ਨੂੰ ਆਖਿਆ ਤੁਸੀਂ ਕੀ ਚਾਹੁੰਦੇ ਹੋ ਜੋ ਮੈਂ ਤੁਹਾਡੇ ਲਈ
ਕਰਾਂ।।੩੭।। ਉਨਾਂ ਉਸ ਨੂੰ ਕਿਹਾ ਸਾਨੂੰ ਇਹ ਬਖਸ ਕਿ ਅਸੀਂ ਤੇਰੇ ਤੇਜ ਵਿੱਚ ਇੱਕ ਤੇਰੇ ਸੱਜੇ
ਅਤੇ ਇੱਕ ਖੱਬੇ ਬੈਠਿਯੇ।।੩੮।। ਜਿਸ ਨੇ ਉਨਾਂ ਨੂੰ ਕਿਹਾ ਤੁਸੀਂ ਨਹੀਂ ਜਾਣਦੇ ਜੋ ਕੀ ਮੰਗਦੇ
ਹੋਂ। ਕਿਆ ਉਹ ਪਿਆਲਾ ਜਿਹੜਾ ਮੈਂ ਪੀਂਦਾ ਹਾਂ ਤੁਸੀਂ ਪੀ ਸੱਕਦੇ ਹੋਂ ਜਾਂ ਉਹ ਬਪਤਿਸਮਾ
ਜਿਹੜਾ ਮੈਂ ਲੈਂਦਾ ਹਾਂ ਤੁਸੀਂ ਲੈ ਸੱਕਦੇ ਹੋ।।੩੯।। ਉਨਾਂ ਉਸ ਨੂੰ ਆਖਿਆ ਸਾਥੋਂ ਹੋ ਸੱਕ-
ਦਾ ਹੈ। ਜਿਸ ਨੇ ਉਨਾਂ ਨੂੰ ਆਖਿਆ ਉਹ ਪਿਆਲਾ ਜਿਹੜਾ ਮੈਂ ਪੀਂਦਾ ਹਾਂ ਤੁਸੀਂ ਤਾਂ ਪੀਓਗੇ
ਅਤੇ ਉਹ ਬਪਤਿਸਮਾ ਜਿਹੜਾ ਮੈਂ ਲੈਂਦਾ ਹਾਂ ਤੁਸੀਂ ਲਓਗੇ।।੪੦।। ਪਰ ਉਨਾਂ ਦੇ ਬਿਨਾ
ਜਿਨਾਂ ਲਈ ਤਿਆਰ ਕੀਤਾ ਗਿਆ ਹੈ ਕਿਸੇ ਨੂੰ ਆਪਣੇ ਸੱਜੇ ਜਾਂ ਖੱਬੇ ਬਿਠਾਲਣਾ ਮੇਰ
ਕੰਮ ਨਹੀਂ।।੪੧।। ਅਤੇ ਜਾਂ ਦੱਸਾਂ ਸਿੱਖਾਂ ਨੇ ਇਹ ਸੁਣਿਆ ਤਾਂ ਓਹ ਯਾਕੂਬ ਅਤੇ ਯੂਹੰਨ
ਉੱਤੇ ਖਿਝਣ ਲੱਗੇ।।੪੨।। ਤਦੋਂ ਯਿਸੂ ਨੇ ਉਨਾਂ ਨੂੰ ਆਪਣੇ ਕੋਲ ਸੱਦਿਆ ਅਤੇ ਉਨਾਂ ਨੂੰ
ਆਖਿਆ ਤੁਸੀਂ ਜਾਣਦੇ ਹੋ ਭਈ ਜੇਹੜੇ ਪਰਾਈਆਂ ਕੌਮਾਂ ਦੇ ਵਿੱਚ ਹਾਕਮ ਗਿਣੇ ਜਾਂਦੇ
ਹਨ ਓਹ ਉਨਾਂ ਉੱਤੇ ਹੁਕਮ ਚਲਾਉਂਦੇ ਹਨ ਅਤੇ ਉਨਾਂ ਦੇ ਸਰਦਾਰ ਉਨਾਂ ਉੱਤੇ ਇਖਤਿ-
ਆਰ ਰੱਖਦੇ ਹਨ।।੪੩।। ਪਰ ਤੁਹਾਡੇ ਵਿੱਚ ਅਜਿਹਾ ਨਹੀਂ ਹੈ ਪਰ ਜੋ ਕੋਈ ਤੁਹਾਡੇ ਵਿ-
ਚੋਂ ਵੱਡਾ ਹੋਣਾ ਚਾਹੇ ਸੋ ਤੁਹਾਡਾ ਟਹਿਲੂਆ ਹੋਊਗਾ।।੪੪।। ਅਤੇ ਜੋ ਕੋਈ ਤੁਹਾਡੇ ਵਿੱ-
ਚੋਂ ਸਰਦਾਰ ਬਣਿਆ ਚਾਹੇ ਉਹ ਸਭ ਦਾ ਚਾਕਰ ਹੋਊਗਾ।।੪੫।। ਕਿਉਂ ਕਿ ਮਨੁੱਖ ਦਾ

Original with:
Language Department Punjab
Digitized by:
Panjab Digital Library

ਪੁਤ੍ਰ ਬੀ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਨਿਸ-
ਤਾਰੇ ਦਾ ਮੁੱਲ ਭੁਗਤਣ ਲਈ ਆਪਣੀ ਜਾਨ ਦੇਣ ਨੂੰ ਆਇਆ॥ ॥੪੬॥ ਅ
ਤੇ ਓਹ ਯਰੀਹੋ ਵਿੱਚ ਆਏ ਅਰ ਜਦ ਉਹ ਅਤੇ ਉਹ ਦੇ ਸਿੱਖ ਅਤੇ ਬਹੁਤ ਲੋਕ ਯਰੀਹੋ ਥੋਂ
ਨਿੱਕਲ ਦੇ ਸਨ ਤਿਮਈ ਦਾ ਪੁੱਤ ਬਰਤਿਮਈ ਇੱਕ ਅੰਨ੍ਹਾ ਮੰਗਤਾ ਸੜਕ ਦੇ ਕੰਢੇ ਬੈਠਾ ਸੀ
॥੪੭॥ ਅਤੇ ਇਹ ਸੁਣਕੇ ਜੋ ਯਿਸੂ ਨਾਸਰੀ ਹੈ ਉੱਚੀ ਦੇਕੇ ਕਹਿਣ ਲੱਗਾ ਹੇ ਦਾਊਦ ਦੇ ਪੁਤ੍ਰ
ਹੇ ਯਿਸੂ ਮੇਰੇ ਉੱਤੇ ਦਯਾ ਕਰ॥ ੪੮॥ ਅਰ ਬਹੁਤਿਆਂ ਨੇ ਉਹ ਨੂੰ ਝਿੜਕਿਆ ਭਈ ਚੁੱਪ ਰ-
ਹੁ ਪਰ ਉਹ ਹੋਰ ਬੀ ਉੱਚੀ ਦੇਕੇ ਬੋਲਿਆ ਹੇ ਦਾਊਦ ਦੇ ਪੁਤ੍ਰ ਮੇਰੇ ਉੱਤੇ ਦਯਾ ਕਰ॥ ੪੯॥ ਤ-
ਦ ਯਿਸੂ ਨੇ ਖੜੋਕੇ ਕਿਹਾ ਜੋ ਉਹ ਨੂੰ ਸੱਦ ਲਿਆਓ। ਸੋ ਉਨ੍ਹਾਂ ਉਸ ਅੰਨ੍ਹੇ ਨੂੰ ਇਹ ਕਹਿਕੇ ਸੱਦਿ-
ਆ ਭਈ ਖਾਤਰ ਜਮਾ ਰੱਖ ਉੱਠ ਉਹ ਤੈਨੂੰ ਬੁਲਾਉਂਦਾ ਹੈ॥ ੫੦॥ ਤਾਂ ਉਹ ਆਪਣਾ ਲੀੜ ੦
ਸੁੱਟਕੇ ਉੱਠ ਖੜਾ ਹੋਇਆ ਅਤੇ ਯਿਸੂ ਕੋਲ ਆਇਆ॥ ੫੧॥ ਅਤੇ ਯਿਸੂ ਨੇ ਅੱਗੋਂ ਉ-
ਹ ਨੂੰ ਆਖਿਆ ਤੂੰ ਕੀ ਚਾਹੁੰਦਾ ਹੈਂ ਜੋ ਮੈਂ ਤੇਰੇ ਲਈ ਕਰਾਂ। ਅਤੇ ਅੰਨ੍ਹੇ ਨੇ ਉਹ ਨੂੰ ਕਿਹਾ ਸੁਆ ੦
ਮੀ ਜੀ ਮੈਂ ਸੁਜਾਖਾ ਹੋ ਜਾਵਾਂ॥ ੫੨॥ ਯਿਸੂ ਨੇ ਉਹ ਨੂੰ ਕਿਹਾ ਜਾਹ ਤੇਰੀ ਨਿਹਚਾ ਨੇ ਤੈਨੂੰ ਬ-
ਚਾਇਆ। ਅਤੇ ਓਹ ਉਹ ਸੁਜਾਖਾ ਹੋ ਗਿਆ ਅਤੇ ਰਾਹ ਵਿੱਚ ਉਹ ਦੇ ਮਗਰ ਤੁਰ ਪਿਆ ੦

੧੧ਕਾਂਡ॥

ਅਤੇ ਜਾਂ ਓਹ ਯਰੂਸਲੀਮ ਦੇ ਨੇੜੇ ਜੈਤੂਨ ਦੇ ਪਹਾੜ ਕੋਲ ਬੈਤਫ਼ਗਾ
ਅਤੇ ਬੈਤਅਨੀਆ ਤੀਕੁਰ ਪਹੁੰਚੇ ਤਾਂ ਉਹ ਨੇ ਆਪਣੇ ਸਿੱਖਾਂ ਵਿੱਚੋਂ ਦੋ ਜੁ

Original with:
Language Department Punjab
Digitized by:
Panjab Digital Library

ਨੂੰ ਪੱਲਿਆ ॥੨॥ ਅਤੇ ਉਨਾਂ ਨੂੰ ਆਖਿਆ ਕਿ ਉਸ ਪਿੰਡ ਨੂੰ ਜਿਹੜਾ ਤੁਹਾਡੇ ਸਾਹਮਣੇ ਹੈ
ਜਾਓ ਅਤੇ ਉਸ ਵਿੱਚ ਵੜਦੇ ਸਾਰ ਇੱਕ ਗਧੀ ਦਾ ਬੱਚਾ ਬੰਨਿਆ ਹੋਇਆ ਵੇਖੋਗੇ ਜਿਹ ਦੇ
ਉੱਤੇ ਕਦੇ ਕੋਈ ਸੁਆਰ ਨਹੀਂ ਹੋਇਆ। ਉਹ ਨੂੰ ਖੋਲ੍ਹ ਲਿਆਓ ॥੩॥ ਅਰ ਜੇ ਕੋਈ ਤੁਹਾਨੂੰ
ਕਹੇ ਭਈ ਤੁਸੀਂ ਇਹ ਕਿਉਂ ਕਰਦੇ ਹੋਂ ਤਾਂ ਕਹਿਣਾ ਜੋ ਪ੍ਰਭੂ ਨੂੰ ਇਹ ਦੀ ਲੋੜ ਹੈ ਤਦ ਉਹ ਝੱਟ
ਉਸ ਨੂੰ ਮੁੜ ਔਂਧਰ ਘੱਲ ਦੇਊਗਾ ॥੪॥ ਅਤੇ ਓਹ ਗਏ ਅਰ ਬੱਚੇ ਨੂੰ ਦਰ ਵੱਜੇ ਦੇ ਕੋਲ ਬਾ
ਹਰਲੇ ਪਾਸੇ ਚੌਕ ਵਿੱਚ ਬੰਨਿਆ ਹੋਇਆ ਵੇਖਿਆ ਅਤੇ ਉਹ ਨੂੰ ਖੋਲ੍ਹਿਆ ॥੫॥ ਅਰ
ਕਈ ਉਨਾਂ ਵਿੱਚੋਂ ਜੋ ਹਜ਼ੇ ਖੜੇ ਸਨ ਉਨਾਂ ਨੂੰ ਕਹਿਣ ਲੱਗੇ ਇਹ ਕੀ ਕਰਦੇ ਹੋਂ ਜੋ ਬੱਚੇ ਨੂੰ
ਖੋਲ੍ਹਦੇ ਹੋ ॥੬॥ ਅਤੇ ਉਨਾਂ ਨੈ ਜਿਹਾ ਕੁ ਯਿਸੂ ਨੈ ਆਖਿਆ ਸੀ ਉਨਾਂ ਨੂੰ ਕਹਿ ਦਿੱਤਾ। ਤਦ
ਉਨਾਂ ਨੈ ਇਨਾਂ ਨੂੰ ਜਾਣ ਦਿੱਤਾ ॥੭॥ ਅਤੇ ਓਹ ਉਸ ਬੱਚੇ ਨੂੰ ਯਿਸੂ ਕੋਲ ਲਿਆਏ ਅਰ
ਆਪਣੇ ਲੀੜੇ ਉਸ ਪੁਰ ਪਾ ਦਿੱਤੇ ਅਤੇ ਉਹ ਉਸ ਉੱਤੇ ਸੁਆਰ ਹੋਇਆ ॥ ੮॥ ਅਰ ਬ
ਹੁਤਿਆਂ ਨੈ ਆਪਣੇ ਲੀੜੇ ਰਾਹ ਵਿੱਚ ਬਿਛਾਏ ਅਰ ਹੋਰਨਾਂ ਨੈ ਖੇਤਾਂ ਵਿੱਚੋਂ ਪੱਤੇ ਵੱਢ
ਕੇ ਉਨਾਂ ਦਾ ਫਰਸ਼ ਬਿਛਾ ਦਿੱਤਾ ॥੯॥ ਅਤੇ ਓਹ ਜਿਹੜੇ ਅੱਗੇ ਪਿੱਛੇ ਚੱਲੇ ਜਾਂਦੇ ਸਨ
ਉੱਚੀ ਅਵਾਜ ਨਾਲ ਕਹਿੰਦੇ ਸੀ ਹੋਸੰਨਾ ਧੰਨ ਉਹ ਜਿਹੜਾ ਪ੍ਰਭੂ ਦੇ ਨਾਉਂ ਉੱਤੇ ਆਉਂਦਾ
ਹੈ ॥੧੦॥ ਧੰਨ ਸਾਡੇ ਪਿਤਾ ਦਾਊਦ ਦਾ ਰਾਜ ਜਿਹੜਾ ਆਉਂਦਾ ਹੈ। ਪਰਮ ਧਾਮ ਵਿੱਚ
ਹੋਸੰਨਾ ॥ ॥੧੧॥ ਅਤੇ ਉਹ ਯਰੂਸਲੀਮ ਪਹੁੰਚਕੇ ਮੰਦਰ ਵਿੱਚ ਗਿਆ ਅ

Original with:
Language Department Punjab
Digitized by:
Panjab Digital Library

ਜਦ ਉਸਨੈ ਚਾਰ ਚੁਫੇਰੇ ਸਭ ਕਾਸੇ ਉੱਤੇ ਨਿਗਾ ਕਰਲਈ ਤਦ ਉਨਾਂ ਬਾਰਾਂ ਦੇ ਨਾਲ
ਨਿੱਕਲਕੇ ਬੈਤਅਨੀਆ ਨੂੰ ਗਿਆ ਕਿਉਂ ਜੋ ਸੰਝ ਹੋ ਗਈ ਸੀ॥ ॥੧੨॥
ਅਤੇ ਅਗਲੇ ਦਿਨ ਜਾਂ ਓਹ ਬੈਤਅਨੀਆ ਥੋਂ ਬਾਹਰ ਆਏ ਤਾਂ ਉਸ ਨੂੰ ਭੁੱਖ ਲੱਗੀ
॥੧੩॥ ਅਤੇ ਦੂਰੋਂ ਪੱਤਿਆਂ ਵਾਲਾ ਇੱਕ ਹੰਜੀਰ ਦਾ ਰੁੱਖ ਵੇਖਕੇ ਉਹ ਗਿਆ ਜੋ ਕੀਜ
ਣਿਜੇ ਉਸ ਥੋਂ ਕੁਛ ਲੱਭੇ। ਅਤੇ ਜਾਂ ਉਹ ਉਸ ਦੇ ਨੇੜੇ ਆਇਆ ਤਾਂ ਪੱਤਿਆਂ ਬਿਨਾ
ਹੋਰ ਕੁਛ ਨਾ ਪਾਇਆ ਕਿਉਂਕਿ ਹੰਜੀਰਾਂ ਦੀ ਰੁੱਤ ਨਾ ਸੀ॥ ੧੪॥ ਤਦ ਉਸ ਨੈ ਅੱਗੋਂ ਉਹ
ਨੂੰ ਆਖਿਆ ਕੋਈ ਤੇਰਾ ਫਲ ਫੇਰ ਕਦੇ ਨਾ ਖਾਵੇ ਅਤੇ ਉਹ ਦੇ ਸਿੱਖਾਂ ਨੈ ਇਹ ਸੁਣਿਆ
॥ ੧੫॥ ਅਤੇ ਓਹ ਯਰੂਸਲੀਮ ਵਿੱਚ ਆਏ ਅਰ ਉਹ ਮੰਦਰ ਵਿੱਚ ਜਾਕੇ ਉ-
ਨਾਂ ਨੂੰ ਜੋ ਮੰਦਰ ਵਿੱਚ ਵੇਚਦੇ ਅਰ ਮੁੱਲ ਲੈਂਦੇ ਸਨ ਕੱਢਣ ਲੱਗਾ ਅਤੇ ਸਰਾਫਾਂ
ਦੇ ਤਖਤੇ ਪੋਸ ਅਰ ਕਬੂਤਰ ਵੇਚਣ ਵਾਲਿਆਂ ਦੀਆਂ ਚੌਂਕੀਆਂ ਉਲਟਾ ਦਿੱਤੀਆਂ॥
੧੬॥ ਅਰ ਕਿਸੇ ਨੂੰ ਮੰਦਰ ਵਿੱਚੋਂ ਦੀ ਭਾਂਡਾ ਲੈਕੇ ਲੰਘਣ ਨਾ ਦਿੱਤਾ॥ ੧੭॥ ਅਤੇ ਉ-
ਨਾਂ ਨੂੰ ਇਹ ਕਹਿਕੇ ਉਪਦੇਸ ਦਿੱਤਾ ਕੀ ਇਹ ਨਹੀਂ ਲਿਖਿਆ ਹੈ ਜੋ ਮੇਰਾ ਘਰ ਸਾਰੀ
ਆਂ ਕੌਮਾਂ ਲਈ ਪ੍ਰਾਰਥਨਾ ਦਾ ਘਰ ਸਦਾਵੇਗਾ ਪਰ ਤੁਸਾਂ ਉਹ ਨੂੰ ਧਾੜਵੀਆਂ ਦੀ ਗੁਫਾ
ਬਣਾ ਛੱਡਿਆ ਹੈ॥ ੧੮॥ ਅਤੇ ਪਰਧਾਨ ਜਾਜਕ ਅਰ ਰੀਥੀ ਇਹ ਸੁਣਕੇ ਇਸ ਗੱ-
ਲ ਦੇ ਪੱਛੇ ਲੱਗੇ ਭਈ ਉਹਦਾ ਕਿੱਕੁਰ ਨਾਸ ਕਰਿਯੇ ਕਿਉਂਕਿ ਉਸ ਥੋਂ ਡਰਦੇ ਸਨ ਇ-

Original with:
Language Department Punjab
Digitized by:
Panjab Digital Library

ਸਲਾਈ ਜੋ ਸਭ ਲੋਕ ਉਹ ਦੇ ਉਪਦੇਸ਼ ਥੋਂ ਹੈਰਾਨ ਰਹਿ ਗਏ ਸਨ॥ ॥੧੯॥ ਅਤੇ
ਹਰ ਸੰਝ ਨੂੰ ਉਹ ਸ਼ਹਿਰੋਂ ਬਾਹਰ ਜਾਂਦਾ ਹੁੰਦਾ ਸੀ॥ ॥੨੦॥ ਅਤੇ ਸਵੇਰ ਨੂੰ ਜਾਂ ਓਹ ਉਂ
ਧਰ ਦੀ ਲੰਘੇ ਤਾਂ ਡਿੱਠਾ ਜੋ ਉਹ ਹੰਜੀਰ ਦਾ ਰੁੱਖ ਜੜੋਂ ਸੁੱਕ ਗਿਆ ਹੈ॥੨੧॥ ਤਦ ਪਤਰਸ ਨੇ ਚੇ
ਤੇ ਕਰ ਕੇ ਉਹ ਨੂੰ ਆਖਿਆ ਸੁਆਮੀ ਜੀ ਵੇਖ ਇਹ ਹੰਜੀਰ ਦਾ ਰੁੱਖ ਜਿਹ ਨੂੰ ਤੈਂ ਸਰਾਪ ਦਿੱਤਾ ਸੀ
ਸੁੱਕ ਗਿਆ ਹੈ॥ ੨੨॥ ਅਤੇ ਜਿਸ਼ੂ ਨੇ ਉਨਾਂ ਨੂੰ ਉੱਤਰ ਦਿੱਤਾ ਪਰਮੇਸ਼ੁਰ ਉੱਤੇ ਨਿਹਚਾ ਰੱਖੋ॥
੨੩॥ ਮੈਂ ਤੁਹਾਨੂੰ ਸੱਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ ਉੱਠ ਅਰ ਸਮੁੰਦਰ ਵਿੱਚ ਜ ੦
ਪਉ ਅਤੇ ਆਪਣੇ ਮਨ ਵਿੱਚ ਭੁਰਮ ਨਾ ਕਰੇ ਬਲਕ ਪਰਤੀਤ ਕਰੇ ਕਿ ਜੋ ਹੜੀਆਂ ਗੱਲਾਂ ਮੈਂ ਆ ੦
ਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋਊਗਾ॥੨੪॥ ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ
ਜੋ ਕੁਛ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੂਗਾ॥੨੫
॥ ਅਰ ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ ਤਾਂ ਉਹ ਨੂੰ
ਮਾਫ ਕਰੋ ਤਾਂ ਜੋ ਤੁਹਾਡਾ ਪਿਤਾ ਭੀ ਜਿਹੜਾ ਸੁਰਗ ਵਿੱਚ ਹੈ ਤੁਹਾਡੀਆਂ ਤਖਸੀਰਾਂ ਨੂੰ ਮਾਫ ਕਰੇ॥
॥੨੭॥ ਅਤੇ ਓਹ ਫੇਰ ਯਰੂਸਲੀਮ ਵਿੱਚ ਆਏ। ਅਰ ਜਦ ਉਹ ਮੰਦਰ ਵਿੱਚ
ਫਿਰਦਾ ਸੀ ਤਦ ਪਰਧਾਨ ਜਾਜਕ ਅਤੇ ਗ੍ਰੰਥੀ ਅਤੇ ਬੁਜ਼ੁਰਗ ਉਹ ਦੇ ਕੋਲ ਆਏ ॥ ੨੮ ॥
ਅਰ ਉਸ ਨੂੰ ਕਿਹਾ ਤੂੰ ਕਿਹੜੇ ਇਖਤਿਆਰ ਨਾਲ ਏਹ ਕੰਮ ਕਰਦਾ ਹੈਂ ਅਥਵਾ ਏਹ ਕੰਮ ਕਰਨ
ਨੂੰ ਕਿਨ ਤੈਨੂੰ ਇਹ ਇਖਤਿਆਰ ਦਿੱਤਾ॥ ੨੯॥ ਜਿਸ਼ੂ ਨੇ ਉਨਾਂ ਨੂੰ ਆਖਿਆ ਮੈਂ ਤੁਹਾ ਨੂੰ ਇੱਕ

Original with:
Language Department Punjab
Digitized by:
Panjab Digital Library

ਗੱਲ ਪੁੱਛਣਾ ਤੁਸੀਂ ਮੈਂ ਨੂੰ ਉੱਤਰ ਦਿਓ ਤਾਂ ਮੈਂ ਤੁਹਾ ਨੂੰ ਦੱਸਾਂਗਾ ਜੋ ਕਿਹੜੇ ਇਖ਼ਤਿਆਰ ਨਾਲ ਏ-
ਹ ਕੰਮ ਕਰਦਾ ਹਾਂ ॥ ੨੯ ॥ ਯੂਹੰਨਾ ਦਾ ਬਪਤਿਸਮਾ ਸੁਰਗ ਵਲੋਂ ਸੀ ਅਥਵਾ ਮਨੁੱਖਾਂ ਵਲੋਂ
ਮੈਂ ਨੂੰ ਉੱਤਰ ਦਿਓ ॥ ੩੦ ॥ ਤਦ ਉਨ੍ਹਾਂ ਆਪੋ ਵਿੱਚ ਵਿਚਾਰ ਕਰ ਕੇ ਕਿਹਾ ਜੇ ਕਹਿਏ ਸੁਰਗ ਵਲੋਂ
ਤਾਂ ਉਹ ਬੋਲੂ ਫੇਰ ਤੁਸਾਂ ਉਹ ਦੀ ਪਰਤੀਤ ਕਿਉਂ ਨਾ ਕੀਤੀ ॥ ੩੧ ॥ ਪਰ ਜੇ ਕਹਿਏ ਮਨੁੱਖਾਂ ਵਲੋਂ
ਤਾਂ ਓਹ ਲੋਕਾਂ ਕੋਲੋਂ ਡਰਦੇ ਸਨ ਕਿਉਂ ਜੋ ਸੱਭੇ ਯੂਹੰਨਾ ਨੂੰ ਮੱਨਦੇ ਸਨ ਜੋ ਉਹ ਸੱਚ ਮੁੱਚ ਪਿਕੰਬ-
ਰ ਹੈ ॥ ੩੨ ॥ ਤਦ ਉਨ੍ਹਾਂ ਯੈਜ਼ੂ ਨੂੰ ਉੱਤਰ ਦਿੱਤਾ ਅਸੀਂ ਨਹੀਂ ਜਾਣਦੇ। ਫੇਰ ਯਿਸੂ ਨੈ ਉਨ੍ਹਾਂ ਨੂੰ ਆ
ਖਿਆ ਮੈਂ ਬੀ ਤੁਹਾ ਨੂੰ ਨਹੀਂ ਦੱਸਦਾ ਜੋ ਕਿਹੜੇ ਇਖ਼ਤਿਆਰ ਨਾਲ ਮੈਂ ਏਹ ਕੰਮ ਕਰਦਾ ਹਾਂ ॥

੧੨ ਕਾਂਡ ॥

ਫੇਰ ਉਹ ਉਨ੍ਹਾਂ ਨਾਲ ਦ੍ਰਿਸ਼ਟਾਂਤਾਂ ਵਿੱਚ ਬੋਲਣ ਲੱਗਾ ਕਿ ਇੱਕ ਮਨੁੱਖ ਨੈ ਦ
ਖ ਦਾ ਬਾਗ ਲਾਇਆ ਅਰ ਉਹ ਦੇ ਚੁਫੇਰੇ ਬਾੜ ਦਿੱਤੀ ਅਤੇ ਰਸ ਲਈ ਚੁਬੱ-
ਚਾ ਕੱਢਿਆ ਅਤੇ ਇੱਕ ਬੁਰਜ ਉਸਾਰਿਆ ਅਤੇ ਉਸ ਨੂੰ ਮਾਲੀਆਂ ਦੇ ਹੱਥ ਸੌਂਪ ਕੇ ਪਰਦੇਸ
ਚੱਲਿਆ ਗਿਆ ॥ ੨ ॥ ਅਰ ਉਸ ਨੈ ਰੁੱਤ ਸਿਰ ਇੱਕ ਚਾਕਰ ਨੂੰ ਮਾਲੀਆਂ ਕੋਲ ਘੱਲਿਆ ਜੋ
ਉਹ ਮਾਲੀਆਂ ਥੋਂ ਬਾਗ ਦੇ ਫਲ ਵਿੱਚੋਂ ਕੁਝ ਲਵੇ ॥ ੩ ॥ ਅਤੇ ਉਨ੍ਹਾਂ ਉਸ ਨੂੰ ਫੜ ਕੇ ਕੁੱਟਿਆ
ਅਰ ਸੱਖਣੇ ਹੱਥ ਮੋੜ ਦਿੱਤਾ ॥ ੪ ॥ ਅਰ ਉਹ ਨੈ ਇੱਕ ਹੋਰ ਚਾਕਰ ਉਨ੍ਹਾਂ ਦੇ ਕੋਲ ਘੱਲਿਆ।
ਅਤੇ ਉਨ੍ਹਾਂ ਉਸ ਦਾ ਸਿਰ ਭੰਨਿਆ ਅਤੇ ਉਹ ਦੀ ਪਤ ਲਾਹ ਦਿੱਤੀ ॥ ੫ ॥ ਫੇਰ ਉਸ ਨੈ ਇੱਕ
ਹੋਰ ਘੱਲਿਆ ਅਤੇ ਉਨ੍ਹਾਂ ਉਸ ਨੂੰ ਮਾਰ ਸੁੱਟਿਆ। ਅਰ ਉਹ ਨੈ ਹੋਰ ਬਹੁਤ ਸਾਰੇ ਘੱਲੇ ਅ-

Original with:
Language Department Punjab
Digitized by:
Panjab Digital Library

ਤੇ ਉਨਾਂ ਨੈ ਕਈਆਂ ਨੂੰ ਕੁੱਟਿਆ ਅਰ ਕਈਆਂ ਨੂੰ ਮਾਰ ਦਿੱਤਾ ॥੬॥ ਅਜੇ ਉਹਦੇ ਕੋਲ ਇੱਕ ਰਹਿੰਦਾ ਸੀ ਉਹਦਾ ਪਿਆਰਾ ਪੁਤ੍ਰ। ਓੜਕ ਉਸ ਨੈ ਉਹ ਨੂੰ ਬੀ ਉਨਾਂ ਕੋਲ ਇਹ ਕਹਿਕੇ ਘੱਲਿਆ ਭਈ ਓਹ ਮੇਰੇ ਪੁਤ੍ਰ ਦਾ ਆਦਰ ਕਰਨਗੇ ॥੭॥ ਪਰ ਉਨਾਂ ਮਾਲੀਆਂ ਨੈ ਆਪੋ ਵਿੱਚ ਕਿਹ ਵਾਰਸ ਇਹੋ ਹੈ ਆਓ ਇਹ ਨੂੰ ਮਾਰ ਸੁੱਟਿਯੇ ਤਾਂ ਵਿਰਸਾ ਸਾਡਾ ਹੋ ਜਾਊਗਾ ॥੮॥ ਅਰ ਉਨਾਂ ਨੈ ਉਸ ਨੂੰ ਫੜਕੇ ਮਾਰ ਦਿੱਤਾ ਅਤੇ ਉਹ ਨੂੰ ਬਾਰੋਂ ਬਾਹਰ ਸੁੱਟਿਆ ॥੯॥ ਸੋ ਬਾਗ ਦਾ ਮਾਲਕ ਕੀ ਕਰੂ। ਉਹ ਆਊਗਾ ਅਰ ਮਾਲੀਆਂ ਦਾ ਨਾਸ ਕਰੂ ਅਤੇ ਦਾਖ ਦਾ ਬਾਗ ਹੋਰਨਾਂ ਨੂੰ ਸੌਂਪੇਗਾ ॥੧੦॥ ਕੀ ਤੁਸਾਂ ਇਹ ਲਿਖਤ ਬੀ ਨਹੀਂ ਪੜ੍ਹੀ ਕਿ ਜਿਸ ਪੱਥਰ ਨੂੰ ਰਾਜਾਂ ਨੈ ਰੱਦਿਆ ਸੋਈ ਖੂੰਜੇ ਦਾ ਸਿਰਾ ਹੋ ਗਿਆ ॥੧੧॥ ਇਹ ਪ੍ਰਭੂ ਦੀ ਵਲੋਂ ਹੋਇਆ ਅਤੇ ਸਾਡੀ ਨਜਰ ਵਿੱਚ ਅਚਰਜ ਹੈ ॥੧੨॥ ਤਦ ਉਨਾਂ ਨੈ ਚਾਹਿਆ ਜੋ ਉਹ ਨੂੰ ਫੜ ਲੈਣ ਪਰ ਲੋਕਾਂ ਥੋਂ ਡਰੇ ਕਿਉਂ ਜੋ ਉਨਾਂ ਨੈ ਜਾਣ ਲਿਆ ਭਈ ਉਸ ਨੈ ਸਾਡੇ ਉੱਤੇ ਇਹ ਦ੍ਰਿਸਟਾਂਤ ਕਿਹਾ ਹੈ। ਅਤੇ ਓਹ ਉਸ ਨੂੰ ਛੱਡ ਕੇ ਚੱਲੇ ਗਏ ॥

॥੧੩॥ ਫੇਰ ਉਨਾਂ ਨੈ ਫਰੀਸੀਆਂ ਅਤੇ ਹੇਰੋਦੀਆਂ ਵਿੱਚੋਂ ਕਈਆਂ ਨੂੰ ਉਹਦੇ ਕੋਲ ਘੱਲਿਆ ਜੋ ਉਸ ਨੂੰ ਉਹ ਦੀਆਂ ਗੱਲਾਂ ਦੀ ਫਾਹੀ ਵਿੱਚ ਫਸਾਉਣ ॥੧੪॥ ਸੋ ਉਨਾਂ ਆਣਕੇ ਉਸ ਨੂੰ ਆਖਿਆ ਗੁਰੂ ਜੀ ਅਸੀਂ ਜਾਣਦੇ ਹਾਂ ਜੋ ਤੂੰ ਸੱਚਾ ਹੈਂ ਅਤੇ ਤੈਨੂੰ ਕਿਸੇ ਦੀ ਪਰਵਾਹ ਨਹੀਂ ਕਿਉਂਕਿ ਤੂੰ ਮਨੁੱਖਾਂ ਦਾ ਪੱਖ ਨਹੀਂ ਕਰਦਾ ਸਗੋਂ ਸਚਿਆਈ ਨਾਲ ਪਰਮੇਸੁਰ ਦਾ ਰਾਹ ਦੱਸਦਾ ਹੈਂ। ਕੈਸਰ ਨੂੰ ਜਜ਼ੀਆ ਦੇਣਾ ਜੋਗ ਹੈ ਕੇ ਨਹੀਂ। ਅਸੀਂ ਦੇਈਏ ਕੇ

Original with:
Language Department Punjab
Digitized by:
Panjab Digital Library

ਨਾ ਦੇਇਜੇ।।੧੫।।ਪਰ ਉਸ ਨੈ ਉਨ੍ਹਾਂ ਦਾ ਕਪਟ ਜਾਣਕੇ ਉਨਾਂ ਨੂੰ ਆਖਿਆ ਤੁਸੀਂ ਮੈ ਨੂੰ ਕਿਉ
ਪਰਤਾਉਂਦੇ ਹੋ ਇੱਕ ਅਠਿਆਨੀ ਮੇਰੇ ਕੋਲ ਲਿਆਓ ਤਾਂ ਵੇਖਾਂ।।੧੬।।ਸੋ ਓਹ ਲਿਆਏ। ਤ
ਦ ਉਸ ਨੈ ਉਨ੍ਹਾਂ ਨੂੰ ਕਿਹਾ ਇਹ ਮੂਰਤ ਅਤੇ ਲਿਖਤ ਕਿਹ ਦੀ ਹੈ। ਉਨਾਂ ਉਸ ਨੂੰ ਆਖਿਆ ਕੈ
ਸਰ ਦੀ।।੧੭।। ਤਦ ਯਿਸੂ ਨੈ ਉਨ੍ਹਾਂ ਨੂੰ ਕਿਹਾ ਜੇਹੜੀਆਂ ਚੀਜਾਂ ਕੈਸਰ ਦੀਆਂ ਹਨ ਸੋ ਕੈਸਰ
ਨੂੰ ਦਿਓ ਅਤੇ ਜੇਹੜੀਆਂ ਪਰਮੇਸੁਰ ਦੀਆਂ ਹਨ ਸੋ ਪਰਮੇਸੁਰ ਨੂੰ ਦਿਓ। ਤਾਂ ਓਹ ਉਸ ਥੋਂ ਬ
ਹੁਤ ਹੈਰਾਨ ਹੋਏ।। ।।੧੮।।ਫੇਰ ਸਦੂਕੀ ਜੇਹੜੇ ਆਖਦੇ ਹਨ ਭਈ ਕਿਆਮ
ਤ ਨਹੀਂ ਹੋਣੀ ਉਸ ਕੋਲ ਆਏ ਅਰ ਉਸ ਥੋਂ ਇਹ ਸੁਆਲ ਕੀਤਾ।।੧੯।। ਕਿ ਗੁਰੂ ਜੀ ਸਾਡੇ
ਲਈ ਮੂਸਾ ਨੈ ਲਿਖਿਆ ਹੈ ਭਈ ਜੇ ਕਿਸੇ ਦਾ ਭਾਈ ਮਰ ਜਾਵੇ ਅਤੇ ਉਹ ਦੀ ਤੀਮੀ ਰਹੇ ਅਰ
ਕੋਈ ਉਲਾਦ ਨਾ ਛੱਡ ਗਿਆ ਹੋਵੇ ਤਾਂ ਉਹ ਦਾ ਭਾਈ ਉਹ ਦੀ ਤੀਮੀ ਨੂੰ ਕਰ ਲਵੇ ਅਤੇ ਆ
ਪਣੇ ਭਾਈ ਵਾਸਤੇ ਵੰਸ ਉਤਪੱਤ ਕਰੇ।।੨੦।। ਸੱਤ ਭਾਈ ਸਨ ਅਤੇ ਪਹਿਲੇ ਨੈ ਤੀਮੀ ਕੀ
ਤੀ ਅਰ ਔਤ ਮਰ ਗਿਆ।।੨੧।। ਤਦ ਦੂਏ ਨੈ ਉਹ ਨੂੰ ਕਰ ਲਿਆ ਅਤੇ ਔਤ ਮਰ ਗਿਆ
ਅਤੇ ਇਸੇ ਤਰਾਂ ਤੀਆ ਬੀ। ਅਰ ਸੱਤੇ ਔਤ ਗਏ।।੨੨।। ਸਾਰਿਆਂ ਦੇ ਪਿੱਛੋਂ ਉਹ ਤੀਮੀ
ਬੀ ਮਰ ਗਈ।।੨੩।। ਕਿਯਾਮਤ ਨੂੰ ਉਹ ਉਨਾਂ ਵਿੱਚੋਂ ਕਿਹ ਦੀ ਤੀਮੀ ਹੋਊ ਕਿਉ ਜੋ ਸੱਤਾਂ ਨੈ
ਉਹ ਨੂੰ ਇਸ ਤੀ ਕਰਕੇ ਵਸਾਇਆ ਸੀ।।੨੪।। ਯਿਸੂ ਨੈ ਉਨਾਂ ਨੂੰ ਕਿਹਾ ਕੀ ਤੁਸੀਂ ਇਸ ਕਰ
ਕੇ ਤਾਂ ਭੁੱਲ ਵਿੱਚ ਨਹੀਂ ਪਏ ਹੋਂ ਕਿ ਤੁਸੀਂ ਨਾ ਪੁਸਤਕਾਂ ਨੂੰ ਅਤੇ ਨਾ ਪਰਮੇਸੁਰ ਦੀ ਸਮਰੱਥਾ ਨੂੰ

Original with:
Language Department Punjab
Digitized by:
Panjab Digital Library

ਜਾਣਦੇ ਹੋ॥੨੫॥ ਕਿਉਂਕਿ ਜਦ ਮੁਰਦਿਆਂ ਵਿੱਚੋਂ ਉੱਠਣਗੇ ਓਹ ਨਾ ਵਿਆਹ ਕਰਨਗੇ ਨਾ ਵਿਆਹੇ ਜਾਣਗੇ ਬਲਕ ਸੁਰਗੀ ਦੂਤਾਂ ਵਰਗੇ ਹਨ॥੨੬॥ ਪਰ ਮੁਰਦਿਆਂ ਦੀ ਬਾਬਤ ਜੋ ਓਹ ਜਿਵਾਲੇ ਜਾਂਦੇ ਹਨ ਕੀ ਤੁਸਾਂ ਮੂਸਾ ਦੇ ਗ੍ਰੰਥ ਵਿੱਚ ਝਾੜੀ ਦੀ ਕਥਾ ਵਿੱਚ ਨਹੀਂ ਪੜ੍ਹਿਆ ਜੋ ਪਰਮੇਸ਼ੁਰ ਨੇ ਉਹ ਨੂੰ ਕਿ ਕੁਰ ਆਖਿਆ ਕਿ ਮੈਂ ਇਬਰਾਹੀਮ ਦਾ ਪਰਮੇਸ਼ੁਰ ਅਤੇ ਇਸਹਾਕ ਦਾ ਪਰਮੇਸ਼ੁਰ ਅਤੇ ਯਾਕੂਬ ਦ ਪਰਮੇਸ਼ੁਰ ਹਾਂ॥੨੭॥ ਉਹ ਮੁਰਦਿਆਂ ਦਾ ਪਰਮੇਸ਼ੁਰ ਤਾਂ ਨਹੀਂ ਸਗੋਂ ਜੀਉਂਦਿਆਂ ਦਾ ਹੈ। ਤੁਸੀਂ ਵੱਡੀ ਭੁੱਲ ਵਿੱਚ ਪਏ ਹੋਏ ਹੋ॥

॥੨੮॥ ਅਤੇ ਗ੍ਰੰਥੀਆਂ ਵਿੱਚੋਂ ਇੱਕ ਨੇ ਕੋਲ ਆਣ ਕੇ ਉਨ੍ਹਾਂ ਦਾ ਸੁਆਲ ਜਵਾਬ ਸੁਣਿਆ ਅਤੇ ਇਹ ਸਮਝ ਕੇ ਭਈ ਉਸ ਨੇ ਉਨ੍ਹਾਂ ਨੂੰ ਚੰਗਾ ਜਵਾਬ ਦਿੱਤਾ ਉਹ ਨੂੰ ਪੁੱਛਿ ਆ ਜੋ ਸਭਨਾਂ ਹੁਕਮਾਂ ਵਿੱਚੋਂ ਮੁੱਖ ਕਿਹੜਾ ਹੈ॥੨੯॥ ਜਿਸ ਨੇ ਜਵਾਬ ਦਿੱਤਾ ਭਈ ਮੁੱਖ ਇਹ ਹੈ ਕਿ ਹੇ ਇਸਰਾਈਲ ਸੁਣ। ਪ੍ਰਭੁ ਸਾਡਾ ਪਰਮੇਸ਼ੁਰ ਇੱਕੋ ਪ੍ਰਭੁ ਹੈ॥੩੦॥ ਅਰ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਮਨ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸਕਤਿ ਨਾਲ ਪਿਆਰ ਕਰ॥੩੧॥ ਦੂਆ ਇਹ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। ਇਨ੍ਹਾਂ ਥੋਂ ਵੱਡਾ ਹੋਰ ਕੋਈ ਹੁਕਮ ਨਹੀਂ ਹੈ॥੩੨॥ ਤਦ ਉਸ ਗ੍ਰੰਥੀ ਨੇ ਉਹ ਨੂੰ ਕਿਹਾ ਠੀਕ ਗੁਰੂ ਜੀ ਤੈਂ ਸੱਚ ਆਖਿਆ ਭਈ ਉਹ ਇੱਕੋ ਹੈ ਅਤੇ ਉਹ ਦੇ ਬਿਨਾ ਹੋਰ ਕੋਈ ਨਹੀਂ॥੩੩॥ ਅਤੇ ਸਾਰੇ ਮਨ ਨਾਲ ਅਤੇ ਸਾਰੀ ਸਮਝ ਨਾਲ ਅਤੇ ਸਾਰੀ ਸਕਤਿ ਨਾਲ ਉਹ ਨੂੰ ਪਿਆਰ ਕਰਨਾ ਅਰ ਗੁਆਂਢੀ ਨੂੰ ਆਪਣੇ ਜਿਹਾ ਪਿਆਰ

Original with:
Language Department Punjab
Digitized by:
Panjab Digital Library

ਕਰਨਾ ਸਾਰੇ ਹੋਮਾਂ ਅਤੇ ਬਲਿਦਾਨਾਂ ਨਾਲੋਂ ਵੱਧ ਹੈ ॥੩੪॥ ਅਤੇ ਜਾਂ ਯਿਸੂ ਨੈ ਡਿੱਠਾ ਕਿ ਉਹ
ਨੈ ਅਕਲ ਨਾਲ ਉੱਤਰ ਦਿੱਤਾ ਤਾਂ ਉਹ ਨੂੰ ਕਿਹਾ ਤੂੰ ਪਰਮੇਸੁਰ ਦੇ ਰਾਜ ਥੋਂ ਦੂਰ ਨਹੀਂ ਹੈਂ। ਅਤੇ
ਏਦੋਂ ਅੱਗੇ ਕਿਸੇ ਦਾ ਹੀਆ ਨਾ ਪਿਆ ਜੋ ਉਸ ਕੋਲੋਂ ਕੁਛ ਸੁਆਲ ਕਰੇ ॥ ॥੩੫
॥ ਅਤੇ ਯਿਸੂ ਨੈ ਮੰਦਰ ਵਿੱਚ ਉਪਦੇਸ ਕਰਦੇ ਹੋਏ ਅੱਗੋਂ ਆਖਿਆ ਜੋ ਗ੍ਰੰਥੀ ਕਿੱਕੁਰ ਕਹਿੰਦੇ
ਹਨ ਭਈ ਮਸੀਹ ਦਾਊਦ ਦਾ ਪੁਤ੍ਰ ਹੈ ॥੩੬॥ ਦਾਊਦ ਨੈ ਪਵਿਤ੍ਰ ਆਤਮਾ ਦੀ ਰਾਹੀਂ ਆਪੇ ਆ
ਖਿਆ ਹੈ ਕਿ ਪ੍ਰਭੁ ਨੈ ਮੇਰੇ ਪ੍ਰਭੁ ਨੂੰ ਕਿਹਾ ਤੂੰ ਮੇਰੇ ਸੱਜੇ ਪਾਸੇ ਬੈਠ ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ
ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ ॥੩੭॥ ਦਾਊਦ ਤਾਂ ਆਪੇ ਉਹ ਨੂੰ ਪ੍ਰਭੁ ਕਹਿੰਦਾ ਹੈ ਫੇ
ਰ ਉਹ ਉਸ ਦਾ ਪੁਤ੍ਰ ਕਿੱਥੋਂ ਹੋਇਆ। ਅਤੇ ਆਮ ਖਾਸ ਖੁਸੀ ਨਾਲ ਉਹ ਦੀ ਸੁਣਦੇ ਸਨ ॥
॥੩੮॥ ਅਤੇ ਉਸ ਨੈ ਆਪਣੇ ਉਪਦੇਸ ਵਿੱਚ ਕਿਹਾ ਗ੍ਰੰਥੀਆਂ ਥੋਂ ਚੌਕਸ ਰਹੋ ਜੇਹੜੇ ਲੰ
ਮੇ ਬਸਤ੍ਰ ਪਹਿਨੀਂ ਤੁਰਨ ਫਿਰਨ ਅਤੇ ਬਜਾਰਾਂ ਵਿੱਚ ਸਲਾਮ ਲੈਣ ॥ ੩੯॥ ਅਤੇ ਸਮਾਜਾਂ
ਵਿੱਚ ਅਗਲੀਆਂ ਕੁਰਸੀਆਂ ਅਤੇ ਜਿਆਫਤਾਂ ਵਿੱਚ ਉੱਚੀਆਂ ਥਾਵਾਂ ਨੂੰ ਲੋਚਦੇ ਹਨ ॥੪੦
॥ ਓਹ ਬਿਧਵਾਂ ਦੇ ਘਰਾਂ ਨੂੰ ਚੱਟ ਕਰ ਜਾਂਦੇ ਹਨ ਅਤੇ ਵਿਖਾਲਣ ਲਈ ਲੰਮੀਆਂ ਲੰਮੀਆਂ ਪ੍ਰ
ਰਥਨਾਂ ਕਰਦੇ ਹਨ। ਉਨਾਂ ਨੂੰ ਵਧੀਕ ਦੰਡ ਮਿਲੂ ॥ ॥੪੧॥ ਅਤੇ ਉਹ ਭੰਡਾਰ ਦੇ
ਸਾਹਮਣੇ ਬੈਠ ਕੇ ਵੇਖ ਰਿਹਾ ਸੀ ਜੋ ਲੋਕ ਭੰਡਾਰ ਵਿੱਚ ਕਿਸ ਤਰਾਂ ਪੈਸੇ ਟਕੇ ਪਾਉਂਦੇ ਹਨ ਅਰ ਬ
ਬੇਰੇ ਧਨਮਾਨਾਂ ਨੈ ਬਹੁਤ ਕੁਛ ਪਾਇਆ ॥ ੪੨॥ ਅਤੇ ਇੱਕ ਕੰਗਾਲ ਬਿਧਵਾ ਨੈ ਆਣ ਕੇ ਦੋ

Original with:
Language Department of Punjab
Digitized by:
Panjab Digital Library

ਦਮੜੀਆਂ ਅਰਥਾਤ ਧੇਲਾ ਪਾ ਦਿੱਤਾ ॥੪੩॥ ਤਾਂ ਉਹ ਨੇ ਆਪਣੇ ਸਿੱਖਾਂ ਨੂੰ ਕੋਲ ਸੱਦਕੇ ਉਨਾਂ ਨੂੰ ਕਿਹਾ ਮੈਂ ਤੁਹਾਨੂੰ ਸੱਤ ਆਖਦਾ ਹਾਂ ਭਈ ਜੇਹੜੇ ਭੰਡਾਰ ਵਿੱਚ ਪਾਉਂਦੇ ਹਨ ਉਨਾਂ ਸਭਨਾਂ ਨਾਲੋਂ ਇਸ ਕੰਗਾਲ ਬਿਧਵਾ ਨੇ ਬਹੁਤਾ ਪਾਇਆ ॥੪੪॥ ਕਿਉਂ ਜੋ ਸਭਨਾਂ ਨੇ ਆਪਣੇ ਵਾਫਰਮਾਲ ਥੋਂ ਕੁਛ ਪਾਇਆ ਪਰ ਇਸ ਨੇ ਆਪਣੀ ਥੁੜ ਵਿੱਚੋਂ ਜੋ ਕੁਛ ਇਹ ਦਾ ਸੀ ਅਰਥਾਤ ਅ ੦ ਪਣੀ ਸਾਰੀ ਪੂੰਜੀ ਪਾ ਦਿੱਤੀ ॥

੧੩ਕਾਂਡ ॥ ਅਤੇ ਜਾਂ ਉਹ ਮੰਦਰੋਂ ਬਾਹਰ ਜਾਂਦਾ ਸੀ ਤਾਂ ਉਹ ਦੇ ਸਿੱਖਾਂ ਵਿੱਚੋਂ ਇੱਕ ਨੇ ਉਹ ੦ ਨੂੰ ਆਖਿਆ ਗੁਰੂ ਜੀ ਵੇਖ ਏਹ ਕੇਹੇ ਜੇਹੇ ਪੱਥਰ ਅਤੇ ਕਿੰਹੀਆਂ ਇਮਾਰਤ ੦ ਹਨ ॥੨॥ ਅਤੇ ਯਿਸੂ ਨੇ ਉਹ ਨੂੰ ਕਿਹਾ ਕੀ ਤੂੰ ਇਨਾਂ ਵੱਡੀਆਂ ਇਮਾਰਤਾਂ ਨੂੰ ਵੇਖਦਾ ਹੈਂ ਐੱਥੇ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਊਗਾ ਜਿਹੜਾ ਡੇਰਿਆ ਨਾ ਜਾਏ ॥ ॥੩॥ ਅਤੇ ਜਾਂ ਉਹ ਜੈਤੂਨ ਦੇ ਪਹਾੜ ਉੱਤੇ ਮੰਦਰ ਦੇ ਸਾਹਮਣੇ ਬੈਠਾ ਸੀ ਪਤਰਸ ਅਤੇ ਯਾਕੂਬ ਅਤੇ ਯੂਹੰਨਾ ਅਤੇ ਅੰਦ੍ਰਿਯਾਸ ਨੇ ਨਿਰਾਲੇ ਵਿੱਚ ਉਹ ਦੇ ਅੱਗੇ ਅਰਜ ਕੀਤੀ ॥੪॥ ਜੋ ਸਾ ਨੂੰ ਦੱਸ ਏਹ ਗੱਲਾਂ ਕਦ ਹੋਣਗੀਆਂ ਅਤੇ ਉਸ ਸਮੇ ਦਾ ਕੀ ਲੱਛਣ ਹੈ ਕਿ ਜਾਂ ਏਹ ਸਭ ਪੂਰੀਆਂ ਹੋਣ ਲੱਗਣਗੀਆਂ ॥੫॥ ਯਿਸੂ ਉਨਾਂ ਨੂੰ ਆਖਣ ਲੱਗਾ ਚੌਕਸ ਰਹੋ ਭਈ ਕੋਈ ਤੁਹਾਨੂੰ ਭੁਲਾਵੇ ਵਿੱਚ ਨਾ ਪਾਵੇ ॥੬॥ ਮੇਰਾ ਨਾਉਂ ਧਾਰਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਉਹ ਹਾਂ ਅਤੇ ਬਹੁਤਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ ॥੭॥ ਜਾਂ ਲੜਾਈਆਂ ਅਤੇ ਲੜਾਈਆਂ ਦੀਆਂ ਅਫਵਾਹੀ-

Original with:
Language Department Punjab
Digitized by:
Panjab Digital Library

ਆਂ ਸੁਣੋਂਗੇ ਤਾਂ ਘਬਰਾਨਾ ਜਾਣਾ। ਇਨਾਂ ਦਾ ਹੋਣਾ ਜਰੂਰ ਹੈ ਪਰ ਅਜੇ ਅੰਤ ਨਹੀਂ ॥੮॥ ਕਿਉਂ
ਜੋ ਕੋਮ ਕੋਮ ਉੱਤੇ ਅਤੇ ਪਾਤਸਾਹੀ ਪਾਤਸਾਹੀ ਉੱਤੇ ਚੜਾਈ ਕਰੂਗੀ। ਥਾਉਂ ਥਾਉਂ ਭੁਚਾਲ ਆ
ਉਣਗੇ ਕਾਲ ਪੈਣਗੇ। ਇਹ ਅਜੇ ਪੀੜਾਂ ਦਾ ਮੁੱਢ ਹੈ ॥ ॥੯॥ ਪਰ ਤੁਸੀਂ ਚੌਕਸ ਰ-
ਹੋ ਕਿਉਂ ਜੋ ਤੁਹਾ ਨੂੰ ਮਜਲਸਾਂ ਦੇ ਹਵਾਲੇ ਕਰਨਗੇ ਅਰ ਤੁਸੀਂ ਸਮਾਜਾਂ ਵਿੱਚ ਮਾਰ ਖਾਓਗੇ
ਅਤੇ ਹਾਕਮਾਂ ਅਤੇ ਰਾਜਿਆਂ ਦੇ ਅੱਗੇ ਮੇਰੇ ਕਾਰਨ ਖੜੇ ਕੀਤੇ ਜਾਓਗੇ ਤਾਂ ਉਨਾਂ ਉੱਤੇ ਸਾਖੀ
ਹੋਵੇ ॥੧੦॥ ਅਤੇ ਜਰੂਰ ਹੈ ਜੋ ਪਹਿਲਾਂ ਸਾਰੀਆਂ ਕੋਮਾਂ ਦੇ ਅੱਗੇ ਮੰਗਲ ਸਮਾਚਾਰ ਦੀ ਮਨਾ-
ਦੀ ਕੀਤੀ ਜਾਏ ॥੧੧॥ ਪਰ ਜਾਂ ਤੁਹਾ ਨੂੰ ਲੈ ਜਾਕੇ ਹਵਾਲੇ ਕਰਨ ਅੱਗੋਂ ਹੀ ਚਿੰਤਾ ਨਾ ਕਰਨੀ ਭ-
ਈ ਅਸੀਂ ਕੀ ਆਖਾਂਗੇ ਬਲਕ ਜੋ ਕੁਛ ਉਸ ਘੜੀ ਤੁਹਾ ਨੂੰ ਬਖਸਿਆ ਜਾਵੇ ਸੋਈ ਕਹਿਣਾ ਕਿ
ਉਂਕਿ ਕਹਿਣ ਵਾਲੇ ਤੁਸੀਂ ਨਹੀਂ ਹੋ ਪਰ ਪਵਿਤ੍ਰ ਆਤਮਾ ਹੈ ॥੧੨॥ ਅਤੇ ਭਾਈ ਭਾਈ ਨੂੰ ਅਰ
ਪਿਉ ਬੱਚੇ ਨੂੰ ਮਰਵਾਉਣ ਲਈ ਫੜਵਾਊਗਾ ਅਤੇ ਬੱਚੇ ਮਾਪਿਆਂ ਦੇ ਵਿਰੁੱਧ ਖੜੇ ਹੋਕੇ ਉਨਾਂ
ਨੂੰ ਮਰਵਾ ਸੁੱਟਣਗੇ ॥੧੩॥ ਅਰ ਮੇਰੇ ਨਾਉਂ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ ਪਰ
ਜਿਹੜਾ ਅੰਤ ਤੋੜੀ ਸਹੇਗਾ ਸੋਈ ਮੁਕਤਿ ਪਾਊ ॥ ॥੧੪॥ ਜਦ ਤੁਸੀਂ ਉਸ ਉਜਾੜ
ਨਫਰਤੀ ਘਿਣਾਉਣੀ ਚੀਜ ਨੂੰ ਜਿਸ ਥਾਂ ਨਹੀਂ ਚਾਹੀਦਾ ਉੱਥੇ ਖੜੀ ਵੇਖੋ ◦ ਵਾਚਣ ਵਾਲਾ ਸਮ-
ਝ ਲਵੇ ◦ ਤਦ ਓਹ ਜੋ ਹੜੇ ਸਹੂਦਿਯਾ ਵਿੱਚ ਹੋਣ ਪਹਾੜਾਂ ਨੂੰ ਭੱਜ ਜਾਣ ॥੧੫॥ ਅਤੇ ਜਿਹੜਾ
ਕੋਠੇ ਪੁਰ ਹੋਵੇ ਹਿਠਾਂ ਨਾ ਉੱਤਰੇ ਅਤੇ ਆਪਣੇ ਘਰੋਂ ਕੁਛ ਕੱਢ ਲੈ ਜਾਣ ਲਈ ਅੰਦਰ ਨਾ ਵੜੇ

Original with:
Language Department Punjab
Digitized by:
Panjab Digital Library

॥੧੬॥ਅਤੇ ਜੇੜਾ ਖੇਤ ਵਿੱਚ ਹੋਵੇ ਆਪਣੇ ਲੀੜੇ ਲੈਣ ਨੂੰ ਪਿੱਛੇ ਨਾ ਮੁੜੇ॥੧੭॥ਅਤੇ ਹਾਮ
ਸੋਸ ਉਨਾਂ ਉੱਤੇ ਜੋ ਹੜੀਆਂ ਉਨਾਂ ਦਿਨਾਂ ਵਿੱਚ ਪੈਰ ਭਾਰੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ
ਹੋਣ॥੧੮॥ਪਰ ਤੁਸੀਂ ਪ੍ਰਾਰਥਨਾ ਕਰੋ ਜੋ ਇਹ ਸਿਆਲ੍ਹ ਵਿੱਚ ਨਾ ਹੋਵੇ॥੧੯॥ਕਿਉਂਕਿ ਉਨੀਂ
ਦਿਨੀਂ ਐਡਾ ਕਸਟ ਹੋਊ ਜੋ ਸਰਿਸਟ ਦੇ ਮੁੱਢੋਂ ਲਾਕੇ ਜਿਹ ਨੂੰ ਪਰਮੇਸੁਰ ਨੈ ਸਾਜਿਆ ਹੈ ਨਾਹੁ
ਣ ਤੋੜੀ ਹੋਇਆ ਹੈ ਅਤੇ ਨਾ ਕਦੇ ਹੋਊ ॥੨੦॥ਅਰ ਜੇ ਪ੍ਰਭੂ ਉਨਾਂ ਦਿਨਾਂ ਨੂੰ ਨਾ ਘਟਾਉਂਦਾ ਤਾਂ ਕੋ
ਈ ਸਰੀਰ ਨਾ ਬਚਦਾ ਪਰ ਉਨਾਂ ਚੁਣਿਆਂ ਹੋਇਆਂ ਦੀ ਖਾਤਰ ਜਿਨਾਂ ਨੂੰ ਉਹ ਨੈ ਚੁਣਿਆ ਹੈ ਉ
ਸ ਨੈ ਉਨਾਂ ਦਿਨਾਂ ਨੂੰ ਘਟਾਇਆ॥੨੧॥ਅਤੇ ਉਸ ਸਮੇ ਜੇ ਕੋਈ ਤੁਹਾਨੂੰ ਆਖੇ ਕਿ ਵੇਖੋ ਮਸੀਹ
ਐੱਥੇ ਹੈ ਜਾਂ ਵੇਖੋ ਉੱਥੇ ਹੈ ਤਾਂ ਸੱਤਨਾ ਮੰਨਣਾ॥੨੨॥ਕਿਉਂਕਿ ਝੂਠੇ ਮਸੀਹ ਅਤੇ ਝੂਠੇ ਪਿਕੰਬਰ
ਉੱਠਣਗੇ ਅਤੇ ਨਿਸਾਨੀਆਂ ਅਰ ਅਚਰਜ ਕੰਮ ਵਿਖਾਲਣਗੇ ਤਾਂ ਜੇ ਹੋ ਸੱਕੇ ਓਹ ਚੁਣਿਆਂ
ਹੋਇਆਂ ਨੂੰ ਭੁਲਾਵੇ ਵਿੱਚ ਪਾ ਦੇਣ॥੨੩॥ਪਰ ਤੁਸੀਂ ਚੌਕਸ ਰਹੋ ਵੇਖੋ ਮੈਂ ਤੁਹਾਨੂੰ ਅੱਗੋਂ ਹੀ
ਸਭੋ ਕੁਛ ਦੱਸ ਦਿੱਤਾ॥ ॥੨੪॥ਪਰ ਉਨਾਂ ਦਿਨਾਂ ਵਿੱਚ ਉਸ ਕਸ਼ਟ ਦੇ ਪਿੱਛੋਂ ਸੂ
ਰਜ ਅਨੇਰਾ ਹੋ ਜਾਊਗਾ ਅਤੇ ਚੰਦ ਆਪਣੀ ਚਾਨਣੀ ਨਾ ਦੇਊ॥੨੫॥ਅਤੇ ਤਾਰੇ ਅਕਾਸ
ਥੋਂ ਡਿਗ ਪੈਣਗੇ ਅਤੇ ਜੇਹੜੀਆਂ ਸਕਤੀਆਂ ਅਕਾਸ਼ ਵਿੱਚ ਹਨ ਹਿਲਾਈਆਂ ਜਾਣਗੀਆਂ
॥੨੬॥ਅਰ ਤਦ ਮਨੁੱਖ ਦੇ ਪੁਤ੍ਰ ਨੂੰ ਵੱਡੀ ਸਮਰੱਥਾ ਅਤੇ ਤੇਜ ਨਾਲ ਬੱਦਲਾਂ ਉੱਤੇ ਆਉਂ
ਦਿਆਂ ਵੇਖਣਗੇ॥੨੭॥ਅਰ ਉਸ ਵੇਲੇ ਉਹ ਦੂਤਾਂ ਨੂੰ ਭੇਜੂਗਾ ਅਤੇ ਚੌਹਾਂ ਕੂੰਟਾਂ ਥੋਂ ਧਰਤੀ

Original with:
Language Department Punjab
Digitized by:
Panjab Digital Library

ਦੀਹੱਦੋਂਅਕਾਸ਼ਦੀਹੱਦਤੀਕੁਰਆਪਣੇਚੁਣਿਆਂਹੋਇਆਂਨੂੰਕੱਠਿਆਂਕਰੂ॥
॥੨੮॥ਫੇਰਹੰਜੀਰਦੇਬਿਰਛੋਂਇੱਕਦ੍ਰਿਸ਼ਟਾਂਤਸਿੱਖੋ।ਜਦਉਹਦੀਲਾਗਰਕੋਮਲਹੁੰ-
ਦੀਅਤੇਪੱਤੇਫੁੱਟਦੇਹਨਤਾਂਜਾਣਲੈਂਦੇਹੋਜੋਗਰਮੀਦੀਰੁੱਤਨੇੜੇਆਈਹੈ॥੨੯॥ਇਸੇ
ਤਰਾਂਨਾਲਤੁਸੀਂਬੀਜਾਂਵੇਖੋਂਕਿਏਹਗੱਲਾਂਹੁੰਦੀਆਂਹਨਤਾਂਜਾਣੋ ਭਈਉਹਨੇੜੇਸੱਦੋਂਬੂ-
ਹੇਉੱਤੇਹੈ॥੩੦॥ਮੈਂਤੁਹਾਨੂੰਸੱਤਆਖਦਾਹਾਂਕਿਜਦਤੋੜੀਏਹਸਭੁਗੱਲਾਂਨਾਹੋਲੈਣਇ-
ਹਯੀੜੀਬੀਤਨਾਜਾਊਗੀ॥੩੧॥ਅਕਾਸ਼ਅਤੇਧਰਤੀਟਲਜਾਣਗੇਪਰਮੇਰੇਬਚਨਕ
ਦੇਨਾਟਲਣਗੇ॥੩੨॥ਪਰਉਸਦਿਨਅਥਵਾਉਸਘੜੀਦੀਬਾਬਤਕੋਈਨਹੀਂਜਾ-
ਣਦਾਨਾਸੁਰਗਾਦੇਦੂਤਨਾਪੁਤ੍ਰਪਰਕੇਵਲਪਿਤਾ॥੩੩॥ਖਬਰਦਾਰਜਾਗਦੇਰਹੋਅਤੇ
ਪ੍ਰਾਰਥਨਾਕਰੋਕਿਉਂਕਿਤੁਸੀਂਨਹੀਂਜਾਣਦੇਜੋਉਹਵੇਲਾਕਦਹੋਊ॥੩੪॥ਇਹਇੱਕਪਰ-
ਦੇਸਗਏਹੋਏਮਨੁੱਖਵਰਗਾਹੈਜਿਹਨੈਘਰੋਂਜਾਂਦੇਵੇਲੇਆਪਣੇਚਾਕਰਾਂਨੂੰਇਖਤਿਆ
ਰਅਤੇਹਰੇਕਨੂੰਉਹਦਾਕੰਮਦਿੱਤਾ ਅਤੇਦਰਬਾਨਨੂੰਹੁਕਮਕੀਤਾ ਭਈਜਾਗਦਾਰਹੁ॥੩੫
॥ਸੋਜਾਗਦੇਰਹੋਕਿਉਂਜੋਤੁਸੀਂਨਹੀਂਜਾਣਦੇ ਭਈਘਰਦਾਮਾਲਕਕਦਆਊਗਾ।ਸੰਝ
ਨੂੰਜਾਂਅੱਧੀਰਾਤਨੂੰਜਾਂਕੁੱਕੜਦੇਬਾਂਗਾਦੇਣਦੇਵੇਲੇਜਾਂਤੜਕੇਨੂੰ॥੩੬॥ਤਾਂਅਜਿਹਾਨ
ਹੋਵੇਜੋਅਚਾਣਕਆਣਕੇਉਹਤੁਹਾਨੂੰਸੁੱਤੇਵੇਖੇ॥੩੭॥ਅਤੇਜੋਮੈਂਤੁਹਾਨੂੰਆਖਦਾਹਾਂਸੋ
ਸਾਰਿਆਂਨੂੰਆਖਦਾਹਾਂਭਈਜਾਗਦੇਰਹੋ॥

Original with
Language Department Punjab
Digitized by:
Panjab Digital Library

੧੪ਕਾਂਡ॥ ਦੋ ਦਿਨਾਂ ਪਿੱਛੋਂ ਪਸਾਹ ਅਤੇ ਪਤੀਰੀ ਰੋਟੀ ਦਾ ਤਿਉਹਾਰ ਹੋਣ ਵਾਲਾ ਸੀ ਅਰ ਪਰਧਾਨ ਜਾਜਕ ਅਤੇ ਗ੍ਰੰਥੀ ਇਸ ਗੱਲ ਦੇ ਪਿੱਛੇ ਲੱਗੇ ਜੋ ਉਹ ਨੂੰ ਕਿੱਕਰ ਛਲ ਨਾਲ ਫੜਕੇ ਜਾਨੋਂ ਮਾਰਿਜੇ॥੨॥ ਕਿਉਂਜੋ ਆਖਿਆ ਤਿਉਹਾਰ ਦੇ ਦਿਨ ਨਹੀਂ ਕਿਤੇ ਲੋਕਾਂ ਵਿੱਚ ਬਲਵਾ ਹੋਵੇ॥ ॥੩॥ ਅਤੇ ਜਾਂ ਉਹ ਬੈਤਅਨੀਆ ਵਿੱਚ ਸਮਊਨ ਕੋੜੀ ਦੇ ਘਰ ਰੋਟੀ ਖਾਣ ਬੈਠਾ ਸੀ ਇੱਕ ਤੀਮੀਂ ਮਹਿੰਗਾ ਮੁੱਲਾ ਜਟਾਮਾਸੀ ਦਾ ਖਰਾ ਅਤਰ ਸੀਸੀ ਵਿੱਚ ਲਿਆਈ ਅਤੇ ਸੀਸੀ ਨੂੰ ਭੰਨਕੇ ਉਹ ਦੇ ਸਿਰ ਉੱਤੇ ਡੁਹੁਲਾ ਦਿੱਤਾ॥੪॥ ਤਦ ਕਿਨੇ ਆਪਣੇ ਮਨ ਵਿੱਚ ਖਿਝਕੇ ਬੋਲੇ ਜੋ ਇਸ ਅਤਰ ਦਾ ਇਹ ਨੁਕਸਾਨ ਕਾਹ ਨੂੰ ਹੋਇਆ॥ ੫॥ ਕਿਉਂਕਿ ਹੋ ਸੱਕਦਾ ਸੀ ਜੋ ਇਹ ਅਤਰ ਤੁਹ ਸੌ ਰੁਪੱਜੇ ਥੋਂ ਵਧੀਕ ਨੂੰ ਵਿਕਦਾ ਅਤੇ ਕੰਗਾਲਾਂ ਨੂੰ ਦਿੱਤਾ ਜਾਂਦਾ। ਅਤੇ ਓਹ ਉਸ ਤੀਮੀਂ ਉੱਤੇ ਬੁੜਬੁੜਾਉਣ ਲਗੇ॥੬॥ ਪਰ ਜਿਸ ਨੈ ਆਖਿਆ ਇਹ ਨੂੰ ਛੱਡ ਦਿਓ ਕਿਉਂ ਇਹ ਨੂੰ ਔਖਿਆਂ ਕਰਦੇ ਹੋ ਉਸ ਨੈ ਮੇਰੇ ਨਾਲ ਚੰਗਾ ਵਰਤਾਵਾ ਕੀਤਾ ਹੈ॥੭॥ ਕਿਉਂ ਜੋ ਕੰਗਾਲ ਸਦਾ ਤੁਹਾਡੇ ਨਾਲ ਹਨ ਅਤੇ ਜਾਂ ਚਾਹੋਂ ਤਾਂ ਉਨ੍ਹਾਂ ਦਾ ਭਲਾ ਕਰ ਸੱਕਦੇ ਹੋ ਪਰ ਮੈਂ ਸਦਾ ਤੁਹਾਡੇ ਨਾਲ ਨਹੀਂ ਹਾਂ॥੮॥ ਜੋ ਉਸ ਥੋਂ ਬਣ ਪਿਆ ਉਸ ਨੈ ਕੀਤਾ। ਉਹ ਨੈ ਅੱਗੋਂ ਹੀ ਮੇਰੇ ਸਰੀਰ ਉੱਤੇ ਕਫਨਾਉਣ ਦਫਨਾਉਣ ਲਈ ਅਤਰ ਪਾ ਦਿੱਤਾ॥੯॥ ਮੈਂ ਤੁਹਾਨੂੰ ਸੱਤ ਆਖਦਾ ਹਾਂ ਜੋ ਸਾਰੇ ਸੰਸਾਰ ਵਿੱਚ ਜਿੱਥੇ ਕਿਤੇ ਮੰਗਲ ਸਮਾਚਾਰ ਦੀ ਮਨਾਦੀ ਕੀਤੀ ਜਾਊ ਭੀ ਉੱਥੇ ਇਹ ਭੀ ਜੋ ਇਸ ਨੈ ਕੀਤਾ ਹੈ ਉਹ ਦੀ ਯਾਦਗੀਰੀ ਲਈ ਕਿਹਾ ਜਾਊ॥ ॥

Original with:
Language Department Punjab
Digitized by:
Panjab Digital Library

੧੦॥ ਅਤੇ ਯਹੂਦਾ ਇਸਕਰਿਯੋਤੀ ਜਿਹੜਾ ਉਨਾਂ ਬਾਰਾਂ ਵਿੱਚੋਂ ਇੱਕ ਸੀ ਪਰਧਾਨ ਜਾਜਕਾਂ
ਕੋਲ ਚੱਲਿਆ ਗਿਆ ਭੁਈ ਉਸ ਨੂੰ ਉਨਾਂ ਦੇ ਹੱਥ ਫੜਵਾ ਦੇਵੇ॥ ੧੧॥ ਅਤੇ ਓਹ ਸੁਣਕੇ ਆ-
ਨੰਦ ਹੋਏ ਅਰ ਉਸ ਨੂੰ ਰੁੱਪਜੇ ਦੇਣ ਦਾ ਕਰਾਰ ਕੀਤਾ। ਤਦ ਉਹ ਇਸ ਗੱਲ ਦੇ ਪੈੱਛੇ ਲੱਗਾ ਜੋ
ਕਿਸ ਤਰਾਂ ਸੌਕਾ ਪਾਕੇ ਉਹ ਨੂੰ ਫੜਵਾ ਦੇ॥ ॥ ੧੨॥ ਅਰ ਪਤੀਰੀ ਰੋਟੀ ਦੇ ਤਿਉ-
ਹਾਰ ਦੇ ਪਹਿਲੇ ਦਿਨ ਜਾਂ ਪਸਾਹ ਦੇ ਲਈ ਬਲਿਦਾਨ ਕਰਦੇ ਹੁੰਦੇ ਸਨ ਤਾਂ ਉਹ ਦੇ ਸਿੱਖਾਂ ਨੇ ਉ-
ਹਨੂੰ ਕਿਹਾ ਤੂੰ ਕਿੱਥੇ ਚਾਹੁੰਦਾ ਹੈਂ ਜੋ ਅਸੀਂ ਜਾਕੇ ਤੇਰੇ ਖਾਣ ਲਈ ਪਸਾਹ ਤਿਆਰ ਕਰਿਯੇ॥ ੧੩
॥ ਤਦ ਉਹ ਨੇ ਆਪਣੇ ਸਿੱਖਾਂ ਵਿੱਚੋਂ ਦੋਹੁ ਨੂੰ ਘੱਲਿਆ ਅਤੇ ਉਨਾਂ ਨੂੰ ਆਖਿਆ ਸ਼ਹਿਰ ਵਿੱਚ
ਜਾਓ ਅਤੇ ਇੱਕ ਮਨੁੱਖ ਪਾਣੀ ਦਾ ਘੜਾ ਚੁੱਕੀ ਤੁਹਾਨੂੰ ਮਿਲੂਗਾ। ਉਹ ਦੇ ਮਗਰ ਤੁਰ ਪਓ॥ ੧੪
॥ ਅਰ ਜਿਸ ਘਰ ਵਿੱਚ ਉਹ ਜਾਵੇ ਤੁਸੀਂ ਘਰ ਦੇ ਮਾਲਕ ਨੂੰ ਕਹੋ ਜੋ ਗੁਰੂ ਆਖਦਾ ਹੈ ਮੇਰਾ ਉ-
ਤਾਰੇ ਦਾ ਥਾਉਂ ਕਿੱਥੇ ਹੈ ਜਿੱਥੇ ਮੈਂ ਆਪਣੇ ਸਿੱਖਾਂ ਦੇ ਨਾਲ ਪਸਾਹ ਖਾਵਾਂ॥ ੧੫॥ ਅਤੇ ਉਹ ਆ-
ਪ ਹੀ ਤੁਹਾਨੂੰ ਇੱਕ ਵੱਡਾ ਚੁਬਾਰਾ ਫਰਸ ਬਿਛਿਆ ਅਤੇ ਸੁਆਰਿਆ ਹੋਇਆ ਦਿਖਾਲੂ ਸੋ
ਉੱਥੇ ਸਾਡੇ ਲਈ ਤਿਆਰੀ ਕਰੋ॥ ੧੬॥ ਅਤੇ ਸਿੱਖ ਚੱਲੇ ਗਏ ਅਰ ਸਹਿਰ ਵਿੱਚ ਜਾਕੇ ਜਿਹੋ
ਜਿਹਾ ਉਸ ਨੇ ਉਨਾਂ ਨੂੰ ਦੱਸਿਆ ਸੀ ਤਿਹੋ ਜਿਹਾ ਡਿੱਠਾ ਅਤੇ ਪਸਾਹ ਤਿਆਰ ਕੀਤੀ॥
॥ ੧੭॥ ਅਤੇ ਜਾਂ ਸੰਝ ਪਈ ਉਹ ਉਨਾਂ ਬਾਰਾਂ ਦੇ ਨਾਲ ਆਇਆ॥ ੧੮॥ ਅਰ ਜਦ ਓਹ
ਬੈਠੇ ਖਾਂਦੇ ਸਨ ਤਦ ਯਿਸੂ ਨੇ ਕਿਹਾ ਮੈਂ ਤੁਹਾਨੂੰ ਸੱਤ ਆਖਦਾ ਹਾਂ ਭੁਈ ਤੁਹਾਡੇ ਵਿੱਚੋਂ ਇੱਕ ਜੋ ਮੇ-

Original with:
Language Department Punjab
Digitized by:
Panjab Digital Library

ਰੇਨਾਲ ਖਾਂਦਾ ਹੈ ਮੈਂ ਨੂੰ ਫੜਵਾਊਗਾ ॥੭੯॥ ਤਦ ਓਹ ਉਦਾਸ ਹੋਣ ਅਤੇ ਇੱਕ ਇੱਕ ਕਰਕੇ ਉਹ ਨੂੰ
ਕਹਿਣ ਲੱਗੇ ਕੀ ਉਹ ਮੈਂ ਹਾਂ ॥੨੦॥ ਉਸ ਨੈ ਉਨਾਂ ਨੂੰ ਆਖਿਆ ਬਾਰਾਂ ਵਿੱਚੋਂ ਇੱਕ ਜਣਾ ਜਿਹ-
ੜਾ ਮੇਰੇ ਨਾਲ ਥਾਲੀ ਵਿੱਚ ਹੱਥ ਪਾਉਂਦਾ ਹੈ ਸੋਈ ਹੈ ॥੨੧॥ ਕਿਉਂਕਿ ਮਨੁੱਖ ਦਾ ਪੁੱਤ ਤਾਂ ਜਾਂਦਾ ਹੈ
ਜਿਹਾ ਉਹ ਦੇ ਹੱਕ ਵਿੱਚ ਲਿਖਿਆ ਹੈ ਪਰ ਹਾਇ ਉਸ ਮਨੁੱਖ ਉੱਤੇ ਜਿਹ ਦੀ ਰਾਹੀਂ ਮਨੁੱਖ ਦਾ ਪੁ-
ਤ ਫੜਵਾਇਆ ਜਾਂਦਾ। ਉਸ ਮਨੁੱਖ ਦੇ ਲਈ ਭਲਾ ਹੁੰਦਾ ਜੇ ਉਹ ਨਿੰਜ ਜੰਮਦਾ ॥
॥੨੨॥ ਅਰ ਜਦ ਓਹ ਖਾ ਰਹੇ ਸਨ ਤਦ ਉਸ ਨੈ ਰੋਟੀ ਲਈ ਅਤੇ ਬਰਕਤ ਦੇ ਕੇ ਤੋੜੀ ਅਤੇ ਉ-
ਨਾਂ ਨੂੰ ਦੇ ਕੇ ਕਿਹਾ ਲਓ ਇਹ ਮੇਰਾ ਸਰੀਰ ਹੈ ॥੨੩॥ ਫੇਰ ਉਹ ਨੈ ਪਿਆਲਾ ਲੈ ਕੇ ਸੁਕਰ ਕੀਤਾ
ਅਤੇ ਉਨਾਂ ਨੂੰ ਦਿੱਤਾ ਅਰ ਸਭਨਾਂ ਨੈ ਉਸ ਵਿੱਚੋਂ ਪੀਤਾ ॥੨੪॥ ਅਤੇ ਉਸ ਨੈ ਉਨਾਂ ਨੂੰ ਕਿਹਾ ਇਹ ਮੇ-
ਰਾ ਲਹੂ ਹੈ ਅਰ ਥਾਤ ਨੇਮ ਦਾ ਲਹੂ ਜਿਹੜਾ ਬਹੁਤਿਆਂ ਦੇ ਬਦਲੇ ਵਹਾਇਆ ਜਾਂਦਾ ਹੈ ॥੨੫॥
ਮੈਂ ਤੁਹਾਨੂੰ ਸੱਤ ਆਖਦਾ ਹਾਂ ਜੋ ਮੈਂ ਫੇਰ ਕਦੇ ਦਾ ਖ ਰਸ ਨਾ ਪੀਆਂਗਾ ਜਿਸ ਦਿਨ ਤੀਕੁਰ ਪਰਮੇਸ੍ਰ
ਰ ਦੇ ਰਾਜ ਵਿੱਚ ਉਹ ਨਵਾਂ ਨਾ ਪੀਆਂ ॥ ॥੨੬॥ ਫੇਰ ਓਹ ਭਜਨ ਗਾ ਕੇ ਜੈਤੂਨ ਦੇ ਪਹਾੜ
ਨੂੰ ਨਿੱਕਲ ਗਾਏ ॥ ॥੨੭॥ ਅਤੇ ਜਿਸ ਨੈ ਉਨਾਂ ਨੂੰ ਆਖਿਆ ਤੁਸੀਂ ਸੱਭੇ ਠੋਕਰ ਖ
ਓਗੇ ਕਿਉਂ ਜੋ ਇਹ ਲਿਖਿਆ ਹੈ ਭੁਈ ਮੈਂ ਅਯਾਲੀ ਨੂੰ ਮਾਰਾਂਗਾ ਅਤੇ ਭੇਡਾਂ ਖਿੱਲਰ ਜਾਣਗੀ-
ਆਂ ॥੨੮॥ ਪਰ ਮੈਂ ਆਪਣੇ ਜੀ ਉੱਠਣ ਦੇ ਪਿੱਛੋਂ ਤੁਹਾਥੋਂ ਅੱਗੇ ਗਲੀਲ ਨੂੰ ਜਾਵਾਂਗਾ ॥੨੯
॥ਤਦ ਪਤਰਸ ਨੈ ਉਹ ਨੂੰ ਆਖਿਆ ਭਾਵੇਂ ਸੱਭੇ ਠੋਕਰ ਖਾਣ ਪਰ ਮੈਂ ਨਹੀਂ ਖਾਵਾਂਗਾ ॥੩੦

Original with:
Language Department Punjab
Digitized by:
Panjab Digital Library

ਅਤੇ ਯਿਸੂ ਨੈ ਉਹ ਨੂੰ ਕਿਹਾ ਮੈਂ ਤੈਨੂੰ ਸੱਤ ਆਖਦਾ ਹਾਂ ਜੋ ਤੂੰ ਅੱਜ ਇਸੇ ਰਾਤ ਕੁੱਕੜ ਦੇ ਦੋ ਵਾਰ ਬਾ
ਗ ਦੇਣ ਥੋਂ ਅੱਗੇ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ ॥ ੩੧ ॥ ਪਰ ਉਹ ਨੈ ਵੱਡੇ ਹੱਠ ਨਾਲ ਕਿਹਾ ਜੇ
ਤੇਰ ਨਾਲੇ ਮੈਂ ਨੂੰ ਮਰਨੀ ਬੀ ਪਵੇ ਤਾਂ ਬੀ ਮੈਂ ਤੇਰਾ ਇਨਕਾਰ ਕਦੇ ਨਾ ਕਰਾਂਗਾ ਅੱਤੇ ਸੱਭੇ ਇਸੇ ਤਰਾ
ਬੋਲੇ ॥ ॥ ੩੨ ॥ ਫੇਰ ਓਹ ਗਤਸਮਨੀ ਨਾਮੇ ਇੱਕ ਥਾਂ ਆਏ ਅਤੇ ਉਸ ਨੈ ਆਪ
ਣੇ ਸਿੱਖਾਂ ਨੂੰ ਕਿਹਾ ਜਦ ਤੀਕੁਰ ਮੈਂ ਪ੍ਰਾਰਥਨਾ ਕਰਾਂ ਤੁਸੀਂ ਐੱਥੇ ਬੈਠੋ ॥ ੩੩ ॥ ਅਰ ਪਤਰਸ ਅਤੇ
ਯਾਕੂਬ ਅਤੇ ਯੂਹੰਨਾ ਨੂੰ ਆਪਣੇ ਨਾਲ ਲਿਆ ਅਤੇ ਹੈਰਾਨ ਅਰ ਬਹੁਤ ਦਿਲਗੀਰ ਹੋਣ ਲੱ
ਗਾ ॥ ੩੪ ॥ ਅਰ ਉਸ ਨੈ ਉਨਾਂ ਨੂੰ ਆਖਿਆ ਮੇਰਾ ਜੀ ਬਹੁਤ ਉਦਾਸ ਹੈ ਥਲਕ ਮਰਨ ਵਰਗਾ
ਹਾਲ ਹੈ ਤੁਸੀਂ ਐੱਥੇ ਠਹਿਰੋ ਅਰ ਜਾਗਦੇ ਰਹੋ ॥ ੩੫ ॥ ਅਤੇ ਉਹ ਥੋੜਾ ਅੱਗੇ ਵਧ ਕੇ ਭੂੰਏਂ ਡਿਗ
ਪਿਆ ਅਰ ਪ੍ਰਾਰਥਨਾ ਕੀਤੀ ਕਿ ਜੇ ਹੋ ਸੱਕੇ ਤਾਂ ਇਹ ਘੜੀ ਮੈਥੋਂ ਟਲ ਜਾਏ ॥ ੩੬ ॥ ਅੱਤੇ ਉਨ
ਆਖਿਆ ਅੱਬਾ ਹੇ ਪਿਤਾ ਤੈਥੋਂ ਸੱਭੋ ਕੁਛ ਹੋ ਸੱਕਦਾ ਹੈ। ਇਹ ਪਿਆਲਾ ਮੇਰੇ ਕੋਲੋਂ ਹਟਾ ਦਿਹ।
ਤਾਂ ਬੀ ਉਹ ਨਾ ਹੋਵੇ ਜਿਹੜਾ ਮੈਂ ਚਾਹੁੰਦਾ ਹਾਂ ਪਰ ਉਹ ਜਿਹੜਾ ਤੂੰ ਚਾਹੁੰਦਾ ਹੈਂ ॥ ੩੭ ॥ ਫੇਰ ਉਹ ਨੈ
ਆਣ ਕੇ ਉਨਾਂ ਨੂੰ ਸੁੱਤੇ ਹੋਏ ਵੇਖਿਆ ਅਤੇ ਪਤਰਸ ਨੂੰ ਕਿਹਾ ਹੇ ਸਮਊਨ ਤੂੰ ਸੋਂਦਾ ਹੈਂ ਕੀ ਤੈਥੋਂ ਇੱ
ਕ ਘੜੀ ਬੀ ਨਾ ਜਾਗਿਆ ਹੋਇਆ ॥ ੩੮ ॥ ਜਾਗਦੇ ਰਹੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ ਪਰਤਾਵੇ ਵਿ
ਚ ਨਾ ਪਓ ਆਤਮਾ ਤਾਂ ਤਿਆਰ ਹੈ ਪਰ ਸਰੀਰ ਢਿੱਲਾ ਹੈ ॥ ੩੯ ॥ ਅਤੇ ਉਹ ਫੇਰ ਗਿਆ ਅ
ਰ ਉਹੋ ਗੱਲ ਕਹਿ ਕੇ ਪ੍ਰਾਰਥਨਾ ਕੀਤੀ ॥ ੪੦ ॥ ਅਤੇ ਫੇਰ ਆਣ ਕੇ ਉਸ ਨੈ ਉਨਾਂ ਨੂੰ ਸੁੱਤੇ ਹੋਏ ਵੇ

Original with:
Language Department Punjab
Digitized by:
Panjab Digital Library

ਖਿਆ ਕਿਉਂ ਜੋ ਉਨਾਂ ਦੀਆਂ ਅੱਖਾਂ ਨੀਂਦਰ ਨਾਲ ਭਰੀਆਂ ਹੋਈਆਂ ਸੀਆਂ ਅਤੇ ਓਹ ਨਹੀਂ
ਜਾਣਦੇ ਸਨ ਭਈ ਉਸ ਨੂੰ ਕੀ ਉੱਤਰ ਦੇਣ ॥੪੧॥ ਅਤੇ ਉਹ ਤੀਜੀ ਵਾਰ ਆਇਆ ਅਰ ਉਨ੍ਹਾਂ
ਨੂੰ ਕਿਹਾ ਹੁਣ ਤੁਸੀਂ ਸੁੱਤੇ ਰਹੋ ਅਤੇ ਅਰਾਮ ਕਰੋ। ਬਸ ਹੈ ਘੜੀਆ ਢੁਕੀ ਵੇਖੋ ਮਨੁੱਖ ਦਾ ਪੁਤ੍ਰ
ਪਾਪੀਆਂ ਦੇ ਹੱਥਾਂ ਵਿੱਚ ਫੜਵਾਇਆ ਜਾਂਦਾ ਹੈ ॥੪੨॥ ਉੱਠੋ ਚੱਲਿਯੇ ਵੇਖੋ ਮੇਰਾ ਫੜਵਾਉਣ-
ਵਾਲਾ ਨੇੜੇ ਆਇਆ ਹੈ ॥ ॥੪੩॥ ਅਤੇ ਉਹ ਅਜੇ ਬੋਲਦਾ ਹੀ ਸੀ ਕਿ ਓਵੇਂ ਯਹੂ-
ਦਾ ਜਿਹੜਾ ਉਨਾਂ ਬਾਰਾਂ ਵਿੱਚੋਂ ਇੱਕ ਸੀ ਆਇਆ ਅਤੇ ਪਰਧਾਨ ਜਾਜਕਾਂ ਅਰ ਗ੍ਰੰਥੀਆਂ ਅ-
ਰ ਬੁਜ਼ੁਰਗਾਂ ਦੀ ਵਲੋਂ ਇੱਕ ਭੀੜ ਤਲਵਾਰਾਂ ਅਤੇ ਡਾਂਗਾਂ ਫੜੀ ਉਹ ਦੇ ਨਾਲ ਸੀ ॥੪੪॥ ਅਰ
ਉਹ ਦੇ ਫੜਵਾਉਣ ਵਾਲੇ ਨੇ ਉਨਾਂ ਨੂੰ ਇਹ ਕਹਿਕੇ ਪਤਾ ਦਿੱਤਾ ਸੀ ਭਈ ਜਿਹ ਨੂੰ ਮੈਂ ਚੁੰਮਾ ਉਹੋ
ਹੈ ਉਹ ਨੂੰ ਫੜਕੇ ਤਕੜਾਈ ਨਾਲ ਲੈ ਜਾਣਾ ॥੪੫॥ ਸੋ ਜਦ ਉਹ ਆਇਆ ਝੱਟ ਉਹ ਦੇ ਕੋਲ ਜਾ
ਕੇ ਉਸ ਨੇ ਕਿਹਾ ਸੁਆਮੀ ਜੀ ਅਤੇ ਉਸ ਨੂੰ ਚੁੰਮਿਆ ॥੪੬॥ ਤਦ ਉਨਾਂ ਉਸ ਪੁਰ ਹੱਥ ਪਾਏ ਅ-
ਤੇ ਉਹ ਨੂੰ ਫੜ ਲਿਆ ॥੪੭॥ ਅਤੇ ਜੇਹੜੇ ਉੱਥੇ ਖੜੇ ਸਨ ਉਨਾਂ ਵਿੱਚੋਂ ਇੱਕ ਨੇ ਤਲਵਾਰ ਧੂ ਕੇ ਲਈ
ਅਰ ਸਰਦਾਰ ਜਾਜਕ ਦੇ ਚਾਕਰ ਨੂੰ ਮਾਰਕੇ ਉਹ ਦਾ ਕੰਨ ਉੜਾ ਦਿੱਤਾ ॥੪੮॥ ਤਦ ਯਿਸੂ ਨੇ ਉਨਾਂ
ਨੂੰ ਅੱਗੋਂ ਆਖਿਆ ਭਈ ਤਲਵਾਰਾਂ ਅਤੇ ਡਾਂਗਾਂ ਫੜੀ ਕੀ ਤੁਸੀਂ ਮੈ ਨੂੰ ਧਾੜਵੀ ਵਾਂਙੂ ਫੜਨ
ਨੂੰ ਨਿੱਕਲੇ ਹੋ ॥੪੯॥ ਮੈਂ ਰੋਜ ਮੰਦਰ ਵਿੱਚ ਤੁਹਾਡੇ ਕੋਲ ਹੁੰਦਾ ਅਤੇ ਉਪਦੇਸ਼ ਦਿੰਦਾ ਸੀ ਅਰ ਤੁ-
ਸਾਂ ਮੈ ਨੂੰ ਨਾ ਫੜਿਆ ਪਰ ਇਹ ਇਸ ਲਈ ਹੋਇਆ ਜੋ ਲਿਖਤਾਂ ਪੂਰੀਆਂ ਹੋਣ ॥੫੦॥ ਅਚ

Original with:
Language Department Punjab
Digitized by:
Panjab Digital Library

ਸੱਭੇ ਸਿੱਖ ਉਹ ਨੂੰ ਛੱਡ ਕੇ ਭੱਜ ਗਏ ॥ ॥੫੦॥ ਅਤੇ ਇੱਕ ਜੁਆਨ ਜਿਹ ਨੇ ਦੁਪੱ
ਟਾ ਆਪਣੇ ਨੰਗੇ ਪਿੰਡੇ ਉੱਤੇ ਲਿਆ ਹੋਇਆ ਸੀ ਉਹ ਦੇ ਮਗਰ ਤੁਰਿਆ ਅਰ ਲੋਕਾਂ ਨੇ
ਉਹ ਨੂੰ ਫੜਿਆ ॥੫੨॥ ਪਰ ਉਹ ਦੁਪੱਟਾ ਛੱਡ ਕੇ ਨੰਗਾ ਭੱਜ ਗਿਆ ॥ ॥੫੩॥
ਤਦ ਓਹ ਯਿਸੂ ਨੂੰ ਸਰਦਾਰ ਜਾਜਕ ਪਾਸ ਲੈ ਗਏ ਅਤੇ ਉਹ ਦੇ ਕੋਲ ਸਾਰੇ ਪਰਧਾਨ ਜਾਜਕ
ਅਤੇ ਬੁਜ਼ੁਰਗ ਅਤੇ ਗ੍ਰੰਥੀ ਕੱਠੇ ਹੋਏ ॥੫੪॥ ਅਰ ਪਤਰਸ ਕੁਛ ਵਿੱਥ ਨਾਲ ਉਹ ਦੇ ਪਿੱਛੇ ਪਿੱਛੇ
ਸਰਦਾਰ ਜਾਜਕ ਦੇ ਵੇਹੜੇ ਦੇ ਅੰਦਰ ਤੀਕ ਚੱਲਿਆ ਗਿਆ ਅਤੇ ਸਿਪਾਹੀਆਂ ਦੇ ਨਾਲ ਬੈਠ ਕੇ
ਅੱਗ ਸੇਕਣ ਲੱਗਾ ॥੫੫॥ ਤਦ ਪਰਧਾਨ ਜਾਜਕ ਅਤੇ ਸਾਰੀ ਮਹਾਂਸਭਾ ਨੇ ਯਿਸੂ ਦੇ ਵਿਰੁੱ
ਧ ਉਹ ਨੂੰ ਜਾਨੋਂ ਮਾਰਨ ਲਈ ਉਗਾਹੀ ਢੂੰਢੀ ਪਰ ਨਾ ਲੱਭੀ ॥੫੬॥ ਕਿ ਬਹੁਤਿਆਂ ਨੇ ਉਹ ਦੇ ਵਿਰੁੱਧ
ਝੂਠੀ ਉਗਾਹੀ ਤਾਂ ਦਿੱਤੀ ਪਰ ਉਨ੍ਹਾਂ ਦੀਆਂ ਉਗਾਹੀਆਂ ਇੱਕੋ ਜੇਹੀਆਂ ਨਾ ਸੀਆਂ ॥੫੭॥ ਤਦ
ਕਈਆਂ ਨੇ ਉੱਠ ਕੇ ਉਹ ਦੇ ਵਿਰੁੱਧ ਇਹ ਕਹਿ ਕੇ ਝੂਠੀ ਉਗਾਹੀ ਦਿੱਤੀ ॥੫੮॥ ਭਈ ਅਸਾਂ ਉ
ਹ ਨੂੰ ਇਹ ਆਖਦੇ ਸੁਣਿਆ ਜੋ ਮੈਂ ਇਸ ਮੰਦਰ ਨੂੰ ਜਿਹੜਾ ਹੱਥਾਂ ਨਾਲ ਬਣਾਇਆ ਹੋਇ
ਆ ਹੈ ਢਾਹ ਦਿਆਂਗਾ ਅਰ ਤਿੰਨਾਂ ਦਿਨਾਂ ਵਿੱਚ ਇੱਕ ਹੋਰ ਨੂੰ ਬਿਨਾ ਹੱਥ ਲਾਏ ਬਣਾਵਾਂਗਾ
॥੫੯॥ ਤਾਂ ਭੀ ਉਨ੍ਹਾਂ ਦੀ ਉਗਾਹੀ ਇੱਕੋ ਜੇਹੀ ਨਾ ਸੀ ॥੬੦॥ ਤਦ ਸਰਦਾਰ ਜਾਜਕ ਵਿਚਾ-
ਲੇ ਖੜਾ ਹੋਇਆ ਅਤੇ ਯਿਸੂ ਨੂੰ ਪੁੱਛਿਆ ਕੀ ਤੂੰ ਕੁਛ ਜਵਾਬ ਨਹੀਂ ਦਿੰਦਾ। ਏਹ ਤੇਰੇ ਵਿਰੁੱ
ਧ ਕੀ ਉਗਾਹੀ ਦਿੰਦੇ ਹਨ ॥੬੧॥ ਪਰ ਉਹ ਚੁੱਪ ਹੀ ਰਿਹਾ ਅਤੇ ਕੁਛ ਜਵਾਬ ਨਾ ਦਿੱਤਾ । ਅ-

Original with:
Language Department Punjab
Digitized by:
Panjab Digital Library

ਤੇ ਸਰਦਾਰ ਜਾਜਕ ਨੈ ਫੇਰ ਉਹ ਨੂੰ ਪੁੱਛਿਆ ਅਤੇ ਉਸ ਨੂੰ ਕਿਹਾ ਕੀ ਤੂੰ ਮਸੀਹ ਪਰਮਧੰਨ ਦਾ
ਪੁਤ੍ਰ ਹੈਂ ॥੬੨॥ ਯਿਸੂ ਨੈ ਆਖਿਆ ਮੈਂ ਹਾਂ ਅਰ ਤੁਸੀਂ ਮਨੁੱਖ ਦੇ ਪੁੱਤ੍ਰ ਨੂੰ ਸਕਤਿ ਦੇ ਸੱਜੇ ਹੱਥ
ਬਿਰਾਜਮਾਨ ਹੋਇਆ ਅਤੇ ਅਕਾਸ਼ ਦੇ ਬੱਦਲਾਂ ਨਾਲ ਆਉਂਦਾ ਵੇਖੋਗੇ ॥੬੩॥ ਤਦ ਸਰ-
ਦਾਰ ਜਾਜਕ ਨੈ ਆਪਣੇ ਲੀੜੇ ਪਾੜ ਕੇ ਆਖਿਆ ਹੁਣ ਸਾਨੂੰ ਉਗਾਹਾਂ ਦੀ ਹੋਰ ਕੀ ਲੋੜ ਹੈ ॥
੬੪॥ ਤੁਸਾਂ ਇਹ ਕੁਫਰ ਸੁਣਿਆ ਤੁਹਾਨੂੰ ਕੀ ਮਲੂਮ ਹੁੰਦਾ ਹੈ। ਤਦ ਉਨਾਂ ਸਭਨਾਂ ਨੈ ਉਹ ਨੂੰ
ਮਾਰੇ ਜਾਣ ਦੇ ਲਾਇਕ ਠਹਰਾਇਆ ॥੬੫॥ ਅਤੇ ਕਿਨੇ ਉਸ ਉੱਤੇ ਥੁੱਕਣ ਅਤੇ ਉਹਦਾ ਮੂੰਹ
ਢੱਕਣ ਅਤੇ ਉਹ ਨੂੰ ਮੁੱਕੇ ਮਾਰਨ ਅਤੇ ਕਹਿਣ ਲੱਗੇ ਅਰੀਮ ਦੀ ਖਬਰ ਦਿਹ। ਅਰ ਸਿਪਾ-
ਹੀਆਂ ਨੈ ਉਹ ਨੂੰ ਲੈ ਕੇ ਚੁਪੇੜਾਂ ਮਾਰੀਆਂ ॥ ॥੬੬॥ ਅਤੇ ਜਾਂ ਪਤਰਸ ਹੇਠਾਂ ਵੇਹ-
ੜੇ ਵਿੱਚ ਸੀ ਸਰਦਾਰ ਜਾਜਕ ਦੀਆਂ ਗੋਲੀਆਂ ਵਿੱਚੋਂ ਇੱਕ ਆਈ ॥੬੭॥ ਅਰ ਪਤਰਸ ਨੂੰ
ਅੱਗ ਸੇਕਦਾ ਵੇਖ ਕੇ ਉਹ ਦੀ ਵਲ ਨਿਗਾਹ ਕਰ ਕੇ ਬੋਲੀ ਤੂੰ ਬੀ ਯਿਸੂ ਨਾਸਰੀ ਦੇ ਨਾਲ ਸੀ
॥੬੮॥ ਪਰ ਉਹ ਮੁੱਕਰ ਕੇ ਬੋਲਿਆ ਨਾ ਮੈਂ ਜਾਣਦਾ ਅਤੇ ਨਾ ਮੇਰੀ ਸਮਝ ਵਿੱਚ ਆਉਂਦਾ
ਹੈ ਭਈ ਤੂੰ ਕੀ ਆਖਦੀ ਹੈਂ। ਅਤੇ ਉਹ ਬਾਹਰ ਡੇਉੜ੍ਹੀ ਵਿੱਚ ਚੱਲਿਆ ਗਿਆ ਅਰ ਕੁੱਕੁੜ
ਨੈ ਬਾਂਗ ਦਿੱਤੀ ॥੬੯॥ ਅਤੇ ਗੋਲੀ ਉਹ ਨੂੰ ਵੇਖ ਕੇ ਫੇਰ ਉਨਾਂ ਨੂੰ ਜੋ ਹੜੇ ਉੱਥੇ ਖੜੇ ਸਨ ਆ-
ਖਣ ਲੱਗੀ ਇਹ ਉਨਾਂ ਵਿੱਚੋਂ ਇੱਕ ਹੈ ॥੭੦॥ ਪਰ ਉਹ ਫੇਰ ਮੁੱਕਰ ਗਿਆ। ਅਤੇ ਥੋੜ੍ਹੇ ਚਿਰ
ਪਿੱਛੋਂ ਫੇਰ ਉਨਾਂ ਨੈ ਜੋ ਹੜੇ ਉੱਥੇ ਖੜੇ ਸਨ ਪਤਰਸ ਨੂੰ ਕਿਹਾ ਸੱਚੀ ਮੁੱਚੀ ਤੂੰ ਉਨਾਂ ਵਿੱਚੋਂ ਹੈਂ ਕਿ-

Original with:
Language Department Punjab
Digitized by:
Panjab Digital Library

ਉ ਜੋ ਤੂੰ ਗਲੀਲੀ ਹੈਂ॥ ੭੧॥ ਪਰ ਉਹ ਸਰਾਪ ਦੇਣ ਅਤੇ ਸੌਂਹ ਖਾਣ ਲੱਗਾ ਕੁਈ ਮੈਂ ਉਸ ਮ-
ਨੁੱਖ ਨੂੰ ਜਿਹ ਦੀ ਤੁਸੀਂ ਗੱਲ ਕਰਦੇ ਹੋ ਜਾਣਦਾ ਹੀ ਨਹੀਂ॥ ੭੨॥ ਅਰ ਝੱਟ ਦੂਈ ਵਾਰ ਕੁੱਕ-
ੜ ਨੈ ਬਾਂਗ ਦਿੱਤੀ ਅਤੇ ਪਤਰਸ ਨੂੰ ਉਹ ਗੱਲ ਚੇਤੇ ਆਈ ਜਿਹੜੀ ਯਿਸੂ ਨੈ ਉਹ ਨੂੰ ਆਖੀ
ਸੀ ਜੋ ਕੁੱਕੜ ਦੇ ਦੋ ਵਾਰ ਬਾਂਗ ਦੇਣ ਥੋਂ ਅੱਗੇ ਤੂੰ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ। ਅਤੇ ਉ
ਹ ਉਸ ਗੱਲ ਨੂੰ ਸੋਚ ਕੇ ਰੋਣ ਲੱਗਾ॥

੧੫ਕਾਂਡ॥ ਅਤੇ ਸਵੇਰ ਹੁੰਦਿਆਂ ਹੀ ਪਰਧਾਨ ਜਾਜਕਾਂ ਨੈ ਬੁਜ਼ੁਰਗਾਂ ਅਤੇ ਗ੍ਰੰਥੀ-
ਆਂ ਸਣੇ ਅਰ ਸਾਰੀ ਮਹਾਂ ਸਭਾ ਨੈ ਸਲਾਹ ਕਰ ਕੇ ਯਿਸੂ ਨੂੰ ਬੰਨ੍ਹਿਆ
ਅਤੇ ਲੈ ਜਾ ਕੇ ਪਿਲਾਤੁਸ ਦੇ ਹਵਾਲੇ ਕੀਤਾ॥ ੨॥ ਅਤੇ ਪਿਲਾਤੁਸ ਨੈ ਉਸ ਥੋਂ ਪੁੱਛਿਆ ਭ
ਲਾ ਯਹੂਦੀਆਂ ਦਾ ਪਾਤਸਾਹ ਤੂੰ ਹੈਂ। ਉਸ ਨੈ ਉਹ ਨੂੰ ਉੱਤਰ ਦਿੱਤਾ ਤੂੰ ਕਹਿੰਦਾ ਹੈਂ॥ ੩॥ ਅਤੇ
ਪਰਧਾਨ ਜਾਜਕਾਂ ਨੈ ਉਸ ਉੱਤੇ ਬਹੁਤ ਦੋਸ਼ ਲਾਇਆ॥ ੪॥ ਅਰ ਪਿਲਾਤੁਸ ਨੈ ਉਸ ਥੋਂ ਫੇ-
ਰ ਪੁੱਛਿਆ ਤੂੰ ਕੁਛ ਜਵਾਬ ਨਹੀਂ ਦਿੰਦਾ ਵੇਖ ਓਹ ਤੇਰੇ ਉੱਤੇ ਕਿੰਨੀਆਂ ਗੱਲਾਂ ਦਾ ਦੋਸ਼ ਲ
ਉਂਦੇ ਹਨ॥ ੫॥ ਪਰ ਯਿਸੂ ਨੈ ਫੇਰ ਕੁਛ ਜਵਾਬ ਨਾ ਦਿੱਤਾ ਐਂਥੋਂ ਤੀਕੁ ਜੋ ਪਿਲਾਤੁਸ ਨੈ ਅ
ਚੰਭਾ ਕੀਤਾ॥ ॥੬॥ ਅਤੇ ਉਹ ਉਸ ਤਿਉਹਾਰ ਉੱਤੇ ਇੱਕ ਕੈਦੀ ਜਿਹ ਦੇ ਲਈ
ਲੋਕ ਅਰਜ ਕਰਦੇ ਸਨ ਉਨਾਂ ਦੀ ਖਾਤਰ ਛੱਡਦਾ ਹੁੰਦਾ ਸੀ॥ ੭॥ ਅਤੇ ਬਰੱਬਾਸ ਨਾਉ
ਦਾ ਇੱਕ ਮਨੁੱਖ ਸੀ ਜਿਹੜਾ ਉਨਾਂ ਪਸਾਦੀਆਂ ਦੇ ਨਾਲ ਜਿਨਾਂ ਪਸਾਦ ਵਿੱਚ ਖੂਨ ਕੀਤਾ

Original with:
Language Department Punjab
Digitized by:
Panjab Digital Library

ਕੈਦ ਪਿਆ ਹੋਇਆ ਸੀ ॥੮॥ ਅਤੇ ਲੋਕ ਨੇੜੇ ਜਾਕੇ ਅਰਜ ਕਰਨ ਲੱਗੇ ਜੋ ਦਸਤੂਰ ਮੂਜ
ਬਸਾਰੂ ਲਈ ਕਰ ॥੯॥ ਪਿਲਾਤੁਸ ਨੈ ਉਨਾਂ ਨੂੰ ਉੱਤਰ ਦਿੱਤਾ ਕੀ ਤੁਸੀਂ ਚਾਹੁੰਦੇ ਹੋ ਜੋ ਮੈਂ ਤੁਹ ੦
ਕੂ ਲਈ ਯਹੂਦੀਆਂ ਦੇ ਪਾਤਸਾਹ ਨੂੰ ਛੱਡ ਦਿਆਂ ॥੧੦॥ ਕਿਉਂ ਜੋ ਉਹ ਨੈ ਮਲੂਮ ਕੀਤਾ ਸੀ ਭੁਈ
ਧਰ ਧਾਨ ਜਾਜਕਾਂ ਨੈ ਖਾਰ ਦੇ ਮਾਰੇ ਉਹ ਨੂੰ ਹਵਾਲੇ ਕੀਤਾ ਹੈ ॥੧੧॥ ਪਰ ਪਰਧਾਨ ਜਾਜਕਾਂ ਨੈ
ਭੀੜ ਨੂੰ ਚੁੱਕਿਆ ਜੋ ਸਗੋਂ ਬਰੱਬਾਸ ਉਨਾਂ ਦੀ ਖਾਤਰ ਛੱਡ ਦੇਵੇ ॥੧੨॥ ਪਿਲਾਤੁਸ ਨੈ ਅੱਗੋਂ
ਉਨਾਂ ਨੂੰ ਫੇਰ ਆਖਿਆ ਤਾਂ ਜੋ ਜਿਹ ਨੂੰ ਤੁਸੀਂ ਯਹੂਦੀਆਂ ਦਾ ਪਾਤਸ਼ਾਹ ਕਹਿੰਦੇ ਹੋ ਮੈਂ ਉਹ ਦੇਨ ੦
ਲ ਕੀ ਕਰਾਂ ॥੧੩॥ ਓਹ ਫੇਰ ਡੰਡ ਪਾਕੇ ਬੋਲੇ ਉਹ ਨੂੰ ਸਲੀਬ ਉੱਤੇ ਚੜਾ ਦਿਹ ॥੧੪॥ ਪਿਲ ੦
ਤੁਸ ਨੈ ਉਨਾਂ ਨੂੰ ਆਖਿਆ ਕਿਉਂ ਇਸ ਨੈ ਕੀ ਬੁਰਿਆਈ ਕੀਤੀ ਹੈ। ਪਰ ਓਹ ਹੋਰ ਬੀ ਡੰਡ
ਪਾਕੇ ਬੋਲੇ ਉਹ ਨੂੰ ਸਲੀਬ ਉੱਤੇ ਚੜਾ ਦਿਹ ॥੧੫॥ ਤਦ ਪਿਲਾਤੁਸ ਨੈ ਲੋਕਾਂ ਨੂੰ ਰਾਜੀ ਕਰਨ
ਦੇ ਇਰਾਦੇ ਨਾਲ ਉਨਾਂ ਦੇ ਲਈ ਬਰੱਬਾਸ ਨੂੰ ਛੱਡ ਦਿੱਤਾ ਅਤੇ ਜਿਸ ਨੂੰ ਕੋਰੜੇ ਮਾਰ ਕੇ ਹਵ ੦
ਲੇ ਕੀਤਾ ਜੋ ਸਲੀਬ ਉੱਤੇ ਚੜਾਇਆ ਜਾਏ ॥ ॥੧੬॥ ਅਤੇ ਸਿਪਾਹੀ ਉਹ ਨੂੰ
ਉਸ ਵੇਹੜੇ ਵਿੱਚ ਜਿੱਥੇ ਹਾਕਮ ਦੀ ਕਚਹਿਰੀ ਹੈ ਲੈ ਗਏ ਅਰ ਸਾਰੇ ਜਥੇ ਨੂੰ ਕੱਠਾ ਬੁਲਾ ਲਿ-
ਆ ॥੧੭॥ ਅਤੇ ਉਨਾਂ ਨੈ ਉਸ ਨੂੰ ਬੈਂਗਣੀ ਬਸਤ੍ਰ ਪਹਿਨਾਇਆ ਅਤੇ ਕੰਡਿਆਂ ਵਾਲਾ ਤ ੦
ਜ ਗੁੰਦ ਕੇ ਉਹ ਦੇ ਸਿਰ ਉੱਤੇ ਰੱਖਿਆ ॥੧੮॥ ਅਤੇ ਉਹ ਨੂੰ ਸਲਾਮ ਕਰਨ ਲੱਗੇ ਕਿ ਹੇ ਯ-
ਹੂਦੀਆਂ ਦੇ ਪਾਤਸ਼ਾਹ ਸਲਾਮ ॥੧੯॥ ਅਰ ਉਹ ਦੇ ਸਿਰ ਉੱਤੇ ਕਾਨੇ ਮਾਰਦੇ ਅਤੇ ਉਸ

Original with:
Language Department Punjab
Digitized by:
Panjab Digital Library

ਪੁਰ ਬੁੱਕਦੇ ਅਤੇ ਚੋਗ ਨਿਵਾਕੇ ਉਹ ਨੂੰ ਖਾਂਦਾ ਵੇਖਦੇ ਸਨ ॥੨੬॥ ਅਰ ਜਾਂ ਉਸ ਨਾਲ ਠੱਠ
ਕਰ ਹਟੇ ਤਾਂ ਉਹ ਦੇ ਉੱਤੋਂ ਬੈਂਗਣੀ ਬਸਤ੍ਰ ਲਾਹ ਲਿਆ ਅਤੇ ਉਹ ਦੇ ਆਪਣੇ ਬਸਤ੍ਰ ਉਹ ਨੂੰ
ਪਹਿਨਾ ਕੇ ਸਲੀਬ ਉੱਤੇ ਚੜ੍ਹਾਉਣ ਲਈ ਉਸ ਨੂੰ ਬਾਹਰ ਲੈ ਗਏ ॥ ॥੨੭॥ ਅ-
ਤੇ ਉਨਾਂ ਨੇ ਸਿਕੰਦਰ ਅਤੇ ਰੂਫੁਸ ਦੇ ਪਿਉ ਸਮਊਨ ਨਾਮੇ ਇੱਕ ਕੁਰੇਨੀ ਮਨੁੱਖ ਨੂੰ ਜਿਹੜਾ
ਪਿੰਡੋਂ ਆਉਂਦਿਆਂ ਉੱਥੋਂ ਦੀ ਲੰਘਦਾ ਸੀ ਵਿਗਾਰੇ ਫੜਿਆ ਭਈ ਉਹ ਦੀ ਸਲੀਬ ਚੁੱਕ ਕੇ
ਲੈ ਚੱਲੇ ॥੨੨॥ ਅਤੇ ਉਹ ਉਸ ਨੂੰ ਗਲਗਥਾ ਵਿੱਚ ਜਿਹ ਦਾ ਅਰਥ ਖੋਪਰੀ ਦਾ ਥਾਉਂ ਹੈ
ਲਿਆਏ ॥੨੩॥ ਅਰ ਵੈਨ ਵਿੱਚ ਗੰਧਰਸ ਮਿਲਾ ਕੇ ਉਸ ਨੂੰ ਦੇਣ ਲੱਗੇ ਪਰ ਓਨ ਨਾ ਲਿ-
ਆ ॥੨੪॥ ਅਤੇ ਉਨਾਂ ਉਸ ਨੂੰ ਸਲੀਬ ਉੱਤੇ ਚੜ੍ਹਾ ਕੇ ਉਹ ਦੇ ਬਸਤ੍ਰ ਵੰਡ ਣ ਲਈ ਗੁਟੇ
ਪਾਏ ਜੋ ਕਿਹੜਾ ਕਿਹ ਦੇ ਹਿੱਸੇ ਆਵੇ ॥੨੫॥ ਅਤੇ ਪਹਿਰ ਦਿਨ ਚੜ੍ਹਿਆ ਸੀ ਅਤੇ ਉਨ
ਉਸ ਨੂੰ ਸਲੀਬ ਉੱਤੇ ਚੜ੍ਹਾਇਆ ॥੨੬॥ ਅਰ ਉਹ ਦੀ ਇਹ ਦੋਸ ਪੜੀ ਉੱਪਰ ਲਿਖੀ
ਹੋਈ ਸੀ ਕਿ ਯਹੂਦੀਆਂ ਦਾ ਪਾਤਸਾਹ ॥੨੭॥ ਅਤੇ ਉਨਾਂ ਨੇ ਉਹ ਦੇ ਨਾਲ ਦੋ ਹੁ ਧਾੜਵੀ-
ਆਂ ਨੂੰ ਇੱਕ ਉਹ ਦੇ ਸੱਜੇ ਤਾਂ ਦੂਆ ਉਹ ਦੇ ਖੱਬੇ ਸਲੀਬ ਉੱਤੇ ਚੜ੍ਹਾਇਆ ॥੨੮॥ ਅਤੇ
ਆਉਣ ਜਾਣ ਵਾਲੇ ਉਹ ਨੂੰ ਸਿਹਣਾ ਮਾਰਨ ਅਤੇ ਸਿਰ ਹਲਾ ਕੇ ਕਹਿਣ ਲੱਗੇ ॥੨੯॥
ਵਾਹ ਤੂੰ ਜਿਹੜਾ ਮੰਦਰ ਨੂੰ ਢਾਹ ਕੇ ਤਿੰਨਾਂ ਦਿਨਾਂ ਵਿੱਚ ਬਣਾਉਂਦਾ ਸੀ ਸਲੀਬੋਂ ਉੱਤਰ ਕੇ ਅ
ਪਣੇ ਆਪ ਨੂੰ ਬਚਾ ਲੈ ॥੩੦॥ ਇਸੇ ਤਰਾਂ ਪਰਧਾਨ ਜਾਜਕਾਂ ਨੇ ਬੀ ਆਪੋ ਵਿੱਚ ਠੱਠੀਆ

Original with:
Language Department Punjab
Digitized by:
Panjab Digital Library

ਨਾਲ੍ਹ ਮਿਲ੍ਹਕੇ ਰੱਠਾ ਮਾਰਿਆ ਅਤੇ ਕਿਹਾ ਇਸ ਨੈ ਹੋਰਨਾਂ ਨੂੰ ਬਚਾਇਆ ਆਪਣੇ ਆ-
ਪ ਨੂੰ ਨਹੀਂ ਬਚਾ ਸੱਕਦਾ ॥੩੨॥ ਇਸਰਾਈਲ ਦਾ ਪਾਤਸਾਹ ਮਸੀਹ ਹੁਣ ਸਲੀਬੋਂ ਉੱਤ-
ਰ ਆਵੇ ਤਾਂ ਅਸੀਂ ਵੇਖੀਜੇ ਅਤੇ ਪਰਤੀਤ ਕਰਿਜੇ। ਅਤੇ ਜੇਹੜੇ ਉਹ ਦੇ ਨਾਲ੍ਹ ਸਲੀਬ ਉੱ-
ਤੇ ਚੜ੍ਹਾਏ ਗਏ ਓਹ ਉਸ ਨੂੰ ਬੋਲੀਆਂ ਮਾਰਦੇ ਸਨ ॥ ॥੩੩॥ ਅਤੇ ਜਾਂ ਦੁਪ-
ਹਿਰ ਹੋਈ ਤਾਂ ਸਾਰੀ ਧਰਤੀ ਉੱਤੇ ਅਨ੍ਹੇਰਾ ਛਾ ਗਿਆ ਅਰ ਤੀਏ ਪਹਿਰ ਤੀਕ ਰਿਹਾ ॥
੩੪॥ ਅਤੇ ਤੀਏ ਪਹਿਰ ਯਿਸੂ ਉੱਚੀ ਅਵਾਜ ਨਾਲ੍ਹ ਬੋਲਿਆ ਏਲੋਈ ਏਲੋਈ ਲਮਾ
ਸ਼ਬਕਤਾਨੀ। ਜਿਹ ਦਾ ਅਰਥ ਇਹ ਹੈ ਹੇ ਮੇਰੇ ਪਰਮੇਸ਼ੁਰ ਹੇ ਮੇਰੇ ਪਰਮੇਸ਼ੁਰ ਤੈਂ ਮੈ ਨੂੰ ਕਿ-
ਉ ਛੱਡ ਦਿੱਤਾ ॥ ੩੫॥ ਅਰ ਕਿਨੇਕੁ ਉਨ੍ਹਾਂ ਵਿੱਚੋਂ ਜੇਹੜੇ ਓੱਥੇ ਖੜੇ ਸਨ ਇਹ ਸੁਣਕੇ ਬੋਲੇ
ਵੇਖੋ ਇਹ ਇਲੀਆਸ ਨੂੰ ਅਵਾਜ ਮਾਰਦਾ ਹੈ ॥ ੩੬॥ ਅਰ ਕਿਸੇ ਨੈ ਦੌੜਕੇ ਸਪੰਜ ਨੂੰ ਸਿ-
ਰਕੇ ਨਾਲ੍ਹ ਭੋਵਿਆ ਅਤੇ ਕਾਨੇ ਉੱਤੇ ਬੰਨਕੇ ਉਹ ਨੂੰ ਚੂਸਣ ਲਈ ਦਿੱਤਾ ਅਤੇ ਆਖਿਆ ੦
ਰਹਿਣ ਦਿਓ ਅਸੀਂ ਵੇਖੀਏ ਭਲਾ ਇਲੀਆਸ ਉਹ ਨੂੰ ਉਤਾਰਨ ਨੂੰ ਆਉਂਦਾ ਹੈ ॥ ੩੭
॥ ਤਦ ਯਿਸੂ ਨੈ ਉੱਚੀ ਅਵਾਜ ਨਾਲ੍ਹ ਪੁਕਾਰਕੇ ਸਾਹ ਛੱਡ ਦਿੱਤਾ ॥ ੩੮॥ ਅਤੇ ਮੰਦਰ ਦ ੦
ਪੜਦਾ ਉੱਪਰੋਂ ਲਾਕੇ ਹੇਠਾਂ ਤੀਕ ਪਾਟਕੇ ਦੋ ਹੋ ਗਿਆ ॥ ੩੯॥ ਅਰ ਜਾਂ ਉਸ ਸੂਬੇਦਾਰ
ਨੈ ਜਿਹੜਾ ਉਹ ਦੇ ਸਾਹਮਣੇ ਖੜਾ ਸੀ ਇਹ ਵੇਖਿਆ ਜੋ ਉਸ ਨੈ ਐਉਂ ਸਾਹ ਛੱਡ ਦਿੱਤਾ ੦
ਬੋਲਿਆ ਇਹ ਮਨੁੱਖ ਠੀਕ ਪਰਮੇਸ਼ੁਰ ਦਾ ਪੁਤ੍ਰ ਸੀ ॥ ੪੦॥ ਅਤੇ ਕਈ ਤੀਮੀਆਂ ਦੂਰੋਂ ਵੇ-

Original with:
Language Department Punjab
Digitized by:
Panjab Digital Library

ਧਰਹੀਆਂ ਸਨ।ਉਨਾਂ ਵਿੱਚੋਂ ਮਰਿਯਮ ਮਗਦਲੀਨੀ ਅਤੇ ਛੋਟੇ ਯਾਕੂਬ ਅਰ ਯੋਸੇਸ
ਦੀ ਮਾਂ ਮਰਿਯਮ ਅਤੇ ਸਲੋਮੇ ਸੀ।। ੪੧।। ਜਿਸ ਵੇਲੇ ਉਹ ਗਲੀਲ ਵਿੱਚ ਸੀ ਉਸ ਵੇਲੇ
ਓਹ ਉਸ ਦੇ ਨਾਲ਼ ਨਾਲ਼ ਰਹਿੰਦੀਆਂ ਅਤੇ ਉਹ ਦੀ ਟਹਿਲ ਸੇਵਾ ਕਰਦੀਆਂ ਹੁੰਦੀਆਂ ਸਨ
ਅਤੇ ਹੋਰ ਬੀ ਬਥੇਰੀਆਂ ਸਨ ਜੋ ਉਹ ਦੇ ਨਾਲ਼ ਯਰੂਸਲੀਮ ਨੂੰ ਆਈਆਂ ਸੀਆਂ।।
।।੪੨।। ਅਤੇ ਜਾਂ ਸੰਝ ਹੋਈ ਇਸ ਲਈ ਜੋ ਉਹ ਤਿਆਰੀ ਦਾ ਦਿਨ ਸੀ ਅਰਥਾਤ
ਉਹ ਜਿਹੜਾ ਸਬਤ ਥੋਂ ਇੱਕ ਦਿਨ ਪਹਿਲਾਂ ਹੁੰਦਾ ਹੈ।। ੪੩।। ਅਰਿਮਥੈਆ ਦਾ ਯੂਸੁਫ
ਇੱਕ ਪਤਵੰਤਾ ਸਲਾਹਕਾਰ ਜਿਹੜਾ ਆਪ ਬੀ ਪਰਮੇਸ਼ੁਰ ਦੇ ਰਾਜ ਦੀ ਉਡੀਕ ਵਿੱਚ ਸੀ
ਆਇਆ ਅਤੇ ਬੇਧੜਕ ਪਿਲਾਤੁਸ ਕੋਲ਼ ਅੰਦਰ ਜਾ ਕੇ ਯਿਸੂ ਦੀ ਲੋਥ ਮੰਗੀ।। ੪੪।।
ਪਰ ਪਿਲਾਤੁਸ ਨੈ ਅਚੰਭਾ ਕੀਤਾ ਜੋ ਐਡੀ ਛੇਤੀ ਉਹ ਕਿੱਥੋਂ ਮਰ ਗਿਆ। ਅਤੇ ਸੂਬੇਦਾਰ ਨੂੰ
ਕੋਲ਼ ਸੱਦ ਕੇ ਉਸ ਥੋਂ ਪੁੱਛਿਆ ਭਈ ਉਹ ਨੂੰ ਮਰੇ ਕੁਛ ਚਿਰ ਹੋ ਗਿਆ ਹੈ।।੪੫।। ਅਤੇ ਸੂਬੇਦਾ
ਰ ਥੋਂ ਮਲੂਮ ਕਰ ਕੇ ਲੋਥ ਯੂਸੁਫ ਨੂੰ ਦੁਆ ਦਿੱਤੀ।।੪੬।। ਅਰ ਉਹ ਨੈ ਮਹੀਨ ਕੱਪੜਾ ਮੁੱਲ ਲਿ
ਆ ਅਰ ਲੋਥ ਨੂੰ ਉਤਾਰ ਕੇ ਉਸ ਕੱਪੜੇ ਵਿੱਚ ਵਲੇਟਿਆ ਅਤੇ ਉਹ ਨੂੰ ਇੱਕ ਕਬਰ ਦੇ ਅੰਦਰ
ਰੱਖਿਆ ਜਿਹੜੀ ਪੱਥਰ ਵਿੱਚ ਖੋਦੀ ਗਈ ਸੀ ਅਤੇ ਉਸ ਕਬਰ ਦੇ ਮੂੰਹ ਉੱਤੇ ਇੱਕ ਪੱਥਰ ਰੇ
ੜ ਦਿੱਤਾ।।੪੭।। ਅਤੇ ਮਰਿਯਮ ਮਗਦਲੀਨੀ ਅਰ ਯੋਸੇਸ ਦੀ ਮਾਂ ਮਰਿਯਮ ਉਸ ਥਾਂ
ਨੂੰ ਜਿੱਥੇ ਉਹ ਰੱਖਿਆ ਗਿਆ ਸੀ ਵੇਖ ਰਹੀਆਂ ਸਨ।।

Original with:
Language Department Punjab
Digitized by:
Panjab Digital Library

੧੬ਕਾਂਡ॥ ਅਤੇਜਾਂ ਸਬਤ ਦਾ ਦਿਨ ਬੀਤ ਗਿਆ ਤਾਂ ਮਰਿਯਮ ਮਗਦਲੀਨੀ ਅਰ ਯਾਕੂ-
ਬ ਦੀ ਮਾਂ ਮਰਿਯਮ ਅਰ ਸਲੋਮੇ ਨੈ ਸੁਗੀਧਾਂ ਮੁੱਲ ਲਈਆਂ ਕ੍ਰਈ ਜਾ ਕੇ ਉਸ ਉੱਤੇ
ਮਲ੍ਹਣ॥੨॥ ਅਤੇ ਹਫਤੇ ਦੇ ਪਹਿਲੇ ਦਿਨ ਬਹੁਤ ਤੜਕੇ ਸੂਰਜ ਚੜ੍ਹਦੇ ਹੀ ਉਹ ਕਬਰ ਪੁਰ ਆਈ-
ਆਂ॥੩॥ ਅਤੇ ਆਪੋ ਵਿੱਚ ਕਹਿਣ ਲੱਗੀਆਂ ਜੋ ਸਾਡੇ ਲਈ ਪੱਥਰ ਨੂੰ ਕਬਰ ਦੇ ਮੂੰਹੋਂ ਕੌਣ ਰੇੜ੍ਹ ਕੇ
ਲਾਂਭੇ ਕਰੂ॥੪॥ ਜਾਂ ਉਨਾਂ ਨੈ ਨਿਰਾਹ ਕੀਤੀ ਤਾਂ ਵੇਖਿਆ ਜੋ ਪੱਥਰ ਲਾਂਭੇ ਗਿੜਿਆ ਪਿਆ ਹੈ ਕਿ-
ਉਜੋ ਉਹ ਬਹੁਤ ਭਾਰਾ ਸੀ॥੫॥ ਅਤੇ ਕਬਰ ਵਿੱਚ ਜਾ ਕੇ ਉਨਾਂ ਇੱਕ ਜੁਆਨ ਨੂੰ ਚਿੱਟਾ ਬਸਤ੍ਰ ਪ-
ਹਿਨੀਂ ਸੱਜੇ ਪਾਸੇ ਬੈਠਾ ਵੇਖਿਆ ਅਤੇ ਓਹ ਹੈਰਨ ਹੋਈਆਂ॥੬॥ ਉਸ ਨੈ ਉਨਾਂ ਨੂੰ ਆਖਿਆ ਹੈਰਾ-
ਨ ਨਾ ਹੋਵੋ ਤੁਸੀਂ ਯਿਸੂ ਨਾਸਰੀ ਨੂੰ ਭਾਲਦੀਆਂ ਹੋ ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ
। ਉਹ ਤਾਂ ਜੀ ਉੱਠਿਆ ਹੈ। ਉਹ ਐੱਥੇ ਹੈ ਨਹੀਂ ਲਓ ਇਹ ਥਾਉਂ ਹੈ ਜਿੱਥੇ ਉਨਾਂ ਉਸ ਨੂੰ ਰੱਖਿਆ ਸੀ॥
੭॥ ਪਰ ਜਾਓ ਉਹ ਦੇ ਸਿਖਾਂ ਅਤੇ ਪਤਰਸ ਨੂੰ ਆਖੋ ਜੋ ਉਹ ਤੁਹਾਥੋਂ ਅੱਗੇ ਹੀ ਗਲੀਲ ਨੂੰ ਜਾਂਦਾ ਹੈ
ਤੁਸੀਂ ਉਹ ਨੂੰ ਉੱਥੇ ਵੇਖੋਗੇ ਜਿਹਾ ਕੁ ਉਸ ਨੈ ਤੁਹਾਨੂੰ ਕਿਹਾ ਸੀ॥੮॥ ਅਤੇ ਓਹ ਨਿੱਕਲ ਕੇ ਕਬਰ ਪਾ
ਸੋਂ ਨੱਸੀਆਂ ਕਿਉਂ ਜੋ ਕੰਬਦੀਆਂ ਅਤੇ ਘਬਰਾਉਂਦੀਆਂ ਸਨ ਅਰ ਡਰਦੀਆਂ ਮਾਰੀਆਂ ਕਿਸੇ ਨ
ਨੂੰ ਕੁਛ ਨਾ ਬੋਲੀਆਂ॥ ॥੯॥ ਹਫਤੇ ਦੇ ਪਹਿਲੇ ਦਿਨ ਉਹ ਨੈ ਤੜਕੇ ਜੀ ਉੱਠ ਕੇ ਪਹਿਲ
ਮਰਿਯਮ ਮਗਦਲੀਨੀ ਨੂੰ ਜਿਹ ਦੇ ਵਿੱਚੋਂ ਉਸ ਨੈ ਸੱਤ ਭੂਤ ਕੱਢੇ ਸਨ ਦਰਸ ਦਿੱਤਾ॥੧੦॥ ਉਸ ਨੈ ਜ
ਕੇ ਉਹ ਦੇ ਸਾਥੀਆਂ ਨੂੰ ਜੋ ਹੜੇ ਸੋਗ ਕਰਦੇ ਅਤੇ ਰੋਂਦੇ ਸਨ ਖਬਰ ਦਿੱਤੀ॥੧੧॥ ਅਤੇ ਉਨਾਂ ਨੈ ਇਹ

Original with:
Language Department Punjab
Digitized by:
Panjab Digital Library

ਸੁਣਕੇਜੋਉਹ ਜੀਉਂਦਾ ਹੈ ਅਤੇ ਉਹ ਨੂੰਵਿਖਾਲੀਦਿੱਤਾ ਸੱਤਨਾ ਮੱਨਿਆ॥ ॥੧੨
॥ਇਹਦੇਪੈੱਛੋਂਉਹ ਨੇਹੋਰਰੂਪਵਿੱਚ ਹੋਕੇ ਉਨਾਂਵਿੱਚੋਂ ਦੋਹੁ ਜਣਿਆਂਨੂੰ ਜਾਂ ਓਹ ਚੱਲਦੇ ਅਤੇਪੈਂਡੇ
ਵਲਤੁਰੇ ਜਾਂਦੇ ਸਨ ਦਰਸਣ ਦਿੱਤਾ॥੧੩॥ ਅਤੇ ਇਨਾਂ ਨੇ ਜਾਕੇ ਬਾਕੀਦਿਆਂ ਨੂੰ ਖਬਰ ਦਿੱਤੀ ਪਰ
ਉਨਾਂ ਨੇ ਇਨਾਂ ਦੀ ਬੀ ਪਰਤੀਤ ਨਾ ਕੀਤੀ॥ ॥੧੪॥ ਇਹ ਦੇ ਉਪਰੰਦ ਉਸ ਨੇ ਉਨਾਂ ਗਿਆ
ਰਾਂ ਨੂੰ ਜਾਂ ਓਹ ਖਾਣ ਬੈਠੇ ਸਨ ਦਰਸਣ ਦਿੱਤਾ ਅਤੇ ਉਨਾਂ ਦੀ ਬੇਪਰਤੀਤੀ ਅਰ ਮਨ ਦੀ ਕਠਨਾਈ ਦ
ਉਲਾਂਭਾ ਦਿੱਤਾ ਇਸ ਲਈ ਕਿ ਜਿਨਾਂ ਉਸ ਨੂੰ ਜੀ ਉੱਠਿਆ ਹੋਇਆ ਵੇਖਿਆ ਸੀ ਉਨਾਂ ਦੀ ਪਰਤੀ-
ਤ ਨਾ ਕੀਤੀ॥੧੫॥ ਅਤੇ ਉਸ ਨੇ ਉਨਾਂ ਨੂੰ ਆਖਿਆ ਤੁਸੀਂ ਸਾਰੇ ਜਗਤ ਵਿੱਚ ਜਾਕੇ ਸਰਬੱਤ ਸਰਿ-
ਸਟ ਦੇ ਸਾਹਮਣੇ ਮੰਗਲ ਸਮਾਚਾਰ ਦੀ ਮਨਾਦੀ ਕਰੋ॥੧੬॥ ਜਿਹੜਾ ਨਿਹਚਾ ਕਰੇ ਅਤੇ ਬਪਤਿਸ-
ਮਾ ਲਵੇ ਉਹ ਮੁਕਤਿ ਪਾਊਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜਾ ਦਾ ਹੁਕਮ ਕੀਤਾ ਜਾਊ॥੧੭
॥ ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨੀਆਂ ਹੋਣਗੀਆਂ ਜੋ ਓਹ ਮੇਰਾ ਨਾਉਂ ਲੈਕੇ ਭੂਤ
ਨੂੰ ਕੱਢਣਗੇ। ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ॥੧੮॥ ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੋ ਕੋ-
ਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨਾਂ ਦਾ ਕੁਛ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣ-
ਗੇ ਤਾਂ ਓਹ ਚੰਗੇ ਹੋ ਜਾਣਗੇ॥ ॥੧੯॥ ਫੇਰ ਪ੍ਰਭੁ ਯਿਸੂ ਜਾਂ ਉਨਾਂ ਨਾਲ ਬਚਨ ਕਰ ਹਟਿ-
ਆ ਅਕਾਸ ਉੱਤੇ ਉਠਾ ਲਿਆ ਗਿਆ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੋਇਆ॥੨੦॥ ਅਤੇ
ਉਨਾਂ ਨੇ ਬਾਹਰ ਜਾਕੇ ਹਰ ਥਾਉਂ ਮਨਾਦੀ ਕੀਤੀ ਅਤੇ ਪ੍ਰਭੁ ਉਨਾਂ ਦੇ ਨਾਲ ਹੋਕੇ ਕੰਮ ਕਰਦਾ ਅਰ ਬਚਨ ਨੂੰ ਉ-
ਨਾਂ ਨਿਸ਼ਾਨੀਆਂ ਦੀ ਰਾਹੀਂ ਜੋ ਹੜੀਆਂ ਨਾਲ ਨਾਲ ਹੁੰਦੀਆਂ ਸਨ ਸਾਬਤ ਕਰਦਾ ਸੀ। ਆਮੀਨ॥

Original with:
Language Department Punjab
Digitized by:
Panjab Digital Library

ਇੰਜੀਲ ਵਿੱਚੋਂ

ਲੂਕਾ ਦਾ ਉਚਰਿਆ ਹੋਇਆ ਮੰਗਲ ਸਮਾਚਾਰ

Original with:
Language Department Punjab
Digitized by:
Panjab Digital Library

ST. LUKE.

(GURUMUKKI.)

Original with:
Language Department Punjab
Digitized by:
Panjab Digital Library

ਲੂਕਾ ਦਾ

ਉਚਰਿਆ ਹੋਇਆ ਮੰਗਲਸਮਾਚਾਰ॥

ਪ੍ਰਕਾਂਡ॥ ਹੇ ਸ਼ਰਬ ਉਪਮਾ ਜੋਗ ਥਿਉਫਿਲੁਸ ਜਿਸ ਹਾਲ ਵਿੱਚ ਬਹੁਤਿਆਂ ਨੇ ਉਨਾਂ ਬਾਤਾਂ ਦਾ ਵਿਰਤਾਂਤ ਲਿਖਣ ਨੂੰ ਲੱਕ ਬੰਨਿਆ ਜੋ ਸਾਡੇ ਵਿੱਚ ਸਿੱਧ ਹੋਈਆਂ ਹਨ॥੨॥ ਜਿਹਾਕੁ ਉਨਾਂ ਨੇ ਸਾਨੂੰ ਸੌਂਪੀਆਂ ਜੇਹੜੇ ਮੁੱਢੋਂ ਲਾਕੇ ਆਪਣੀ ਅੱਖੀਂ ਵੇਖਣ ਵਾਲੇ ਅਤੇ ਬਚਨ ਦੇ ਸੇਵਕ ਸਨ॥੩॥ ਮੈਂ ਬੀ ਸ਼ਿਰੇ ਥੋਂ ਸਾਰੀ ਵਾਰਤਾ ਦੀ ਵੱਡੇ ਜਤਨ ਨਾਲ ਭਾਲ ਕਰਕੇ ਉਚਿਤ ਜਾਣਿਆ ਕੁ ਈ ਤੇਰੇ ਲਈ ਜਿਵੇਂ ਹੋਇਆ ਹੈ ਤਿਵੇਂ ਲਿਖਾਂ॥੪॥ ਤਾਂ ਜੋ ਤੂੰ ਉਨਾਂ ਗੱਲਾਂ ਦੀ ਹਕੀਕਤ ਨੂੰ ਜਾਣ ਲਵੇਂ ਜਿਨਾਂ ਦੀ ਤੈਂ ਸਿੱਖਿਆ ਪਾਈ॥

॥੫॥ ਯਹੂਦਿਯਾ ਦੇ ਮਹਾਰਾਜਾ ਹੇਰੋਦੇਸ ਦੇ ਦਿਨੀਂ ਅਬਿਯਾ ਦੇ ਫਾਰੀ ਵਾਲਿਆਂ

Original with:
Language Department Punjab
Digitized by:
Panjab Digital Library

ਵਿੱਚੋਂ ਜ਼ਕਰੀਆ ਕਰਕੇ ਇੱਕ ਜਾਜਕ ਸੀ ਅਤੇ ਉਹਦੀ ਤੀਮੀ ਹਾਰੂਨ ਦੀਆਂ ਧੀਆਂ ਵਿੱ-
ਚੋਂ ਸੀ ਅਰ ਉਹਦਾ ਨਾਉਂ ਸੀ ਇਲਿਸਬਤ ॥੬॥ ਓਹ ਦੋਵੇਂ ਪਰਮੇਸ਼ੁਰ ਦੇ ਅੱਗੇ ਧਰਮੀ ਸਨ
ਅਰ ਪਰਮੇਸ਼ੁਰ ਦੇ ਸਾਰੇ ਹੁਕਮਾਂ ਅਤੇ ਬਿਧਾਂ ਪੁਰ ਨਿਰਦੋਖ ਚੱਲਦੇ ਸਨ ॥੭॥ ਅਤੇ ਉਨ੍ਹ
ਦੇ ਉਲਾਦ ਨ ਸੀ ਕਿਉਂਕਿ ਇਲਿਸਬਤ ਬਾਂਝ ਸੀ ਅਰ ਦੋਵੇਂ ਵਡੀ ਉਮਰ ਦੇ ਸਨ ॥੮॥ ਅ-
ਤੇ ਐਉਂ ਹੋਇਆ ਕਿ ਜਾਂ ਉਹ ਪਰਮੇਸ਼ੁਰ ਦੀ ਦਰਗਾਹੇ ਆਪਣੀ ਵਾਰੀ ਸਿਰ ਜਾਜਕ ਦਾ
ਕੰਮ ਕਰਦਾ ਸੀ ॥੯॥ ਤਾਂ ਜਾਜਕੀ ਦੇ ਦਸਤੂਰ ਮੂਜਬ ਪ੍ਰਭੂ ਦੇ ਮੰਦਰ ਵਿੱਚ ਜਾਕੇ ਉਹ ਨੂੰ ਧੂ-
ਪ ਧੁਖਾਉਣ ਦੀ ਵਾਰੀ ਆਈ ॥੧੦॥ ਅਰ ਧੂਪ ਧੁਖਾਉਣ ਵੇਲੇ ਲੋਕਾਂ ਦੀ ਸਾਰੀ ਸੰਗਤ ਬਾ-
ਹਰ ਪ੍ਰਾਰਥਨਾ ਕਰ ਰਹੀ ਸੀ ॥੧੧॥ ਤਦ ਉਸ ਨੂੰ ਪ੍ਰਭੂ ਦਾ ਇੱਕ ਦੂਤ ਧੂਪ ਦੀ ਵੇਦੀ ਦੇ ਸੱਜੇ
ਪਾਸੇ ਖਲੋਤਾ ਦਿੱਸਿਆ ॥੧੨॥ ਅਤੇ ਜ਼ਕਰੀਆ ਵੇਖਕੇ ਘਬਰਾਇਆ ਅਰ ਉਸ ਨੂੰ ਡ-
ਰ ਲੱਗਾ ॥੧੩॥ ਪਰ ਦੂਤ ਨੇ ਉਹ ਨੂੰ ਆਖਿਆ ਹੇ ਜ਼ਕਰੀਆ ਨ ਡਰ ਕਿਉਂ ਜੋ ਤੇਰੀ ਬੇਨ-
ਤੀ ਸੁਣੀ ਗਈ ਅਰ ਤੇਰੀ ਤੀਮੀ ਇਲਿਸਬਤ ਤੇਰੇ ਲਈ ਇੱਕ ਪੁੱਤ ਜਣੇਗੀ ਅਤੇ ਤੂੰ ਉਹ
ਦਾ ਨਾਉਂ ਯੂਹੰਨਾ ਰੱਖਣਾ ॥੧੪॥ ਅਰ ਤੈਨੂੰ ਖੁਸ਼ੀ ਅਤੇ ਅਨੰਦ ਹੋਊਗਾ ਅਰ ਬਥੇਰੇ ਉਹਦੇ
ਜੰਮਣ ਥੇਂ ਖੁਸ਼ ਹੋਣਗੇ ॥੧੫॥ ਕਿਉਂਕਿ ਉਹ ਪ੍ਰਭੂ ਦੀ ਦਰਗਾਹੇ ਵਡਾ ਹੋਊਗਾ ਅਤੇ ਨਾ ਵੈਨ
ਨਾ ਮਧ ਪੀਊ ਅਤੇ ਆਪਣੀ ਮਾਂ ਦੀ ਕੁੱਖੋਂ ਹੀ ਪਵਿੱਤ੍ਰ ਆਤਮਾ ਨਾਲ ਭਰ ਜਾਊ ॥੧੬॥ ਅ-
ਤੇ ਇਸਰਾਈਲ ਦੀ ਉਲਾਦ ਵਿੱਚੋਂ ਬਹੁਤਿਆਂ ਨੂੰ ਉਨਾਂ ਦੇ ਪਰਮੇਸ਼ੁਰ ਪ੍ਰਭੂ ਦੀ ਵਲ ਮੋੜੂ

Original Uploaded by:
Language Department Punjab
Digitized by:
Panjab Digital Library

॥੧੭॥ਅਤੇ ਉਹ ਉਸ ਦੇ ਅੱਗੇ ਅੱਗੇ ਇਲੀਆਸ ਦੇ ਆਤਮਾ ਅਰ ਸਕਤਿ ਨਾਲ ਚੱਲੂ
ਜੋ ਪੇਵਾਂ ਦੇ ਮਨਾਂ ਨੂੰ ਬਾਲਕਾਂ ਦੀ ਵਲ ਅਤੇ ਬੇਮੁਖਾਂ ਨੂੰ ਧਰਮੀਆਂ ਦੀ ਬੁੱਧ ਦੀ ਵਲ ਮੋੜੇ
ਭਈ ਪ੍ਰਭੁ ਦੇ ਲਈ ਸੁਧਾਰੀ ਹੋਈ ਕੋਮ ਨੂੰ ਤਿਆਰ ਕਰੇ॥੧੮॥ਅਤੇ ਜਕਰੀਆ ਨੈ ਦੂਤ ਨੂੰ
ਆਖਿਆ ਮੈਂ ਇਹ ਕਿੱਕੁਰ ਮੰਨਾਂ ਕਿਉਂਕਿ ਮੈਂ ਬੁੱਢਾ ਹਾਂ ਅਤੇ ਮੇਰੀ ਤੀਮੀਂ ਵਡੀ ਉਮਰ ਦੀ
ਹੋ ਗਈ ਹੈ॥੧੯॥ ਅਰ ਦੂਤ ਨੈ ਉਹ ਨੂੰ ਉੱਤਰ ਦਿੱਤਾ ਮੈਂ ਜਿਬਰਾਈਲ ਹਾਂ ਜੋ ਪਰਮੇਸੁਰ
ਦੀ ਦਰਗਾਹੇ ਹਾਜਰ ਰਹਿੰਦਾ ਅਤੇ ਇਸ ਲਈ ਘੱਲਿਆ ਹੋਇਆ ਹਾਂ ਭਈ ਤੇਰੇ ਨਾਲ
ਗੱਲਾਂ ਕਰਾਂ ਅਤੇ ਇਹ ਖੁਸ਼ੀ ਦੀ ਖਬਰ ਸੁਣਾਵਾਂ॥੨੦॥ਅਰ ਵੇਖ ਜਿਸ ਦਿਨ ਤੀਕੁਰ ਇ
ਹ ਗੱਲਾਂ ਪੂਰੀਆਂ ਨਾ ਹੋਣ ਤੂੰ ਚੁੱਪ ਰਹੇਂਗਾ ਅਤੇ ਬੋਲ ਨਾ ਸੱਕੇਂਗਾ ਇਸ ਲਈ ਜੋ ਤੈਂ ਮੇਰੀ
ਆਂ ਬਾਤਾਂ ਨੂੰ ਸੱਤ ਨਾ ਮੰਨਿਆ ਜੇਹੜੀਆਂ ਆਪਣੇ ਵੇਲੇ ਸਿਰ ਪੂਰੀਆਂ ਹੋਣਗੀਆਂ॥੨੧
॥ਅਤੇ ਲੋਕ ਜਕਰੀਆ ਦਾ ਰਾਹ ਵੇਖਦੇ ਸਨ ਅਰ ਮੰਦਰ ਵਿੱਚ ਉਹ ਦੇ ਚਿਰ ਲਾਉਣ ਕ
ਰਕੇ ਅਚੰਭਾ ਕਰਦੇ ਸਨ॥੨੨॥ ਫੇਰ ਜਾਂ ਉਹ ਬਾਹਰ ਆਇਆ ਤਾਂ ਉਨਾਂ ਨਾਲ ਬੋਲ
ਨਾ ਸੱਕਿਆ ਅਤੇ ਉਨਾਂ ਮਲੂਮ ਕੀਤਾ ਜੋ ਉਸ ਨੂੰ ਮੰਦਰ ਵਿੱਚ ਕੋਈ ਪਰਤੱਖ ਦਰਸਣ
ਹੋਇਆ ਹੈ। ਅਰ ਉਹ ਉਨਾਂ ਨਾਲ ਸੈਨਤਾਂ ਕਰਦਾ ਸੀ ਅਤੇ ਗੁੰਗਾ ਰਹਿ ਗਿਆ॥੨੩॥
ਅਤੇ ਐਉਂ ਹੋਇਆ ਕਿ ਜਦ ਉਹ ਦੀ ਸੇਵਾ ਦੇ ਦਿਨ ਪੂਰੇ ਹੋਏ ਤਦ ਉਹ ਆਪਣੇ ਘਰ ਚੱਲਿ
ਆ ਗਿਆ॥ ॥੨੪॥ਫੇਰ ਉਨਾਂ ਦਿਨਾਂ ਦੇ ਪਿੱਛੋਂ ਉਹ ਦੀ ਤੀਮੀਂ ਇਲਿਸਬਤ

Original with:
Language Department Punjab
Digitized by:
Panjab Digital Library

ਪੈਰ ਭਾਰੇ ਹੋਈ ਅਤੇ ਉਹ ਨੂੰ ਪੰਜਾਂ ਮਹੀਨਿਆਂ ਤੀਕੁਰ ਆਪਣੇ ਤਾਈਂ ਇਹ ਕਹਿ ਕੇ ਲੁਕ
ਾਇਆ ॥੨੫॥ ਕਿ ਪ੍ਰਭੁ ਨੇ ਜਿਨ੍ਹੀਂ ਦਿਨੀਂ ਮੇਰੇ ਉੱਤੇ ਨਿਗਾ ਕੀਤੀ ਮੇਰੇ ਨਾਲ੍ਹ ਇਉਂ ਜਿਹਾ ਵ
ਰਤਾਵਾ ਕੀਤਾ ਹੈ ਭਈ ਲੋਕਾਂ ਵਿੱਚੋਂ ਮੇਰੀ ਸਰਮਿੰਦਗੀ ਹਟਾ ਦੇਵੇ ॥ ॥੨੬
॥ ਅਤੇ ਛੇਵੇਂ ਮਹੀਨੇ ਜਿਬਰਾਈਲ ਦੂਤ ਪਰਮੇਸ਼ੁਰ ਦੀ ਵਲੋਂ ਨਾਸਰਤ ਨਾਮੇ ਗਲੀਲ ਦੇ
ਇੱਕ ਨਗਰ ਵਿੱਚ ॥੨੭॥ ਇੱਕ ਕੁਆਰੀ ਦੇ ਕੋਲ੍ਹ ਭੇਜਿਆ ਗਿਆ ਜਿਹ ਦੀ ਕੁੜਮਾਈ
ਯੂਸੁਫ ਕਰਕੇ ਦਾਊਦ ਦੇ ਘਰਾਣੇ ਦੇ ਇੱਕ ਪੁਰਸ਼ ਨਾਲ੍ਹ ਹੋਈ ਸੀ ਅਰ ਉਸ ਕੁਆਰੀ ਦਾ ਨ
ਉਂਸੀ ਮਰਿਯਮ ॥੨੮॥ ਅਤੇ ਉਸ ਨੇ ਉਸ ਪਾਸ ਅੰਦਰ ਆਣਕੇ ਕਿਹਾ ਸਲਾਮ ਤੈਨੂੰ ਜਿ
ਹਦੇ ਉੱਤੇ ਕਿਰਪਾ ਹੋਈ। ਪ੍ਰਭੁ ਤੇਰੇ ਨਾਲ੍ਹ ਹੈ ॥੨੯॥ ਪਰ ਉਹ ਇਸ ਬਚਨ ਥੋਂ ਬਹੁਤ ਘਬ
ਰਾਈ ਅਰ ਸੋਚਣ ਲੱਗੀ ਜੋ ਇਹ ਕਿਹੋ ਜਿਹਾ ਸਲਾਮ ਹੈ ॥੩੦॥ ਅਰ ਦੂਤ ਨੇ ਉਹ ਨੂੰ ਆ
ਖਿਆ ਕਿ ਹੇ ਮਰਿਯਮ ਨਾ ਡਰ ਕਿਉਂ ਜੋ ਤੇਰੇ ਉੱਤੇ ਪਰਮੇਸ਼ੁਰ ਦੀ ਕਿਰਪਾ ਹੋਈ ॥੩੧॥ ਅਤੇ
ਵੇਖ ਤੂੰ ਪੈਰ ਭਾਰੇ ਹੋਵੇਂਗੀ ਅਰ ਪੁੱਤ ਜਣੇਂਗੀ ਅਤੇ ਉਹ ਦਾ ਨਾਉਂ ਯਿਸ਼ੂ ਰੱਖਣਾ ॥੩੨॥ ਉ
ਹ ਵਡਾ ਹੋਊਗਾ ਅਤੇ ਮਹਾਂ ਪਰਮੇਸ਼ੁਰ ਦਾ ਪੁੱਤ ਸਦਾਊਗਾ ਅਤੇ ਪ੍ਰਭੁ ਪਰਮੇਸ਼ੁਰ ਉਹ ਦੇ ਪਿ
ਤਾ ਦਾਊਦ ਦਾ ਤਖਤ ਉਸ ਨੂੰ ਦੇਊਗਾ ॥੩੩॥ ਅਰ ਉਹ ਜੁਗਾਂ ਜੁਗ ਯਾਕੂਬ ਦੇ ਘਰਾਣੇ
ਉੱਤੇ ਰਾਜ ਕਰੂ ਅਤੇ ਉਸ ਦੇ ਰਾਜ ਦਾ ਅੰਤ ਨਾ ਹੋਊ ॥੩੪॥ ਤਦ ਮਰਿਯਮ ਨੇ ਦੂਤ ਨੂੰ ਆਖ
ਿਆ ਇਹ ਕਿੱਕੁਰ ਹੋਊਗਾ ਜਦ ਮੈਂ ਪੁਰਸ਼ ਨੂੰ ਨਹੀਂ ਜਾਣਦੀ ॥੩੫॥ ਅਤੇ ਦੂਤ ਨੇ ਉਹ ਨੂੰ ਉ

Original with:
Language Department Punjab
Digitized by:
Panjab Digital Library

ਤਰਾਦਿੱਤਾ ਕਿ ਪਵਿਤ੍ਰ ਆਤਮਾ ਤੇਰੇ ਉੱਪਰ ਆਊਗਾ ਅਰ ਮਹਾਂ ਪਰਮੇਸੁਰ ਦੀ ਸਕਤਿ ਤੇ-
ਰੇ ਉੱਤੇ ਛਾਇਆ ਕਰੂਗੀ ਇਸ ਕਰਕੇ ਜਿਹੜਾ ਜੰਮੂਗਾ ਉਹ ਪਵਿਤ੍ਰ ਅਤੇ ਪਰਮੇਸੁਰ ਦਾ ਪੁ-
ਤ੍ਰ ਕਹਾਊਗਾ॥੩੬॥ ਅਰ ਵੇਖ ਤੇਰੀ ਸਾਕ ਇਲਿਸਬਤ ਉਹ ਨੂੰ ਬੀ ਬੁਢੇਪੇ ਵਿੱਚ ਪੁਤ੍ਰ ਹੋਣ-
ਵਾਲਾ ਹੈ ਅਤੇ ਜਿਹੜੀ ਬਾਂਝ ਕਹਾਉਂਦੀ ਸੀ ਉਹ ਦਾ ਇਹ ਛੇਵਾਂ ਮਹੀਨਾ ਹੈ॥੩੭॥ ਕਿਉਂਕਿ ਕੋਈ
ਬਚਨ ਪਰਮੇਸੁਰ ਦੀ ਵਲੋਂ ਸਕਤਹੀਣ ਨਾ ਹੋਊਗਾ॥੩੮॥ ਅਤੇ ਮਰਿਯਮ ਨੇ ਕਿਹਾ ਵੇਖ ਮੈਂ
ਪ੍ਰਭੁ ਦੀ ਦਾਸੀ ਹਾਂ ਮੇਰੇ ਨਾਲ ਤੇਰੇ ਆਖੇ ਮੂਜਬ ਹੋਵੇ। ਤਦ ਦੂਤ ਉਹ ਦੇ ਕੋਲੋਂ ਚੱਲਿਆ ਗਿਆ
॥ ॥੩੯॥ ਅਤੇ ਉਨ੍ਹੀਂ ਦਿਨੀਂ ਮਰਿਯਮ ਉੱਠਕੇ ਛੇਤੀ ਨਾਲ ਪਹਾੜੀ ਦੇਸ ਵਿਖੇ ਯਹੂਦ ੦
ਦੇ ਇੱਕ ਨੱਗਰ ਨੂੰ ਗਈ॥੪੦॥ ਅਰ ਜ਼ਕਰੀਆ ਦੇ ਘਰ ਵਿੱਚ ਜਾਕੇ ਇਲਿਸਬਤ ਨੂੰ ਸਲਾਮ
ਕੀਤਾ॥੪੧॥ ਅਤੇ ਐਉਂ ਹੋਇਆ ਕਿ ਜਾਂ ਇਲਿਸਬਤ ਨੈ ਮਰਿਯਮ ਦਾ ਸਲਾਮ ਸੁਣਿਆ ਤਾਂ ਬੱ-
ਚਾ ਉਹ ਦੀ ਕੁੱਖ ਵਿੱਚ ਉੱਛਲ ਪਿਆ ਅਤੇ ਇਲਿਸਬਤ ਪਵਿਤ੍ਰ ਆਤਮਾ ਨਾਲ ਭਰ ਗਈ॥੪੨
॥ ਅਤੇ ਉਹ ਜ਼ੋਰ ਨਾਲ ਉੱਚੀ ਦੇਕੇ ਬੋਲੀ ਧੰਨ ਹੈਂ ਤੂੰ ਤੀਮੀਆਂ ਵਿੱਚੋਂ ਨਾਲੇ ਧੰਨ ਤੇਰੀ ਕੁੱਖ ਦਾ
ਫਲ॥੪੩॥ ਅਤੇ ਮੇਰੇ ਲਈ ਇਹ ਕਿੱਥੋਂ ਹੋਇਆ ਜੋ ਮੇਰੇ ਪ੍ਰਭੂ ਦੀ ਮਾਂ ਮੇਰੇ ਕੋਲ ਆਈ॥੪੪
॥ ਕਿ ਵੇਖ ਤੇਰੇ ਸਲਾਮ ਦੀ ਅਵਾਜ ਮੇਰੇ ਕੰਨ ਪੈਂਦੇ ਹੀ ਬੱਚਾ ਮੇਰੀ ਕੁੱਖ ਵਿੱਚ ਖੁਸ਼ੀ ਦੇ ਮਾਰੇ ਉੱਛਲ
ਪਿਆ॥੪੫॥ ਅਰ ਧੰਨ ਹੈ ਉਹ ਜਿਨ ਪਰਤੀਤ ਕੀਤੀ ਕਿਉਂਕਿ ਜੇਹੜੀਆਂ ਗੱਲਾਂ ਪ੍ਰਭੂ ਦੀ ਵਲੋਂ
ਉਹ ਨੂੰ ਕਹੀਆਂ ਗਈਆਂ ਓਹ ਪੂਰੀਆਂ ਹੋਣਗੀਆਂ॥੪੬॥ ਤਾਂ ਮਰਿਯਮ ਨੇ ਆਖਿਆ

Original with:
Language Department Punjab
Digitized by:
Panjab Digital Library

ਮੇਰਾ ਜੀਉ ਪ੍ਰਭੂ ਦੀ ਵਡਿਆਈ ਕਰਦਾ ਹੈ ਅਤੇ ਮੇਰਾ ਆਤਮਾ ਮੇਰੇ ਮੁਕਤਿਦਾਤਾ ਪਰਮੇ-
ਸ਼ੁਰ ਥੋਂ ਅਨੰਦ ਹੋਇਆ ।। ੪੮ ।। ਕਿਉਂ ਜੋ ਉਸ ਨੇ ਆਪਣੀ ਦਾਸੀ ਦੀ ਗਰੀਬੀ ਪੁਰ ਨਿਗਾ ੦
ਕੀਤੀ ਕਿ ਵੇਖ ਏਦੋਂ ਅੱਗੇ ਹਰ ਸ਼ਮੇ ਦੇ ਲੋਕ ਮੈਨੂੰ ਧੰਨ ਕਹਿਣਗੇ ।। ੪੯ ।। ਕਿਉਂ ਕਿ ਜੋ ਹ ੦
ਸਾਮਰਥੀ ਹੈ ਉਸ ਨੇ ਮੇਰੇ ਲਈ ਵੱਡੇ ਕੰਮ ਕੀਤੇ ਹਨ ਅਰ ਪਵਿਤ੍ਰ ਹੈ ਉਹ ਦਾ ਨਾਉਂ ।। ੫੦ ।।
ਅਤੇ ਉਨਾਂ ਉੱਤੇ ਜੋ ਹ ਉਸ ਥੋਂ ਡਾਉ ਰੱਖਦੇ ਹਨ ਉਹ ਦੀ ਦਯਾ ਪੀਹ ਪੀਹ ਪੀਹੜੀ ਹੈ ।। ੫੧
।। ਉਸ ਨੇ ਆਪਣੀ ਬਾਂਹ ਦਾ ਜੋਰ ਵਿਖਾਲਿਆ ਉਸ ਨੇ ਉਨਾਂ ਨੂੰ ਜੋ ਹ ਆਪਣੇ ਮਨ ਦੇ ਖਿ-
ਆਲਾਂ ਵਿੱਚ ਹੰਕਾਰੀ ਸਨ ਖਿੰਡਾ ਦਿੱਤਾ ।। ੫੨ ।। ਉਸ ਨੇ ਬਲਵੰਤਾਂ ਨੂੰ ਤਖ਼ਤੋਂ ਡੇਗ ਦਿੱਤਾ ਅ-
ਤੇ ਗਰੀਬਾਂ ਨੂੰ ਉੱਚਿਆਂ ਕੀਤਾ ।। ੫੩ ।। ਉਸ ਨੇ ਭੁੱਖਿਆਂ ਨੂੰ ਚੰਗੇ ਪਦਾਰਥਾਂ ਨਾਲ ਰਜਾਇ-
ਆ ਅਰ ਪਦਾਰਥ ਵਾਲਿਆਂ ਨੂੰ ਸੱਖਣੇ ਹੱਥ ਤਾਹ ਦਿੱਤਾ ।। ੫੪ ।। ਉਸ ਨੇ ਆਪਣੇ ਦਾਸ ਇ-
ਸਰਾਈਲ ਦੀ ਸਹਾਇਤਾ ਇਸ ਲਈ ਕੀਤੀ ।। ੫੫ ।। ਜੋ ਸਦਾ ਤੀਕੁਰ ਇਬਰਾਹੀਮ ਅਤੇ ਉ-
ਹਦੀ ਉਲਾਦ ਪੁਰ ਦਯਾ ਕਰਨੀ ਯਾਦ ਰਹੇ ਜਿਹਾ ਕੁ ਉਸ ਨੇ ਸਾਡੇ ਵਡਿਆਂ ਨੂੰ ਆਖਿਆ ਸੀ
।। ।। ੫੬ ।। ਅਰ ਮਰਿਯਮ ਤਿੰਨ ਕੁ ਮਹੀਨੇ ਉਹ ਦੇ ਨਾਲ ਰਹਿ ਕੇ ਆਪਣੇ ਘਰ ਨੂੰ
ਮੁੜ ਗਈ ।। ।। ੫੭ ।। ਹੁਣ ਇਲਿਸਬਤ ਦੇ ਜਣਨ ਦਾ ਵੇਲਾ ਆ ਪੁੱਗਾ ਅਤੇ ਉਹ
ਪੁਤ੍ਰ ਜਣੀ ।। ੫੮ ।। ਅਰ ਉਹ ਦੇ ਗੁਆਂਢੀਆਂ ਅਤੇ ਸਾਕਾਂ ਨੈ ਸੁਣ ਕੇ ਜੋ ਪ੍ਰਭੂ ਨੈ ਉਸ ਉੱਤੇ ਵਡੀ
ਦਯਾ ਕਰੀ ਉਹ ਦੇ ਨਾਲ ਖ਼ੁਸੀ ਕੀਤੀ ।। ੫੯ ।। ਅਤੇ ਐਉਂ ਹੋਇਆ ਜੋ ਓਹ ਅੱਠਵੇਂ ਦਿਨ ਬਾ-

Original with:
Language Department Punjab
Digitized by:
Panjab Digital Library

ਲਕ ਦੀਆਂ ਸੁੰਨਤਾਂ ਕਰਾਉਣ ਆਏ ਅਰ ਉਹ ਦਾ ਨਾਉਂ ਜ਼ਕਰੀਆ ਰੱਖਣ ਲੱਗੇ। ਜਿਹੜਾ ਉਹ
ਦੇ ਪਿਉ ਦਾ ਨਾਉਂ ਸੀ॥ ੬੦॥ ਪਰ ਉਹ ਦੀ ਮਾਂ ਨੈ ਅੱਗੋਂ ਆਖਿਆ ਨਹੀਂ ਬਲਕ ਯੂਹੰਨਾ ਸਦਾਊਗਾ
॥ ੬੧॥ ਅਤੇ ਉਨਾਂ ਉਸ ਨੂੰ ਕਿਹਾ ਕਿ ਤੇਰੇ ਸਾਕਾਂ ਵਿੱਚੋਂ ਕੋਈ ਨਹੀਂ ਜੋ ਇਸ ਨਾਉਂ ਕਰਕੇ ਸੱਦੀਦਾ
ਹੈ॥ ੬੨॥ ਤਦ ਉਨਾਂ ਨੈ ਉਹ ਦੇ ਪਿਉ ਵਲ ਸੈਨਤ ਕੀਤੀ ਜੋ ਉਹ ਦਾ ਕੀ ਨਾਉਂ ਰੱਖਿਆ ਚਾਹੁੰਦਾ
ਹੈ॥ ੬੩॥ ਅਤੇ ਉਨ ਪੱਟੀ ਮੰਗਾਕੇ ਲਿਖਿਆ ਕੁਈ ਉਹ ਦਾ ਨਾਉਂ ਯੂਹੰਨਾ ਹੈ ਅਰ ਸਭੋ ਹੈਰਨ
ਰਹਿ ਗਏ॥ ੬੪॥ ਅਤੇ ਉੱਸੇ ਵੇਲੇ ਉਹ ਦਾ ਮੂੰਹ ਅਰ ਉਹ ਦੀ ਜੀਭ ਖੁਲ ਗਈ ਅਤੇ ਉਹ ਬੋ
ਲਿਆ ਅਰ ਪਰਮੇਸੁਰ ਦਾ ਧੰਨਵਾਦ ਕਰਨ ਲੱਗਾ॥ ੬੫॥ ਤਦ ਆਲੇ ਦੁਆਲੇ ਦੇ ਸਾਰੇ
ਰਹਿਣਵਾਲੇ ਡਰ ਗਏ ਅਤੇ ਯਹੂਦਿਯਾ ਦੇ ਸਾਰੇ ਪਹਾੜੀ ਦੇਸ ਵਿੱਚ ਇਨਾਂ ਸਭਨਾਂ ਗੱਲਾਂ
ਦੀ ਚਰਚਾ ਖਿੰਡ ਗਈ॥ ੬੬॥ ਅਰ ਸਭ ਸੁਣਨਵਾਲਿਆਂ ਨੈ ਆਪਣੇ ਮਨ ਵਿੱਚ ਇਨਾਂ ਗੱ-
ਲਾਂ ਨੂੰ ਰੱਖਿਆ ਅਤੇ ਕਿਹਾ ਭਲਾ ਇਹ ਕਿਹੋ ਜਿਹਾ ਬਾਲਕ ਹੋਊ ਕਿੰਉ ਜੋ ਪ੍ਰਭੁ ਦਾ ਹੱਥ ਉਹ ਦੇ
ਉੱਤੇ ਸੀ॥

॥ ੬੭॥ ਅਤੇ ਉਹ ਦਾ ਪਿਉ ਜ਼ਕਰੀਆ ਪਵਿੱਤ੍ਰ ਆਤਮਾ ਨਾਲ ਭਰ
ਿਆ ਅਤੇ ਅਗੰਮ ਵਾਕ ਕਰਕੇ ਕਹਿਣ ਲੱਗਾ॥ ੬੮॥ ਕਿ ਧੰਨ ਹੈ ਪ੍ਰਭੁ ਇਸਰਾਈਲ
ਦਾ ਪਰਮੇਸੁਰ ਕਿੰਉ ਜੋ ਉਸ ਨੈ ਆਪਣੇ ਲੋਕਾਂ ਉੱਤੇ ਨਿਗਾ ਕੀਤੀ ਅਰ ਉਨਾਂ ਨੂੰ ਨਿਸਤਾਰਾ
ਦਿੱਤਾ॥ ੬੯॥ ਅਤੇ ਸਾਡੇ ਲਈ ਆਪਣੇ ਬੰਦੇ ਦਾਊਦ ਦੇ ਘਰਾਣੇ ਵਿੱਚ ਮੁਕਤਿ ਦਾ ਸਿੰਙ
ਖੜਾ ਕੀਤਾ॥ ੭੦॥ ਜਿਹਾ ਕੁ ਉਸ ਨੈ ਆਪਣੇ ਪਵਿੱਤ੍ਰ ਪਿਕੰਬਰਾਂ ਦੀ ਜ਼ਬਾਨੀ ਆਖਿਆ

Original with:
Language Department Punjab
Digitized by:
Panjab Digital Library

ਜੋਹੜੇ ਜਗਤ ਦੇ ਮੁੱਢੋਂ ਹੁੰਦੇ ਆਏ ॥ ੭੧ ॥ ਉਹ ਸੈਸਾ ਨੂੰ ਸਾਡੇ ਵੈਰੀਆਂ ਥੋਂ ਅਤੇ ਉਨਾਂ ਸਭਨਾਂ ਦੇ
ਹੱਥੋਂ ਜੋ ਸਾਡੇ ਨਾਲ ਕਿੜ ਰੱਖਦੇ ਹਨ ਛੁਟਕਾਰਾ ਦਿੱਤਾ ॥ ੭੨ ॥ ਭਈ ਉਹ ਸਾਡੇ ਵਡਿਆਂ ਉੱਤੇ
ਦਯਾ ਕਰੇ ਅਤੇ ਆਪਣੇ ਪਵਿਤ੍ਰ ਨੇਮ ਨੂੰ ਚਿੱਤ ਰੱਖੇ ॥ ੭੩ ॥ ਅਰਥਾਤ ਉਸ ਸੌਂਹ ਨੂੰ ਜਿਹੜੀ
ਉਸ ਨੈ ਸਾਡੇ ਪਿਤਾ ਇਬਰਾਹੀਮ ਨਾਲ ਕੀਤੀ ॥ ੭੪ ॥ ਭਈ ਉਹ ਸਾ ਨੂੰ ਇਹ ਬਖਸੇ ਜੋ ਅ ੦
ਪਣੇ ਵੈਰੀਆਂ ਦੇ ਹੱਥੋਂ ਛੁੱਟਕੇ ॥ ੭੫ ॥ ਉਮਰ ਭਰ ਉਹ ਦੇ ਅੱਗੇ ਪਵਿਤ੍ਰਤਾਈ ਅਤੇ ਸਾਚਿ
ਆਈ ਨਾਲ ਬੇਧੜਕ ਉਹ ਦੀ ਸੇਵਾ ਕਰਿਜੇ ॥ ੭੬ ॥ ਅਰ ਹੇ ਬਾਲਕ ਤੂੰ ਮਹਾਂ ਪਰਮੇਸੁਰ
ਦਾ ਪਿਕੰਬਰ ਕਹਾਵੇਂਗਾ ਕਿਉਂ ਜੋ ਤੂੰ ਪ੍ਰਭੁ ਦੇ ਰਸਤਿਆਂ ਨੂੰ ਤਿਆਰ ਕਰਨ ਲਈ ਉਹ ਦੇ ਅੱ
ਗੇ ਅੱਗੇ ਚੱਲੇਂਗਾ ॥ ੭੭ ॥ ਕਿ ਉਹ ਦੇ ਲੋਕਾਂ ਨੂੰ ਉਨਾਂ ਦੇ ਪਾਪਾਂ ਦੀ ਮਾਫੀ ਨਾਲ ਮੁਕਤਿ ਦਾ ਗਿ
ਆਨ ਦੇਵੇਂ ॥ ੭੮ ॥ ਜੋ ਸਾਡੇ ਪਰਮੇਸੁਰ ਦੀ ਵਡੀ ਦਯਾ ਥੋਂ ਹੈ ਜਿਹ ਦੇ ਕਾਰਨ ਸਵੇਰ ਦਾ ਚਨਣ
ਉੱਪਰੋਂ ਸਾਡੇ ਉੱਤੇ ਚਮਕੇਗਾ ॥ ੭੯ ॥ ਭਈ ਉਨਾਂ ਨੂੰ ਜੋ ਅਨੇਰੇ ਅਤੇ ਮੌਤ ਦੇ ਪਰਛਾਵੇਂ ਵਿੱਚ
ਬੈਠੇ ਹਨ ਚਾਨਣ ਬਖਸੇ ਅਤੇ ਸਾਡੇ ਪੈਰਾਂ ਨੂੰ ਸਲਾਮਤੀ ਦੇ ਰਾਹ ਚਲਾਵੇ ॥ ॥ ੮੦
॥ ਅਤੇ ਉਹ ਬਾਲਕ ਵਧਦਾ ਅਰ ਆਤਮਾ ਵਿੱਚ ਜੋਰ ਪਕੜਦਾ ਗਿਆ ਅਤੇ ਇਸਰਾਈ-
ਲ ਪੁਰ ਆਪਣੇ ਪਰਗਟ ਹੋਣ ਦੇ ਦਿਨ ਤੀਕੁਰ ਉਜਾੜ ਵਿੱਚ ਰਿਹਾ ॥

੨ ਕਾਂਡ ॥

ਉਨਾਂ ਦਿਨਾਂ ਵਿੱਚ ਐਉਂ ਹੋਇਆ ਕਿ ਕੈਸਰ ਔਗੂਸਤੁਸ ਦੇ ਪਾਸੋਂ ਹੁਕਮ
ਨਿੱਕਲਿਆ ਜੋ ਸਾਰੀ ਦੁਨੀਆਂ ਦੀ ਮਰਦਮਸੁਮਾਰੀ ਹੋਵੇ ॥ ੨ ॥ ਇਹ ਪਹਿ-

Original from
Language Department Punjab
Digitized by:
Panjab Digital Library

ਲੀ ਮਰਦਮਸ਼ੁਮਾਰੀ ਸੀ ਜੋ ਸੂਰੀਆ ਦੇ ਹਾਕਮ ਕੁਰੇਨਿਯੁਸ ਦੇ ਸਮੇ ਵਿੱਚ ਕੀਤੀ ਗਈ ॥੩
॥ਤਦੋਂ ਸਭ ਆਪੋ ਆਪਣੇ ਨਗਰ ਨੂੰ ਨਾਉਂ ਲਿਖਾਉਣ ਚੱਲੇ ॥੪॥ ਅਤੇ ਯੂਸੁਫ਼ ਭੀ ਇਸ ਲਈ
ਜੋ ਉਹ ਦਾਊਦ ਦੇ ਘਰਾਣੇ ਅਤੇ ਔਲਾਦ ਵਿੱਚੋਂ ਸੀ ਗਲੀਲ ਥੋਂ ਨਾਸਰਤ ਨਗਰੋਂ ਯਹੂਦਿਯਾ
ਵਿੱਚ ਦਾਊਦ ਦੇ ਨਗਰ ਨੂੰ ਜੋ ਬੈਤਲਹਮ ਕਹਾਉਂਦਾ ਹੈ ਗਿਆ ॥੫॥ ਕਿ ਆਪਣੀ ਮੰਗ ਮ-
ਰਿਯਮ ਜਿਹ ਨੂੰ ਜੋ ਪੈਰ ਭਾਰੇ ਸੀ ਆਪਣਾ ਨਾਉਂ ਲਿਖਾਵੇ ॥੬॥ ਅਤੇ ਐਉਂ ਹੋਇਆ ਕਿ ਉਨਾਂ ਦੇ ਉੱ
ਥੇ ਹੁੰਦਿਆਂ ਮਰਿਯਮ ਦੇ ਜਣਨੇ ਦੇ ਦਿਨ ਪੂਰੇ ਹੋਏ ॥੭॥ ਅਤੇ ਆਪਣਾ ਜੇਠਾ ਪੁੱਤ ਜਣੀ ਅ-
ਰ ਉਹ ਨੂੰ ਕੱਪੜੇ ਵਿੱਚ ਵਲੇਟ ਕੇ ਖੁਰਲੀ ਵਿੱਚ ਰੱਖਿਆ ਕਿਉਂ ਜੋ ਉਨਾਂ ਨੂੰ ਸਰਾਂ ਵਿੱਚ ਜਗਾ ਨ
ਮਿਲੀ ॥ ॥੮॥ ਅਤੇ ਉਸ ਦੇਸ ਵਿੱਚ ਅਯਾਲੀ ਜਨ ਜੋ ਰੜੇ ਵਿੱਚ ਰਹਿੰਦੇ ਅਤੇ
ਰਾਤ ਨੂੰ ਆਪਣੇ ਇੱਜੜ ਦੀ ਰਾਖੀ ਕਰਦੇ ਸਨ ॥੯॥ ਅਤੇ ਪ੍ਰਭੁ ਦਾ ਇੱਕ ਦੂਤ ਉਨਾਂ ਦੇ ਪਾਸ
ਆ ਖਲੋਤਾ ਅਤੇ ਪ੍ਰਭੁ ਦੀ ਜੋਤ ਉਨਾਂ ਦੇ ਚੁਫੇਰੇ ਚਮਕੀ ਅਰ ਓਹ ਬਹੁਤ ਹੀ ਡਰ ਗਏ ॥੧੦
॥ਤਦ ਦੂਤ ਨੇ ਉਨਾਂ ਨੂੰ ਆਖਿਆ ਨਾ ਡਰੋ ਕਿਉਂ ਕਿ ਵੇਖੋ ਮੈਂ ਤੁਹਾ ਨੂੰ ਵਡੀ ਖ਼ੁਸ਼ੀ ਦੀ ਖਬਰ ਸੁ-
ਣਾਉਂਦਾ ਹਾਂ ਜੋ ਸਾਰੀ ਕੌਮ ਦੇ ਲਈ ਹੋਊਗੀ ॥੧੧॥ ਕਿ ਦਾਊਦ ਦੇ ਨਗਰ ਵਿੱਚ ਅੱਜ ਤੁਹ
ਡੇ ਲਈ ਇੱਕ ਮੁਕਤਿਦਾਤਾ ਪੈਦਾ ਹੋਇਆ ਉਹ ਮਸੀਹ ਪ੍ਰਭੁ ਹੈ ॥੧੨॥ ਅਤੇ ਤੁਹਾਡੇ ਲਈ
ਇਹ ਪਤਾ ਹੈ ਕਿ ਤੁਸੀਂ ਇੱਕ ਬਾਲਕ ਨੂੰ ਕੱਪੜੇ ਵਿੱਚ ਵਲੇਟਿਆ ਅਤੇ ਖੁਰਲੀ ਵਿੱਚ ਪਿ
ਆ ਹੋਇਆ ਵੇਖੋਗੇ ॥੧੩॥ ਅਤੇ ਇੱਕਵਾਰਗੀ ਸੁਰਗ ਦੀ ਫੌਜ ਦਾ ਇੱਕ ਦਸਤਾ ਉਸ ਦੂ-

Original With:
Language Department Punjab
Digitized by:
Panjab Digital Library

ਤ ਦੇ ਨਾਲ੍ਹ ਹੋਕੇ ਪਰਮੇਸ਼ੁਰ ਦੀ ਉਸਤੁਤ ਕਰਦਾ ਅਤੇ ਇਹ ਕਹਿੰਦਾ ਸੀ ॥੧੪॥ ਭਈ ਪਰ-
ਮਧਾਮ ਵਿੱਚ ਪਰਮੇਸ਼ੁਰ ਦੀ ਵਡਿਆਈ ਅਤੇ ਧਰਤੀ ਪੁਰ ਸਲਾਮਤੀ ਉਨਾਂ ਲੋਕਾਂ ਲਈ
ਜਿਨਾਂ ਨਾਲ ਉਹ ਪਰਸੰਨ ਹੈ ॥ ॥੧੫॥ ਅਤੇ ਐਉਂ ਹੋਇਆ ਕਿ ਜਦ ਦੂਤ ਉ-
ਨਾਂ ਦੇ ਕੋਲੋਂ ਅਕਾਸ਼ ਉੱਤੇ ਚੱਲੇ ਗਾਏ ਤਦ ਅਯਾਲੀਆਂ ਨੈ ਆਪਸ ਵਿੱਚ ਆਖਿਆ ਆ-
ਓ ਹੁਣ ਬੈਤਲਹਮ ਤੀਕੁਰ ਚੱਲਿਯੇ ਅਤੇ ਇਸ ਗੱਲ ਨੂੰ ਜੋ ਹੋਈ ਹੈ ਵੇਖਿਯੇ ਜਿਹ ਦੀ ਪ੍ਰ-
ਭੁ ਨੈ ਸਾ ਨੂੰ ਖਬਰ ਦਿੱਤੀ ਹੈ ॥੧੬॥ ਤਦ ਉਨਾਂ ਛੇਤੀ ਨਾਲ੍ਹ ਆਣਕੇ ਮਰਿਯਮ ਅਤੇ ਯੂ-
ਸੁਫ ਨੂੰ ਅਤੇ ਉਸ ਬਾਲਕ ਨੂੰ ਖੁਰਲੀ ਵਿੱਚ ਪਿਆ ਡਿੱਠਾ ॥੧੭॥ ਅਤੇ ਵੇਖਕੇ ਉਸ ਬਚ-
ਨ ਨੂੰ ਜਿਹੜਾ ਇਸ ਬਾਲਕ ਦੇ ਹੱਕ ਵਿੱਚ ਉਨਾਂ ਨੂੰ ਕਿਹਾ ਗਿਆ ਸੀ ਸੁਣਾਇਆ ॥੧੮॥
ਅਤੇ ਸਾਰੇ ਸੁਣਨ ਵਾਲ੍ਹਿਆਂ ਨੈ ਇਨਾਂ ਗੱਲਾਂ ਥੋਂ ਜੋ ਅਯਾਲੀਆਂ ਨੈ ਉਨਾਂ ਨੂੰ ਕਹੀਆਂ
ਅਚੰਭਾ ਕੀਤਾ ॥੧੯॥ ਪਰ ਮਰਿਯਮ ਨੈ ਇਨਾਂ ਸਭਨਾਂ ਗੱਲਾਂ ਨੂੰ ਆਪਣੇ ਮਨ ਵਿੱਚ ਧਿ-
ਆਨ ਕਰਕੇ ਰੱਖਿਆ ॥੨੦॥ ਅਤੇ ਅਯਾਲੀ ਇਨਾਂ ਸਭਨਾਂ ਗੱਲਾਂ ਦੀ ਬਾਬਤ ਜਿੱਕੁਰ
ਉਨਾਂ ਨੂੰ ਕਹੀਆਂ ਗਈਆਂ ਸਨ ਤਿੱਕੁਰ ਸੁਣ ਵੇਖਕੇ ਪਰਮੇਸ਼ੁਰ ਦੀ ਵਡਿਆਈ ਅਤੇ
ਉਸਤੁਤ ਕਰਦੇ ਹੋਏ ਮੁੜ ਗਏ ॥ ॥੨੧॥ ਅਤੇ ਜਾਂ ਅੱਠ ਦਿਨ ਪੂਰੇ ਹੋਏ ਕਿ
ਉਹ ਦੀਆਂ ਸੁੰਨਤਾਂ ਹੋਣ ਤਾਂ ਉਹ ਦਾ ਨਾਉਂ ਯਿਸੂ ਕਰਕੇ ਰੱਖਿਆ ਗਿਆ ਜੋ ਉਹ ਦੇ ਕੁੱਖ
ਵਿੱਚ ਪੈਣ ਥੋਂ ਅੱਗੇ ਦੂਤ ਨੈ ਰੱਖਿਆ ਸੀ ॥ ॥੨੨॥ ਅਤੇ ਜਾਂ ਮੂਸਾ ਦੀ ਸਰ

Original with:
Language Department Punjab
Digitized by:
Panjab Digital Library

ਮੂਜਬ ਉਨਾਂ ਦੇ ਸੁੱਧ ਹੋਣ ਦੇ ਦਿਨ ਪੂਰੇ ਹੋਏ ਤਾਂ ਉਸ ਨੂੰ ਪ੍ਰਭੂ ਦੇ ਅੱਗੇ ਹਾਜ਼ਰ ਕਰਨ ਲਈ
ਯਰੂਸਲੀਮ ਵਿੱਚ ਲਿਆਏ ॥੨੩॥ ਜਿਹਾ ਕਿ ਪ੍ਰਭੂ ਦੀ ਸ਼ਰਾ ਵਿੱਚ ਲਿਖਿਆ ਹੋਇਆ ੦
ਹੈ ਭਈ ਹਰੇਕ ਪਲੋਠਾ ਨਰ ਪ੍ਰਭੂ ਦੇ ਲਈ ਪਵਿੜ ਕਹਾਵੇਗਾ ॥੨੪॥ ਅਤੇ ਉਸ ਗੱਲ
ਮੂਜਬ ਜੋ ਪ੍ਰਭੂ ਦੀ ਸ਼ਰਾ ਵਿੱਚ ਲਿਖੀ ਹੋਈ ਹੈ ਅਰਥਾਤ ਪੁੱਰਘੀਆਂ ਦਾ ਇੱਕ ਜੋੜਾ ਜਾਂ
ਕਬੂਤਰ ਦੇ ਦੋ ਬੱਚੇ ਬਲਿਦਾਨ ਕਰਨ ॥੨੫॥ ਅਤੇ ਵੇਖੋ ਜੋ ਯਰੂਸਲੀਮ ਵਿੱਚ ਸ਼ਮਊਨ
ਕਰਕੇ ਇੱਕ ਮਨੁੱਖ ਸੀ ਅਰ ਉਹ ਧਰਮੀ ਅਤੇ ਭਗਤ ਲੋਕ ਸੀ ਅਤੇ ਇਸਰਾਈਲ ਦੀ
ਤਸੱਲੀ ਦੀ ਉਡੀਕ ਵਿੱਚ ਸੀ ਅਰ ਪਵਿੜ ਆਤਮਾ ਉਸ ਉੱਤੇ ਸੀ ॥੨੬॥ ਅਰ ਉਹ ਨੂੰ
ਪਵਿੜ ਆਤਮਾ ਨੇ ਖਬਰ ਦਿੱਤੀ ਸੀ ਭਈ ਜਦ ਤੀਕੁਰ ਤੂੰ ਪ੍ਰਭੂ ਦੇ ਮਸੀਹ ਨੂੰ ਨਾ ਵੇਖ ਲ-
ਵੇਂ ਤੂੰ ਨਾ ਮਰੇਂਗਾ ॥੨੭॥ ਅਤੇ ਉਹ ਆਤਮਾ ਦੀ ਅਗਵਾਈ ਨਾਲ ਮੰਦਰ ਵਿੱਚ ਆਇ-
ਆ ਅਤੇ ਜਿਸ ਵੇਲੇ ਮਾਂ ਪਿਉ ਉਸ ਬਾਲਕ ਯਿਸ਼ੂ ਨੂੰ ਅੰਦਰ ਲਈ ਆਉਂਦੇ ਸਨ ਜੋ ਸ਼ਰਾ
ਦੀ ਰੀਤ ਮੂਜਬ ਉਹ ਦੇ ਲਈ ਅਮਲ ਕਰਨ ॥੨੮॥ ਤਦ ਉਸ ਨੂੰ ਕੁੱਛੜ ਲਿਆ ਅਤੇ
ਪਰਮੇਸ਼ੁਰ ਦਾ ਧੰਨਵਾਦ ਕਰਕੇ ਬੋਲਿਆ ॥੨੯॥ ਹੇ ਮਾਲਕ ਹੁਣ ਤੂੰ ਆਪਣੇ ਦਾਸ ਨੂੰ
ਆਪਣੇ ਬਚਨ ਦੇ ਅਨੁਸਾਰ ਸਲਾਮਤੀ ਨਾਲ ਵਿਦਿਆ ਕਰਦਾ ਹੈਂ ॥੩੦॥ ਕਿਉਂਕਿ
ਮੇਰੀਆਂ ਅੱਖਾਂ ਨੇ ਤੇਰੀ ਮੁਕਤਿ ਡਿੱਠੀ ॥੩੧॥ ਜੋ ਤੈਂ ਸਾਰੇ ਲੋਕਾਂ ਅੱਗੇ ਤਿਆਰ ਕੀਤੀ ਹੈ
॥੩੨॥ ਪਰਾਈਆਂ ਕੌਮਾਂ ਨੂੰ ਉਜਾਲਾ ਕਰਨ ਲਈ ਜੋਤ ਅਤੇ ਆਪਣੇ ਲੋਕ ਇਸਰਾਈਲ

Original with:
Language Department Punjab
Digitized by:
Panjab Digital Library

ਦੇ ਲਈ ਫੜਿਆਈ ॥੩੩॥ ਤਦ ਉਹਦਾ ਪਿਉ ਅਤੇ ਉਹਦੀ ਮਾਂ ਉਨਾਂ ਗੱਲਾਂ ਥੋਂ ਜੋ ਉਹ
ਦੇ ਵਿਖੇ ਆਖੀਆਂ ਗਈਆਂ ਅਚੰਭਾ ਕਰ ਰਹੇ ਸਨ ॥੩੪॥ ਅਤੇ ਸ਼ਮਊਨ ਨੇ ਉਨਾਂ ਨੂੰ
ਅਸੀਸ ਦਿੱਤੀ ਅਤੇ ਉਹਦੀ ਮਾਂ ਮਰਿਯਮ ਨੂੰ ਆਖਿਆ ਵੇਖ ਇਹ ਬਾਲਕ ਇਸਰਾਈ-
ਲ ਵਿੱਚ ਬਹੁਤਿਆਂ ਦੇ ਡਿਗਣ ਅਤੇ ਉੱਠਣ ਦੇ ਲਈ ਠਹਰਾਇਆ ਹੋਇਆ ਹੈ ਅਤੇ ਇੱ-
ਕ ਨਿਸ਼ਾਨ ਲਈ ਜਿਹ ਦੇ ਵਿਰੁੱਧ ਗੱਲਾਂ ਹੋਣਗੀਆਂ ॥੩੫॥ ਬਲਕ ਤਲਵਾਰ ਤੇਰੀ ਜਿੰ-
ਦ ਦੇ ਵਿੱਚੋਂ ਬੀ ਫਿਰ ਜਾਊਗੀ- ਤਾਂ ਜੋ ਬਹੁਤਿਆਂ ਦੇ ਮਨਾਂ ਦੀਆਂ ਸੋਚਾਂ ਪਰਗਟ ਹੋ ਜਾ-
ਣ ॥੩੬॥ ਅਤੇ ਆਸ਼ੇਰ ਦੇ ਘਰਾਣੇ ਵਿੱਚੋਂ ਅੱਨਾ ਨਾਉਂ ਦੀ ਇੱਕ ਪਿਕੰਬਰਨੀ ਫਨੂਏਲ
ਦੀ ਧੀ ਸੀ ਉਹ ਵਡੀ ਉਮਰ ਦੀ ਸੀ ਅਰ ਉਸ ਨੇ ਆਪਣੇ ਕੁਆਰਪੁਣੇ ਥੋਂ ਲਾਕੇ ਸੱਤ ਵ-
ਰਹੇ ਭਰਥਾ ਨਾਲ ਨਿਰਵਾਹ ਕੀਤਾ ਸੀ ॥੩੭॥ ਅਤੇ ਉਹ ਚੁਰਾਸੀਆਂ ਵਰਿਹਾਂ ਥੋਂ ਬਿਧ-
ਵਾ ਸੀ ਜੋ ਮੰਦਰ ਨੂੰ ਨਾ ਛੱਡਦੀ ਪਰ ਵਰਤ ਰੱਖਣ ਅਤੇ ਬੇਨਤੀ ਕਰਨ ਨਾਲ ਰਾਤ ਦਿ-
ਨ ਬੰਦਗੀ ਕਰਦੀ ਰਹਿੰਦੀ ਸੀ ॥੩੮॥ ਉਸ ਨੇ ਉਸੇ ਘੜੀ ਉੱਥੇ ਆਣਕੇ ਪਰਮੇਸ਼ੁਰ
ਦਾ ਧੰਨਵਾਦ ਕੀਤਾ ਅਤੇ ਉਨਾਂ ਸਭਨਾਂ ਨੂੰ ਉਹਦੀ ਗੱਲ ਕੀਤੀ ਜੇਹੜੇ ਯਰੂਸ਼ਲੀਮ
ਦੇ ਨਿਸ਼ਤਾਰੇ ਦੀ ਉਡੀਕ ਵਿੱਚ ਸਨ ॥੩੯॥ ਅਤੇ ਜਾਂ ਓਹ ਪ੍ਰਭੂ ਦੀ ਸਰਾ ਦੇ ਅਨੁਸਾਰ
ਸਭ ਕੁਛ ਕਰ ਹਟੇ ਤਾਂ ਗਾਲੀਲ ਵਲ ਆਪਣੇ ਨਗਰ ਨਾਸ਼ਰਤ ਨੂੰ ਮੁੜੇ ॥
॥੪੦॥ ਅਤੇ ਬਾਲਕ ਵਧਦਾ ਅਤੇ ਗਿਆਨ ਨਾਲ ਭਰਪੂਰ ਹੋਕੇ ਜੋਰ ਫੜਦਾ ਗਿਆ

Original with:
Language Department Punjab
Digitized by:
Panjab Digital Library

ਅਤੇ ਪ੍ਰਭੁ ਦੀ ਕਿਰਪਾ ਉਸ ਉੱਤੇ ਸੀ ॥ ॥੪੧॥ ਅਰ ਉਹ ਦੇ ਮਾਂ ਪਿਉ ਵਰਹੇ ਵਰਹੇ ਪਸਾਹ ਦੇ ਤਿਉਹਾਰ ਉੱਤੇ ਯਰੂਸ਼ਲੀਮ ਨੂੰ ਜਾਂਦੇ ਹੁੰਦੇ ਸਨ ॥੪੨॥ ਅਤੇ ਜਾਂ ਉਹ ਬਾਰਾਂ ਵਰਿਹਾਂ ਦਾ ਹੋਇਆ ਤਾਂ ਓਹ ਤਿਉਹਾਰ ਦੀ ਰੀਤ ਅਨੁਸਾਰ ਗਏ ॥੪੩॥ ਅਤੇ ਉਨਾਂ ਦਿਨਾਂ ਨੂੰ ਪੂਰਾ ਕਰਕੇ ਜਦ ਮੁੜਨ ਲੱਗੇ ਤਦ ਉਹ ਬਾਲਕ ਯਿਸੂ ਯਰੂਸ਼ਲੀਮ ਵਿੱਚ ਰਹਿ ਗਿਆ ਪਰ ਉਹ ਦੇ ਮਾਪਿਆਂ ਨੂੰ ਮਲੂਮ ਨਾ ਸੀ ॥੪੪॥ ਪਰ ਇਹ ਸਮਝ ਕੇ ਭਈ ਉਹ ਸੰਗ ਵਿੱਚ ਹੈ ਇੱਕ ਮਜਲ ਗਏ। ਤਦ ਉਹ ਨੂੰ ਸਾਕਾਂ ਅਤੇ ਜਾਣ ਪਛਾਣਾਂ ਵਿੱਚ ਢੂੰਢਿਆ ॥੪੫॥ ਅਰ ਜਦ ਉਹ ਨਾ ਲੱਭਾ ਤਦ ਉਹ ਦੀ ਭਾਲ ਵਿੱਚ ਯਰੂਸ਼ਲੀਮ ਨੂੰ ਮੁੜੇ ॥੪੬॥ ਅਤੇ ਐਉਂ ਹੋਇਆ ਜੋ ਉਨਾਂ ਨੂੰ ਤਿੰਨਾਂ ਦਿਨਾਂ ਪਿੱਛੋਂ ਉਸ ਨੂੰ ਮੰਦਰ ਵਿਖੇ ਗੁਰੂਆਂ ਦੇ ਵਿੱਚ ਬੈਠਿਆਂ ਉਨ੍ਹਾਂ ਦੀ ਸੁਣਦਿਆਂ ਅਤੇ ਉਨਾਂ ਥੋਂ ਪ੍ਰਸ਼ਨ ਕਰਦਿਆਂ ਲੱਭਾ ॥੪੭॥ ਅਤੇ ਸਭਨਾਂ ਨੇ ਜੋ ਉਹ ਦੀ ਸੁਣਦੇ ਸਨ ਉਹ ਦੀ ਸਮਝ ਅਤੇ ਉਹ ਦੇ ਉੱਤਰਾਂ ਥੋਂ ਅਚੰਭਾ ਕੀਤਾ ॥੪੮॥ ਤਦ ਓਹ ਉਸ ਨੂੰ ਵੇਖਕੇ ਅਚਰਜ ਹੋਏ ਅਤੇ ਉਹ ਦੀ ਮਾਂ ਨੇ ਉਸ ਨੂੰ ਆਖਿਆ ਪੁਤ ਤੈਂ ਸਾਡੇ ਨਾਲ ਇਹ ਕੀ ਕੀਤਾ ਵੇਖ ਤੇਰਾ ਪਿਉ ਅਤੇ ਮੈਂ ਕਲਪਦੇ ਹੋਏ ਤੈਨੂੰ ਲੱਭਦੇ ਫਿਰੇ ॥੪੯॥ ਅਤੇ ਉਸ ਨੇ ਉਨਾਂ ਨੂੰ ਆਖਿਆ ਕਾਹਨੂੰ ਤੁਸੀਂ ਮੈਨੂੰ ਲੱਭਦੇ ਸਓ ਭਲਾ ਤੁਸੀਂ ਨਹੀਂ ਜਾਣਦੇ ਸੇ ਭਈ ਮੈਨੂੰ ਚਾਹੀਦਾ ਹੈ ਜੋ ਆਪਣੇ ਪਿਤਾ ਦੇ ਕੰਮਾਂ ਵਿੱਚ ਲੱਗਾ ਰਹਾਂ ॥੫੦॥ ਪਰ ਓਨਾਂ ਇਸ ਗੱਲ ਨੂੰ ਜਿ ਹੜੀ ਉਸ ਨੇ ਉਨਾਂ ਨੂੰ ਆਖੀ ਨਾ ਸਮਝਿਆ ॥੫੧॥ ਅਤੇ ਉਹ ਉਨਾਂ ਦੇ ਨਾਲ ਤੁਰਕੇ ਨਾਸਰ

Original with:
Language Department Punjab
Digitized by:
Panjab Digital Library

ਤਨੂੰ ਆਇਆ ਅਤੇ ਉਨਾਂ ਦੇ ਅਧੀਨ ਰਿਹਾ। ਅਰ ਉਹ ਦੀ ਮਾਂ ਨੇ ਸਾਰੀਆਂ ਗੱਲਾਂ ਆ-
ਪਣੇ ਮਨ ਵਿੱਚ ਰੱਖੀਆਂ॥ ॥੫੨॥ ਅਤੇ ਯਿਸੂ ਗਿਆਨ ਅਰ ਡੀਲ ਅਰ
ਪਰਮੇਸ਼ੁਰ ਅਤੇ ਮਨੁੱਖਾਂ ਦੇ ਪਿਆਰ ਵਿੱਚ ਵਧਦਾ ਗਿਆ॥

੩ਕਾਂਡ॥ ਫੇਰ ਤਿਬੇਰਿਯੁਸ ਕੈਸਰ ਦੇ ਰਾਜ ਦੇ ਪੰਧਰਵੇਂ ਵਰਹੇ ਜਦ ਪੁੰਤਿਯੁਸ ਪਿ-
ਲਾਤੁਸ ਯਹੂਦਿਯਾ ਦਾ ਹਾਕਮ ਸੀ ਅਤੇ ਹੇਰੋਦੇਸ ਗਲੀਲ ਦਾ ਰਾਜਾ ਅ-
ਤੇ ਉਹ ਦਾ ਭਾਈ ਫੈਲਬੁਸ ਇਤੂਰਿਯਾ ਅਤੇ ਤ੍ਰਖੋਨੀਤਿਸ ਦੇਸ ਦਾ ਰਾਜਾ ਅਤੇ ਲੁਸਾਨਿਯੁ-
ਸ ਆਬਿਲੇਨੇ ਦਾ ਰਾਜਾ ਸੀ॥੨॥ ਅੰਨਾਸ ਅਰ ਕਯਾਫਾ ਸਰਦਾਰ ਜਾਜਕਾਂ ਦੇ ਸਮੇ ਪਰਮੇ-
ਸ਼ੁਰ ਦਾ ਬਚਨ ਜੰਗਲ ਵਿੱਚ ਜ਼ਕਰੀਆ ਦੇ ਪੁੱਤ ਯੂਹੰਨਾ ਨੂੰ ਪਹੁੰਚਿਆ॥ ੩॥ ਅਤੇ ਉਸ ਨੇ
ਯਰਦਨ ਦੇ ਸਾਰੇ ਲਾਂਭ ਛਾਂਭ ਦੇ ਦੇਸ ਵਿੱਚ ਆਣ ਕੇ ਪਾਪਾਂ ਦੀ ਮਾਫੀ ਲਈ ਤੋਬਾ ਦੇ ਬਪਤਿ-
ਸਮਾ ਦੀ ਮਨਾਦੀ ਕੀਤੀ॥੪॥ ਜਿਹਾ ਕੁ ਯਸਾਯਾ ਪਿਕੰਬਰ ਦੀਆਂ ਬਾਣੀਆਂ ਦੇ ਪੋਥ ਵਿੱਚ
ਲਿਖਿਆ ਹੋਇਆ ਹੈ ਜੋ ਜੰਗਲ ਵਿੱਚ ਇੱਕ ਹੋਕਾ ਦੇਣ ਵਾਲੇ ਦੀ ਅਵਾਜ ਹੋਈ ਪ੍ਰਭੂ ਦੇ ਰ-
ਸਤੇ ਨੂੰ ਤਿਆਰ ਕਰੋ ਉਹ ਦੇ ਰਾਹਾਂ ਨੂੰ ਸਿੱਧੇ ਕਰੋ॥੫॥ ਹਰੇਕ ਖੱਡ ਪੂਰੀ ਜਾਊਗੀ ਅਤੇ ਹਰੇ-
ਕ ਪਹਾੜ ਅਤੇ ਟਿੱਬਾ ਨੀਵਾਂ ਕੀਤਾ ਜਾਊ ਅਰ ਵਿੰਗਾ ਤ੍ਰਿੰਗੇ ਸਿੱਧੇ ਅਤੇ ਖਰਧਲੇ ਰਾਹ ਪੱਧ-
ਰੇ ਹੋ ਜਾਣਗੇ॥੬॥ ਅਤੇ ਸਭ ਸਰੀਰ ਪਰਮੇਸ਼ੁਰ ਦੀ ਮੁਕਤਿ ਵੇਖਣਗੇ॥ ॥
੭॥ ਤਦ ਉਸ ਨੇ ਉਨਾਂ ਮੰਡਲੀਆਂ ਨੂੰ ਜੋ ਉਸ ਥੋਂ ਬਪਤਿਸਮਾ ਲੈਣ ਨਿੱਕਲੀਆਂ ਸੁਨ ਆਖ

Original with:
Language Department Punjab
Digitized by:
Panjab Digital Library

ਆਖਿਹੇ ਸੱਪਾਂ ਦੇ ਬੱਚਿਓ ਤੁਹਾ ਨੂੰ ਆਉਣ ਵਾਲੇ ਕੋਪ ਥੋਂ ਭੱਜਣਾ ਕਿਨ ਦੱਸਿਆ ॥ ੮ ॥ ਸੋ ਤੁਸੀਂ
ਤੋਬਾ ਦੇ ਲਾਇਕ ਫਲ ਦਿਓ ਅਤੇ ਆਪਣੇ ਆਪ ਵਿੱਚ ਇਹ ਨਾ ਆਖਣ ਲੱਗੋ ਕਿ ਇਬਰਾਹੀ-
ਮ ਸਾਡਾ ਪਿਤਾ ਹੈ ਕਿਉਂ ਜੋ ਮੈਂ ਤੁਹਾ ਨੂੰ ਆਖਦਾ ਹਾਂ ਭਈ ਪਰਮੇਸ਼ੁਰ ਇਬਰਾਹੀਮ ਦੇ ਲਈ
ਇਨਾਂ ਪੱਥਰਾਂ ਵਿੱਚੋਂ ਬਾਲਕ ਪੈਦਾ ਕਰ ਸੱਕਦਾ ਹੈ ॥ ੯ ॥ ਅਤੇ ਰੁੱਖਾਂ ਦੀ ਜੜ ਪੁਰ ਹੁਣ ਬੀ
ਕੁਹਾੜਾ ਰੱਖਿਆ ਹੋਇਆ ਹੈ। ਸੋ ਹਰੇਕ ਰੁੱਖ ਜਿਹੜਾ ਅੱਛਾ ਫਲ ਨਹੀਂ ਦਿੰਦਾ ਵੱਢਿਆ ਅ
ਤੇ ਅੱਗ ਵਿੱਚ ਸੁੱਟਿਆ ਜਾਂਦਾ ਹੈ ॥ ੧੦ ॥ ਤਦ ਲੋਕਾਂ ਨੇ ਉਸ ਥੋਂ ਪੁੱਛਿਆ ਫੇਰ ਅਸੀਂ ਕੀ ਕਰਿ
ਏ ॥ ੧੧ ॥ ਉਸ ਨੇ ਉਨਾਂ ਨੂੰ ਉੱਤਰ ਦਿੱਤਾ ਕਿ ਜਿਹ ਦੇ ਕੋਲ ਦੋ ਕੁੜਤੇ ਹੋਣ ਉਹ ਉਸ ਨੂੰ ਵੰਡ ਦੇ
ਵੇ ਜਿਹ ਦੇ ਕੋਲ ਨਹੀਂ ਹੈ ਅਤੇ ਜਿਹ ਦੇ ਕੋਲ ਖਾਣ ਨੂੰ ਹੋਵੇ ਉਹ ਬੀ ਇਸੇ ਤਰਾਂ ਕਰੇ ॥ ੧੨ ॥ ਤਦ
ਮਸੂਲੀਏ ਬੀ ਬਪਤਿਸਮਾ ਲੈਣ ਨੂੰ ਆਏ ਅਤੇ ਉਹ ਨੂੰ ਕਿਹਾ ਗੁਰੂ ਜੀ ਅਸੀਂ ਕੀ ਕਰਿਏ ॥
੧੩ ॥ ਉਸ ਨੇ ਉਨਾਂ ਨੂੰ ਆਖਿਆ ਤੁਹਾਡੇ ਲਈ ਜੋ ਠਰਾਇਆ ਹੋਇਆ ਹੈ ਉਸ ਨਾਲੋਂ ਵਧੀ
ਕ ਨਾ ਲਓ ॥ ੧੪ ॥ ਅਰ ਸਿਪਾਹੀਆਂ ਨੇ ਬੀ ਉਸ ਥੋਂ ਪੁੱਛਿਆ ਕਿ ਅਸੀਂ ਬੀ ਕੀ ਕਰਿਏ।
ਅਤੇ ਉਸ ਨੇ ਉਨਾਂ ਨੂੰ ਕਿਹਾ ਨਾ ਕਿਸੇ ਉੱਤੇ ਜ਼ੁਲਮ ਕਰੋ ਨਾ ਊਜ ਲਾ ਕੇ ਕੁਛ ਲਓ ਅਤੇ ਆ-
ਪਣੀ ਤਲਬ ਉੱਤੇ ਰਾਜੀ ਰਹੋ ॥ ॥ ੧੫ ॥ ਅਰ ਜਾਂ ਲੋਕ ਉਡੀਕਦੇ ਸਨ ਅਤੇ
ਸਭੋ ਆਪਣੇ ਮਨ ਵਿੱਚ ਯੂਹੰਨਾ ਦੀ ਬਾਬਤ ਵਿਚਾਰ ਕਰਦੇ ਸੀ ਭਈ ਕਿਤੇ ਇਹੋ ਮਸੀਹ
ਨਾ ਹੋਏ ॥ ੧੬ ॥ ਤਾਂ ਯੂਹੰਨਾ ਨੇ ਸਭਨਾਂ ਨੂੰ ਅੱਗੋਂ ਆਖਿਆ ਕਿ ਮੈਂ ਤਾਂ ਤੁਹਾ ਨੂੰ ਪਾਣੀ ਨਾਲ

Original with:
Language Department Punjab
Digitized by:
Panjab Digital Library

ਬਪਤਿਸਮਾ ਦਿੰਦਾ ਹਾਂ ਪਰ ਇੱਕ ਮੈਥੋਂ ਬਲਵੰਤ ਆਉਂਦਾ ਹੈ ਜਿਹ ਦੀ ਜੁੱਤੀ ਦਾ ਤਸਮਾ ਮੈਂ ਥੋ
ਲ੍ਹਣ ਦੇ ਜੋਗ ਨਹੀਂ ਉਹ ਤੁਹਾਨੂੰ ਪਵਿੱਤ੍ਰ ਆਤਮਾ ਅਰ ਅੱਗ ਨਾਲ ਬਪਤਿਸਮਾ ਦੇਊ ॥੧੭॥
ਉਹ ਦਾ ਛੱਜ ਉਹ ਦੇ ਹੱਥ ਵਿੱਚ ਹੈ ਕਿ ਉਹ ਆਪਣੇ ਖਲਵਾੜੇ ਨੂੰ ਅੱਛੀ ਤਰਾਂ ਸਾਫ ਕਰੇ ਅ
ਤੇ ਕਣਕ ਨੂੰ ਆਪਣੇ ਕੋਠੇ ਵਿੱਚ ਜਮਾ ਕਰੇ ਪਰ ਉਹ ਤੂੜੀ ਨੂੰ ਉਸ ਅੱਗ ਵਿੱਚ ਫੂਕ ਦੇਊ ਗਾ ਜਿ
ਹੜੀ ਬੁਝਣ ਵਾਲੀ ਨਹੀਂ ॥ ॥੧੮॥ ਫੇਰ ਉਹ ਹੋਰ ਬਥੇਰੀਆਂ ਗੱਲਾਂ ਵਿਖੇ ਲੋਕਾਂ
ਨੂੰ ਉਪਦੇਸ ਕਰਦਾ ਅਤੇ ਮੰਗਲ ਸਮਾਚਾਰ ਸੁਣਾਉਂਦਾ ਰਿਹਾ ॥੧੯॥ ਪਰ ਰਾਜਾ ਹੇਰੋਦੇਸ ਨੇ
ਆਪਣੇ ਭਾਈ ਦੀ ਤੀਮੀਂ ਹੇਰੋਦਿਯਾਸ ਦੀ ਬਾਬਤ ਅਤੇ ਸਾਰੀਆਂ ਬੁਰਿਆਈਆਂ ਦੀ ਬਾਬਤ
ਜੋ ਹੜੀਆਂ ਹੇਰੋਦੇਸ ਨੇ ਕੀਤੀਆਂ ਸੀਆਂ ਉਹ ਦੇ ਕੋਲੋਂ ਮਲਾਮਤ ਉਠਾਕੇ ॥ ੨੦॥ ਸਭ ਥੋਂ ਵੱਧ
ਇਹ ਬੀ ਕੀਤਾ ਜੋ ਯੂਹੰਨਾ ਨੂੰ ਕੈਦ ਕਰ ਦਿੱਤਾ ॥ ॥੨੧॥ ਅਤੇ ਜਾਂ ਸਾਰੇ ਲੋਕ ਬਪ
ਤਿਸਮਾ ਲੈ ਹਟੇ ਅਰ ਯਿਸੂ ਬੀ ਬਪਤਿਸਮਾ ਲੈਕੇ ਪ੍ਰਾਰਥਨਾ ਕਰ ਰਿਹਾ ਸੀ ਤਾਂ ਮੀਂਹ ਹੋਇਆ
ਜੋ ਅਕਾਸ ਖੁਲ ਗਿਆ ॥੨੨॥ ਅਤੇ ਪਵਿੱਤ੍ਰ ਆਤਮਾ ਦੇਹ ਦਾ ਰੂਪ ਧਾਰਕੇ ਕਬੂਤਰ ਦੀ
ਨਿਆਈਂ ਉਸ ਪੁਰ ਉੱਤਰਿਆ ਅਤੇ ਇੱਕ ਅਕਾਸ ਬਾਣੀ ਆਈ ਜੋ ਤੂੰ ਮੇਰਾ ਪਿਆਰਾ ਪੁਤ੍ਰ ਹੈਂ
ਤੈਥੋਂ ਮੈਂ ਪਰਸੰਨ ਹਾਂ ॥ ॥੨੩॥ ਅਤੇ ਯਿਸੂ ਆਪ ਜਾਂ ਉਪਦੇਸ ਦੇਣ ਲੱਗਾ ਤਾਂ ਤੀ-
ਹਾਂ ਕੁ ਵਰਿਹਾਂ ਦਾ ਸੀ ਅਰ ਲੋਕਾਂ ਦੀ ਸਮਝ ਵਿੱਚ ਉਹ ਯੂਸੁਫ ਦਾ ਪੁਤ੍ਰ ਸੀ ਜਿਹੜਾ ਏਲੀ ਦਾ ਪੁ-
ਤ੍ਰ ਸੀ ॥ ੨੪॥ ਉਹ ਮੱਥਾਤ ਦਾ ਉਹ ਲੇਵੀ ਦਾ ਉਹ ਮਿਲਖੀ ਦਾ ਉਹ ਯੰਨੈ ਦਾ ਉਹ ਯੂਸੁਫ ਦਾ ॥

Original with:
Language Department Punjab
Digitized by:
Panjab Digital Library

੨੫॥ ਉਹ ਮੱਤਾਥਯਾਸ ਦਾ ਉਹ ਅਮੋਸ ਦਾ ਉਹ ਨਾਹੂਮ ਦਾ ਉਹ ਇਸਲੀ ਦਾ ਉਹ ਨੱਗੈ ਦਾ
॥੨੬॥ ਉਹ ਮਾਥ ਦਾ ਉਹ ਮੱਤਾਥਯਾਸ ਦਾ ਉਹ ਸ਼ਿਮਿਅੀਨ ਦਾ ਉਹ ਯੋਸ਼ੇਖ ਦਾ ਉਹ ਯੋਦੇ ਦਾ
॥੨੭॥ ਉਹ ਯੋਅਨਾਨ ਦਾ ਉਹ ਰੇਸ਼ੇ ਦਾ ਉਹ ਜ਼ੁਰੁਬਾਬਿਲ ਦਾ ਉਹ ਸਾਲਥਿਯੇਲ ਦਾ ਉਹ ਨੇ
ਰੀ ਦਾ॥੨੮॥ ਉਹ ਮਿਲਖੀ ਦਾ ਉਹ ਅੱਦੀ ਦਾ ਉਹ ਕੋਸਾਮ ਦਾ ਉਹ ਇਲਮਦਾਮ ਦਾ ਉਹ ਏ
ਰ ਦਾ॥੨੯॥ ਉਹ ਯੇਸ਼ੂਸ ਦਾ ਉਹ ਇਲਿਯਾਜ਼ਰ ਦਾ ਉਹ ਯੋਰੈਮ ਦਾ ਉਹ ਮੱਥਾਤ ਦਾ ਉਹ
ਲੇਵੀ ਏ ਦਾ॥੩੦॥ ਉਹ ਸ਼ਿਮਿਯੋਨ ਦਾ ਉਹ ਯਹੂਦਾ ਦਾ ਉਹ ਯੂਸ਼ੁਫ਼ ਦਾ ਉਹ ਯੋਨਾਮ ਦਾ ਉਹ
ਇਲਿਯਕੀਮ ਦਾ॥੩੧॥ ਉਹ ਮਿਲਿਯੇ ਦਾ ਉਹ ਮਿੰਨੇ ਦਾ ਉਹ ਮਤੱਥੇ ਦਾ ਉਹ ਨਥਾਨ ਦਾ ਉ
ਹ ਦਾਊਦ ਦਾ॥੩੨॥ ਉਹ ਯੱਸੀ ਦਾ ਉਹ ਓਬੇਦ ਦਾ ਉਹ ਬੋਅਜ ਦਾ ਉਹ ਸਲਮੋਨ ਦਾ ਉ
ਹ ਨੱਸੋਨ ਦਾ॥੩੩॥ ਉਹ ਅਮਿਨਦਾਬ ਦਾ ਉਹ ਅਰਨੈ ਦਾ ਉਹ ਇਸਰੋਨ ਦਾ ਉਹ ਫਾਰਿ
ਸ਼ ਦਾ ਉਹ ਯਹੂਦਾ ਦਾ॥੩੪॥ ਉਹ ਯਾਕੂਬ ਦਾ ਉਹ ਇਸਹਾਕ ਦਾ ਉਹ ਇਬਰਾਹੀਮ ਦਾ ਉਹ
ਤਾਰਾ ਦਾ ਉਹ ਨਾਹੂਰ ਦਾ॥੩੫॥ ਉਹ ਸਰੂਖ ਦਾ ਉਹ ਰਊ ਦਾ ਉਹ ਫਲਿਕ ਦਾ ਉਹ ਇਬਿਰ
ਦਾ ਉਹ ਸ਼ਲੇ ਦਾ॥੩੬॥ ਉਹ ਕਇਨਾਨ ਦਾ ਉਹ ਅਰਫਕਸ਼ਾਦ ਦਾ ਉਹ ਸਾਮ ਦਾ ਉਹ ਨੂ
ਹ ਦਾ ਉਹ ਲਾਮੇਖ ਦਾ॥੩੭॥ ਉਹ ਮਥੂਸ਼ਲੇ ਦਾ ਉਹ ਹਨੂਖ ਦਾ ਉਹ ਯਾਰਿਦ ਦਾ ਉ
ਹ ਮਹਲਿਲਿਯੇਲ ਦਾ ਉਹ ਕਇਨਾਨ ਦਾ॥੩੮॥ ਉਹ ਇਨੋਸ਼ ਦਾ ਉਹ ਸ਼ੇਥ ਦਾ ਉਹ ਆਦ
ਮ ਦਾ ਉਹ ਪਰਮੇਸ਼ੁਰ ਦਾ ਪੁੱਤ ਸੀ॥

Original uploaded by:
Language Department Punjab
Digitized by:
Panjab Digital Library

੪ਕਾਂਡ॥ ਅਤੇ ਯਿਸੂ ਪਵਿਤ੍ਰ ਆਤਮਾ ਨਾਲ ਭਰਪੂਰ ਹੋਕੇ ਯਰਦਨ ਥੋਂ ਮੁੜਿਆ ਅ-
ਰ ਆਤਮਾ ਦੀ ਅਗਵਾਈ ਨਾਲ ਚਾਲੀਆਂ ਦਿਨਾਂ ਤੋੜੀ ਬਣ ਵਿੱਚ ਫਿਰਦ ੦
ਰਿਹਾ ॥੨॥ ਅਤੇ ਸ਼ਤਾਨ ਉਹ ਨੂੰ ਪਰਤਾਉਂਦਾ ਸੀ ਅਰ ਉਨ੍ਹੀਂ ਦਿਨੀਂ ਉਸ ਨੈ ਕੁਛ ਨਾ ਖਾਧ ੦
॥ ਅਰ ਜਦ ਓਹ ਦਿਨ ਪੂਰੇ ਹੋ ਗਏ ਤਾਂ ਉਹ ਨੂੰ ਭੁੱਖ ਲੱਗੀ ॥੩॥ ਤਦ ਸ਼ਤਾਨ ਨੈ ਉਹ ਨੂੰ ਕਿਹਾ
ਜੇ ਤੂੰ ਪਰਮੇਸ਼ੁਰ ਦਾ ਪੁਤ੍ਰ ਹੈਂ ਤਾਂ ਇਸ ਪੱਥਰ ਨੂੰ ਆਖ ਜੋ ਰੋਟੀ ਬਣ ਜਾਏ ॥੪॥ ਅਤੇ ਯਿਸੂ
ਨੈ ਉਹ ਨੂੰ ਉੱਤਰ ਦਿੱਤਾ ਕਿ ਲਿਖਿਆ ਹੈ ਭਈ ਮਨੁੱਖ ਨਿਰੀ ਰੋਟੀ ਨਾਲ ਜੀਉਂਦਾ ਨਹੀਂ ਰ-
ਹੇਗਾ ॥੫॥ ਅਤੇ ਸ਼ਤਾਨ ਨੈ ਉਹ ਨੂੰ ਉੱਚੀ ਥਾਂ ਲੈ ਜਾ ਕੇ ਉਹ ਨੂੰ ਦੁਨੀਆਂ ਦੀਆਂ ਸਾਰੀਆਂ ੦
ਤਸਾਰੀਆਂ ਇੱਕ ਪਲ ਵਿੱਚ ਵਿਖਾਈਆਂ ॥੬॥ ਅਤੇ ਉਸ ਨੂੰ ਆਖਿਆ ਮੈਂ ਇਹ ਸਾਰਾ
ਇਖਤਿਆਰ ਅਤੇ ਉਨ੍ਹਾਂ ਦੀ ਭੜਕ ਤੈ ਨੂੰ ਦਿਆਂਗਾ ਕਿਉਂ ਜੋ ਇਹ ਮੇਰੇ ਵੱਸ ਵਿੱਚ ਕੀਤ ੦
ਹੋਇਆ ਹੈ ਅਰ ਜਿਹ ਨੂੰ ਚਾਹੁੰਦਾ ਉਹ ਨੂੰ ਦਿੰਦਾ ਹਾਂ ॥੭॥ ਸੋ ਜੇ ਤੂੰ ਮੇਰੇ ਅੱਗੇ ਮੱਥਾ ਟੇਕੇਂ
ਤਾਂ ਸਭੋ ਕੁਛ ਤੇਰਾ ਹੋਊਗਾ ॥੮॥ ਯਿਸੂ ਨੈ ਉਹ ਨੂੰ ਉੱਤਰ ਦਿੱਤਾ ਜੋ ਲਿਖਿਆ ਹੈ ਭਈ ਤੂੰ
ਪ੍ਰਭੁ ਆਪਣੇ ਪਰਮੇਸ਼ੁਰ ਨੂੰ ਮੱਥਾ ਟੇਕੀਂ ਅਤੇ ਉਸੇ ਅੱਕਲੇ ਦੀ ਸੇਵਾ ਕਰੀਂ ॥੯॥ ਤਦ ਉਸ
ਨੈ ਉਹ ਨੂੰ ਯਰੂਸ਼ਲੀਮ ਵਿੱਚ ਲੈ ਜਾ ਕੇ ਮੰਦਰ ਦੇ ਕਿੰਗਰੇ ਉੱਤੇ ਖੜਾ ਕੀਤਾ ਅਤੇ ਉਹ ਨੂੰ ਆ ੦
ਖਿਆ ਜੇ ਤੂੰ ਪਰਮੇਸ਼ੁਰ ਦਾ ਪੁਤ੍ਰ ਹੈਂ ਤਾਂ ਆਪਣੇ ਆਪ ਨੂੰ ਔਂਥੋਂ ਹੇਠਾਂ ਭੇਗਾ ਦਿਹ ॥੧੦॥ ਕਿ
ਉਂ ਜੋ ਲਿਖਿਆ ਹੈ ਕਿ ਉਹ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਕਰੂ ਜੋ ਤੇਰੀ ਰੱਛਿਆ ਕਰਨ

Original with:
Language Department Punjab
Digitized by:
Panjab Digital Library

॥੧੧॥ਅਤੇ ਓਹ ਤੈਨੂੰ ਹੱਥਾਂ ਪੁਰ ਚੁੱਕ ਲੈਣਗੇ ਭੁਈ ਤੇਰੇ ਪੈਰ ਨੂੰ ਕਿਤੇ ਪੱਥਰ ਨਾਲ ਸੱਟ ਨਾ ਲੱਗੇ॥੧੨॥ਯਿਸੂ ਨੈ ਉਹ ਨੂੰ ਉੱਤਰ ਦਿੱਤਾ ਕਿ ਇਹ ਕਿਹਾ ਗਿਆ ਹੈ ਜੋ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਦਾ ਪਰਤਾਵਾ ਨਾ ਕਰੀਂ॥ ॥੧੩॥ ਅਰ ਸ਼ਤਾਨ ਜਾਂ ਸਾਰਾ ਪਰਤਾਵਾ ਕਰ ਹਟਿਆ ਤਾਂ ਕੁਛ ਚਿਰ ਤੀਕੁਰ ਉਸ ਕੋਲੋਂ ਦੂਰ ਰਿਹਾ॥ ॥੧੪॥ ਅਤੇ ਯਿਸੂ ਆਤਮਾ ਦੀ ਸ਼ਕਤਿ ਨਾਲ ਗਲੀਲ ਨੂੰ ਮੁਹਾੜਿਆ ਅਰ ਉਹਦਾ ਜ਼ਸ ਸਾਰੇ ਇਲਾਕੇ ਵਿੱਚ ਖਿੰਡ ਗਿਆ॥੧੫॥ਅਤੇ ਉਹ ਉਨਾਂ ਦੇ ਸਮਾਜਾਂ ਵਿੱਚ ਉਪਦੇਸ਼ ਦਿੰਦਾ ਰਿਹਾ ਅਤੇ ਸਾਰੇ ਉਸ ਦੀ ਵਡਿਆਈ ਕਰਦੇ ਸਨ॥ ॥੧੬॥ ਫੇਰ ਉਹ ਨਾਸਰਤ ਨੂੰ ਆਇਆ ਜਿੱਥੇ ਪਲਿਆ ਸੀ ਅਤੇ ਆਪਣੇ ਦਸਤੂਰ ਮੁਜਬ ਸਬਤ ਦੇ ਦਿਨ ਸਮਾਜ ਵਿੱਚ ਜਾਕੇ ਪੜ੍ਹਨ ਲਈ ਖੜ੍ਹਾ ਹੋਇਆ॥ ੧੭॥ ਅਤੇ ਯਸਾਯਾਹ ਪੈਕੰਬਰ ਦਾ ਗ੍ਰੰਥ ਉਹ ਨੂੰ ਦਿੱਤਾ ਗਿਆ ਅਤੇ ਉਸ ਨੈ ਗ੍ਰੰਥ ਖੋਲ੍ਹ ਕੇ ਉਹ ਜਗਾ ਕੱਢੀ ਜਿੱਥੇ ਇਹ ਲਿਖਿਆ ਹੋਇਆ ਸੀ॥੧੮॥ ਕਿ ਪ੍ਰਭੁ ਦਾ ਆਤਮਾ ਮੇਰੇ ਉੱਤੇ ਹੈ ਇਸ ਲਈ ਜੋ ਉਹ ਨੈ ਮੈਂ ਨੂੰ ਮਸੀਹ ਕੀਤਾ ਭੁਈ ਗਰੀਬਾਂ ਨੂੰ ਮੰਗਲ ਸਮਾਚਾਰ ਸੁਣਾਵਾਂ। ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨਿਆਂ ਨੂੰ ਵੇਖਣ ਦੀ ਮਨਾਦੀ ਕਰਾਂ ਕੁਚਲਿਆਂ ਹੋਇਆਂ ਨੂੰ ਛੁਡਾਵਾਂ॥ ੧੯॥ ਅਤੇ ਪ੍ਰਭੁ ਦੇ ਮਨ ਭਾਉਂਦੇ ਵਰਹੇ ਦੀ ਮਨਾਦੀ ਕਰਾਂ॥੨੦॥ ॥ਅਤੇ ਗ੍ਰੰਥ ਬੰਦ ਕਰਕੇ ਸੇਵਕ ਨੂੰ ਦਿੱਤਾ ਅਤੇ ਬੈਠ ਗਿਆ। ਅਰ ਸਭਨਾਂ ਦੀਆਂ ਅੱਖਾਂ ਜੋ ਹੜ੍ਹੇ ਸਮਾਜ ਵਿੱਚ ਹਾਜਰ ਸਨ ਉਸ ਪੁਰ ਲੱਗੀਆਂ ਹੋਈਆਂ ਸੀਆਂ॥੨੧॥ ਤਦ ਉਹ ਉਨ

Original with:
Language Department Punjab
Digitized by:
Panjab Digital Library

ਨੂੰ ਕਹਿਣ ਲੱਗਾ ਕਿ ਇਹ ਲਿਖਤ ਅੱਜ ਤੁਹਾਡੇ ਕੰਨਾਂ ਵਿੱਚ ਪੂਰੀ ਹੋਈ ਹੈ ॥ ੨੨ ॥ ਅਤੇ ਸ-
ਭਨਾਂ ਨੇ ਉਸ ਉੱਤੇ ਸਾਖੀ ਦਿੱਤੀ ਅਤੇ ਉਨ੍ਹਾਂ ਕਿਰਪਾ ਦੀਆਂ ਗੱਲਾਂ ਥੋਂ ਜੋ ਉਹ ਦੇ ਮੂੰਹੋਂ ਨਿੱਕਲ੍-
ਦੀਆਂ ਸਨ ਅਚਰਜ ਮੰਨ ਕੇ ਕਿਹਾ ਭਲਾ ਇਹ ਯੂਸੁਫ਼ ਦਾ ਪੁੜ ਨਹੀਂ ॥ ੨੩ ॥ ਅਤੇ ਉਸ ਨੇ
ਉਨ੍ਹਾਂ ਨੂੰ ਆਖਿਆ ਤੁਸੀਂ ਜ਼ਰੂਰ ਇਹ ਕਹਾਉਤ ਮੇਰੇ ਉੱਪਰ ਕਹੋਗੇ ਕਿ ਹੇ ਬੈਦ ਆਪਣੇ ਅ ੦
ਪ ਨੂੰ ਚੰਗਾ ਕਰ। ਜੋ ਕੁਛ ਅਸਾਂ ਕਫ਼ਰਨਾਹੂਮ ਵਿੱਚ ਹੁੰਦਾ ਸੁਣਿਆ ਐਥੇ ਆਪਣੇ ਦੇ-
ਸ ਵਿੱਚ ਬੀ ਕਰ ॥ ੨੪ ॥ ਅਤੇ ਉਸ ਨੇ ਕਿਹਾ ਮੈਂ ਤੁਹਾਨੂੰ ਸੱਚ ਆਖਦਾ ਹਾਂ ਕੋਈ ਪੈਕੰਬਰ
ਆਪਣੇ ਦੇਸ ਵਿੱਚ ਪਰਵਾਨ ਨਹੀਂ ॥ ੨੫ ॥ ਪਰ ਮੈਂ ਤੁਹਾਨੂੰ ਠੀਕ ਆਖਦਾ ਹਾਂ ਜੋ ਇਲੀਆਸ
ਦੇ ਦਿਨੀਂ ਜਾਂ ਸਾਢੇ ਤਿੰਨ ਵਰਿਹਾਂ ਦੀ ਐਡੀ ਔੜ ਲੱਗੀ ਕੋਈ ਸਾਰੇ ਦੇਸ ਪੁਰ ਵੱਡਾ ਕਾਲ ਪਿ-
ਆ ਬਹੁਤ ਸਾਰੀਆਂ ਵਿਧਵਾਂ ਇਸਰਾਈਲ ਵਿੱਚ ਸੀਆਂ ॥ ੨੬ ॥ ਪਰ ਸੈਦਾ ਦੇਸ ਦੇ ਸਾਰਿ-
ਪਤਾ ਦੀ ਇੱਕ ਵਿਧਵਾ ਥੋਂ ਬਿਨਾ ਇਲੀਆਸ ਉਨ੍ਹਾਂ ਵਿੱਚੋਂ ਕਿਸੇ ਹੋਰ ਦੇ ਕੋਲ ਨਹੀਂ ਘੱਲਿਆ ੦
ਗਿਆ ॥ ੨੭ ॥ ਅਤੇ ਇਲੀਸਾ ਪੈਕੰਬਰ ਦੇ ਸਮੇ ਇਸਰਾਈਲ ਵਿੱਚ ਬਹੁਤ ਸਾਰੇ ਕੋੜ੍ਹੀ ਸ-
ਨ ਪਰ ਉਨ੍ਹਾਂ ਵਿੱਚੋਂ ਨਾਮਾਨ ਸੁਰਿਯਾਨੀ ਬਿਨਾ ਕੋਈ ਪੁਨੀਤ ਨਾ ਕੀਤਾ ਗਿਆ ॥ ੨੮ ॥ ਜੋ ਜੋ
ਨ੍ਹੇ ਸਮਾਜ ਵਿੱਚ ਸਨ ਓਹ ਸਭ ਇਨ੍ਹਾਂ ਗੱਲਾਂ ਨੂੰ ਸੁਣਦੇ ਹੀ ਕ੍ਰੋਧ ਨਾਲ ਭਰ ਗਏ ॥ ੨੯ ॥ ਅਰ
ਉੱਠ ਕੇ ਉਸ ਨੂੰ ਨਗਰੋਂ ਬਾਹਰ ਕੱਢਿਆ ਅਤੇ ਉਸ ਪਹਾੜ ਦੀ ਟੀਸੀ ਉੱਤੇ ਜਿਸ ਪੁਰ ਉਨ੍ਹਾਂ ਦ
ਨਗਰ ਬਣਿਆ ਹੋਇਆ ਸੀ ਲੈ ਚੱਲੇ ਜੋ ਉਹ ਨੂੰ ਸਿਰ ਪਰਨੇ ਡੇਗ ਦੇਣ ॥ ੩੦ ॥ ਪਰ ਉਹ

Original with:
Language Department Punjab
Digitized by:
Panjab Digital Library

ਉਨਾਂ ਦੇ ਵਿੱਚੋਂ ਦੀ ਲੰਘ ਕੇ ਚੱਲਿਆ ਗਿਆ।। ।।੨੧।। ਅਤੇ ਉਹ ਗਲੀਲ ਦੇ
ਇੱਕ ਨਗਰ ਕਫ਼ਰਨਾਹੂਮ ਵਿੱਚ ਆਣ ਕੇ ਸਬਤ ਦੇ ਦਿਨ ਉਨਾਂ ਨੂੰ ਉਪਦੇਸ਼ ਦੇਣ ਲੱਗਾ।।੨੨
।। ਅਰ ਓਹ ਉਸ ਦੇ ਉਪਦੇਸ਼ ਥੋਂ ਹੈਰਾਨ ਹੋਏ ਕਿਉਂ ਜੋ ਉਹ ਦਾ ਬਚਨ ਇਖ਼ਤਿਆਰ ਨਾਲ਼ ਸੀ।।
੨੩।। ਅਤੇ ਸਮਾਜ ਵਿੱਚ ਇੱਕ ਮਨੁੱਖ ਸੀ ਜਿਹ ਨੂੰ ਖ਼ਿਸਟ ਭੂਤ ਦਾ ਆਤਮਾ ਚਿੰਬੜਿਆ ਹੋਇ
ਆ ਸੀ ਅਤੇ ਉਹ ਉੱਚੀ ਅਵਾਜ ਨਾਲ਼ ਬੋਲਿਆ।।੨੪।। ਹਾਏ ਯਿਸੂ ਨਾਸਰੀ ਤੇਰਾ ਸਾਡੇ ਨ
ਲ਼ ਕੀ ਵਾਸਤਾ ਕੀ ਤੂੰ ਸਾਡਾ ਨਾਸ ਕਰਨ ਆਇਆ ਹੈਂ। ਮੈਂ ਤੈਨੂੰ ਜਾਣਦਾ ਹਾਂ ਜੋ ਤੂੰ ਕੌਣ ਹੈਂ ਤੂੰ
ਪਰਮੇਸ਼ੁਰ ਦਾ ਪਵਿਤ੍ਰ ਜਨ ਹੈਂ।। ੨੫।। ਤਾਂ ਯਿਸੂ ਨੈ ਉਹ ਨੂੰ ਵਰਜ ਕੇ ਕਿਹਾ ਚੁੱਪ ਕਰ ਅਤੇ ਇ
ਸ ਵਿੱਚੋਂ ਨਿੱਕਲ਼ ਜਾਹ। ਜੋ ਉਹ ਭੂਤ ਉਸ ਨੂੰ ਵਿਚਕਾਰ ਪਟਕ ਕੇ ਬਿਨਾ ਸੱਟ ਲਾਏ ਉਸ ਅੰਦ
ਰੋਂ ਨਿੱਕਲ਼ ਗਿਆ।। ੨੬।। ਅਤੇ ਸਾਰੇ ਹੈਰਾਨ ਹੋਏ ਅਤੇ ਆਪਸ ਵਿੱਚ ਬਾਤਾਂ ਕਰ ਕੇ ਇੱਕ ਦੂ
ਏ ਨੂੰ ਕਹਿਣ ਲੱਗੇ ਭਈ ਇਹ ਕੀ ਗੱਲ ਹੈ ਕਿਉਂ ਜੋ ਉਹ ਇਖ਼ਤਿਆਰ ਅਤੇ ਸਮਰੱਥਾ ਨਾਲ਼
ਖ਼ਿਸਟ ਆਤਮਿਆਂ ਨੂੰ ਹੁਕਮ ਕਰਦਾ ਹੈ ਅਤੇ ਓਹ ਨਿੱਕਲ਼ ਜਾਂਦੇ ਹਨ।।੨੭।। ਅਤੇ ਉਸ
ਇਲਾਕੇ ਦੀਆਂ ਸਭਨਾਂ ਥਾਵਾਂ ਵਿੱਚ ਉਹ ਦੀ ਕੀਰਤ ਖਿੰਡਣ ਲੱਗੀ।। ।।੨੮।।
ਫੇਰ ਉਹ ਸਮਾਜ ਥੋਂ ਉੱਠ ਕੇ ਸਮਊਨ ਦੇ ਘਰ ਗਿਆ ਅਰ ਸਮਊਨ ਦੀ ਸੱਸ ਨੂੰ ਵਡਾ ਤਾਪ
ਚੜ੍ਹਿਆ ਹੋਇਆ ਸੀ ਅਤੇ ਉਨਾਂ ਉਸ ਦੇ ਅੱਗੇ ਉਹ ਦੇ ਲਈ ਅਰਜ ਕੀਤੀ।।੨੯।। ਤਦ
ਉਸ ਨੈ ਉਹ ਦੇ ਕੋਲ਼ ਖੜੋ ਕੇ ਤਾਪ ਨੂੰ ਦਬਕਾ ਦਿੱਤਾ ਅਤੇ ਉਹ ਲਹਿ ਗਿਆ ਅਰ ਓਹ ਉਸ

Original with:
Language Department Punjab
Digitized by:
Panjab Digital Library

ਨੇ ਉੱਠਕੇ ਉਨਾਂ ਦੀ ਟਹਿਲ ਕੀਤੀ॥ ॥੪੦॥ ਫੇਰ ਆਥਣ ਵੇਲੇ ਓਹ ਸਾਰੇ ਜਿਨਾਂ ਦੇ ਭਾਂਤ ਭਾਂਤ ਦੇ ਰੋਗੀ ਸਨ ਉਨਾਂ ਨੂੰ ਉਸ ਕੋਲ ਲਿਆਏ ਅਤੇ ਉਸ ਨੇ ਉਨਾਂ ਵਿੱਚੋਂ ਹਰੇਕ ਉੱਤੇ ਹੱਥ ਰੱਖਕੇ ਉਨਾਂ ਨੂੰ ਚੰਗਾ ਕੀਤਾ॥ ੪੧॥ ਅਰ ਬਹੁਤਿਆਂ ਵਿੱਚੋਂ ਭੂਤ ਬੀ ਚੀਕਾਂ ਮਾਰਦੇ ਅਤੇ ਇਹ ਆਖਦੇ ਨਿੱਕਲ ਆਏ ਭਈ ਤੂੰ ਪਰਮੇਸ਼ੁਰ ਦਾ ਪੁਤ੍ਰ ਹੈਂ। ਪਰ ਉਸ ਨੇ ਉਨਾਂ ਨੂੰ ਝਿੜਕਕੇ ਬੋਲਣ ਨਾ ਦਿੱਤਾ ਕਿਉਂਜੋ ਓਹ ਪਛਾਣਦੇ ਸਨ ਜੋ ਇਹ ਮਸੀਹ ਹੈ॥

॥੪੨॥ ਅਰ ਜਾਂ ਦਿਨ ਚੜ੍ਹਿਆ ਤਾਂ ਉਹ ਨਿੱਕਲਕੇ ਇੱਕ ਉਜਾੜ ਥਾਉਂ ਵਿੱਚ ਗਿਆ ਅਤੇ ਮੰਡਲੀਆਂ ਉਹ ਨੂੰ ਭਾਲਦੀਆਂ ਭਾਲਦੀਆਂ ਉਸ ਪਾਸ ਆਈਆਂ ਅਤੇ ਉਸ ਨੂੰ ਰੋਕਿਆ ਜੋ ਉਨਾਂ ਕੋਲੋਂ ਨਾ ਜਾਵੇ॥ ੪੩॥ ਪਰ ਉਸ ਨੇ ਉਨਾਂ ਨੂੰ ਆਖਿਆ ਕਿ ਮੈਂ ਨੂੰ ਚਾਹੀਦਾ ਹੈ ਜੋ ਹੋਰਨਾਂ ਨਗਰਾਂ ਵਿੱਚ ਬੀ ਪਰਮੇਸ਼ੁਰ ਦੇ ਰਾਜ ਦਾ ਮੰਗਲ ਸਮਾਚਾਰ ਸੁਣਾਵਾਂ ਕਿਉਂਕਿ ਮੈਂ ਇਸੇ ਲਈ ਘੱਲਿਆ ਗਿਆ॥ ॥੪੪॥ ਅਤੇ ਉਹ ਗਲੀਲ ਦਿਆਂ ਸਮਾਜਾਂ ਵਿੱਚ ਮਨਾਦੀ ਕਰਦਾ ਰਿਹਾ॥

੫ਕਾਂਡ॥

ਅਤੇ ਐਉਂ ਹੋਇਆ ਕਿ ਜਾਂ ਲੋਕ ਉਹ ਦੇ ਉੱਤੇ ਡਿਗਦੇ ਜਾਂਦੇ ਅਤੇ ਪਰਮੇਸ਼ੁਰ ਦਾ ਬਚਨ ਸੁਣਦੇ ਸਨ ਤਾਂ ਉਹ ਗਨੇਸਰਤ ਦੀ ਝੀਲ ਦੇ ਕੰਢੇ ਖੜਾ ਸੀ॥ ੨॥ ਅਤੇ ਉਹ ਨੇ ਝੀਲ ਦੇ ਕੰਢੇ ਦੋ ਬੇੜੀਆਂ ਲੱਗੀਆਂ ਹੋਈਆਂ ਵੇਖੀਆਂ ਪਰ ਮਾਛੀ ਉਨਾਂ ਵਿੱਚੋਂ ਨਿੱਕਲਕੇ ਆਪਣੇ ਜਾਲਾਂ ਨੂੰ ਧੋ ਰਹੇ ਸਨ॥ ੩॥ ਅਤੇ ਉਸ ਨੇ ਉਨਾਂ ਬੇੜੀਆਂ ਵਿੱਚੋਂ ਇੱਕ

Original with:
Language Department Punjab
Digitized by:
Panjab Digital Library

ਪੁਰਜੋ ਸਮਊਨ ਦੀ ਸੀ ਚੜ੍ਹਕੇ ਉਸ ਥੋਂ ਚਾਹਨਾ ਕੀਤੀ ਜੋ ਕੰਢਿਓਂ ਰਤੀਕੁ ਹਟਾ ਲੈ। ਅਰ ਉ-
ਹ ਬੈਠਕੇ ਬੇੜੀ ਉੱਤੋਂ ਮੰਡਲੀਆਂ ਨੂੰ ਉਪਦੇਸ ਦੇਣ ਲੱਗਾ ॥ ੪ ॥ ਅਰ ਜਾਂ ਉਹ ਬਚਨ ਕਰ
ਹਟਿਆ ਤਾਂ ਸਮਊਨ ਨੂੰ ਕਿਹਾ ਭਈ ਡੂੰਘੇ ਪਾਣੀ ਵਿੱਚ ਲੈ ਚੱਲ ਅਤੇ ਸਕਾਰ ਲਈ ਆਪ-
ਣੇ ਜਾਲ ਪਾਉ ॥ ੫ ॥ ਅਤੇ ਸਮਊਨ ਨੈ ਉੱਤਰ ਦਿੱਤਾ ਕਿ ਮਹਾਰਾਜ ਅਸਾਂ ਸਾਰੀ ਰਾਤ ਮਿਹਨ
ਤ ਕੀਤੀ ਪਰ ਕੁਛ ਨਾ ਫੜਿਆ ਤਦ ਬੀ ਤੇਰੇ ਆਖਣ ਨਾਲ ਜਾਲ ਪਾਉਨਾ ॥ ੬ ॥ ਅਰ ਜਾਂ
ਉਨਾਂ ਇਹ ਕੀਤਾ ਤਾਂ ਬਹੁਤ ਸਾਰੀਆਂ ਮੱਛੀਆਂ ਘੇਰ ਲਈਆਂ ਅਤੇ ਉਨਾਂ ਦੇ ਜਾਲ ਟੁੱਟ-
ਣ ਲੱਗੇ ॥ ੭ ॥ ਤਦ ਉਨਾਂ ਆਪਣੇ ਸਾਂਝੀਆਂ ਨੂੰ ਜੋ ਹੜੇ ਦੂਜੀ ਬੇੜੀ ਉੱਤੇ ਸਨ ਸੈਨਤ ਕੀਤੀ
ਜੋ ਆਣਕੇ ਸਾਡੀ ਮੱਦਤ ਕਰੋ। ਸੋ ਉਹ ਆਏ ਅਰ ਦੋਵੇਂ ਬੇੜੀਆਂ ਅਜੇਹੀਆਂ ਭਰ ਲਈਆਂ
ਜੋ ਡੁੱਬਣ ਲੱਗੀਆਂ ॥ ੮ ॥ ਅਤੇ ਸਮਊਨ ਪਤਰਸ ਇਹ ਵੇਖਕੇ ਯਿਸੂ ਦੇ ਪੈਰੀਂ ਪਿਆ ਅਤੇ
ਬੋਲਿਆ ਪ੍ਰਭੂ ਜੀ ਮੇਰੇ ਪਾਸੋਂ ਚੱਲਿਆ ਜਾਹ ਕਿ ਮੈਂ ਪਾਪੀ ਮਨੁੱਖ ਹਾਂ ॥ ੯ ॥ ਕਿਉਂ ਜੋ ਐਨੀਆਂ
ਮੱਛੀਆਂ ਫੜਨ ਕਰਕੇ ਉਹ ਅਤੇ ਉਹ ਦੇ ਨਾਲ ਦੇ ਸਭ ਹੈਰਾਨ ਹੋਏ ॥ ੧੦ ॥ ਅਤੇ ਇਸੇ ਤਰਾਂ
ਜਬਦੀ ਦੇ ਪੁਤ੍ਰ ਯਾਕੂਬ ਅਤੇ ਯੂਹੰਨਾ ਬੀ ਜੋ ਸਮਊਨ ਦੇ ਸਾਂਝੀ ਸਨ ਹੈਰਾਨ ਹੋਏ। ਤਦ ਯਿਸੂ
ਨੈ ਸਮਊਨ ਨੂੰ ਆਖਿਆ ਨਾ ਡਰ ਏਦੋਂ ਅੱਗੇ ਤੂੰ ਮਨੁੱਖਾਂ ਦਾ ਸਕਾਰੀ ਹੋਵੇਂਗਾ ॥ ੧੧ ॥ ਤਦ ਓ-
ਹ ਆਪਣੀਆਂ ਬੇੜੀਆਂ ਕੰਢੇ ਲਿਆਏ ਅਤੇ ਸਭੋ ਕੁਛ ਛੱਡਕੇ ਉਹ ਦੇ ਮਗਰ ਹੋ ਤੁਰੇ ॥

॥ ੧੨ ॥ ਅਤੇ ਐਉਂ ਹੋਇਆ ਕਿ ਜਾਂ ਉਹ ਇੱਕ ਨਗਰ ਵਿੱਚ ਸੀ ਤਾਂ ਵੇਖੋ ਇੱਕ ਮਨੁੱਖ

Original with:
Language Department Punjab
Digitized by:
Panjab Digital Library

ਕੋੜ੍ਹ ਦਾ ਭਰਿਆ ਹੋਇਆ ਓੱਥੇ ਸੀ ਅਤੇ ਉਹ ਯਿਸੂ ਨੂੰ ਵੇਖਕੇ ਮੂੰਹ ਦੇ ਭਾਰ ਡਿਗਿਆ ਅਰ
ਉਹ ਦੇ ਅੱਗੇ ਬੇਨਤੀ ਕਰਕੇ ਕਿਹਾ ਪ੍ਰਭੁ ਜੀ ਜੇ ਤੂੰ ਚਾਹੇਂ ਤਾਂ ਮੈਨੂੰ ਸੁੱਧ ਕਰ ਸੱਕਦਾ ਹੈਂ॥੧੩॥ ਅ-
ਤੇ ਉਸ ਨੇ ਹੱਥ ਲੰਮਾ ਕਰਕੇ ਉਹ ਨੂੰ ਛੋਹਿਆ ਅਤੇ ਆਖਿਆ ਮੈਂ ਚਾਹੁੰਦਾ ਹਾਂ ਤੂੰ ਸੁੱਧ ਹੋ ਜਾ। ੦
ਅਰ ਝਟ ਉਹ ਦਾ ਕੋੜ੍ਹ ਜਾਂਦਾ ਰਿਹਾ॥੧੪॥ ਅਤੇ ਉਸ ਨੇ ਉਹ ਨੂੰ ਹੁਕਮ ਕੀਤਾ ਭਈ ਕਿਸੇ ਨੂੰ ਨ
ਦੱਸੀਂ ਪਰ ਜਾਕੇ ਆਪਣੇ ਤਾਈਂ ਜਾਜਕ ਨੂੰ ਵਿਖਾ ਅਰ ਆਪਣੇ ਸੁੱਧ ਹੋਣ ਦੀ ਬਾਬਤ ਭੇਟ ਚ-
ੜ੍ਹਾ ਜਿਹਾ ਕੁ ਮੂਸਾ ਨੇ ਠਹਰਾਇਆ ਤਾਂ ਉਨ੍ਹਾਂ ਲਈ ਸਾਖੀ ਹੋਵੇ॥੧੫॥ ਪਰ ਉਹ ਦੀ ਚਰਚਾ ਵਧੀ-
ਕ ਫੈਲ ਗਈ ਅਤੇ ਵੱਡੀ ਭੀੜ ਉਹ ਦੀਆਂ ਗੱਲਾਂ ਸੁਣਨ ਅਤੇ ਆਪਣੀਆਂ ਮਾਂਦਗੀਆਂ
ਥੋਂ ਚੰਗੇ ਹੋਣ ਲਈ ਕੱਠੀ ਹੋਈ॥੧੬॥ ਪਰ ਉਹ ਆਪ ਉਜਾੜਾਂ ਵਿੱਚ ਜਾਂਦਾ ਅਤੇ ਪ੍ਰਾਰਥਨਾ
ਕਰਦਾ ਹੁੰਦਾ ਸੀ॥ ॥੧੭॥ ਅਤੇ ਇੱਕ ਦਿਨ ਐਉਂ ਹੋਇਆ ਕਿ ਜਿਸ ਵੇਲੇ ਉਹ ਉ-
ਪਦੇਸ਼ ਕਰਦਾ ਸੀ ਤਾਂ ਕਈ ਫ਼ਰੀਸੀ ਅਤੇ ਤੌਰੇਤ ਦੇ ਪੜ੍ਹਾਉਣ ਵਾਲੇ ਜੋ ਗਲੀਲ ਦੇ ਹਰੇਕ
ਪਿੰਡ ਅਤੇ ਯਹੂਦਿਯਾ ਅਤੇ ਯਰੂਸ਼ਲੀਮ ਥੀਂ ਆਏ ਸਨ ਓੱਥੇ ਬੈਠੇ ਅਰ ਪ੍ਰਭੁ ਦੀ ਸਾਮਰੱਥਾ
ਚੰਗਾ ਕਰਨ ਲਈ ਉਹ ਦੇ ਨਾਲ਼ ਸੀ॥੧੮॥ ਅਰ ਵੇਖੋ ਲੋਕ ਇੱਕ ਮਨੁੱਖ ਨੂੰ ਜਿਹੜਾ ਅਧਰ-
ਗੀ ਸੀ ਮੰਜੇ ਉੱਤੇ ਲਿਆਏ ਅਤੇ ਚਾਹਿਆ ਜੋ ਉਹ ਨੂੰ ਅੰਦਰ ਲੈ ਜਾਕੇ ਉਹ ਦੇ ਅੱਗੇ ਰੱਖਣ॥
੧੯॥ ਅਰ ਜਾਂ ਉਨ੍ਹਾਂ ਨੇ ਭੀੜ ਦੇ ਕਾਰਨ ਉਸ ਨੂੰ ਅੰਦਰ ਲੈ ਜਾਣ ਦਾ ਕੋਈ ਢੰਗ ਨਾ ਵੇਖਿਆ
ਤਾਂ ਕੋਠੇ ਉੱਤੇ ਚੜ੍ਹ ਗਏ ਅਤੇ ਖਪਰੈਲਾਂ ਦੇ ਵਿੱਚੋਂ ਦੀ ਉਹ ਨੂੰ ਮੰਜੀ ਸਣੇ ਯਿਸੂ ਦੇ ਅੱਗੇ ਵਿਚ ੦

Original with:
Language Department Punjab
Digitized by:
Panjab Digital Library

ਰਲਾਮਕਾ ਦਿੱਤਾ ॥ ੨੦ ॥ ਅਤੇ ਉਸ ਨੈ ਉਨ੍ਹਾਂ ਦੀ ਨਿਹਚਾ ਵੇਖਕੇ ਕਿਹਾ ਮਨੁੱਖਾ ਤੇਰੇ ਪਾਪ ਤੈ
ਨੂੰ ਮਾਫ ਹੋਏ ॥ ੨੧ ॥ ਤਾਂ ਰੀਖੀ ਅਰ ਫਰੀਸੀ ਵਿਚਾਰ ਕਰਨ ਲੱਗੇ ਭਈ ਇਹ ਕੌਣ ਹੈ ਜਿਹ
ੜਾ ਕੁਫਰ ਬਕਦਾ ਹੈ। ਇੱਕ ਪਰਮੇਸੁਰ ਬਿਨਾ ਹੋਰ ਕੌਣ ਪਾਪ ਮਾਫ ਕਰ ਸੱਕਦਾ ਹੈ ॥ ੨੨ ॥ ਪ
ਰ ਯਿਸੂ ਨੈ ਉਨ੍ਹਾਂ ਦੀਆਂ ਸੋਚਾਂ ਨੂੰ ਜਾਣਕੇ ਅੱਗੋਂ ਉਨ੍ਹਾਂ ਨੂੰ ਆਖਿਆ ਤੁਸੀਂ ਆਪਣੇ ਮਨਾਂ ਵਿੱਚ
ਕੀ ਸੋਚਦੇ ਹੋ ॥ ੨੩ ॥ ਕਿਹੜੀ ਗੱਲ ਸੁਖਾਲੀ ਹੈ ਇਹ ਕਹਿਣਾ ਜੋ ਤੇਰੇ ਪਾਪ ਤੈਨੂੰ ਮਾਫ ਹੋਏ
ਜਾਂ ਇਹ ਕਹਿਣਾ ਭਈ ਉੱਠ ਅਤੇ ਤੁਰ ॥ ੨੪ ॥ ਪਰ ਇਸ ਲਈ ਜੋ ਤੁਸੀਂ ਜਾਣੋਂ ਕਿ ਮਨੁੱਖ ਦੇ ਪੁ
ਤ੍ਰ ਨੂੰ ਧਰਤੀ ਉੱਤੇ ਪਾਪ ਮਾਫ ਕਰਨ ਦਾ ਇਖਤਿਆਰ ਹੈ ਉਹ ਨੈ ਅਧਰੰਗੀ ਨੂੰ ਕਿਹਾ ਮੈਂ ਤੈਨੂੰ
ਆਖਦਾ ਹਾਂ ਉੱਠ ਅਰ ਆਪਣੀ ਮੰਜੀ ਚੁੱਕਕੇ ਘਰ ਚੱਲਿਆ ਜਾਹ ॥ ੨੫ ॥ ਅਤੇ ਉਹ ਝੱਟ
ਉਨ੍ਹਾਂ ਦੇ ਸਾਹਮਣੇ ਉੱਠਿਆ ਅਰ ਜਿਸ ਉੱਤੇ ਪਿਆ ਸੀ ਉਹ ਨੂੰ ਚੁੱਕਕੇ ਪਰਮੇਸੁਰ ਦੀ ਵਡਿ-
ਆਈ ਕਰਦਾ ਹੋਇਆ ਆਪਣੇ ਘਰ ਚੱਲਿਆ ਗਿਆ ॥ ੨੬ ॥ ਅਤੇ ਓਹ ਸਭੇ ਵਡੇ ਹੈਰ ੦
ਨ ਹੋਕੇ ਪਰਮੇਸੁਰ ਦੀ ਵਡਿਆਈ ਕਰਨ ਲੱਗੇ ਅਰ ਅੱਤ ਭੈ ਮਾਨ ਹੋਕੇ ਬੋਲੇ ਕਿ ਅਸਾਂ ਅ-
ਜ ਅਚਰਜ ਦੀਆਂ ਗੱਲਾਂ ਵੇਖੀਆਂ ਹਨ ॥ ॥ ੨੭ ॥ ਅਤੇ ਇਹ ਦੇ ਪਿੱਛੋਂ ਉਹ
ਬਾਹਰ ਗਿਆ ਅਰ ਲੇਵੀ ਆ ਨਾਉਂ ਦੇ ਇੱਕ ਮਸੂਲੀਏ ਨੂੰ ਮਸੂਲ ਦੀ ਚੌਂਕੀ ਉੱਤੇ ਬੈਠੇ ਵੇ-
ਖਿਆ ਅਤੇ ਉਹ ਨੂੰ ਆਖਿਆ ਕਿ ਮੇਰੇ ਪਿੱਛੇ ਹੋ ਤੁਰ ॥ ੨੮ ॥ ਤਾਂ ਉਹ ਸਭੋ ਕੁਛ ਛੱਡਕੇ ਉੱ-
ਠਿਆ ਅਤੇ ਉਹ ਦੇ ਪਿੱਛੇ ਹੋ ਤੁਰਿਆ ॥ ੨੯ ॥ ਅਰ ਲੇਵੀ ਆ ਨੈ ਆਪਣੇ ਘਰ ਉਹ ਦੀ ਖ ੦

Original with:
Language Department Punjab
Digitized by:
Panjab Digital Library

ਤਰ ਵਡਾ ਕੱਠ ਕੀਤਾ ਅਰ ਓਥੇ ਮਸੂਲੀਆਂ ਅਤੇ ਹੋਰਨਾਂ ਦੀ ਜੋ ਉਨਾਂ ਦੇ ਨਾਲ ਖਾਣ ਬੈਠੇ
ਸਨ ਵਡੀ ਭੀੜ ਸੀ ॥ ੩੦ ॥ ਅਰ ਫਰੀਸੀ ਅਰ ਉਨਾਂ ਦੇ ਗ੍ਰੰਥੀ ਉਹਦੇ ਸਿੱਖਾਂ ਉੱਤੇ ਬੁੜਬੁੜਾ
ਕੇ ਕਹਿਣ ਲੱਗੇ ਕਾਹਨੂੰ ਤੁਸੀਂ ਕਿਉ ਮਸੂਲੀਆਂ ਅਤੇ ਪਾਪੀਆਂ ਨਾਲ ਖਾਂਦੇ ਪੀਂਦੇ ਹੋ ॥ ੩੧
॥ ਅਤੇ ਯਿਸੂ ਨੈ ਉਨਾਂ ਨੂੰ ਉੱਤਰ ਦਿੱਤਾ ਕਿ ਨਵੇਂ ਨਰੋਇਆਂ ਨੂੰ ਨਹੀਂ ਬਲਕ ਰੋਗੀਆਂ ਨੂੰ ਹ-
ਕੀਮ ਦੀ ਲੋੜ ਹੈ ॥ ੩੨ ॥ ਮੈਂ ਧਰਮੀਆਂ ਨੂੰ ਨਹੀਂ ਬਲਕ ਪਾਪੀਆਂ ਨੂੰ ਤੋਬਾ ਦੇ ਲਈ ਬੁਲ
ਉਣ ਆਇਆ ਹਾਂ ॥ ੩੩ ॥ ਅਤੇ ਉਨਾਂ ਉਸ ਨੂੰ ਆਖਿਆ ਜੋ ਯੂਹੰਨਾ ਦੇ ਸਿੱਖ ਬਹੁਤ ਵਰ-
ਤ ਰੱਖਦੇ ਅਤੇ ਬੇਨਤੀ ਕਰਦੇ ਹਨ ਅਰ ਇੱਸੇ ਤਰਾਂ ਨਾਲ ਫਰੀਸੀਆਂ ਦੇ ਬੀ ਪਰ ਤੇਰੇ ਸਿੱ-
ਖ ਖਾਂਦੇ ਪੀਂਦੇ ਹਨ ॥ ੩੪ ॥ ਯਿਸੂ ਨੈ ਉਨਾਂ ਨੂੰ ਆਖਿਆ ਜਦ ਤੀਕਰ ਲਾੜਾ ਜੰਞੀਆਂ ਦੇ
ਨਾਲ ਹੈ ਭਲਾ ਤੁਸੀਂ ਉਨਾਂ ਥੋਂ ਵਰਤ ਰਖਾ ਸੱਕਦੇ ਹੋ ॥ ੩੫ ॥ ਪਰ ਓਹ ਦਿਨ ਆਉਣਗੇ ਅ-
ਤੇ ਜਦ ਲਾੜਾ ਉਨਾਂ ਕੋਲੋਂ ਅੱਡ ਕੀਤਾ ਜਾਊ ਤਦ ਉਨੀਂ ਦਿਨੀਂ ਓਹ ਵਰਤ ਰੱਖਣਗੇ ॥ ੩੬
॥ ਅਤੇ ਉਸ ਨੈ ਉਨਾਂ ਨੂੰ ਇੱਕ ਦ੍ਰਿਸਟਾਂਤ ਬੀ ਕਿਹਾ ਭਈ ਨਵੇਂ ਕੱਪੜੇ ਵਿੱਚੋਂ ਟਾਕੀ ਪਾੜ ਕੇ
ਪੁਰਾਣੇ ਕੱਪੜੇ ਨੂੰ ਕੋਈ ਨਹੀਂ ਲਾਉਂਦਾ ਨਹੀਂ ਤਾਂ ਓਹ ਨਵੇਂ ਨੂੰ ਪਾੜ ਦੇਊ ਅਤੇ ਨਵੇਂ ਦੀ ਟਾਕੀ
ਪੁਰਾਣੇ ਨਾਲ ਸੱਜਦੀ ਬੀ ਨਹੀਂ ॥ ੩੭ ॥ ਅਰ ਨਵੀਂ ਵੈਨ ਪੁਰਾਣੀਆਂ ਮਸਕਾਂ ਵਿੱਚ ਕੋਈ
ਨਹੀਂ ਭੁਰਦਾ ਨਹੀਂ ਤਾਂ ਨਵੀਂ ਵੈਨ ਮਸਕਾਂ ਨੂੰ ਪਾੜ ਕੇ ਆਪ ਵਗ ਜਾਊ ਅਤੇ ਮਸਕਾਂ ਦ
ਬੀ ਨਾਸ ਹੋ ਜਾਊ ॥ ੩੮ ॥ ਬਲਕ ਨਵੀਂ ਵੈਨ ਨਵੀਆਂ ਮਸਕਾਂ ਵਿੱਚ ਭੁਰਨੀ ਚਾਹੀਦੀ ਹੈ

Original with:
Language Department Punjab
Digitized by:
Panjab Digital Library

॥੩ਦ॥ਅਤੇਪੁਰਾਣੀਪੀਕੇਨਵੀਂਕੋਈਨਹੀਂਚਾਹੁੰਦਾਕਿਉਂਜੋ ਉਹਕਹਿੰਦਾ ਹੈਭਈਪੁਰਾਣੀ ਚੰਗੀਹੈ॥

੬ਕਾਂਡ॥ ਅਤੇ ਇੱਕ ਸਬਤ ਦੇ ਦਿਨ ਐਉਂ ਹੋਇਆ ਜੋ ਉਹ ਖੇਤਾਂ ਵਿੱਚੋਂ ਦੀ ਲੰਘਦਾ ਸੀ ਅਤੇ ਉਸ ਦੇ ਸਿੱਖ ਸਿੱਟੇ ਤੋੜ ਕੇ ਆਪਣਿਆਂ ਹੱਥਾਂ ਨਾਲ਼ ਮਲ਼ ਮਲ਼ ਚੱਬਦੇ ਜਾਂਦੇ ਸਨ॥੨॥ ਅਰ ਫਰੀਸੀਆਂ ਵਿੱਚੋਂ ਕਈਆਂ ਨੇ ਆਖਿਆ ਜੋ ਤੁਸੀਂ ਉਹ ਕੰਮ ਕਿਉਂ ਕਰਦੇ ਹੋ ਜਿਹੜਾ ਸਬਤ ਦੇ ਦਿਨ ਕਰਨਾ ਜੋਗ ਨਹੀਂ ਹੈ॥੩॥ ਅਤੇ ਯਿਸੂ ਨੇ ਉਨਾਂ ਨੂੰ ਉੱਤਰ ਦਿੱਤਾ ਭਲਾ ਤੁਸਾਂ ਇਹ ਬੀ ਨਹੀਂ ਪੜ੍ਹਿਆ ਜੋ ਦਾਊਦ ਨੈ ਕੀ ਕੀਤਾ ਜਾਂ ਉਹ ਅਤੇ ਉਹ ਦੇ ਸਾਥੀ ਭੁੱਖੇ ਸਨ॥੪॥ ਜੋ ਉਹ ਪਰਮੇਸੁਰ ਦੇ ਘਰ ਵਿੱਚ ਗਿਆ ਅਤੇ ਝੜਾਵੇ ਦੀਆਂ ਰੋਟੀਆਂ ਲੈਕੇ ਖਾਧੀਆਂ ਜਿਨਾਂ ਦਾ ਖਾਣਾ ਜਾਜਕਾਂ ਬਿਨ ਹੋਰ ਕਿਸੇ ਨੂੰ ਜੋਗ ਨਹੀਂ ਅਰ ਆਪਣੇ ਸਾਥੀਆਂ ਨੂੰ ਬੀ ਦਿੱਤੀਆਂ॥੫॥ ਫੇਰ ਉਸ ਨੈ ਉਨਾਂ ਨੂੰ ਆਖਿਆ ਕਿ ਮਨੁੱਖ ਦਾ ਪੁਤ੍ਰ ਸਬਤ ਦੇ ਦਿਨ ਦਾ ਮਾਲਕ ਹੈ॥

॥੬॥ ਦੂਜੇ ਸਬਤ ਦੇ ਦਿਨ ਐਉਂ ਹੋਇਆ ਜੋ ਉਹ ਸਮਾਜ ਵਿੱਚ ਜਾਕੇ ਉਪਦੇਸ ਦੇਣ ਲੱਗਾ ਅਰ ਓੱਥੇ ਇੱਕ ਮਨੁੱਖ ਸੀ ਜਿਹ ਦਾ ਸੱਜਾ ਹੱਥ ਸੁੱਕਿਆ ਹੋਇਆ ਸੀ॥੭॥ ਅਤੇ ਗ੍ਰੰਥੀ ਅਰ ਫਰੀਸੀ ਉਹ ਦੀ ਤੱਕ ਵਿੱਚ ਲੱਗੇ ਹੋਏ ਸਨ ਭਈ ਵੇਖੀਏ ਉਹ ਸਬਤ ਦੇ ਦਿਨ ਚੰਗਾ ਕਰੂਗਾ ਕੇ ਨਹੀਂ ਇਸ ਲਈ ਜੋ ਉਹ ਦੇ ਜੁੰਮੇ ਦੋਸ ਲਾਉਣ ਦਾ ਮੌਕਾ ਮਿਲ਼ੇ॥੮॥ ਪਰ ਉਸ ਨੈ ਉਨਾਂ ਦੇ ਖਿਆਲਾਂ ਨੂੰ ਜਾਣਕੇ ਉਸ ਸੁੱਕੇ ਹੱਥ ਵਾਲ਼ੇ

Original with:
Language Department Punjab
Digitized by:
Panjab Digital Library

ਮਨੁੱਖ ਨੂੰ ਆਖਿਆ ਉੱਠ ਅਤੇ ਵਿਚਾਲੇ ਖੜੋ ਜਾਹ। ਤਾਂ ਉਹ ਉੱਠ ਖੜੋਤਾ ॥ ੯ ॥ ਫੇਰ ਯਿ-
ਸ਼ੂ ਨੈ ਉਨਾਂ ਨੂੰ ਆਖਿਆ ਮੈਂ ਤੁਹਾਥੋਂ ਪੁੱਛਨਾ ਹਾਂ ਭਈ ਸਬਤ ਦੇ ਦਿਨ ਭਲਾ ਕਰਨਾ ਜੋਗ ਹੈ
ਜਾਂ ਬੁਰਾ ਕਰਨਾ। ਜਾਨ ਬਚਾਉਣੀ ਅਥਵਾ ਨਾਸ ਕਰਨੀ ॥ ੧੦ ॥ ਅਤੇ ਉਸ ਨੈ ਉਨਾਂ ਸਭ
ਨਾਂ ਵਲ ਚੁਫੇਰੇ ਵੇਖਕੇ ਉਹ ਨੂੰ ਆਖਿਆ ਆਪਣਾ ਹੱਥ ਲੰਮਾ ਕਰ। ਤਾਂ ਉਸ ਨੈ ਕਰ ਦਿੱਤ ੦
ਅਤੇ ਉਹ ਦਾ ਹੱਥ ਮੁੜ ਚੰਗਾ ਹੋ ਗਿਆ ॥ ੧੧ ॥ ਪਰ ਓਹ ਸੁਦਾ ਪੁਣੇ ਨਾਲ ਭਰ ਗਏ ਅਰ
ਆਪੋ ਵਿੱਚ ਗੱਲਾਂ ਕਰਨ ਲੱਗੇ ਭਈ ਅਸੀਂ ਯਿਸ਼ੂ ਨਾਲ ਕੀ ਕਰਿਯੇ ॥
॥ ੧੨ ॥ ਅਤੇ ਉਨਾਂ ਦਿਨਾਂ ਵਿੱਚ ਆਜਿਹਾ ਹੋਇਆ ਜੋ ਉਹ ਪ੍ਰਾਰਥਨਾ ਕਰਨ ਲਈ ਪਹ ੦
ਾੜ ਉੱਤੇ ਗਿਆ ਅਰ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦਿਆਂ ਸਾਰੀ ਰਾਤ ਕੱਟੀ ॥ ੧੩ ॥
ਅਤੇ ਜਾਂ ਦਿਨ ਚੜ੍ਹਿਆ ਤਾਂ ਉਸ ਨੈ ਆਪਣਿਆਂ ਸਿੱਖਾਂ ਨੂੰ ਕੋਲ ਸੱਦਿਆ ਅਤੇ ਉਨਾਂ ਵਿ-
ਚੋਂ ਬਾਰਾਂ ਨੂੰ ਚੁਣਕੇ ਉਨਾਂ ਦਾ ਨਾਉਂ ਰਸੂਲ ਬੀ ਰੱਖਿਆ। ਸੋ ਏਹ ਹਨ ॥ ੧੪ ॥ ਸਮਊਨ ਜਿ-
ਹ ਦਾ ਨਾਉਂ ਉਸ ਨੈ ਪਤਰਸ ਬੀ ਧਰਿਆ ਅਤੇ ਉਹ ਦਾ ਭਾਈ ਅੰਦ੍ਰਿਯਾਸ ਅਰ ਯਾਕੂਬ
ਅਰ ਯੂਹੰਨਾ ਅਰ ਫੈਲਬੂਸ ਅਰ ਬਰਥੁਲਮਾ ॥ ੧੫ ॥ ਅਰ ਮੱਤੀ ਅਰ ਥੂਮਾ ਅਰ ਹ-
ਲਫਾ ਦਾ ਪੁੱਤ ਯਾਕੂਬ ਅਰ ਸਮਊਨ ਜਿਹੜਾ ਜੇਲੋਤੇਸ ਕਹਾਉਂਦਾ ਹੈ ॥ ੧੬ ॥ ਯਾਕੂਬ ਦ ੦
ਪੁੱਤ ਯਹੂਦਾ ਅਰ ਯਹੂਦਾ ਇਸਕਰਿਯੋਤੀ ਜਿਹੜਾ ਉਹ ਦਾ ਫੜਵਾਉਣਵਾਲਾ ਹੋਇਆ ੦
॥ ੧੭ ॥ ਅਤੇ ਉਹ ਉਨਾਂ ਨਾਲ ਉੱਤਰਕੇ ਪੱਧਰ ਵਿੱਚ ਖੜਾ ਹੋਇਆ ਨਾਲੇ ਉਹ ਦੇ ਸਿੱਖਾਂ ਦੀ

Original with:
Language Department Punjab
Digitized by:
Panjab Digital Library

ਵਡੀ ਮੰਡਲੀ ਅਰ ਲੋਕਾਂ ਦੀ ਵਡੀ ਭੀੜ ਜੇਹੜੇ ਸਾਰੇ ਯਹੂਦਿਯਾ ਅਤੇ ਯਰੂਸ਼ਲੀਮ ਅ-
ਤੇ ਸੂਰ ਅਰ ਸੈਦਾ ਦੇ ਸਮੁੰਦਰ ਦੇ ਕੰਢਿਓਂ ਉਹ ਦੀ ਸੁਣਨ ਲਈ ਅਰ ਆਪਣਿਆਂ ਰੋ-
ਗਾਂ ਥੋਂ ਚੰਗੇ ਹੋਣ ਲਈ ਆਏ ਸਨ ॥ ੧੮ ॥ ਅਤੇ ਜੇਹੜੇ ਭ੍ਰਿਸ਼ਟ ਆਤਮਿਆਂ ਥੋਂ ਦੁਖੀ
ਸਨ ਓਹ ਚੰਗੇ ਕੀਤੇ ਗਏ ॥ ੧੯ ॥ ਅਰ ਸਾਰੇ ਲੋਕ ਉਹ ਨੂੰ ਛੋਹਣਾ ਚਾਹੁੰਦੇ ਸਨ ਇਸ ਲ-
ਈ ਜੋ ਸਕਤਿ ਉਸ ਥੋਂ ਨਿੱਕਲ ਕੇ ਸਭਨਾਂ ਨੂੰ ਚੰਗਾ ਕਰਦੀ ਸੀ ॥ ॥ ੨੦ ॥ ਅਤੇ ਉ-
ਸ ਨੇ ਆਪਣਿਆਂ ਸਿੱਖਾਂ ਉੱਤੇ ਨਿਗਾ ਕਰ ਕੇ ਆਖਿਆ ਕਿ ਧੰਨ ਹੋ ਤੁਸੀਂ ਜੇਹੜੇ ਗਰੀਬ ਹੋ ਕਿ-
ਉ ਜੋ ਪਰਮੇਸ਼ੁਰ ਦਾ ਰਾਜ ਤੁਹਾਡਾ ਹੈ ॥ ੨੧ ॥ ਧੰਨ ਹੋ ਤੁਸੀਂ ਜੇਹੜੇ ਹੁਣ ਭੁੱਖੇ ਹੋ ਕਿਉ ਜੋ ਰਜ
ਏ ਜਾਓਗੇ। ਧੰਨ ਹੋ ਤੁਸੀਂ ਜੇਹੜੇ ਹੁਣ ਰੋਂਦੇ ਹੋ ਕਿਉ ਜੋ ਹੱਸੋਗੇ ॥ ੨੨ ॥ ਧੰਨ ਹੋ ਤੁਸੀਂ ਜਾਂ ਮਨੁੱ-
ਖ ਤੁਹਾਡੇ ਨਾਲ ਵੈਰ ਰੱਖਣਗੇ ਅਤੇ ਜਾਂ ਓਹ ਮਨੁੱਖ ਦੇ ਪੁਤ੍ਰ ਦੇ ਕਾਰਨ ਤੁਹਾ ਨੂੰ ਛੇਕ ਦੇਣਗੇ
ਅਤੇ ਬੋਲੀਆਂ ਮਾਰਨਗੇ ਅਰ ਤੁਹਾਡਾ ਨਾਉਂ ਬੁਰਾ ਗਿਣ ਕੇ ਕੱਢ ਸੁੱਟਣਗੇ ॥ ੨੩ ॥ ਉਸ
ਦਿਨ ਅਨੰਦ ਹੋ ਅਤੇ ਖੁਸ਼ੀ ਨਾਲ ਉੱਛਲੋ ਕਿਉ ਜੋ ਵੇਖੋ ਤੁਹਾਡਾ ਫਲ ਸੁਰਗ ਵਿੱਚ ਬਹੁ-
ਤ ਹੈ ਕਿਉ ਜੋ ਉਨਾਂ ਦੇ ਵਡਿਆਂ ਨੇ ਪਿਕੰਬਰਾਂ ਨਾਲ ਇਸੇ ਤਰਾਂ ਕੀਤਾ ॥ ੨੪ ॥ ਪਰ ਹਾਇ
ਤੁਹਾ ਨੂੰ ਜੇਹੜੇ ਧਨਵਾਨ ਹੋ ਕਿਉ ਜੋ ਤੁਸੀਂ ਆਪਣੀ ਤਸੱਲੀ ਲੈ ਚੁੱਕੇ ॥ ੨੫ ॥ ਹਾਇ ਤੁਹਾ
ਨੂੰ ਜੇਹੜੇ ਹੁਣ ਰੱਜੇ ਹੋਏ ਹੋ ਕਿਉ ਜੋ ਤੁਸੀਂ ਭੁੱਖੇ ਹੋਵੋਗੇ। ਹਾਇ ਤੁਹਾ ਨੂੰ ਜੇਹੜੇ ਹੁਣ ਹੱਸਦੇ ਹੋ
ਕਿਉ ਜੋ ਤੁਸੀਂ ਸੋਗ ਕਰੋਗੇ ਅਤੇ ਰੋਵੋਗੇ ॥ ੨੬ ॥ ਹਾਇ ਤੁਹਾ ਨੂੰ ਜਾਂ ਸਭ ਲੋਕ ਤੁਹਾਡੀ ਸੋਭਾ ਕਰ

Original with:
Language Department Punjab
Digitized by:
Panjab Digital Library

ਨ ਕਿਉ ਜੋ ਉਨ੍ਹਾਂ ਦੇ ਵਡਿਆਂ ਨੈ ਝੂਠੇ ਪਿਕੰਬਰਾਂ ਨਾਲ ਇਸੇ ਤਰਾਂ ਕੀਤਾ॥ ॥੨੭
॥ ਪਰ ਮੈਂ ਤੁਹਾਨੂੰ ਜੋ ਸੁਣਦੇ ਹੋ ਆਖਦਾ ਹਾਂ ਭਈ ਆਪਣੇ ਦੁਸਮਣਾਂ ਨੂੰ ਪਿਆਰ ਕਰੋ। ਜੋ ਤੁ-
ਹਾਡੇ ਨਾਲ ਵੈਰ ਰੱਖਣ ਉਨ੍ਹਾਂ ਦਾ ਭਲਾ ਕਰੋ॥ ੨੮॥ ਜੋ ਤੁਹਾਨੂੰ ਸਰਾਪ ਦੇਣ ਉਨ੍ਹਾਂ ਨੂੰ ਅਸੀ-
ਸ ਦਿਓ। ਜੋ ਤੁਹਾਡੀ ਪਤ ਲਾਹੁਣ ਉਨ੍ਹਾਂ ਦੇ ਲਈ ਪ੍ਰਾਰਥਨਾ ਕਰੋ॥ ੨੯॥ ਜੋ ਤੇਰੀ ਇੱਕ ਗੱਲ
ਉੱਤੇ ਚਪੇੜ ਮਾਰੇ ਤੂੰ ਦੂਈ ਬੀ ਉਹ ਦੀ ਵਲ ਕਰ ਦਿਹ। ਅਰ ਜੋ ਤੇਰੀ ਚਾਦਰ ਖੋਹ ਲਵੇ ਉਹ
ਨੂੰ ਕੁੜਤਾ ਬੀ ਲੈਣੋਂ ਮਨ੍ਹਾ ਨਾ ਕਰ॥ ੩੦॥ ਜੋ ਕੋਈ ਤੈਥੋਂ ਮੰਗੇ ਉਹ ਨੂੰ ਦਿਹ ਅਰ ਜੋ ਤੇਰੀਆਂ
ਵਸਤਾਂ ਖੋਹ ਲਵੇ ਉਸ ਥੋਂ ਮੁੜਨਾ ਮੰਗ॥ ੩੧॥ ਅਤੇ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁ-
ਖ ਤੁਹਾਡੇ ਨਾਲ ਕਰਨ ਤੁਸੀਂ ਬੀ ਉਨ੍ਹਾਂ ਨਾਲ ਤਿਹੋ ਜਿਹਾ ਕਰੋ॥ ੩੨॥ ਅਰ ਜੇ ਤੁਸੀਂ ਉਨ੍ਹਾਂ
ਨੂੰ ਪਿਆਰ ਕਰੋ ਜੇਹੜੇ ਤੁਹਾ ਨੂੰ ਪਿਆਰ ਕਰਦੇ ਹਨ ਤਾਂ ਤੁਹਾਡਾ ਕੀ ਹਸਾਨ ਹੈ ਕਿਉ ਜੋ
ਪਾਪੀ ਲੋਕ ਬੀ ਆਪਣਿਆਂ ਪਿਆਰ ਕਰਨ ਵਾਲਿਆਂ ਨੂੰ ਪਿਆਰ ਕਰਦੇ ਹਨ॥ ੩੩॥
ਅਰ ਜੇ ਤੁਸੀਂ ਉਨ੍ਹਾਂ ਹੀ ਦਾ ਭਲਾ ਕਰੋ ਜੇਹੜੇ ਤੁਹਾਡਾ ਭਲਾ ਕਰਦੇ ਹਨ ਤਾਂ ਤੁਹਾਡਾ ਕੀ ਹ-
ਸਾਨ ਹੈ ਕਿਉ ਜੋ ਪਾਪੀ ਲੋਕ ਬੀ ਇਹੋ ਕਰਦੇ ਹਨ॥ ੩੪॥ ਅਰ ਜੇ ਤੁਸੀਂ ਉਨ੍ਹਾਂ ਹੀ ਨੂੰ ਉਧ
ਰ ਦਿਓ ਜਿਨ੍ਹਾਂ ਕੋਲੋਂ ਲੈਣ ਦੀ ਆਸ਼ਾ ਹੋਵੇ ਤਾਂ ਤੁਹਾਡਾ ਕੀ ਹਸਾਨ ਹੈ। ਪਾਪੀ ਲੋਕ ਬੀ ਪਾਪੀ-
ਆਂ ਨੂੰ ਉਧਾਰ ਦਿੰਦੇ ਹਨ ਭਈ ਮੁੜਕੇ ਉਨ੍ਹਾਂ ਥੋਂ ਓਨਾ ਹੀ ਲੈ ਲੈਣ॥ ੩੫॥ ਪਰ ਤੁਸੀਂ ਆਪ-
ਣਿਆਂ ਵੈਰੀਆਂ ਨੂੰ ਪਿਆਰ ਕਰੋ ਅਤੇ ਉਨ੍ਹਾਂ ਦਾ ਭਲਾ ਕਰੋ ਅਰ ਨਿਰਾਸ ਨਾ ਹੋਕੇ ਉਧਾਰ

Original with:
Language Department Punjab
Digitized by:
Panjab Digital Library

ਦਿਓ ਤਾਂ ਤੁਹਾਡਾ ਫਲ ਬਹੁਤ ਹੋਊਗਾ ਅਤੇ ਤੁਸੀਂ ਮਹਾਂ ਪਰਮੇਸ਼ੁਰ ਦੇ ਪੁਤ੍ਰ ਹੋਵੋਗੇ ਕਿਉਂਜ ਓ
ਸ਼ੁਕਰਿਆਂ ਅਤੇ ਦੁਸ਼ਟਾਂ ਉੱਤੇ ਕਿਰਪਾਲੂ ਹੈ।।੩੬।। ਦਿਆਲੂ ਹੋਵੋ ਜਿਹਾ ਕਿ ਤੁਹਾਡਾ ਪਿਤ ਓ
ਦਿਆਲੂ ਹੈ।।੩੭।। ਅਤੇ ਦੋਸ਼ ਨਾ ਲਾਓ ਤਾਂ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਊਗਾ। ਅਤੇ
ਅਪਰਾਧੀ ਨਾ ਠਹਰਾਓ ਤਾਂ ਤੁਸੀਂ ਅਪਰਾਧੀ ਨਾ ਠਹਰਾਏ ਜਾਓਗੇ। ਛੱਡ ਦਿਓ ਤਾਂ ਤੁਸੀਂ ਛੱਡੇ ਜ ਓ
ਓਗੇ।।੩੮।। ਦਿਓ ਤਾਂ ਤੁਹਾਨੂੰ ਦਿੱਤਾ ਜਾਊਗਾ ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਭੁੱ
ਲਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁ
ਹਾਡੇ ਲਈ ਫੇਰ ਮਿਣਿਆ ਜਾਊ।। ।।੩੯।। ਅਤੇ ਉਸ ਨੇ ਉਨਾਂ ਨੂੰ ਇੱਕ ਦ੍ਰਿਸ਼ਟ ਓ
ਤ ਬੀ ਦੇ ਕੇ ਕਿਹਾ ਭੁਲਾ ਅੰਨਾ ਅੰਨੇ ਦਾ ਆਗੂ ਹੋ ਸੱਕਦਾ ਹੈ। ਕੀ ਓਹ ਦੋਵੇਂ ਟੋਏ ਵਿੱਚ ਨਾ ਡਿ-
ਗਣਗੇ।।੪੦।। ਸਿੱਖ ਗੁਰੂ ਨਾਲੋਂ ਵਡ ਨਹੀਂ ਪਰ ਹਰੇਕ ਜਦ ਸਿੱਧ ਹੋ ਗਿਆ ਤਦ ਆਪਣੇ ਗੁ-
ਰੂ ਦੇ ਤੁੱਲ ਹੋਊਗਾ।।੪੧।। ਅਤੇ ਤੂੰ ਉਸ ਤਿਣ ਨੂੰ ਜਿਹੜਾ ਤੇਰੇ ਭਾਈ ਦੀ ਅੱਖ ਵਿੱਚ ਹੈ ਕਿਉਂ
ਵੇਖਦਾ ਹੈਂ ਪਰ ਉਸ ਸਤੀਰ ਦੀ ਵਲ ਜੋ ਤੇਰੀ ਆਪਣੀ ਅੱਖ ਵਿੱਚ ਹੈ ਧਿਆਨ ਨਹੀਂ ਕਰ-
ਦਾ।।੪੨।। ਅਥਵਾ ਕਿੰਕੁਰ ਤੂੰ ਆਪਣੇ ਭਾਈ ਨੂੰ ਆਖ ਸੱਕਦਾ ਹੈਂ ਭਾਈ ਲਿਆ ਉਸ ਤਿ
ਨੂੰ ਜੋ ਤੇਰੀ ਅੱਖ ਵਿੱਚ ਹੈ ਕੱਢ ਸੁੱਟਾਂ ਪਰ ਤੂੰ ਉਸ ਸਤੀਰ ਨੂੰ ਜਿਹੜਾ ਤੇਰੀ ਆਪਣੀ ਅੱਖ
ਵਿੱਚ ਹੈ ਨਹੀਂ ਵੇਖਦਾ। ਹੇ ਕਪਟੀ ਪਹਿਲਾਂ ਉਸ ਸਤੀਰ ਨੂੰ ਆਪਣੀ ਅੱਖੋਂ ਕੱਢ ਤਾਂ ਅੱਛੀ ਤ-
ਰਾਂ ਵੇਖ ਕੇ ਤੂੰ ਉਸ ਤਿਣ ਨੂੰ ਜੋ ਤੇਰੇ ਭਾਈ ਦੀ ਅੱਖ ਵਿੱਚ ਹੈ ਕੱਢ ਸੱਕੇਂਗਾ।।੪੩।। ਕਿਉਂਕਿ ਕੋ-

Original with:
Language Department Punjab
Digitized by:
Panjab Digital Library

ਈ ਚੰਗਾ ਰੁੱਖ ਨਹੀਂ ਹੈ ਜਿਹੜਾ ਮਾੜਾ ਫਲ ਦੇਵੇ ਅਤੇ ਫੇਰ ਕੋਈ ਮਾੜਾ ਰੁੱਖ ਨਹੀਂ ਹੈ ਜਿਹੜਾ ੭੮
ਚੰਗਾ ਫਲ ਦੇਵੇ ॥੪੪॥ ਕਿਉਂ ਜੋ ਹਰੇਕ ਰੁੱਖ ਆਪੋ ਆਪਣੇ ਫਲ ਥੋਂ ਪਛਾਣਿਆ ਜਾਂਦਾ ਹੈ
। ਕਿਉਂ ਜੋ ਕੰਡ੍ਹਿਆਲਿਆਂ ਥੋਂ ਹੰਜੀਰ ਨਹੀਂ ਤੋੜਦੇ ਅਤੇ ਨਾ ਝਾੜੀਓਂ ਦਾਖ ਤੋੜਦੇ ਹਨ ॥੪੫॥
ਅੱਛਾ ਆਦਮੀ ਆਪਣੇ ਮਨ ਦੇ ਅੱਛੇ ਖਜ਼ਾਨੇ ਵਿੱਚੋਂ ਅੱਛੀ ਗੱਲ ਕੱਢਦਾ ਹੈ ਅਤੇ ਬੁਰਾ ਆ-
ਦਮੀ ਬੁਰੇ ਖਜ਼ਾਨੇ ਵਿੱਚੋਂ ਬੁਰੀ ਗੱਲ ਕੱਢਦਾ ਹੈ ਕਿਉਂ ਕਿ ਜੋ ਮਨ ਵਿੱਚ ਭਰਿਆ ਹੋਇਆ ਹੈ ਉ-
ਹਦੇ ਮੂੰਹ ਉੱਤੇ ਉਹੋ ਆਉਂਦਾ ਹੈ ॥ ॥੪੬॥ ਤੁਸੀਂ ਮੈਂ ਨੂੰ ਪ੍ਰਭੂ ਪ੍ਰਭੂ ਕਰਕੇ ਕਿਉਂ ਪੁਕ ੦
ਰਦੇ ਹੋ ਅਤੇ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ ॥੪੭॥ ਹਰੇਕ ਜੋ ਮੇਰੇ ਕੋਲ ਆਉਂਦਾ ਹੈ ਅਤੇ ਮੇ-
ਰੇ ਬਚਨ ਸੁਣਕੇ ਉਨਾਂ ਨੂੰ ਮੰਨਦਾ ਹੈ ਮੈਂ ਤੁਹਾ ਨੂੰ ਦੱਸਦਾ ਹਾਂ ਜੋ ਉਹ ਕਿਸ ਵਰਗਾ ਹੈ ॥੪੮॥
ਉਹ ਉਸ ਮਨੁੱਖ ਵਰਗਾ ਹੈ ਜਿਹ ਨੈ ਘਰ ਬਣਾਉਂਦਿਆਂ ਡੂੰਘਾ ਪੁਟਕੇ ਪੱਥਰ ਪੁਰ ਨੀਉਂ ਧ-
ਰੀ ਅਤੇ ਜਾਂ ਹੜ ਆਇਆ ਤਾਂ ਧਾਰ ਨੈ ਉਸ ਘਰ ਉੱਤੇ ਜ਼ੋਰ ਮਾਰਿਆ ਪਰ ਉਹ ਨੂੰ ਹਿਲਾ ਨਾ ਸੱ-
ਕੀ ਇਸ ਲਈ ਜੋ ਉਹ ਅੱਛੀ ਤਰਾਂ ਬਣਾਇਆ ਹੋਇਆ ਸੀ ॥ ੪੯॥ ਪਰ ਜਿਹੜਾ ਸੁਣਕੇ
ਨਹੀਂ ਮੰਨਦਾ ਉਹ ਉਸ ਮਨੁੱਖ ਵਰਗਾ ਹੈ ਜਿਹ ਨੈ ਨੀਉਂ ਬਿਨਾ ਧਰਤੀ ਪੁਰ ਘਰ ਬਣਾਇ-
ਆ ਜਿਸ ਉੱਤੇ ਧਾਰ ਨੈ ਜ਼ੋਰ ਮਾਰਿਆ ਅਤੇ ਉਹ ਝੱਟ ਢਹਿ ਪਿਆ ਅਰ ਉਸ ਘਰ ਦਾ ਸੱਤਿ-
ਆਨਾਸ ਹੋ ਗਿਆ ॥

੭ ਕਾਂਡ ॥ ਜਾਂ ਉਹ ਆਪਣੀਆਂ ਸਾਰੀਆਂ ਗੱਲਾਂ ਲੋਕਾਂ ਦੇ ਕੰਨੀਂ ਪਾ ਚੁੱਕਿਆ ਤਾਂ ਕ-

Original with:
Language Department Punjab
Digitized by:
Panjab Digital Library

ਫਰਨਾਹੂਮ ਵਿੱਚ ਆਇਆ॥ ॥੨॥ ਅਤੇ ਕਿਸੇ ਸੂਬੇਦਾਰ ਦਾ ਚਾਕਰ ਜੋ ਉ-
ਹਦਾ ਬਹੁਤ ਪਿਆਰਾ ਸੀਗਾ ਰੋਗ ਨਾਲ ਮਰਨਾਊ ਸੀ॥ ੩॥ ਉਸ ਨੈ ਯਿਸੂ ਦੀ ਖਬਰ ਸੁਣ-
ਕੇ ਯਹੂਦੀਆਂ ਦਿਆਂ ਕਈਆਂ ਬੁਜ਼ੁਰਗਾਂ ਨੂੰ ਉਹ ਦੇ ਕੋਲ ਘੱਲਿਆ ਅਤੇ ਉਸ ਅੱਗੇ
ਅਰਜ ਕੀਤੀ ਜੋ ਆਣਕੇ ਮੇਰੇ ਚਾਕਰ ਨੂੰ ਬਚਾ॥ ੪॥ ਸੋ ਜਾਂ ਓਹ ਯਿਸੂ ਦੇ ਕੋਲ ਅੱਪੜੇ
ਉਨਾਂ ਨੈ ਉਸ ਦੀ ਵਡੀ ਮਿੰਨਤ ਕਰਕੇ ਆਖਿਆ ਭਈ ਉਹ ਇਸ ਲਾਇਕ ਹੈ ਜੋ ਤੂੰ ਉਹ
ਦੇ ਲਈ ਇਹ ਕੰਮ ਕਰੇਂ॥ ੫॥ ਕਿਉਂਕਿ ਉਹ ਸਾਡੀ ਕੋਮ ਨੂੰ ਪਿਆਰ ਕਰਦਾ ਹੈ ਨਾਲੇ ਉ-
ਸ ਨੈ ਆਪ ਸਾਡੇ ਲਈ ਸਮਾਜ ਬਣਵਾਇਆ ਹੈ॥ ੬॥ ਅਤੇ ਯਿਸੂ ਉਨਾਂ ਦੇ ਨਾਲ ਚੱ-
ਲਿਆ ਗਿਆ ਅਰ ਜਾਂ ਉਹ ਘਰ ਦੇ ਨੇੜੇ ਆਇਆ ਤਾਂ ਸੂਬੇਦਾਰ ਨੈ ਮਿਤ੍ਰਾਂ ਦੀ ਰਾ-
ਹੀਂ ਉਹ ਨੂੰ ਕਹਾ ਭੇਜਿਆ ਕਿ ਪ੍ਰਭੂ ਜੀ ਖੇਚਲ ਨਾ ਕਰ ਕਿਉਂਕਿ ਮੈਂ ਇਸ ਲਾਇਕ ਨਹੀਂ ਜੋ
ਤੂੰ ਮੇਰੀ ਛੱਤ ਹੇਠ ਆਵੇਂ॥ ੭॥ ਇਸੇ ਕਾਰਨ ਮੈਂ ਆਪਣੇ ਤਾਈਂ ਤੇਰੇ ਕੋਲ ਆਉਣ ਦੇ ਥੀ
ਜੋਗ ਨਾ ਸਮਝਿਆ ਪਰ ਤੂੰ ਨਿਰਾ ਬਚਨ ਹੀ ਉਚਾਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ॥
੮॥ ਕਿਉਂ ਜੋ ਮੈਂ ਥੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਕੀਤਾ ਹੋਇਆ ਹਾਂ ਅਤੇ ਸਿਪਾਹੀ-
ਆਂ ਨੂੰ ਆਪਣੇ ਇਖਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ ਆਖਦਾ ਹਾਂ ਜਾਹ ਤਾਂ ਉਹ
ਜਾਂਦਾ ਹੈ ਅਤੇ ਦੂਏ ਨੂੰ ਕਿ ਆ ਤਾਂ ਉਹ ਆਉਂਦਾ ਹੈ ਅਰ ਆਪਣੇ ਚਾਕਰ ਨੂੰ ਕਿ ਇਹ
ਕਰ ਤਾਂ ਉਹ ਕਰਦਾ ਹੈ॥ ੯॥ ਯਿਸੂ ਨੈ ਏਹ ਗੱਲਾਂ ਸੁਣਕੇ ਉਸ ਪੁਰ ਅਚੰਭਾ ਕੀਤਾ ਅ-

Original with:
Language Department Punjab
Digitized by:
Panjab Digital Library

ਤੇ ਉਸ ਭੀੜ ਦੀ ਫਲ ਜੋ ਉਹ ਦੇ ਮਗਰ ਚੱਲੀ ਆਉਂਦੀ ਸੀ ਮੁੜਕੇ ਕਿਹਾ ਮੈਂ ਤੁਹਾਨੂੰ ਆ ੯
ਖਦਾ ਹਾਂ ਜੋ ਇਸਰਾਈਲ ਵਿੱਚ ਬੀ ਮੈਂ ਐਡੀ ਨਿਹਚਾ ਨਹੀਂ ਵੇਖੀ ॥੧੦॥ ਅਤੇ ਜੋ ਭੇਜੇ
ਗਏ ਸਨ ਉਨਾਂ ਘਰ ਮੁੜਕੇ ਉਸ ਚਾਕਰ ਨੂੰ ਚੰਗਾ ਹੋਇਆ ਹੋਇਆ ਡਿੱਠਾ ॥੧੧॥ ਅ
ਤੇ ਇਹ ਦੇ ਥੋੜੇ ਚਿਰ ਪਿਛੋਂ ਐਉਂ ਹੋਇਆ ਜੋ ਉਹ ਨਈਨ ਨਾਉਂ ਦੇ ਇੱਕ ਨਗਰ ਨੂੰ ਗਿ
ਆ ਅਰ ਉਹ ਦੇ ਸ਼ਿੱਖ ਅਤੇ ਵਡੀ ਭੀੜ ਉਹ ਦੇ ਨਾਲ ਤੁਰੀ ਜਾਂਦੀ ਸੀ ॥੧੨॥ ਅਤੇ ਜਿਸ
ਵੇਲੇ ਉਹ ਨਗਰ ਦੇ ਦਰਵੱਜੇ ਦੇ ਨੇੜੇ ਆ ਪੁੱਜਿਆ ਤਾਂ ਵੇਖੋ ਇੱਕ ਮੁਰਦੇ ਨੂੰ ਬਾਹਰ ਲਈ
ਜਾਂਦੇ ਸਨ ਜੋ ਆਪਣੀ ਮਾਂ ਦਾ ਇੱਕੋ ਹੀ ਪੁੱਤ ਸੀ ਅਤੇ ਉਹ ਬਿਧਵਾ ਸੀ ਅਰ ਨਗਰ ਦੀ ਵ
ਡੀ ਭੀੜ ਉਹ ਦੇ ਨਾਲ ਹੈਸੀ ॥੧੩॥ ਅਤੇ ਪ੍ਰਭੂ ਨੈ ਉਸ ਨੂੰ ਵੇਖਕੇ ਉਹ ਦੇ ਉੱਤੇ ਤਰਸ ਖ
ਧਾ ਅਤੇ ਉਸ ਨੂੰ ਆਖਿਆ ਨਾ ਰੋ ॥੧੪॥ ਅਰ ਨੇੜੇ ਆਣਕੇ ਸਿੜੀ ਨੂੰ ਛੋਹਿਆ ਅਰ
ਚੁੱਕਣ ਵਾਲੇ ਖੱਲੇ ਗਏ। ਤਦ ਉਹ ਨੈ ਕਿਹਾ ਹੇ ਜੁਆਨ ਮੈਂ ਤੈਨੂੰ ਆਖਦਾ ਹਾਂ ਉੱਠ ॥੧੫
॥ ਤਾਂ ਉਹ ਮੁਰਦਾ ਉੱਠ ਬੈਠਾ ਅਤੇ ਬੋਲਣ ਲੱਗਾ ਪਿਆ। ਅਤੇ ਉਸ ਨੈ ਉਹ ਨੂੰ ਉਹ ਦੀ ਮਾਂ
ਦੇ ਹੱਥ ਸੌਂਪਿਆ ॥੧੬॥ ਅਰ ਸਭ ਦੇ ਸਭ ਡਰ ਗਏ ਅਤੇ ਪਰਮੇਸ਼ੁਰ ਦੀ ਵਡਿਆਈ
ਕਰਕੇ ਬੋਲੇ ਭਈ ਸਾਡੇ ਵਿੱਚ ਵਡਾ ਪਿਕੰਬਰ ਉੱਠਿਆ ਅਤੇ ਨਾਲੇ ਪਰਮੇਸ਼ੁਰ ਨੈ ਆ
ਪਣੇ ਲੋਕਾਂ ਉੱਤੇ ਨਿਗਾ ਕੀਤੀ ॥੧੭॥ ਅਰ ਉਹ ਦੀ ਬਾਬਤ ਇਹ ਗੱਲ ਸਾਰੇ ਯਹੂਦਿਯ ੦
ਅਤੇ ਉਸ ਤਮਾਮ ਇਲਾਕੇ ਵਿੱਚ ਖਿੰਡ ਗਈ ॥ ॥੧੮॥ ਅਤੇ ਯੂਹੱਨਾ ਦੇ ਸ਼ਿੱ

Original with:
Language Department Punjab
Digitized by:
Panjab Digital Library

ਖਾਂ ਨੈ ਉਸ ਨੂੰ ਇਨਾਂ ਸਾਰੀਆਂ ਗੱਲਾਂ ਦੀ ਖਬਰ ਦਿੱਤੀ ॥੧੮॥ ਅਰ ਯੂਹੱਨਾ ਨੈ ਆਪਣੇ
ਸਿੱਖਾਂ ਵਿੱਚੋਂ ਦੋ ਜਣੇ ਕੋਲ ਸੱਦ ਕੇ ਪ੍ਰਭੂ ਨੂੰ ਕਹਾ ਭੇਜਿਆ ਭਈ ਜਿਹੜਾ ਆਉਣ ਵਾਲਾ ਸੀ
ਉਹ ਤੂੰ ਹੀ ਹੈਂ ਜਾਂ ਅਸੀਂ ਕਿਸੇ ਹੋਰ ਨੂੰ ਉਡੀਕ ਕਿਜੇ ॥੨੦॥ ਜੋ ਉਨਾਂ ਮਨੁੱਖਾਂ ਨੈ ਉਹ ਦੇ ਕੋਲ ਆ ੦
ਣ ਕੇ ਕਹਾ ਕਿ ਯੂਹੱਨਾ ਬਪਤਿਸਮਾ ਦੇਣ ਵਾਲੇ ਨੈ ਸਾਡੀ ਜੁਬਾਨੀ ਤੈਨੂੰ ਇਹ ਕਹਾ ਭੇਜਿਆ ੦
ਹੈ ਭਈ ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈਂ ਜਾਂ ਅਸੀਂ ਕਿਸੇ ਹੋਰ ਨੂੰ ਉਡੀਕ ਕਿਜੇ ॥੨੧
॥ ਉਸ ਨੈ ਉਸ ਘੜੀ ਬਹੁਤਿਆਂ ਨੂੰ ਰੋਗਾਂ ਅਰ ਬਲਾਇਆਂ ਅਤੇ ਦੁਸਟ ਆਤਮਿਆਂ ਥੋਂ
ਚੰਗਾ ਕੀਤਾ ਅਤੇ ਬਹੁਤਿਆਂ ਅੰਨਿਆਂ ਨੂੰ ਸੁਜਾਖਾ ਕੀਤਾ ਸੀ ॥੨੨॥ ਤਦ ਉਹ ਨੈ ਉਨ ੦
ਨੂੰ ਉੱਤਰ ਦਿੱਤਾ ਭਈ ਜੋ ਕੁਛ ਤੁਸਾਂ ਵੇਖਿਆ ਅਤੇ ਸੁਣਿਆ ਹੈ ਯੂਹੱਨਾ ਨੂੰ ਜਾ ਦੱਸਿਓ
ਕਿ ਅੰਨੇ ਸੁਜਾਖੇ ਹੁੰਦੇ ਹਨ ਲੀਕੋ ਤੁਰਦੇ ਹਨ ਕੋੜੀ ਪੁਨੀਤ ਕੀਤੇ ਜਾਂਦੇ ਹਨ ਅਤੇ ਬੋਲੇ ਸੁ-
ਣਦੇ ਹਨ। ਮੁਰਦੇ ਜਿਵਾਲੇ ਜਾਂਦੇ ਹਨ ਗਰੀਬਾਂ ਨੂੰ ਮੰਗਲ ਸਮਾਚਾਰ ਸੁਣਾਇਆ ਜਾਂ-
ਦਾ ਹੈ ॥੨੩॥ ਅਤੇ ਧੰਨ ਉਹ ਹੈ ਜੋ ਮੇਰੇ ਕਾਰਨ ਠੋਕਰ ਨਾ ਖਾਵੇ ॥ ॥੨੪॥ ਜ ੦
ਯੂਹੱਨਾ ਦੇ ਭੇਜੇ ਹੋਏ ਚੱਲੇ ਗਏ ਤਾਂ ਉਹ ਯੂਹੱਨਾ ਦੀ ਬਾਬਤ ਲੋਕਾਂ ਨੂੰ ਕਹਿਣ ਲੱਗਾ ਕਿ
ਤੁਸੀਂ ਜੰਗਲ ਵਿੱਚ ਕੀ ਵੇਖਣ ਨਿੱਕਲੇ ਸਓ ਕਿਆ ਇੱਕ ਕਾਨੇ ਨੂੰ ਜਿਹੜਾ ਵਾਉ ਨਾਲ
ਹਿੱਲਦਾ ਹੈ ॥੨੫॥ ਫੇਰ ਤੁਸੀਂ ਕੀ ਵੇਖਣ ਨਿੱਕਲੇ ਸਓ ਕਿਆ ਮਹੀਨ ਬਸਤ੍ਰ ਪਹਿਨੇ
ਹੋਏ ਇੱਕ ਮਨੁੱਖ ਨੂੰ। ਵੇਖੋ ਓਹ ਜੋ ਭੜਕੀਲੀ ਪੁਸਾਕ ਪਹਿਨਦੇ ਅਤੇ ਅਨੰਦ ਭੋਗਦੇ ਹਨ

Original with:
Language Department Punjab
Digitized by:
Panjab Digital Library

ਜੋ ਰਾਜਿਆਂ ਦੇ ਮਹਿਲਾਂ ਵਿੱਚ ਹੁੰਦੇ ਹਨ ॥੨੬॥ ਫੇਰ ਤੁਸੀਂ ਕੀ ਵੇਖਣ ਨਿੱਕਲੇ ਸਓ ਕਿ ਆ ਇੱਕ ਪਿਕੰਬਰ। ਹਾਂ ਮੈਂ ਤੁਹਾ ਨੂੰ ਆਖਦਾ ਹਾਂ ਸਗੋਂ ਪਿਕੰਬਰ ਨਾਲੋਂ ਬੀ ਵਡਾ ॥੨੭॥ ਇਹ ਉਹੋ ਹੈ ਜਿਹ ਦੇ ਹੱਕ ਵਿੱਚ ਲਿਖਿਆ ਹੈ ਕੁਈ ਵੇਖੋ ਮੈਂ ਆਪਣਾ ਰਸੂਲ ਤੇਰੇ ਅੱਗੇ ਭੇਜਦਾ ਹਾਂ ਜਿਹੜਾ ਤੇਰੇ ਅੱਗੇ ਤੇਰਾ ਰਾਹ ਬਣਾਊਗਾ ॥੨੮॥ ਮੈਂ ਤੁਹਾ ਨੂੰ ਆਖਦਾ ਹਾਂ ਕਿ ਜੇਹੜੇ ਤੀਮੀਆਂ ਥੋਂ ਜੰਮੇ ਉਨਾਂ ਵਿੱਚੋਂ ਯੂਹੱਨਾ ਨਾਲੋਂ ਵਡਾ ਕੋਈ ਨਹੀਂ ਪਰ ਜੋ ਪਰਮੇਸੁਰ ਦੇ ਰਾਜ ਵਿੱਚ ਛੋਟਾ ਹੈ ਸੋ ਉਸ ਥੋਂ ਵਡਾ ਹੈ ॥੨੯॥ ਅਰ ਸਭਨਾਂ ਲੋਕਾਂ ਨੈ ਜਾਂ ਸੁਣਿਆ ਅਤੇ ਮਸੂਲੀਆਂ ਨੈ ਬੀ ਯੂਹੱਨਾ ਦਾ ਬਪਤਿਸਮਾ ਲੈਕੇ ਪਰਮੇਸੁਰ ਨੂੰ ਸੱਚਾ ਮੰਨਿਆ ॥੩੦॥ ਪਰ ਫਰੀਸੀਆਂ ਅਤੇ ਸਰਾ ਦੇ ਸਿਖਲਾਉਣਵਾਲਿਆਂ ਨੈ ਉਸ ਕੋਲੋਂ ਬਪਤਿਸਮਾ ਨਾ ਲੈਕੇ ਆਪਣੇ ਲਈ ਪਰਮੇਸੁਰ ਦੀ ਜੁਗਤ ਨੂੰ ਟਾਲ ਦਿੱਤਾ ॥੩੧॥ ਫੇਰ ਮੈਂ ਇਸ ਪੀਹੜੀ ਦੇ ਲੋਕਾਂ ਨੂੰ ਕਿਹ ਦੇ ਵਰਗਾ ਦੱਸਾਂ ਅਤੇ ਓਹ ਕਿਹ ਦੇ ਸਮਾਨ ਹਨ ॥੩੨॥ ਓਹ ਉਨਾਂ ਨੀਂਗਰਾਂ ਵਰਗੇ ਹਨ ਜੇਹੜੇ ਬਜਾਰ ਵਿੱਚ ਬੈਠੇ ਇੱਕ ਦੂਏ ਨੂੰ ਅਵਾਜ ਮਾਰਦੇ ਜੋ ਆਖਦੇ ਹਨ ਕੁਈ ਅਸਾਂ ਤੁਹਾਡੇ ਲਈ ਬੌਂਸਰੀ ਬਜਾਈ ਪਰ ਤੁਸੀਂ ਨਾ ਨੱਚੇ। ਅਸਾਂ ਸਿਆਪਾ ਕੀਤਾ ਪਰ ਤੁਸੀਂ ਨਾ ਰੋਏ ॥੩੩॥ ਕਿਉ ਜੋ ਯੂਹੱਨਾ ਬਪਤਿਸਮਾ ਦੇਣਵਾਲਾ ਨਾ ਰੋਟੀ ਖਾਂਦਾ ਅਤੇ ਨਾ ਦੈਨ ਪੀਂਦਾ ਆਇਆ ਹੈ ਅਰ ਤੁਸੀਂ ਕਹਿੰਦੇ ਹੋਂ ਕਿ ਉਹ ਦੇ ਨਾਲ ਇੱਕ ਭੂਤ ਹੈ ॥੩੪॥ ਮਨੁੱਖ ਦਾ ਪੁਤ੍ਰ ਖਾਂਦਾ ਪੀਂਦਾ ਆਇਆ ਹੈ ਅਤੇ

Original with:
Language Department Punjab
Digitized by:
Panjab Digital Library

ਤੁਸੀਂ ਆਖੰਦੇ ਹੋ ਵੇਖੋ ਇੱਕ ਖਾਊ ਅਤੇ ਸਰਾਬੀ ਮਨੁੱਖ ਮਸੂਲੀਆਂ ਅਰ ਪਾਪੀਆਂ ਦਾ ਯਾ ੦
ਰ॥੩੫॥ ਅਤੇ ਗਿਆਨ ਆਪਣੇ ਸਾਰੇ ਬਾਲਕਾਂ ਥੋਂ ਸੱਚਾ ਠਹਿਰਿਆ॥ ॥੩੬
ਫੇਰ ਫਰੀਸੀਆਂ ਵਿੱਚੋਂ ਇੱਕ ਨੇ ਉਹ ਦੇ ਅੱਗੇ ਅਰਜ਼ ਕੀਤੀ ਜੋ ਮੇਰੇ ਨਾਲ ਰੋਟੀ ਖਾਹ। ਅਤੇ ਉਹ
ਫਰੀਸੀ ਦੇ ਘਰ ਜਾ ਕੇ ਖਾਣ ਬੈਠਾ॥ ੩੭॥ ਅਤੇ ਵੇਖੋ ਉਸ ਨਗਰ ਵਿੱਚ ਇੱਕ ਤੀਮੀਂ ਹੈਸੀ ਜਿ-
ਹੜੀ ਪਾਪਣ ਸੀ ਅਤੇ ਉਹ ਇਹ ਜਾਣ ਕੇ ਭਈ ਉਹ ਫਰੀਸੀ ਦੇ ਘਰ ਖਾਣ ਬੈਠਾ ਹੈ ਇੱਕ ਸੀਸੀ
ਵਿੱਚ ਅਤਰ ਲਿਆਈ॥ ੩੮॥ ਅਰ ਪਿਛਲੀ ਵਲ ਉਹ ਦੇ ਚਰਨਾਂ ਦੇ ਪਾਸ ਖਲੋ ਕੇ ਰੋਂਦੀ ਰੋਂਦੀ
ਅੱਥ੍ਰੂਆਂ ਨਾਲ ਉਹ ਦੇ ਚਰਨ ਭੇਉਣ ਲੱਗੀ ਅਤੇ ਆਪਣੇ ਸਿਰ ਦੇ ਵਾਲਾਂ ਨਾਲ ਪੂੰਝ ਕੇ ਉਹ ਦੇ
ਚਰਨ ਚੁੰਮੇ ਅਤੇ ਅਤਰ ਮਲਿਆ॥ ੩੯॥ ਅਰ ਇਹ ਵੇਖ ਕੇ ਉਹ ਫਰੀਸੀ ਜਿਹ ਨੇ ਉਹ ਨੂੰ
ਨੇਉਂਦਾ ਦਿੱਤਾ ਸੀ ਆਪਣੇ ਜੀ ਵਿੱਚ ਕਹਿਣ ਲੱਗਾ ਭਈ ਇਹ ਮਨੁੱਖ ਜੇ ਪਿਕੰਬਰ ਹੁੰਦਾ ਤਾਂ
ਜਾਣ ਲੈਂਦਾ ਕਿ ਇਹ ਤੀਮੀਂ ਜੋ ਉਹ ਨੂੰ ਛੋਹੰਦੀ ਹੈ ਕੌਣ ਅਤੇ ਕਿਹੋ ਜਿਹੀ ਹੈ ਕਿਉਂ ਜੋ ਉਹ ਪਾਪਣ
ਹੈ॥ ੪੦॥ ਅਰ ਯਿਸੂ ਨੇ ਅੱਗੋਂ ਉਸ ਨੂੰ ਕਿਹਾ ਸ਼ਮਊਨ ਮੈਂ ਤੈ ਨੂੰ ਕੁਛ ਆਖਣਾ ਹੈ। ਤਾਂ ਉਹ ਬੋ-
ਲਿਆ ਗੁਰੂ ਜੀ ਫਰਮਾਉ॥ ੪੧॥ ਕਿਸੇ ਸਾਹੂਕਾਰ ਦੇ ਦੋ ਕਰਜ਼ਾਈ ਸਨ ਇੱਕ ਢਾਈ ਸੌ ਰੁਪੱਯੇ
ਅਤੇ ਦੂਆ ਪੰਜੀ ਦਾ॥ ੪੨॥ ਜਾਂ ਉਨਾਂ ਦੇ ਕੋਲ ਦੇਣ ਨੂੰ ਕੁਛ ਨਸੋ ਤਾਂ ਉਹ ਨੇ ਦੋਹਾਂ ਨੂੰ ਬਖਸ
ਦਿੱਤਾ ਸੋ ਉਨਾਂ ਵਿੱਚੋਂ ਉਸ ਨਾਲ ਕਿਹੜਾ ਵਧੀਕ ਪਿਆਰ ਕਰੂ॥ ੪੩॥ ਸ਼ਮਊਨ ਨੇ ਉੱਤਰ ਦਿ-
ਤਾ ਮੇਰੀ ਜਾਚ ਵਿੱਚ ਉਹ ਜਿਹ ਨੂੰ ਉਸ ਨੇ ਵਧੀਕ ਬਖਸ਼ਿਆ। ਤਾਂ ਉਸ ਨੇ ਉਹ ਨੂੰ ਆਖਿਆ ਤੈਂ

Original with:
Language Department Punjab
Digitized by:
Panjab Digital Library

ਠੀਕ ਨਿਬੇੜਾ ਕੀਤਾ ॥੪੪॥ ਫੇਰ ਉਸ ਤੀਮੀਂ ਦੀ ਵਲ ਮੂੰਹ ਫੇਰ ਕੇ ਸ਼ਮਊਨ ਨੂੰ ਕਿਹਾ ਤੂੰ ਇਸ ਤੀਮੀਂ ਨੂੰ ਵੇਖਦਾ ਹੈਂ। ਮੈਂ ਤੇਰੇ ਘਰ ਆਇਆ ਤੈਂ ਮੇਰੇ ਪੈਰਾਂ ਦੇ ਲਈ ਪਾਣੀ ਨਾ ਦਿੱਤਾ ਪਰ ਇਹ ਨੇ ਮੇਰੇ ਪੈਰ ਅੱਥ੍ਰੂਆਂ ਨਾਲ ਭੇਵੇ ਅਤੇ ਆਪਣੇ ਵਾਲਾਂ ਨਾਲ ਪੂੰਝੇ ॥੪੫॥ ਤੈਂ ਮੈਨੂੰ ਨਾ ਚੁੰਮਿਆ ਪਰ ਇਹ ਜਦੋਂ ਦਾ ਮੈਂ ਅੰਦਰ ਆਇਆ ਮੇਰੇ ਪੈਰ ਚੁੰਮਣ ਥੋਂ ਨਹੀਂ ਹਟੀ ॥੪੬॥ ਤੈਂ ਮੇਰੇ ਸਿਰ ਪੁਰ ਤੇਲ ਨਾ ਮਲਿਆ ਪਰ ਇਸ ਨੇ ਮੇਰੇ ਪੈਰਾਂ ਨੂੰ ਅਤਰ ਮਲਿਆ ॥੪੭॥ ਇਸ ਕਾਰਨ ਮੈਂ ਤੈਨੂੰ ਆਖਦਾ ਹਾਂ ਕਿ ਇਹ ਦੇ ਪਾਪ ਜੋ ਬਹੁਤ ਹਨ ਸੋ ਮਾਫ ਕੀਤੇ ਗਏ ਕਿਉਂਕਿ ਇਸ ਨੇ ਪਿਆਰ ਬਹੁਤ ਕੀਤਾ ਪਰ ਜਿਹ ਨੂੰ ਥੋੜਾ ਮਾਫ ਕੀਤਾ ਗਿਆ ਸੋ ਥੋੜਾ ਪਿਆਰ ਕਰਦਾ ਹੈ ॥੪੮॥ ਫੇਰ ਓਸ ਉਸ ਤੀਮੀਂ ਨੂੰ ਆਖਿਆ ਤੇਰੇ ਪਾਪ ਮਾਫ ਕੀਤੇ ਗਏ ॥੪੯॥ ਅਤੇ ਜੇਹੜੇ ਉਹ ਦੇ ਨਾਲ ਖਾਣ ਬੈਠੇ ਸਨ ਆਪਣੇ ਮਨ ਵਿੱਚ ਕਹਿਣ ਲੱਗੇ ਭਈ ਇਹ ਕੌਣ ਹੈ ਜੋ ਪਾਪ ਬੀ ਮਾਫ ਕਰਦਾ ਹੈ ॥੫੦॥ ਅਤੇ ਉਸ ਨੇ ਉਸ ਤੀਮੀਂ ਨੂੰ ਆਖਿਆ ਤੇਰੀ ਨਿਹਚਾ ਨੇ ਤੈਨੂੰ ਬਚਾਇਆ ਹੈ ਸ਼ਲਾਮਤ ਚੱਲੀ ਜਾਹ ॥

੮ਕਾਂਡ ॥

ਅਰ ਇਹ ਦੇ ਥੋੜੇ ਚਿਰ ਪੱਛੋਂ ਐਉਂ ਹੋਇਆ ਕਿ ਉਹ ਨਗਰੋ ਨਗਰ ਅਤੇ ਪਿੰਡੋ ਪਿੰਡ ਫਿਰਦਾ ਹੋਇਆ ਮਨਾਦੀ ਕਰਦਾ ਅਤੇ ਪਰਮੇਸ਼ੁਰ ਦੇ ਰਾਜ ਦਾ ਸੰਗਲ ਸ਼ਮਾਚਾਰ ਸੁਣਾਉਂਦਾ ਸੀ ਅਤੇ ਓਹ ਬਾਰਾਂ ਉਸ ਦੇ ਨਾਲ ਸਨ ॥੨॥ ਅਰ ਕਈ ਤੀਮੀਂਆਂ ਬੀ ਜੇਹੜੀਆਂ ਦੁਸ਼ਟ ਆਤਮਿਆਂ ਅਤੇ ਰੋਗਾਂ ਥੋਂ ਚੰਗੀਆਂ ਕੀਤੀਆਂ ਗਈਆਂ ਸੀਆਂ

Original with:
Language Department Punjab
Digitized by:
Panjab Digital Library

ਅਰਥਾਤ ਮਾਰਿਯਮ ਜੋ ਮਗਾਦਲੀਨੀ ਕਹਾਉਂਦੀ ਸੀ ਜਿਹ ਦੇ ਵਿੱਚੋਂ ਸੱਤ ਭੂਤ ਨਿੱਕਲੇ ਸਨ ॥੩॥ ਅਤੇ ਹੇਰੋਦੇਸ ਦੇ ਦਿਵਾਨ ਖੂਜਾਹ ਨਾਮੇ ਦੀ ਤੀਮੀਂ ਯੋਅੱਨਾ ਅਰ ਸੂਸੱਨਾ ਅਤੇ ਹੋਰ ਬਹੁਤੇਰੀਆਂ ਜੋ ਆਪਣੇ ਮਾਲ ਵਿੱਚੋਂ ਉਨਾਂ ਦੀ ਟਹਿਲ ਸੇਵਾ ਕਰਦੀਆਂ ਸੀਆਂ ॥ ॥੪॥ ਉਪਰੰਦ ਜਾਂ ਵਡੀ ਭੀੜ ਕੱਠੀ ਹੁੰਦੀ ਸੀ ਅਤੇ ਨਗਰ ਨਗਰ ਦੇ ਲੋਕ ਉਹ ਦੇ ਕੋਲ ਆਉਂਦੇ ਸਨ ਤਾਂ ਉਸ ਨੈ ਦ੍ਰਿਸ਼ਟਾਂਤ ਨਾਲ ਕਿਹਾ ॥੫॥ ਕਿ ਇੱਕ ਬੀਜਣਵਾਲਾ ਬੀਜ ਬੀਜਣ ਨੂੰ ਨਿੱਕਲਿਆ। ਅਰ ਉਹ ਦੇ ਬੀਜਦਿਆਂ ਕੁਛ ਪਹੇ ਵਲ ਕਿਰ ਪਿਆ ਅਤੇ ਮਿੱਧਿਆ ਗਿਆ ਅਤੇ ਅਕਾਸ ਦੇ ਪੰਛੀ ਉਹ ਨੂੰ ਚੁਗ ਗਏ ॥੬॥ ਅਰ ਹੋਰ ਪੱਥਰ ਪੁਰ ਕਿਰਿਆ ਸੋ ਉਗਦਿਆਂ ਹੀ ਸੁੱਕ ਗਿਆ ਇਸ ਲਈ ਜੋ ਉਹ ਨੂੰ ਗਿੱਲ ਨਾ ਪਹੁੰਚੀ ॥੭॥ ਅਤੇ ਹੋਰ ਕੰਡ੍ਹਿਆਲਿਆਂ ਵਿੱਚ ਕਿਰਿਆ ਅਤੇ ਕੰਡ੍ਹਿਆਲਿਆਂ ਨੈ ਨਾਲ ਹੀ ਵਧਕੇ ਉਹ ਨੂੰ ਦਬਾ ਲਿਆ ॥੮॥ ਅਰ ਹੋਰ ਚੰਗੀ ਜ਼ਮੀਨ ਵਿੱਚ ਕਿਰਿਆ ਅਤੇ ਉਗਕੇ ਸੌ ਗੁਣਾ ਫਲ ਲਿਆ। ਉਹ ਏਹ ਗੱਲਾਂ ਕਹਿਕੇ ਉੱਚੀ ਦੀ ਬੋਲਿਆ ਕੁਈ ਜਿਹ ਦੇ ਸੁਣਨ ਦੇ ਕੰਨ ਹੋਣ ਸੋ ਸੁਣੇ ॥ ॥੯॥ ਅਤੇ ਉਹ ਦੇ ਸਿੱਖਾਂ ਨੈ ਉਸ ਥੋਂ ਪੁੱਛਿਆ ਕੁਈ ਇਸ ਦ੍ਰਿਸ਼ਟਾਂਤ ਦਾ ਕੀ ਅਰਥ ਹੈ ॥੧੦॥ ਅਰ ਉਸ ਨੈ ਕਿਹਾ ਪਰਮੇਸੁਰ ਦੇ ਰਾਜ ਦੇ ਭੇਤਾਂ ਦੀ ਸਮਝ ਤੁਹਾ ਨੂੰ ਦਿੱਤੀ ਗਈ ਹੈ ਪਰ ਹੋਰਨਾਂ ਨੂੰ ਦ੍ਰਿਸ਼ਟਾਂਤਾਂ ਵਿੱਚ ਤਾਂ ਜੋ ਉਹ ਵੇਖਦੇ ਹੋਏ ਨਾ ਵੇਖਣ ਅਤੇ ਸੁਣਦੇ ਹੋਏ ਨਾ ਸਮਝਣ ॥੧੧॥ ਪਰ ਇਹ ਦ੍ਰਿਸ਼ਟਾਂਤ ਐਉਂ ਹੈ ਕਿ ਬੀਉ ਪਰਮੇਸੁਰ ਦਾ ਬਚਨ ਹੈ ॥੧੨॥ ਅਤੇ ਪਹੇ ਦੇ ਕਨਾਰੇ ਵਾਲੇ ਓਹ ਹਨ ਜਿਨਾਂ ਸੁ-

Original with:
Language Department Punjab
Digitized by:
Panjab Digital Library

ਦਿਆ। ਤਾਂ ਸ਼ਤਾਨ ਆਣਕੇ ਉਸ ਬਚਨ ਨੂੰ ਉਨਾਂ ਦੇ ਹਿਰਦਿਆਂ ਵਿੱਚੋਂ ਕੱਢ ਲੈ ਜਾਂਦਾ ਹੈ ਕਿਤੇ
ਆਜਿਹਾ ਨਾ ਹੋਵੇ ਜੋ ਓਹ ਪਰਤੀਤ ਕਰਕੇ ਮੁਕਤਿ ਪਾਉਣ ॥੧੨॥ ਅਤੇ ਜੋ ਪੱਥਰ ਉੱਤੇ ਕਿ-
ਰੇ ਸੋ ਓਹ ਹਨ ਕਿ ਜਿਸ ਵੇਲੇ ਓਹ ਸੁਣਦੇ ਹਨ ਤਾਂ ਬਚਨ ਨੂੰ ਖੁਸੀ ਨਾਲ ਮੰਨ ਲੈਂਦੇ ਹਨ ਅਰ
ਏਹ ਜੜ ਨਹੀਂ ਰੱਖਦੇ ਅਤੇ ਥੋੜਾ ਚਿਰ ਪਰਤੀਤ ਕਰਦੇ ਅਰ ਪਰਤਾਵੇ ਦੇ ਵੇਲੇ ਹਟ ਜਾਂਦੇ
ਹਨ ॥੧੪॥ ਅਰ ਜੋ ਕੰਡਿਆਲਿਆਂ ਵਿੱਚ ਕਿਰਿਆ ਸੋ ਓਹ ਹਨ ਜਿਨਾਂ ਸੁਣਿਆ ਅਤੇ
ਜਾਕੇ ਜੀਉਣ ਦੀਆਂ ਚਿੰਤਾਂ ਅਰ ਮਾਯਾ ਅਤੇ ਭੋਗ ਬਿਲਾਸ ਨਾਲ ਦਬਾਏ ਜਾਂਦੇ ਅਤੇ
ਪੱਕੇ ਫਲ ਨਹੀਂ ਦਿੰਦੇ ਹਨ ॥੧੫॥ ਪਰ ਜੋ ਚੰਗੀ ਜ਼ਮੀਨ ਵਿੱਚ ਕਿਰਿਆ ਸੋ ਓਹ ਹਨ ਜੋ ਹੜੇ
ਸੁਣਕੇ ਬਚਨ ਨੂੰ ਚੰਗੇ ਅਤੇ ਸਿੱਧੇ ਮਨ ਵਿੱਚ ਰੱਖਦੇ ਹਨ ਅਰ ਧੀਰਜ ਨਾਲ ਫਲ ਦਿੰਦੇ
ਹਨ ॥ ॥੧੬॥ ਕੋਈ ਮਨੁੱਖ ਦੀਵਾ ਬਾਲਕੇ ਭਾਂਡੇ ਨਾਲ ਨਹੀਂ ਲੁਕਾਉਂਦਾ ਅ
ਤੇ ਨਾ ਮੰਜੇ ਦੇ ਹੇਠ ਰੱਖਦਾ ਹੈ ਬਲਕ ਦੀਵਟ ਉੱਤੇ ਰੱਖਦਾ ਹੈ ਭਈ ਅੰਦਰ ਆਉਣ ਵਾਲੇ ਚ
ਨਣ ਵੇਖਣ ॥੧੭॥ ਕਿਉਂਕਿ ਕੁਛ ਗੁਪਤ ਨਹੀਂ ਜੋ ਪਰਗਟ ਨਾ ਹੋਊਗਾ ਅਤੇ ਲੁਕਿਆ ਨ-
ਹੀਂ ਜੋ ਜਾਣਿਆ ਨਾ ਜਾਵੇ ਅਤੇ ਉਜਾਗਰ ਨਾ ਹੋਵੇ ॥੧੮॥ ਇਸ ਕਰਕੇ ਚੌਕਸ ਰਹੋ ਜੋ ਕਿਸ
ਤਰਾਂ ਸੁਣਦੇ ਹੋਂ ਕਿਉਂਕਿ ਜਿਹ ਦੇ ਕੋਲ ਕੁਛ ਹੋਵੇ ਉਹ ਨੂੰ ਦਿੱਤਾ ਜਾਊਗਾ ਅਤੇ ਜਿਹ ਦੇ ਕੋਲ
ਨਾ ਹੋਵੇ ਉਸ ਥੋਂ ਉਹ ਭੀ ਜੋ ਉਹ ਆਪਣੀ ਜਾਚ ਵਿੱਚ ਰੱਖਦਾ ਹੈ ਲੈ ਲਿਆ ਜਾਊਗਾ ॥
॥੧੯॥ ਅਰ ਉਹ ਦੀ ਮਾਂ ਅਤੇ ਭਾਈ ਉਸ ਪਾਸ ਆਏ ਅਤੇ ਭੀੜ ਦੇ ਸਬੱਬ ਕਰ-

Original with:
Language Department Punjab
Digitized by:
Panjab Digital Library

ਕੇ ਉਹਦੇ ਨੇੜੇ ਅੱਪੜਨਾ ਸੱਕੇ ॥੨੦॥ ਅਤੇ ਉਸਨੂੰ ਖਬਰ ਕੀਤੀ ਗਈ ਭਈ ਤੇਰੀ ਮਾਂ ਅ-
ਤੇ ਤੇਰੇ ਭਾਈ ਬਾਹਰ ਖੜੇ ਤੈਨੂੰ ਮਿਲਣਾ ਚਾਹੁੰਦੇ ਹਨ ॥੨੧॥ ਪਰ ਉਸ ਨੈ ਉਨਾਂ ਨੂੰ ਉੱਤਰ ਦਿੱ-
ਤਾ ਕਿ ਮੇਰੀ ਮਾਂ ਅਤੇ ਮੇਰੇ ਭਾਈ ਏਹ ਹਨ ਜੇਹੜੇ ਪਰਮੇਸੁਰ ਦਾ ਬਚਨ ਸੁਣਦੇ ਅਤੇ ਮੰਨਦੇ ਹ-
ਨ ॥ ॥੨੨॥ ਫੇਰ ਇੱਕ ਦਿਨ ਐਉਂ ਹੋਇਆ ਜੋ ਉਹ ਅਤੇ ਉਸ ਦੇ ਸਿੱਖ ਬੇੜੀ ਉੱ-
ਤੇ ਚੜੇ ਅਰ ਉਸ ਨੈ ਉਨਾਂ ਨੂੰ ਆਖਿਆ ਆਓ ਅਸੀਂ ਝੀਲ ਦੇ ਪਾਰ ਚੱਲਿਏ ਅਤੇ ਉਨਾਂ ਨੈ
ਬੇੜੀ ਖੋਲ ਦਿੱਤੀ ॥੨੩॥ ਪਰ ਜਾਂ ਬੇੜੀ ਚੱਲੀ ਜਾਂਦੀ ਸੀ ਤਾਂ ਉਹ ਸੌਂ ਗਿਆ ਅਤੇ ਝੀਲ ਪੁ-
ਰ ਅਨੇਰੀ ਆਈ ਅਤੇ ਬੇੜੀ ਪਾਣੀ ਨਾਲ ਭਰੀ ਜਾਂਦੀ ਸੀ ਅਰ ਓਹ ਜੋਖੋਂ ਵਿੱਚ ਸਨ ॥੨੪
॥ ਅਤੇ ਉਨਾਂ ਨੈ ਕੋਲ ਆਣ ਕੇ ਉਸ ਨੂੰ ਜਗਾਇਆ ਅਤੇ ਕਿਹਾ ਮਹਾਰਾਜ ਮਹਾਰਾਜ ਅ-
ਸੀਂ ਤਾਂ ਮਰ ਚੱਲੇ ਹਾਂ। ਅਰ ਉਸ ਨੈ ਉੱਠ ਕੇ ਪੌਣ ਅਤੇ ਪਾਣੀ ਦੀਆਂ ਠਾਠਾਂ ਨੂੰ ਦਬਕਾ ਦਿੱਤਾ
ਅਰ ਓਹ ਥੰਮ੍ਹ ਗਈਆਂ ਅਤੇ ਚੈਨ ਹੋ ਗਿਆ ॥੨੫॥ ਫੇਰ ਉਸ ਨੈ ਉਨਾਂ ਨੂੰ ਆਖਿਆ ਤੁ-
ਹਾਡੀ ਨਿਹਚਾ ਕਿੱਥੇ। ਅਤੇ ਓਹ ਡਰ ਗਏ ਅਰ ਹੈਰਾਨ ਹੋ ਕੇ ਆਪੋ ਵਿੱਚੀਂ ਕਹਿਣ ਲੱਗੇ ਇ-
ਹ ਕੌਣ ਹੈ ਜੋ ਪੌਣ ਅਤੇ ਪਾਣੀ ਉੱਤੇ ਬੀ ਹੁਕਮ ਕਰਦਾ ਹੈ ਅਰ ਓਹ ਉਸ ਦੀ ਮੰਨ ਲੈਂਦੇ ਹਨ ॥
॥੨੬॥ ਅਤੇ ਓਹ ਗਿਰਸੇਨੀਆਂ ਦੇ ਦੇਸ ਵਿੱਚ ਜੋ ਗਲੀਲ ਦੇ ਸਾਹਮਣੇ ਪਾਰ
ਹੈ ਪਹੁੰਚੇ ॥੨੭॥ ਅਰ ਜਾਂ ਉਹ ਕੰਢੇ ਪੁਰ ਉੱਤਰਿਆ ਤਾਂ ਨਗਰ ਵਿੱਚੋਂ ਇੱਕ ਮਨੁੱਖ ਟੱਕਰਿ-
ਆ ਜਿਹ ਦੇ ਉੱਤੇ ਭੂਤ ਸਨ ਅਤੇ ਉਹ ਬਹੁਤ ਚਿਰ ਦਾ ਬਸਤ੍ਰ ਨਹੀਂ ਸੀ ਪਹਿੰਦਾ ਅਤੇ ਘਰ

Original with:
Language Department Punjab
Digitized by:
Panjab Digital Library

ਨਹੀਂ ਬਲਕ ਕਬਰਾਂ ਵਿੱਚ ਰਹਿੰਦਾ ਸੀ ॥੨੮॥ ਅਰ ਯਿਸੂ ਨੂੰ ਵੇਖ ਕੇ ਚੀਕ ਮਾਰੀ ਅਤੇ ਉਸ
ਦੇ ਅੱਗੇ ਡਿਗ ਪਿਆ ਅਰ ਉੱਚੀ ਅਵਾਜ ਨਾਲ ਬੋਲਿਆ ਹੇ ਮਹਾਂ ਪਰਮੇਸੁਰ ਦੇ ਪੁਤ੍ਰ ਯਿ-
ਸੂ ਤੇਰਾ ਮੇਰੇ ਨਾਲ ਕੀ ਵਾਸਤਾ। ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਜੋ ਮੈਨੂੰ ਦੁਖ ਨਾ ਦਿਹ ॥੨੯
॥ ਕਿਉਂਕਿ ਉਹ ਉਸ ਭ੍ਰਿਸਟ ਆਤਮਾ ਨੂੰ ਹੁਕਮ ਕਰ ਰਿਹਾ ਸੀ ਕਿ ਇਸ ਮਨੁੱਖ ਵਿੱਚੋਂ ਨਿੱਕਲ ਜਾ
ਹ ਇਸ ਲਈ ਜੋ ਉਹ ਬਹੁਤ ਵਾਰੀ ਉਹ ਨੂੰ ਖਿੱਚ ਖੜਦਾ ਸੀ ਅਤੇ ਉਹ ਸੰਗਲਾਂ ਅਤੇ ਬੇੜੀਆਂ
ਨਾਲ ਜਕੜਿਆ ਹੋਇਆ ਪਹਿਰੇ ਵਿੱਚ ਰਹਿੰਦਾ ਸੀ ਪਰ ਉਹ ਬੀਧਨਾਂ ਨੂੰ ਤੋੜ ਸੁੱਟਦਾ ਅਤੇ
ਭੂਤ ਉਹ ਨੂੰ ਉਜਾੜਾਂ ਵਿੱਚ ਭਜਾਉਂਦਾ ਸੀ ॥੩੦॥ ਅਰ ਯਿਸੂ ਨੇ ਉਹ ਨੂੰ ਪੁੱਛਿਆ ਤੇਰਾ ਨਾਉ
ਕੀ ਹੈ। ਉਹ ਬੋਲਿਆ ਫੌਜ ਕਿਉਂ ਜੋ ਬਹੁਤ ਭੂਤ ਉਸ ਵਿੱਚ ਵੜੇ ਹੋਏ ਸਨ ॥੩੧॥ ਅਤੇ ਉਨ
ਉਹ ਦੀ ਮਿੰਨਤ ਕੀਤੀ ਭਈ ਸਾ ਨੂੰ ਅਥਾਹ ਕੁੰਡ ਵਿੱਚ ਜਾਣ ਦਾ ਹੁਕਮ ਨਾ ਕਰ ॥੩੨॥ ਅ-
ਰ ਉੱਥੇ ਸੂਰਾਂ ਦਾ ਇੱਕ ਵੱਡਾ ਇੱਜੜ ਪਹਾੜ ਪੁਰ ਚੁਗਦਾ ਸੀ ਅਤੇ ਉਨਾਂ ਉਸ ਦੀ ਮਿੰਨਤ ਕੀ-
ਤੀ ਕਿ ਸਾ ਨੂੰ ਪਰਵਾਨਗੀ ਦਿਹ ਜੋ ਉਨਾਂ ਵਿੱਚ ਜਾ ਵੜਿਏ ਅਤੇ ਉਸ ਨੇ ਉਨਾਂ ਨੂੰ ਪਰਵਾਨਗੀ
ਦਿੱਤੀ ॥੩੩॥ ਅਰ ਭੂਤ ਉਸ ਮਨੁੱਖ ਵਿੱਚੋਂ ਨਿੱਕਲ ਕੇ ਸੂਰਾਂ ਵਿੱਚ ਜਾ ਵੜੇ ਅਤੇ ਸਾਰਾ ਇੱਜ-
ੜ ਢਾਹੇ ਉੱਤੋਂ ਸਿਰ ਤੋੜ ਭੱਜ ਕੇ ਝੀਲ ਵਿੱਚ ਜਾ ਪਿਆ ਅਤੇ ਡੁੱਬ ਮੋਇਆ ॥੩੪॥ ਅਰ ਚੁ-
ਗਾਉਣ ਵਾਲੇ ਇਹ ਵਿਥਿਆ ਵੇਖ ਕੇ ਭੱਜੇ ਅਤੇ ਨਗਰ ਅਰ ਪਿੰਡਾਂ ਵਿੱਚ ਖਬਰ ਪੁਚਾਈ
॥੩੫॥ ਅਰ ਲੋਕ ਉਸ ਵਿਥਿਆ ਨੂੰ ਵੇਖਣ ਨਿੱਕਲੇ ਅਤੇ ਯਿਸੂ ਦੇ ਕੋਲ ਆਣ ਕੇ ਉਸ ਮ-

Original with:
Language Department Punjab
Digitized by:
Panjab Digital Library

ਨੁੱਖ ਨੂੰ ਜਿਸ ਵਿੱਚੋਂ ਭੂਤ ਨਿੱਕਲੇ ਸਨ ਕੱਪੜੇ ਪਹਿਨੀਂ ਅਤੇ ਸੁਰਤ ਸਮ੍ਹਾਲੀ ਯਿਸੂ ਦੇ ਚਰਨਾਂ
ਲੱਗੇ ਬੈਠਾ ਵੇਖਿਆ ਅਤੇ ਓਹ ਡਰ ਗਏ ॥ ੩੬ ॥ ਅਰ ਵੇਖਣ ਵਾਲਿਆਂ ਨੇ ਉਨਾਂ ਨੂੰ ਖਬ-
ਰ ਦਿੱਤੀ ਭਈ ਉਹ ਜਿਹ ਦੇ ਵਿੱਚ ਭੂਤ ਸਨ ਕਿੱਕੂੰ ਬਚ ਗਿਆ ॥ ੩੭ ॥ ਅਰ ਗਿਰਸੇਨੀਆ
ਦੇ ਇਲਾਕੇ ਦੇ ਸਾਰੇ ਲੋਕਾਂ ਨੇ ਉਹ ਦੇ ਅੱਗੇ ਅਰਜ਼ ਕੀਤੀ ਜੋ ਸਾਡੇ ਪਾਸੋਂ ਚੱਲੇ ਜਾਓ ਕਿਉਂ ਜੋ ਉ-
ਨਾਂ ਨੂੰ ਵਡਾ ਖੌਫ ਪੈ ਗਿਆ ਸੀ। ਸੋ ਉਹ ਬੇੜੀ ਉੱਤੇ ਚੜ੍ਹ ਕੇ ਮੁੜ ਗਿਆ ॥ ੩੮ ॥ ਅਤੇ ਉਸ ਮ-
ਨੁੱਖ ਨੇ ਜਿਹ ਦੇ ਵਿੱਚੋਂ ਭੂਤ ਨਿੱਕਲੇ ਸਨ ਉਹ ਦੇ ਨਾਲ ਰਹਿਣ ਦੇ ਲਈ ਬੇਨਤੀ ਕਰੀ। ਪਰ ਉ-
ਸ ਨੇ ਇਹ ਕਹਿ ਕੇ ਉਹ ਨੂੰ ਵਿਦਿਆ ਕੀਤਾ ॥ ੩੯ ॥ ਭਈ ਆਪਣੇ ਘਰ ਨੂੰ ਮੁੜ ਜਾਹ ਅਤੇ
ਦੱਸੀਂ ਜੋ ਪਰਮੇਸ਼ੁਰ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ। ਅਤੇ ਉਹ ਸਾਰੇ ਨਗਰ ਵਿੱਚ ਉਜਾਗਰ
ਕਰਦਾ ਗਿਆ ਜੋ ਯਿਸੂ ਨੇ ਉਹ ਦੇ ਲਈ ਕੇਡੇ ਕੰਮ ਕੀਤੇ ॥ ॥ ੪੦ ॥ ਅਤੇ ਜਾਂ ਯਿ-
ਸੂ ਮੁੜ ਕੇ ਆਇਆ ਤਾਂ ਲੋਕਾਂ ਨੇ ਉਹ ਨੂੰ ਅੰਗੀਕਾਰ ਕੀਤਾ ਕਿਉਂ ਜੋ ਓਹ ਸਭ ਉਸ ਦੀ ਉਡੀਕ ਕ-
ਰ ਰਹੇ ਸਨ ॥ ੪੧ ॥ ਅਰ ਵੇਖੋ ਕਿ ਜੈਰੁਸ ਨਾਉਂ ਦਾ ਇੱਕ ਮਨੁੱਖ ਆਇਆ ਜਿਹੜਾ ਸਮਾਜ
ਦਾ ਸਰਦਾਰ ਸੀ ਅਤੇ ਉਹ ਨੇ ਯਿਸੂ ਦੇ ਪੈਰੀਂ ਪੈ ਕੇ ਉਹ ਦੀ ਮਿੰਨਤ ਕੀਤੀ ਜੋ ਮੇਰੇ ਘਰ ਚੱਲ ॥
੪੨ ॥ ਇਸ ਕਰਕੇ ਜੋ ਉਹ ਦੀ ਬਾਰਾਂ ਕੁ ਵਰਿਹਾਂ ਦੀ ਇਕਲੌਤੀ ਧੀ ਸੀ ਅਰ ਉਹ ਸੀ ਮਰਨਾਊ।
ਅਤੇ ਉਹ ਦੇ ਤੁਰਦਿਆਂ ਜਾਂਦਿਆਂ ਭੀੜ ਉਸ ਨੂੰ ਦਬਾਈ ਜਾਂਦੀ ਸੀ ॥ ॥ ੪੩ ॥
ਤਦ ਇੱਕ ਤੀਮੀਂ ਨੇ ਜਿਹ ਦੇ ਬਾਰਾਂ ਵਰਿਹਾਂ ਥੋਂ ਲਹੂ ਦੀ ਧਾਰ ਜਾਰੀ ਸੀ ਅਤੇ ਉਹ ਆਪਣੀ ਸ

Original with:
Language Department Punjab
Digitized by:
Panjab Digital Library

ਰੀ ਪੂੰਜੀ ਹਕੀਮਾਂ ਨੂੰ ਦੇ ਬੈਠੀ ਸੀ ਪਰ ਕਿਸੇ ਥੋਂ ਚੰਗੀ ਨਾ ਹੋ ਸੱਕੀ ॥ ੪੪ ॥ ਪਿੱਛੋਂ ਦੀ ਆਣ ਕੇ ਉ-
ਹਦੇ ਲੀੜੇ ਦਾ ਪੱਲਾ ਛੋਹਿਆ ਅਤੇ ਓਵੇਂ ਉਹ ਦੇ ਲਹੂ ਦੀ ਧਾਰ ਬੰਦ ਹੋ ਗਈ ॥ ੪੫ ॥ ਅਤੇ
ਯਿਸੂ ਨੈ ਕਿਹਾ ਕਿ ਮੈਨੂੰ ਕਿਹ ਨੈ ਛੋਹਿਆ। ਜਾਂ ਸਾਰਿਆਂ ਨੈ ਨਾਂਹ ਕੀਤੀ ਤਾਂ ਪਤਰਸ ਅਤੇ ਉ-
ਹਦੇ ਨਾਲ ਦਿਆਂ ਨੈ ਆਖਿਆ ਮਹਾਰਾਜ ਭੀੜ ਤੇਰੇ ਪਾਸ ਕੱਠੀ ਹੋਈ ਅਤੇ ਤੈਨੂੰ ਪੀੜਦੀ
ਜਾਂਦੀ ਹੈ ॥ ੪੬ ॥ ਪਰ ਯਿਸੂ ਨੈ ਕਿਹਾ ਕਿਸੇ ਨੈ ਮੈਨੂੰ ਛੋਹਿਆ ਕਿਉਂ ਜੋ ਮੈਨੂੰ ਮਲੂਮ ਹੋਇਆ ੦
ਭਈ ਮੇਰੇ ਵਿੱਚੋਂ ਸ਼ਕਤਿ ਨਿੱਕਲੀ ਹੈ ॥ ੪੭ ॥ ਜਾਂ ਉਸ ਤੀਮੀਂ ਨੈ ਵੇਖਿਆ ਜੋ ਮੈਂ ਲੁਕੀ ਨਾ ਰਹੀ
ਤਾਂ ਕੰਬਦੀ ਕੰਬਦੀ ਆਈ ਅਤੇ ਉਸ ਦੇ ਪੈਰੀਂ ਡਿਗ ਕੇ ਸਾਰੇ ਲੋਕਾਂ ਦੇ ਸਾਹਮਣੇ ਹਾਲ ਦੱਸਿ-
ਆ ਜੋ ਕਿਸ ਕਰਕੇ ਉਹ ਨੂੰ ਛੋਹਿਆ ਅਤੇ ਕਿਸ ਤਰਾਂ ਓਵੇਂ ਚੰਗੀ ਹੋ ਗਈ ॥ ੪੮ ॥ ਅਰ ਉਸ
ਨੈ ਉਹ ਨੂੰ ਆਖਿਆ ਧੀਏ ਤੇਰੀ ਨਿਹਚਾ ਨੈ ਤੈਨੂੰ ਚੰਗਾ ਕੀਤਾ ਹੈ ਸ਼ਲਾਮਤ ਚੱਲੀ ਜਾਹ ॥
॥ ੪੯ ॥ ਉਹ ਅਜੇ ਬੋਲਦਾ ਹੀ ਸੀ ਕਿ ਸਮਾਜ ਦੇ ਸਰਦਾਰ ਦੇ ਘਰੋਂ ਕਿਨੇ ਆ ੦
ਣ ਕੇ ਕਿਹਾ ਭਈ ਤੇਰੀ ਧੀ ਮਰ ਗਈ ਗੁਰੂ ਨੂੰ ਔਖਾ ਨਾ ਕਰ ॥ ੫੦ ॥ ਪਰ ਯਿਸੂ ਨੈ ਸੁਣ ਕੇ
ਅੱਗੋਂ ਉਸ ਨੂੰ ਆਖਿਆ ਨਾ ਡਰ ਕੇਵਲ ਨਿਹਚਾ ਕਰ ਤਾਂ ਉਹ ਬਚ ਜਾਊ ॥ ੫੧ ॥ ਅਤੇ ਉਹ
ਨੈ ਘਰ ਪਹੁੰਚ ਕੇ ਪਤਰਸ ਅਰ ਯੂਹੰਨਾ ਅਰ ਯਾਕੂਬ ਅਤੇ ਉਸ ਕੁੜੀ ਦੇ ਮਾਂ ਪਿਉ ਥੋਂ ਬਿਨਾ
ਹੋਰ ਕਿਸੇ ਨੂੰ ਆਪਣੇ ਨਾਲ ਅੰਦਰ ਵੜਨ ਨਾ ਦਿੱਤਾ ॥ ੫੨ ॥ ਅਤੇ ਸਭ ਲੋਕ ਉਸ ਕੁੜੀ ਨੂੰ
ਰੋਂਦੇ ਪਿੱਟਦੇ ਸਨ ਪਰ ਉਹ ਨੈ ਆਖਿਆ ਨਾ ਰੋਵੋ ਕਿਉਂ ਜੋ ਉਹ ਮਰੀ ਨਹੀਂ ਪਰ ਸੁੱਤੀ ਪਈ ਹੈ

Original with:
Language Department Punjab
Digitized by:
Panjab Digital Library

॥੫੩॥ ਤਾਂ ਓਹ ਉਸ ਉੱਤੇ ਹੱਸਣ ਲੱਗੇ ਕਿਉਂ ਜੋ ਜਾਣਦੇ ਸਨ ਭਈ ਉਹ ਮੋਈ ਪਈ ਹੈ॥੫੪॥ ਪਰ ਉਸ ਨੇ ਉਹ ਦਾ ਹੱਥ ਫੜ ਕੇ ਉੱਚੀ ਅਵਾਜ ਨਾਲ ਕਿਹਾ ਲੜਕੀ ਉੱਠ॥੫੫॥ ਅਤੇ ਉਸ ਦ ਆਤਮਾ ਮੁੜ ਆਇਆ ਅਤੇ ਉਹ ਝੱਟ ਉੱਠ ਖੜੀ ਹੋਈ। ਅਰ ਉਸ ਨੇ ਹੁਕਮ ਕੀਤਾ ਜੋ ਉਹ ਨੂੰ ਕੁਛ ਖਾਣ ਲਈ ਦਿੱਤਾ ਜਾਏ॥੫੬॥ ਅਤੇ ਉਹ ਦੇ ਮਾਂ ਪਿਉ ਅਚਰਜ ਰਹਿ ਗਏ ਪਰ ਉਸ ਨੇ ਉਨਾਂ ਨੂੰ ਤਕੀਦ ਕੀਤੀ ਭਈ ਇਹ ਵਿੱਥਿਆ ਕਿਸੇ ਕੋਲ ਨਾ ਦੱਸਿਓ॥

੯ ਕਾਂਡ॥

ਅਤੇ ਉਸ ਨੇ ਬਾਰਾਂ ਸਿੱਖਾਂ ਨੂੰ ਕੱਠੇ ਬੁਲਾ ਕੇ ਉਨਾਂ ਨੂੰ ਸਾਰਿਆਂ ਭੂਤਾਂ ਪੁਰ ਅਤੇ ਰੋਗਾਂ ਦੇ ਦੂਰ ਕਰਨ ਦੀ ਸਕਤਿ ਅਰ ਵੱਸ ਦਿੱਤਾ॥੨॥ ਅਰ ਉਨਾਂ ਨੂੰ ਪਰ-ਮੇਸੁਰ ਦੇ ਰਾਜ ਦੀ ਮਨਾਦੀ ਕਰਨ ਅਤੇ ਰੋਗੀਆਂ ਨੂੰ ਚੰਗੇ ਕਰਨ ਲਈ ਘੱਲਿਆ॥੩॥ ਅਤੇ ਉਸ ਨੇ ਉਨਾਂ ਨੂੰ ਆਖਿਆ ਕਿ ਤੁਸੀਂ ਰਾਹ ਦੇ ਲਈ ਕੁਛ ਨਾ ਲਓ ਨਾ ਲਾਠੀ ਨਾ ਝੋਲਾ ਨਾ ਰੋਟੀ ਨਾ ਰੁਪੱਯਾ ਅਤੇ ਨਾ ਦੋ ਕੁੜਤੇ ਰੱਖੋ॥੪॥ ਅਰ ਜਿਸ ਘਰ ਵਿੱਚ ਜਾਓ ਓਥੇ ਹੀ ਟਿਕੋ ਅਰ ਓਥੋਂ ਹੀ ਤੁਰੋ॥੫॥ ਅਤੇ ਜੇਹੜੇ ਤੁਹਾਡਾ ਆਦਰ ਭਾਉ ਨਾ ਕਰਨ ਤੁਸੀਂ ਉਸ ਨਗਰੋਂ ਨਿੱ-ਕਲਦਿਆਂ ਉਨਾਂ ਉੱਤੇ ਸਾਖੀ ਲਈ ਆਪਣੇ ਪੈਰਾਂ ਦੀ ਧੂੜ ਝਾੜ ਸੁੱਟੋ॥੬॥ ਤਾਂ ਓਹ ਬਾਹਰ ਜਾ ਕੇ ਪਿੰਡੋ ਪਿੰਡ ਹਰ ਥਾਉਂ ਮੰਗਲ ਸਮਾਚਾਰ ਸੁਣਾਉਂਦੇ ਅਤੇ ਰੋਗਾਂ ਨੂੰ ਦੂਰ ਕਰਦੇ ਫਿਰੇ॥

॥੭॥ ਅਤੇ ਰਾਜਾ ਹੇਰੋਦੇਸ ਨੇ ਸਭ ਕੁਛ ਜੋ ਹੋ ਰਿਹਾ ਸੀ ਸੁਣਿਆ ਅਰ ਦੁਬ-ਧਾ ਵਿੱਚ ਪਿਆ ਇਸ ਲਈ ਜੋ ਕਈ ਆਖਦੇ ਸਨ ਕਿ ਯੂਹੱਨਾ ਮੁਰਦਿਆਂ ਵਿੱਚੋਂ ਜੀ ਉੱਠਿਆ

Original with:
Language Department Punjab
Digitized by:
Panjab Digital Library

ਹੈ॥੮॥ਪਰ ਕਈ ਬੋਲੇ ਭਈ ਏਲੀਆਸ ਪਰਗਟ ਹੋਇਆ ਅਤੇ ਹੋਰ ਆਹੰਦੇ ਸਨ ਜੋ ਅ-
ਗਲਿਆਂ ਵਿੱਚੋਂ ਕੋਈ ਪੁਰਾਤਨ ਪੈਗੰਬਰ ਫੇਰ ਉੱਠਿਆ ਹੈ॥੯॥ਅਤੇ ਹੇਰੋਦੇਸ ਨੇ ਕਿਹਾ ਕਿ ਯੂਹੰਨ
ਦਾ ਸਿਰ ਮੈਂ ਵੱਢਾ ਸੁੱਟਿਆ ਪਰ ਇਹ ਕੌਣ ਹੈ ਜਿਹ ਦੇ ਹੱਕ ਵਿੱਚ ਮੈਂ ਏਹੋ ਜੇਹੀਆਂ ਗੱਲਾਂ ਸੁਣ-
ਦਾ ਹਾਂ। ਅਰ ਉਸ ਨੇ ਉਹ ਦੇ ਮਿਲਣ ਦੇ ਲਈ ਭਾਲ ਕੀਤੀ॥ ॥੧੦॥ਅਤੇ ਰਸੂ-
ਲਾਂ ਨੇ ਮੁੜ ਆਕੇ ਜੋ ਕੁਛ ਕੀਤਾ ਸੀ ਸੋ ਉਹ ਨੂੰ ਦੱਸਿਆ ਅਰ ਉਹ ਉਨਾਂ ਨੂੰ ਨਾਲ ਲੈਕੇ ਅਲ-
ਗ ਬੈਤਸੈਦਾ ਨਾਉਂ ਦੇ ਇੱਕ ਨਗਰ ਵਿੱਚ ਗਿਆ॥੧੧॥ਪਰ ਲੋਕ ਇਹ ਮਲੂਮ ਕਰਕੇ ਉਹ
ਦੇ ਮਗਰ ਤੁਰ ਪਏ ਅਤੇ ਉਸ ਨੇ ਉਨਾਂ ਨੂੰ ਅੰਗੀਕਾਰ ਕੀਤਾ ਅਰ ਪਰਮੇਸੁਰ ਦੇ ਰਾਜ ਦੀ ਬਾ-
ਬਤ ਉਨਾਂ ਨਾਲ ਬਚਨ ਕਰਿਆ ਅਤੇ ਜਿਨਾਂ ਨੂੰ ਚੰਗਿਆਂ ਹੋਣ ਦੀ ਲੋੜ ਸੀ ਉਨਾਂ ਨੂੰ ਚੰਗੇ
ਕੀਤਾ॥੧੨॥ਅਤੇ ਦਿਨ ਢੱਲਣ ਲੱਗਾ। ਤਾਂ ਉਨਾਂ ਬਾਰਾਂ ਨੇ ਕੋਲ ਆਣਕੇ ਉਹ ਨੂੰ ਆਖਿਆ
ਕਿ ਭੀੜ ਨੂੰ ਵਿਦਿਆ ਕਰ ਜੋ ਓਹ ਆਲੇ ਦੁਆਲੇ ਦਿਆਂ ਪਿੰਡਾਂ ਅਤੇ ਗਰਾਵਾਂ ਵਿੱਚ ਜਾਕੇ
ਰਾਤ ਕੱਟਣ ਅਤੇ ਕੁਛ ਲੈਕੇ ਖਾਣ ਕਿਉਂ ਜੋ ਅਸੀਂ ਐੱਥੇ ਉਜਾੜ ਥਾਉਂ ਵਿੱਚ ਹਾਂ॥੧੩॥ਪ-
ਰ ਉਸ ਨੇ ਤਿਨਾਂ ਨੂੰ ਆਖਿਆ ਤੁਸੀਂ ਹੀ ਉਨਾਂ ਨੂੰ ਖਾਣ ਲਈ ਦਿਓ। ਓਹ ਬੋਲੇ ਸਾਡੇ ਕੋਲ ਪੰਜ
ਰੋਟੀਆਂ ਅਤੇ ਦੋ ਮੱਛੀਆਂ ਥੋਂ ਬਿਨਾ ਹੋਰ ਕੁਛ ਨਹੀਂ ਅਪਰ ਇਹ ਹੈ ਕਿ ਅਸੀਂ ਜਾਕੇ ਇਨਾਂ ਸ-
ਭਨਾਂ ਲੋਕਾਂ ਦੇ ਲਈ ਭੋਜਨ ਮੁੱਲ ਲਿਆਈਏ। ਕਿਉਂਕਿ ਓਹ ਪੰਜ ਕੁ ਹਜ਼ਾਰ ਮਰਦ ਸਨ॥
੧੪॥ਅਤੇ ਉਹ ਨੇ ਆਪਣੇ ਸਿੱਖਾਂ ਨੂੰ ਆਖਿਆ ਭਈ ਉਨਾਂ ਨੂੰ ਕੋਈ ਪੰਜਾਹਾਂ ਪੰਜਾਹਾਂ ਦੀ ਟੋ-

Original with:
Language Department Punjab
Digitized by:
Panjab Digital Library

ਲੀਕਰਕੇਬਿਠਾਲਦਿਓ॥੧੫॥ਅਰਉਨਾਂਉਸੇਤਰਾਂਕਰਕੇਸਭਨਾਂਨੂੰਬਿਠਾਲਿਆ॥੧੬॥
ਅਤੇਉਸਨੈਉਨਾਂਪੰਜਾਂਰੋਟੀਆਂਅਰਦੋਹੁੰਮੱਛੀਆਂਨੂੰਲੈਲਿਆਅਰਅਕਾਸਵੱਲਵੇਖ-
ਕੇਉਨਾਂਉੱਤੇਬਰਕਤਦਿੱਤੀਅਤੇਤੋੜਕੇਸਿੱਖਾਂਨੂੰਦਿੱਤੀਆਂਭੁਈਲੋਕਾਂਦੇਅੱਗੇਰੱਖਣ॥੧੭
॥ਅਰਓਹਸਾਰੇਖਾਕੇਰੱਜਗਾਏਅਤੇਉਨਾਂਦਿਆਂਬਾਚਿਆਂਹੋਇਆਂਟੁਕੜਿਆਂਦੀਆਂਬ ੦
ਰਾਂਟੋਕਰੀਆਂਚੁੱਕੀਆਂਗਾਈਆਂ॥ ॥੧੮॥ਅਤੇਅਜਿਹਾਹੋਇਆਕਿਜਾਂਉਹ
ਨਿਰਾਲੇਵਿੱਚਪ੍ਰਾਰਥਨਾਕਰਦਾਸੀਤਾਂਸਿੱਖਉਹਦੇਨਾਲਸਨਅਰਉਸਨੈਇਹਕਹਿਕੇਉਨ ੦
ਨੂੰਪੁੱਛਿਆਭੁਈਲੋਕਕੀਕਹਿੰਦੇਹਨਜੋਮੈਂਕੌਣਹਾਂ॥੧੯॥ਤਾਂਉਨਾਂਉੱਤਰਦਿੱਤਾਕਿਯੂਹੰਨ ੦
ਬਪਤਿਸਮਾਦੇਣਵਾਲਾਪਰਹੋਰਇਲੀਆਸਅਤੇਹੋਰਭੁਈਅਗਾਲਿਆਂਵਿੱਚੋਂਕੋਈਪਿ-
ਕੰਬਰਫੇਰਉੱਠਿਆਹੈ॥੨੦॥ਤਾਂਉਸਨੈਉਨਾਂਨੂੰਕਿਹਾਪਰਤੁਸੀਂਕੀਆਖਦੇਹੋਜੋਮੈਂਕੌਣਹ ੦
।ਅਤੇਪਤਰਸਨੈਉੱਤਰਦਿੱਤਾਕਿਪਰਮੇਸ਼ੁਰਦਾਮਸੀਹ॥੨੧॥ਤਾਂਉਸਨੈਉਨਾਂਨੂੰਤਗੀਦ
ਕਰਕੇਹੁਕਮਦਿੱਤਾਜੋਇਹਕਿਸੇਨੂੰਨਾਦੱਸੋ॥੨੨॥ਅਤੇਆਖਿਆਭੁਈਜਰੂਰਹੈਜੋਮਨੁੱ-
ਖਦਾਪੁਤ੍ਰਬਹੁਤਦੁਖਝੱਲੇਅਤੇਬੁਜੁਰਗਾਂਅਰਪ੍ਰਧਾਨਜਾਜਕਾਂਅਰਗ੍ਰੰਥੀਆਂਥੀਂਰੱਦਿ-
ਆਜਾਏਅਤੇਮਾਰਸੁੱਟਿਆਜਾਏਅਤੇਤੀਜੇਦਿਨਜੁਆਲਿਆਜਾਏ॥੨੩॥ਅਰਉਸ
ਨੈਸਭਨਾਂਨੂੰਕਿਹਾਜੇਕੋਈਮੇਰੇਪਿੱਛੇਆਇਆਚਾਹੇਤਾਂਆਪਣੇਮਨਨੂੰਮਾਰੇਅਤੇਰੋਜ
ਆਪਣੀਸਲੀਬਚੁੱਕਕੇਮੇਰੇਪਿੱਛੇਚੱਲੇ॥੨੪॥ਕਿਉਂਕਿਜਿਹੜਾਆਪਣੀਜਾਨਬਚਾਇ-

Original with:
Language Department Punjab
Digitized by:
Panjab Digital Library

ਆ ਚਾਹੇ ਉਹ ਉਸਨੂੰ ਗੁਆਊਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ
ਨੂੰ ਬਚਾਊਗਾ ॥੨੫॥ ਕਿਉਂਕਿ ਮਨੁੱਖ ਨੂੰ ਕੀ ਲਾਭ ਹੈ ਜੇ ਸਾਰੇ ਜਗਤ ਨੂੰ ਕਮਾਵੇ ਪਰ ਆਪਣਾ ਨ
ਸ ਕਰੇ ਜਾਂ ਆਪ ਨੂੰ ਗੁਆਵੇ ॥੨੬॥ ਕਿਉਂਕਿ ਜੋ ਕੋਈ ਮੈਥੋਂ ਅਤੇ ਮੇਰਿਆਂ ਬਚਨਾਂ ਥੋਂ ਸ਼ਰਮਾਏ-
ਗਾ ਮਨੁੱਖ ਦਾ ਪੁਤ੍ਰ ਭੀ ਉਸ ਥੋਂ ਸ਼ਰਮਾਏਗਾ ਜਿਸ ਵੇਲੇ ਆਪਣੇ ਅਤੇ ਪਿਤਾ ਦੇ ਅਤੇ ਪਵਿਤ੍ਰ ਦੂ-
ਤਾਂ ਦੇ ਤੇਜ ਨਾਲ ਆਵੇਗਾ ॥੨੭॥ ਪਰ ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਕਈਕ ਉਨ੍ਹਾਂ ਵਿੱਚੋਂ ਜੇਹੜੇ
ਐੱਥੇ ਖੜੇ ਹਨ ਮੌਤ ਦਾ ਸੁਆਦ ਨਾ ਚੱਖਣਗੇ ਜਦ ਤਾਈਂ ਪਰਮੇਸ਼ੁਰ ਦੇ ਰਾਜ ਨੂੰ ਨਾ ਵੇਖਣ ॥

॥੨੮॥ ਅਤੇ ਇਨ੍ਹਾਂ ਗੱਲਾਂ ਦੇ ਅੱਠ ਕੁ ਦਿਨ ਪਿੱਛੋਂ ਐਉਂ ਹੋਇਆ ਜੋ ਉਹ ਪਤਰਸ ਅ-
ਰ ਯੂਹੰਨਾ ਅਰ ਯਾਕੂਬ ਨੂੰ ਨਾਲ ਲੈਕੇ ਪਹਾੜ ਉੱਤੇ ਪ੍ਰਾਰਥਨਾ ਕਰਨ ਚੜ੍ਹਿਆ ॥੨੯॥ ਅਰ ਉ-
ਹ ਦੇ ਪ੍ਰਾਰਥਨਾ ਕਰਦਿਆਂ ਉਹ ਦੇ ਮੂੰਹ ਦਾ ਰੂਪ ਹੋਰ ਹੀ ਹੋ ਗਿਆ ਅਤੇ ਉਹ ਦੀ ਪੁਸ਼ਾਕ ਚਿੱਟੀ
ਅਤੇ ਚਮਕੀਲੀ ਹੋ ਗਈ ॥੩੦॥ ਅਰ ਵੇਖੋ ਕਿ ਦੋ ਮਨੁੱਖ ਅਰਥਾਤ ਮੂਸਾ ਅਤੇ ਇਲੀਆਸ
ਉਸ ਨਾਲ ਗੱਲਾਂ ਕਰਦੇ ਸਨ ॥੩੧॥ ਓਹ ਤੇਜ ਵਿੱਚ ਵਿਖਾਈ ਦੇ ਕੇ ਉਹ ਦੇ ਕੂਚ ਦੀਆਂ ਗੱਲਾਂ
ਕਰਦੇ ਸਨ ਜੋ ਉਹ ਨੇ ਯਰੂਸ਼ਲੀਮ ਵਿੱਚ ਸੰਪੂਰਣ ਕਰਨਾ ਸੀ ॥੩੨॥ ਪਰ ਪਤਰਸ ਅਤੇ ਉਹ
ਦੇ ਸਾਥੀ ਨੀਂਦ ਨਾਲ ਭਾਰੀ ਸਨ ਪਰ ਉਨ੍ਹਾਂ ਨੇ ਜਾਗਦਿਆਂ ਉਹ ਦੇ ਤੇਜ ਅਤੇ ਉਨ੍ਹਾਂ ਦੋਹਾਂ ਜਣ-
ਆਂ ਨੂੰ ਜੇਹੜੇ ਉਹ ਦੇ ਨਾਲ ਖੜੇ ਸਨ ਡਿੱਠਾ ॥੩੩॥ ਅਰ ਐਉਂ ਹੋਇਆ ਕਿ ਜਾਂ ਓਹ ਉਸ ਥੋਂ ਜੁ-
ਦੇ ਹੋਣ ਲੱਗੇ ਤਾਂ ਪਤਰਸ ਨੇ ਯਿਸੂ ਨੂੰ ਆਖਿਆ ਮਹਾਰਾਜ ਸਾਡਾ ਐੱਥੇ ਹੋਣਾ ਅੱਛਾ ਹੈ ਸੋ ਆ-

Original with:
Language Department Punjab
Digitized by:
Panjab Digital Library

ਸੀਂ ਤਿੰਨ ਤੰਬੂ ਬਣਾਇਸੇ ਇੱਕ ਤੇਰੇ ਅਤੇ ਇੱਕ ਮੂਸਾ ਅਤੇ ਇੱਕ ਇਲੀਆਸ ਦੇ ਲਈ ਪਰ ਉਹ ਨਹੀਂ ਸੀ ਜਾਣਦਾ ਭਈ ਕੀ ਕਹਿੰਦਾ ਹੈ ॥ ੩੪ ॥ ਅਤੇ ਉਹ ਇਹ ਅਜੇ ਬੋਲਦਾ ਹੀ ਸੀ ਕਿ ਇੱਕ ਬੱਦਲ ਆਣਕੇ ਉਨਾਂ ਉੱਤੇ ਛਾਉਂ ਕੀਤੀ ਅਰ ਓਹ ਬੱਦਲ ਵਿੱਚ ਵੜਦੇ ਹੀ ਡਰ ਗਏ ॥ ੩੫ ॥ ਅਰ ਉਸ ਬੱਦਲ ਵਿੱਚੋਂ ਇੱਕ ਅਵਾਜ ਇਹ ਕਹਿੰਦੀ ਆਈ ਜੋ ਇਹ ਮੇਰਾ ਪੁਤ੍ਰ ਹੈ ਮੇਰਾ ਚੁਣਿਆ ਹੋਇਆ। ਇਹ ਦੀ ਸੁਣੋ ॥ ੩੬ ॥ ਅਤੇ ਇਹ ਅਵਾਜ ਹੁੰਦੇ ਹੀ ਯਿਸੂ ਇੱਕਲਾ ਪਾਇਆ ਗਿਆ। ਅਤੇ ਓਹ ਚੁੱਪ ਕਰ ਰਹੇ ਅਰ ਜੋ ਕੁੜੀਆਂ ਗੱਲਾਂ ਵੇਖੀਆਂ ਸੀਆਂ ਉਨਾਂ ਵਿੱਚੋਂ ਉਨੀਂ ਦਿਨੀਂ ਕਿਸੇ ਨੂੰ ਕੁਛ ਨਾ ਦੱਸਿਆ ॥ ॥ ੩੭ ॥ ਅਤੇ ਅਗਲੇ ਦਿਨ ਐਉਂ ਹੋਇਆ ਕਿ ਜਾਂ ਓਹ ਪਹਾੜ ਉੱਤੋਂ ਰੇਤਾਂ ਵੜੀ ਭੀੜ ਉਸ ਨੂੰ ਆ ਮਿਲੀ ॥ ੩੮ ॥ ਅਰ ਵੇਖੋ ਭੀੜ ਵਿੱਚੋਂ ਇੱਕ ਮਨੁੱਖ ਨੇ ਉੱਚੀ ਦੇ ਕੇ ਕਿਹਾ ਗੁਰੂ ਜੀ ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਜੋ ਮੇਰੇ ਪੁਤ੍ਰ ਉੱਤੇ ਕਿਰਪਾ ਦ੍ਰਿਸ਼ਟ ਕਰ ਕਿਉਂਕਿ ਉਹ ਮੇਰਾ ਇਕਲੌਤਾ ਹੈ ॥ ੩੯ ॥ ਅਤੇ ਵੇਖੋ ਕਿ ਇੱਕ ਆਤਮਾ ਉਹ ਨੂੰ ਫੜ ਲੈਂਦਾ ਹੈ ਅਤੇ ਉਹ ਇੱਕ ਵਾਰਗੀ ਚੀਕ ਮਾਰਨ ਲੱਗ ਜਾਂਦਾ ਹੈ ਅਰ ਉਹ ਉਸ ਨੂੰ ਅਜਿਹਾ ਘੁੱਟਦਾ ਹੈ ਜੋ ਉਹ ਝੱਗਾ ਵਹਾਉਂਦਾ ਅਤੇ ਉਹ ਨੂੰ ਭੰਨ ਮਰੋੜ ਕੇ ਮਸਾਂ ਜਿਹੇ ਉਹ ਨੂੰ ਛੱਡਦਾ ਹੈ ॥ ੪੦ ॥ ਅਰ ਮੈਂ ਤੇਰੇ ਸਿੱਖਾਂ ਦੇ ਅੱਗੇ ਬੇਨਤੀ ਕੀਤੀ ਜੋ ਉਸ ਨੂੰ ਕੱਢ ਦੇਣ ਪਰ ਓਹ ਨਾ ਕੱਢ ਸੱਕੇ ॥ ੪੧ ॥ ਤਦ ਯਿਸੂ ਨੇ ਉੱਤਰ ਦਿੱਤਾ ਹੇ ਬੇਪਰਤੀਤ ਅਤੇ ਉਲਟੀ ਪੀੜੀ ਕਦ ਤੋੜੀ ਮੈਂ ਤੁਹਾਡੇ ਸੰਗ ਰਹਾਂਗਾ ਅਰ ਤੁਹਾਡੀ ਸਹਾਂਗਾ। ਆਪਣੇ ਪੁਤ੍ਰ ਨੂੰ ਅੱਥੇ ਲਿਆ ॥ ੪੨ ॥ ਅਤੇ ਉਹ ਅਜੇ ਆਉਂਦਾ ਹੀ ਸੀ ਕਿ ਭੂਤ ਨੇ ਉਹ ਨੂੰ ਪਟਕ ਦਿੱਤਾ ਅਤੇ ਵੜਾ ਮਰੋੜਿਆ। ਪਰ ਯਿਸੂ

ਨੇਉਸ ਕ੍ਰਿਸਟ ਆਤਮਾ ਨੂੰ ਝਿੜਕਿਆ ਅਤੇ ਬਾਲਕ ਨੂੰ ਚੰਗਾ ਕੀਤਾ ਅਰ ਉਸ ਨੂੰ ਉਹ ਦੇ ਪਿਉ
ਦੇ ਹੱਥ ਸੌਂਪ ਦਿੱਤਾ ॥੪੩॥ ਅਰ ਸਭ ਪਰਮੇਸੁਰ ਦੀ ਵਡਿਆਈ ਥੋਂ ਹੈਰਾਨ ਹੋਏ ॥
॥ ਅਤੇ ਜਾਂ ਸਭ ਉਨਾਂ ਸਾਰਿਆਂ ਕੰਮਾਂ ਥੋਂ ਜੋ ਉਸ ਨੈ ਕੀਤੇ ਅਚੰਭਾ ਕਰਦੇ ਸਨ ਤਾਂ ਓਨ ਆਪਣੇ ਸਿੰ-
ਖਾਂ ਨੂੰ ਕਿਹਾ ॥੪੪॥ ਭਈ ਇਨਾਂ ਗੱਲਾਂ ਨੂੰ ਆਪਣੇ ਕੰਨਾਂ ਨਾਲ ਸੁਣ ਛੱਡੋ ਕਿਉਂ ਜੋ ਮਨੁੱਖ ਦਾ ਪੁਤ੍ਰ
ਮਨੁੱਖਾਂ ਦੇ ਹੱਥੀਂ ਫੜਵਾਇਆ ਜਾਣੇ ਪੁਰ ਹੈ ॥੪੫॥ ਪਰ ਉਨਾਂ ਇਹ ਗੱਲ ਨਾ ਸਮਝੀ ਅਤੇ ਇਹ
ਉਨਾਂ ਥੋਂ ਛਿਪੀ ਰਹੀ ਜੋ ਇਹ ਨੂੰ ਨਾ ਬੁੱਝਣ ਅਰ ਐਸ ਗੱਲ ਦੀ ਬਾਬਤ ਉਹ ਨੂੰ ਪੁੱਛਣ ਥੋਂ ਡਰਦੇ
ਸਨ ॥ ॥੪੬॥ ਅਤੇ ਉਨਾਂ ਵਿੱਚ ਇਹ ਬਹਿਸ ਹੋਣ ਲੱਗੀ ਜੋ ਸਾਡੇ ਵਿੱਚੋਂ ਵਡਾ ਕਿਹੜ
ਹੋਊ ॥੪੭॥ ਪਰ ਯਿਸੂ ਨੈ ਉਨਾਂ ਦੇ ਮਨ ਦੀ ਸੋਚ ਵੇਖਕੇ ਇੱਕ ਛੋਟੇ ਬਾਲਕ ਨੂੰ ਲਿਆ ਅਤੇ ਉਹ
ਨੂੰ ਆਪਣੇ ਕੋਲ ਖੜਾ ਕੀਤਾ ॥੪੮॥ ਅਤੇ ਉਨਾਂ ਨੂੰ ਆਖਿਆ ਭਈ ਜੋ ਕੋਈ ਮੇਰੇ ਨਾਉਂ ਕਰਕੇ ਇ-
ਸ ਬਾਲਕ ਨੂੰ ਅੰਗੀਕਾਰ ਕਰੇ ਸੋ ਮੈ ਨੂੰ ਅੰਗੀਕਾਰ ਕਰਦਾ ਹੈ ਅਤੇ ਜੋ ਕੋਈ ਮੈ ਨੂੰ ਅੰਗੀਕਾਰ ਕ-
ਰੇ ਸੋ ਉਸ ਨੂੰ ਜਿਨ ਮੈ ਨੂੰ ਘੱਲਿਆ ਹੈ ਅੰਗੀਕਾਰ ਕਰਦਾ ਹੈ ਕਿਉਂਕਿ ਜੋ ਕੋਈ ਤੁਸਾਂ ਸਭਨਾਂ ਵਿੱਚੋ
ਹੋਰਨਾਂ ਨਾਲੋਂ ਛੋਟਾ ਹੈ ਸੋਈ ਵਡਾ ਹੈ ॥ ॥੪੯॥ ਅਤੇ ਯੂਹੰਨਾ ਨੈ ਅੱਗੋਂ ਆਖਿਆ
ਮਹਾਰਾਜ ਅਸਾਂ ਇੱਕ ਮਨੁੱਖ ਤੇਰੇ ਨਾਉਂ ਨਾਲ ਭੂਤਾਂ ਨੂੰ ਕੱਢਦੇ ਵੇਖਿਆ ਅਤੇ ਉਹ ਨੂੰ ਵਰਜਿ-
ਆ ਇਸ ਲਈ ਜੋ ਉਹ ਸਾਡੇ ਨਾਲ ਤੇਰੇ ਮਗਰ ਨਹੀਂ ਚੱਲਦਾ ॥੫੦॥ ਪਰ ਯਿਸੂ ਨੈ ਉਹ ਨੂੰ ਆ-
ਖਿਆ ਨਾ ਵਰ ਜੋ ਕਿਉਂਕਿ ਜਿਹੜਾ ਤੁਹਾਡੇ ਵਿਰੁੱਧ ਨਹੀਂ ਉਹ ਤੁਹਾਡੀ ਵਲ ਹੈ ॥

Original with:
Language Department Punjab
Digitized by:
Panjab Digital Library

॥੫੧॥ ਅਤੇ ਐਉਂ ਹੋਇਆ ਕਿ ਜਾਂ ਉਹ ਦੇ ਉਠਾਏ ਜਾਣ ਦੇ ਦਿਨ ਸੰਪੂਰਣ ਹੋਣ ਲੱਗੇ ਤਾਂ ਉ-
ਹ ਨੈਮਨ ਦ੍ਰਿੜ ਕਰਕੇ ਯਰੂਸਲੀਮ ਨੂੰ ਜਾਣ ਲਈ ਆਪਣਾ ਮੁਹਾਣਾ ਮੋੜਿਆ ॥੫੨॥ ਅਰ
ਆਪਣੇ ਅੱਗੇ ਹਲਕਾਰੇ ਭੇਜੇ ਅਤੇ ਓਹ ਤੁਰ ਕੇ ਸਾਮਰੀਆਂ ਦੇ ਇੱਕ ਪਿੰਡ ਵਿੱਚ ਜਾ ਵੜੇ ਭ-
ਈ ਉਹ ਦੇ ਲਈ ਤਿਆਰੀ ਕਰਨ ॥ ੫੩॥ ਪਰ ਉਨਾਂ ਨੈ ਉਸ ਨੂੰ ਅੰਗੀਕਾਰ ਨਾ ਕੀਤਾ ਇ-
ਸ ਲਈ ਜੋ ਉਹ ਯਰੂਸਲੀਮ ਦੀ ਵਲ ਸਿਧ ਕਰੀ ਜਾਂਦਾ ਸੀ ॥ ੫੪॥ ਅਤੇ ਉਹ ਦੇ ਸਿੱਖ
ਯਾਕੂਬ ਅਰ ਯੂਹੰਨਾ ਨੈ ਇਹ ਵੇਖ ਕੇ ਕਿਹਾ ਪ੍ਰਭੂ ਜੀ ਕਿਆ ਤੇਰੀ ਮਰਜੀ ਹੈ ਜੋ ਅਸੀਂ ਹੁਕਮ ਕ-
ਰਿਏ ਭਈ ਅਕਾਸੋਂ ਅੱਗ ਵਰਸੇ ਅਤੇ ਇਨਾਂ ਦਾ ਨਾਸ ਕਰੇ ॥ ੫੫॥ ਪਰ ਉਹ ਨੈ ਮੁੜ ਕੇ ਉ-
ਨਾਂ ਨੂੰ ਝਿੜਕਿਆ ॥ ੫੬॥ ਅਤੇ ਓਹ ਕਿਸੇ ਹੋਰ ਪਿੰਡ ਨੂੰ ਚੱਲੇ ਗਏ ॥ ॥੫੭
॥ ਅਰ ਜਾਂ ਓਹ ਰਸਤੇ ਵਿੱਚ ਚੱਲੇ ਜਾਂਦੇ ਸਨ ਤਾਂ ਉਸ ਨੂੰ ਕਿਨੇ ਆਖਿਆ ਜਿੱਥੇ ਕਿਤੇ ਤੂੰ ਜਾ-
ਵੇਂ ਮੈਂ ਤੇਰੇ ਮਗਰ ਚੱਲਾਂਗਾ ॥ ੫੮॥ ਅਤੇ ਯਿਸੂ ਨੈ ਉਹ ਨੂੰ ਕਿਹਾ ਕੁਈ ਲੂੰਬੜੀਆਂ ਦੇ ਘੁਰ-
ਨੇ ਅਤੇ ਅਕਾਸ ਦੇ ਪੰਛੀਆਂ ਦੇ ਆਹਲਣੇ ਹਨ ਪਰ ਮਨੁੱਖ ਦੇ ਪੁਤ੍ਰ ਦੇ ਸਿਰ ਧਰਨ ਨੂੰ ਥਾ-
ਉਂ ਨਹੀਂ ॥ ੫੯॥ ਅਰ ਉਸ ਨੈ ਹੋਰ ਦੂਜੇ ਨੂੰ ਆਖਿਆ ਕਿ ਮੇਰੇ ਪਿੱਛੇ ਤੁਰ ਆ। ਪਰ ਉਹ ਨੈ ਕਿ-
ਹਾ ਪ੍ਰਭੂ ਜੀ ਮੈਨੂੰ ਪਰਵਾਨਗੀ ਦਿਹ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ ॥ ੬੦॥ ਉਸ ਨੈ
ਉਹ ਨੂੰ ਆਖਿਆ ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾ ਕੇ ਪਰਮੇਸ਼ੁਰ ਦੇ
ਰਾਜ ਦੀ ਖਬਰ ਸੁਣਾ ॥ ੬੧॥ ਅਤੇ ਇੱਕ ਹੋਰ ਬੋਲਿਆ ਪ੍ਰਭੂ ਜੀ ਮੈਂ ਤੇਰੇ ਲੜ ਲੱਗਾਂਗਾ ਪ-

Original with:
Language Department Punjab
Digitized by:
Panjab Digital Library

ਰ ਪਹਿਲਾਂ ਮੈਨੂੰ ਪਰਵਾਨਗੀ ਦਿਹ ਜੋ ਆਪਣੇ ਘਰ ਦਿਆਂ ਥੋਂ ਵਿਦਿਆ ਹੋ ਆਵਾਂ ॥ ੬੨ ॥
ਪਰ ਜਿਸ ਨੈ ਉਹ ਨੂੰ ਆਖਿਆ ਜੇ ਕੋਈ ਆਪਣਾ ਹੱਥ ਹਲ ਪੁਰ ਰੱਖ ਕੇ ਪਿਛਾਹਾਂ ਨੂੰ ਵੇਖੇ ਤ
ਉਹ ਪਰਮੇਸੁਰ ਦੇ ਰਾਜ ਦੇ ਜੋਗ ਨਹੀਂ ॥

੧੦ ਕਾਂਡ ॥ ਅਤੇ ਇਨਾਂ ਗੱਲਾਂ ਦੇ ਪਿੱਛੋਂ ਪ੍ਰਭੁ ਨੈ ਸੱਤਰ ਹੋਰ ਬੀ ਠਹਰਾਏ ਅਰ ਹਰ ਨਗਰ ਅਤੇ ਹਰ ਜਗਾ ਜਿੱਥੇ ਆਪ ਜਾਣ ਵਾਲਾ ਸੀ ਉਨਾਂ ਨੂੰ ਦੋ ਦੋ ਕਰਕੇ ਆਪਣੇ ਅੱਗੇ ਭੇਜਿ-
ਆ ॥ ੨ ॥ ਤਾਂ ਉਸ ਨੈ ਉਨਾਂ ਨੂੰ ਆਖਿਆ ਖੇਤੀ ਪੱਕੀ ਹੋਈ ਤਾਂ ਬਹੁਤ ਹੈ ਪਰ ਕੱਮੇ ਥੋੜੇ ਹਨ ਇਸ ਲ-
ਈ ਤੁਸੀਂ ਖੇਤੀ ਦੇ ਮਾਲਕ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਕੱਮੇ ਘੱਲ ਦੇਵੇ ॥
੩ ॥ ਜਾਓ ਵੇਖੋ ਮੈਂ ਤੁਹਾਨੂੰ ਲੇਲ੍ਹਿਆਂ ਵਾਂਙੂ ਬਘਿਆੜਾਂ ਦੇ ਵਿੱਚ ਭੇਜਦਾ ਹਾਂ ॥ ੪ ॥ ਨਾ ਬਟੂਆ ਨਾ
ਝੋਲਾ ਨਾ ਜੁੱਤੀਆਂ ਲਓ ਅਤੇ ਨਾ ਰਸਤੇ ਵਿੱਚ ਕਿਸੇ ਨੂੰ ਸਲਾਮ ਕਰੋ ॥ ੫ ॥ ਅਰ ਜਿਸ ਘਰ ਵਿੱਚ
ਤੁਸੀਂ ਜਾਓ ਪਹਿਲਾਂ ਆਖੋ ਭਈ ਇਸ ਘਰ ਦੀ ਸਲਾਮਤੀ ਹੋਵੇ ॥ ੬ ॥ ਅਰ ਜੇ ਸਲਾਮਤੀ ਦਾ
ਪੁਤ੍ਰ ਉੱਥੇ ਹੋਵੇ ਤਾਂ ਤੁਹਾਡੀ ਸਲਾਮਤੀ ਉਸ ਪੁਰ ਠਹਿਰੂਗੀ ਨਹੀਂ ਤਾਂ ਉਹ ਮੁੜ ਤੁਹਾਡੇ ਉੱਤੇ ਆਊ-
ਗੀ ॥ ੭ ॥ ਅਤੇ ਓਸੇ ਘਰ ਵਿੱਚ ਟਿਕੋ ਅਰ ਜੋ ਕੁਛ ਓਹ ਦੇਣ ਖਾਓ ਪੀਓ ਕਿਉਂ ਜੋ ਕੱਮਾ ਆਪਣੀ
ਮਜੂਰੀ ਦਾ ਹੱਕਦਾਰ ਹੈ। ਘਰ ਘਰ ਨਾ ਫਿਰੋ ॥ ੮ ॥ ਅਤੇ ਜਿਸ ਨਗਰ ਵਿੱਚ ਤੁਸੀਂ ਵੜੋ ਅਤੇ ਓਹ
ਤੁਹਾਨੂੰ ਅੰਗੀਕਾਰ ਕਰਨ ਤਾਂ ਜੋ ਕੁਛ ਤੁਹਾਡੇ ਅੱਗੇ ਰੱਖਿਆ ਜਾਵੇ ਸੋ ਖਾਓ ॥ ੯ ॥ ਅਰ ਓੱਥੋਂ ਦੇ
ਰੋਗੀਆਂ ਨੂੰ ਚੰਗੇ ਕਰੋ ਅਤੇ ਉਨਾਂ ਨੂੰ ਕਹੋ ਭਈ ਪਰਮੇਸੁਰ ਦਾ ਰਾਜ ਤੁਹਾਡੇ ਨੇੜੇ ਆ ਢੁੱਕਿਆ

Original with:
Language Department Punjab
Digitized by:
Panjab Digital Library

ਹੈ॥੧੦॥ਪਰ ਜਿਸ ਨਗਰ ਵਿੱਚ ਤੁਸੀਂ ਵੜੋ ਅਤੇ ਓਹ ਤੁਹਾ ਨੂੰ ਅੰਗੀਕਾਰ ਨਾ ਕਰਨ ਤਾਂ
ਉਹ ਦੇ ਚੌਕਾਂ ਵਿੱਚ ਜਾਕੇ ਕਹੋ॥੧੧॥ ਭਈ ਤੁਹਾਡੇ ਨਗਰ ਦੀ ਧੂੜ ਭੀ ਜੋ ਸਾਡੇ ਪੈਰਾਂ ਉੱਤੇ ਪ-
ਈ ਹੈ ਅਸੀਂ ਤੁਸਾਂ ਪੁਰ ਝਾੜ ਸੁੱਟਦੇ ਹਾਂ ਪਰ ਇਹ ਜਾਣੋ ਕਿ ਪਰਮੇਸ਼ੁਰ ਦਾ ਰਾਜ ਨੇੜੇ ਆ-
ਇਆ ਹੈ॥੧੨॥ ਮੈਂ ਤੁਹਾ ਨੂੰ ਆਖਦਾ ਹਾਂ ਭਈ ਉਸ ਦਿਨ ਉਸ ਨਗਰ ਨਾਲੋਂ ਸਦੂਮ ਉੱਤੇ ਨ-
ਰਮੀ ਹੋਊਗੀ॥੧੩॥ ਹਾਇ ਤੈ ਨੂੰ ਖੁਰਾਜੀਨ ਹਾਇ ਤੈ ਨੂੰ ਬੈਤਸੈਦਾ ਕਿਉਂਕਿ ਜੇਹੜੀਆਂ ਕ-
ਰਾਮਾਤਾਂ ਤੁਹਾਡੇ ਵਿੱਚ ਵਿਖਾਈਆਂ ਗਈਆਂ ਜੇ ਸੂਰ ਅਤੇ ਸੈਦਾ ਵਿੱਚ ਵਿਖਾਈਆਂ ਜਾਂਦੀ-
ਆਂ ਤਾਂ ਓਹ ਤੱਪੜ ਪਹਿਨਕੇ ਅਤੇ ਸੁਆਹ ਵਿੱਚ ਬੈਠਕੇ ਕਦੀ ਦੇ ਤੋਬਾ ਕਰ ਲੈਂਦੇ॥੧੪॥ਪ-
ਰ ਅਦਾਲਤ ਵਿੱਚ ਤੁਹਾਡੇ ਨਾਲੋਂ ਸੂਰ ਅਤੇ ਸੈਦਾ ਉੱਤੇ ਨਰਮੀ ਹੋਊ॥੧੫॥ ਅਤੇ ਹੇ ਕਫ਼ਰਨ
ਹੂਮ ਕੀ ਤੂੰ ਅਕਾਸ ਤੀਕੁਰ ਉੱਚਾ ਕੀਤਾ ਜਾਏਂਗਾ। ਤੂੰ ਸੱਭੋਂ ਪਤਾਲ ਤੇ ਥੱਲੀ ਉਤਾਰਿਆ ਜਾਏਂਗਾ
॥੧੬॥ ਜੋ ਕੋਈ ਤੁਹਾਡੀ ਸੁਣਦਾ ਹੈ ਉਹ ਮੇਰੀ ਸੁਣਦਾ ਹੈ ਅਤੇ ਜੋ ਕੋਈ ਤੁਹਾ ਨੂੰ ਤੁੱਛ ਜਾਣ-
ਦਾ ਹੈ ਉਹ ਮੈ ਨੂੰ ਤੁੱਛ ਜਾਣਦਾ ਹੈ ਅਰ ਜੋ ਕੋਈ ਮੈ ਨੂੰ ਤੁੱਛ ਜਾਣਦਾ ਹੈ ਉਹ ਮੇਰੇ ਭੇਜਣ ਵਾਲੇ
ਨੂੰ ਤੁੱਛ ਜਾਣਦਾ ਹੈ॥ ॥੧੭॥ ਅਤੇ ਓਹ ਸੱਤਰ ਅਨੰਦ ਨਾਲ ਮੁੜੇ ਅਰ ਬੋਲੇ
ਕਿ ਪ੍ਰਭੂ ਜੀ ਤੇਰੇ ਨਾਉਂ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ॥੧੮॥ ਅਤੇ ਉਸ ਨੇ ਉਨਾਂ ਨੂੰ ਆ
ਖਿਆ ਮੈਂ ਸ਼ਤਾਨ ਨੂੰ ਬਿਜਲੀ ਵਾਂਙੂ ਅਕਾਸ ਥੋਂ ਡਿਗਾ ਹੋਇਆ ਡਿੱਠਾ॥੧੯॥ ਵੇਖੋ ਮੈਂ ਤੁਹ
ਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤਿ ਉੱਤੇ ਇਖ਼ਤਿਆਰ

Original with:
Language Department Punjab
Digitized by:
Panjab Digital Library

ਦਿੱਤਾ ਹੈ ਅਤੇ ਕੋਈ ਚੀਜ ਤੁਹਾਡੇ ਉੱਤੇ ਮੂਲੇਂ ਵਾਧਾ ਨਾ ਕਰੂਗੀ॥ ੨੦॥ ਪਰ ਇਸ ਥੋਂ ਅਨੰਦ ਨ
ਹੋਵੋ ਕਿ ਆਤਮੇ ਤੁਹਾਡੇ ਵੱਸ ਵਿੱਚ ਹਨ ਪਰ ਇਸ ਥੋਂ ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿ-
ਚ ਲਿਖੇ ਹੋਏ ਹਨ॥ ॥੨੧॥ ਉਸੇ ਘੜੀ ਉਹ ਪਵਿਤ੍ਰ ਆਤਮਾ ਵਿੱਚ ਬਹੁਤ ਮਗਨ
ਹੋਕੇ ਬੋਲਿਆ ਹੇ ਪਿਤਾ ਅਕਾਸ਼ ਅਤੇ ਧਰਤੀ ਦੇ ਮਾਲਕ ਮੈਂ ਤੇਰੀ ਵਡਿਆਈ ਕਰਦਾ ਹਾਂ ਜੋ ਤੈਂ ਇ-
ਨਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਥੋਂ ਲੁਕੋਇਆ ਅਰ ਉਨਾਂ ਨੂੰ ਇਆਣਿਆਂ ਉੱਤੇ
ਪਰਗਟ ਕੀਤਾ। ਹਾਂ ਪਿਤਾ ਕਿਉਂ ਜੋ ਇਹੋ ਤੈਂ ਨੂੰ ਚੰਗਾ ਮਲੂਮ ਹੋਇਆ॥ ੨੨॥ ਸਭੋ ਕੁਛ ਮੇਰੇ
ਪਿਤਾ ਨੇ ਮੈਨੂੰ ਸੌਂਪਿਆ ਹੋਇਆ ਹੈ ਅਤੇ ਕੋਈ ਨਹੀਂ ਜਾਣਦਾ ਭਈ ਪੁਤ੍ਰ ਕੌਣ ਹੈ ਅਪਰ ਪਿਤਾ
ਅਰ ਪਿਤਾ ਕੌਣ ਹੈ ਅਪਰ ਪੁਤ੍ਰ ਅਤੇ ਉਹ ਕਿ ਜਿਸ ਉੱਤੇ ਪੁਤ੍ਰ ਉਸ ਨੂੰ ਪਰਗਟ ਕੀਤਾ ਚਾਹੇ॥ ੨੩
॥ ਅਤੇ ਉਸ ਨੇ ਸਿੱਖਾਂ ਦੀ ਵਲ ਮੁੜਕੇ ਨਿਰਾਲੇ ਵਿੱਚ ਕਿਹਾ ਕਿ ਧੰਨ ਓਹ ਅੱਖੀਆਂ ਜੋ ਹੜੀਆਂ ਇ-
ਹ ਵੇਖਦੀਆਂ ਹਨ ਜੋ ਤੁਸੀਂ ਵੇਖਦੇ ਹੋ॥ ੨੪॥ ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਕਿ ਬਹੁਤਿਆਂ ਪ-
ਕੰਬਰਾਂ ਅਤੇ ਪਾਤਸ਼ਾਹਾਂ ਨੇ ਚਾਹ ਕੀਤੀ ਭਈ ਜੋ ਕੁਛ ਤੁਸੀਂ ਵੇਖਦੇ ਹੋ ਸੋ ਵੇਖਣ ਪਰ ਨਾ ਵੇਖਿਆ
ਅਤੇ ਜੋ ਕੁਛ ਤੁਸੀਂ ਸੁਣਦੇ ਹੋ ਸੋ ਸੁਣਨ ਪਰ ਨਾ ਸੁਣਿਆ॥ ॥੨੫॥ ਅਰ ਵੇ-
ਖੋ ਇੱਕ ਸ਼ਰਾ ਦੇ ਸਿਖਲਾਉਣ ਵਾਲੇ ਨੇ ਉਹ ਦੇ ਪਰਤਾਉਣ ਲਈ ਖੜੇ ਕੇ ਕਿਹਾ ਗੁਰੂ ਜੀ ਮੈਂ
ਕੀ ਕਰਾਂ ਜੋ ਸਦੀਪਕ ਜੀਉਣ ਦਾ ਅਧਿਕਾਰੀ ਹੋਵਾਂ॥ ੨੬॥ ਉਸ ਨੇ ਉਹ ਨੂੰ ਆਖਿਆ ਕਿ
ਤੋਰੇਤ ਵਿੱਚ ਕੀ ਲਿਖਿਆ ਹੋਇਆ ਹੈ। ਤੂੰ ਕਿੱਕੁਰ ਪੜ੍ਹਦਾ ਹੈਂ॥ ੨੭॥ ਤਾਂ ਉਸ ਨੇ ਉੱਤਰ ਦਿੱਤ

Original with:
Language Department Punjab
Digitized by:
Panjab Digital Library

ਕਿ ਤੂੰ ਪ੍ਰਭੁ ਆਪਣੇ ਪਰਮੇਸੁਰ ਨੂੰ ਆਪਣੇ ਸਾਰੇ ਮਨ ਨਾਲ੍ਹ ਅਤੇ ਆਪਣੀ ਸਾਰੀ ਜਾਨ ਨਾਲ੍ਹ ਅ-
ਤੇ ਆਪਣੀ ਸਾਰੀ ਸਕਤਿ ਨਾਲ੍ਹ ਅਤੇ ਆਪਣੀ ਸਾਰੀ ਬੁੱਧ ਨਾਲ੍ਹ ਪਿਆਰ ਕਰ ਅਰ ਆਪਣੇ
ਗੁਆਂਢੀ ਨੂੰ ਆਪਣੇ ਜਿਹਾ ॥ ੨੮ ॥ ਉਸ ਨੈ ਉਹ ਨੂੰ ਆਖਿਆ ਤੈਂ ਠੀਕ ਉੱਤਰ ਦਿੱਤਾ ਇਹੋ ਕਰ
ਤਾਂ ਤੂੰ ਜੀਏਂਗਾ ॥ ੨੯ ॥ ਪਰ ਉਹ ਜੋ ਚਾਹੁੰਦਾ ਸੀ ਭਈ ਆਪਣੇ ਤਾਈਂ ਸੱਚਾ ਠਰਾਵੇ ਯਿਸੂ ਨੂੰ ਕਿ-
ਹਾ ਫੇਰ ਕੌਣ ਹੈ ਮੇਰਾ ਗੁਆਂਢੀ ॥ ੩੦ ॥ ਯਿਸੂ ਨੈ ਉੱਤਰ ਦਿੱਤਾ ਕਿ ਇੱਕ ਮਨੁੱਖ ਯਰੂਸ਼ਲੀਮ ਥੀਂ ਯ-
ਰੀਹੋ ਨੂੰ ਜਾਂਦਾ ਸੀ ਅਤੇ ਧਾੜਵੀਆਂ ਦੇ ਕਾਬੂ ਆ ਗਿਆ ਅਰ ਉਨ੍ਹਾਂ ਨੈ ਉਸ ਨੂੰ ਨੰਗਾ ਕਰ ਕੇ ਮਾ-
ਰਿਆ ਅਰ ਅਧਮੋਇਆ ਛੱਡ ਕੇ ਚੱਲੇ ਗਏ ॥ ੩੧ ॥ ਅਤੇ ਸਬੱਬ ਨਾਲ੍ਹ ਇੱਕ ਜਾਜਕ ਉਸ ਰ-
ਸਤੇ ਉੱਤਰਿਆ ਜਾਂਦਾ ਸੀ ਅਤੇ ਉਹ ਨੂੰ ਵੇਖ ਕੇ ਲਾਂਭੇ ਹੋ ਕੇ ਲੰਘ ਗਿਆ ॥ ੩੨ ॥ ਅਰ ਇਸੇ ਤਰ
ਇੱਕ ਲੇਵੀ ਬੀ ਓੱਥੇ ਪਹੁੰਚਿਆ ਅਤੇ ਉਹ ਨੂੰ ਵੇਖ ਕੇ ਲਾਂਭੇ ਹੋ ਕੇ ਲੰਘ ਗਿਆ ॥ ੩੩ ॥ ਪਰ ਇੱਕ
ਸਾਮਰੀ ਸਫ਼ਰ ਕਰਦਾ ਹੋਇਆ ਓੱਥੇ ਆਇਆ ॥ ੩੪ ॥ ਅਤੇ ਜਾਂ ਉਹ ਨੂੰ ਵੇਖਿਆ ਤਾਂ ਤਰਸ
ਖਾ ਕੇ ਉਹ ਦੇ ਕੋਲ੍ਹ ਗਿਆ ਅਤੇ ਤੇਲ ਅਰ ਵੈਨ ਲਾ ਕੇ ਉਹ ਦੇ ਘਾਵਾਂ ਨੂੰ ਬੰਨ੍ਹਿਆ ਅਰ ਆਪਣੀ
ਅਸਵਾਰੀ ਪੁਰ ਉਸ ਨੂੰ ਝੜਾ ਕੇ ਸਰਾਂ ਵਿੱਚ ਲਿਆਂਦਾ ਅਤੇ ਉਹ ਦੀ ਟਹਿਲ ਟੋਕੋਰ ਕੀਤੀ ॥ ੩੫
॥ ਫੇਰ ਸਵੇਰ ਨੂੰ ਦੋ ਅਠਿਆਨੀਆਂ ਕੱਢ ਕੇ ਭੁਟਿਆਰੇ ਨੂੰ ਦਿੱਤੀਆਂ ਅਤੇ ਆਖਿਆ ਭਈ ਇ-
ਹ ਦੀ ਟਹਿਲ ਟੋਕੋਰ ਕਰਦਾ ਰਹੀਂ ਅਰ ਜੋ ਕੁਛ ਤੇਰਾ ਹੋਰ ਲੱਗੂ ਸੋ ਮੈਂ ਜਾਂ ਮੁੜ ਆਵਾਂ ਤੇਰਾ ਭੁਰ
ਦਿਆਂਗਾ ॥ ੩੬ ॥ ਸੋ ਉਸ ਮਨੁੱਖ ਦਾ ਜੋ ਧਾੜਵੀਆਂ ਦੇ ਹੱਥ ਪੈ ਗਿਆ ਉਨ੍ਹਾਂ ਤੇਹਾਂ ਵਿੱਚੋਂ ਕਿਹੜ

Original with:
Language Department Punjab
Digitized by:
Panjab Digital Library

ਤੈਨੂੰ ਰੁਆਂਦੀ ਮਲੂਮ ਹੁੰਦਾ ਹੈ ॥੩੭॥ ਉਹ ਬੋਲਿਆ ਜਿਹ ਨੈ ਉਸ ਉੱਤੇ ਦਯਾ ਕੀਤੀ। ਫੇ-
ਰ ਯਿਸੂ ਨੈ ਉਹ ਨੂੰ ਆਖਿਆ ਤੂੰ ਬੀ ਜਾ ਕੇ ਐਵੇਂ ਹੀ ਕਰ ॥ ॥੩੮॥ ਫੇਰ ਜਾਂ ਓਹ
ਚੱਲੇ ਜਾਂਦੇ ਸਨ ਤਾਂ ਉਹ ਇੱਕ ਪਿੰਡ ਜਾ ਵੜਿਆ ਅਤੇ ਮਰਥਾ ਨਾਉਂ ਦੀ ਇੱਕ ਤੀਮੀਂ ਨੈ ਉਹ ਨੂੰ
ਆਪਣੇ ਘਰ ਉਤਾਰਿਆ ॥੩੯॥ ਅਤੇ ਮਰਿਯਮ ਕਰਕੇ ਉਹ ਦੀ ਇੱਕ ਭੈਣ ਸੀ ਜਿਹੜੀ ਪ੍ਰ-
ਭੂ ਦੇ ਚਰਨਾਂ ਪਾਸ ਬੈਠ ਕੇ ਉਹ ਦਾ ਬਚਨ ਸੁਣਦੀ ਸੀ ॥ ੪੦॥ ਪਰ ਮਰਥਾ ਵਡੀ ਟਹਿਲ ਚੋਂ
ਘਬਰਾ ਗਈ ਅਤੇ ਉਹ ਦੇ ਕੋਲ ਆਣ ਕੇ ਬੋਲੀ ਪ੍ਰਭੂ ਜੀ ਤੈਨੂੰ ਕੁਛ ਚਿੰਤਾ ਨਹੀਂ ਜੋ ਮੇਰੀ ਭੈ-
ਣ ਨੈ ਮੈਨੂੰ ਟਹਿਲ ਕਰਨ ਲਈ ਕੱਲੀ ਹੀ ਛੱਡਿਆ ਹੈ। ਜੋ ਉਹ ਨੂੰ ਕਹੁ ਕਿ ਮੇਰੀ ਮੱਦਤ ਕਰੇ ॥
੪੧॥ ਪਰ ਪ੍ਰਭੂ ਨੈ ਉਹ ਨੂੰ ਉੱਤਰ ਦਿੱਤਾ ਮਰਥਾ ਮਰਥਾ ਤੂੰ ਬਹੁਤੀਆਂ ਵਸਤਾਂ ਦੀ ਚਿੰਤਾ ਕਰਦੀ
ਅਤੇ ਘਬਰਾਉਂਦੀ ਹੈਂ ॥ ੪੨॥ ਪਰ ਇੱਕ ਗੱਲ ਦੀ ਲੋੜ ਹੈ ਕਿਉਂ ਜੋ ਮਰਿਯਮ ਨੈ ਉਹ ਅੱਛਾ
ਹਿੱਸਾ ਪਸੰਦ ਕੀਤਾ ਹੈ ਜੋ ਉਸ ਥੋਂ ਖੋਸਿਆ ਨਾ ਜਾਊਗਾ ॥

੧੧ਕਾਂਡ ॥ ਅਤੇ ਐਉਂ ਹੋਇਆ ਕਿ ਉਹ ਕਿਸੇ ਥਾਉਂ ਪ੍ਰਾਰਥਨਾ ਕਰਦਾ ਸੀ ਅਰ ਜਾਂ ਕਰ
ਹਟਿਆ ਤਾਂ ਉਹ ਦੇ ਸਿੱਖਾਂ ਵਿੱਚੋਂ ਇੱਕ ਨੈ ਉਹ ਨੂੰ ਆਖਿਆ ਪ੍ਰਭੂ ਜੀ ਸਾਨੂੰ ਪ੍ਰਾ-
ਰਥਨਾ ਕਰਨੀ ਸਿਖਾਲ ਜਿਵੀਕੁ ਯੂਹੱਨਾ ਨੈ ਬੀ ਆਪਣੇ ਸਿੱਖਾਂ ਨੂੰ ਸਿਖਾਲੀ ॥ ੨॥ ਫੇਰ ਉਸ
ਨੈ ਉਨਾਂ ਨੂੰ ਕਿਹਾ ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਹੋ ਹੇ ਪਿਤਾ ਤੇਰਾ ਨਾਉਂ ਪਵਿਤ੍ਰ ਮੰਨਿਆ ਜਾਵੇ
। ਤੇਰਾ ਰਾਜ ਆਵੇ ॥ ੩॥ ਸਾਡੀ ਰੁਜ਼ਗਰ ਜੋਗੀ ਰੋਟੀ ਰੋਜ ਸਾਨੂੰ ਦਿਹ ॥ ੪॥ ਅਤੇ ਸਾਡੇ ਪਾਪ

Original with:
Language Department Punjab
Digitized by:
Panjab Digital Library

ਸਾ ਨੂੰ ਮਾਫ ਕਰ ਕਿਉਂਜੋ ਅਸੀਂ ਆਪ ਬੀ ਆਪਣੇ ਹਰੇਕ ਕਰਜਾਈ ਨੂੰ ਮਾਫ ਕਰਦੇ ਹਾਂ। ਅ-
ਤੇ ਸਾ ਨੂੰ ਪਰਤਾਵੇ ਵਿੱਚ ਨਾ ਲਿਆ॥ ॥੫॥ ਅਤੇ ਉਸ ਨੈ ਉਨਾਂ ਨੂੰ ਆਖਿਆ ਕਿ ਤੁ-
ਹਾਡੇ ਵਿੱਚੋਂ ਕੋਣ ਹੈ ਜਿਹ ਦਾ ਇੱਕ ਮਿਤ੍ਰ ਹੋਵੇ ਅਤੇ ਅੱਧੀ ਰਾਤ ਨੂੰ ਉਹ ਦੇ ਕੋਲ ਜਾ ਕੇ ਉਹ ਨੂੰ ਕਹੇ
ਮਿਤ੍ਰਾ ਤਿੰਨ ਰੋਟੀਆਂ ਮੈ ਨੂੰ ਉਧਾਰੀਆਂ ਦਿਹ॥ ੬॥ ਕਿਉਂ ਜੋ ਮੇਰਾ ਇੱਕ ਮਿਤ੍ਰ ਪੈਂਡਾ ਕਰ ਕੇ ਮੇਰੇ
ਪਾਸ ਆਇਆ ਹੈ ਅਤੇ ਮੇਰੇ ਕੋਲ ਕੁਛ ਨਹੀਂ ਜੋ ਉਹ ਦੇ ਅੱਗੇ ਰੱਖਾਂ॥ ੭॥ ਅਰ ਉਹ ਅੰਦਰੋਂ
ਉੱਤਰ ਦੇਵੇ ਭਈ ਮੈ ਨੂੰ ਔਖਾ ਨਾ ਕਰ ਹੁਣ ਬੂਹਾ ਵੱਜਿਆ ਹੋਇਆ ਹੈ ਅਤੇ ਮੇਰੇ ਲੜਕੇ ਬਾ-
ਲੇ ਮੇਰੇ ਨਾਲ ਸੁੱਤੇ ਪਏ ਹਨ ਮੈਂ ਉੱਠ ਕੇ ਤੈ ਨੂੰ ਦੇ ਨਹੀਂ ਸੱਕਦਾ॥ ੮॥ ਮੈਂ ਤੁਹਾ ਨੂੰ ਆਖਦਾ ਹਾਂ ਕਿ
ਭਾਵੇਂ ਉਹ ਉਸ ਦਾ ਮਿਤ੍ਰ ਹੋਣ ਦੇ ਕਾਰਨ ਉੱਠ ਕੇ ਉਹ ਨੂੰ ਨਾ ਦੇਵੇ ਪਰ ਉਹ ਦੇ ਢੀਠ ਪੁਣੇ ਦੇ ਸਬੱਬ ਉੱ-
ਠੂਗਾ ਅਤੇ ਜਿੰਨੀਆਂ ਦੀ ਲੋੜ ਹੋਊ ਉਹ ਨੂੰ ਦੇਊਗਾ॥ ੯॥ ਅਰ ਮੈਂ ਤੁਹਾ ਨੂੰ ਆਖਦਾ ਹਾਂ ਮੰਗੋ ਤਾਂ
ਤੁਹਾ ਨੂੰ ਦਿੱਤਾ ਜਾਊ ਢੂੰਢੋ ਤਾਂ ਤੁਹਾ ਨੂੰ ਲੱਭੂ ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਊ॥ ੧੦॥
ਕਿਉਂਕਿ ਹਰੇਕ ਜਿਹੜਾ ਮੰਗਦਾ ਹੈ ਉਹ ਲੈਂਦਾ ਹੈ ਅਤੇ ਜਿਹੜਾ ਢੂੰਢਦਾ ਹੈ ਉਹ ਨੂੰ ਲੱਭਦਾ ਹੈ
ਅਤੇ ਜਿਹੜਾ ਖੜਕਾਉਂਦਾ ਹੈ ਉਹ ਦੇ ਲਈ ਖੋਲ੍ਹਿਆ ਜਾਊਗਾ॥ ੧੧॥ ਪਰ ਤੁਹਾਡੇ ਵਿੱਚੋਂ ਉਹ
ਕਿਹੜਾ ਪਿਉ ਹੈ ਕਿ ਜੇ ਉਹ ਦਾ ਪੁਤ੍ਰ ਰੋਟੀ ਮੰਗੇ ਤਾਂ ਉਸ ਨੂੰ ਪੱਥਰ ਦੇਊਗਾ। ਅਥਵਾ ਉਹ ਮੱਛੀ
ਮੰਗੇ ਤਾਂ ਉਸ ਨੂੰ ਮੱਛੀ ਦੇ ਥਾਂ ਸੱਪ ਦੇਊਗਾ॥ ੧੨॥ ਅਥਵਾ ਜੇ ਆਂਡਾ ਮੰਗੇ ਤਾਂ ਉਸ ਨੂੰ ਅਰੂਹ
ਦੇਊਗਾ॥ ੧੩॥ ਸੋ ਜਾਂ ਤੁਸੀਂ ਬੁਰੇ ਹੋਕੇ ਆਪਣਿਆਂ ਬਾਲਕਾਂ ਨੂੰ ਚੰਗੀ ਦਾਤ ਦੇਣੀ ਜਾਣਦੇ ਹੋ

Original with:
Language Department Punjab
Digitized by:
Panjab Digital Library

ਤਾਂ ਉਹ ਪਿਤਾ ਜੋ ਸੁਰਗ ਵਿੱਚ ਹੈ ਕਿੰਨਾ ਵਧੀਕ ਉਨ੍ਹਾਂ ਨੂੰ ਜੋ ਉਹ ਤੋਂ ਮੰਗਦੇ ਹਨ ਪਵਿਤ੍ਰ ਆ-
ਤਮਾ ਨਾ ਦੇਊਗਾ ॥ ॥੧੪॥ ਅਤੇ ਉਹ ਇੱਕ ਗੂੰਗੇ ਭੂਤ ਨੂੰ ਕੱਢਦਾ ਸੀ। ਅਤੇ ਐਉਂ
ਹੋਇਆ ਕਿ ਜਾਂ ਭੂਤ ਨਿੱਕਲ ਗਿਆ ਤਾਂ ਉਹ ਗੂੰਗਾ ਬੋਲਣ ਲੱਗ ਪਿਆ ਅਰ ਲੋਕਾਂ ਨੈ
ਅਚੰਭਾ ਕੀਤਾ ॥੧੫॥ ਪਰ ਉਨ੍ਹਾਂ ਵਿੱਚੋਂ ਕਿਨਿਆਂ ਨੈ ਕਿਹਾ ਜੋ ਉਹ ਭੂਤਾਂ ਦੇ ਸਰਦਾਰ ਬਾਲ-
ਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹੈ ॥੧੬॥ ਅਤੇ ਹੋਰਨਾਂ ਨੈ ਪਰਤਾਉਣ ਲਈ
ਅਕਾਸ਼ ਵਲੋਂ ਇੱਕ ਨਿਸਾਨੀ ਉਸ ਥੋਂ ਮੰਗੀ ॥੧੭॥ ਪਰ ਉਸ ਨੈ ਉਨ੍ਹਾਂ ਦੀਆਂ ਸੋਚਾਂ ਨੂੰ ਜਾਣ-
ਕੇ ਤਿਨਾਂ ਨੂੰ ਆਖਿਆ ਕੁਈ ਜਿਸ ਕਿਸੇ ਰਾਜ ਵਿੱਚ ਫੁੱਟ ਪੈਂਦੀ ਜੋ ਵਿਰਾਨ ਹੋ ਜਾਂਦਾ ਹੈ ਅਤੇ ਜਿ-
ਸ ਘਰ ਵਿੱਚ ਫੁੱਟ ਪੈਂਦੀ ਜੋ ਉੱਜੜ ਜਾਂਦਾ ਹੈ ॥ ੧੮॥ ਅਰ ਜੇ ਸ਼ਤਾਨ ਦੇ ਆਪਣੇ ਆਪ ਵਿੱ-
ਚ ਹੀ ਫੁੱਟ ਪੈ ਗਈ ਤਾਂ ਉਹ ਦਾ ਰਾਜ ਕਿੱਕੁਰ ਠਹਿਰੂ। ਕਿੰਉ ਜੋ ਤੁਸੀਂ ਆਖਦੇ ਹੋ ਭਈ ਮੈਂ ਬਾਲ-
ਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ॥ ੧੯॥ ਅਰ ਜੇ ਮੈਂ ਬਾਲਜ਼ਬੂਲ ਦੀ ਸਹਾ-
ਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਤੁਹਾਡੇ ਪੁਤ੍ਰ ਕਿਹ ਦੀ ਸਹਾਇਤਾ ਨਾਲ ਕੱਢਦੇ ਹਨ। ਇ-
ਸ ਲਈ ਤੁਹਾਡਾ ਨਿਆਉਂ ਕਰਨ ਵਾਲੇ ਉਹੋ ਹੋਣਗੇ ॥ ੨੦॥ ਪਰ ਜੇ ਮੈਂ ਪਰਮੇਸ਼ੁਰ ਦੀ ਉਂਗਲ
ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਸਾਂ ਉੱਤੇ ਆ ਪਹੁੰਚਿਆ ਹੈ ॥ ੨੧॥ ਜਦ
ਕੋਈ ਜੋਰਾਵਰ ਹਥਿਆਰ ਬਨ੍ਹੀ ਆਪਣੇ ਘਰ ਦੀ ਰਖਵਾਲੀ ਕਰਦਾ ਹੈ ਤਾਂ ਉਹ ਦਾ ਮਾਲ ਬ-
ਚ ਰਹਿੰਦਾ ਹੈ ॥ ੨੨॥ ਪਰ ਜੇ ਕੋਈ ਉਸ ਨਾਲੋਂ ਜੋਰਾਵਰ ਆਣਕੇ ਉਹ ਨੂੰ ਜਿੱਤ ਲਵੇ ਤਾਂ ਉਹ ਦੇ

Original with:
Language Department Punjab
Digitized by:
Panjab Digital Library

ਸਾਰੇ ਹਥਿਆਰ ਜਿਨਾਂ ਉੱਤੇ ਉਹਦਾ ਮਾਣ ਸੀ ਖੋਹ ਲੈਂਦਾ ਅਤੇ ਉਸ ਦੀ ਲੁੱਟ ਵੰਡ ਦਿੰਦਾ ਹੈ॥੨੨
॥ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱਧ ਹੈ ਅਤੇ ਜੋ ਮੇਰੇ ਸੰਗ ਕੱਠਾ ਨਹੀਂ ਕਰਦਾ ਸੋ ਖਿੰਡਾਉਂਦਾ ਹੈ॥
੨੪॥ਜਾਂ ਭ੍ਰਿਸਟ ਆਤਮਾ ਮਨੁੱਖ ਥੋਂ ਨਿੱਕਲ ਗਿਆ ਹੋਵੇ ਤਾਂ ਸੁੱਕਿਆਂ ਥਾਵਾਂ ਵਿੱਚ ਅਰਾਮ
ਢੂੰਢਦਾ ਫਿਰਦਾ ਹੈ ਅਤੇ ਨਾ ਲੱਭਕੇ ਆਖਦਾ ਹੈ ਮੈਂ ਆਪਣੇ ਘਰ ਮੁੜ ਜਾਵਾਂਗਾ ਜਿੱਥੋਂ ਨਿੱਕ-
ਲਿਆ ਸਾਂ॥੨੫॥ਅਰ ਆਣਕੇ ਉਹ ਨੂੰ ਝਾੜਿਆ ਸੁਆਰਿਆ ਵੇਖਦਾ ਹੈ॥੨੬॥ਤਦ ਉ-
ਹ ਜਾਕੇ ਹੋਰ ਸੱਤ ਆਤਮੇ ਆਪਣੇ ਨਾਲੋਂ ਬੀ ਭੈੜੇ ਸੰਗ ਲਿਆਉਂਦਾ ਹੈ ਅਤੇ ਓਹ ਅੰਦਰ ਵ-
ੜਕੇ ਓਥੇ ਵਸਦੇ ਹਨ। ਤਾਂ ਉਸ ਮਨੁੱਖ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੁੰਦਾ ਹੈ॥
॥੨੭॥ਅਤੇ ਐਉਂ ਹੋਇਆ ਕਿ ਜਾਂ ਉਹ ਏਹ ਗੱਲਾਂ ਕਰਦਾ ਪਿਆ ਸੀ ਤਾਂ ਭੀੜ
ਵਿੱਚੋਂ ਇੱਕ ਤੀਮੀਂ ਬੋਲ ਉੱਠੀ ਅਤੇ ਉਸ ਨੂੰ ਕਿਹਾ ਕਿ ਧੰਨ ਹੈ ਉਹ ਕੁੱਖ ਜਿਸ ਵਿੱਚ ਤੂੰ ਪਿਆ ਸੀ
ਅਤੇ ਓਹ ਮੁੰਮੇ ਜਿਨਾਂ ਨੂੰ ਤੈਂ ਚੁੰਘਿਆ ਸੀ॥੨੮॥ਤਾਂ ਓਸ ਆਖਿਆ ਹਾਂ ਹੋਣਗੇ ਪਰ ਧੰਨ ਓਹ
ਜੋਹੜੇ ਪਰਮੇਸ਼ੁਰ ਦਾ ਬਚਨ ਸੁਣਦੇ ਅਤੇ ਉਸ ਨੂੰ ਮੰਨਦੇ ਹਨ॥ ॥੨੯॥ਜਾਂ
ਬਹੁਤ ਲੋਕ ਉਹ ਦੇ ਕੋਲ ਕੱਠੇ ਹੁੰਦੇ ਜਾਂਦੇ ਸਨ ਤਾਂ ਉਹ ਕਹਿਣ ਲੱਗਾ ਜੋ ਇਹ ਪੀਹੜੀ ਬੁਰੀ
ਪੀਹੜੀ ਹੈ। ਇਹ ਨਿਸਾਨੀ ਚਾਹੁੰਦੀ ਹੈ ਪਰ ਯੂਨਸ ਦੀ ਨਿਸਾਨੀ ਬਿਨਾ ਕੋਈ ਨਿਸਾਨੀ ਉਹ ਨੂੰ
ਦਿੱਤੀ ਨਾ ਜਾਊਗੀ॥੩੦॥ਕਿਉਂਕਿ ਜਿਸ ਤਰਾਂ ਯੂਨਸ ਨੀਨਵਾਹ ਦੇ ਲੋਕਾਂ ਲਈ ਨਿਸਾਨੀ ਹੋ-
ਇਆ ਉਸੇ ਤਰਾਂ ਮਨੁੱਖ ਦਾ ਪੁਤ੍ਰ ਬੀ ਇਸ ਪੀਹੜੀ ਦੇ ਲੋਕਾਂ ਲਈ ਹੋਊਗਾ॥੩੧॥ਦੱਖਣ ਦੀ

Original with:
Language Department Punjab
Digitized by:
Panjab Digital Library

ਰਾਣੀ ਅਦਾਲਤ ਵਿੱਚ ਇਸ ਪੀਹੜੀ ਦੇ ਲੋਕਾਂ ਨਾਲ ਉੱਠੂਗੀ ਅਤੇ ਇਨਾਂ ਨੂੰ ਦੋਸੀ ਠਰਾਊਗੀ ਕਿੰਉ ਜੋ ਉਹ ਧਰਤੀ ਦੀ ਹੱਦੋਂ ਸੁਲੇਮਾਨ ਦਾ ਗਿਆਨ ਸੁਣਨ ਆਈ ਅਤੇ ਵੇਖੋ ਏੱਥੇ ਸੁਲੇਮਾਨ ਨਾਲੋਂ ਬੀ ਇੱਕ ਵੱਡਾ ਹੈ॥ ੩੨॥ ਨੀਨਵਾਹ ਦੇ ਲੋਕ ਅਦਾਲਤ ਵਿੱਚ ਐਸ ਪੀਹੜੀ ਦੇ ਲੋਕਾਂ ਨਾਲ ਉੱਠ ਖੜੇ ਹੋਣਗੇ ਅਤੇ ਇਨਾਂ ਨੂੰ ਦੋਸੀ ਠਰਾਉਣਗੇ ਕਿੰਉ ਜੋ ਉਨਾਂ ਨੇ ਯੂਨਸ ਦੀ ਮਨਾਦੀ ਸੁਣਕੇ ਤੋਬਾ ਕੀਤੀ ਅਤੇ ਵੇਖੋ ਏੱਥੇ ਯੂਨਸ ਨਾਲੋਂ ਬੀ ਇੱਕ ਵੱਡਾ ਹੈ॥

॥੩੩॥ ਕੋਈ ਦੀਵਾ ਬਾਲਕੇ ਭੋਰੇ ਵਿੱਚ ਜਾਂ ਟੋਪੇ ਦੇ ਹੇਠ ਨਹੀਂ ਸਗੋਂ ਦੀਵਟ ਉੱਤੇ ਧੱਰਦਾ ਹੈ ਭਈ ਅੰਦਰ ਆਉਣ ਵਾਲੇ ਚਾਨਣ ਵੇਖਣ॥ ੩੪॥ ਤੇਰੇ ਸਰੀਰ ਦਾ ਦੀਵਾ ਤੇਰਾ ਨੇਤ੍ਰ ਹੈ। ਜਾਂ ਤੇਰਾ ਨੇਤ੍ਰ ਨਿਰਮਲ ਹੈ ਤਾਂ ਤੇਰਾ ਸਾਰਾ ਸਰੀਰ ਬੀ ਚਾਨਣਾ ਹੈ ਪਰ ਜਾਂ ਉਹ ਬੁਰਾ ਹੈ ਤ ਤੇਰਾ ਸਰੀਰ ਬੀ ਅਨੇਰਾ ਹੈ॥ ੩੫॥ ਇਸ ਲਈ ਵੇਖ ਕਿ ਉਹ ਚਾਨਣ ਜੋ ਤੇਰੇ ਵਿੱਚ ਹੈ ਕਿਤੇ ਅ ਨੇਰਾ ਨਾ ਹੋਵੇ॥ ੩੬॥ ਉਪਰੰਦ ਜੇ ਤੇਰਾ ਸਾਰਾ ਸਰੀਰ ਚਾਨਣਾ ਹੋਵੇ ਅਤੇ ਕੋਈ ਅੰਗ ਅਨੇਰਾ ਨਾ ਹੋਵੇ ਤਾਂ ਸਾਰਾ ਹੀ ਚਾਨਣਾ ਹੋਊਗਾ ਜਿਹਾ ਕੁ ਦੀਵਾ ਆਪਣੀ ਜੋਤ ਨਾਲ ਤੈਨੂੰ ਚਾਨਣ ਦਿੰਦਾ ਹੈ

॥ ॥੩੭॥ ਜਾਂ ਉਹ ਗੱਲ ਕਰਦਾ ਸੀ ਤਾਂ ਇੱਕ ਫਰੀਸੀ ਨੇ ਉਸ ਅੱਗੇ ਅਰਦਾਸ ਕੀਤੀ ਜੋ ਮੇਰੇ ਨਾਲ ਰੋਟੀ ਖਾਹ। ਸੋ ਉਹ ਅੰਦਰ ਆਣਕੇ ਖਾਣ ਬੈਠਾ॥ ੩੮॥ ਅਤੇ ਫਰੀਸੀ ਨੇ ਇਹ ਵੇਖ ਕੇ ਅਚੰਭਾ ਕੀਤਾ ਜੋ ਉਹ ਪਹਿਲਾਂ ਖਾਣ ਥੋਂ ਅੱਗੇ ਨਹੀਂ ਨਾਤਾ॥ ੩੯॥ ਪਰ ਯਿਸੂ ਨੇ ਉਹ ਨੂੰ ਆਖਿ ਆ ਹੁਣ ਤੁਸੀਂ ਫਰੀਸੀ ਥਾਲੀ ਛੱਨੇ ਨੂੰ ਬਾਹਰੋਂ ਮਾਂਝਦੇ ਹੋ ਪਰ ਤੁਹਾਡਾ ਅੰਦਰ ਲੁੱਟ ਅਤੇ ਬੁਰਿਆ

Original with:
Language Department Punjab
Digitized by:
Panjab Digital Library

ਈ ਨਾਲ਼ ਭਰਿਆ ਹੋਇਆ ਹੈ॥੪੦॥ ਹੇ ਨਦਾਨੋ ਜਿਨ ਬਾਹਰ ਨੂੰ ਬਣਾਇਆ ਭਲਾ ਉਸ
ਨੇ ਅੰਦਰ ਨੂੰ ਬੀ ਨਹੀਂ ਬਣਾਇਆ॥੪੧॥ ਪਰ ਜਿਉਂ ਤੁਹਾਥੋਂ ਬਣੇ ਦਾਨ ਕਰੋ ਤਾਂ ਵੇਖੋ ਸਭ
ਕੁਛ ਤੁਹਾਡੇ ਲਈ ਸ਼ੁੱਧ ਹੈ॥ ॥੪੨॥ ਪਰ ਤੁਸਾਂ ਫਰੀਸੀਆਂ ਉੱਤੇ ਹਾਇ ਹਾਇ
ਕਿਉਂ ਜੋ ਤੁਸੀਂ ਪੁਦਨੇ ਅਤੇ ਹਰਮਲ ਅਤੇ ਹਰੇਕ ਸਾਗ ਦਾ ਦਸੌਂਧ ਦਿੰਦੇ ਹੋਂ ਅਰ ਨਿਆ-
ਉਂ ਅਤੇ ਪਰਮੇਸ਼ੁਰ ਦੀ ਪ੍ਰੀਤ ਨੂੰ ਉਲੰਘਦੇ ਹੋਂ ਪਰ ਚਾਹੀਦਾ ਸੀ ਜੋ ਇਨਾਂ ਨੂੰ ਕਰਦੇ ਅਤੇ ਉ-
ਨਾਂ ਨੂੰ ਬੀ ਨਾ ਛੱਡਦੇ॥੪੩॥ ਤੁਸਾਂ ਫਰੀਸੀਆਂ ਉੱਤੇ ਹਾਇ ਹਾਇ ਕਿਉਂ ਜੋ ਤੁਸੀਂ ਸਮਾਜਾਂ
ਵਿੱਚ ਅਗਲੀ ਕੁਰਸੀ ਅਤੇ ਬਜ਼ਾਰਾਂ ਵਿੱਚ ਸਲਾਮ ਲੈਣ ਦੇ ਭੁੱਖੇ ਹੋ॥੪੪॥ ਤੁਹਾਡੇ ਉੱਤੇ
ਹਾਇ ਹਾਇ ਕਿਉਂ ਕਿ ਤੁਸੀਂ ਉਨਾਂ ਕਬਰਾਂ ਵਰਗੇ ਹੋਂ ਜੋ ਵੜੀਆਂ ਮਲੂਮ ਨਹੀਂ ਦਿੰਦੀਆਂ
ਅਤੇ ਮਨੁੱਖ ਜੋ ਉਨਾਂ ਦੇ ਉੱਤੋਂ ਦੀ ਚੱਲਦੇ ਹਨ ਨਹੀਂ ਜਾਣਦੇ॥ ॥੪੫॥ ਅ-
ਤੇ ਸਰਾ ਦੇ ਸਿਖਲਾਉਣਵਾਲਿਆਂ ਵਿੱਚੋਂ ਇੱਕ ਨੇ ਉਹ ਨੂੰ ਉੱਤਰ ਦਿੱਤਾ ਗੁਰੂ ਜੀ ਇਹ ਕ-
ਹਿਕੇ ਤੂੰ ਸਾਡੀ ਬੀ ਪਤ ਲਾਹੁੰਦਾ ਹੈਂ॥੪੬॥ ਪਰ ਉਹ ਨੇ ਆਖਿਆ ਤੁਸਾਂ ਸਰਾ ਦੇ ਸਿਖ-
ਲਾਉਣਵਾਲਿਆਂ ਉੱਤੇ ਬੀ ਹਾਇ ਹਾਇ ਕਿਉਂ ਜੋ ਤੁਸੀਂ ਮਨੁੱਖਾਂ ਪੁਰ ਅਜੇਹੇ ਭਾਰ ਰੱ-
ਖਦੇ ਹੋਂ ਕਿ ਜਿਨਾਂ ਦਾ ਚੁੱਕਣਾ ਔਖਾ ਹੈ ਅਤੇ ਆਪ ਆਪਣੀ ਇੱਕ ਉਂਗਲ਼ ਨਾਲ਼ ਉਨਾਂ ਭ
ਰਾਂ ਨੂੰ ਨਹੀਂ ਛੋਹੰਦੇ ਹੋ॥੪੭॥ ਹਾਇ ਤੁਹਾ ਨੂੰ ਕਿਉਂ ਜੋ ਤੁਸੀਂ ਪਿਕੰਬਰਾਂ ਦੀਆਂ ਕਬਰਾਂ ਬ-
ਣਾਉਂਦੇ ਹੋਂ ਅਰ ਤੁਹਾਡਿਆਂ ਵਡਿਆਂ ਨੇ ਉਨਾਂ ਨੂੰ ਮਾਰ ਸੁੱਟਿਆ ਸੀ॥੪੮॥ ਸੋ ਤੁਸੀਂ ਉ-

Original with:
Language Department Punjab
Digitized by:
Panjab Digital Library

ਗਾਹ ਹੋਂ ਅਤੇ ਤੁਹਾਡੇ ਵਡਿਆਂ ਦੇ ਕੰਮ ਤੁਹਾ ਨੂੰ ਭਾਉਂਦੇ ਹਨ। ਏਸ ਲਈ ਜੋ ਉਨਾਂ ਨੇ ਤਿਨਾਂ ਨੂੰ ਮਾਰ
ਸੁੱਟਿਆ ਅਤੇ ਤੁਸੀਂ ਉਨਾਂ ਦੀਆਂ ਕਬਰਾਂ ਬਣਾਉਂਦੇ ਹੋ॥ ੪੮॥ ਇਸ ਲਈ ਪਰਮੇਸੁਰ ਦੇ ਗਿਆ
ਨ ਨੇ ਬੀ ਆਖਿਆ ਭਈ ਮੈਂ ਉਨਾਂ ਦੇ ਕੋਲ ਪਿਕੰਬਰਾਂ ਅਤੇ ਰਸੂਲਾਂ ਨੂੰ ਘੱਲਾਂਗਾ ਅਤੇ ਉਨਾਂ ਵਿੱਚੋਂ ਕ
ਈਆਂ ਨੂੰ ਓਹ ਮਾਰ ਸੁੱਟਣਗੇ ਅਤੇ ਸਤਾਉਣਗੇ॥ ੫੦॥ ਭਈ ਸਭਨਾਂ ਪਿਕੰਬਰਾਂ ਦਾ ਲਹੂ ਜੋ ਸੀਸਾ
ਰ ਦੇ ਮੁੱਢੋਂ ਲਾਕੇ ਵਹਾਇਆ ਗਿਆ ਹੈ॥ ੫੧॥ ਹਾਬਿਲ ਦੇ ਲਹੂ ਥੋਂ ਲਾਕੇ ਜਕਰੀਆ ਦੇ ਲਹੂ ਤੀਕੁਰ
ਜੋ ਜਗਵੇਦੀ ਅਤੇ ਮੰਦਰ ਦੇ ਵਿਚਕਾਰ ਕਤਲ ਕੀਤਾ ਗਿਆ। ਇਸ ਪੀਹੜੀ ਥੋਂ ਭਰਿਆ ਜਾਵੇ
ਹਾਂ ਮੈਂ ਤੁਹਾਨੂੰ ਆਖਦਾ ਹਾਂ ਇਸੇ ਪੀਹੜੀ ਥੋਂ ਭਰਿਆ ਜਾਊਗਾ॥ ੫੨॥ ਤੁਸਾਂ ਸਰਾ ਦੇ ਸਿਖਲਾਉਣ-
ਵਾਲਿਆਂ ਉੱਤੇ ਹਾਇ ਹਾਇ ਕਿਉਂ ਜੋ ਤੁਸੀਂ ਗਿਆਨ ਦੀ ਕੁੰਜੀ ਲੈ ਗਏ। ਤੁਸੀਂ ਆਪ ਨਹੀਂ ਵੜੇ ਅਤੇ
ਵੜਨ ਵਾਲਿਆਂ ਨੂੰ ਬੀ ਰੋਕ ਦਿੱਤਾ॥ ॥੫੩॥ ਅਤੇ ਜਾਂ ਉਹ ਓਥੋਂ ਨਿੱਕਲਿਆ ਤਾਂ ਸ਼ਾ
ਬੀ ਅਰ ਫਰੀਸੀ ਬੁਰੀ ਤਰਾਂ ਉਹ ਦੇ ਗਲ ਪੈਣ ਅਤੇ ਉਸ ਥੋਂ ਬਹੁਤੀਆਂ ਗੱਲਾਂ ਅਖਵਾਉਣ ਲੱ-
ਗੇ॥ ੫੪॥ ਅਰ ਘਾਤ ਵਿੱਚ ਸਨ ਜੋ ਉਹ ਦੇ ਮੂੰਹ ਦੀ ਕੋਈ ਗੱਲ ਫੜ ਲੈਣ॥

੧੨ਕਾਂਡ॥ ਐੱਨੇ ਨੂੰ ਜਾਂ ਹਜਾਰਾਂ ਲੋਕ ਕੱਠੇ ਹੋਏ ਐੱਥੋਂ ਤੋੜੀ ਜੋ ਇੱਕ ਦੂਏ ਪੁਰ ਡਿਗਿਆ
ਪੈਂਦਾ ਸੀ ਤਾਂ ਉਹ ਪਹਿਲਾਂ ਆਪਣੇ ਸਿੱਖਾਂ ਨੂੰ ਕਹਿਣ ਲੱਗਾ ਕਿ ਫਰੀਸੀਆਂ
ਦੇ ਖਮੀਰ ਥੋਂ ਜੋ ਕਪਟ ਹੈ ਹੁਸ਼ਿਆਰ ਰਹੋ॥ ੨॥ ਪਰ ਕੋਈ ਚੀਜ ਛਿਪੀ ਨਹੀਂ ਹੈ ਜਿਹੜੀ ਪ-
ਰਗਟ ਨਾ ਹੋਵੇਗੀ ਅਤੇ ਗੁਪਤ ਨਹੀਂ ਜਿਹੜੀ ਮਲੂਮ ਨਾ ਹੋਵੇਗੀ॥ ੩॥ ਇਸ ਲਈ ਜੋ ਕੁਛ

Original with:
Language Department Punjab
Digitized by:
Panjab Digital Library

ਤੁਸਾਂ ਅਨੇਰੇ ਵਿੱਚ ਕਿਹਾ ਹੈ ਸੋ ਚਾਨਣ ਵਿਖੇ ਸੁਣਾਇਆ ਜਾਊਗਾ ਅਤੇ ਜੋ ਕੁਛ ਤੁਸਾਂ ਕੋਠ
ੜੀਆਂ ਵਿੱਚ ਕੰਨੀਂ ਆਖਿਆ ਹੈ ਸੋ ਕੋਠਿਆਂ ਉੱਤੇ ਉਹ ਦੀ ਮਨਾਦੀ ਕੀਤੀ ਜਾਊ ॥੪॥ ਅ
ਰ ਮੈਂ ਤੁਹਾ ਨੂੰ ਜੋ ਮੇਰੇ ਮਿਤ੍ਰ ਹੋਂ ਇਹ ਆਖਦਾ ਹਾਂ ਕੁਈ ਉਨਾਂ ਕੋਲੋਂ ਨਾ ਡਰੋ ਜੇਹੜੇ ਦੇਹੀ ਨੂੰ ਮਾ
ਰਦੇ ਹਨ ਅਰ ਇਸ ਥੋਂ ਉਪਰੀਦ ਹੋਰ ਕੁਛ ਨਹੀਂ ਕਰ ਸੱਕਦੇ ॥੫॥ ਪਰ ਮੈਂ ਤੁਹਾ ਨੂੰ ਦੱਸਦਾ
ਹਾਂ ਜੋ ਤੁਸੀਂ ਕਿਹ ਦੇ ਕੋਲੋਂ ਡਰੋ। ਉਸ ਕੋਲੋਂ ਡਰੋ ਜੋ ਮਾਰਨ ਦੇ ਪੱਛੋਂ ਨਰਕ ਵਿੱਚ ਸੁੱਟਣ ਦਾ ਇ
ਖਤਿਆਰ ਰੱਖਦਾ ਹੈ। ਹਾਂ ਮੈਂ ਤੁਹਾ ਨੂੰ ਆਖਦਾ ਹਾਂ ਜੋ ਉਸੇ ਥੋਂ ਡਰੋ ॥੬॥ ਭਲਾ ਦੋ ਪੈਸੇ ਦਿ
ਨੂੰ ਪੰਜ ਚਿੜੀਆਂ ਨਹੀਂ ਵਿਕਦੀਆਂ। ਪਰ ਇਨਾਂ ਵਿੱਚੋਂ ਇੱਕ ਬੀ ਪਰਮੇਸੁਰ ਦੀ ਦਰਗਾਹੇ
ਵਿਸਰੀ ਹੋਈ ਨਹੀਂ ॥੭॥ ਬਲਕ ਤੁਹਾਡੇ ਸਿਰ ਦੇ ਵਾਲ ਬੀ ਸਭ ਗਿਣੇ ਹੋਏ ਹਨ। ਨਾ ਡਰੋ
ਤੁਸੀਂ ਬਹੁਤੀਆਂ ਚਿੜੀਆਂ ਨਾਲੋਂ ਉੱਤਮ ਹੋ ॥੮॥ ਅਤੇ ਮੈਂ ਤੁਹਾ ਨੂੰ ਆਖਦਾ ਹਾਂ ਕੁਈ ਜੋ ਕੋ
ਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇ ਮਨੁੱਖ ਦਾ ਪੁਤ੍ਰ ਬੀ ਪਰਮੇਸੁਰ ਦੇ ਦੂਤਾਂ ਦੇ ਅੱਗੇ
ਉਹ ਦਾ ਇਕਰਾਰ ਕਰੂਗਾ ॥੯॥ ਪਰ ਜੋ ਮਨੁੱਖਾਂ ਦੇ ਅੱਗੇ ਮੇਰਾ ਇਨਕਾਰ ਕਰੇ ਪਰਮੇਸੁਰ
ਦੇ ਦੂਤਾਂ ਦੇ ਅੱਗੇ ਉਹ ਦਾ ਇਨਕਾਰ ਕੀਤਾ ਜਾਊ ॥੧੦॥ ਅਤੇ ਜੋ ਕੋਈ ਮਨੁੱਖ ਦੇ ਪੁਤ੍ਰ ਦੇ ਵਿ
ਰੁੱਧ ਬਚਨ ਕਰੇ ਉਹ ਨੂੰ ਮਾਫ ਕੀਤਾ ਜਾਊਗਾ ਪਰ ਜੋ ਪਵਿਤ੍ਰ ਆਤਮਾ ਦੇ ਹੱਕ ਵਿੱਚ ਕੁਫਰ
ਬਕੇ ਉਹ ਨੂੰ ਮਾਫ ਕੀਤਾ ਨਾ ਜਾਊਗਾ ॥੧੧॥ ਅਤੇ ਜਾਂ ਤੁਹਾ ਨੂੰ ਸਮਾਜਾਂ ਅਰ ਸਰਦਾਰਾਂ
ਅਤੇ ਹਾਕਮਾਂ ਦੇ ਅੱਗੇ ਲੈ ਜਾਣ ਤਾਂ ਚਿੰਤਾ ਨਾ ਕਰੋ ਜੋ ਅਸੀਂ ਕਿੱਕੁਰ ਅਥਵਾ ਕੀ ਉੱਤਰ ਦੇ

Original with:
Language Department Punjab
Digitized by:
Panjab Digital Library

ਇਜੇ ਅਬਦਾ ਕੀ ਆਖਿਜੇ ॥੧੨॥ ਕਿੰਉ ਕਿ ਪਵਿੜ ਆਤਮਾ ਉੱਜੇ ਘੜੀ ਤੁਹਾ ਨੂੰ ਸਿਖਾਲੇ
ਗਾ ਭਈ ਕੀ ਕਹਿਣਾ ਚਾਹੀਦਾ ਹੈ॥ ॥੧੩॥ ਅਤੇ ਭੀੜ ਵਿੱਚੋਂ ਕਿਨੇ ਉਸ ਨੂੰ ਆਖਿ-
ਆ ਗੁਰੂ ਜੀ ਮੇਰੇ ਭਰਾਉ ਨੂੰ ਕਹੁ ਜੋ ਉਹ ਵਿਰਸਾ ਮੇਰੇ ਨਾਲ ਵੰਡ ਲਵੇ ॥੧੪॥ ਪਰ ਉਸ ਨੇ ਉਹ
ਨੂੰ ਕਿਹਾ ਮਨੁੱਖਾ ਕਿਨ ਮੈਂ ਨੂੰ ਤੁਹਾਡੇ ਉੱਪਰ ਨਿਆਈ ਅਥਵਾ ਵੰਡਣ ਵਾਲਾ ਠਹਰਾਇਆ ਹੈ॥
੧੫॥ ਅਤੇ ਉਸ ਨੇ ਉਨਾਂ ਨੂੰ ਆਖਿਆ ਖਬਰਦਾਰ ਅਤੇ ਸਾਰੇ ਲੋਭ ਥੋਂ ਬਚੇ ਰਹੋ ਕਿੰਉ ਜੋ ਕਿਸੇ
ਦਾ ਜੀਉਣ ਉਹ ਦੇ ਮਾਲ ਦੇ ਵਾਧੇ ਨਾਲ ਨਹੀਂ ਹੈ॥ ੧੬॥ ਅਤੇ ਉਸ ਨੇ ਉਨਾਂ ਨੂੰ ਇੱਕ ਦ੍ਰਿਸਟਾਂਤ
ਦੇ ਕੇ ਕਿਹਾ ਕਿ ਕਿਸੇ ਧਨਵਾਨ ਦਾ ਖੇਤ ਬਹੁਤ ਫਲਿਆ ॥੧੭॥ ਅਤੇ ਉਸ ਨੇ ਆਪਣੇ ਮਨ
ਵਿੱਚ ਸੋਚ ਕੇ ਕਿਹਾ ਭਈ ਮੈਂ ਕੀ ਕਰਾਂ ਕਿੰਉ ਜੋ ਮੇਰੇ ਕੋਈ ਥਾਉਂ ਨਹੀਂ ਜਿੱਥੇ ਆਪਣੇ ਹਾਂਸਲ ਨੂੰ ਜ-
ਮਾਂ ਰੱਖਾਂ ॥੧੮॥ ਅਤੇ ਓਸ ਆਖਿਆ ਮੈਂ ਇਹ ਕਰਾਂਗਾ ਮੈਂ ਆਪਣੇ ਕੋਠਿਆਂ ਨੂੰ ਢਾਹ ਕੇ ਅੱ-
ਰੋ ਨਾਲੋਂ ਵਡੇ ਬਣਾਵਾਂਗਾ ਅਰ ਓੱਥੇ ਆਪਣਾ ਸਾਰਾ ਅੰਨ ਅਤੇ ਆਪਣਾ ਧਨ ਜਮਾਂ ਕਰਾਂਗਾ ੦
॥੧੯॥ ਅਤੇ ਮੈਂ ਆਪਣੀ ਜਾਨ ਨੂੰ ਆਖਾਂਗਾ ਹੇ ਜਾਨ ਬਹੁਤ ਵਰਿਹਾਂ ਦੇ ਵਾਸ਼ਤੇ ਤੇਰੇ ਕੋਲ ਧਨ
ਬਾਹਲਾ ਰੱਖਿਆ ਪਿਆ ਹੈ ਸੁਖੀ ਰਹੁ ਖਾਹ ਪੀ ਅਤੇ ਮੌਜ ਕਰ ॥੨੦॥ ਪਰ ਪਰਮੇਸੁਰ ਨੇ
ਉਹ ਨੂੰ ਆਖਿਆ ਹੇ ਨਦਾਨ ਅੱਜ ਦੀ ਰਾਤ ਤੇਰੀ ਜਾਨ ਤੈਥੋਂ ਮੰਗਣਗੇ ਫੇਰ ਜੇਹੜੀਆਂ ਚੀ-
ਜਾਂ ਤੈਂ ਤਿਆਰ ਕੀਤੀਆਂ ਹਨ ਓਹ ਕਿਹ ਦੀਆਂ ਹੋਣਗੀਆਂ ॥੨੧॥ ਇਹੋ ਜਿਹਾ ਉਹ ਹੈ ਜੋ ਅ ੦
ਪਣੇ ਲਈ ਧਨ ਜੋੜਦਾ ਪਰ ਪਰਮੇਸੁਰ ਦੇ ਹੱਕ ਵਿੱਚ ਧਨਵਾਨ ਨਹੀਂ ਹੈ॥ ॥੨੨

Original with:
Language Department Punjab
Digitized by:
Panjab Digital Library

॥ਅਤੇਉਸਨੈਆਪਣੇਸਿੱਖਾਂਨੂੰਕਿਹਾਮੈਂਇਸਕਾਰਨਤੁਹਾਨੂੰਆਖਦਾਹਾਂਜੋਪ੍ਰਾਣਾਂਦੇਲਈ
ਚਿੰਤਾਨਾਕਰੋਭਈਅਸੀਂਕੀਖਾਵਾਂਗੇ ਅਤੇਨਾਆਪਣੇਸਰੀਰਦੇਲਈਭਈਕੀਪਹਿਨਾਂਗੇ
॥੨੩॥ਕਿਉਂਕਿਪ੍ਰਾਣਭੋਜਨਨਾਲੇਂਅਤੇਸਰੀਰਬਸਤ੍ਰਨਾਲੇਂਵਧੀਕਹੈ॥੨੪॥ਕਾਵਾਂਦੀ
ਵਲਧਿਆਨਕਰੋਜੋਓਹਨਾ ਬੀਜਦੇਨਾ ਵੱਢਦੇਹਨ।ਉਨਾਂਦੇਧਾਸਨਾ ਭੰਡ੍ਹਾਰਨਾਭੁੜੇਲਾ
ਹੈਅਤੇਪਰਮੇਸ੍ਹਰਉਨਾਂਦੀਪਿਰਤਪਾਲ੍ਹਕਰਦਾਹੈ।ਤੁਸੀਂਪੰਛੀਆਂਨਾਲੇਂਕਿਨੇਹੀਉੱਤਮ
ਹੋ॥੨੫॥ਅਤੇਤੁਹਾਡ੍ਹੇਵਿੱਚੋਂਉਹਕਿਹੜਾਹੈਜਿਹੜਾਚਿੰਤਾਕਰਕੇਆਪਣੀਉਮਰਇੱਕਪੱ
ਲਵਧਾਸੱਕਦਾਹੈ॥੨੬॥ਇਸਲਈਜਦਤੁਸੀਂਛੋਟੇਥੋਂਛੋਟਾਕੰਮਨਹੀਂਕਰਸੱਕਦੇਤਾਂਹੋ
ਰਨਾਂਗੱਲਾਂਵਾਸਤੇਕਾਹਨੂੰਚਿੰਤਾਕਰਦੇਹੋ॥੨੭॥ਜੋਸ੍ਹਨਦੇਫੁੱਲਾਂਵਲਧਿਆਨਕਰੋਜੋ
ਓਹਕਿੱਕੁਰਵਧਦੇਹਨ।ਓਹਨਾਮਿਹਨਤਕਰਦੇਨਾਕੱਤਦੇਹਨਪਰਮੈਂਤੁਹਾਨੂੰਆਖਦਾ
ਹਾਂਭਈਸੁਲੇਮਾਨਆਪਣੀਸਾਰੀਭੜਕਵਿਖੇਇਨਾਂਵਿੱਚੋਂਇੱਕਜਿਹਾਨਾ ਸੀਪਹਿਨਿ-
ਆਹੋਇਆ॥੨੮॥ਜੋਜਦਪਰਮੇਸ੍ਹਰਜੰਗਲੀਬੂਟੀਨੂੰਜਿਹੜੀਅੱਜਹੈਅਤੇਭਲ੍ਹਕੇ
ਤੰਦੂਰਵਿੱਚਝੋਕੀਜਾਂਦੀਇਹੋਜਿਹਾਪਹਿਨਾਉਂਦਾਹੈਤਾਂਹੈਥੋੜ੍ਹੀਪਰਤੀਤਵਾਲ੍ਹਿਓ ਉਹ
ਕਿੰਨਾਵਧੀਕਤੁਹਾਨੂੰਨਾਪਹਿਨਾਊਗਾ॥੨੯॥ਅਤੇਤੁਸੀਂਇਹਦੀਭਾਲ੍ਹਨਾਕਰੋਜੋਕੀ
ਖਾਵਾਂਗੇ ਅਤੇਕੀਪੀਆਂਗੇ ਅਤੇਭਰਮਨਾਕਰੋ॥੩੦॥ਕਿਉਂਜੋਸੰਸਾਰਦੀਆਂਪਰਾਈ-
ਆਂਕੋਮਾਂਦੇਲੋਕਇਨਾਂਸਭਨਾਂਵਸਤਾਂਨੂੰਭਾਲ੍ਹਦੇਹਨਅਰਤੁਹਾਡ੍ਹਾਪਿਤਾਜਾਣਦਾਹੈਭ

Original with:
Language Department Punjab
Digitized by:
Panjab Digital Library

ਈ ਤੁਹਾ ਨੂੰ ਇਨਾਂ ਵਸਤਾਂ ਦੀ ਲੋੜ ਹੈ ॥੩੧॥ ਪਰ ਤੁਸੀਂ ਉਹ ਦੇ ਰਾਜ ਨੂੰ ਭਾਲੋ ਤਾਂ ਤੁਹਾ ਨੂੰ
ਏਹ ਵਸਤਾਂ ਬੀ ਦਿੱਤੀਆਂ ਜਾਣਗੀਆਂ ॥੩੨॥ ਹੇ ਛੋਟੇ ਝੁੰਡ ਨਾ ਡਰੋ ਕਿਉਂਕਿ ਤੁਹਾਡੇ ਪਿਤ
ਨੂੰ ਪਸੰਦ ਆਇਆ ਹੈ ਜੋ ਰਾਜ ਤੁਹਾ ਨੂੰ ਦੇਵੇ ॥੩੩॥ ਆਪਣਾ ਮਾਲ ਵੇਚ ਕੇ ਦਾਨ ਕਰੋ। ਅ
ਪਣੇ ਲਈ ਬਟੂਏ ਜੋ ਪੁਰਾਣੇ ਨਹੀਂ ਹੁੰਦੇ ਅਤੇ ਧਨ ਜੋ ਘੱਟਦਾ ਨਹੀਂ ਸੁਰਗ ਵਿੱਚ ਤਿਆਰ ਕ
ਰੋ ਜਿੱਥੇ ਨਾ ਚੋਰ ਨੇੜੇ ਆਉਂਦਾ ਅਤੇ ਨਾ ਕੀੜਾ ਨਾਸ ਕਰਦਾ ਹੈ ॥੩੪॥ ਕਿਉਂਕਿ ਜਿੱਥੇ ਤੁਹਾ
ਧਨ ਹੈ ਉੱਥੇ ਹੀ ਤੁਹਾਡਾ ਮਨ ਬੀ ਹੋਊਗਾ ॥ ॥੩੫॥ ਤੁਹਾਡੇ ਲੱਕ ਬਨੇ ਅਰ ਦੀ
ਵੇ ਬਲ੍ਹਦੇ ਰਹਿਣ ॥੩੬॥ ਅਤੇ ਤੁਸੀਂ ਉਨਾਂ ਮਨੁੱਖਾਂ ਵਰਗੇ ਹੋਵੋ ਜੇਹੜੇ ਆਪਣੇ ਮਾਲਕ ਨੂੰ
ਉਡੀਕਦੇ ਹਨ ਕੁ ਈ ਉਹ ਵਿਆਹੋਂ ਕਦ ਮੁੜ ਆਊਗਾ ਤਾਂ ਜੋ ਜਸ ਵੇਲੇ ਉਹ ਆਵੇ ਅਤੇ ਬੂ
ਹਾ ਖੜਕਾਵੇ ਓਹ ਝੱਟ ਉਸ ਦੇ ਲਈ ਖੋਲ੍ਹਣ ॥੩੭॥ ਧੰਨ ਓਹ ਚਾਕਰ ਜਿਨਾਂ ਨੂੰ ਮਾਲਕ ਜਦ
ਆਵੇ ਜਾਗਦਿਆਂ ਪਾਵੇ। ਮੈਂ ਤੁਹਾ ਨੂੰ ਸੱਤ ਆਖਦਾ ਹਾਂ ਜੋ ਉਹ ਲੱਕ ਬੰਨ ਕੇ ਉਨਾਂ ਨੂੰ ਖਾਣ ਲਈ
ਬਿਠਾਊਗਾ ਅਤੇ ਕੋਲ ਆਣ ਕੇ ਉਨਾਂ ਦੀ ਟਹਿਲ ਕਰੂ ॥੩੮॥ ਅਰ ਜੇ ਉਹ ਦੂਪਹਿਰ ਨੂੰ ਅ
ਥਵਾ ਤੀਏ ਪਹਿਰ ਨੂੰ ਆਵੇ ਅਤੇ ਇਹੋ ਜਿਹਾ ਵੇਖੇ ਤਾਂ ਓਹ ਚਾਕਰ ਧੰਨ ਹਨ ॥੩੯॥ ਪਰ
ਇਹ ਜਾਣੋ ਕਿ ਜੇ ਘਰ ਦੇ ਮਾਲਕ ਨੂੰ ਖਬਰ ਹੁੰਦੀ ਜੋ ਚੋਰ ਕਿਸ ਘੜੀ ਆਊਗਾ ਤਾਂ ਜਾਗ
ਦਾ ਰਹਿੰਦਾ ਅਤੇ ਆਪਣੇ ਘਰ ਨੂੰ ਸੰਨ ਲੱਗਣ ਨਾ ਦਿੰਦਾ ॥੪੦॥ ਤੁਸੀਂ ਬੀ ਤਿਆਰ
ਹੋ ਕਿਉਂਕਿ ਜਿਸ ਘੜੀ ਤੁਹਾ ਨੂੰ ਚਿੱਤ ਚੇਤਾ ਨਾ ਹੋਵੇ ਉਸੇ ਘੜੀ ਮਨੁੱਖ ਦਾ ਪੁਤ੍ਰ ਆਊਗਾ ॥

Original Book:
Language Department Punjab
Digitized by:
Panjab Digital Library

॥੪੧॥ਤਦ ਪਤਰਸ ਨੈ ਕਿਹਾ ਪ੍ਰਭੂ ਜੀ ਤੂੰ ਇਹ ਦ੍ਰਿਸਟਾਂਤ ਸਾ ਨੂੰ ਹੀ ਆਖਦਾ ਹੈਂ ਜਾਂ ਸਾਰਿਆਂ ਨੂੰ ਭੀ॥੪੨॥ਅਤੇ ਪ੍ਰਭੂ ਨੈ ਕਿਹਾ ਤਾਂ ਉਹ ਮਾਤਬਰ ਅਤੇ ਬੁੱਧਮਾਨ ਮੁਖਤਿਆਰ ਕੌਣ ਹੈ ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ ਠਰਾਵੇ ਭਈ ਵੇਲੇ ਸਿਰ ਉਨਾਂ ਨੂੰ ਰਸਤ ਦੇਵੇ॥੪੩॥ ਧੰਨ ਉਹ ਚਾਕਰ ਜਿਹ ਨੂੰ ਉਸ ਦਾ ਮਾਲਕ ਜਦ ਆਵੇ ਅਜਿਹਾ ਹੀ ਕਰਦਿਆਂ ਵੇਖੇ॥੪੪॥ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਜੋ ਉਹ ਉਸ ਨੂੰ ਆਪਣੇ ਸਾਰੇ ਮਾਲ ਮਤਾ ਉੱਤੇ ਸੁਖਤਿਆਰ ਕਰ ਦੇਊਗਾ॥ ੪੫॥ਪਰ ਜੇ ਉਹ ਚਾਕਰ ਆਪਣੇ ਮਨ ਵਿੱਚ ਆਖੇ ਭਈ ਮੇਰਾ ਮਾਲਕ ਆਉਣ ਵਿੱਚ ਚਿਰ ਲਾਉਂਦਾ ਹੈ ਅਤੇ ਗੋਲੇ ਗੋਲੀਆਂ ਨੂੰ ਮਾਰਨ ਅਤੇ ਖਾਣ ਪੀਣ ਅਤੇ ਮਤਵਾਲਾ ਹੋਣ ਲੱਗੇ॥੪੬॥ਤਾਂ ਉਸ ਚਾਕਰ ਦਾ ਮਾਲਕ ਜਿਸ ਦਿਨ ਉਹ ਉਡੀਕ ਨਹੀਂ ਕਰਦਾ ਅਤੇ ਜਿਸ ਘੜੀ ਉਹ ਨਹੀਂ ਜਾਣਦਾ ਆਊਗਾ ਅਤੇ ਉਸ ਨੂੰ ਦੋ ਟੁਕੜੇ ਕਰੂਗਾ ਅਰ ਬੇਈਮਾਨਾਂ ਨਾਲ ਉਹ ਦਾ ਹਿੱਸਾ ਠਰਾਊਗਾ॥੪੭॥ ਅਤੇ ਉਹ ਚਾਕਰ ਜਿਹੜਾ ਆਪਣੇ ਮਾਲਕ ਦੀ ਮਰਜੀ ਜਾਣਦਾ ਸੀ ਪਰ ਤਿਆਰੀ ਨਾ ਕੀਤੀ ਅਤੇ ਨਾ ਉਹ ਦੀ ਮਰਜੀ ਮੂਜਬ ਕੰਮ ਕੀਤਾ ਬਹੁਤ ਮਾਰ ਖਾਊਗਾ॥੪੮॥ਪਰ ਜਿਹੜਾ ਨਹੀਂ ਸੀ ਜਾਣਦਾ ਅਤੇ ਮਾਰ ਖਾਣ ਦੇ ਜੋਗ ਕੰਮ ਕੀਤਾ ਉਹ ਥੋੜੀ ਮਾਰ ਖਾਊਗਾ। ਅਤੇ ਜਿਸ ਕਿਸੇ ਨੂੰ ਬਹੁਤ ਦਿੱਤਾ ਗਿਆ ਹੈ ਉਸ ਥੋਂ ਬਹੁਤੇ ਦਾ ਲੇਖਾ ਲਿਆ ਜਾਊ ਅਰ ਜਿਹ ਨੂੰ ਲੋਕਾਂ ਨੈ ਬਹੁਤ ਸੌਂਪਿਆ ਹੈ ਉਸ ਥੋਂ ਵਧੀਕ ਮੰਗਣਗੇ॥ ॥੪੯॥

Original with:
Language Department Punjab
Digitized by:
Panjab Digital Library

ਮੈਂ ਧਰਤੀ ਉੱਤੇ ਅੱਗ ਲਾਉਣ ਆਇਆ ਹਾਂ ਅਤੇ ਮੈਂ ਕੀ ਚਾਹੁੰਦਾ ਹਾਂ ਜੇ ਹੁਣ ਲੱਗ ਚੁੱਕੀ ਹੁੰਦੀ
॥੫ੰ॥ ਪਰ ਮੈਂ ਇੱਕ ਬਪਤਿਸਮਾ ਲੈਣਾ ਹੈ ਅਤੇ ਜਦ ਤੀਕੁਰ ਉਹ ਸੰਪੂਰਣ ਨਾ ਹੋਵੇ ਤਦ ਤੀ-
ਕੁਰ ਮੈਂ ਕੇਡਾ ਔਖਾ ਹਾਂ॥ ੫੧॥ ਕੀ ਤੁਸੀਂ ਸਮਝਦੇ ਹੋ ਕੁ ਈ ਮੈਂ ਧਰਤੀ ਪੁਰ ਮੇਲ ਕਰਾਉਣ ਆ ੦
ਇਆ ਹਾਂ। ਮੈਂ ਤੁਹਾ ਨੂੰ ਆਖਦਾ ਹਾਂ ਨਹੀਂ ਸਗੋਂ ਜੁਦਾਈ॥ ੫੨॥ ਕਿਉਂਕਿ ਏਦੋਂ ਅੱਗੇ ਇੱਕ
ਘਰ ਦੇ ਪੰਜਾਂ ਵਿੱਚ ਜੁਦਾਈ ਹੋਊਗੀ। ਤਿੰਨ ਦੋਹੁ ਦੇ ਅਰ ਦੋ ਤਿੰਨਾਂ ਦੇ ਵਿਰੁੱਧ॥ ੫੩॥ ਓਹ
ਅੱਡੋ ਅੱਡ ਹੋਣਗੇ ਅਰਥਾਤ ਪਿਉ ਪੁੱਤ ਦੇ ਵਿਰੁੱਧ ਅਰ ਪੁੱਤ ਪਿਉ ਦੇ ਵਿਰੁੱਧ। ਮਾਂ ਧੀ ਦੇ
ਵਿਰੁੱਧ ਅਰ ਧੀ ਮਾਂ ਦੇ ਵਿਰੁੱਧ। ਸੱਸ ਆਪਣੀ ਨੂੰਹ ਦੇ ਵਿਰੁੱਧ ਅਰ ਨੂੰਹ ਸੱਸ ਦੇ ਵਿਰੁੱਧ॥
॥੫੪॥ ਫੇਰ ਉਸ ਨੇ ਭੀੜ ਨੂੰ ਬੀ ਕਿਹਾ ਜਦ ਲਹਿੰਦੇ ਪਾਸੇ ਬੱਦਲ ਉੱਠਦਾ ਵੇਖਦੇ
ਹੋ ਤੁਸੀਂ ਝੱਟ ਆਖਦੇ ਹੋ ਮੀਂਹ ਆਉਂਦਾ ਹੈ ਅਤੇ ਉਸੇ ਤਰਾਂ ਹੁੰਦਾ ਹੈ॥ ੫੫॥ ਅਰ ਜਦ ਦੱਖਣ
ਦੀ ਵਾਉ ਵਗਦੀ ਹੈ ਤਦ ਆਖਦੇ ਹੋ ਭਈ ਗਰਮੀ ਹੋਊ ਅਤੇ ਉਹ ਹੁੰਦੀ ਹੈ॥ ੫੬॥ ਹੇ ਕਪ-
ਟੀਓ ਧਰਤੀ ਅਤੇ ਅਕਾਸ ਦੇ ਤੌਰ ਭੌਰ ਦੀ ਜਾਚ ਕਰਨੀ ਤੁਹਾ ਨੂੰ ਆਉਂਦੀ ਹੈ ਪਰ ਇਸ ਸਮੇ
ਦੀ ਜਾਚ ਕਰਨੀ ਤੁਹਾ ਨੂੰ ਕਿੰਕੂੰ ਨਹੀਂ ਆਉਂਦੀ॥ ੫੭॥ ਅਰ ਤੁਸੀਂ ਆਪੇ ਹੀ ਉਸ ਨੂੰ ਜੋ ਠੀਕ
ਹੈ ਕਿਉ ਨਹੀਂ ਵਿਚਾਰ ਕਰਦੇ ਹੋ॥ ੫੮॥ ਕਿਉਂਕਿ ਜਦ ਤੂੰ ਆਪਣੇ ਮੁਦਈ ਨਾਲ ਹਾਕਮ ਦੇ
ਸਾਹਮਣੇ ਜਾਂਦਾ ਹੈਂ ਤਾਂ ਰਸਤੇ ਵਿੱਚ ਉਸ ਥੋਂ ਛੁੱਟਣ ਦਾ ਜਤਨ ਕਰ ਕਿਤੇ ਐਉਂ ਨਾ ਹੋਵੇ ਜੋ ਉ
ਹ ਤੈਨੂੰ ਹਾਕਮ ਦੇ ਕੋਲ ਖਿੱਚ ਖੜੇ ਅਤੇ ਹਾਕਮ ਤੈਨੂੰ ਪਿਆਦੇ ਦੇ ਹਵਾਲੇ ਕਰੇ ਅਤੇ ਪਿਆ

Original with:
Language Department Punjab
Digitized by:
Panjab Digital Library

ਦਾ ਤੈਨੂੰ ਕੈਦ ਵਿੱਚ ਪਾਵੇ॥ ੫੯॥ ਮੈਂ ਤੈਨੂੰ ਆਖਦਾ ਹਾਂ ਭਈ ਤੂੰ ਓੱਥੋਂ ਕਿਸੇ ਬਿਧ ਨਾ ਛੁੱਟੇਂਗਾ ਜਿੰਨਾਂ ਚਿਰ ਦਮੜੀ ਦਮੜੀ ਨਾ ਭਰ ਦੇਵੇਂ॥

੧੩ ਕਾਂਡ॥ ਅਤੇ ਉਸ ਵੇਲੇ ਕਈ ਉੱਥੇ ਹਾਜਰ ਸਨ ਜੋ ਹੜੇ ਉਸ ਨੂੰ ਉਨਾਂ ਗਾਲੀਲੀਆਂ ਦਾ ਹਵਾਲ ਦੱਸਣ ਲੱਗੇ ਕਿ ਜਿਨਾਂ ਦਾ ਲਹੂ ਪਿਲਾਤੁਸ ਨੈ ਉਨਾਂ ਦੇ ਬਲਦਾਨਾਂ ਨਾਲ ਮਿਲਾਇਆ ਸੀ॥ ੨॥ ਅਤੇ ਉਸ ਨੈ ਉਨਾਂ ਨੂੰ ਉੱਤਰ ਦਿੱਤਾ ਭਲਾ ਤੁਸੀਂ ਸਮਝਦੇ ਹੋਂ ਭਈ ਏਹ ਗਾਲੀਲੀ ਸਭਨਾਂ ਗਾਲੀਲੀਆਂ ਨਾਲੋਂ ਵਡੇ ਪਾਪੀ ਸਨ ਜੋ ਉਨਾਂ ਨੈ ਏਹ ਦੁਖ ਸਹੇ॥ ੩॥ ਮੈਂ ਤੁਹਾਨੂੰ ਆਖਦਾ ਹਾਂ ਨਹੀਂ ਪਰ ਜੇ ਤੁਸੀਂ ਤੋਬਾ ਨਾ ਕਰੋਂ ਤਾਂ ਤੁਸਾਂ ਸਭਨਾਂ ਦਾ ਇਸੇ ਤਰਾਂ ਨਾਸ ਹੋ ਜਾਊਗਾ॥ ੪॥ ਅਥਵਾ ਓਹ ਅਠਾਰਾਂ ਜਿਨਾਂ ਉੱਤੇ ਸਿਲੋਆਮ ਦਾ ਬੁਰਜ ਢੱਠਾ ਅਤੇ ਉਨਾਂ ਨੂੰ ਮਾਰ ਸੁੱਟਿਆ ਕੁਲਾ ਤੁਸੀਂ ਇਹ ਸਮਝਦੇ ਹੋਂ ਜੋ ਓਹ ਯਰੂਸਲੀਮ ਦੇ ਸਭ ਰਹਿਣ ਵਾਲਿਆਂ ਨਾਲੋਂ ਵਡੇ ਗੁਨਾਹੀ ਸਨ॥ ੫॥ ਮੈਂ ਤੁਹਾਨੂੰ ਆਖਦਾ ਹਾਂ ਨਹੀਂ ਪਰ ਜੇ ਤੁਸੀਂ ਤੋਬਾ ਨਾ ਕਰੋਂ ਤਾਂ ਤੁਸਾਂ ਸਭਨਾਂ ਦਾ ਇਸੇ ਤਰਾਂ ਨਾਸ ਹੋ ਜਾਊਗਾ॥

॥ ੬॥ ਅਤੇ ਉਸ ਨੈ ਇਹ ਦ੍ਰਿਸ਼ਟਾਂਤ ਦਿੱਤਾ ਭਈ ਕਿਸੇ ਮਨੁੱਖ ਦੇ ਦਾਖ ਦੇ ਬਾਗ ਵਿੱਚ ਇੱਕ ਹੰਜੀਰ ਦਾ ਬੂਟਾ ਲਾਇਆ ਹੋਇਆ ਸੀ ਅਤੇ ਉਹ ਉਸ ਦਾ ਫਲ ਲੈਣ ਆਇਆ ਪਰ ਨ ਲੱਭਾ॥ ੭॥ ਤਦ ਉਹ ਨੈ ਬਾਗਬਾਨ ਨੂੰ ਆਖਿਆ ਵੇਖ ਮੈਂ ਇਸ ਹੰਜੀਰ ਦੇ ਬੂਟੇ ਦੇ ਫਲ ਲੈਣ ਨੂੰ ਤਿੰਨਾਂ ਵਰਿਹਾਂ ਥੋਂ ਆਉਂਦਾ ਹਾਂ ਪਰ ਨਹੀਂ ਲੱਭਦਾ। ਇਹ ਨੂੰ ਵੱਢ ਸੁੱਟ ਕਾਹਨੂੰ ਜਮੀਨ

Original with:
Language Department Punjab
Digitized by:
Panjab Digital Library

ਬੀ ਰੋਕ ਛੱਡੀ ਹੈ ॥ ੮ ॥ ਪਰ ਉਸ ਨੈ ਉਹ ਨੂੰ ਉੱਤਰ ਦਿੱਤਾ ਮਹਾਰਾਜ ਇਹ ਨੂੰ ਅੈਤਕੀ ਹੋਰ
ਬੀ ਰਹਿਣ ਦਿਹ ਜਦ ਤੀ ਕੁਰ ਮੈਂ ਇਹ ਦੇ ਗਿਰ ਦੇ ਖਾਲ੍ਹ ਖੋਦਾਂ ਅਤੇ ਰੂੜੀ ਪਾਵਾਂ ॥ ੯ ॥ ਭ-
ਲਾ ਜੇ ਅੱਗੇ ਨੂੰ ਫਲ੍ਹ ਲੱਗੇ ॥ ਨਹੀਂ ਤਾਂ ਇਹ ਨੂੰ ਵੱਢ ਸੁੱਟ ॥ ॥ ੧੦ ॥ ਅਤੇ ਉਹ
ਸਬਤ ਦੇ ਦਿਨ ਇੱਕ ਸਮਾਜ ਵਿੱਚ ਉਪਦੇਸ਼ ਦਿੰਦਾ ਸੀ ॥ ੧੧ ॥ ਅਰ ਵੇਖੋ ਇੱਕ ਤੀਮੀਂ ਜਿ-
ਹ ਨੂੰ ਅਠਾਰਾਂ ਵਰਿਹਾਂ ਥੋਂ ਮਾਂਦਗੀ ਦਾ ਆਤਮਾ ਚਿੰਬੜਿਆ ਹੋਇਆ ਸੀ ਅਤੇ ਉਹ ਕੁੱਬੀ
ਹੋਈ ਅਰ ਕਿਸੇ ਤਰਾਂ ਸਿੱਧੀ ਨਹੀਂ ਸੀ ਹੋ ਸੱਕਦੀ ॥ ੧੨ ॥ ਅਤੇ ਯਿਸੂ ਨੈ ਉਹ ਨੂੰ ਵੇਖ ਕੇ ਕੋਲ੍ਹ
ਸੱਦਿਆ ਅਰ ਉਹ ਨੂੰ ਕਿਹਾ ਹੇ ਤੀਮਤ ਤੂੰ ਆਪਣੀ ਮਾਂਦਗੀ ਥੋਂ ਛੁੱਟ ਗਈ ਹੈਂ ॥ ੧੩ ॥
ਅਤੇ ਉਸ ਉੱਤੇ ਹੱਥ ਰੱਖੇ ਅਰ ਛੇਵੇਂ ਉਹ ਸਿੱਧੀ ਹੋ ਗਈ ਅਰ ਪਰਮੇਸ਼ੁਰ ਦੀ ਵਡਿਆਈ ਕ-
ਰਨ ਲੱਗੀ ॥ ੧੪ ॥ ਪਰ ਸਮਾਜ ਦੇ ਸਰਦਾਰ ਨੈ ਇਸ ਲਈ ਜੋ ਯਿਸੂ ਨੈ ਸਬਤ ਦੇ ਦਿਨ ਨਰੋ-
ਈ ਕੀਤੀ ਰੁੱਸੇ ਹੋਕੇ ਅੱਗੋਂ ਜਮਾਤ ਨੂੰ ਆਖਿਆ ਕਿ ਛੇ ਦਿਨ ਹਨ ਜਿਨਾਂ ਵਿੱਚ ਕੰਮ ਕਰਨ
ਚਾਹੀਦਾ ਹੈ ਜੋ ਇਨਾਂ ਵਿੱਚ ਆਣਕੇ ਚੰਗੇ ਹੋਵੋ ਨਾ ਕਿ ਸਬਤ ਦੇ ਦਿਨ ॥ ੧੫ ॥ ਪਰ ਪ੍ਰਭੁ ਨੈ ਉ-
ਹ ਨੂੰ ਉੱਤਰ ਦਿੱਤਾ ਅਤੇ ਕਿਹਾ ਹੇ ਕਪਟੀਓ ਕੀ ਤੁਹਾਡੇ ਵਿੱਚੋਂ ਹਰ ਕੋਈ ਸਬਤ ਦੇ ਦਿਨ ਆ
ਪਣੇ ਬਲ੍ਹਦ ਜਾਂ ਗਧੇ ਨੂੰ ਖੁਰਲੀ ਥੋਂ ਖੋਲ੍ਹ ਕੇ ਪਾਣੀ ਪਿਆਉਣ ਨੂੰ ਨਹੀਂ ਲੈ ਜਾਂਦਾ ॥ ੧੬
॥ ਫੇਰ ਭਲਾ ਇਹ ਤੀਮੀਂ ਜੋ ਇਬਰਾਹੀਮ ਦੀ ਧੀ ਹੈ ਜਿਹ ਨੂੰ ਸਤਾਨ ਨੈ ਵੇਖ ਅਠਾਰਾਂ ਵਰਿ-
ਹਾਂ ਥੋਂ ਬੰਨ ਰੱਖਿਆ ਹੈ ਇਹ ਨੂੰ ਸਬਤ ਦੇ ਦਿਨ ਇਸ ਬੰਧਨ ਥੋਂ ਛੁਡਾਉਣਾ ਜੋਗ ਨਹੀਂ ਸੀ

Original with:
Language Department Punjab
Digitized by:
Panjab Digital Library

॥੧੭॥ ਅਤੇ ਜਾਂ ਏਹ ਗੱਲਾਂ ਕਰਦਾ ਹੀ ਸੀ ਤਾਂ ਉਹ ਦੇ ਸਭ ਵਿਰੋਧੀ ਸਰਮਿੰਦੇ ਹੋ ਗਏ ਅਤੇ ਸਾਰੀ ਜਮਾਤ ਉਨਾਂ ਸਭਨਾਂ ਪਰਤਾਪਵਾਲੇ ਕੰਮਾਂ ਥੋਂ ਜੋ ਉਹ ਦੇ ਕੋਲੋਂ ਹੋਏ ਸਨ ਅਨੰਦ ਹੋਈ॥ ॥੧੮॥ ਇਸ ਲਈ ਉਹ ਨੇ ਆਖਿਆ ਕਿ ਪਰਮੇਸੁਰ ਦਾ ਰਾਜ ਕਿਸ ਵਰਗਾ ਹੈ ਅਤੇ ਮੈਂ ਉਸ ਨੂੰ ਕਿਹ ਦੇ ਵਰਗਾ ਦੱਸਾਂ॥ ੧੯॥ ਉਹ ਰਾਈ ਦੇ ਦਾਣੇ ਵਰਗਾ ਹੈ ਜਿਹ ਨੂੰ ਇੱਕ ਮਨੁੱਖ ਨੈ ਲੈ ਕੇ ਆਪਣੇ ਬਾਗ ਵਿੱਚ ਬੀਜਿਆ ਅਰ ਉਹ ਉਗਿਆ ਅਤੇ ਬਿਰਛ ਹੋ ਗਿਆ ਅਤੇ ਅਕਾਸ ਦੇ ਪੰਛੀਆਂ ਨੈ ਉਹ ਦੀਆਂ ਟਹਿਣੀਆਂ ਉੱਤੇ ਵਸੇਰਾ ਕੀਤਾ॥ ੨੦॥ ਅਤੇ ਉਸ ਨੈ ਫੇਰ ਆਖਿਆ ਮੈਂ ਪਰਮੇਸੁਰ ਦੇ ਰਾਜ ਨੂੰ ਕਿਹ ਦੇ ਵਰਗਾ ਦੱਸਾਂ॥ ੨੧॥ ਉ- ਹ ਖਮੀਰ ਵਰਗਾ ਹੈ ਜਿਹ ਨੂੰ ਇੱਕ ਤੀਮੀਂ ਨੈ ਲੈ ਕੇ ਤਿੰਨ ਸੇਰ ਆਟੇ ਵਿੱਚ ਰੁੰਨਿਆ ਐੱਥੋ ਤੋੜੀ ਜੋ ਸਾਰਾ ਖਮੀਰਾ ਹੋ ਗਿਆ॥ ॥੨੨॥ ਅਤੇ ਉਹ ਉਪਦੇਸ ਦਿੰਦਾ ਹੋਇ- ਆ ਨਗਰ ਨਗਰ ਅਤੇ ਪਿੰਡ ਪਿੰਡ ਹੋ ਕੇ ਜਰੂਸਲੀਮ ਦੀ ਵਲ ਜਾਂਦਾ ਸੀ॥ ੨੩॥ ਤਦ ਇੱ- ਕ ਨੈ ਉਹ ਨੂੰ ਆਖਿਆ ਪ੍ਰਭੂ ਜੀ ਜੇਹੜੇ ਮੁਕਤਿ ਪਾਉਂਦੇ ਜੋ ਕਿਆ ਓਹ ਵਿਰਲੇ ਹਨ॥ ੨੪॥ ਤਾਂ ਉਸ ਨੈ ਉਨਾਂ ਨੂੰ ਕਿਹਾ ਤੁਸੀਂ ਭੀੜੇ ਬੂਹੇ ਥੋਂ ਵੜਨ ਦਾ ਵਡਾ ਜਤਨ ਕਰੋ ਕਿਉ ਜੋ ਮੈਂ ਤੁਹਾ ਨੂੰ ਆਖਦਾ ਹਾਂ ਕਿ ਬਥੇਰੇ ਵੜਨ ਨੂੰ ਚਾਹਣਗੇ ਪਰ ਵੜ ਨਾ ਸੱਕਣਗੇ॥ ੨੫॥ ਜਦੋਂ ਘਰ ਦਾ ਮਾਲਕ ਉੱਠ ਕੇ ਬੂਹਾ ਮਾਰ ਦੇਵੇ ਅਤੇ ਤੁਸੀਂ ਬਾਹਰ ਖੜੇ ਇਹ ਕਹਿ ਕੇ ਬੂਹਾ ਖੜਕਾਉਣ ਲੱ- ਗੋ ਕਿ ਹੇ ਪ੍ਰਭੂ ਸਾਡੇ ਲਈ ਖੋਲ ਅਤੇ ਉਹ ਤੁਹਾ ਨੂੰ ਉੱਤਰ ਦੇਊਗਾ ਭਈ ਮੈਂ ਤੁਹਾ ਨੂੰ ਨਹੀਂ

Original with:
Language Department Punjab
Digitized by:
Panjab Digital Library

ਜਾਣਦਾ ਜੋ ਤੁਸੀਂ ਕਿੱਥੋਂ ਦੇ ਹੋ।।੨੬।। ਤਦ ਤੁਸੀਂ ਆਖਣ ਲੱਗੋਗੇ ਕਿ ਅਸਾਂ ਤੇਰੇ ਅੱਗੇ ਖਾ-
ਧਾ ਪੀਤਾ ਅਤੇ ਤੈਂ ਸਾਡੇ ਚੌਕਾਂ ਵਿੱਚ ਉਪਦੇਸ਼ ਦਿੱਤਾ ਹੈ।।੨੭।। ਫੇਰ ਉਹ ਬੋਲੂਗਾ ਮੈਂ ਤੁਹਾ
ਨੂੰ ਆਖਦਾ ਹਾਂ ਭਈ ਮੈਂ ਨਹੀਂ ਜਾਣਦਾ ਜੋ ਤੁਸੀਂ ਕਿੱਥੋਂ ਦੇ ਹੋ। ਹੇ ਸਭ ਕੁਕਰਮੀਓ ਮੇਰੇ ਪਾਸੋਂ
ਦੂਰ ਹੋ ਜਾਓ।।੨੮।। ਓੱਥੇ ਰੋਣਾ ਅਤੇ ਦੰਦੀਆਂ ਪੀਹਣੀਆਂ ਹੋਣਗੀਆਂ ਜਦ ਤੁਸੀਂ ਇ-
ਬਰਾਹੀਮ ਅਰ ਇਸਹਾਕ ਅਰ ਯਾਕੂਬ ਅਤੇ ਸਭਨਾਂ ਪਿਕੰਬਰਾਂ ਨੂੰ ਪਰਮੇਸੁਰ ਦੇ ਰਾਜ
ਵਿੱਚ ਅਤੇ ਆਪਣੇ ਤਾਈਂ ਬਾਹਰ ਕੱਢੇ ਹੋਏ ਵੇਖੋਗੇ।।੨੯।। ਅਰ ਲੋਕ ਪੂਰਬ ਅਤੇ ਪੱ-
ਛਮ ਅਤੇ ਉੱਤਰ ਅਤੇ ਦੱਖਣ ਥੋਂ ਆਣਕੇ ਪਰਮੇਸੁਰ ਦੇ ਰਾਜ ਵਿੱਚ ਬੈਠਣਗੇ।।੩੦।। ਅ
ਰ ਵੇਖੋ ਕਿਨੇ ਪਿਛਲੇ ਹਨ ਜੋ ਪਹਿਲੇ ਹੋਣਗੇ ਅਤੇ ਪਹਿਲੇ ਹਨ ਜੋ ਪਿਛਲੇ ਹੋਣਗੇ
।। ।।੩੧।। ਉੱਸੇ ਘੜੀ ਕਈ ਫਰੀਸੀਆਂ ਨੇ ਕੋਲ ਆਣਕੇ ਉਹ ਨੂੰ ਕਿਹਾ ਕਿ
ਐੱਥੋਂ ਨਿੱਕਲਕੇ ਚੱਲਿਆ ਜਾਹ ਕਿਉਂ ਜੋ ਹੇਰੋਦੇਸ ਤੈਨੂੰ ਮਾਰ ਸੁੱਟਣਾ ਚਾਹੁੰਦਾ ਹੈ।। ੩੨।।
ਅਤੇ ਉਸ ਨੇ ਉਨਾਂ ਨੂੰ ਆਖਿਆ ਤੁਸੀਂ ਜਾਕੇ ਉਸ ਲੂੰਬੜੀ ਨੂੰ ਕਹੋ ਭਈ ਵੇਖ ਮੈਂ ਅੱਜ ਅਰ
ਕਲ ਭੂਤਾਂ ਨੂੰ ਕੱਢਦਾ ਅਤੇ ਨਰੋਆ ਕਰਦਾ ਹਾਂ ਅਰ ਤੀਏ ਦਿਨ ਪੂਰਾ ਹੋ ਜਾਵਾਂਗਾ।।੩੩।।
ਪਰ ਮੈਨੂੰ ਚਾਹੀਦਾ ਹੈ ਜੋ ਅੱਜ ਅਰ ਕਲ ਅਤੇ ਪਰਸੋਂ ਫਿਰਦਾ ਰਹਾਂ ਕਿਉਂਕਿ ਇਹ ਨਹੀਂ ਹੋ
ਸੱਕਦਾ ਜੋ ਯਰੂਸਲੀਮ ਥੋਂ ਬਾਹਰ ਕੋਈ ਪਿਕੰਬਰ ਮਾਰਿਆ ਜਾਵੇ।।੩੪।। ਹੇ ਯਰੂਸਲੀ-
ਮ ਯਰੂਸਲੀਮ ਤੂੰ ਜੋ ਪਿਕੰਬਰਾਂ ਨੂੰ ਕਤਲ ਕਰਦਾ ਹੈਂ ਅਤੇ ਉਨਾਂ ਨੂੰ ਜੋ ਤੇਰੇ ਕੋਲ ਘੱਲੇ

Original with:
Language Department Punjab
Digitized by:
Panjab Digital Library

ਹੋਏ ਹਨ ਪਥਰਾਉ ਕਰਦਾ ਹੈਂ ਮੈਂ ਕਿਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉੱਸੇ ਤਰਾਂ ਕੱਠਾ ਕਰਾਂ ਜਿਸ ਤਰਾਂ ਕੁਕੜੀ ਆਪਣੇ ਬੱਚਿਆਂ ਨੂੰ ਖੰਭਾਂ ਹੇਠ ਕੱਠੇ ਕਰਦੀ ਹੈ ਪਰ ਤੁਸਾਂ ਨਾ ਚਾਹਿਆ ॥੩੫॥ ਵੇਖੋ ਤੁਹਾਡਾ ਘਰ ਤੁਹਾਡੇ ਵਾਸਤੇ ਉਜਾੜ ਛੱਡਿਆ ਜਾਂਦਾ ਹੈ ਅਤੇ ਮੈਂ ਤੁਹਾਨੂੰ ਆਖਦਾ ਹਾਂ ਜੋ ਤੁਸੀਂ ਮੈਨੂੰ ਨਾ ਵੇਖੋਗੇ ਜਦ ਤੋੜੀ ਇਹ ਨਾ ਕਹੋਗੇ ਭਲੀ ਧੰਨ ਉਹ ਜਿਹੜਾ ਪ੍ਰਭੂ ਦੇ ਨਾਉਂ ਉੱਤੇ ਆਉਂਦਾ ਹੈ॥

੧੪ ਕਾਂਡ॥ ਅਤੇ ਐਉਂ ਹੋਇਆ ਕਿ ਜਦ ਉਹ ਸਬਤ ਦੇ ਦਿਨ ਫਰੀਸੀ ਸਰਦਾਰਾਂ ਵਿੱਚੋ ਕਿਸੇ ਦੇ ਘਰ ਰੋਟੀ ਖਾਣ ਗਿਆ ਤਦ ਓਹ ਉਸ ਦੀ ਤੱਕ ਵਿੱਚ ਲੱਗੇ ਹੋਏ ਸਨ ॥੨॥ ਅਰ ਵੇਖੋ ਇੱਕ ਜਲੋਧਰੀ ਮਨੁੱਖ ਉਹ ਦੇ ਸਾਹਮਣੇ ਸੀ॥੩॥ ਅਤੇ ਯਿਸੂ ਅੱਗੋਂ ਸਰਾ ਦੇ ਸਿਖ਼ਲਾਉਣ ਵਾਲਿਆਂ ਅਤੇ ਫਰੀਸੀਆਂ ਨੂੰ ਇਹ ਕਹਿਕੇ ਬੋਲਿਆ ਭਲਾ ਸਬਤ ਦੇ ਦਿਨ ਚੰਗਾ ਕਰਨਾ ਜੋਗ ਹੈ ਕੇ ਨਹੀਂ॥ ੪॥ ਪਰ ਓਹ ਚੁੱਪ ਵੱਟ ਗਏ। ਅਤੇ ਉਸ ਨੇ ਉਹ ਨੂੰ ਲੈਕੇ ਚੰਗਾ ਕੀਤਾ ਅਤੇ ਤੋਰ ਦਿੱਤਾ॥੫॥ ਅਰ ਉਨਾਂ ਨੂੰ ਆਖਿਆ ਭਲਾ ਤੁਹਾਡੇ ਵਿੱਚੋ ਕੌਣ ਹੈ ਕਿ ਜੇ ਉਹ ਦਾ ਗਧਾ ਜਾਂ ਬੈਲ ਖੂਹ ਵਿੱਚ ਡਿਗ ਪਏ ਤਾਂ ਉਹ ਝੱਟ ਸਬਤ ਦੇ ਦਿਨ ਉਹ ਨੂੰ ਨਾ ਕੱਢੇ॥੬॥ ਅਤੇ ਓਹ ਇਨਾਂ ਗੱਲਾਂ ਦਾ ਉੱਤਰ ਨਾ ਦੇ ਸੱਕੇ॥ ॥੭॥ ਅਰ ਜਾਂ ਉਸ ਨੇ ਵੇਖਿਆ ਭਲੀ ਪਰਾਹੁਣੇ ਕਿਸ ਤਰਾਂ ਉੱਚੀਆਂ ਥਾਂਵਾਂ ਨੂੰ ਪਸੰਦ ਕਰਦੇ ਹਨ ਤਾਂ ਉਨਾਂ ਨੂੰ ਇਹ ਦ੍ਰਿਸਟਾਂਤ ਦੇ ਕੇ ਕਿਹਾ॥੮॥ ਕਿ ਜਾਂ ਕੋਈ ਤੈਨੂੰ ਵਿਆਹ ਵਿੱਚ ਨਿਉਂਦਾ ਦੇਵੇ ਤਾਂ ਉੱਚੀ ਥਾਉਂ ਨਾ ਬੈਠ ਕੀ ਜਾਣਿਏ

Original with:
Language Department Punjab
Digitized by:
Panjab Digital Library

ਕਿਓਨ ਤੇਰੇ ਨਾਲੋਂ ਕਿਸੇ ਆਦਰਵਾਲੇ ਨੂੰ ਨਿਉਂਦਾ ਦਿੱਤਾ ਹੋਵੇ ॥੮॥ ਅਰ ਜਿਸ ਨੈ ਤੈਂ ਨੂੰ ਅਤੇ ਉਸ ਨੂੰ ਨਿਉਂਦਾ ਦਿੱਤਾ ਹੈ ਜੋ ਆਣਕੇ ਤੈਂ ਨੂੰ ਆਖੇ ਕਿ ਇਹ ਨੂੰ ਜਗਾ ਦਿਹ ਅਰ ਤਦ ਤੈਂ ਨੂੰ ਸਰਮਿੰਦਗੀ ਨਾਲ ਸਭ ਥੋਂ ਨੀਵੀਂ ਥਾਂ ਬੈਠਣਾ ਪਵੇ ॥੯॥ ਪਰ ਜਾਂ ਤੈਂ ਨੂੰ ਨਿਉਂਦਾ ਦਿੱਤਾ ਜਾਏ ਤਾਂ ਸਭ ਥੋਂ ਨੀਵੀਂ ਥਾਂ ਜਾ ਬੈਠ ਫੇਰ ਜਿਨ ਤੈਂ ਨੂੰ ਨਿਉਂਦਾ ਦਿੱਤਾ ਹੈ ਜਦ ਉਹ ਆਵੇ ਤਦ ਤੈਂ ਨੂੰ ਆਖੇ ਮਿਤ੍ਰ ਅੱਗੇ ਆ ਜਾਹ ਤਾਂ ਉਨ੍ਹਾਂ ਸਭਨਾਂ ਦੇ ਸਾਹਮਣੇ ਜੋ ਤੇਰੇ ਨਾਲ ਖਾਣ ਬੈਠੇ ਹਨ ਤੇਰਾ ਆਦਰ ਹੋਊਗਾ ॥੧੦॥ ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਊ ਅਤੇ ਜੋ ਆਪਣੇ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਊ ॥ ॥੧੨॥ ਅਤੇ ਜਿਨ ਉਸ ਨੂੰ ਨਿਉਂਦਾ ਦਿੱਤਾ ਸੀ ਉਸ ਨੈ ਉਹ ਨੂੰ ਬੀ ਕਿਹਾ ਕਿ ਜਾਂ ਤੂੰ ਦਿਨ ਜਾਂ ਰਾਤ ਦੀ ਜਿਆਫਤ ਕਰੇਂ ਤਾਂ ਆਪਣਿਆਂ ਮਿਤ੍ਰਾਂ ਅਤੇ ਆਪਣਿਆਂ ਭਾਈਆਂ ਅਤੇ ਆਪਣਿਆਂ ਸਾਕਾਂ ਅਤੇ ਧਨਵਾਨ ਗੁਆਂਢੀਆਂ ਨੂੰ ਨਾ ਬੁਲਾ ਅਜਿਹਾ ਨਾ ਹੋਵੇ ਜੋ ਓਹ ਫੇਰ ਤੈਂ ਨੂੰ ਬੀ ਬੁਲਾਉਣ ਅਰ ਤੇਰਾ ਬਦਲਾ ਹੋ ਜਾਵੇ ॥੧੩॥ ਪਰ ਜਾਂ ਤੂੰ ਕੱਠ ਕਰੇਂ ਤਾਂ ਕੰਗਾਲਾਂ ਟੁੰਡਿਆਂ ਲੰਙਿਆਂ ਅੰਨ੍ਹਿਆਂ ਨੂੰ ਸੱਦ ॥੧੪॥ ਅਤੇ ਤੂੰ ਧੰਨ ਹੋਵੇਂਗਾ ਕਿਉਂ ਜੋ ਤੇਰਾ ਬਦਲਾ ਦੇਣ ਨੂੰ ਉਨ੍ਹਾਂ ਕੋਲ ਕੁਛ ਨਹੀਂ ਹੈ ਇਸ ਲਈ ਜੋ ਤੈਂ ਨੂੰ ਧਰਮੀਆਂ ਦੀ ਕਿਯਾਮਤ ਵਿੱਚ ਫਲ ਦਿੱਤਾ ਜਾਊਗਾ ॥ ॥੧੫॥ ਅਤੇ ਉਹ ਦੇ ਨਾਲ ਦੇ ਬੈਠਣ ਵਾਲਿਆਂ ਵਿੱਚੋਂ ਇੱਕ ਨੈ ਏਹ ਬਾਤਾਂ ਸੁਣਕੇ ਉਹ ਨੂੰ ਕਿਹਾ ਕਿ ਧੰਨ ਉਹ ਜਿਹੜਾ ਪਰਮੇਸ਼ੁਰ ਦੇ ਰਾਜ ਵਿੱਚ ਰੋਟੀ ਖਾਊਗਾ ॥੧੬॥ ਪਰ ਉਸ ਨੈ ਉਹ

Original with:
Language Department Punjab
Digitized by:
Panjab Digital Library

ਨੂੰ ਆਖਿਆ ਕਿਸੇ ਮਨੁੱਖ ਨੈ ਇੱਕ ਵਡੀ ਜਿਆਫਤ ਕੀਤੀ ਅਤੇ ਬਹੁਤਿਆਂ ਨੂੰ ਬੁਲਾਇਆ ॥੧੭॥ ਅਤੇ ਉਸ ਨੈ ਖਾਣੇ ਦੇ ਵੇਲੇ ਆਪਣੇ ਚਾਕਰ ਨੂੰ ਘੱਲਿਆ ਜੋ ਉਹ ਪਰਾਹੁਣਿਆਂ ਨੂੰ ਕਹੇ ਭਈ ਆਓ ਕਿਉਂ ਜੋ ਹੁਣ ਸਭੋ ਕੁਛ ਤਿਆਰ ਹੈ ॥੧੮॥ ਅਤੇ ਓਹ ਸਭੇ ਇੱਕ ਮੱਤ ਹੋਕੇ ਉਜ਼ਰ ਕਰਨ ਲੱਗੇ। ਪਹਿਲੇ ਨੈ ਉਹ ਨੂੰ ਕਿਹਾ ਮੈਂ ਇੱਕ ਖੇਤ ਮੁੱਲ ਲਿਆ ਹੈ ਅਤੇ ਜਰੂਰ ਹੈ ਜੋ ਮੈਂ ਜ ਕੇ ਉਹ ਨੂੰ ਵੇਖਾਂ। ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਭਈ ਮੇਰੀ ਵਲੋਂ ਉਜ਼ਰ ਕਰੀਂ ॥੧੯॥ ਅਤੇ ਦੂਏ ਨੈ ਆਖਿਆ ਮੈਂ ਬਲ਼ਦਾਂ ਦੀਆਂ ਪੰਜ ਜੋੜੀਆਂ ਮੁੱਲ ਲਈਆਂ ਹਨ ਅਤੇ ਉਨ੍ਹਾਂ ਦੇ ਪਰਖਣੇ ਲਈ ਜਾਂਦਾ ਹਾਂ ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਜੋ ਮੇਰੀ ਵਲੋਂ ਉਜ਼ਰ ਕਰੀਂ ॥੨੦॥ ਅਤੇ ਹੋਰ ਨੈ ਆਖਿਆ ਮੈਂ ਵਿਆਹ ਕੀਤਾ ਹੈ ਅਤੇ ਇਸ ਲਈ ਮੈਂ ਨਹੀਂ ਆ ਸੱਕਦਾ ॥ ੨੧॥ ਅਰ ਉਸ ਚਾਕਰ ਨੈ ਆਣਕੇ ਆਪਣੇ ਮਾਲਕ ਨੂੰ ਇਨ੍ਹਾਂ ਗੱਲਾਂ ਦੀ ਖਬਰ ਦਿੱਤੀ। ਤਦ ਉਸ ਘਰ ਦੇ ਮਾਲਕ ਨੈ ਗੁੱਸੇ ਹੋਕੇ ਆਪਣੇ ਚਾਕਰ ਨੂੰ ਆਖਿਆ ਜਤਾਬੀ ਨਿੱਕਲ ਕੇ ਸਹਿਰ ਦੇ ਚੌਕਾਂ ਅਤੇ ਗਲੀਆਂ ਵਿੱਚ ਜਾਹ ਅਰ ਕੰਗਾਲਾਂ ਅਤੇ ਟੁੰਡਿਆਂ ਅਤੇ ਅੰਨ੍ਹਿਆਂ ਅਤੇ ਲੰਙਿਆਂ ਨੂੰ ਮੀਂਹ ਅੰਦਰ ਲਿਆ ॥੨੨॥ ਅਤੇ ਚਾਕਰ ਨੈ ਕਿਹਾ ਮਹਾਰਾਜ ਜਿਹਾ ਤੈਂ ਹੁਕਮ ਕੀਤਾ ਸੀ ਤਿਹਾ ਹੀ ਹੋਇਆ ਹੈ ਅਤੇ ਅਜੇ ਜਗਾ ਹੈ ॥੨੩॥ ਅਰ ਮਾਲਕ ਨੈ ਚਾਕਰ ਨੂੰ ਕਿਹਾ ਭਈ ਨਿੱਕਲ ਕੇ ਸੜਕਾਂ ਅਤੇ ਪੈਲੀ ਬੰਨ੍ਹਿਆਂ ਵਲ ਜਾਹ ਅਤੇ ਵਡੀ ਤਗੀਦ ਕਰਕੇ ਲੋਕਾਂ ਨੂੰ ਅੰਦਰ ਲਿਆ ਤਾਂ ਮੇਰਾ ਘਰ ਭਰ ਜਾਵੇ ॥੨੪॥ ਕਿਉਂ ਜੋ ਮੈਂ ਤੁਹਾਨੂੰ

Original with:
Language Department Punjab
Digitized by:
Panjab Digital Library

ਆਖਦਾ ਹਾਂ ਭਈ ਉਨਾਂ ਮਨੁੱਖਾਂ ਵਿੱਚੋਂ ਜੇਹੜੇ ਬੁਲਾਏ ਗਏ ਸਨ ਇੱਕ ਬੀ ਮੇਰਾ ਖਾਣਾ ਚੱਖੇਗਾ॥ ॥੨੫॥ ਅਤੇ ਵਡੀ ਭੀੜ ਯਿਸੂ ਦੇ ਨਾਲ ਚੱਲੀ ਜਾਂਦੀ ਸੀ ਅਤੇ ਉਸ ਨੇ ਮੁੜਕੇ ਉਨਾਂ ਨੂੰ ਆਖਿਆ॥੨੬॥ ਜੇ ਕੋਈ ਮੇਰੇ ਪਾਸ ਆਵੇ ਅਰ ਆਪਣੇ ਪਿਉ ਅਤੇ ਮਾਂ ਅਤੇ ਤੀਮੀਂ ਅਤੇ ਬਾਲ ਬੱਚਿਆਂ ਅਤੇ ਭਾਈਆਂ ਅਤੇ ਭੈਣਾਂ ਨਾਲ ਬਲਕ ਆਪਣੀ ਜਾਨ ਨਾਲ ਬੀ ਵੈਰ ਨਾ ਰੱਖੇ ਤਾਂ ਉਹ ਮੇਰਾ ਸਿੱਖ ਨਹੀਂ ਹੋ ਸੱਕਦਾ॥੨੭॥ ਜੋ ਕੋਈ ਆਪਣੀ ਸਲੀਬ ਚੁੱਕਕੇ ਮੇਰੇ ਮਗਰ ਨਾ ਆਵੇ ਮੇਰਾ ਸਿੱਖ ਨਹੀਂ ਹੋ ਸੱਕਦਾ॥੨੮॥ ਕਿੰਉ ਜੋ ਤੁਹਾਡੇ ਵਿੱਚੋਂ ਕੌਣ ਹੈ ਜਿਹ ਦੀ ਬੁਰਜ ਬਣਾਉਣ ਦੀ ਦਲੀਲ ਹੋਵੇ ਤਾਂ ਪਹਿਲਾਂ ਬੈਠਕੇ ਖਰਚ ਦਾ ਲੇਖਾ ਨਾ ਕਰੇ ਭਈ ਮੇਰੇ ਕੋਲ ਉਹਦੇ ਪੂਰਾ ਕਰਨ ਜੋਗਾ ਹੈ ਕੇ ਨਹੀਂ॥੨੯॥ ਕਿਤੇ ਐਉਂ ਨਾ ਹੋਵੇ ਕਿ ਜਾਂ ਉਸ ਨੇ ਨੀਉਂ ਰੱਖੀ ਅਤੇ ਪੂਰਾ ਨਾ ਕਰ ਸੱਕਿਆ ਤਾਂ ਸਭ ਵੇਖਣਵਾਲੇ ਇਹ ਕਹਿਕੇ ਉਸ ਉੱਤੇ ਹੱਸਣ ਲੱਗ ਪੈਣ॥੩੦॥ ਕਿ ਇਹ ਮਨੁੱਖ ਬਣਾਉਣ ਲੱਗਾ ਅਤੇ ਪੂਰਾ ਨਾ ਕਰ ਸੱਕਿਆ॥੩੧॥ ਅਥਵਾ ਕਿਹੜਾ ਰਾਜਾ ਹੈ ਕਿ ਜਾਂ ਦੂਏ ਰਾਜੇ ਨਾਲ ਲੜਨ ਵਾਸਤੇ ਨਿੱਕਲੇ ਤਾਂ ਪਹਿਲਾਂ ਬੈਠਕੇ ਸਲਾਹ ਨਾ ਕਰੂ ਭਈ ਕੀ ਮੈਂ ਦਸ ਹਜ਼ਾਰ ਨਾਲ ਉਹ ਦਾ ਸਾਹਮਣਾ ਕਰ ਸੱਕਦਾ ਹਾਂ ਜਿਹ ਨੇ ਵੀਹ ਹਜ਼ਾਰ ਨਾਲ ਮੇਰੇ ਉੱਤੇ ਚੜ੍ਹਾਈ ਕੀਤੀ ਹੈ॥੩੨॥ ਅਰ ਜੇ ਨਹੀਂ ਤਾਂ ਦੂਏ ਦੇ ਅਜੇ ਦੂਰ ਹੁੰਦਿਆਂ ਉਹ ਵਕੀਲ ਘੱਲਕੇ ਮੇਲ ਮਿਲਾਪ ਦਾ ਸੁਆਲ ਕਰਦਾ ਹੈ॥੩੩॥ ਸੋ ਇਸੇ ਤਰਾਂ ਤੁਹਾਡੇ ਵਿੱਚੋਂ ਹਰੇਕ ਜੋ ਆਪਣਾ ਸਭ ਕੁਛ ਨਾ ਤਿਆਗੇ ਉਹ ਮੇਰਾ ਸਿੱਖ ਨਹੀਂ ਹੋ ਸੱਕਦਾ॥੩੪॥ ਇਸ ਲ

Original with:
Language Department Punjab
Digitized by:
Panjab Digital Library

ਈਲੂਣ ਅੱਛਾ ਹੈ ਪਰ ਜੇ ਲੂਣ ਬੀ ਬੇਸੁਆਦ ਹੋ ਜਾਵੇ ਤਾਂ ਕਾਹ ਦੇ ਨਾਲ ਸੁਆਦੀ ਕੀਤਾ ਜਾ
ਊ॥੩੫॥ ਉਹਨਾ ਖੇਤ ਨਾ ਰੂੜੀ ਦੇ ਕੰਮ ਦਾ ਹੈ। ਲੋਕ ਉਹ ਨੂੰ ਬਾਹਰ ਸੁੱਟ ਦਿੰਦੇ ਹਨ। ਜਿਹ ਦੇ
ਸੁਣਨ ਦੇ ਕੰਨ ਹੋਣ ਸੋ ਸੁਣੇ॥

੧੫ਕਾਂਡ॥ ਅਤੇ ਸਭ ਮਸੂਲੀਏ ਅਰ ਪਾਪੀ ਉਹ ਦੀ ਸੁਣਨ ਲਈ ਉਹ ਦੇ ਨੇੜੇ ਆਉਂ
ਦੇ ਸਨ॥੨॥ ਅਤੇ ਫਰੀਸੀ ਅਰ ਗ੍ਰੰਥੀ ਦੋਵੇਂ ਬੁੜਬੁੜਾ ਕੇ ਬੋਲੇ ਭਈ ਇਹ
ਤਾਂ ਪਾਪੀਆਂ ਨੂੰ ਕਬੂਲ ਕਰਦਾ ਅਤੇ ਉਨਾਂ ਨਾਲ ਖਾਂਦਾ ਹੈ॥ ॥੩॥ ਅਤੇ ਉਸ
ਨੇ ਉਨਾਂ ਨੂੰ ਇਹ ਦ੍ਰਿਸਟਾਂਤ ਦੇ ਕੇ ਆਖਿਆ॥੪॥ ਭਈ ਤੁਸਾਂ ਵਿੱਚੋਂ ਕਿਹੜਾ ਮਨੁੱਖ ਹੈ ਜਿਹ ਦੇ
ਕੋਲ ਸੌ ਭੇਡਾਂ ਹੋਣ ਅਰ ਜੇ ਉਨਾਂ ਵਿੱਚੋਂ ਇੱਕ ਗੁਆਚ ਜਾਵੇ ਤਾਂ ਉਹ ਉਨਾਂ ਨਿਨਾਵਿਆਂ ਨੂੰ
ਜੰਗਲ ਵਿੱਚ ਛੱਡ ਕੇ ਉਸ ਗੁਆਚੀ ਹੋਈ ਦੀ ਭਾਲ ਵਿੱਚ ਨਾ ਜਾਵੇ ਜਦ ਤਾਈਂ ਉਹ ਉਸ ਨੂੰ
ਨਾ ਲੱਭੇ॥੫॥ ਅਰ ਜਾਂ ਲੱਭ ਪਏ ਤਾਂ ਉਹ ਨੂੰ ਖੁਸੀ ਨਾਲ ਆਪਣਿਆਂ ਮੋਢਿਆਂ ਉੱਪਰ ਰੱਖ
ਲੈਂਦਾ॥੬॥ ਅਤੇ ਘਰ ਜਾ ਕੇ ਆਪਣੇ ਮਿਤ੍ਰਾਂ ਅਤੇ ਗੁਆਂਢੀਆਂ ਨੂੰ ਕੱਠੇ ਬੁਲਾਉਂਦਾ ਅਤੇ ਉ-
ਨਾਂ ਨੂੰ ਆਖਦਾ ਹੈ ਭਈ ਮੇਰੇ ਨਾਲ ਅਨੰਦ ਕਰੋ ਕਿਉਂ ਜੋ ਮੈਂ ਆਪਣੀ ਗੁਆਚੀ ਹੋਈ ਭੇਡ
ਲੱਭੀ ਹੈ॥੭॥ ਮੈਂ ਤੁਹਾ ਨੂੰ ਆਖਦਾ ਹਾਂ ਜੋ ਇਸੇ ਤਰਾਂ ਸੁਰਗ ਵਿੱਚ ਇੱਕ ਪਾਪੀ ਦੇ ਕਾਰਨ
ਜੋ ਤੋਬਾ ਕਰਦਾ ਹੈ ਨਿਨਾਵਿਆਂ ਧਰਮੀਆਂ ਨਾਲੋਂ ਜਿਨਾਂ ਨੂੰ ਤੋਬਾ ਕਰਨ ਦੀ ਲੋੜ ਨਹੀਂ
ਬਹੁਤ ਖੁਸੀ ਹੋਊਗੀ॥ ॥੮॥ ਅਥਵਾ ਕਿਹੜੀ ਤੀਮੀਂ ਹੈ ਜਿਹ ਦੇ ਕੋਲ ਦਸ

Original with:
Language Department Punjab
Digitized by:
Panjab Digital Library

ਚੁਆਨੀਆਂ ਹੋਣ ਜੇ ਇੱਕ ਚੁਆਨੀ ਗੁਆਚ ਜਾਵੇ ਤਾਂ ਉਹ ਦੀਵਾ ਬਾਲਕੇ ਅਤੇ ਘਰ ਨੂੰ ਹੂੰਝ ਹਾਂਸ਼ ਕੇ ਉਹ ਨੂੰ ਜਤਨ ਨਾਲ ਨਾ ਢੂੰਢੇ ਜਦ ਤੀਕ ਉਹ ਨੂੰ ਨਾ ਲੱਭੇ॥ ੯॥ ਅਰ ਜਾਂ ਲੱਭ ਲਈ ਤਾਂ ਆਪਣੀਆਂ ਸਹੇਲੀਆਂ ਅਤੇ ਗੁਆਂਢਣਾਂ ਨੂੰ ਕੱਠੀਆਂ ਬੁਲਾਕੇ ਆਖਦੀ ਹੈ ਮੇਰੇ ਨਾਲ ਅਨੰਦ ਕਰੋ ਕਿਉਂ ਜੋ ਮੈਂ ਆਪਣੀ ਗੁਆਚੀ ਹੋਈ ਚੁਆਨੀ ਲੱਭ ਲਈ ਹੈ॥ ੧੦॥ ਮੈਂ ਤੁਹਾ ਨੂੰ ਆਖਦਾ ਹਾਂ ਭਈ ਇਸੇ ਤਰਾਂ ਪਰਮੇਸ਼ੁਰ ਦਿਆਂ ਦੂਤਾਂ ਦੇ ਅੱਗੇ ਇੱਕ ਪਾਪੀ ਦੇ ਕਾਰਨ ਜੋ ਤੋਬਾ ਕਰਦਾ ਹੈ ਖ਼ੁਸ਼ੀ ਹੁੰਦੀ ਹੈ॥

॥ ੧੧॥ ਫੇਰ ਉਸ ਨੇ ਕਿਹਾ ਕਿ ਇੱਕ ਮਨੁੱਖ ਦੇ ਦੋ ਪੁੱਤ ਸਨ॥ ੧੨॥ ਅਤੇ ਉਨਾਂ ਵਿੱਚੋ ਛੋਟੇ ਨੇ ਪਿਉ ਨੂੰ ਆਖਿਆ ਪਿਤਾ ਜੀ ਮਾਲ ਦਾ ਜਿਹੜਾ ਹਿੱਸਾ ਮੈਨੂੰ ਪਹੁੰਚਦਾ ਹੈ ਸੋ ਮੈਨੂੰ ਦੇ ਦਿਓ। ਅਤੇ ਉਸ ਨੇ ਉਨਾਂ ਨੂੰ ਪੂੰਜੀ ਵੰਡ ਦਿੱਤੀ॥ ੧੩॥ ਅਰ ਥੋੜੇ ਦਿਨਾਂ ਪਿੱਛੋਂ ਛੋਟਾ ਪੁੱਤ ਸਭੋ ਕੁਛ ਕੱਠਾ ਕਰਕੇ ਦੂਰ ਦੇਸ ਨੂੰ ਚੱਲਿਆ ਗਿਆ ਅਰ ਓਥੇ ਆਪਣਾ ਮਾਲ ਬਦ ਚਲਣੀ ਨਾਲ ਉਡਾ ਦਿੱਤਾ॥ ੧੪॥ ਅਤੇ ਜਾਂ ਉਹ ਸਭ ਖਰਚ ਕਰ ਚੁੱਕਿਆ ਤਾਂ ਉਸ ਦੇਸ ਵਿੱਚ ਵੱਡਾ ਕਾਲ ਪੈ ਗਿਆ ਅਤੇ ਉਹ ਮੁਤਾਜ ਹੋਣ ਲੱਗਾ॥ ੧੫॥ ਅਰ ਉਹ ਉਸ ਦੇਸ ਦੇ ਕਿਸੇ ਰਹਿਣ ਵਾਲੇ ਦੇ ਕੋਲ ਜਾ ਰਿਹਾ ਅਤੇ ਉਸ ਨੇ ਉਹ ਨੂੰ ਆਪਣੇ ਖੇਤਾਂ ਵਿੱਚ ਸੂਰਾਂ ਦੇ ਚਾਰਣ ਲਈ ਘੱਲਿਆ॥ ੧੬॥ ਅਰ ਉਹ ਉਨਾਂ ਛਿੱਲੜਾਂ ਨਾਲ ਜੋ ਜੋ ਸੂਰ ਖਾਂਦੇ ਸਨ ਆਪਣਾ ਢਿੱਡ ਭਰਨਾ ਚਾਹੁੰਦਾ ਸੀ ਪਰ ਕਿਨੇ ਉਸ ਨੂੰ ਕੁਛ ਨਾ ਦਿੱਤਾ॥ ੧੭॥ ਪਰ ਉਹ ਨੇ ਸੁਰਤ ਵਿੱਚ ਆਣਕੇ ਕਿਹਾ ਭਈ ਮੇਰੇ ਪਿਉ ਦੇ ਕਿੰਨੇ ਹੀ ਕਾਮਿਆਂ ਨੂੰ ਵਾਫਰ

Original with:
Language Department Punjab
Digitized by:
Panjab Digital Library

ਰੋਟੀਆਂ ਹਨ ਅਤੇ ਮੈਂ ਐੱਥੇ ਭੁੱਖਾ ਮਰਦਾ ਹਾਂ ॥੧੮॥ ਮੈਂ ਉੱਠਕੇ ਆਪਣੇ ਪਿਉ ਕੋਲ ਜਾਵਾਂਗ ੦
ਅਤੇ ਉਸਨੂੰ ਆਖਾਂਗਾ ਪਿਤਾ ਜੀ ਮੈਂ ਅਸਮਾਨ ਦਾ ਅਰ ਤੇਰੇ ਅੱਗੇ ਗੁਨਾਹ ਕੀਤਾ ਹੈ ॥੧੯॥
ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੇਰਾ ਪੁੱਤ ਸਦਾਵਾਂ। ਮੈਨੂੰ ਆਪਣਿਆਂ ਕੰਮਿਆਂ ਵਿੱਚੋਂ ਇੱਕ
ਜਿਹਾ ਰੱਖ ॥੨੦॥ ਜੋ ਉਹ ਉੱਠਕੇ ਆਪਣੇ ਪਿਉ ਕੋਲ ਗਿਆ। ਪਰ ਉਹ ਅਜੇ ਦੂਰ ਸੀ ਕਿ ਉ-
ਹਦੇ ਪਿਉ ਨੈ ਉਸਨੂੰ ਡਿੱਠਾ ਅਤੇ ਉਹ ਨੂੰ ਤਰਸ ਆਇਆ ਅਰ ਦੌੜਕੇ ਗਲੇ ਲਾ ਲਿਆ
ਅਤੇ ਉਹ ਨੂੰ ਚੁੰਮਿਆ ॥੨੧॥ ਅਰ ਪੁੱਤ ਨੈ ਉਸ ਨੂੰ ਆਖਿਆ ਪਿਤਾ ਜੀ ਮੈਂ ਅਸਮਾਨ ਦਾ
ਅਰ ਤੇਰੇ ਅੱਗੇ ਗੁਨਾਹ ਕੀਤਾ ਹੈ ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੇਰਾ ਪੁੱਤ ਸਦਾਵਾਂ ॥੨੨
॥ਪਰ ਪਿਤਾ ਨੈ ਆਪਣੇ ਚਾਕਰਾਂ ਨੂੰ ਕਿਹਾ ਕਿ ਸਭ ਤੋਂ ਚੰਗਾ ਬਸਤ੍ਰ ਛੇਤੀ ਕੱਢਕੇ ਇਹ ਨੂੰ ਪਹਿ-
ਨਾਓ ਅਰ ਇਹ ਦੇ ਹੱਥ ਵਿੱਚ ਮੁੰਦ੍ਰੀ ਅਰ ਪੈਰੀਂ ਜੁੱਤੀ ਪਾਓ ॥੨੩॥ ਅਤੇ ਪਲਿਆ ਹੋਇਆ ੦
ਵੱਛਾ ਲਿਆਕੇ ਜਿਬਾ ਕਰੋ ਭਈ ਖਾਇਏ ਅਤੇ ਖੁਸੀ ਕਰਿਏ ॥੨੪॥ ਕਿਉ ਜੋ ਮੇਰਾ ਇਹ ਪੁੱਤ
ਮੋਇਆ ਸੀ ਅਤੇ ਫੇਰ ਜੀ ਪਿਆ ਹੈ। ਗੁਆਚ ਗਿਆ ਸੀ ਅਤੇ ਫੇਰ ਲੱਭਿਆ ਹੈ। ਸੋ ਓਹ ਲੱ-
ਗੇ ਖੁਸੀ ਕਰਨ ॥੨੫॥ ਪਰ ਉਹ ਦਾ ਵੱਡਾ ਪੁੱਤ ਖੇਤ ਵਿੱਚ ਸੀ ਅਰ ਜਾਂ ਉਹ ਆਣਕੇ ਘਰ ਦੇ ਨੇ-
ੜੇ ਅੱਪੜਿਆ ਤਾਂ ਰਾਗ ਨਾਚ ਦੀ ਅਵਾਜ ਸੁਣੀ ॥੨੬॥ ਤਦ ਨੌਕਰਾਂ ਵਿੱਚੋਂ ਇੱਕ ਨੂੰ ਆਪ-
ਣੇ ਕੋਲ ਸੱਦਕੇ ਪੁੱਛਿਆ ਭਈ ਇਹ ਕੀ ਹੈ ॥੨੭॥ ਅਤੇ ਉਸ ਨੈ ਉਹ ਨੂੰ ਆਖਿਆ ਤੇਰਾ ਭਰ ੦
ਉ ਆਇਆ ਹੈ ਅਰ ਤੇਰੇ ਪਿਉ ਨੈ ਪਲਿਆ ਹੋਇਆ ਵੱਛਾ ਜਿਬਾ ਕੀਤਾ ਹੈ ਇਸ ਲਈ ਜੋ ਉ-

Original with:
Language Department Punjab
Digitized by:
Panjab Digital Library

ਹਨੂੰ ਭਲਾ ਚੰਗਾ ਪਾਇਆ ॥੨੯॥ ਪਰ ਉਹ ਰੁੱਝੇ ਹੋਇਆ ਅਤੇ ਅੰਦਰ ਜਾਣ ਨੂੰ ਉਹਦ
ਜੀ ਨਾ ਕੀਤਾ। ਸੋ ਉਹ ਦਾ ਪਿਉ ਬਾਹਰ ਆਣਕੇ ਉਸ ਨੂੰ ਮਨਾਉਣ ਲੱਗਾ ॥੨੮॥ ਪਰ ਓਨ
ਆਪਣੇ ਪਿਉ ਨੂੰ ਉੱਤਰ ਦਿੱਤਾ ਵੇਖ ਮੈਂ ਐਨੇ ਵਰਿਹਾਂ ਥੋਂ ਤੇਰੀ ਟਹਿਲ ਕਰਦਾ ਹਾਂ ਅਤੇ ਤੇਰਾ
ਹੁਕਮ ਕਦੇ ਨਹੀਂ ਮੋੜਿਆ ਅਰ ਤੈਂ ਮੈਨੂੰ ਕਦੇ ਇੱਕ ਪੋਰਾ ਬੀ ਨਾ ਦਿੱਤਾ ਜੋ ਮੈਂ ਆਪਣਿਆਂ ਬੇ-
ਲੀਆਂ ਨਾਲ ਖੁਸੀ ਕਰਾਂ ॥੩੦॥ ਪਰ ਜਦ ਤੇਰਾ ਇਹ ਪੁੱਤ ਆਇਆ ਜਿਹ ਨੈ ਕੰਜਰੀਆ
ਦੇ ਮੂੰਹ ਤੇਰੀ ਪੂੰਜੀ ਉਡਾ ਦਿੱਤੀ ਤੈਂ ਉਹ ਦੇ ਲਈ ਪਾਲਿਆ ਹੋਇਆ ਵੱਛਾ ਜਿਬਾ ਕੀਤਾ ॥
੩੧॥ ਪਰ ਓਨ ਉਸ ਨੂੰ ਆਖਿਆ ਬੱਚਾ ਤੂੰ ਸਦਾ ਮੇਰੇ ਨਾਲ ਹੈਂ ਅਤੇ ਮੇਰਾ ਸਭੋ ਕੁਛ ਤੇਰਾ ਹੈ
॥੩੨॥ ਪਰ ਖੁਸੀ ਕਰਨੀ ਅਤੇ ਅਨੰਦ ਹੋਣਾ ਜੋਗ ਸੀ ਕਿਉਂਕਿ ਤੇਰਾ ਇਹ ਭਰਾਉ ਮੋਇਆ
ਸੀ ਅਤੇ ਫੇਰ ਜੀ ਪਿਆ ਹੈ ਅਰ ਗੁਮਾਚ ਗਿਆ ਸੀ ਅਤੇ ਹੁਣ ਲੱਭਿਆ ਹੈ ॥

੧੬ ਕਾਂਡ ॥

ਅਤੇ ਉਸ ਨੈ ਸਿੱਖਾਂ ਨੂੰ ਬੀ ਕਿਹਾ ਕਿ ਇੱਕ ਧਨਵਾਨ ਦਾ ਮਨੁੱਖ ਸੀ ਜਿਹ ਦੇ
ਕ ਮੁਖਤਿਆਰ ਹੈਸੀ ਅਤੇ ਇਹ ਦਾ ਗਿਲਾ ਉਹ ਦੇ ਕੋਲ ਕੀਤਾ ਗਿਆ ਜੋ
ਉਹ ਤੇਰਾ ਮਾਲ ਉਡਾਉਂਦਾ ਹੈ ॥੨॥ ਤਾਂ ਉਸ ਨੈ ਉਹ ਨੂੰ ਸੱਦ ਕੇ ਉਹ ਨੂੰ ਆਖਿਆ ਭਈ ਇਹ
ਕੀ ਹੈ ਜੋ ਮੈਂ ਤੇਰੇ ਹੱਕ ਵਿੱਚ ਸੁਣਦਾ ਹਾਂ। ਆਪਣੀ ਮੁਖਤਿਆਰੀ ਦਾ ਹਿਸਾਬ ਦਿਹ ਕਿਉਂ ਜੋ
ਤੂੰ ਅੱਗੇ ਨੂੰ ਮੁਖਤਿਆਰ ਨਹੀਂ ਰਹਿ ਸੱਕਦਾ ॥੩॥ ਅਤੇ ਉਸ ਮੁਖਤਿਆਰ ਨੈ ਆਪਣੇ ਜੀ
ਵਿੱਚ ਕਿਹਾ ਮੈਂ ਕੀ ਕਰਾਂ ਕਿਉਂ ਜੋ ਮੇਰਾ ਮਾਲਕ ਮੁਖਤਿਆਰੀ ਮੈਂ ਥੋਂ ਖੋਹ ਲੈਂਦਾ ਹੈ। ਕਹੀ ਮੈ

Original wit
Language Department Punjab
Digitized by:
Panjab Digital Library

ਰੇ ਕੋਲੋਂ ਮਾਰੀ ਨਹੀਂ ਜਾਂਦੀ ਅਤੇ ਭਿੱਛਿਆ ਮੰਗਣ ਥੋਂ ਮੈਨੂੰ ਲਾਜ ਆਉਂਦੀ ਹੈ॥੪॥ ਮੈਂ ਜਾਣਿਆ ਭਈ ਕੀ ਕਰਾਂਗਾ ਤਾਂ ਜਿਸ ਵੇਲੇ ਮੈਂ ਮੁਖਤਿਆਰੀ ਓਂ ਹਟਾਇਆ ਜਾਵਾਂ ਓਹ ਮੈਨੂੰ ਆਪਣਿਆਂ ਘਰਾਂ ਵਿੱਚ ਅੰਗੀਕਾਰ ਕਰਨ॥੫॥ ਅਤੇ ਉਸ ਨੇ ਆਪਣੇ ਮਾਲਕ ਦੇ ਕਰਜਾਈਆਂ ਨੂੰ ਇੱਕ ਇੱਕ ਕਰਕੇ ਕੋਲ ਸੱਦਿਆ ਅਤੇ ਪਹਿਲੇ ਨੂੰ ਕਿਹਾ ਤੈਂ ਮੇਰੇ ਮਾਲਕ ਦਾ ਕਿੰਨਾ ਦੇਣਾ ਹੈ॥੬॥ ਉਹ ਬੋਲਿਆ ਸੌ ਮਣ ਤੇਲ। ਫੇਰ ਓਨ ਉਸ ਨੂੰ ਆਖਿਆ ਭਈ ਆਪਣੀ ਬਹੀ ਲੈ ਅਤੇ ਬੈਠਕੇ ਸਤਾਬੀ ਪੰਜਾਹ ਲਿਖ॥੭॥ ਫੇਰ ਦੂਏ ਨੂੰ ਕਿਹਾ ਤੈਂ ਕਿੰਨਾ ਦੇਣ ਹੈ। ਓਸ ਆਖਿਆ ਸੌ ਮਾਣੀ ਕਣਕ। ਓਨ ਉਸ ਨੂੰ ਆਖਿਆ ਭਈ ਆਪਣੀ ਬਹੀ ਲੈਕੇ ਅੱਸੀ ਲਿਖ॥੮॥ ਅਤੇ ਮਾਲਕ ਨੇ ਉਸ ਨਿਮਕਹਰਾਮ ਮੁਖਤਿਆਰ ਦੀ ਤਰੀਫ ਕਰੀ ਇਸ ਲਈ ਜੋ ਉਹ ਨੇ ਚਤੁਰਾਈ ਕੀਤੀ ਸੀ ਕਿਉਂ ਜੋ ਐਸ ਜੁਗ ਦੇ ਪੁਤ੍ਰ ਆਪਣੇ ਸਾਮੇ ਦੇ ਲੋਕਾਂ ਦੇ ਹੱਕ ਵਿੱਚ ਚਾਨਣ ਦੇ ਪੁਤ੍ਰਾਂ ਨਾਲੋਂ ਚਾਤੁਰ ਹਨ॥ ੯॥ ਅਤੇ ਮੈਂ ਤੁਹਾ ਨੂੰ ਆਖਦਾ ਹਾਂ ਭਈ ਕੁਧਰਮ ਦੀ ਮਾਯਾ ਨਾਲ ਆਪਣੇ ਲਈ ਮਿਤ੍ਰ ਬਣਾਓ ਤਾਂ ਜਿਸ ਵੇਲੇ ਜਾਂਦੀ ਰਹੇ ਓਹ ਤੁਹਾ ਨੂੰ ਸਦੀਵਕਾਲ ਦੇ ਰਹਿਣਵਾਲੇ ਡੇਰਿਆਂ ਵਿੱਚ ਅੰਗੀਕਾਰ ਕਰਨ॥੧੦॥ ਜੋ ਥੋੜੇ ਹੀ ਵਿੱਚ ਇਮਾਨਦਾਰ ਹੈ ਸੋ ਬਹੁਤ ਵਿੱਚ ਬੀ ਇਮਾਨਦਾਰ ਹੈ ਅਤੇ ਜੋ ਥੋੜੇ ਹੀ ਵਿੱਚ ਬੇਈਮਾਨ ਹੈ ਸੋ ਬਹੁਤ ਵਿੱਚ ਬੀ ਬੇਈਮਾਨ ਹੈ॥੧੧॥ ਸੋ ਜੇ ਤੁਸੀਂ ਕੁਧਰਮ ਦੀ ਮਾਯਾ ਵਿੱਚ ਇਮਾਨਦਾਰ ਨਾ ਹੋਏ ਤਾਂ ਸੱਚੀ ਕੌਣ ਤੁਹਾ ਨੂੰ ਸੌਂਪੇਗਾ॥੧੨॥ ਅਰ ਜੇ ਤੁਸੀਂ ਪਰਾਏ ਮਾਲ

Original with:
Language Department Punjab
Digitized by:
Panjab Digital Library

ਵਿੱਚ ਇਮਾਨਦਾਰ ਨਾ ਹੋਏ ਤਾਂ ਤੁਹਾਡਾ ਆਪਣਾ ਹੀ ਕੌਣ ਤੁਹਾਨੂੰ ਦੇਊ॥੧੨॥ ਕੋਈ ਟਹਿਲੂਆ ਦੋ ਮਾਲਕਾਂ ਦੀ ਟਹਿਲ ਨਹੀਂ ਕਰ ਸੱਕਦਾ ਕਿਉਂ ਜੋ ਉਹ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੂ ਜਾਂ ਇੱਕ ਨਾਲ ਮਿਲਿਆ ਰਹੂ ਅਤੇ ਦੂਏ ਨੂੰ ਤੁੱਛ ਜਾਣੂ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ॥ ॥੧੪॥ ਅਤੇ ਫਰੀਸੀਆਂ ਨੇ ਜੋ ਲੋਭੀ ਸਨ ਏਹ ਸਾਰੀਆਂ ਗੱਲਾਂ ਸੁਣੀਆਂ ਅਤੇ ਉਸ ਉੱਤੇ ਮਖੌਲ ਕਰਨ ਲੱਗੇ॥੧੫॥ ਅਰ ਉਸ ਨੇ ਉਨਾਂ ਨੂੰ ਆਖਿਆ ਕਿ ਤੁਸੀਂ ਉਹੋ ਹੋ ਜੋ ਮਨੁੱਖਾਂ ਦੇ ਅੱਗੇ ਆਪਣੇ ਆਪ ਨੂੰ ਧਰਮੀ ਠਹਰਾਉਂਦੇ ਹੋ ਪਰ ਪਰਮੇਸ਼ੁਰ ਤੁਹਾਡੇ ਮਨਾਂ ਨੂੰ ਜਾਣਦਾ ਹੈ ਕਿਉਂ ਕਿ ਜੋ ਮਨੁੱਖਾਂ ਦੇ ਲੇਖੇ ਉੱਤਮ ਹੈ ਸੋ ਪਰਮੇਸ਼ੁਰ ਦੀ ਦਰਗਾਹੇ ਘਿਣਾਉਣਾ ਹੈ॥੧੬॥ ਤੌਰੇਤ ਅਰ ਪਿਕੰਬਰ ਯੂਹੱਨਾ ਤੀਕੁਰ ਸਨ। ਉਸ ਵੇਲੇ ਥੋਂ ਪਰਮੇਸ਼ੁਰ ਦੇ ਰਾਜ ਦਾ ਮੰਗਲ ਸਮਾਚਾਰ ਸੁਣਾਇਆ ਜਾਂਦਾ ਹੈ ਅਤੇ ਹਰ ਕੋਈ ਜੋਰ ਮਾਰਕੇ ਉਸ ਵਿੱਚ ਵੜਦਾ ਹੈ॥੧੭॥ ਪਰ ਅਕਾਸ ਅਤੇ ਧਰਤੀ ਦਾ ਟਲ ਜਾਣਾ ਤੌਰੇਤ ਦੀ ਇੱਕ ਬਿੰਦੀ ਦੇ ਮਿਟ ਜਾਣ ਨਾਲੋਂ ਸੌਖਿਆ ਹੈ॥੧੮॥ ਹਰੇਕ ਜੋ ਆਪਣੀ ਤੀਮੀਂ ਨੂੰ ਤਿਆਗ ਕੇ ਦੂਈ ਨੂੰ ਵਿਆਹੇ ਸੋ ਜਾਰੀ ਕਰਦਾ ਹੈ ਅਤੇ ਜਿਹੜਾ ਖਸਮ ਦੀ ਤਿਆਗੀ ਹੋਈ ਤੀਮੀਂ ਨੂੰ ਵਿਆਹੇ ਉਹ ਜਾਰੀ ਕਰਦਾ ਹੈ॥ ॥੧੮॥ ਅਤੇ ਇੱਕ ਧਨਵਾਨ ਮਨੁੱਖ ਸੀ ਜੋ ਬੈਂਗਣੀ ਅਰ ਬਰੀਕ ਕੱਪੜਾ ਪਹਿਨਦਾ ਅਤੇ ਨਿੱਤ ਭੋਗ ਬਿਲਾਸ ਕਰਦਾ ਅਤੇ ਭੜਕ ਨਾਲ ਰਹਿੰਦਾ ਸੀ॥੨੦॥ ਅਰ ਲ

Original with:
Language Department Punjab
Digitized by:
Panjab Digital Library

ਜਰ ਨਾਉਂ ਦਾ ਇੱਕ ਕੰਗਾਲ ਫੋੜ੍ਹਿਆਂ ਨਾਲ ਭਰਿਆ ਹੋਇਆ ਉਹ ਦੀ ਡੇਉਢੀ ਦੇ ਅੱਗੇ
ਸਿੱਟਿਆ ਪਿਆ ਹੁੰਦਾ ਸੀ ॥੨੧॥ ਅਰ ਜੇਹੜੇ ਚੂਰੇ ਕੂਰੇ ਉਸ ਧਨਵਾਨ ਦੀ ਮੇਜ ਦੇ ਉੱਤੋਂ
ਡਿਗਦੇ ਸਨ ਉਹ ਉਨਾਂ ਨਾਲ ਆਪਣਾ ਢਿਡ ਭਰਨਾ ਚਾਹੁੰਦਾ ਸੀ ਬਲਕ ਕੁੱਤੇ ਬੀ ਆਣ-
ਕੇ ਉਹ ਦੇ ਫੋੜ੍ਹਿਆਂ ਨੂੰ ਚੱਟਦੇ ਸਨ ॥੨੨॥ ਅਤੇ ਐਉਂ ਹੋਇਆ ਜੋ ਉਹ ਕੰਗਾਲ ਮਰਿ-
ਆ ਅਰ ਦੂਤਾਂ ਨੇ ਉਹ ਨੂੰ ਇਬਰਾਹੀਮ ਦੀ ਗੋਦ ਵਿੱਚ ਲੈ ਜਾ ਰੱਖਿਆ। ਅਤੇ ਉਹ ਧਨ-
ਵਾਨ ਬੀ ਮਰਿਆ ਅਤੇ ਦੱਬਿਆ ਗਿਆ ॥੨੩॥ ਅਰ ਪਤਾਲ ਵਿਖੇ ਕਸਟ ਵਿੱਚ ਹੋਕੇ
ਉਹ ਨੇ ਆਪਣੀਆਂ ਅੱਖੀਆਂ ਉਠਾਈਆਂ ਅਤੇ ਦੂਰੋਂ ਇਬਰਾਹੀਮ ਨੂੰ ਅਰ ਉਹ ਦੀ ਗੋਦ
ਵਿੱਚ ਲਾਜਰ ਨੂੰ ਡਿੱਠਾ ॥੨੪॥ ਅਤੇ ਉਸ ਨੇ ਅਵਾਜ ਮਾਰਕੇ ਕਿਹਾ ਹੇ ਪਿਤਾ ਇਬਰਾਹੀਮ
ਮੇਰੇ ਉੱਤੇ ਦਯਾ ਕਰ ਅਤੇ ਲਾਜਰ ਨੂੰ ਘੱਲ ਜੋ ਆਪਣੀ ਉਂਗਲ ਦਾ ਪੋਟਾ ਪਾਣੀ ਵਿੱਚ ਡੁਬੋਕੇ
ਮੇਰੀ ਜੀਭ ਠੰਢੀ ਕਰੇ ਕਿਉਜੋ ਮੈਂ ਇਸ ਲੰਬ ਵਿੱਚ ਕਲਪਦਾ ਹਾਂ ॥੨੫॥ ਪਰ ਇਬਰਾਹੀਮ ਬੋ-
ਲਿਆ ਬੱਚਾ ਯਾਦ ਕਰ ਜੋ ਤੂੰ ਆਪਣੇ ਜੀਉਂਦੇ ਜੀ ਆਪਣੀਆਂ ਅੱਛੀਆਂ ਚੀਜਾਂ ਪਾ ਚੁੱਕਾ
ਅਰ ਇਸੇ ਤਰਾਂ ਲਾਜਰ ਮੰਦੀਆਂ ਚੀਜਾਂ ਪਰ ਹੁਣ ਉਹ ਐੱਥੇ ਸਾਂਤਿ ਪਾਉਂਦਾ ਅਤੇ ਤੂੰ ਕਲ-
ਪਦਾ ਹੈਂ ॥੨੬॥ ਅਰ ਇਸ ਬੋਂ ਬਾਝ ਸਾਡੇ ਅਤੇ ਤੁਹਾਡੇ ਵਿੱਚ ਇੱਕ ਵਡੀ ਖੱਡ ਪਈ ਹੈ ਤਾਂ ਜੋ
ਓਹ ਜੇਹੜੇ ਐੱਥੋਂ ਤੁਹਾਡੇ ਕੋਲ ਪਾਰ ਲੰਘਣਾ ਚਾਹੁਣ ਓਹ ਨਾ ਲੰਘ ਸੱਕਣ ਅਤੇ ਨਾ ਓੱਧਰੋਂ ਕੋ-
ਈ ਸਾਡੇ ਕੋਲ ਐਸ ਪਾਸੇ ਆਉਣ ॥੨੭॥ ਤਾਂ ਓਸ ਆਖਿਆ ਹੇ ਪਿਤਾ ਤਦ ਮੈਂ ਤੇਰੀ ਮਿੰਨਤ

Original with:
Language Department Punjab
Digitized by:
Panjab Digital Library

ਕਰਦਾ ਹਾਂ ਜੋ ਤੂੰ ਉਹ ਨੂੰ ਮੇਰੇ ਪਿਉ ਦੇ ਘਰ ਭੇਜ ॥੨੮॥ ਕਿਉਂਕਿ ਮੇਰੇ ਪੰਜ ਭਰਾਉ ਹਨ ਤਾਂ ਜੋ ਉਹ ਉਨ੍ਹਾਂ ਦੇ ਅੱਗੇ ਸਾਖੀ ਦੇਵੇ ਭਈ ਕਿਤੇ ਓਹ ਭੀ ਇਸ ਕਸਟ ਦੇ ਥਾਉਂ ਵਿੱਚ ਨਾ ਆਉਣ ॥ ੨੯॥ ਪਰ ਇਬਰਾਹੀਮ ਨੈ ਆਖਿਆ ਕਿ ਉਨ੍ਹਾਂ ਦੇ ਕੋਲ ਮੂਸਾ ਅਤੇ ਪਿਕੰਬਰ ਹਨ ਓਹ ਉਨ ੦ ਦੀ ਸੁਣਨ ॥ ੩੦॥ ਪਰ ਓਸ ਆਖਿਆ ਨਾ ਜੀ ਹੇ ਪਿਤਾ ਇਬਰਾਹੀਮ ਪਰ ਜੇ ਕੋਈ ਮੁਰਦਿਆ ੦ ਵਿੱਚੋਂ ਉਨ੍ਹਾਂ ਦੇ ਕੋਲ ਜਾਵੇ ਤਾਂ ਓਹ ਤੋਬਾ ਕਰਨਗੇ ॥ ੩੧॥ ਪਰ ਉਹ ਨੈ ਉਸ ਨੂੰ ਕਿਹਾ ਜੇ ਮੂਸਾ ਅਤੇ ਪਿਕੰਬਰਾਂ ਦੀ ਨਾ ਸੁਣਨ ਤਾਂ ਭਾਵੇਂ ਮੁਰਦਿਆਂ ਵਿੱਚੋਂ ਬੀ ਕੋਈ ਜੀ ਉੱਠੇ ਪਰ ਓਹ ਨਾ ਮੰਨਣਗੇ ॥

੧੭ਕਾਂਡ ॥ ਅਤੇ ਉਸ ਨੈ ਆਪਣੇ ਸਿੱਖਾਂ ਨੂੰ ਕਿਹਾ ਠੋਕਰਾਂ ਦਾ ਨਾ ਲੱਗਣਾ ਅਣਹੋਣ ੦ ਹੈ ਪਰ ਹਾਇ ਉਸ ਮਨੁੱਖ ਉੱਤੇ ਜਿਸ ਕਰਕੇ ਓਹ ਲੱਗਦੀਆਂ ਹਨ ॥ ੨ ॥ ਜੇ ਖਰਾਸ ਦਾ ਪੁੜ ਉਹ ਦੇ ਗਲ ਵਿੱਚ ਬੰਨ੍ਹਿਆ ਜਾਂਦਾ ਅਤੇ ਉਹ ਸਮੁੰਦਰ ਵਿਖੇ ਸੁੱਟਿਆ ਜਾਂਦਾ ਤਾਂ ਉਹ ਦੇ ਲਈ ਇਸ ਨਾਲੋਂ ਚੰਗਾ ਸੀ ਜੋ ਉਹ ਇਨ੍ਹਾਂ ਛੋਟਿਆਂ ਵਿੱਚੋਂ ਇੱਕ ਨੂੰ ਠੋਕਰ ਖੁਆਵੇ ॥ ੩ ॥ ਖਬਰਦਾਰ ਰਹੋ। ਜੇ ਤੇਰਾ ਭਾਈ ਗੁਨਾਹ ਕਰੇ ਤਾਂ ਉਹ ਨੂੰ ਸਮਝਾ ਦਿਹ ਅਰ ਜੇ ਤੋਬਾ ਕਰੇ ਤਾਂ ਉਹ ਨੂੰ ਮਾਫ ਕਰ ॥ ੪ ॥ ਅਰ ਜੇ ਇੱਕ ਦਿਨ ਵਿੱਚ ਸੱਤ ਵਾਰੀ ਤੇਰਾ ਗੁਨਾਹ ਕਰੇ ਅਤੇ ਸੱਤ ਵਾਰੀ ਤੇਰੀ ਵਲ ਮੁੜਕੇ ਕਹੇ ਮੈਂ ਤੋਬਾ ਕਰਦਾ ਹਾਂ ਤਾਂ ਉਹ ਨੂੰ ਮਾਫ ਕਰ ॥

॥੫॥ ਅਤੇ ਰਸੂਲਾਂ ਨੈ ਪ੍ਰਭੂ ਨੂੰ ਕਿਹਾ ਸਾਡੀ ਨਿਹਚਾ ਵਧਾ ॥ ੬ ॥ ਪਰ ਪ੍ਰਭੂ ਨੈ ਆਖਿਆ

Original with:
Language Department Punjab
Digitized by:
Panjab Digital Library

ਜੇਤੁਸਾਂ ਵਿੱਚ ਰਾਈ ਦੇ ਦਾਣੇ ਸਮਾਨ ਨਿਹਚਾ ਹੁੰਦੀ ਤਾਂ ਤੁਸੀਂ ਇਸ ਤੂਤ ਨੂੰ ਕਹਿ ਦਿੰਦੇ ਜੋ ਉੱਖੜ ਜਾਹ ਅਤੇ ਸਮੁੰਦਰ ਵਿੱਚ ਲੱਗ ਜਾਹ ਅਤੇ ਉਹ ਤੁਹਾ ਦੀ ਮੰਨ ਲੈਂਦਾ ॥੭॥ ਅਰ ਤੁਹਾਡੇ ਵਿੱਚੋਂ ਕੌਣ ਹੈ ਕਿ ਜੇ ਉਹ ਦਾ ਚਾਕਰ ਹਲ ਵਾਹੁੰਦਾ ਜਾਂ ਭੇਡਾਂ ਚਾਰਦਾ ਹੋਵੇ ਤਾਂ ਜਿਸ ਵੇਲੇ ਉਹ ਖੇਤੋਂ ਆਵੇ ਉਸ ਨੂੰ ਆਖੇਗਾ ਛੇਤੀ ਆਕੇ ਖਾਣ ਨੂੰ ਬੈਠ ॥੮॥ ਸਗੋਂ ਉਹ ਨੂੰ ਇਹ ਨਾ ਆਖੂ ਭਈ ਕੁਛ ਤਿਆਰ ਕਰ ਜੋ ਮੈਂ ਖਾਵਾਂ ਅਤੇ ਲੱਕ ਬੰਨ ਕੇ ਮੇਰੀ ਟਹਿਲ ਕਰ ਜਦ ਤੀਕੁਰ ਮੈਂ ਖਾ ਪੀ ਨਾ ਹਟਾਂ ਅਤੇ ਇਹ ਦੇ ਪਿੱਛੋਂ ਤੂੰ ਖਾਵੀਂ ਪੀਵੀਂ ॥੯॥ ਭਲਾ ਉਹ ਉਸ ਚਾਕਰ ਦਾ ਹਸਾਨ ਮੰਨਦਾ ਹੈ ਇਸ ਲਈ ਜੋ ਉਹ ਨੇ ਹੁਕਮ ਮੂਜਬ ਕੰਮ ਕੀਤੇ ॥੧੦॥ ਇਸੇ ਤਰਾਂ ਤੁਸੀਂ ਬੀ ਜਾਂ ਓਹ ਸਾਰੇ ਕੰਮ ਜਿਨਾਂ ਦਾ ਤੁਹਾ ਨੂੰ ਹੁਕਮ ਦਿੱਤਾ ਗਿਆ ਪੂਰੇ ਕਰ ਚੁੱਕੇ ਤਾਂ ਕਹੋ ਭਈ ਅਸੀਂ ਨਿਕੰਮੇ ਬੰਦੇ ਹਾਂ। ਜੋ ਕੁਛ ਸਾ ਨੂੰ ਕਰਨਾ ਉਚਿਤ ਸੀ ਅਸਾਂ ਉਹੋ ਕੀਤਾ ॥

॥੧੭॥ ਅਤੇ ਐਉਂ ਹੋਇਆ ਕਿ ਜਾਂ ਉਹ ਯਰੂਸ਼ਲੀਮ ਨੂੰ ਚੱਲਿਆ ਜਾਂਦਾ ਸੀ ਤਾਂ ਉਹ ਸਾਮਰਿਯਾ ਅਰ ਗਲੀਲ ਦੇ ਵਿੱਚੋਂ ਦੀ ਲੰਘਿਆ ॥੧੨॥ ਅਰ ਉਹ ਦੇ ਕਿਸੇ ਪਿੰਡ ਵਿੱਚ ਵੜਦਿਆਂ ਦਸ ਕੋਹੜੀ ਮਰਦ ਉਹ ਨੂੰ ਮਿਲੇ ਜੇਹੜੇ ਦੂਰ ਖੜੇ ਰਹੇ ॥੧੩॥ ਅਤੇ ਉਨਾਂ ਨੇ ਉੱਚੀ ਅਵਾਜ ਦੇਕੇ ਕਿਹਾ ਹੇ ਯਿਸ਼ੂ ਮਹਾਰਾਜ ਸਾਡੇ ਉੱਤੇ ਦਯਾ ਕਰ ॥੧੪॥ ਅਤੇ ਉਸ ਨੇ ਵੇਖਕੇ ਉਨਾਂ ਨੂੰ ਆਖਿਆ ਜਾਓ ਆਪਣੇ ਤਾਈਂ ਜਾਜਕਾਂ ਨੂੰ ਵਿਖਾਓ। ਅਤੇ ਐਉਂ ਹੋਇਆ ਕਿ ਓਹ ਜੰ ਦੇ ਜਾਂਦੇ ਸ਼ੁੱਧ ਹੋ ਗਏ ॥੧੫॥ ਅਰ ਉਨਾਂ ਵਿੱਚੋਂ ਇੱਕ ਇਹ ਵੇਖਕੇ ਜੋ ਮੈਂ ਚੰਗਾ ਹੋਇਆ ਵਡੀ

Original with:
Language Department Punjab
Digitized by:
Panjab Digital Library

ਅਵਾਜ ਨਾਲ ਪਰਮੇਸ਼ੁਰ ਦੀ ਵਡਿਆਈ ਕਰਦਾ ਹੋਇਆ ਮੁੜ ਆਇਆ ॥੧੬॥ ਅ-
ਤੇ ਮੂੰਹ ਦੇ ਭਾਰ ਉਹ ਦੇ ਪੈਰੀਂ ਪੈ ਕੇ ਉਹ ਦਾ ਸ਼ੁਕਰ ਕੀਤਾ। ਅਤੇ ਉਹ ਸਾਮਰੀ ਸੀ ॥੧੭॥ ਪਰ ਯਿ-
ਸ਼ੂ ਨੈ ਅੱਗੋਂ ਆਖਿਆ ਭਲਾ ਦਸ ਸੁੱਧ ਨਹੀਂ ਹੋਏ ਤਾਂ ਓਹ ਨੌ ਕਿੱਥੇ ਹਨ। ੧੮॥ ਇਸ ਓਪਰੇ ਥੋਂ
ਬਿਨਾ ਕਿਆ ਹੋਰ ਨਾ ਮਿਲੇ ਜੋ ਮੁੜ ਕੇ ਪਰਮੇਸ਼ੁਰ ਦੀ ਵਡਿਆਈ ਕਰਨ ॥੧੯॥ ਅਤੇ ਉਸ ਨੂੰ
ਕਿਹਾ ਉੱਠ ਕੇ ਚੱਲਿਆ ਜਾਹ ਤੇਰੀ ਨਿਹਚਾ ਨੈ ਤੈਨੂੰ ਚੰਗਾ ਕੀਤਾ ਹੈ ॥ ॥੨੦॥ ਅਤੇ
ਜਾਂ ਫਰੀਸੀਆਂ ਨੈ ਉਹ ਨੂੰ ਪੁੱਛਿਆ ਭਈ ਪਰਮੇਸ਼ੁਰ ਦਾ ਰਾਜ ਕਦ ਕੁ ਆਊਗਾ ਉਸ ਨੈ ਉਨਾਂ ਨੂੰ
ਉੱਤਰ ਦਿੱਤਾ ਪਰਮੇਸ਼ੁਰ ਦਾ ਰਾਜ ਪਰਤੱਖ ਹੋ ਕੇ ਨਹੀਂ ਆਉਂਦਾ ॥੨੧॥ ਅਤੇ ਨਾ ਓਹ ਕਹਿਣ-
ਗੇ ਭਈ ਵੇਖੋ ਏੱਥੇ ਜਾਂ ਓੱਥੇ। ਕਿਉਂਕਿ ਵੇਖੋ ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚੇ ਹੈ ॥
॥੨੨॥ ਅਤੇ ਉਸ ਨੈ ਸਿੱਖਾਂ ਨੂੰ ਆਖਿਆ ਜੋ ਓਹ ਦਿਨ ਆਉਣਗੇ ਜਾਂ ਤੁਸੀਂ ਮਨੁੱਖ ਦੇ ਪੁਤ੍ਰ
ਦਿਆਂ ਦਿਨਾਂ ਵਿੱਚੋਂ ਇੱਕ ਨੂੰ ਡਿੱਠਾ ਚਾਹੋਗੇ ਪਰ ਨਾ ਵੇਖੋਗੇ ॥੨੩॥ ਅਤੇ ਤੁਹਾ ਨੂੰ ਕਹਿਣਗੇ
ਜੋ ਵੇਖੋ ਉੱਥੇ ਵੇਖੋ ਐੱਥੇ। ਤੁਸਾਂ ਨਾ ਜਾਣਾ ਅਤੇ ਮਗਰ ਨਾ ਲੱਗਣਾ ॥੨੪॥ ਕਿਉਂਕਿ ਜਿਸ ਤ-
ਰਾਂ ਬਿਜਲੀ ਜਾਂ ਅਕਾਸ ਦੇ ਹੇਠ ਦੇ ਇੱਕ ਪਾਸਿਓਂ ਲਿਸਕਦੀ ਤਾਂ ਅਕਾਸ ਦੇ ਹੇਠ ਦੇ ਦੂਏ ਪਾ-
ਸੇ ਤੀਕੁਰ ਚਮਕਦੀ ਹੈ ਓਸੇ ਤਰਾਂ ਮਨੁੱਖ ਦਾ ਪੁਤ੍ਰ ਆਪਣੇ ਦਿਨ ਵਿੱਚ ਹੋਊਗਾ ॥੨੫॥ ਪਰ
ਪਹਿਲੇ ਉਹ ਨੂੰ ਜਰੂਰ ਹੈ ਜੋ ਬਹੁਤ ਕਸਟ ਝੋਗੇ ਅਤੇ ਇਸ ਪੀਹੜੀ ਦੇ ਲੋਕਾਂ ਥੀਂ ਰੱਦਿਆ ਜ
ਵੇ ॥੨੬॥ ਅਰ ਜਿਸ ਤਰਾਂ ਨੂਹ ਦੇ ਦਿਨਾਂ ਵਿੱਚ ਹੋਇਆ ਸੀ ਓਸੇ ਤਰਾਂ ਮਨੁੱਖ ਦੇ ਪੁਤ੍ਰ ਦੇ ਦਿ-

Original with:
Language Department Punjab
Digitized by:
Panjab Digital Library

ਨਾਂ ਵਿੱਚ ਬੀ ਹੋਊਗਾ ॥੨੭॥ ਓਹ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਵਿਆਹੇ ਜਾਂਦੇ ਸਨ ਉ-
ਸ ਦਿਨ ਤੀਕੁਰ ਕਿ ਨੂਹ ਕਿਸ਼ਤੀ ਉੱਤੇ ਚੜ੍ਹਿਆ ਅਤੇ ਪਰਲੋ ਆਈ ਅਤੇ ਸਭਨਾਂ ਦਾ ਨਾਸ
ਕੀਤਾ ॥੨੮॥ ਅਰ ਜਿਸ ਤਰਾਂ ਲੂਤ ਦੇ ਦਿਨਾਂ ਵਿੱਚ ਹੋਇਆ ਸੀ। ਓਹ ਖਾਂਦੇ ਪੀਂਦੇ ਮੁੱਲ ਲੈਂ
ਦੇ ਵੇਚਦੇ ਬੀਜਦੇ ਅਤੇ ਘਰ ਬਣਾਉਂਦੇ ਸਨ ॥੨੯॥ ਪਰ ਜਿਸ ਦਿਨ ਲੂਤ ਸਦੂਮ ਥੋਂ ਨਿੱ-
ਕਲਿਆ ਅੱਗ ਅਤੇ ਗੰਧਕ ਅਕਾਸੋਂ ਬਰਸੀ ਅਤੇ ਸਭਨਾਂ ਦਾ ਨਾਸ ਕੀਤਾ ॥੩੦॥ ਇਸੇ
ਤਰਾਂ ਉਸ ਦਿਨ ਬੀ ਹੋਊਗਾ ਜਾਂ ਮਨੁੱਖ ਦਾ ਪੁੜ ਪਰਗਟ ਹੋਊ ॥੩੧॥ ਉਸ ਦਿਨ ਜੇਹੜਾ ਕੋਠੇ
ਪੁਰ ਹੋਵੇ ਅਤੇ ਉਹ ਦਾ ਅਸਬਾਬ ਘਰ ਵਿੱਚ ਹੋਵੇ ਉਹ ਉਸ ਦੇ ਲੈਣ ਨੂੰ ਹੇਠਾਂ ਨਾ ਉੱਤਰੇ। ਅਤੇ
ਜਿਹੜਾ ਖੇਤ ਵਿੱਚ ਹੋਵੇ ਇਸੇ ਤਰਾਂ ਪਿਛਾਹਾਂ ਨਾ ਮੁੜੇ ॥੩੨॥ ਲੂਤ ਦੀ ਤੀਮੀਂ ਨੂੰ ਚਿੱਤ ਰੱਖੋ ॥
੩੩॥ ਜਿਹੜਾ ਆਪਣੀ ਜਾਨ ਸਮ੍ਹਾਲਨੀ ਚਾਹੁੰਦਾ ਹੈ ਉਹ ਉਸ ਨੂੰ ਗੁਆ ਬੈਠੂ ਪਰ ਜੋ ਉਸ ਨੂੰ
ਗੁਆਵੇ ਸੋ ਉਹ ਨੂੰ ਜੀਉਂਦਿਆਂ ਰੱਖੂ ॥੩੪॥ ਮੈਂ ਤੁਹਾ ਨੂੰ ਆਖਦਾ ਹਾਂ ਭੁਈ ਉਸ ਰਾਤ ਇੱਕ ਮੰ-
ਜੇ ਉੱਤੇ ਦੋ ਜਣੇ ਹੋਣਗੇ ਇੱਕ ਲੈ ਲੀਤਾ ਜਾਊ ਅਤੇ ਦੂਆ ਛੱਡਿਆ ਜਾਊ ॥੩੫॥ ਦੋ ਤੀਮੀਂ-
ਆਂ ਕੱਠੀਆਂ ਪੀਹੰਦੀਆਂ ਹੋਣਗੀਆਂ ਇੱਕ ਲੈ ਲਈ ਅਤੇ ਦੂਈ ਛੱਡੀ ਜਾਊ ॥੩੬॥ ਤਦ ਓ-
ਨਾਂ ਉਸ ਨੂੰ ਅੱਗੋਂ ਆਖਿਆ ਪ੍ਰਭੂ ਜੀ ਕਿੱਥੇ। ਉਸ ਨੈ ਉਨਾਂ ਨੂੰ ਕਹਾ ਜਿੱਥੇ ਲੋਥ ਹੈ ਓਥੇ ਗਿਰਝ
ਬੀ ਕੱਠੀਆਂ ਹੋਣਗੀਆਂ ॥

੧੮ ਕਾਂਡ ॥ ਅਤੇ ਉਸ ਨੈ ਉਨਾਂ ਨੂੰ ਇਸ ਮਤ ਬਲ ਦਾ ਇੱਕ ਦ੍ਰਿਸ਼ਟਾਂਤ ਦਿੱਤਾ ਜੋ ਸਦਾ ਪ੍ਰ

Original with:
Language Department Punjab
Digitized by:
Panjab Digital Library

ਰਥਨਾ ਵਿੱਚ ਲੱਗਿਆ ਰਹਿਣਾ ਅਤੇ ਸੁਸਤੀ ਨਹੀਂ ਕਰਨੀ ਚਾਹੀਦੀ ॥੨॥ ਕਿ ਕਿਸੇ ਨਗਰ ਵਿੱਚ ਇੱਕ ਹਾਕਮ ਸੀ ਜਿਹ ਨੂੰ ਨਾ ਪਰਮੇਸ਼ੁਰ ਦਾ ਭਾਉ ਅਤੇ ਨਾ ਮਨੁੱਖ ਦੀ ਪਰਵਾਹ ਸੀ ॥੩॥ ਅਰ ਉੱਸੇ ਨਗਰ ਵਿੱਚ ਇੱਕ ਬਿਧਵਾ ਸੀ ਅਤੇ ਉਹ ਉੱਸ ਦੇ ਕੋਲ ਇਹ ਕਹਿੰਦੀ ਆਉਂਦੀ ਸੀ ਜੋ ਮੇਰੇ ਵੈਰੀ ਥੋਂ ਮੇਰਾ ਬਦਲਾ ਲੈ ਦਿਹ ॥੪॥ ਅਰ ਕਿੰਨਾਕੁ ਚਿਰ ਤਾਂ ਉਹ ਨੈਨਾ ਚਾਹਿਆ ਪਰ ਪਿੱਛੋਂ ਆਪਣੇ ਮਨ ਵਿੱਚ ਕਿਹਾ ਕਿ ਭਾਵੇਂ ਮੈਂ ਨਾ ਪਰਮੇਸ਼ੁਰ ਦਾ ਭਾਉ ਕਰਦਾ ਅਤੇ ਨਾ ਮਨੁੱਖ ਦੀ ਪਰਵਾਹ ਰੱਖਦਾ ਹਾਂ ॥੫॥ ਤਾਂ ਬੀ ਇਸ ਲਈ ਜੋ ਇਹ ਬਿਧਵਾ ਮੈਨੂੰ ਜਿੱਚ ਕਰਦੀ ਹੈ ਮੈਂ ਉਹ ਦਾ ਬਦਲਾ ਲੈ ਦਿਆਂਗਾ ਅਜਿਹਾ ਨਾ ਹੋਵੇ ਜੋ ਉਹ ਘੜੀ ਮੁੜੀ ਆਣਕੇ ਮੇਰਾ ਨੱਕ ਵਿੱਚ ਦਮ ਕਰ ਦੇਵੇ ॥੬॥ ਅਤੇ ਪ੍ਰਭੁ ਨੈ ਆਖਿਆ ਸੁਣੋ ਕਿ ਇਹ ਬੇਇਨਸਾਫ ਕਮਕੀ ਕਹਿੰਦਾ ਹੈ ॥੭॥ ਫੇਰ ਭਲਾ ਪਰਮੇਸ਼ੁਰ ਆਪਣੇ ਚੁਣਿਆਂ ਹੋਇਆਂ ਦਾ ਬਦਲਾ ਲੈ ਨਾ ਦੇਊਗਾ ਜੇਹੜੇ ਰਾਤ ਦਿਨ ਉਹ ਦੀ ਦੁਹਾਈ ਦਿੰਦੇ ਹਨ ਅਤੇ ਉਹ ਉਨ੍ਹਾਂ ਉੱਤੇ ਧੀਰਜ ਕਰਦਾ ਹੈ ॥੮॥ ਮੈਂ ਤੁਹਾਨੂੰ ਆਖਦਾ ਹਾਂ ਜੋ ਉਹ ਸਤਾਬੀ ਉਨ੍ਹਾਂ ਦਾ ਬਦਲਾ ਲੈ ਦੇਊ। ਪਰ ਜਦ ਮਨੁੱਖ ਦਾ ਪੁਤ੍ਰ ਆਊਗਾ ਤਦ ਕਿਆ ਉਹ ਧਰਤੀ ਉੱਤੇ ਨਿਹਚਾ ਪਾਊ ॥ ॥੯॥ ਅਤੇ ਉੱਸ ਨੈ ਕਈਆਂ ਨੂੰ ਜੇਹੜੇ ਆਪਣੇ ਉੱਤੇ ਭਰੋਸਾ ਰੱਖਦੇ ਸਨ ਭਈ ਅਸੀਂ ਧਰਮੀ ਹਾਂ ਅਤੇ ਹੋਰਨਾਂ ਨੂੰ ਤੁੱਛ ਜਾਣਦੇ ਸਨ ਇਹ ਦ੍ਰਿਸ਼ਟਾਂਤ ਬੀ ਦਿੱਤਾ ॥੧੦॥ ਕਿ ਦੋ ਮਨੁੱਖ ਪ੍ਰਾਰਥਨਾ ਕਰਨ ਲਈ ਮੰਦਰ ਵਿੱਚ ਗਏ ਇੱਕ ਫਰੀਸੀ ਅਤੇ ਦੂਆ ਮਸੂਲੀਆ ॥੧੧॥ ਫਰੀਸੀ ਨੈ ਲਾਂਭੇ

Original with:
Language Department Punjab
Digitized by:
Panjab Digital Library

ਖਲੋਕੇ ਐਉਂ ਪ੍ਰਾਰਥਨਾ ਕੀਤੀ ਕਿ ਹੇ ਪਰਮੇਸ਼ੁਰ ਮੈਂ ਤੇਰਾ ਸ਼ੁਕਰ ਕਰਦਾ ਹਾਂ ਭਈ ਮੈਂ ਹੋਰਨਾਂ ੬
ਨੂਰ ਨਹੀਂ ਹਾਂ ਜੋ ਲੁਟੇਰੇ ਕੁਧਰਮੀ ਅਤੇ ਬਿਭਚਾਰੀ ਹਨ ਅਤੇ ਨਾ ਇਸ ਮਸ਼ੂਲੀਏ ਵਰਗਾ
ਹਾਂ ॥੧੨॥ ਮੈਂ ਸਾਤੇ ਵਿੱਚ ਦੋ ਵਾਰੀ ਵਰਤ ਰੱਖਦਾ ਹਾਂ ਅਤੇ ਆਪਣੀ ਸਾਰੀ ਕਮਾਈ ਵਿੱਚੋਂ
ਦਸੌਂਧ ਦਿੰਦਾ ਹਾਂ ॥੧੩॥ ਪਰ ਉਸ ਮਸ਼ੂਲੀਏ ਨੇ ਕੁਛ ਫਰਕ ਨਾਲ ਖੜੋਕੇ ਅੱਖਾਂ ਬੀ ਨਾ ਚਾ-
ਹਿਆ ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵਲ ਉਠਾਵੇ ਸਗੋਂ ਆਪਣੀ ਹਿੱਕ ਪਿਟਦਾ ਆ-
ਤੇ ਇਹ ਕਹਿੰਦਾ ਸੀ ਕਿ ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ ॥੧੪॥ ਮੈਂ ਤੁਹਾ ਨੂੰ ਆਖਦਾ ਹ ੭
ਜੋ ਉਹ ਨਹੀਂ ਪਰ ਇਹ ਧਰਮੀ ਠਹਿਰਕੇ ਆਪਣੇ ਘਰ ਗਿਆ ਕਿਉਂਕਿ ਹਰੇਕ ਜੋ ਆਪਣੇ ਆ-
ਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਊ ਪਰ ਜੋ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ
ਜਾਊ ॥ ॥੧੫॥ ਅਤੇ ਆਪਣੇ ਇਆਣਿਆਂ ਨੂੰ ਬੀ ਉਹ ਦੇ ਕੋਲ ਲਿਆਏ ਤਾਂ ਜੋ
ਉਹ ਉਨਾਂ ਨੂੰ ਛੋਹੇ ਪਰ ਸਿੱਖਾਂ ਨੇ ਵੇਖਕੇ ਉਨਾਂ ਨੂੰ ਝਿੜਕਿਆ ॥੧੬॥ ਪਰ ਯਿਸੂ ਨੇ ਉਨਾਂ ਨੂੰ ਅ ੯
ਪਣੇ ਪਾਸ ਸੱਦਕੇ ਕਿਹਾ ਛੋਟਿਆਂ ਬਾਲਕਾਂ ਨੂੰ ਮੇਰੇ ਕੋਲ ਆਉਣ ਦਿਓ ਅਤੇ ਉਨਾਂ ਨੂੰ ਨਾ ਵ-
ਰਜੋ ਕਿਉਂ ਜੋ ਪਰਮੇਸ਼ੁਰ ਦਾ ਰਾਜ ਏਹੋ ਜੇਹਾਂ ਦਾ ਹੈ ॥੧੭॥ ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭਈ
ਜੋ ਕੋਈ ਪਰਮੇਸ਼ੁਰ ਦੇ ਰਾਜ ਨੂੰ ਛੋਟੇ ਬਾਲਕ ਦੀ ਨਿਆਈਂ ਕਬੂਲ ਨਾ ਕਰੇ ਉਹ ਉਸ ਵਿੱਚ ਕਦੇ
ਨਾ ਵੜੂ ॥ ॥੧੮॥ ਅਤੇ ਇੱਕ ਸਰਦਾਰ ਨੇ ਉਸ ਅੱਗੇ ਅਰਜ ਕਰਕੇ ਆਖਿਆ
ਉੱਤਮ ਗੁਰੂ ਜੀ ਮੈਂ ਕੀ ਕਰਾਂ ਜੋ ਸਦੀਪਕ ਜੀਉਣ ਦਾ ਅਧਿਕਾਰੀ ਹੋਵਾਂ ॥੧੯॥ ਯਿਸੂ ਨੇ ਉ-

Original with:
Language Department Punjab
Digitized by:
Panjab Digital Library

ਹਨੂੰ ਕਿਹਾ ਤੂੰ ਮੈਂ ਨੂੰ ਉੱਤਮ ਕਿਉਂ ਆਖਦਾ ਹੈਂ। ਉੱਤਮ ਕੋਈ ਨਹੀਂ ਪਰ ਨਿਰਾ ਇੱਕੋ ਪਰਮੇਸ਼ੁਰ
॥੨੦॥ ਤੂੰ ਹੁਕਮਾਂ ਨੂੰ ਜਾਣਦਾ ਹੈਂ ਜਾਰੀ ਨਾ ਕਰ ਖੂਨ ਨਾ ਕਰ ਚੋਰੀ ਨਾ ਕਰ ਝੂਠੀ ਉਗਾਹੀ ਨਾ ਦਿ-
ਹ ਆਪਣੇ ਪਿਉ ਅਤੇ ਮਾਂ ਦਾ ਆਦਰ ਕਰ॥ ੨੧॥ ਓਨ ਆਖਿਆ ਮੈਂ ਆਪਣੇ ਬਾਲਕਪੁਣੇ
ਥੋਂ ਲਾਕੇ ਇਨਾਂ ਸਭਨਾਂ ਨੂੰ ਮੰਨਦਾ ਆਇਆ ਹਾਂ॥ ੨੨॥ ਯਿਸੂ ਨੈ ਸੁਣਕੇ ਉਹ ਨੂੰ ਆਖਿਆ
ਅਜੇ ਤੈਂ ਨੂੰ ਇੱਕ ਗੱਲ ਦਾ ਘਾਟਾ ਹੈ। ਜੋ ਕੁਛ ਤੇਰਾ ਹੈ ਵੇਚ ਅਤੇ ਗਰੀਬਾਂ ਨੂੰ ਵੰਡ ਦਿਹ ਤਾਂ ਤੈਨੂੰ
ਸੁਰਗ ਵਿੱਚ ਧਨ ਮਿਲੂ ਅਤੇ ਆ ਮੇਰੇ ਪਿਛੇ ਹੋ ਤੁਰ॥ ੨੩॥ ਪਰ ਉਹ ਇਹ ਸੁਣਕੇ ਬਹੁਤ ਉ-
ਦਾਸ ਹੋਇਆ ਕਿਉਂ ਜੋ ਉਹ ਵਡਾ ਧਨਵਾਨ ਸੀ॥ ੨੪॥ ਅਤੇ ਯਿਸੂ ਨੈ ਉਹ ਨੂੰ ਵੇਖਕੇ ਆਖਿਆ
ਕਿ ਜੇਹੜੇ ਦੌਲਤ ਰੱਖਦੇ ਹਨ ਉਨਾਂ ਦਾ ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਕੇਡਾ ਹੀ ਔਖਾ ਹੋ-
ਊਗਾ॥ ੨੫॥ ਕਿਉਂ ਜੋ ਸੂਈ ਦੇ ਨੱਕੇ ਵਿੱਚੋਂ ਦੀ ਊਠ ਦਾ ਵੜਨਾ ਐਸ ਨਾਲੋਂ ਸੁਖਾਲਾ ਹੈ ਜੋ ਧ-
ਨਵਾਨ ਮਨੁੱਖ ਪਰਮੇਸ਼ੁਰ ਦੇ ਰਾਜ ਵਿੱਚ ਵੜੇ॥ ੨੬॥ ਅਤੇ ਸੁਣਨਵਾਲਿਆਂ ਨੈ ਕਿਹਾ ਤਾਂ
ਫੇਰ ਕਿਹ ਦੀ ਮੁਕਤਿ ਹੋ ਸੱਕਦੀ ਹੈ॥ ੨੭॥ ਪਰ ਓਸ ਆਖਿਆ ਕਿ ਜੇਹੜੀਆਂ ਗੱਲਾਂ ਮਨੁੱਖ ੦
ਥੋਂ ਅਣਹੋਣੀਆਂ ਹਨ ਓਹ ਪਰਮੇਸ਼ੁਰ ਥੋਂ ਹੋ ਸੱਕਦੀਆਂ ਹਨ॥ ੨੮॥ ਤਦ ਪਤਰਸ ਨੈ ਕਿਹਾ ਵੇ-
ਖ ਅਸੀਂ ਆਪਣਾ ਸਭੋ ਕੁਛ ਛੱਡ ਕੇ ਤੇਰੇ ਮਗਰ ਹੋ ਤੁਰੇ ਹਾਂ॥ ੨੯॥ ਤਾਂ ਉਸ ਨੈ ਉਨਾਂ ਨੂੰ ਕਿਹ ੦
ਮੈਂ ਤੁਹਾ ਨੂੰ ਸੱਤ ਆਖਦਾ ਹਾਂ ਭਈ ਅਜਿਹਾ ਕੋਈ ਨਹੀਂ ਕਿ ਜਿਹ ਨੈ ਘਰ ਜਾਂ ਤੀਮੀਂ ਜਾਂ ਭਾ-
ਈਆਂ ਜਾਂ ਮਾਪਿਆਂ ਜਾਂ ਬਾਲ ਬੱਚਿਆਂ ਨੂੰ ਪਰਮੇਸ਼ੁਰ ਦੇ ਰਾਜ ਦੇ ਕਾਰਨ ਛੱਡਿਆ ਹੈ॥ ੩੦

Original with:
Language Department Punjab
Digitized by:
Panjab Digital Library

॥ਜਿਹੜਾ ਇਸ ਸਮੇ ਵਿੱਚ ਬਹੁਤ ਗੁਣਾ ਅਤੇ ਅਗਲੇ ਜੁਗ ਵਿੱਚ ਸਦੀਪਕ ਜੀਉਣ ਨਾ ਪਾਵੇ॥ ॥੩੧॥ ਅਤੇ ਉਸ ਨੈ ਬਾਰਾਂ ਸਿੱਖਾਂ ਨੂੰ ਲੈਕੇ ਉਨਾਂ ਨੂੰ ਆਖਿਆ ਵੇਖੋ ਅਸੀਂ ਯਰੂਸਲੀਮ ਨੂੰ ਜਾਂਦੇ ਹਾਂ ਅਤੇ ਸਭ ਕੁਛ ਜੋ ਪਰਮੇਸ਼ਰ ਦੀ ਰਾਹੀਂ ਲਿਖਿਆ ਹੋਇਆ ਹੈ ਮਨੁੱਖ ਦੇ ਪੁਤ੍ਰ ਦੇ ਹੱਕ ਵਿੱਚ ਪੂਰਾ ਕੀਤਾ ਜਾਊਗਾ॥ ੩੨॥ ਕਿਉਂਕਿ ਉਹ ਪਰਾਈਆਂ ਕੌਮਾਂ ਦੇ ਹੱਥ ਫੜਵਾਇਆ ਜਾਊਗਾ ਅਤੇ ਉਹ ਦੇ ਉੱਤੇ ਠੱਠਾ ਮਾਰਿਆ ਜਾਊਗਾ ਅਰ ਉਹ ਦੀ ਪਤ ਲਾਹੀ ਜਾਊ ਅਰ ਉਸ ਪੁਰ ਥੁੱਕਿਆ ਜਾਊ॥ ੩੩॥ ਅਤੇ ਓਹ ਕੋਰੜੇ ਮਾਰਨਗੇ ਅਤੇ ਨਾਲੇ ਉਸ ਨੂੰ ਮਾਰ ਸੁੱਟਣਗੇ ਅਤੇ ਉਹ ਤੀਏ ਦਿਨ ਫੇਰ ਜੀ ਉੱਠੂ॥ ੩੪॥ ਅਰ ਉਨਾਂ ਨੈ ਇਨਾਂ ਗੱਲਾਂ ਵਿੱਚੋਂ ਕੁਛ ਨਾ ਸਮਝਿਆ ਅਤੇ ਇਹ ਬਾਤ ਉਨਾਂ ਥੋਂ ਗੁਪਤ ਰਹੀ ਅਰ ਜੇਹੜੀਆਂ ਗੱਲਾਂ ਕਹੀਆਂ ਜਾਂਦੀਆਂ ਸੀਆਂ ਉਨਾਂ ਨਾ ਜਾਣੀਆਂ॥ ॥੩੫॥ ਅਤੇ ਐਉਂ ਹੋਇਆ ਕਿ ਜਾਂ ਉਹ ਯਰੀਹੋ ਦੇ ਨੇੜੇ ਅੱਪੜਿਆ ਤਾਂ ਇੱਕ ਅੰਨਾ ਸੜਕ ਦੇ ਕੰਢੇ ਬੈਠਾ ਭੀਖ ਮੰਗਦਾ ਸੀ॥ ੩੬॥ ਅਤੇ ਉਸ ਨੈ ਭੀੜ ਲੰਘਦੀ ਸੁਣਕੇ ਪੁੱਛਿਆ ਭਈ ਇਹ ਕੀ ਹੈ॥ ੩੭॥ ਲੋਕਾਂ ਨੈ ਉਹ ਨੂੰ ਖਬਰ ਦਿੱਤੀ ਜੋ ਯਿਸੂ ਨਾਸਰੀ ਲੰਘਦਾ ਹੈ॥ ੩੮॥ ਤਦ ਉਹ ਨੈ ਪੁਕਾਰ ਕੇ ਆਖਿਆ ਹੇ ਯਿਸੂ ਦਾਊਦ ਦੇ ਪੁਤ੍ਰ ਮੇਰੇ ਉੱਤੇ ਦਯਾ ਕਰ॥ ੩੯॥ ਅਤੇ ਜੇਹੜੇ ਅੱਗੇ ਜਾਂਦੇ ਸਨ ਓਨਾਂ ਉਸ ਨੂੰ ਝਿੜਕਿਆ ਭਈ ਚੁੱਪ ਕਰ ਪਰ ਉਹ ਸੋਗੋਂ ਹੋਰ ਬੀ ਉੱਚੀ ਦੇਕੇ ਬੋਲਿਆ ਹੇ ਦਾਊਦ ਦੇ ਪੁਤ੍ਰ ਮੇਰੇ ਉੱਤੇ ਦਯਾ ਕਰ॥ ੪੦॥ ਤਦ ਯਿਸੂ ਨੈ ਖੜੋਕੇ ਉਹ ਨੂੰ ਆਪਣੇ ਕੋਲ ਲਿਆਉਣ ਦਾ ਹੁਕਮ ਕੀ-

Original with:
Language Department Punjab
Digitized by:
Panjab Digital Library

ਤਾ ਅਤੇ ਜਾਂ ਉਹ ਨੇੜੇ ਆਇਆ ਤਾਂ ਉਹ ਨੂੰ ਪੁੱਛਿਆ ॥੪੧॥ ਤੂੰ ਕੀ ਚਾਹੁੰਦਾ ਹੈਂ ਜੋ ਮੈਂ ਤੇਰੇ ਲ-
ਈ ਕਰਾਂ। ਉਹ ਨੈ ਕਿਹਾ ਪ੍ਰਭੂ ਜੀ ਮੈਂ ਸੁਜਾਖਾ ਹੋ ਜਾਵਾਂ ॥੪੨॥ ਤਾਂ ਯਿਸੂ ਨੈ ਉਹ ਨੂੰ ਕਿਹਾ ਸੁਜਾ-
ਖਾ ਹੋ ਜਾਹ ਤੇਰੀ ਨਿਹਚਾ ਨੈ ਤੈ ਨੂੰ ਬਚਾਇਆ ॥੪੩॥ ਅਤੇ ਓਵੇਂ ਉਹ ਸੁਜਾਖਾ ਹੋ ਗਿਆ ਅ-
ਤੇ ਪਰਮੇਸੁਰ ਦੀ ਵਡਿਆਈ ਕਰਦਾ ਹੋਇਆ ਉਹ ਦੇ ਮਗਰ ਤੁਰ ਪਿਆ ਅਰ ਸਭਨਾਂ
ਲੋਕਾਂ ਨੈ ਵੇਖ ਕੇ ਪਰਮੇਸੁਰ ਦੀ ਉਸਤੁਤ ਕੀਤੀ ॥

੧੯ ਕਾਂਡ ॥ ਅਤੇ ਉਹ ਯਰੀਹੋ ਦੇ ਅੰਦਰ ਜਾ ਕੇ ਵਿੱਚੋਂ ਦੀ ਲੰਘਦਾ ਜਾਂਦਾ ਸੀ ॥੨॥ ਅ-
ਰ ਵੇਖੋ ਜੱਕੀ ਨਾਉਂ ਦਾ ਇੱਕ ਪੁਰਖ ਸੀ ਜਿਹੜਾ ਮਸੂਲੀਆਂ ਦਾ ਸਰਦਾਰ ਅ-
ਤੇ ਧਨਵਾਨ ਸੀ ॥੩॥ ਅਤੇ ਉਸ ਨੈ ਚਾਹਿਆ ਜੋ ਯਿਸੂ ਨੂੰ ਵੇਖੇ ਭਈ ਉਹ ਕੌਣ ਹੈ ਪਰ ਭੀੜ ਦੇ
ਮਾਰੇ ਵੇਖ ਨਾ ਸੱਕਿਆ ਕਿਉਂ ਜੋ ਉਹ ਕੱਦ ਦਾ ਮਧਰਾ ਹੈ ਸੀ ॥੪॥ ਸੋ ਉਹ ਅੱਗੇ ਦੌੜ ਕੇ ਇੱਕ
ਤੂਤ ਦੇ ਬਿਰਛ ਉੱਤੇ ਚੜ੍ਹ ਗਿਆ ਭਈ ਉਹ ਨੂੰ ਵੇਖੇ ਕਿਉਂ ਜੋ ਉਸ ਨੈ ਉਸੇ ਰਸਤਿ ਓਂ ਲੰਘਣ
ਸੀ ॥੫॥ ਪਰ ਯਿਸੂ ਜਾਂ ਉਸ ਥਾਂ ਆਇਆ ਤਾਂ ਉੱਤਾਹਾਂ ਨਜਰ ਮਾਰ ਕੇ ਉਹ ਨੂੰ ਆਖਿਆ
ਹੇ ਜੱਕੀ ਛੇਤੀ ਨਾਲ ਉੱਤਰ ਆ ਕਿਉਂ ਕਿ ਅੱਜ ਮੈਂ ਤੇਰੇ ਹੀ ਘਰ ਰਹਿਣਾ ਹੈ ॥੬॥ ਤਾਂ ਉਹ ਛੇ-
ਤੀ ਉੱਤਰ ਆਇਆ ਅਤੇ ਖੁਸੀ ਨਾਲ ਉਹ ਦਾ ਆਦਰ ਭਾਉ ਕੀਤਾ ॥੭॥ ਅਰ ਸਭ ਵੇ-
ਖ ਕੇ ਕੁੜਨ ਲੱਗੇ ਅਤੇ ਬੋਲੇ ਜੋ ਉਹ ਇੱਕ ਪਾਪੀ ਮਨੁੱਖ ਦੇ ਘਰ ਜਾ ਉੱਤਰਿਆ ਹੈ ॥੮॥
ਪਰ ਜੱਕੀ ਨੈ ਖੜੋ ਕੇ ਪ੍ਰਭੂ ਨੂੰ ਕਿਹਾ ਪ੍ਰਭੂ ਜੀ ਵੇਖ ਮੈਂ ਆਪਣਾ ਅੱਧਾ ਮਾਲ ਕੰਗਾਲਾਂ ਨੂੰ ਦਿ-

Original with:
Language Department Punjab
Digitized by:
Panjab Digital Library

ਦਾਹਾਂ ਅਰ ਜੇ ਮੈਂ ਕਿਸੇ ਉੱਤੇ ਊਜ ਲਾਕੇ ਕੁਛ ਲੈ ਲਿਆ ਹੈ ਤਾਂ ਚੌਗੁਣਾ ਮੋੜ ਦਿੰਦਾ ਹਾਂ ॥੮॥ ਜਿਸ ਨੈ ਉਹ ਨੂੰ ਆਖਿਆ ਅੱਜ ਇਸ ਘਰ ਵਿੱਚ ਮੁਕਤਿ ਆਈ ਇਸ ਲਈ ਜੋ ਇਹ ਬੀ ਇਬਰਾਹੀਮ ਦਾ ਪੁੱਤ ਹੈ ॥੯॥ ਕਿਉਂ ਜੋ ਮਨੁੱਖ ਦਾ ਪੁਤ੍ਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ॥ ॥੧੧॥ ਜਦ ਓਹ ਏਹ ਗੱਲਾਂ ਸੁਣਦੇ ਸਨ ਉਸ ਨੈ ਹੋਰ ਇੱਕ ਦ੍ਰਿਸ਼ਟਾਂਤ ਦਿੱਤਾ ਇਸ ਲਈ ਜੋ ਉਹ ਯਰੂਸ਼ਲੀਮ ਦੇ ਨੇੜੇ ਸੀ ਅਤੇ ਓਹ ਸਮਝੇ ਭਈ ਪਰਮੇਸ਼ੁਰ ਦਾ ਰਾਜ ਹੁਣੇ ਪਰਗਟ ਹੋਣ ਵਾਲਾ ਹੈ ॥੧੨॥ ਸੋ ਉਸ ਨੈ ਆਖਿਆ ਕਿ ਇੱਕ ਅਮੀਰ ਦੂਰ ਦੇਸ ਨੂੰ ਗਿਆ ਜੋ ਆਪਣੇ ਵਾਸਤੇ ਪਾਤਸ਼ਾਹੀ ਲੈਕੇ ਮੁੜ ਆਵੇ ॥੧੩॥ ਅਤੇ ਉਸ ਨੈ ਆਪਣੇ ਦਸਾਂ ਚਾਕਰਾਂ ਨੂੰ ਸੱਦਕੇ ਉਨਾਂ ਨੂੰ ਦਸ ਅਸ਼ਰਫੀਆਂ ਦਿੱਤੀਆਂ ਅਤੇ ਉਨਾਂ ਨੂੰ ਕਿਹਾ ਜਦ ਤੀਕੁਰ ਮੈਂ ਨਾ ਆਵਾਂ ਤੁਸੀਂ ਬਣਜ ਬੁਪਾਰ ਕਰੋ ॥੧੪॥ ਪਰ ਉਹ ਦੇ ਸ਼ਹਿਰ ਦੇ ਰਹਿਣ ਵਾਲੇ ਉਸ ਨਾਲ ਵੈਰ ਰੱਖਦੇ ਸਨ ਅਤੇ ਉਹ ਦੇ ਪਿੱਛੇ ਕਾਸਦਾਂ ਦੀ ਜ਼ਬਾਨੀ ਕਹਾ ਭੇਜਿਆ ਭਈ ਅਸੀਂ ਨਹੀਂ ਚਾਹੁੰਦੇ ਜੋ ਇਹ ਸਾਡੇ ਉੱਤੇ ਰਾਜ ਕਰੇ ॥੧੫॥ ਅਤੇ ਐਉਂ ਹੋਇਆ ਕਿ ਜਾਂ ਉਹ ਪਾਤਸ਼ਾਹੀ ਲੈਕੇ ਮੁੜ ਆਇਆ ਤਾਂ ਉਨਾਂ ਚਾਕਰਾਂ ਨੂੰ ਕਿ ਜਿਨਾਂ ਨੂੰ ਉਸ ਨੈ ਰੁਪੱਯੇ ਦਿੱਤੇ ਸਨ ਸੱਦਣ ਦਾ ਹੁਕਮ ਕੀਤਾ ਤਾਂ ਜੋ ਮਲੂਮ ਕਰੇ ਭਈ ਉਨਾਂ ਬੁਪਾਰ ਕਰਕੇ ਕੀ ਖਟਿਆ ॥੧੬॥ ਤਦ ਪਹਿਲੇ ਨੈ ਆਣਕੇ ਕਿਹਾ ਮਹਾਰਾਜ ਤੇਰੀ ਅਸ਼ਰਫੀ ਨੈ ਦਸ ਅਸ਼ਰਫੀਆਂ ਹੋਰ ਕਮਾਈਆਂ ॥੧੭॥ ਅਤੇ ਓਨ ਉਸ ਨੂੰ ਆਖਿਆ ਹੇ ਅੱਛੇ ਚਾਕਰ ਸਾਬਾਸ਼ੇ ਇਸ ਲਈ ਜੋ ਤੂੰ ਬਹੁਤ ਥੋੜੇ ਵਿੱਚ ਮਾਤਬਰ ਨਿੱਕਲਿਆ ਤੂੰ ਦਸਾਂ ਨਗਰਾਂ ਉੱਤੇ ਇ-

Original with:
Language Department Punjab
Digitized by:
Panjab Digital Library

ਖਤਿਆਰ ਰੱਖ ॥੧੮॥ ਅਤੇ ਦੂਏ ਨੈ ਆਣਕੇ ਕਿਹਾ ਮਹਾਰਾਜ ਤੇਰੀ ਅਸਰਫੀ ਨੈ ਪੰਜ ਅਸ-
ਰਫੀਆਂ ਹੋਰ ਕਮਾਈਆਂ ॥੧੯॥ ਤਾਂ ਉਸ ਨੈ ਉਹ ਨੂੰ ਬੀ ਆਖਿਆ ਕਿ ਤੂੰ ਬੀ ਪੰਜਾਂ ਨਗਰਾਂ ਉ-
ਤੇ ਹੋ ॥੨੦॥ ਅਤੇ ਹੋਰ ਨੈ ਆਣਕੇ ਕਿਹਾ ਮਹਾਰਾਜ ਵੇਖ ਅਹ ਤੇਰੀ ਅਸਰਫੀ ਹੈ ਜਿਹ ਨੂੰ ਮੈਂ
ਰੁਮਾਲ ਵਿੱਚ ਰੱਖ ਛੱਡਿਆ ਹੈ ॥੨੧॥ ਇਸ ਲਈ ਜੋ ਮੈਂ ਤੈਥੋਂ ਡਰਿਆ। ਕਿਉ ਜੋ ਤੂੰ ਕਰੜਾ ਆ
ਦਮੀ ਹੈਂ। ਜੋ ਤੈਂ ਨਹੀਂ ਧਰਿਆ ਸੋ ਚੁੱਕਦਾ ਅਤੇ ਜੋ ਨਹੀਂ ਬੀਜਿਆ ਸੋ ਵੱਢਦਾ ਹੈਂ ॥੨੨॥ ਓਨ
ਉਸ ਨੂੰ ਆਖਿਆ ਓਇ ਦੁਸਟ ਚਾਕਰ ਤੇਰੇ ਹੀ ਮੂੰਹੋਂ ਮੈਂ ਤੈਨੂੰ ਦੋਸੀ ਠਰਾਵਾਂਗਾ। ਤੈਂ ਮੈਂ ਨੂੰ ਜਾਣ-
ਆ ਜੋ ਮੈਂ ਕਰੜਾ ਆਦਮੀ ਹਾਂ ਅਤੇ ਜੋ ਮੈਂ ਨਹੀਂ ਧਰਿਆ ਸੋ ਚੁੱਕਦਾ ਹਾਂ ਅਰ ਜੋ ਨਹੀਂ ਬੀਜਿਆ
ਸੋ ਵੱਢਦਾ ਹਾਂ ॥੨੩॥ ਫੇਰ ਤੈਂ ਮੇਰੇ ਰੁਪੱਯੇ ਸਰਾਫ ਦੀ ਹੱਟੀ ਕਿਉ ਨ ਰੱਖੇ ਜੋ ਮੈਂ ਆਣਕੇ ਉਨਾਂ
ਨੂੰ ਬਿਆਜ ਸੁੱਧਾ ਲੈਂਦਾ ॥੨੪॥ ਅਤੇ ਉਸ ਨੈ ਉਨਾਂ ਨੂੰ ਜੋ ਹੜੇ ਪਾਸ ਖੜੇ ਸਨ ਆਖਿਆ ਅਸ-
ਰਫੀ ਉਸ ਕੋਲੋਂ ਲੈ ਲਓ ਅਤੇ ਜਿਸ ਪਾਸ ਦਸ ਅਸਰਫੀਆਂ ਹਨ ਉਹ ਨੂੰ ਦਿਓ ॥੨੫॥ ਅਤੇ
ਉਨਾਂ ਉਸ ਨੂੰ ਕਿਹਾ ਮਹਾਰਾਜ ਉਹ ਦੇ ਕੋਲ ਦਸ ਅਸਰਫੀਆਂ ਹਨ ॥੨੬॥ ਮੈਂ ਤੁਹਾ ਨੂੰ ਆ-
ਖਦਾ ਹਾਂ ਭੁਈ ਜਿਸ ਕਿਸੇ ਕੋਲ ਕੁਛ ਹੈ ਉਹ ਨੂੰ ਦਿੱਤਾ ਜਾਊਗਾ ਪਰ ਉਸ ਥੋਂ ਜਿਹ ਦੇ ਪਾਸ ਨਹੀ
ਓਸ ਕੋਲੋਂ ਜੋ ਉਹ ਦਾ ਹੈ ਸੋ ਬੀ ਲੈ ਲਿਆ ਜਾਊਗਾ ॥੨੭॥ ਅਤੇ ਮੇਰੇ ਇਨਾਂ ਵੈਰੀਆਂ ਨੂੰ ਜੋ ਹੜੇ
ਨਹੀਂ ਸੀ ਚਾਹੁੰਦੇ ਭੁਈ ਮੈਂ ਉਨਾਂ ਉੱਤੇ ਰਾਜ ਕਰਾਂ ਐਥੇ ਲਿਆਓ ਅਤੇ ਮੇਰੇ ਸਾਹਮਣੇ ਮਾਰ ਸੁੱ-
ਟੋ ॥ ॥੨੮॥ ਅਤੇ ਏਹ ਗੱਲਾਂ ਕਰਕੇ ਉਹ ਯਰੂਸਲੀਮ ਨੂੰ ਜਾਂਦਿਆਂ ਹੋਇਆਂ

Original with:
Language Research Punjab
Digitized by:
Panjab Digital Library

ਅੱਗੇ ਅੱਗੇ ਤੁਰਦਾ ਸੀ।। ॥੨੯॥ ਅਤੇ ਐਉਂ ਹੋਇਆ ਕਿ ਜਾਂ ਉਹ ਉਸ ਪਹਾੜ
ਕੋਲ ਜਿਹੜਾ ਜੈਤੂਨ ਦਾ ਕਹਾਉਂਦਾ ਹੈ ਬੈਤਫਗਾ ਅਤੇ ਬੈਤਅਨੀਆ ਦੇ ਨੇੜੇ ਪਹੁੰਚਿਆ ਤ
ਉਸ ਨੈ ਸਿੱਖਾਂ ਵਿੱਚੋਂ ਦੋਹੁੰ ਨੂੰ ਇਹ ਕਹਿ ਕੇ ਘੱਲਿਆ॥੩੦॥ ਭਈ ਸਾਹਮਣੇ ਪਿੰਡ ਨੂੰ ਜਾਓ ਅਤੇ
ਉਸ ਵਿੱਚ ਵੜ ਕੇ ਤੁਸੀਂ ਇੱਕ ਗਧੀ ਦਾ ਬੱਚਾ ਬੰਨ੍ਹਿਆ ਹੋਇਆ ਵੇਖੋਗੇ ਜਿਹ ਦੇ ਉੱਤੇ ਕਦੇ ਕੋਈ
ਸੁਆਰ ਨਹੀਂ ਹੋਇਆ। ਉਹ ਨੂੰ ਖੋਲ੍ਹ ਲਿਆਓ॥੩੧॥ ਅਰ ਜੇ ਕੋਈ ਤੁਹਾ ਨੂੰ ਪੁੱਛੇ ਭਈ ਤੁਸੀਂ
ਕਾਹ ਨੂੰ ਖੋਲ੍ਹਦੇ ਹੋ ਤਾਂ ਐਉਂ ਕਹਿਣਾ ਜੋ ਪ੍ਰਭੁ ਨੂੰ ਇਹ ਦੀ ਲੋੜ ਹੈ॥੩੨॥ ਸੋ ਜੇ ਜਹੜੇ ਭੇਜੇ ਗਏ
ਉਨ੍ਹਾਂ ਜਾ ਕੇ ਜਿਸ ਤਰਾਂ ਉਸ ਨੈ ਉਨ੍ਹਾਂ ਨੂੰ ਕਿਹਾ ਸੀ ਓਸੇ ਤਰਾਂ ਵੇਖਿਆ॥੩੩॥ ਅਤੇ ਜਾਂ ਬੱਚੇ ਨੂੰ
ਖੋਲ੍ਹਦੇ ਸਨ ਤਾਂ ਉਹ ਦੇ ਮਾਲਕਾਂ ਨੈ ਉਨ੍ਹਾਂ ਨੂੰ ਕਿਹਾ ਤੁਸੀਂ ਬੱਚੇ ਨੂੰ ਕਿਉ ਖੋਲ੍ਹਦੇ ਹੋ॥੩੪॥ ਫੇਰ
ਉਨ੍ਹਾਂ ਆਖਿਆ ਜੋ ਪ੍ਰਭੁ ਨੂੰ ਇਹ ਦੀ ਲੋੜ ਹੈ॥੩੫॥ ਅਤੇ ਓਹ ਉਸ ਨੂੰ ਜਿਸ ਦੇ ਕੋਲ ਲੈ-
ਆਏ ਅਤੇ ਆਪਣੇ ਲੀੜੇ ਬੱਚੇ ਪੁਰ ਪਾ ਕੇ ਜਿਸ ਨੂੰ ਚੜ੍ਹਾ ਦਿੱਤਾ॥੩੬॥ ਅਰ ਜਿਉਂ ਉਹ
ਅੱਗੇ ਵਧਿਆ ਜਾਂਦਾ ਸੀ ਤਿਉਂ ਲੋਕ ਆਪਣੇ ਲੀੜੇ ਰਾਹ ਵਿੱਚ ਬਿਛਾਉਂਦੇ ਸਨ॥੩੭॥
ਅਤੇ ਜਾਂ ਉਹ ਨੇੜੇ ਜੈਤੂਨ ਦੀ ਉਤਰਾਈ ਪੁਰ ਪਹੁੰਚਿਆ ਤਾਂ ਸਿੱਖਾਂ ਦੀ ਸਾਰੀ ਟੋਲੀ ਅਨੰਦ
ਹੋ ਕੇ ਉਨ੍ਹਾਂ ਸਭਨਾਂ ਕਰਾਮਾਤਾਂ ਦੇ ਲਈ ਜੋ ਉਨ੍ਹਾਂ ਨੈ ਵੇਖੀਆਂ ਸੀਆਂ ਉੱਚੀ ਅਵਾਜ ਨਾਲ ਇ-
ਹ ਕਹਿ ਕੇ ਪਰਮੇਸੁਰ ਦੀ ਉਸਤੁਤ ਕਰਨ ਲੱਗੀ॥੩੮॥ ਭਈ ਧੰਨ ਉਹ ਪਾਤਸਾਹ ਜਿਹੜਾ
ਪ੍ਰਭੁ ਦੇ ਨਾਉਂ ਉੱਤੇ ਆਉਂਦਾ ਹੈ। ਸੁਰਗ ਵਿੱਚ ਕੁਸਲ ਅਤੇ ਪਰਮਧਾਮ ਵਿੱਚ ਵਡਿਆਈ

Original with:
Language Department Punjab
Digitized by:
Panjab Digital Library

॥੩੯॥ ਤਦ ਉਹ ਉਹਨਾਂ ਵਿੱਚੋਂ ਕਿਨਿਆਂ ਫਰੀਸੀਆਂ ਨੇ ਉਹ ਨੂੰ ਕਿਹਾ ਗੁਰੂ ਜੀ ਆਪਣਿਆਂ ਸਿੱਖਾਂ ਨੂੰ ਵਰਜ॥੪੦॥ ਅਤੇ ਓਸ ਉੱਤਰ ਦਿੱਤਾ ਮੈਂ ਤੁਹਾ ਨੂੰ ਆਖਦਾ ਹਾਂ ਕਿ ਜੇ ਏਹ ਚੁੱਪ ਕਰ ਜਾਣ ਤਾਂ ਪੱਥਰ ਬੋਲ ਉੱਠਣਗੇ॥ ॥੪੧॥ ਅਤੇ ਜਾਂ ਨੇੜੇ ਆਇਆ ਤਾਂ ਸ਼ਹਿਰ ਨੂੰ ਵੇਖ ਕੇ ਉਸ ਉੱਪਰ ਰੁਦਨ ਕੀਤਾ॥ ੪੨॥ ਅਤੇ ਕਿਹਾ ਜੇ ਤੂੰ ਇਸ ਦਿਨ ਵਿੱਚ ਤੂੰ ਹੀ ਸਲਾਮਤੀ ਦੀ ਆਂ ਬਾਤਾਂ ਜਾਣਦਾ ਪਰ ਹੁਣ ਓਹ ਤੇਰੀਆਂ ਅੱਖੀਆਂ ਥੋਂ ਲੁਕੀਆਂ ਹੋਈਆਂ ਹਨ॥ ੪੩॥ ਕਿਉਂਕਿ ਓਹ ਦਿਨ ਤੇਰੇ ਉੱਤੇ ਆਉਣਗੇ ਜਾਂ ਤੇਰੇ ਵੈਰੀ ਤੇਰੇ ਗਿਰਦੇ ਮੋਰਚਾ ਬੰਨਣਗੇ ਅਤੇ ਤੈਨੂੰ ਘੇਰ ਲੈਣਗੇ ਅਤੇ ਚੁਫੇਰਿਓਂ ਤੈਨੂੰ ਰੋਕਣਗੇ॥ ੪੪॥ ਅਰ ਤੇਰੇ ਬੱਚਿਆਂ ਸਣੇ ਜੋ ਤੇਰੇ ਵਿੱਚ ਹਨ ਤੈਨੂੰ ਘੱਟੇ ਵਿੱਚ ਰਲਾਉਣਗੇ ਅਰ ਤੇਰੇ ਵਿੱਚ ਪੱਥਰ ਉੱਤੇ ਪੱਥਰ ਨਾ ਛੱਡਣਗੇ ਇਸ ਲਈ ਜੋ ਤੈਂ ਉਸ ਸਮੇ ਨੂੰ ਜਿਸ ਵਿੱਚ ਤੇਰੇ ਉੱਤੇ ਦਯਾ ਦ੍ਰਿਸਟ ਹੋਈ ਨਾ ਜਾਣਿਆ॥ ॥੪੫॥ ਅਤੇ ਉਹ ਮੰਦਰ ਵਿੱਚ ਵੜਕੇ ਉਨਾਂ ਨੂੰ ਜੋ ਵੇਚਦੇ ਸਨ ਕੱਢਣ ਲੱਗਾ॥ ੪੬॥ ਅਰ ਤਿਨਾ ਨੂੰ ਆਖਿਆ ਕਿ ਲਿਖਿਆ ਹੈ ਅਤੇ ਮੇਰਾ ਘਰ ਪ੍ਰਾਰਥਨਾ ਦਾ ਘਰ ਹੋਊਗਾ ਪਰ ਤੁਸਾਂ ਉਹ ਨੂੰ ਧਾੜਵੀਆਂ ਦਾ ਗੁਫਾ ਬਣਾ ਛੱਡਿਆ॥ ॥੪੭॥ ਅਤੇ ਉਹ ਮੰਦਰ ਵਿੱਚ ਰੋ ਜ ਦਿਹਾੜੇ ਉਪਦੇਸ ਕਰਦਾ ਸੀ ਪਰ ਪਰਧਾਨ ਜਾਜਕ ਅਤੇ ਗ੍ਰੰਥੀ ਅਤੇ ਲੋਕਾਂ ਦੇ ਸਰਦਾਰ ਉਹਦਾ ਨਾਸ ਕਰਨ ਦੇ ਖੋਜ ਵਿੱਚ ਸਨ॥ ੪੮॥ ਪਰ ਇਹ ਕਰਨ ਦੀ ਕੋਈ ਬਿਧ ਨਾ ਪਾਈ ਕਿਉਂ ਜੋ ਸਭ ਲੋਕ ਉਹ ਦੀ ਸੁਣਨ ਵਿੱਚ ਲੀਨ ਹੋਏ ਸਨ॥

Original wit
Language Department Punjab
Digitized by:
Panjab Digital Library

੨੦ਕਾਂਡ।। ਅਤੇ ਉਨਾਂ ਦਿਨਾਂ ਵਿੱਚੋਂ ਇੱਕ ਦਿਨ ਐਉਂ ਹੋਇਆ ਕਿ ਜਾਂ ਉਹ ਮੰਦਰ ਵਿੱਚ ਲੋ
ਕਾਂ ਨੂੰ ਉਪਦੇਸ ਕਰਦਾ ਅਤੇ ਮੰਗਲ ਸਮਾਚਾਰ ਸੁਣਾਉਂਦਾ ਸੀ ਪਰਧਾਨ ਜਾ
ਜਕ ਅਤੇ ਰੀਥੀ ਬੁਜ਼ੁਰਗਾਂ ਦੇ ਨਾਲ ਚੜ੍ਹ ਆਏ।। ੨।। ਅਰ ਗੱਲਾਂ ਕਰਕੇ ਉਹ ਨੂੰ ਕਹਿਣ ਲੱਗੇ
ਭਈ ਸਾ ਨੂੰ ਦੱਸ ਤੂੰ ਕਿਹੜੇ ਇਖਤਿਆਰ ਨਾਲ ਏਹ ਕੰਮ ਕਰਦਾ ਹੈਂ ਜਾਂ ਉਹ ਕੌਣ ਹੈ ਜਿਹ ਨੈ ਤੈ ਨੂੰ
ਇਹ ਇਖਤਿਆਰ ਦਿੱਤਾ।। ੩।। ਪਰ ਉਸ ਨੈ ਉਨਾਂ ਨੂੰ ਉੱਤਰ ਦਿੱਤਾ ਮੈਂ ਬੀ ਤੁਹਾ ਥੋਂ ਇੱਕ ਗੱਲ
ਪੁੱਛਣਾ ਸੋ ਮੈ ਨੂੰ ਦੱਸੋ।। ੪।। ਯੂਹੰਨਾ ਦਾ ਬਪਤਿਸਮਾ ਸੁਰਗ ਵਲੋਂ ਸੀ ਅਥਵਾ ਮਨੁੱਖਾਂ ਵਲੋਂ
।। ੫।। ਅਤੇ ਉਨਾਂ ਨੈ ਆਪੋ ਵਿੱਚ ਵਿਚਾਰ ਕਰਕੇ ਕਿਹਾ ਜੇ ਕਹਿਏ ਸੁਰਗ ਵਲੋਂ ਤਾਂ ਉਹ ਆਖੂ
ਤੁਸਾਂ ਉਹਦੀ ਪਰਤੀਤ ਕਿਉਂ ਨਾ ਕੀਤੀ।। ੬।। ਅਰ ਜੇ ਕਹਿਏ ਮਨੁੱਖਾਂ ਵਲੋਂ ਤਾਂ ਸਭ ਲੋਕ ਸ
ਨੂੰ ਪਥਰਾਉ ਕਰਨਗੇ ਕਿਉਂਕਿ ਓਹ ਯਕੀਨ ਨਾਲ ਜਾਣਦੇ ਹਨ ਜੋ ਯੂਹੰਨਾ ਪਿਕੰਬਰ ਸੀ।। ੭
।। ਅਤੇ ਉਨਾਂ ਉੱਤਰ ਦਿੱਤਾ ਅਸੀਂ ਨਹੀਂ ਜਾਣਦੇ ਭਈ ਕਿੱਥੋਂ ਸੀ।। ੮।। ਤਾਂ ਯਿਸੂ ਨੈ ਉਨਾਂ ਨੂੰ
ਆਖਿਆ ਮੈਂ ਬੀ ਤੁਹਾ ਨੂੰ ਨਹੀਂ ਦੱਸਦਾ ਜੋ ਕਿਹੜੇ ਇਖਤਿਆਰ ਨਾਲ ਏਹ ਕੰਮ ਕਰਦਾ ਹਾਂ।।
।। ੯।। ਅਤੇ ਉਹ ਲੋਕਾਂ ਨੂੰ ਇਹ ਦ੍ਰਿਸਟਾਂਤ ਸੁਣਾਉਣ ਲੱਗਾ ਭਈ ਇੱਕ ਮਨੁੱਖ ਨੈ
ਦਾਖ ਦਾ ਬਾਗ ਲਾਇਆ ਅਤੇ ਉਸ ਨੂੰ ਮਾਲੀਆਂ ਦੇ ਹੱਥ ਸੌਂਪਕੇ ਬਹੁਤ ਦਿਨਾਂ ਵਾਸਤੇ ਪਰ
ਦੇਸ ਚੱਲਿਆ ਗਿਆ।। ੧੦।। ਅਰ ਉਸ ਨੈ ਰੁੱਤ ਸਿਰ ਇੱਕ ਚਾਕਰ ਨੂੰ ਮਾਲੀਆਂ ਕੋਲ ਘੱ
ਲਿਆ ਜੋ ਓਹ ਬਾਗ ਦੇ ਫਲ ਵਿੱਚੋਂ ਉਹ ਨੂੰ ਕੁਝ ਦੇਣ। ਪਰ ਮਾਲੀਆਂ ਨੈ ਉਹ ਨੂੰ ਮਾਰ ਕੁੱਟ

Original with:
Language Department Punjab
Digitized by:
Panjab Digital Library

ਕੇਸੱਖਣੇਹੱਥਤਾਹਦਿੱਤਾ॥੧੧॥ਅਤੇਉਸਨੈਇੱਕਹੋਰਚਾਕਰਘੱਲਿਆਅਤੇਉਨਂਉ-
ਸਨੂੰਬੀਮਾਰਿਆਕੁੱਟਿਆਅਤੇਉਹਦੀਪਤਲਾਹਕੇਸੱਖਣੇਹੱਥਤਾਹਦਿੱਤਾ॥੧੨॥ਅ
ਰਉਸਨੈਤੀਏਨੂੰਘੱਲਿਆਅਤੇਉਨਂਨੈਉਸਨੂੰਬੀਘਾਇਲਕਰਕੇਬਾਹਰਕੱਢਦਿੱਤਾ
॥੧੩॥ਤਦਬਾਗਦੇਮਾਲਕਨੈਕਿਹਾਮੈਂਕੀਕਰਂ ਮੈਂਆਪਣੇਪਿਆਰੇਪੁਤ੍ਰਨੂੰਘੱਲਾਂਗਾ
ਕੀਜਾਣਿਜੇਓਹਉਸਦਾਆਦਰਕਰਨ॥੧੪॥ਪਰਜਾਂਮਾਲੀਆਂਨੈਉਹਨੂੰਡਿੱਠਾਤਾਂਆ
ਪੋਵਿੱਚਸਲਾਹਕਰਕੇਬੋਲੇਵਾਰਸਇਹੋਹੈਇਹਨੂੰਮਾਰਸੁੱਟਿਜੇਤਾਂਜੋਵਿਰਸਾਸਾਡਾਹੋ
ਜਾਵੇ॥੧੫॥ਅਤੇਉਨਂਨੈਉਸਨੂੰਬਾਹੋਂਬਾਹਰਕੱਢਕੇਮਾਰਸੁੱਟਿਆ।ਸੋਬਾਗਦਾਮਾਲ-
ਕਉਨਂਨਾਲਕੀਕਰੂ॥੧੬॥ਉਹਆਊਗਾਅਤੇਉਨਂਮਾਲੀਆਂਦਾਨਾਸਕਰੂਅਤੇਦਾ-
ਖਦਾਬਾਗਹੋਰਨਂਨੂੰਸੌਂਪੂ।ਪਰਉਨਂਇਹਸੁਣਕੇਕਿਹਾਰੱਬਨਾਕਰੇ॥੧੭॥ਤਾਂਉਸਨੈ
ਉਨਂਵਲਧਿਆਨਕਰਕੇਆਖਿਆਫੇਰਉਹਜੋਲਿਖਿਆਹੋਇਆਹੈਸੋਕੀਹੈਕਿਜਿ-
ਸਪੱਥਰਨੂੰਰਾਜਾਂਨੈਰੱਦਿਆਸੋਈਖੂੰਜੇਦਾਸਿਰਾਹੋਗਿਆ॥੧੮॥ਹਰੇਕਜੋਉਸਪੱਥ-
ਰਉੱਤੇਡਿਗੂਸੋਚੂਰਹੋਜਾਊ ਪਰਜਿਹਦੇਉੱਤੇਉਹਡਿਗੂਗਾਉਹਉਸਨੂੰਪੀਹਸੁੱਟੂ॥

॥੧੯॥ਅਤੇਰੀਥੀਅਤੇਪਰਧਾਨਜਾਜਕਚਾਹੁੰਦੇਸਨਜੋਉਸੇਘੜੀਉਸਉੱਤੇਹੱਥ
ਪਾਉਣ।ਪਰਲੋਕਾਂਥੋਂਡਰਦੇਸਨ।ਕਿਉਜੋਉਨਂਜਾਣਲਿਆਕੁਈਉਸਨੈਸਾਡੇਉੱਤੇਇ-
ਹਦ੍ਰਿਸ਼ਟਾਂਤਕਿਹਾਹੈ॥੨੦॥ਅਤੇਓਹਉਸਦੀਤੱਕਵਿੱਚਲੱਗੇਰਹੇਅਤੇਭੇਤੀਆਂਨੂੰਘੱ-

Original with:
Language Department Punjab
Digitized by:
Panjab Digital Library

ਲਿਆ ਜੇਹੜੇ ਕਪਟ ਨਾਲ ਆਪਣੇ ਆਪ ਨੂੰ ਧਰਮੀ ਵਿਖਾਉਂਦੇ ਸਨ ਭਈ ਉਹ ਦੀ ਕੋਈ ਗੱ-
ਲ ਫੜਨ ਇਸ ਲਈ ਜੋ ਉਹ ਨੂੰ ਹਾਕਮ ਦੇ ਵੱਸ ਅਤੇ ਇਖਤਿਆਰ ਵਿੱਚ ਸੌਂਪਣ ॥੨੧॥ ੩
ਓਨਾਂ ਉਸ ਥੋਂ ਪੁੱਛਿਆ ਗੁਰੂ ਜੀ ਅਸੀਂ ਜਾਣਦੇ ਹਾਂ ਜੋ ਤੂੰ ਠੀਕ ਬੋਲਦਾ ਅਤੇ ਸਿਖਾਉਂਦ ੦
ਹੈਂ ਅਰ ਕਿਸੇ ਦੀ ਰਈ ਨਹੀਂ ਕਰਦਾ ਸਗੋਂ ਸਚਿਆਈ ਨਾਲ ਪਰਮੇਸੁਰ ਦਾ ਰਾਹ ਦੱਸਦ ੦
ਹੈਂ ॥੨੨॥ ਕੈਸਰ ਨੂੰ ਜੇ ਜੀਆ ਦੇਣਾ ਸਾ ਨੂੰ ਜੋਗ ਹੈ ਕੇ ਨਹੀਂ ॥੨੩॥ ਪਰ ਉਸ ਨੇ ਉਨਾਂ ਦੀ ਖ-
ਚਰ ਵਿੰਦਿਆ ਜਾਣ ਕੇ ਤਿਨਾਂ ਨੂੰ ਆਖਿਆ ॥੨੪॥ ਮੈਨੂੰ ਇੱਕ ਅਠਿਆਨੀ ਵਿਖਾਓ ਮੈਂ
ਸਉਂਤੇ ਕਿਹ ਦੀ ਮੂਰਤ ਅਤੇ ਲਿਖਤ ਹੈ। ਉਨਾਂ ਆਖਿਆ ਕੈਸਰ ਦੀ ॥੨੫॥ ਤਦ ਉਸ ਨੇ
ਉਨਾਂ ਨੂੰ ਕਿਹਾ ਫੇਰ ਜੇਹੜੀਆਂ ਚੀਜਾਂ ਕੈਸਰ ਦੀਆਂ ਹਨ ਓਹ ਕੈਸਰ ਨੂੰ ਅਤੇ ਜੇਹੜੀਆਂ
ਪਰਮੇਸੁਰ ਦੀਆਂ ਹਨ ਓਹ ਪਰਮੇਸੁਰ ਨੂੰ ਦਿਓ ॥੨੬॥ ਅਤੇ ਓਹ ਲੋਕਾਂ ਦੇ ਸਾਹਮਣੇ ਉ-
ਸ ਗੱਲ ਨੂੰ ਫੜਨਾ ਸੱਕੇ ਅਰ ਉਹ ਦੇ ਉੱਤਰ ਥੋਂ ਹੈਰਾਨ ਹੋਕੇ ਚੁੱਪ ਹੀ ਰਹਿ ਗਏ ॥
॥੨੭॥ ਅਤੇ ਸਦੂਕੀਆਂ ਵਿੱਚੋਂ ਜੇਹੜੇ ਆਖਦੇ ਹਨ ਭਈ ਕਿਯਾਮਤ ਨਹੀਂ ਹੋਣੀ ਕਿਨੇ ਕੁ
ਪਾਸ ਆਏ ਅਤੇ ਉਨਾਂ ਉਸ ਨੂੰ ਪੁੱਛਿਆ ॥੨੮॥ ਗੁਰੂ ਜੀ ਮੂਸਾ ਨੈ ਸਾਡੇ ਲਈ ਲਿਖਿਆ
ਹੈ ਭਈ ਜੇ ਕਿਸੇ ਦਾ ਭਰਾ ਉਤੀਮੀਂ ਵਾਲਾ ਕਾਲ ਵੱਸ ਹੋਵੇ ਅਤੇ ਉਹ ਮਨੁੱਖ ਬੇਔਲਾਦਾ ਹੋ-
ਵੇ ਤਾਂ ਉਹ ਦਾ ਭਰਾ ਉਹ ਉਸ ਤੀਮੀਂ ਨੂੰ ਕਰ ਲਵੇ ਅਤੇ ਆਪਣੇ ਭਰਾ ਵਾਸਤੇ ਵੰਸ ਉਤਪੰ-
ਨ ਕਰੇ ॥੨੯॥ ਸੋ ਸੱਤ ਭਰਾ ਸਨ ਅਤੇ ਪਹਿਲਾ ਤੀਮੀਂ ਕਰ ਕੇ ਔਤ ਮਰ ਗਿਆ ॥੩੦॥

Original with:
Language Department Punjab
Digitized by:
Panjab Digital Library

ਅਰ ਦੂਏ ਅਤੇ ਤੀਏ ਨੈ ਉਹ ਨੂੰ ਕਰ ਲਿਆ ॥੩੧॥ ਅਤੇ ਇਸੇ ਤਰਾਂ ਸੱਤਾਂ ਦੇ ਸੱਤ ਔਤ ਗਏ
॥੩੨॥ ਪਿੱਛੋਂ ਉਹ ਤੀਮੀਂ ਭੀ ਮਰ ਗਈ ॥੩੩॥ ਜੋ ਕਿਆਮਤ ਨੂੰ ਉਹ ਉਨਾਂ ਵਿੱਚੋਂ ਕਿਹਦੀ ਤੀ-
ਮੀਂ ਹੋਊਗੀ ਕਿਉਂ ਜੋ ਸੱਤਾਂ ਨੈ ਉਹ ਨੂੰ ਤੀਮੀਂ ਕਰ ਕੇ ਵਸਾਇਆ ਸੀ ॥੩੪॥ ਤਦ ਜਿਸੂ ਨੈ ਉਨ
ਨੂੰ ਆਖਿਆ ਕਿ ਇਸ ਜੁਗ ਦੇ ਪੁਤ੍ਰ ਵਿਆਹ ਕਰਦੇ ਅਤੇ ਵਿਆਹੇ ਜਾਂਦੇ ਹਨ ॥੩੫॥ ਪਰ
ਓਹ ਜੇਹੜੇ ਉਸ ਜੁਗ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਵਿਖੇ ਸਾਂਝੀ ਹੋਣ ਦੇ ਲਾਇਕ ਗਿ-
ਣੇ ਜਾਂਦੇ ਓਹ ਨਾ ਵਿਆਹ ਕਰਦੇ ਅਤੇ ਨਾ ਵਿਆਹੇ ਜਾਂਦੇ ਹਨ ॥੩੬॥ ਕਿਉਂ ਜੋ ਓਹ ਫੇਰ ਮ-
ਰ ਭੀ ਨਹੀਂ ਸੱਕਦੇ ਇਸ ਲਈ ਜੋ ਦੂਤਾਂ ਦੇ ਤੁੱਲ ਹਨ ਅਤੇ ਕਿਆਮਤ ਦੇ ਪੁਤ੍ਰ ਹੋ ਕੇ ਪਰਮੇਸੁਰ
ਦੇ ਪੁਤ੍ਰ ਹਨ ॥੩੭॥ ਪਰ ਇਹ ਗੱਲ ਕਿ ਮੁਰਦੇ ਜਿਵਾਲੇ ਜਾਂਦੇ ਹਨ ਮੂਸਾ ਨੈ ਭੀ ਝਾੜੀ ਦੀ ਕ-
ਥਾ ਵਿੱਚ ਪਰਗਟ ਕੀਤੀ ਹੈ ਜਦੋਂ ਉਹ ਪ੍ਰਭੂ ਨੂੰ ਇਬਰਾਹੀਮ ਦਾ ਪਰਮੇਸੁਰ ਅਤੇ ਇਸਹਾਕ
ਦਾ ਪਰਮੇਸੁਰ ਅਤੇ ਯਾਕੂਬ ਦਾ ਪਰਮੇਸੁਰ ਆਖਦਾ ਹੈ ॥੩੮॥ ਪਰ ਉਹ ਮੁਰਦਿਆਂ ਦਾ
ਪਰਮੇਸੁਰ ਨਹੀਂ ਸਗੋਂ ਜੀਉਂਦਿਆਂ ਦਾ ਹੈ ਕਿਉਂ ਜੋ ਉਹ ਦੇ ਲੇਖੇ ਸਭ ਜੀਉਂਦੇ ਹਨ ॥੩੯॥ ਤ
ਦ ਗ੍ਰੰਥੀਆਂ ਵਿੱਚੋਂ ਕਿੰਨਿਆਂ ਨੈ ਅੱਗੋਂ ਆਖਿਆ ਗੁਰੂ ਜੀ ਤੈਂ ਭਲਾ ਕਿਹਾ ॥੪੦॥ ਕਿਉਂ ਜੋ
ਉਨਾਂ ਨੂੰ ਫੇਰ ਕੁਛ ਪ੍ਰਸਨ ਕਰਨ ਦਾ ਹੀਆ ਨਾ ਪਿਆ ॥ ॥੪੧॥ ਅਤੇ ਉਸ ਨੈ
ਉਨਾਂ ਨੂੰ ਆਖਿਆ ਕਿ ਮਸੀਹ ਨੂੰ ਦਾਊਦ ਦਾ ਪੁਤ੍ਰ ਕਿੱਕੁਰ ਆਖਦੇ ਹਨ ॥੪੨॥ ਕਿਉਂ ਜੋ ਦਾ-
ਊਦ ਜਬੂਰ ਦੇ ਪੁਸਤਕ ਵਿੱਚ ਆਪੇ ਕੱਹਿੰਦਾ ਹੈ ਭਈ ਪ੍ਰਭੂ ਨੈ ਮੇਰੇ ਪ੍ਰਭੂ ਨੂੰ ਆਖਿਆ ਤੂੰ ਮੇ-

Original with:
Language Department Punjab
Digitized by:
Panjab Digital Library

ਰੇ ਸੱਜੇ ਪਾਸੇ ਬੈਠ ॥੪੩॥ ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕ-
ਰਾਂ ॥੪੪॥ ਸੋ ਦਾਊਦ ਉਹ ਨੂੰ ਪ੍ਰਭੁ ਕਹਿੰਦਾ ਹੈ ਫੇਰ ਉਹ ਉਸ ਦਾ ਪੁਤ੍ਰ ਕਿੱਕੁਰ ਹੋਇਆ ॥
॥੪੫॥ ਜਾਂ ਸਭ ਲੋਕ ਸੁਣ ਰਹੇ ਸਨ ਤਾਂ ਉਸ ਨੈ ਆਪਣਿਆਂ ਸਿੱਖਾਂ ਨੂੰ ਕਿਹਾ ॥
੪੬॥ ਕਿ ਰੀਥੀਆਂ ਥੋਂ ਹੁਸ਼ਿਆਰ ਰਹੋ ਜੇਹੜੇ ਲੰਮੇ ਬਸਤ੍ਰ ਪਹਿਨੀਂ ਫਿਰਨਾ ਪਸੰਦ ਕਰਦੇ
ਅਤੇ ਬਜਾਰਾਂ ਵਿੱਚ ਸਲਾਮ ਲੈਣ ਅਤੇ ਸਮਾਜਾਂ ਵਿੱਚ ਅਗਲੀਆਂ ਕੁਰਸੀਆਂ ਅਰ ਜ਼ਿ-
ਆਫਤਾਂ ਵਿੱਚ ਉੱਚੀਆਂ ਥਾਵਾਂ ਨੂੰ ਲੋਚਦੇ ਹਨ ॥੪੭॥ ਓਹ ਬਿਧਵਾਂ ਦੇ ਘਰਾਂ ਨੂੰ ਚੱਟ ਕਰ
ਜਾਂਦੇ ਹਨ ਅਤੇ ਵਿਖਾਲਣ ਲਈ ਲੰਮੀਆਂ ਲੰਮੀਆਂ ਪ੍ਰਾਰਥਨਾਂ ਕਰਦੇ ਹਨ। ਉਨਾਂ ਨੂੰ ਵ-
ਧੀਕ ਦੰਡ ਮਿਲੂ ॥

੨੧ਕਾਂਡ ॥ ਅਤੇ ਉਸ ਨੈ ਅੱਖੀਆਂ ਚੁੱਕ ਕੇ ਧਨਵਾਨਾਂ ਨੂੰ ਆਪਣੀਆਂ ਖਜ਼ਾਨਾਂ ਭੰ-
ਡਾਰ ਵਿੱਚ ਪਾਉਂਦਿਆਂ ਡਿੱਠਾ ॥੨॥ ਅਰ ਉਸ ਨੈ ਇੱਕ ਕੰਗਾਲ ਬਿਧਵਾ ਨੂੰ
ਦੋ ਦਮੜੀਆਂ ਓਥੇ ਪਾਉਂਦਿਆਂ ਵੇਖਿਆ ॥੩॥ ਅਤੇ ਓਸ ਆਖਿਆ ਮੈਂ ਤੁਹਾ ਨੂੰ ਸੱਚ
ਕਹਿੰਦਾ ਹਾਂ ਭਈ ਇਸ ਕੰਗਾਲ ਬਿਧਵਾ ਨੈ ਉਨਾਂ ਸਭਨਾਂ ਨਾਲੋਂ ਬਹੁਤਾ ਪਾ ਦਿੱਤਾ ਹੈ ॥੪॥
ਕਿਉਂ ਜੋ ਉਨਾਂ ਸਭਨਾਂ ਨੈ ਆਪਣੇ ਵਾਫਰ ਮਾਲ ਥੋਂ ਕੁਛ ਖਜ਼ਾਨਾਂ ਵਿੱਚ ਪਾਇਆ ਪਰ ਇ-
ਹ ਨੈ ਆਪਣੀ ਥੁੜ ਵਿੱਚੋਂ ਸਾਰੀ ਪੂੰਜੀ ਜੋ ਇਹ ਦੀ ਸੀ ਪਾ ਦਿੱਤੀ ॥ ॥੫॥ ਅਤੇ ਜ
ਬਾਜੇ ਲੋਕ ਮੰਦਰ ਦੀ ਬਾਬਤ ਗੱਲਾਂ ਕਰਦੇ ਸਨ ਜੋ ਉਹ ਸੁਹਣੇ ਪੱਥਰਾਂ ਅਤੇ ਝਨਾਵਿਆਂ

Original with:
Language Department Punjab
Digitized by:
Panjab Digital Library

ਨਾਲ ਕਿਹੋ ਜਿਹਾ ਸੁਆਰਿਆ ਹੋਇਆ ਹੈ ਤਾਂ ਓਸ ਆਖਿਆ ॥੬॥ ਭਈ ਏਹ ਚੀਜਾਂ ਜੇਹੜੀਆਂ ਤੁਸੀਂ ਵੇਖਦੇ ਹੋਂ ਓਹ ਦਿਨ ਆਉਣਗੇ ਜਿਨਾਂ ਵਿੱਚ ਐਂਥੇ ਪੱਥਰ ਉੱਤੇ ਪੱਥਰ ਨਾ ਛੱਡਿਆ ਜਾਊ ਜਿਹੜਾ ਡੇਰਿਆ ਨਾ ਜਾਊ ॥੭॥ ਅਤੇ ਉਨਾਂ ਉਸ ਥੇਂ ਪੁੱਛਿਆ ਫੇਰ ਗੁਰੂ ਜੀ ਏਹ ਗੱਲਾਂ ਕਦ ਹੋਣਗੀਆਂ ਅਤੇ ਉਸ ਸਮੇ ਦਾ ਕੀ ਲੱਛਣ ਹੈ ਜਾਂ ਏਹ ਗੱਲਾਂ ਹੋਣ ਲੱਗਣਗੀਆਂ ॥੮॥ ਅਤੇ ਉਨਾਂ ਨਿਹਚਾ ਨਹੀਂ ਕਰੀ ਤੁਸੀਂ ਜਿਹੜੇ ਕੁਲਾਨੇ ਵਿੱਚ ਪਓ ਕਿਉਂ ਜੋ ਮੇਰਾ ਨਾਉਂ ਧਾਰਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਉਹੋ ਹਾਂ ਅਤੇ ਉਹ ਵੇਲਾ ਨੇੜੇ ਹੈ। ਉਨਾਂ ਦੇ ਮਗਰ ਨਾ ਲੱਗਣਾ ॥੯॥ ਪਰ ਜਾਂ ਤੁਸੀਂ ਲੜਾਈਆਂ ਅਤੇ ਹੱਲੇ ਗੁੱਲੇ ਦੀਆਂ ਖਬਰਾਂ ਸੁਣੋ ਤਾਂ ਘਬਰਾ ਨਾ ਜਾਣਾ ਕਿਉਂ ਜੋ ਏਹ ਗੱਲਾਂ ਤਾਂ ਪਹਿਲਾਂ ਹੋਣੀਆਂ ਹੀ ਹਨ ਪਰ ਅੰਤ ਓਵੇਂ ਨਹੀਂ ॥ ॥੧੦॥ ਤਦ ਉਸ ਨੈ ਉਨਾਂ ਨੂੰ ਕਿਹਾ ਕੋ ਮੋਕੋ ਮਉਂਤੇ ਅਤੇ ਪਾਤਸਾਹੀ ਪਾਤਸਾਹੀ ਉੱਤੇ ਚੜਾਈ ਕਰੂ ॥੧੧॥ ਅਤੇ ਵਡੇ ਭੁਚਾਲ ਅਰ ਥਉਂ ਥਾਉਂ ਕਾਲ ਅਤੇ ਮਰੀਆਂ ਪੈਣਗੀਆਂ ਅਤੇ ਭਯਾਨਕ ਚੀਜਾਂ ਅਰ ਵਡੀਆਂ ਨਿਸਾਨੀਆਂ ਅਕਾਸੋਂ ਪਰਗਟ ਹੋਣਗੀਆਂ ॥੧੨॥ ਪਰ ਇਨਾਂ ਸਾਰੀਆਂ ਗੱਲਾਂ ਥੇਂ ਪਹਿਲਾਂ ਲੋਕ ਤੁਹਾਡੇ ਉੱਤੇ ਹੱਥ ਪਾਉਣਗੇ ਅਤੇ ਤੁਹਾਨੂੰ ਸਤਾਉਣਗੇ ਅਰ ਸਮਾਜਾਂ ਅਤੇ ਕੈਦਖਾਨਿਆਂ ਵਿਚ ਫੜਵਾ ਦੇਣਗੇ ਅਤੇ ਮੇਰੇ ਨਾਉਂ ਦੇ ਕਾਰਨ ਰਾਜਿਆਂ ਅਰ ਹਾਕਮਾਂ ਦੇ ਸਾਹਮਣੇ ਲੈ ਜਾਣਗੇ ॥੧੩॥ ਇਹ ਤੁਹਾਡੇ ਉੱਤੇ ਉਗਾਹੀ ਦੇ ਲਈ ਬੀਤੂਗਾ ॥੧੪॥ ਇਸ ਲਈ ਆਪਣੇ ਮਨ

Original with:
Language Department Punjab
Digitized by:
Panjab Digital Library

ਵਿੱਚ ਪੱਕ ਠਰਾ ਛੱਡੋ ਭਈ ਅਸੀਂ ਉੱਤਰ ਦੇਣ ਵਾਸਤੇ ਪਹਿਲਾਂ ਥੋਂ ਚਿੰਤਾ ਨਾ ਕਰਾਂਗੇ॥੧੫॥
ਕਿਉਜੋ ਮੈਂ ਤੁਹਾਨੂੰ ਇਹੋ ਜਿਹਾ ਬਚਨ ਅਤੇ ਬੁੱਧ ਦਿਆਂਗਾ ਜਿਹ ਦਾ ਤੁਹਾਡੇ ਸਾਰੇ ਬਿਰੋਧੀ
ਸਾਹਮਣਾ ਅਥਵਾ ਖੰਡਣ ਨਾ ਕਰ ਸੱਕਣਗੇ॥੧੬॥ਅਤੇ ਮਾਂ ਪਿਉ ਅਰ ਭਾਈ ਅਰ ਸ
ਕ ਅਰ ਮਿਤ੍ਰ ਬੀ ਤੁਹਾਨੂੰ ਫੜਵਾਉਣਗੇ ਅਤੇ ਤੁਹਾਡੇ ਵਿੱਚੋਂ ਕਿਨਿਆਂ ਨੂੰ ਮਰਵਾ ਦੇਣ-
ਗੇ॥੧੭॥ਅਤੇ ਮੇਰੇ ਨਾਉਂ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ॥੧੮॥ਪਰ ਤੁਹ
ਡੇ ਸਿਰ ਦਾ ਇੱਕ ਵਾਲ ਬੀ ਵਿੰਗਾ ਨਾ ਹੋਊਗਾ॥੧੯॥ਆਪਣੇ ਧੀਰਜ ਨਾਲ ਤੁਸੀਂ ਆਪ
ਣੀਆਂ ਜਾਨਾਂ ਨੂੰ ਕਮਾਓਗੇ॥ ॥੨੦॥ਅਤੇ ਜਾਂ ਤੁਸੀਂ ਯਰੂਸਲੀਮ ਨੂੰ ਫੌਜਾਂ
ਨਾਲ ਘੇਰਿਆ ਹੋਇਆ ਵੇਖੋਂ ਤਾਂ ਜਾਣੋ ਭਈ ਉਹ ਦਾ ਉੱਜੜਨਾ ਨੇੜੇ ਆ ਪਹੁੰਚਿਆ ਹੈ
॥੨੧॥ਤਦ ਓਹ ਜੇਹੜੇ ਯਹੂਦਿਯਾ ਵਿੱਚ ਹੋਣ ਪਹਾੜਾਂ ਨੂੰ ਭੱਜ ਜਾਣ ਅਤੇ ਓਹ ਜੇਹੜੇ ਉ-
ਸ ਦੇ ਵਿੱਚ ਹੋਣ ਸੋ ਨਿੱਕਲ ਜਾਣ ਅਤੇ ਜੇਹੜੇ ਪਿੰਡਾਂ ਵਿੱਚ ਹੋਣ ਉਹ ਦੇ ਅੰਦਰ ਨਾ ਵੜਨ॥
੨੨॥ਕਿਉਜੋ ਏਹ ਵੱਟਾ ਲੈਣ ਦੇ ਦਿਨ ਹਨ ਇਸ ਲਈ ਜੋ ਸਭ ਲਿਖੀਆਂ ਹੋਈਆਂ ਗੱਲ
ਪੂਰੀਆਂ ਹੋਣ॥੨੩॥ਹਮੋਸ ਉਨ੍ਹਾਂ ਉੱਤੇ ਜੇਹੜੀਆਂ ਉਨ੍ਹਾਂ ਦਿਨਾਂ ਵਿੱਚ ਪੈਰ ਭਾਰੀਆਂ
ਅਤੇ ਦੁੱਧ ਚੁੰਘਾਉਣ ਵਾਲੀਆਂ ਹੋਣ ਕਿਉ ਜੋ ਧਰਤੀ ਉੱਤੇ ਵਡੀ ਤੰਗੀ ਅਤੇ ਇਸ ਕੋਮ
ਪੁਰ ਕਰੋਧ ਹੋਊਗਾ॥੨੪॥ਅਰ ਓਹ ਤਲਵਾਰ ਦੀ ਧਾਰ ਨਾਲ ਮਾਰੇ ਜਾਣਗੇ ਅਤੇ ਬੰ-
ਧੂਏ ਹੋਕੇ ਸਭ ਕੋਮਾਂ ਵਿੱਚ ਪੁਚਾਏ ਜਾਣਗੇ ਅਰ ਯਰੂਸਲੀਮ ਪਰਾਈਆਂ ਕੋਮਾਂ ਥੋਂ ਲਤਾ-

Original with:
Language Department Punjab
Digitized by:
Panjab Digital Library

ਕ੍ਰਿਆ ਜਾਊਂਗਾ ਜਦ ਤੀਕੁਰ ਪਰਾਈਆਂ ਕੋਮਾਂ ਦੇ ਸਮੇ ਪੂਰੇ ਨਾ ਹੋਣ ॥੨੫॥ ਅਤੇ ਸੂਰਜ ਅ-
ਰ ਚੰਦ ਅਰ ਤਾਰਿਆਂ ਵਿੱਚ ਨਿਸ਼ਾਨੀਆਂ ਹੋਣਗੀਆਂ ਅਤੇ ਧਰਤੀ ਉੱਤੇ ਸਮੁੰਦਰ ਅਰ
ਉਹ ਦੀਆਂ ਲਹਿਰਾਂ ਦੇ ਗਰਜਨੇ ਦੇ ਕਾਰਨ ਕੋਮਾਂ ਨੂੰ ਕਸ਼ਟ ਅਤੇ ਘਬਰਾਹਟ ਹੋਊ ॥੨੬॥
ਅਰ ਡਰ ਦੇ ਮਾਰੇ ਅਤੇ ਉਨਾਂ ਗੱਲਾਂ ਦੀ ਉਡੀਕ ਥੋਂ ਜੋ ਦੁਨੀਆਂ ਉੱਤੇ ਆਉਣ ਵਾਲੀਆਂ ਹ-
ਨ ਲੋਕਾਂ ਦੇ ਜੀ ਡੁੱਬ ਜਾਣਗੇ ਕਿਉਂ ਜੋ ਅਕਾਸ਼ ਦੀਆਂ ਸਕਤੀਆਂ ਹਲਾਈਆਂ ਜਾਣਗੀਆਂ
॥੨੭॥ ਅਰ ਤਦ ਮਨੁੱਖ ਦੇ ਪੁਤ੍ਰ ਨੂੰ ਸਾਮਰੱਥਾ ਅਤੇ ਵਡੇ ਤੇਜ ਨਾਲ ਬੱਦਲ ਉੱਤੇ ਆਉਂਦਿ-
ਆਂ ਵੇਖਣਗੇ ॥੨੮॥ ਅਤੇ ਜਾਂ ਏਹ ਗੱਲਾਂ ਹੋਣ ਲੱਗਣਗੀਆਂ ਤਾਂ ਉਤਾਹਾਂ ਵੇਖੋ ਅਤੇ ਆ
ਪਣੇ ਸਿਰ ਚੁੱਕੋ ਇਸ ਲਈ ਜੋ ਤੁਹਾਡਾ ਨਿਸਤਾਰਾ ਨੇੜੇ ਆਇਆ ਹੈ ॥ ॥੨੯
॥ ਅਤੇ ਉਸ ਨੈ ਉਨਾਂ ਨੂੰ ਇੱਕ ਦ੍ਰਿਸ਼ਟਾਂਤ ਦਿੱਤਾ ਕੁਈ ਹੰਜੀਰ ਦੇ ਬ੍ਰਿਛ ਨੂੰ ਅਤੇ ਸਾਰਿਆਂ ਰੁੱ-
ਖਾਂ ਨੂੰ ਵੇਖੋ ॥੩੦॥ ਜਦ ਉਨਾਂ ਦੇ ਪੱਤ ਨਿੱਕਲਦੇ ਹਨ ਤਾਂ ਤੁਸੀਂ ਵੇਖ ਕੇ ਆਪੇ ਜਾਣ ਲੈਂਦੇ ਹੋ
ਜੋ ਹੁਣ ਗਰਮੀ ਦੀ ਰੁੱਤ ਨੇੜੇ ਹੈ ॥੩੧॥ ਇਸੇ ਤਰਾਂ ਨਾਲ ਜਾਂ ਤੁਸੀਂ ਵੇਖੋ ਕੁਈ ਏਹ ਗੱਲਾਂ ਹੁੰ-
ਦੀਆਂ ਹਨ ਤਾਂ ਜਾਣੋ ਜੋ ਪਰਮੇਸੁਰ ਦਾ ਰਾਜ ਨੇੜੇ ਹੈ ॥੩੨॥ ਮੈਂ ਤੁਹਾ ਨੂੰ ਸੱਤ ਆਖਦਾ ਹਾਂ
ਕੁਈ ਜਦ ਤੋੜੀ ਸਭ ਗੱਲਾਂ ਨਾ ਹੋ ਲੈਣ ਇਹ ਪੀਹੜੀ ਬੀਤ ਨਾ ਜਾਊਗੀ ॥੩੩॥ ਅਕਾਸ
ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟਲਣਗੇ ॥ ॥੩੪॥ ਖ-
ਬਰਦਾਰ ਰਹੋ ਕੁਈ ਹੱਦੋਂ ਬਾਹਰ ਖਾਣ ਪੀਣ ਅਤੇ ਮਤਵਾਲੇ ਹੋਣ ਨਾਲ ਅਤੇ ਸੰਸਾਰ ਦੀ-

Original wi
Language Department Punjab
Digitized by:
Panjab Digital Library

ਆਂ ਚਿੰਤਾਂ ਦੇ ਕਾਰਨ ਤੁਹਾਡੇ ਮਨ ਕਿਤੇ ਭਾਰੀ ਨਾ ਹੋ ਜਾਣ ਅਤੇ ਉਹ ਦਿਨ ਫਾਹੀ ਵਾਂਙੂ ਤੁਹਾਡੇ
ਉੱਤੇ ਅਚਾਣਕ ਆ ਪਵੇ ॥੩੫॥ ਕਿਉਂ ਜੋ ਉਹ ਸਾਰੀ ਧਰਤੀ ਦਿਆਂ ਸਭਨਾਂ ਰਹਿਣ ਵਾਲਿਆਂ ਉੱਪਰ
ਪੁਰ ਆਊਗਾ ॥੩੬॥ ਪਰ ਬੇਨਤੀ ਕਰਦਿਆਂ ਹਰ ਵੇਲੇ ਜਾਗਦੇ ਰਹੋ ਭਈ ਤੁਸੀਂ ਉਨਾਂ ਸਭ
ਨਾਂ ਗੱਲਾਂ ਥੋ ਜੇਹੜੀਆਂ ਹੋਣ ਵਾਲੀਆਂ ਹਨ ਬਚ ਸੱਕੋ ਅਤੇ ਮਨੁੱਖ ਦੇ ਪੁਤ੍ਰ ਦੇ ਸਾਹਮਣੇ ਖੜੇ
ਹੋ ਸੱਕੋ ॥ ॥੩੭॥ ਅਤੇ ਉਹ ਦਿਨ ਨੂੰ ਮੰਦਰ ਵਿੱਚ ਉਪਦੇਸ ਕਰਦਾ ਅਤੇ ਰਾਤ ਨੂੰ
ਬਾਹਰ ਜਾਕੇ ਉਸ ਪਹਾੜ ਉੱਤੇ ਜਿਹੜਾ ਜੈਤੂਨ ਦਾ ਕਹਾਉਂਦਾ ਹੈ ਟਿਕਦਾ ਹੁੰਦਾ ਸੀ ॥੩੮॥ ਅ
ਤੇ ਸਭ ਲੋਕ ਉਹ ਦੀ ਸੁਣਨ ਲਈ ਮੰਦਰ ਵਿੱਚ ਤੜਕੇ ਉਸ ਕੋਲ ਆਉਂਦੇ ਸਨ ॥

੨੨ਕਾਂਡ ॥

ਅਤੇ ਪਤੀਰੀ ਰੋਟੀ ਦਾ ਤਿਉਹਾਰ ਜਿਹ ਨੂੰ ਪਸਾਹ ਕਹਿੰਦੇ ਹਨ ਨੇੜੇ ਆ ਪੁੱ-
ਜਿਆ ॥੨॥ ਅਰ ਪਰਧਾਨ ਜਾਜਕ ਅਤੇ ਰੀਥੀ ਇਸ ਗੱਲ ਦੇ ਪਿੱਛੇ ਲੱਗੇ
ਭਈ ਉਹ ਨੂੰ ਕਿੱਕੁਰ ਜਾਨੋਂ ਮਾਰਿਯੇ ਕਿਉਂ ਜੋ ਓਹ ਲੋਕਾਂ ਥੋਂ ਡੁਰਦੇ ਸਨ ॥ ॥੩॥ ਤ-
ਦ ਸ਼ਤਾਨ ਯਹੂਦਾ ਵਿੱਚ ਸਮਾਇਆ ਜਿਹੜਾ ਇਸਕਰਿਯੋਤੀ ਕਰਕੇ ਆਖੀਦਾ ਹੈ ਅਤੇ ਉ-
ਹ ਉਨਾਂ ਬਾਰਾਂ ਦੀ ਗਿਣਤੀ ਵਿੱਚ ਸੀ ॥੪॥ ਅਰ ਉਸ ਨੇ ਜਾਕੇ ਪਰਧਾਨ ਜਾਜਕਾਂ ਅਤੇ ਸਰਦ
ਰਾਂ ਦੇ ਨਾਲ ਮਤਾ ਪਕਾਇਆ ਜੋ ਉਸ ਨੂੰ ਉਨਾਂ ਦੇ ਹੱਥ ਕਿਸ ਬਿੰਧ ਫੜਵਾ ਦੇਵੇ ॥੫॥ ਅਰ ਓ-
ਹ ਬਹੁਤ ਰਾਜੀ ਹੋਏ ਅਤੇ ਰੁਪੱਯੇ ਦੇਣ ਦਾ ਉਸ ਨਾਲ ਕਰਾਰ ਕੀਤਾ ॥੬॥ ਅਤੇ ਉਸ ਨੇ ਮੰਨ
ਲਿਆ ਅਰ ਦਾਉ ਲੱਭਦਾ ਸੀ ਭਈ ਉਹ ਨੂੰ ਭੀੜ ਦੇ ਨਾ ਹੁੰਦਿਆਂ ਉਨਾਂ ਦੇ ਹੱਥ ਫੜਵਾਏ ॥

Original with:
Language Department Punjab
Digitized by:
Panjab Digital Library

ਚਵੰਡੁਲਯੋ॥੧੮॥ਕਿਉਜੋ ਮੈਂ ਤੁਹਾਨੂੰ ਆਖਦਾ ਹਾਂ ਕਿ ਏਦੋਂ ਅੱਗੇ ਮੈਂ ਦਾਖ ਰਸ ਕਦੇ ਨਾ ਪੀਅ
ਗਾ ਜਦ ਤੀਕੁਰ ਪਰਮੇਸੁਰ ਦਾ ਰਾਜ ਨਾ ਆਵੇ॥੧੯॥ਅਰ ਉਸ ਨੈ ਰੋਟੀ ਲਈ ਅਤੇ ਸੁਕਰ
ਕਰਕੇ ਤੋੜੀ ਅਤੇ ਇਹ ਕਹਿਕੇ ਉਨਾਂ ਨੂੰ ਦਿੱਤੀ ਕਿ ਇਹ ਮੇਰਾ ਸਰੀਰ ਹੈ ਜੋ ਤੁਹਾਡੇ ਬਦਲੇ ਦਿੱਤਾ
ਜਾਂਦਾ ਹੈ ਮੇਰੀ ਯਾਦਗੀਰੀ ਵਾਸ਼ਤੇ ਇਹ ਕਰਿਆ ਕਰੋ॥੨੦॥ਅਤੇ ਖਾਣ ਦੇ ਪਿੱਛੋਂ ਇਸੇ ਤਰਾਂ
ਉਸ ਨੈ ਪਿਆਲਾ ਦੇਕੇ ਕਿਹਾ ਕਿ ਇਹ ਪਿਆਲਾ ਮੇਰੇ ਲਹੂ ਦੇ ਕਾਰਨ ਜੋ ਤੁਹਾਡੇ ਲਈ ਵਹਾਇ-
ਆ ਜਾਂਦਾ ਹੈ ਨਵਾਂ ਨੇਮ ਹੈ॥੨੧॥ਪਰ ਵੇਖੋ ਮੇਰੇ ਫੜਵਾਉਣਵਾਲੇ ਦਾ ਹੱਥ ਮੇਰੇ ਨਾਲ ਮੇਜ
ਉੱਤੇ ਹੈ॥੨੨॥ਕਿਉਜੋ ਮਨੁੱਖ ਦਾ ਪੁਤ ਤਾਂ ਜਾਂਦਾ ਹੈ ਜਿਹਾ ਕੁ ਠਰਾਇਆ ਹੋਇਆ ਹੈ ਪਰ ਹਾਇ
ਉਸ ਮਨੁੱਖ ਉੱਤੇ ਜਿਹ ਦੀ ਰਾਹੀਂ ਉਹ ਫੜਵਾਇਆ ਜਾਂਦਾ ਹੈ॥੨੩॥ਅਤੇ ਓਹ ਆਪੋ ਵਿੱਚ
ਇਹ ਪੁੱਛਣ ਲੱਗੇ ਭਈ ਅਸਾਂ ਵਿੱਚੋਂ ਉਹ ਕਿਹੜਾ ਹੈ ਜੋ ਇਹ ਕੰਮ ਕਰੂ॥ ॥੨੪॥ਅ-
ਤੇ ਉਨਾਂ ਵਿੱਚ ਇਹ ਤਕਰਾਰ ਬੀ ਹੋਇਆ ਭਈ ਸਾਡੇ ਵਿੱਚੋਂ ਕੌਣ ਵਡਾ ਕਰਕੇ ਮੰਨੀਦਾ ਹੈ॥੨੫
ਪਰ ਉਸ ਨੈ ਉਨਾਂ ਨੂੰ ਆਖਿਆ ਕਿ ਪਰਾਈਆਂ ਕੌਮਾਂ ਦੇ ਰਾਜੇ ਉਨਾਂ ਉੱਤੇ ਹੁਕਮ ਚਲਾਉਂਦੇ ਹ-
ਨ ਅਤੇ ਜੇਹੜੇ ਉਨਾਂ ਉੱਤੇ ਇਖਤਿਆਰ ਰੱਖਦੇ ਹਨ ਸੋ ਗਰੀਬਨਵਾਜ ਕਹਾਉਂਦੇ ਹਨ॥੨੬॥
ਪਰ ਤੁਸੀਂ ਏਹੋ ਜੇਹੇ ਨਾ ਹੋਵੋ ਸਗੋਂ ਤੁਹਾਡੇ ਵਿੱਚ ਜਿਹੜਾ ਵਡਾ ਹੈ ਉਹ ਛੋਟੇ ਵਰਗਾ ਅਤੇ ਜਿਹ-
ੜਾ ਸਰਦਾਰ ਹੈ ਉਹ ਟਹਿਲੂਏ ਵਰਗਾ ਬਣੇ॥੨੭॥ਕਿਉਂਕਿ ਵਡਾ ਕੌਣ ਹੈ ਉਹ ਜਿਹੜਾ ਖਾਣ
ਨੂੰ ਬੈਠਦਾ ਹੈ ਅਕੇ ਉਹ ਜਿਹੜਾ ਟਹਿਲ ਕਰਦਾ ਹੈ। ਭਲਾ ਉਹ ਨਹੀਂ ਜਿਹੜਾ ਖਾਣ ਨੂੰ ਬੈਠਦਾ

Original with:
Language Department Punjab
Digitized by:
Panjab Digital Library

ਹੈ।ਪਰ ਮੈਂ ਤੁਹਾਡੇ ਵਿੱਚ ਟਹਿਲੂਏ ਵਰਗਾ ਹਾਂ।।੨੮।।ਅਤੇ ਤੁਸੀਂ ਉਹੋ ਹੀ ਹੋ ਜੋ ਮੇਰੇ ਪਰਤ
ਵਿਆਂ ਵਿੱਚ ਸਦਾ ਮੇਰੇ ਨਾਲ ਰਹੇ।।੨੯।।ਅਰ ਜਿਵੇਂ ਮੇਰੇ ਪਿਤਾ ਨੇ ਮੇਰੇ ਲਈ ਇੱਕ ਰਾਜ
ਠਹਰਾਇਆ ਹੈ ਤਿਵੇਂ ਮੈਂ ਤੁਹਾਡੇ ਲਈ ਠਹਰਾਉਂਦਾ ਹਾਂ।।੩੦।।ਤਾਂ ਜੋ ਤੁਸੀਂ ਮੇਰੇ ਰਾਜ ਵਿੱਚ ਮੇਰੀ
ਮੇਜ ਉੱਤੇ ਖਾਓ ਪੀਓ ਅਤੇ ਤੁਸੀਂ ਸਿੰਘਾਸਣਾਂ ਪੁਰ ਬੈਠ ਕੇ ਇਸਰਾਈਲ ਦੀਆਂ ਬਾਰਾਂ ਗੋਤਾਂ ਦ
ਨਿਆਉਂ ਕਰੋਗੇ।।੩੧।।ਹੇ ਸ਼ਮਊਨ ਸ਼ਮਊਨ ਵੇਖ ਸ਼ਤਾਨ ਨੇ ਤੁਹਾ ਨੂੰ ਮੰਗਿਆ ਹੈ ਭੁਈ ਕਣ
ਕ ਦੀ ਤਰਾਂ ਤੁਹਾ ਨੂੰ ਫਟਕੇ।।੩੨।।ਪਰ ਮੈਂ ਤੇਰੇ ਲਈ ਬੇਨਤੀ ਕੀਤੀ ਹੈ ਜੋ ਤੇਰੀ ਨਿਹਚਾ ਜਾਂਦੀ
ਨਾ ਰਹੇ ਅਰ ਜਾਂ ਤੂੰ ਮੁੜੇ ਤਾਂ ਆਪਣਿਆਂ ਭਾਈਆਂ ਨੂੰ ਤਕੜੇ ਕਰੀਂ।।੩੩।।ਤਦ ਉਸ ਨੇ ਉਹ
ਨੂੰ ਕਿਹਾ ਪ੍ਰਭੂ ਜੀ ਮੈਂ ਤੇਰੇ ਨਾਲ ਕੈਦ ਵਿੱਚ ਅਤੇ ਮਰਨ ਲਈ ਬੀ ਜਾਣ ਨੂੰ ਤਿਆਰ ਹਾਂ।।੩੪।।
ਉਹ ਨੇ ਕਿਹਾ ਪਤਰਸ ਮੈਂ ਤੈਨੂੰ ਆਖਦਾ ਹਾਂ ਕਿ ਅੱਜ ਕੁੱਕੜ ਬਾਂਗ ਨਾ ਦੇਊਗਾ ਜਦ ਤੀਕੁਰ ਤੂੰ
ਤਿੰਨ ਵਾਰੀ ਮੁੱਕਰ ਕੇ ਨਾ ਕਹੇਂ ਭੁਈ ਮੈਂ ਉਹ ਨੂੰ ਨਹੀਂ ਜਾਣਦਾ।। ।।੩੫।।ਅਤੇ ਉ-
ਸ ਨੇ ਉਨਾਂ ਨੂੰ ਆਖਿਆ ਜਦ ਮੈਂ ਤੁਹਾ ਨੂੰ ਬਟੂਏ ਅਤੇ ਝੋਲੇ ਅਤੇ ਜੁੱਤੀ ਬਿਨਾ ਘੱਲਿਆ ਤਦ ਤੁ-
ਹਾਨੂੰ ਕਾਸੇ ਦੀ ਘੁੜ ਤਾਂ ਨਹੀਂ ਸੀ। ਓਹ ਬੋਲੇ ਕਾਸੇ ਦੀ ਨਹੀਂ।।੩੬।।ਤਦ ਉਸ ਨੇ ਉਨਾਂ ਨੂੰ ਕਿਹਾ ਪ-
ਰ ਹੁਣ ਜਿਹ ਦੇ ਕੋਲ ਬਟੂਆ ਹੋਵੇ ਸੋ ਲਵੇ ਅਰ ਇਸੇ ਤਰਾਂ ਝੋਲਾ ਬੀ ਅਤੇ ਜਿਹ ਦੇ ਕੋਲ ਤਲਵ
ਰ ਨਾ ਹੋਵੇ ਸੋ ਆਪਣਾ ਲੀੜਾ ਵੇਚ ਕੇ ਮੁੱਲ ਲਵੇ।।੩੭।।ਕਿਉਂ ਜੋ ਮੈਂ ਤੁਹਾ ਨੂੰ ਆਖਦਾ ਹਾਂ ਕਿ ਇ-
ਹ ਜੋ ਲਿਖਿਆ ਹੋਇਆ ਹੈ ਭੁਈ ਉਹ ਬੁਰਿਆਰਾਂ ਵਿੱਚ ਗਿਣਿਆ ਗਿਆ ਸੋ ਮੇਰੇ ਹੱਕ ਵਿੱਚ ਉ-

Original with:
Language Department Punjab
Digitized by:
Panjab Digital Library

ਹਦਾ ਸੰਪੂਰਣ ਹੋਣਾ ਜ਼ਰੂਰ ਹੈ ਕਿਉਂਕਿ ਜੋ ਕੁਛ ਮੇਰੀ ਬਾਬਤ ਹੈ ਸੋ ਉਹ ਨੇ ਪੂਰਾ ਹੋਣਾ ਹੀ ਹੈ॥ ੩੮॥
ਓਹ ਬੋਲੇ ਪ੍ਰਭੁ ਜੀ ਵੇਖ ਐਂਥੇ ਦੋ ਤਲਵਾਰਾਂ ਹਨ। ਤਾਂ ਉਸ ਨੇ ਉਨਾਂ ਨੂੰ ਆਖਿਆ ਬਥੇਰੀਆਂ ਹਨ॥
॥੩੯॥ ਅਤੇ ਉਹ ਬਾਹਰ ਨਿੱਕਲਕੇ ਦਸਤੂਰ ਮੁਜਬ ਜੈਤੂਨ ਦੇ ਪਹਾੜ ਨੂੰ ਗਿਆ
ਅਤੇ ਸਿੱਖ ਬੀ ਉਹ ਦੇ ਮਗਰ ਤੁਰੇ॥ ੪੦॥ ਅਰ ਉਸ ਥਾਉਂ ਅੱਪੜਕੇ ਉਸ ਨੇ ਉਨਾਂ ਨੂੰ ਕਿਹਾ ਪ੍ਰਾ-
ਰਥਨਾ ਕਰੋ ਜੋ ਤੁਸੀਂ ਪਰਤਾਵੇ ਵਿੱਚ ਨਾ ਪਵੋ॥ ੪੧॥ ਅਰ ਉਸ ਨੇ ਉਨਾਂ ਥੋਂ ਕੋਈ ਢੀਮ ਦੀ ਮਾਰ
ਪੁਰ ਅਲੱਗ ਜਾਕੇ ਗੋਡੇ ਨਿਵਾਏ ਅਤੇ ਪ੍ਰਾਰਥਨਾ ਕਰਦਿਆਂ ਆਖਿਆ॥ ੪੨॥ ਹੇ ਪਿਤਾ ਜੇ
ਤੈਨੂੰ ਭਾਵੇ ਤਾਂ ਇਹ ਪਿਆਲਾ ਮੈਥੋਂ ਹਟਾ ਦਿਹ ਪਰ ਮੇਰੀ ਮਰਜ਼ੀ ਨਹੀਂ ਬਲਕ ਤੇਰੀ ਹੋਵੇ॥ ੪੩॥
ਅਤੇ ਸੁਰਗੋਂ ਇੱਕ ਦੂਤ ਉਹ ਨੂੰ ਵਿਖਾਈ ਦੇਕੇ ਉਹ ਨੂੰ ਸਹਾਰਾ ਦਿੰਦਾ ਸੀ॥ ੪੪॥ ਅਤੇ ਉਸ ਨੇ
ਮਹਾਂ ਕਸ਼ਟ ਵਿੱਚ ਪੈਕੇ ਮਨੋਂ ਤਨੋਂ ਪ੍ਰਾਰਥਨਾ ਕੀਤੀ ਅਰ ਉਹ ਦਾ ਮੁੜ੍ਹਕਾ ਲਹੂ ਦੀਆਂ ਬੂੰਦਾਂ ਵ
ਕੂ ਭੁੰਏਂ ਡਿਗਦਾ ਸੀ॥ ੪੫॥ ਅਰ ਪ੍ਰਾਰਥਨਾ ਥੋਂ ਉੱਠਕੇ ਉਹ ਸਿੱਖਾਂ ਦੇ ਕੋਲ ਆਇਆ ਅਤੇ
ਉਨਾਂ ਨੂੰ ਗਮ ਦੇ ਮਾਰੇ ਸੁੱਤਿਆਂ ਹੋਇਆਂ ਡਿੱਠਾ॥ ੪੬॥ ਅਤੇ ਉਨਾਂ ਨੂੰ ਕਿਹਾ ਤੁਸੀਂ ਕਾਹਨੂੰ ਸੌਂ
ਦੇ ਹੋ। ਉੱਠਕੇ ਪ੍ਰਾਰਥਨਾ ਕਰੋ ਭਈ ਪਰਤਾਵੇ ਵਿੱਚ ਨਾ ਪਓ॥ ॥੪੭॥ ਉਹ ਅਜੇ ਬੋ-
ਲਦਾ ਹੀ ਸੀ ਕਿ ਵੇਖੋ ਇੱਕ ਭੀੜ ਨਜ਼ਰੀ ਪਈ ਅਤੇ ਉਨਾਂ ਬਾਰਾਂ ਵਿੱਚੋਂ ਇੱਕ ਜਣਾ ਜੋ ਯਹੂਦਾ
ਕਰਕੇ ਸੱਦੀਦਾ ਹੈ ਉਨਾਂ ਦੇ ਅੱਗੇ ਅੱਗੇ ਤੁਰਕੇ ਯਿਸੂ ਦੇ ਨੇੜੇ ਆਇਆ ਜੋ ਉਹ ਨੂੰ ਚੁੰਮੇ॥ ੪੮
ਤਦ ਯਿਸੂ ਨੇ ਉਹ ਨੂੰ ਆਖਿਆ ਯਹੂਦਾ ਕੁ ਭਲਾ ਤੂੰ ਮਨੁੱਖ ਦੇ ਪੁਤ੍ਰ ਨੂੰ ਚੁੰਮੇ ਨਾਲ ਫੜਵਾਉਂਦਾ ਹੈਂ॥

Original with:
Language Department Punjab
Digitized by:
Panjab Digital Library

੪੯॥ ਅਤੇ ਜਾਂ ਉਹ ਦੇ ਨਾਲ ਦਿਆਂ ਨੈ ਵੇਖਿਆ ਜੋ ਕੀ ਹੋਣ ਲੱਗਾ ਹੈ ਤਾਂ ਕਿਹਾ ਪ੍ਰਭੂ ਜੀ ਅਸੀਂ
ਤਲਵਾਰ ਨਾਲ ਮਾਰਿਜੇ ॥੫੦॥ ਅਤੇ ਉਨਾਂ ਵਿੱਚੋਂ ਇੱਕ ਨੈ ਸਰਦਾਰ ਜਾਜਕ ਦੇ ਚਾਕਰ ਨੂੰ ਮਾਰ
ਕੇ ਉਹ ਦਾ ਸੱਜਾ ਕੰਨ ਉਡਾ ਦਿੱਤਾ ॥੫੧॥ ਪਰ ਯਿਸੂ ਨੈ ਅੱਗੋਂ ਆਖਿਆ ਐਂਥੋਂ ਤੀਕੁਰ ਛੱਡ ਦਿ
ਓ ਅਤੇ ਉਹ ਦਾ ਕੰਨ ਛੋਹ ਕੇ ਉਸ ਨੂੰ ਚੰਗਾ ਕੀਤਾ ॥੫੨॥ ਤਾਂ ਯਿਸੂ ਨੈ ਉਨਾਂ ਪਰਧਾਨ ਜਾਜਕਾਂ
ਅਤੇ ਮੰਦਰ ਦੇ ਸਰਦਾਰਾਂ ਅਤੇ ਬੁਜ਼ੁਰਗਾਂ ਨੂੰ ਜੋ ਜੋ ਉਸ ਉੱਤੇ ਚੜ੍ਹ ਆਏ ਸ਼ਨ ਆਖਿਆ ਭ-
ਈ ਜਾਣੀਦੇ ਤੁਸੀਂ ਧਾੜਵੀ ਉੱਤੇ ਤਲਵਾਰਾਂ ਅਤੇ ਡਾਂਗਾਂ ਫੜੀ ਨਿੱਕਲੇ ਹੋ ॥੫੩॥ ਜਾਂ ਮੈਂ ਰੋਜ ਤੁ-
ਹਾਡੇ ਨਾਲ ਮੰਦਰ ਵਿੱਚ ਹੁੰਦਾ ਸੀ ਤਾਂ ਤੁਸਾਂ ਮੇਰੇ ਉੱਤੇ ਹੱਥ ਨਾ ਪਾਏ ਪਰ ਇਹ ਤੁਹਾਡੀ ਘੜੀ ਅ-
ਤੇ ਅਨੇਰੇ ਦਾ ਵੱਸ ਹੈ ॥

॥੫੪॥ ਅਤੇ ਓਹ ਉਸ ਨੂੰ ਫੜ ਕੇ ਲੈ ਚੱਲੇ ਅਤੇ ਸਰਦਾਰ
ਜਾਜਕ ਦੇ ਘਰ ਵਿੱਚ ਲਿਆਏ ਅਰ ਪਤਰਸ ਕੁਛ ਵਿੱਥ ਪੁਰ ਪਿੱਛੇ ਪਿੱਛੇ ਤੁਰਿਆ ਆਇਆ ॥
੫੫॥ ਅਤੇ ਜਾਂ ਓਹ ਵੇਹੜੇ ਦੇ ਅੰਦਰ ਅੱਗ ਬਾਲ ਕੇ ਕੱਠੇ ਬੈਠੇ ਸਨ ਤਾਂ ਪਤਰਸ ਉਨਾਂ ਦੇ ਵਿੱਚ
ਜਾ ਬੈਠਾ ॥੫੬॥ ਅਤੇ ਇੱਕ ਚੋਂਲੀ ਨੈ ਉਹ ਨੂੰ ਅੱਗ ਦੀ ਲੋ ਵਿੱਚ ਬੈਠਾ ਵੇਖਿਆ ਅਤੇ ਉਹ ਨੂੰ ਧਿ-
ਆਨ ਨਾਲ ਵੇਖ ਕੇ ਬੋਲੀ ਇਹ ਬੀ ਉਹ ਦੇ ਨਾਲ ਸੀ ॥੫੭॥ ਪਰ ਉਹ ਮੁੱਕਰ ਗਿਆ ਅਤੇ ਕਿਹ
ਤੀਮੀਏ ਮੈਂ ਉਹ ਨੂੰ ਜਾਣਦਾ ਹੀ ਨਹੀਂ ॥੫੮॥ ਅਤੇ ਜਰਾਕ ਪਿੱਛੋਂ ਕਿਸੇ ਹੋਰ ਨੈ ਉਹ ਨੂੰ ਵੇਖ ਕੇ ਕਿ-
ਹਾ ਤੂੰ ਬੀ ਉਨਾਂ ਹੀ ਵਿੱਚੋਂ ਹੈਂ। ਪਰ ਪਤਰਸ ਨੈ ਆਖਿਆ ਮਨੁੱਖਾ ਮੈਂ ਨਹੀਂ ਹਾਂ ॥੫੯॥ ਅਰ ਇੱਕ
ਘੜੀ ਕੁ ਮਗਰੋਂ ਕਿਸੇ ਹੋਰ ਨੈ ਪੱਕ ਕਰ ਕੇ ਕਿਹਾ ਕਿ ਸੱਚੀ ਮੁੱਚੀ ਇਹ ਉਸ ਦੇ ਨਾਲ ਸੀ ਕਿਉਂ ਜੋ ਇ-

Original with:
Language & Culture Department Punjab
Digitized by:
Panjab Digital Library

ਹਗਾਲੀਲੀ ਹੈ॥ ੬੦॥ ਪਰ ਪਤਰਸ ਨੈ ਆਖਿਆ ਮਨੁੱਖਾ ਮੈਂ ਨੂੰ ਪਤਾ ਨਹੀਂ ਭਈ ਤੂੰ ਕੀ ਆ-
ਖਦਾ ਹੈਂ। ਅਤੇ ਅਜੇ ਉਹ ਬੋਲਦਾ ਹੀ ਸੀ ਕਿ ਝੱਟ ਕੁੱਕੜ ਨੈ ਬਾਂਗ ਦਿੱਤੀ॥ ੬੧॥ ਤਾਂ ਪ੍ਰਭੂ ਨੈ ਮੁੜ-
ਕੇ ਪਤਰਸ ਵਲ ਨਿਗਾ ਕੀਤੀ। ਤਦੋਂ ਪਤਰਸ ਨੂੰ ਪ੍ਰਭੂ ਦੀ ਗੱਲ ਚੇਤੇ ਆਈ ਜੋ ਉਸ ਨੈ ਉਹ ਨੂੰ ਕ-
ਹੀ ਸੀ ਭਈ ਅੱਜ ਕੁੱਕੜ ਦੇ ਬਾਂਗ ਦੇਣ ਥੋਂ ਅੱਗੇ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ॥ ੬੨॥
ਅਰ ਉਹ ਬਾਹਰ ਗਿਆ ਅਤੇ ਭੁੱਭਾਂ ਮਾਰ ਕੇ ਰੋਇਆ॥ ॥੬੩॥ ਅਤੇ ਜਿਨ੍ਹਾਂ ਮ-
ਨੁੱਖਾਂ ਨੈ ਜਿਸ ਨੂੰ ਫੜਿਆ ਹੋਇਆ ਸੀ ਸੋ ਉਹ ਨੂੰ ਠੱਠਾ ਕਰਨ ਅਤੇ ਮਾਰਨ ਲੱਗੇ॥ ੬੪॥ ਅ-
ਤੇ ਉਨਾਂ ਉਸ ਦੀਆਂ ਅੱਖੀਆਂ ਬੰਨੀਆਂ ਅਤੇ ਇਹ ਕਹਿ ਕੇ ਉਸ ਥੋਂ ਪੁੱਛਿਆ ਜੋ ਅਰੱਗਮ-
ਆਨ ਨਾਲ ਦੱਸ ਭਈ ਤੈ ਨੂੰ ਕਿਹ ਨੈ ਮਾਰਿਆ॥ ੬੫॥ ਅਰ ਉਨਾਂ ਨੈ ਕੁਫਰ ਬਕਦਿਆਂ ਹੋਰ
ਬਹੁਤ ਸਾਰੀਆਂ ਗੱਲਾਂ ਉਹ ਦੇ ਵਿਰੁੱਧ ਆਖੀਆਂ॥ ॥੬੬॥ ਅਤੇ ਜਾਂ ਦਿ-
ਨ ਚੜ੍ਹਿਆ ਤਾਂ ਲੋਕਾਂ ਦੇ ਬੁਜ਼ੁਰਗਾਂ ਦੀ ਪੰਚਾਇਤ ਅਰਥਾਤ ਪਰਧਾਨ ਜਾਜਕ ਅਰ ਰੀਥੀ ਕੱ-
ਰੇ ਹੋ ਕੇ ਉਹ ਨੂੰ ਆਪਣੀ ਮਹਾ ਸਭਾ ਵਿੱਚ ਲੈ ਗਏ ਅਤੇ ਬੋਲੇ ਜੇ ਤੂੰ ਮਸੀਹ ਹੈਂ ਤਾਂ ਸਾ ਨੂੰ ਦੱਸ॥
੬੭॥ ਤਦ ਉਸ ਨੈ ਉਨਾਂ ਨੂੰ ਕਿਹਾ ਜੇ ਮੈਂ ਤੁਹਾ ਨੂੰ ਦੱਸਾਂ ਤੁਸੀਂ ਪਰਤੀਤ ਕਦੇ ਨਾ ਕਰੋਗੇ॥ ੬੮॥
ਅਰ ਜੇ ਮੈਂ ਕੁਛ ਪੁੱਛਾਂ ਤਾਂ ਤੁਸੀਂ ਉੱਤਰ ਕਦੇ ਨਾ ਦੇਓਗੇ॥ ੬੯॥ ਪਰ ਏਦੋਂ ਅੱਗੇ ਮਨੁੱਖ ਦਾ ਪੁ-
ਤ੍ਰ ਪਰਮੇਸੁਰ ਦੀ ਸਕਤਿ ਦੇ ਸੱਜੇ ਹੱਥ ਬਿਰਾਜਮਾਨ ਹੋਊਗਾ॥ ੭੦॥ ਤਦ ਉਨਾਂ ਸਭਨਾਂ ਆ-
ਖਿਆ ਭਲਾ ਫੇਰ ਤੂੰ ਪਰਮੇਸੁਰ ਦਾ ਪੁਤ੍ਰ ਹੈਂ। ਉਸ ਨੈ ਉਨਾਂ ਨੂੰ ਆਖਿਆ ਤੁਸੀਂ ਕਹਿਦੇ ਹੋ ਕਿ ਉ-

Original with:
Language Department Punjab
Digitized by:
Panjab Digital Library

ਜੋ ਮੈਂ ਉਹੋ ਹਾਂ ॥੭੧॥ ਤਦ ਉਨਾਂ ਨੇ ਕਿਹਾ ਹੁਣ ਸਾ ਨੂੰ ਉਗਾਹੀ ਦੀ ਹੋਰ ਕੀ ਲੋੜ ਹੈ ਕਿਉਂ ਜੋ ਅਸਾਂ ਆਪ ਉਹ ਦੇ ਮੂੰਹੋਂ ਸੁਣਿਆ ਹੈ ॥

੨੩ਕਾਂਡ ॥

ਅਰ ਉਨਾਂ ਦੀ ਸਾਰੀ ਸਭਾ ਉੱਠਕੇ ਉਹ ਨੂੰ ਪਿਲਾਤੁਸ ਦੇ ਕੋਲ ਲੈ ਗਈ ॥੨॥ ਅਤੇ ਓਹ ਇਹ ਕਹਿਕੇ ਉਸ ਉੱਤੇ ਦੋਸ਼ ਲਾਉਣ ਲੱਗੇ ਭਈ ਅਸਾਂ ਇਹ ਨੂੰ ਸਾਡੀ ਕੌਮ ਨੂੰ ਭਰਮਾਉਂਦਿਆਂ ਅਤੇ ਕੈਸਰ ਨੂੰ ਮਾਮਲਾ ਦੇਣੋਂ ਮਨੇ ਕਰਦਿਆਂ ਅਤੇ ਆਪਣੇ ਆਪ ਨੂੰ ਮਸੀਹ ਪਾਤਸਾਹ ਕਹਿੰਦਿਆਂ ਡਿੱਠਾ ॥੩॥ ਅਰ ਪਿਲਾਤੁਸ ਨੇ ਉਸ ਥੋਂ ਪੁੱਛਿਆ ਭਲਾ ਯਹੂਦੀਆਂ ਦਾ ਪਾਤਸਾਹ ਤੂੰ ਹੈਂ। ਉਸ ਨੇ ਉਹ ਨੂੰ ਉੱਤਰ ਦਿੱਤਾ ਤੂੰ ਕਹਿੰਦਾ ਹੈਂ ॥੪॥ ਅਤੇ ਪਿਲਾਤੁਸ ਨੇ ਪਰਧਾਨ ਜਾਜਕਾਂ ਅਤੇ ਭੀੜ ਨੂੰ ਆਖਿਆ ਮੈਂ ਇਸ ਮਨੁੱਖ ਵਿੱਚ ਕੋਈ ਦੋਸ਼ ਨਹੀਂ ਵੇਖਦਾ ॥੫॥ ਪਰ ਓਹ ਹੋਰ ਬੀ ਜੋਰ ਲਾਕੇ ਬੋਲੇ ਉਹ ਗਲੀਲ ਥੋਂ ਲੈਕੇ ਐਥੇਂ ਤੋੜੀ ਸਾਰੇ ਯਹੂਦਿਯਾ ਵਿੱਚ ਸਿਖਲਾਉਂਦਾ ਹੋਇਆ ਲੋਕਾਂ ਨੂੰ ਚੁੱਕਦਾ ਹੈ ॥੬॥ ਪਿਲਾਤੁਸ ਨੇ ਇਹ ਸੁਣਕੇ ਪੁੱਛਿਆ ਭਈ ਇਹ ਮਨੁੱਖ ਗਲੀਲੀ ਹੈ ॥੭॥ ਅਤੇ ਜਾਂ ਉਸ ਨੇ ਮਲੂਮ ਕੀਤਾ ਜੋ ਉਹ ਹੇਰੋਦੇਸ ਦੇ ਅਲਾਕੇ ਦਾ ਹੈ ਤਾਂ ਉਹ ਨੂੰ ਹੇਰੋਦੇਸ ਦੇ ਕੋਲ ਜਿਹੜਾ ਆਪ ਉਨੀਂ ਦਿਨੀਂ ਯਰੂਸ਼ਲੀਮ ਵਿੱਚ ਸੀ ਘੱਲਿਆ ॥ ॥੮॥ ਅਤੇ ਹੇਰੋਦੇਸ ਯਿਸੂ ਨੂੰ ਵੇਖਕੇ ਵੜਾ ਅਨੰਦ ਹੋਇਆ ਕਿਉਂ ਜੋ ਉਹ ਚਿਰੋਕਣਾ ਉਸ ਨੂੰ ਵੇਖਣਾ ਚਾਹੁੰਦਾ ਸੀ ਇਸ ਕਰਕੇ ਜੋ ਓਨ ਉਸ ਦੀ ਖਬਰ ਸੁਣੀ ਸੀ ਅਤੇ ਉਹ ਨੂੰ ਆਸ ਸੀ ਜੋ ਉਹ ਦੇ ਹੱਥੋਂ ਕੋਈ ਕਰਾਮਾਤ ਵੇਖੇ ॥੯॥ ਅਰ

Original
Language Department Punjab
Digitized by:
Panjab Digital Library

ਉਸਨੈਉਸਥੋਂ ਬਹੁਤੀਆਂ ਗੱਲਾਂ ਪੁੱਛੀਆਂ ਪਰ ਓਨ ਉਸ ਨੂੰ ਇੱਕ ਦਾ ਬੀ ਜੁਵਾਬ ਨਾ ਦਿੱਤਾ
॥੧੦॥ ਅਤੇ ਪਰਧਾਨ ਜਾਜਕਾਂ ਅਤੇ ਗ੍ਰੰਥੀਆਂ ਨੈ ਖਲੋ ਕੇ ਵੜੇ ਜੋਸ ਨਾਲ ਉਸ ਉੱਤੇ ਦੋਸ ਲਾ-
ਇਆ॥੧੧॥ ਅਤੇ ਹੇਰੋਦੇਸ ਨੈ ਆਪਣੇ ਸਿਪਾਹੀਆਂ ਨਾਲ ਰਲ ਕੇ ਉਹ ਨੂੰ ਬੇਪਤ ਕੀਤਾ ਅ
ਤੇ ਠੱਠਾ ਮਾਰਿਆ ਅਰ ਭੜਕੀਲੀ ਪੁਸਾਕ ਪਹਿਨਾ ਕੇ ਉਹ ਨੂੰ ਪਿਲਾਤੁਸ ਦੇ ਕੋਲ ਮੋੜ ਭੇਜਿਆ
॥੧੨॥ ਅਰ ਉੱਸੇ ਦਿਨ ਹੇਰੋਦੇਸ ਅਰ ਪਿਲਾਤੁਸ ਆਪੋ ਵਿੱਚ ਮਿਤ੍ਰ ਬਣ ਗਏ ਕਿ ਪਹਿਲਾਂ
ਉਨਾਂ ਵਿੱਚ ਵੈਰ ਸੀ॥ ॥੧੩॥ ਅਰ ਪਿਲਾਤੁਸ ਨੈ ਪਰਧਾਨ ਜਾਜਕਾਂ ਅਤੇ ਸਰ-
ਦਾਰਾਂ ਅਤੇ ਲੋਕਾਂ ਨੂੰ ਕੱਠੇ ਬੁਲਾ ਕੇ ਉਨਾਂ ਨੂੰ ਆਖਿਆ॥੧੪॥ ਤੁਸੀਂ ਇਸ ਮਨੁੱਖ ਨੂੰ ਲੋਕਾਂ ਦ
ਭੁਰਮਾਉਣ ਵਾਲਾ ਠਰਾ ਕੇ ਮੇਰੇ ਪਾਸ ਲਿਆਏ ਅਰ ਵੇਖੋ ਮੈਂ ਤੁਹਾਡੇ ਸਾਹਮਣੇ ਪੁੱਛ ਗਿੱਛ
ਕੀਤੀ ਅਤੇ ਜੇਹੜੀਆਂ ਗੱਲਾਂ ਦੀ ਤੁਸਾਂ ਇਸ ਉੱਤੇ ਨਾਲਸ ਕਰੀ ਮੈਂ ਉਨਾਂ ਦੀ ਬਾਬਤ ਇਸ
ਮਨੁੱਖ ਵਿੱਚ ਕੋਈ ਦੋਸ ਨਹੀਂ ਵੇਖਿਆ॥੧੫॥ ਅਤੇ ਨਾ ਹੇਰੋਦੇਸ ਨੈ ਕਿਉਂਕਿ ਓਨ ਉਸ ਨੂੰ
ਸਾਡੇ ਕੋਲ ਮੋੜ ਭੇਜਿਆ ਅਰ ਵੇਖੋ ਉਹ ਦੇ ਕੋਲੋਂ ਕਤਲ ਦੇ ਲਾਇਕ ਕੋਈ ਔਗੁਣ ਨਹੀਂ ਹੋ
ਇਆ॥੧੬॥ ਇਸ ਲਈ ਮੈਂ ਉਹ ਨੂੰ ਕੋਰੜੇ ਮਾਰ ਕੇ ਛੱਡ ਦਿਆਂਗਾ॥੧੮॥ ਤਦ ਉਨਾਂ ਸ-
ਭਨਾਂ ਰਲ ਕੇ ਡੰਡ ਪਾਈ ਅਤੇ ਆਖਿਆ ਕਿ ਮਾਰ ਦਿਹ ਇਸ ਨੂੰ ਅਰ ਬਰੱਬਾਸ ਨੂੰ ਸਾਡੇ ਵ
ਸਤੇ ਛੱਡ ਦਿਹ॥੧੯॥ ਜੋ ਕਿਸੇ ਪਸਾਦ ਦੇ ਸਬੱਬ ਜੋ ਸਹਿਰ ਵਿੱਚ ਹੋਇਆ ਸੀ ਅਤੇ ਖੂ-
ਨ ਦੇ ਕਾਰਨ ਕੈਦ ਵਿੱਚ ਪਿਆ ਸੀ॥੨੦॥ ਤਾਂ ਪਿਲਾਤੁਸ ਨੈ ਉਨਾਂ ਨੂੰ ਫੇਰ ਸਮਝਾਇਆ ਕਿ

Original with:
Language Department Punjab
Digitized by:
Panjab Digital Library

ਉਜੋ ਉਹ ਯਿਸੂ ਨੂੰ ਛੁਡਾਉਣਾ ਚਾਹੁੰਦਾ ਸੀ ॥੨੧॥ ਪਰ ਓਹ ਹੋਰ ਬੀ ਸੰਘ ਪਾੜਕੇ ਬੋਲੇ ਕਿ ਉਹ
ਨੂੰ ਸਲੀਬ ਚੜ੍ਹਾ ਦਿਹ ਸਲੀਬ ਚੜ੍ਹਾ ਦਿਹ ॥੨੨॥ ਅਤੇ ਉਸ ਨੈ ਤੀਜੀ ਵਾਰ ਉਨਾਂ ਨੂੰ ਆਖਿਆ
ਕਿਉਂ ਇਸ ਨੈ ਕੀ ਬੁਰਿਆਈ ਕੀਤੀ। ਮੈਂ ਇਹ ਦੇ ਵਿੱਚ ਕਤਲ ਦੇ ਲਾਇਕ ਕੋਈ ਦੋਸ ਨਹੀਂ ਵੇ-
ਖਿਆ ਇਸ ਲਈ ਮੈਂ ਇਹ ਨੂੰ ਕੋਰੜੇ ਮਾਰਕੇ ਛੱਡ ਦਿਆਂਗਾ ॥੨੩॥ ਪਰ ਓਹ ਉੱਚਾ ਰੌਲਾ
ਪਾਕੇ ਉਹ ਦੇ ਗਲ ਪੈ ਗਏ ਅਤੇ ਇਹੋ ਮੰਗਦੇ ਰਹੇ ਜੋ ਉਹ ਸਲੀਬ ਉੱਤੇ ਚੜ੍ਹਾਇਆ ਜਾਵੇ ਅ-
ਤੇ ਉਨਾਂ ਦੀਆਂ ਅਵਾਜਾਂ ਪਰਬਲ ਪੈ ਗਈਆਂ ॥੨੪॥ ਅਰ ਪਿਲਾਤੁਸ ਨੈ ਹੁਕਮ ਕੀਤਾ ਜੋ
ਉਨਾਂ ਦੀ ਅਰਜ ਦੇ ਅਨੁਸਾਰ ਹੋਵੇ ॥੨੫॥ ਅਤੇ ਉਸ ਨੂੰ ਜਿਹੜਾ ਪਸਾਦ ਅਰ ਖੂਨ ਦੇ ਕਾਰ
ਨ ਕੈਦ ਹੋਇਆ ਸੀ ਜਿਹ ਨੂੰ ਓਹ ਚਾਹੁੰਦੇ ਸਨ ਛੱਡ ਦਿੱਤਾ ਪਰ ਯਿਸੂ ਨੂੰ ਉਨਾਂ ਦੀ ਮਰਜੀ ਉੱਤੇ
ਹਵਾਲੇ ਕੀਤਾ ॥ ॥੨੬॥ ਅਤੇ ਜਾਂ ਉਸ ਨੂੰ ਲਈ ਜਾਂਦੇ ਸਨ ਤਾਂ ਸਮਊਨ ਇੱਕ ਕੁਰੇ-
ਨੀ ਮਨੁੱਖ ਪਿੰਡੋਂ ਆਉਂਦੇ ਨੂੰ ਫੜਕੇ ਉਸ ਉੱਤੇ ਸਲੀਬ ਧਰੀ ਭਈ ਯਿਸੂ ਦੇ ਮਗਾਰ ਲੈ ਚੱਲੇ ॥
॥੨੭॥ ਅਤੇ ਲੋਕਾਂ ਦੀ ਵਡੀ ਭੀੜ ਉਹ ਦੇ ਪਿੱਛੇ ਗਈ ਨਾਲੇ ਬਹੁਤ ਸਾਰੀਆਂ
ਤੀਮੀਆਂ ਜੋ ਹੜੀਆਂ ਉਹ ਦੇ ਲਈ ਪਿੱਟਦੀਆਂ ਅਤੇ ਰੋਂਦੀਆਂ ਸੀਆਂ ॥੨੮॥ ਪਰ ਯਿਸੂ ਉ-
ਨਾਂ ਦੀ ਵਲ ਪਿੱਛਾਂ ਭੌਂਕੇ ਬੋਲਿਆ ਹੇ ਯਰੂਸਲੀਮ ਦੀਓ ਧੀਓ ਮੇ ਨੂੰ ਨਾ ਰੋਵੋ ਬਲਕ ਆਪ
ਨੂੰ ਅਤੇ ਆਪਣਿਆਂ ਬੱਚਿਆਂ ਨੂੰ ਰੋਵੋ ॥੨੯॥ ਕਿਉਂਕਿ ਵੇਖੋ ਓਹ ਦਿਨ ਆਉਂਦੇ ਹਨ ਜਿਨਾਂ
ਵਿੱਚ ਆਖਣਗੇ ਭਈ ਧੰਨ ਹਨ ਬਾਂਝਾਂ ਅਤੇ ਓਹ ਕੁੱਖਾਂ ਜਿਨਾਂ ਨਹੀਂ ਜਣਿਆ ਅਤੇ ਓਹ ਮੁੰ-

Original with:
Language Department Punjab
Digitized by:
Panjab Digital Library

ਮੇ ਜਿਨਾਂ ਦੁੱਧ ਨਹੀਂ ਚੁੰਘਾਇਆ ॥੨੯॥ ਤਦ ਪਹਾੜਾਂ ਨੂੰ ਕਹਿਣ ਲੱਗਣ ਲਗੇ ਕਿ ਸਾਡੇ ਉੱਤੇ
ਡਿਗ ਪਓ ਅਤੇ ਟਿੱਬਿਆਂ ਨੂੰ ਭੁਈ ਸਾ ਨੂੰ ਲੁਕਾ ਲਓ ॥੩੦॥ ਕਿਉਂਕਿ ਜਾਂ ਹਰੇ ਰੁੱਖ ਨਾਲ ਇਹ
ਕਰਦੇ ਹਨ ਤਾਂ ਸੁੱਕੇ ਨਾਲ ਕੀ ਨਾ ਹੋਊਗਾ ॥ ॥੩੧॥ ਅਤੇ ਹੋਰ ਦੋਹਾਂ ਨੂੰ ਬੀ ਜੋ ਬੁ-
ਰਿਆਰ ਸਨ ਉਹ ਦੇ ਸੰਗ ਮਾਰਨ ਨੂੰ ਲਈ ਜਾਂਦੇ ਸਨ ॥ ॥੩੨॥ ਅਤੇ ਜਾਂ ਉਸ ਥ
ਉਂ ਪਹੁੰਚੇ ਜੋ ਕਲਵਰੀ ਕਹਾਉਂਦੀ ਹੈ ਤਾਂ ਉਹ ਨੂੰ ਓਥੇ ਸਲੀਬ ਪੁਰ ਚੜ੍ਹਾਇਆ ਅਤੇ ਉਨਾਂ ਬੁਰਿ
ਆਰਾਂ ਨੂੰ ਬੀ ਇੱਕ ਸੱਜੇ ਅਤੇ ਦੂਆ ਖੱਬੇ ॥੩੩॥ ਤਦ ਯਿਸੂ ਨੇ ਆਖਿਆ ਹੇ ਪਿਤਾ ਉਨਾਂ ਨੂੰ ਮਾ-
ਫ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ। ਅਤੇ ਉਨਾਂ ਉਸ ਦੇ ਕੱਪੜੇ ਵੰਡ ਕੇ ਗੁਟੇ ਪਾ-
ਏ ॥੩੪॥ ਅਰ ਲੋਕ ਖਲੋਤੇ ਵੇਖ ਰਹੇ ਸਨ। ਅਤੇ ਸਰਦਾਰ ਬੀ ਮਖੌਲ ਨਾਲ ਕਹਿਣ ਲੱਗੇ ਭਈ
ਇਹ ਨੇ ਹੋਰਨਾਂ ਨੂੰ ਬਚਾਇਆ। ਜੇ ਕਰ ਇਹ ਪਰਮੇਸ਼ੁਰ ਦਾ ਮਸੀਹ ਅਤੇ ਉਹ ਦਾ ਚੁਣਿਆ ਹੋਇ-
ਆ ਹੈ ਤਾਂ ਆਪਣੇ ਆਪ ਨੂੰ ਬਚਾ ਲਵੇ ॥੩੬॥ ਅਰ ਸਿਪਾਹੀਆਂ ਨੇ ਬੀ ਉਸ ਨਾਲ ਠੱਠਾ ਕੀ-
ਤਾ ਅਤੇ ਨੇੜੇ ਆਣ ਕੇ ਉਹ ਨੂੰ ਸਿਰਕਾ ਦਿੱਤਾ ਅਤੇ ਕਿਹਾ ॥੩੭॥ ਜੇ ਤੂੰ ਯਹੂਦੀਆਂ ਦਾ ਪਾਤਸ
ਹ ਹੈਂ ਤਾਂ ਆਪਣੇ ਆਪ ਨੂੰ ਬਚਾ ਲੈ ॥੩੮॥ ਅਰ ਉਹ ਦੇ ਉਤਾਹਾਂ ਇਹ ਲਿਖਤ ਬੀ ਲਾਈ ਹੋਈ
ਸੀ ਜੋ ਇਹ ਯਹੂਦੀਆਂ ਦਾ ਪਾਤਸਾਹ ਹੈ ॥ ॥੩੯॥ ਅਤੇ ਉਨਾਂ ਬੁਰਿਆਰਾਂ ਵਿੱਚੋਂ
ਜੋ ਟੰਗੇ ਹੋਏ ਸਨ ਇੱਕ ਨੇ ਇਹ ਕਹਿ ਕੇ ਉਸ ਨੂੰ ਮਿਹਣਾ ਮਾਰਿਆ ਕਿ ਭਲਾ ਤੂੰ ਮਸੀਹ ਨਹੀਂ
ਹੈਂ ਤਾਂ ਆਪਣੇ ਆਪ ਨੂੰ ਅਤੇ ਸਾ ਨੂੰ ਬੀ ਬਚਾ ॥੪੦॥ ਪਰ ਦੂਏ ਨੇ ਅੱਗੋਂ ਉਸ ਨੂੰ ਝਿੜਕ ਕੇ ਆ-

Original with:
Language Department Punjab
Digitized by:
Panjab Digital Library

ਖਿਆ ਕੀ ਤੂੰ ਆਪ ਇਸ ਕਸ਼ਟ ਵਿੱਚ ਪਿਆ ਹੋਇਆ ਪਰਮੇਸ਼ੁਰ ਕੋਲੋਂ ਨਹੀਂ ਡਰਦਾ ॥੪੧॥ ਅਰ ਅਸੀਂ ਤਾਂ ਨਿਆਉਂ ਨਾਲ ਕਿਉ ਜੋ ਅਸੀਂ ਆਪਣੀ ਕਰਨੀ ਦਾ ਫਲ ਭੋਗਦੇ ਹਾਂ ਪਰ ਉਹ ਨੈ ਕੋਈ ਔਗੁਣ ਨਹੀਂ ਕੀਤਾ ॥੪੨॥ ਅਤੇ ਉਹ ਨੈ ਆਖਿਆ ਹੇ ਯਿਸੂ ਜਾਂ ਤੂੰ ਆਪਣੇ ਰਾਜ ਵਿੱਚ ਆਵੇਂ ਤਾਂ ਮੈ ਨੂੰ ਚੇਤੇ ਕਰੀਂ ॥੪੩॥ ਅਤੇ ਉਸ ਨੈ ਉਹ ਨੂੰ ਕਿਹਾ ਮੈਂ ਤੈ ਨੂੰ ਸੱਤ ਆਖਦਾ ਹਾਂ ਭਈ ਅੱਜ ਤੂੰ ਮੇਰੇ ਸੰਗ ਫਿਰਦੌਸ ਵਿੱਚ ਹੋਵੇਂਗਾ ॥ ॥੪੪॥ ਅਤੇ ਹੁਣ ਦੋ ਕੁ ਪਹਿਰ ਹੋ ਗਏ ਸਨ ਅਰ ਸਾਰੀ ਧਰਤੀ ਉੱਤੇ ਤੀਏ ਪਹਿਰ ਤੀਕੁਰ ਅਨੇਰਾ ਰਿਹਾ ॥੪੫॥ ਅਤੇ ਸੂਰਜ ਦੀ ਜੋਤ ਮੰਦ ਹੋ ਗਈ ਅਤੇ ਮੰਦਰ ਦਾ ਪੜਦਾ ਵਿਚਕੋਂ ਪਾਟ ਗਿਆ ॥੪੬॥ ਅਰ ਜਾਂ ਯਿਸੂ ਉੱਚੀ ਅਵਾਜ ਨਾਲ ਚਿੱਲਾਇਆ ਸੀ ਤਾਂ ਇਹ ਕਿਹਾ ਕਿ ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ। ਅਤੇ ਇਹ ਕਹਿਕੇ ਸਾਹ ਛੱਡ ਦਿੱਤਾ ॥੪੭॥ ਅਤੇ ਸੂਬੇਦਾਰ ਨੈ ਇਹ ਵਿਥਿਆ ਵੇਖਕੇ ਪਰਮੇਸ਼ੁਰ ਦੀ ਵਡਿਆਈ ਕੀਤੀ ਅਤੇ ਬੋਲਿਆ ਸੱਚੀ ਮੁੱਚੀ ਇਹ ਧਰਮੀ ਪੁਰਖ ਸੀ ॥੪੮॥ ਅਤੇ ਸਭ ਲੋਕ ਜੇਹੜੇ ਇਹ ਹਵਾਲ ਵੇਖਣ ਨੂੰ ਕੱਠੇ ਆਏ ਸਨ ਇਹ ਸਾਰੀ ਵਾਰਤਾ ਵੇਖਕੇ ਹਿੱਕਾਂ ਪਿੱਟਦੇ ਮੁੜੇ ॥੪੯॥ ਅਰ ਉਹ ਦੇ ਸਰਬੱਤ ਜਾਣੂ ਪਛਾਣੂ ਅਤੇ ਓਹ ਤੀਮੀਆਂ ਜੇਹੜੀਆਂ ਗਾਲੀਲ ਥੋਂ ਉਹ ਦੇ ਨਾਲ ਆਈਆਂ ਸੀਆਂ ਦੂਰੋਂ ਖਲੋਕੇ ਇਹ ਹਾਲ ਵੇਖ ਰਹੀਆਂ ਸਨ ॥ ॥੫੦॥ ਅਤੇ ਵੇਖੋ ਯੂਸੁਫ ਨਾਉਂ ਦਾ ਇੱਕ ਮਨੁੱਖ ਜੋ ਸਲਾਹਕਾਰ ਅਰ ਭਲਾ ਅਤੇ ਧਰਮੀ ਲੋਕ ਸੀ ॥੫੧॥ ਅਤੇ ਉਨਾਂ ਦੀ ਮੱਤ ਅਰ ਕਰਮ ਵਿੱਚ

Original with:
Language Department Punjab
Digitized by:
Panjab Digital Library

ਨਹੀਂਸੀ ਰਖਿਆ ਸੋ ਯਹੂਦੀਆਂ ਦੇ ਨਗਾਰ ਅਰਿਮਥੈਆ ਦਾ ਸੀ ਅਰ ਪਰਮੇਸੁਰ ਦੇ ਰ
ਜ ਦੀ ਉਡੀਕ ਵਿੱਚ ਹੈਸੀ ॥ ਪਰ ॥ ਉਹ ਨੈ ਪਿਲਾਤੁਸ ਦੇ ਕੋਲ ਜਾਕੇ ਯਿਸੂ ਦੀ ਲੋਥ ਮੰਗੀ ॥
੫੩ ॥ ਅਤੇ ਉਸ ਨੂੰ ਉਤਾਰਿਆ ਅਤੇ ਮਹੀਨ ਕੱਪੜੇ ਵਿੱਚ ਵਲੇਟਕੇ ਉਹ ਨੂੰ ਇੱਕ ਕਬਰ ਦੇ
ਅੰਦਰ ਰੱਖਿਆ ਜਿਹੜੀ ਪੱਥਰ ਵਿੱਚ ਖੋਦੀ ਹੋਈ ਸੀ ਜਿੱਥੇ ਕਦੇ ਕੋਈ ਨਹੀਂ ਸੀ ਪਿਆ ॥ ੫੪
॥ ਅਰ ਉਹ ਤਿਆਰੀ ਦਾ ਦਿਨ ਸੀ ਅਤੇ ਸਬਤ ਦਾ ਦਿਨ ਨੇੜੇ ਆ ਪਹੁੰਚਿਆ ॥ ੫੫ ॥ ਅ
ਤੇ ਉਹ ਤੀਮੀਆਂ ਜੋ ਹੜੀਆਂ ਗਲੀਲ ਥੋਂ ਉਹ ਦੇ ਨਾਲ ਆਈਆਂ ਸੀਆਂ ਉਨਾਂ ਬੀ ਮਗਾਰ
ਮਗਾਰ ਜਾਕੇ ਕਬਰ ਨੂੰ ਵੇਖਿਆ ਅਤੇ ਨਾਲੇ ਇਹ ਕਿ ਉਹ ਦੀ ਲੋਥ ਕਿੱਕੁਰ ਰੱਖੀ ਗਈ ਸੀ ॥
੫੬ ॥ ਤਦ ਉਨਾਂ ਮੁੜਕੇ ਸੁਗੰਧਾਂ ਅਤੇ ਅਤਰ ਤਿਆਰ ਕੀਤਾ ॥ ਅਤੇ ਸਬਤ ਦੇ ਦਿਨ ਉਨਾਂ ਨੈ ਹੁ-
ਕਮ ਮੂਜਬ ਅਰਾਮ ਕਰਿਆ ॥

੨੪ ਕਾਂਡ ॥ ਪਰ ਹਫਤੇ ਦੇ ਪਹਿਲੇ ਦਿਨ ਅਮਰਤ ਵੇਲੇ ਓਹ ਉਨਾਂ ਸੁਗੰਧਾਂ ਨੂੰ ਜੋ ਹੜੀ-
ਆਂ ਤਿਆਰ ਕੀਤੀਆਂ ਸੀਆਂ ਲੈਕੇ ਕਬਰ ਪੁਰ ਆਈਆਂ ॥ ੨ ॥ ਅਤੇ ਉ-
ਨਾਂ ਨੈ ਪੱਥਰ ਨੂੰ ਕਬਰੋਂ ਲਾਂਭੇ ਰਿੜਿਆ ਪਿਆ ਹੋਇਆ ਡਿੱਠਾ ॥ ੩ ॥ ਅਤੇ ਅੰਦਰ ਜਾਕੇ ਪ੍ਰਭੂ
ਯਿਸੂ ਦੀ ਲੋਥ ਨਾ ਪਾਈ ॥ ੪ ॥ ਅਰ ਐਉਂ ਹੋਇਆ ਕਿ ਜਾਂ ਓਹ ਇਸ ਦੇ ਕਾਰਨ ਦੁਬਧਾ ਵਿੱਚ
ਪਈਆਂ ਤਾਂ ਵੇਖੋ ਦੋ ਪੁਰਸ ਚਮਕੀਲੀ ਪੁਸਾਕ ਪਹਿਨੀ ਉਨਾਂ ਦੇ ਕੋਲ ਆ ਖਲੋਤੇ ॥ ੫ ॥ ਅਰ
ਜਾਂ ਓਹ ਡਰਦੀਆਂ ਅਤੇ ਆਪਣੇ ਸਿਰ ਜਮੀਨ ਦੀ ਵਲ ਝੁਕਾਉਂਦੀਆਂ ਸੀਆਂ ਤਾਂ ਉਨਾਂ ਤਿਨ

Original with:
Language Department Punjab
Digitized by:
Panjab Digital Library

ਨੂੰ ਆਖਿਆ ਭਈ ਤੁਸੀਂ ਜੀਉਂਦੇ ਨੂੰ ਮੋਇਆਂ ਵਿੱਚ ਕਿਉਂ ਭਾਲਦੀਆਂ ਹੋ॥੬॥ ਉਹ ਐੱਥੇ ਹੈ
ਨਹੀਂ ਬਲਕ ਜੀ ਉੱਠਿਆ ਹੈ। ਚੇਤੇ ਕਰੋ ਕਿ ਗਲੀਲ ਵਿੱਚ ਹੁੰਦਿਆਂ ਉਸ ਨੇ ਤੁਹਾ ਨੂੰ ਕਿੱਕੁਰ
ਕਿਹਾ ਸੀ॥੭॥ ਭਈ ਮਨੁੱਖ ਦੇ ਪੁਤ੍ਰ ਨੂੰ ਪਾਪੀ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਣਾ ਅਤੇ ਸਲੀ-
ਬ ਉੱਤੇ ਚੜ੍ਹਾਇਆ ਜਾਣਾ ਅਰ ਤੀਏ ਦਿਨ ਜੀ ਉੱਠਣਾ ਜਰੂਰ ਹੈ॥੮॥ ਅਤੇ ਉਸ ਦੀਆਂ ਗੱਲ ੦
ਉਨਾਂ ਨੂੰ ਚੇਤੇ ਆਈਆਂ॥ ੯॥ ਅਤੇ ਕਬਰ ਥੋਂ ਮੁੜਕੇ ਤਿਨਾਂ ਨੇ ਏਹ ਸਾਰੀਆਂ ਗੱਲਾਂ ਉਨਾਂ ਗਿ-
ਆਰਾਂ ਅਤੇ ਹੋਰਨਾਂ ਸਭਨਾਂ ਨੂੰ ਦੱਸ ਦਿੱਤੀਆਂ॥੧੦॥ ਸੋ ਮਰਿਯਮ ਮਗਦਲੀਨੀ ਅਤੇ ਯੋਅ ੦
ਨਾ ਅਤੇ ਯਾਕੂਬ ਦੀ ਮਾਂ ਮਰਿਯਮ ਸੀਆਂ ਅਰ ਉਨਾਂ ਦੇ ਨਾਲ ਦੀਆਂ ਹੋਰ ਤੀਮੀਆਂ ਨੇ ਰਸੂ-
ਲਾਂ ਨੂੰ ਏਹ ਗੱਲਾਂ ਕਹੀਆਂ॥੧੧॥ ਅਤੇ ਏਹ ਬਾਤਾਂ ਉਨਾਂ ਨੂੰ ਕਹਾਣੀਆਂ ਜੇਹੀਆਂ ਮਲੂਮ
ਹੋਈਆਂ ਅਤੇ ਉਨੀਂ ਤਿਨਾਂ ਦਾ ਸੱਤ ਨਾ ਮੰਨਿਆ॥੧੨॥ ਪਰ ਪਤਰਸ ਉੱਠਕੇ ਕਬਰ ਵੱ-
ਲ ਭੱਜਿਆ ਅਤੇ ਝੁਕਕੇ ਨਿਰੇ ਓਹ ਕੱਪੜੇ ਡਿੱਠੇ ਅਰ ਇਸ ਵਾਰਤਾ ਪੁਰ ਅਚਰਜ ਕਰਦਾ
ਹੋਇਆ ਆਪਣੇ ਘਰ ਚੱਲਿਆ ਗਿਆ॥ ॥੧੩॥ ਅਤੇ ਵੇਖੋ ਓਸੇ ਦਿਨ ਉਨਾਂ
ਵਿੱਚੋਂ ਦੋ ਜਣੇ ਇੱਮਊਸ ਨਾਉਂ ਦੇ ਇੱਕ ਪਿੰਡ ਨੂੰ ਜਾਂਦੇ ਸਨ ਜਿਹੜਾ ਯਰੂਸਲੀਮ ਥੋਂ ਪੰਜ ਕੋਹ ੦
ਟ ਹੋਊ॥੧੪॥ ਸੋ ਉਨਾਂ ਸਭਨਾਂ ਗੱਲਾਂ ਦੀ ਬਾਬਤ ਜੋ ਬੀਤੀਆਂ ਸੀਆਂ ਆਪੋ ਵਿੱਚ ਗੱਲ ਬਾ-
ਤ ਕਰਦੇ ਸਨ॥੧੫॥ ਅਤੇ ਐਉਂ ਹੋਇਆ ਕਿ ਜਾਂ ਓਹ ਗੱਲ ਬਾਤ ਅਰ ਚਰਚਾ ਕਰਦੇ ਸਨ
ਤਾਂ ਯਿਸੂ ਆਪ ਨੇੜੇ ਆਣਕੇ ਉਨਾਂ ਦੇ ਨਾਲ ਤੁਰਿਆ॥੧੬॥ ਪਰ ਉਨਾਂ ਦੇ ਨੇਤ੍ਰਾਂ ਉੱਤੇ ਪੜਦਾ

Original with:
Language Department Punjab
Digitized by:
Panjab Digital Library

ਪੈਰਿਆ ਭਈ ਉਹ ਨੂੰ ਨਾ ਸਿਆਣਨ ॥੧੭॥ ਅਤੇ ਉਸ ਨੇ ਉਨਾਂ ਨੂੰ ਆਖਿਆ ਕਿ ਤੁਸੀਂ ਤੁ-
ਰੇ ਜਾਂਦੇ ਏਹ ਕੀ ਗੱਲਾਂ ਆਪੋ ਵਿੱਚ ਕਰਦੇ ਹੋ। ਅਤੇ ਓਹ ਉਦਾਸ ਹੋ ਖਲੋ ਗਾਏ ॥੧੮॥ ਤਦ
ਕਲਿਉਪਸ ਨਾਉਂ ਦੇ ਇੱਕ ਨੇ ਉਹ ਨੂੰ ਉੱਤਰ ਦਿੱਤਾ ਕਿਆ ਤੂੰ ਏਂ ਕੱਲਾ ਯਰੂਸਲੀਮ ਵਿੱਚ ਓ
ਪਰਾਹੁੰ ਅਤੇ ਅੱਜ ਕੱਲ ਜੇਹੜੀਆਂ ਵਾਰਤਾਂ ਉਸ ਵਿੱਚ ਬੀਤੀਆਂ ਹਨ ਨਹੀਂ ਜਾਣਦਾ ਹੈਂ ॥
੧੯॥ ਅਤੇ ਉਸ ਨੇ ਉਨਾਂ ਨੂੰ ਕਿਹਾ ਕੇਹੜੀਆਂ ਵਾਰਤਾਂ। ਤਾਂ ਉਨਾਂ ਉਸ ਨੂੰ ਆਖਿਆ ਯਿਸੂ ਨ
ਸਰੀ ਦੀ ਬਾਬਤ ਜੇਹੜਾ ਪਿਕੰਬਰ ਅਰ ਨਾਲੇ ਪਰਮੇਸੁਰ ਅਤੇ ਸਾਰੇ ਲੋਕਾਂ ਦੇ ਅੱਗੇ ਕਰ-
ਨੀ ਅਤੇ ਬਚਨ ਵਿੱਚ ਸਮਰੱਥ ਸੀ ॥੨੦॥ ਅਰ ਕਿਸ ਤਰਾਂ ਪਰਧਾਨ ਜਾਜਕਾਂ ਅਤੇ ਸਾਡੇ
ਸਰਦਾਰਾਂ ਨੇ ਉਹ ਨੂੰ ਕਤਲ ਦੇ ਲਈ ਹਵਾਲੇ ਕੀਤਾ ਅਤੇ ਉਸ ਨੂੰ ਸਲੀਬ ਉੱਤੇ ਚੜਾਇਆ
॥੨੧॥ ਪਰ ਸਾਨੂੰ ਇਹ ਆਸ ਸੀ ਭਈ ਇਹ ਉਹੋ ਹੈ ਜੋ ਇਸਰਾਈਲ ਦਾ ਨਿਸਤਾਰਾ ਕਰੂ
॥ ਅਰ ਇਨਾਂ ਸਭਨਾਂ ਗੱਲਾਂ ਥੋਂ ਬਾਝ ਐਸ ਮਾਜਰੇ ਬੀਤੇ ਨੂੰ ਅੱਜ ਤੀਜਾ ਦਿਨ ਹੋ ਰਿਆ ਹੈ
॥੨੨॥ ਪਰ ਸਾਡੇ ਵਿੱਚੋਂ ਕਈਆਂ ਤੀਮੀਆਂ ਨੇ ਬੀ ਸਾਨੂੰ ਹੈਰਾਨ ਕਰ ਛੱਡਿਆ ਹੈ ਕਿ ਓਹ
ਤੜਕੇ ਕਬਰ ਪੁਰ ਗਈਆਂ ॥੨੩॥ ਅਤੇ ਜਾਂ ਉਹ ਦੀ ਲੋਥ ਨਾ ਪਾਈ ਤਾਂ ਇਹ ਆਖ-
ਦੀਆਂ ਆਈਆਂ ਜੋ ਸਾਨੂੰ ਦੂਤਾਂ ਦਾ ਦਰਸਣ ਬੀ ਹੋਇਆ ਜਿਨਾਂ ਆਖਿਆ ਭਈ ਉ-
ਹ ਜੀਉਂਦਾ ਹੈ ॥੨੪॥ ਅਤੇ ਸਾਡੇ ਨਾਲਦਿਆਂ ਵਿੱਚੋਂ ਕਈ ਕੁ ਕਬਰ ਉੱਤੇ ਗਏ ਅਰ ਜਿ-
ਹੋ ਜਿਹਾ ਤੀਮੀਆਂ ਨੇ ਕਿਹਾ ਸੀ ਤਿਹੋ ਜਿਹਾ ਪਾਇਆ ਪਰ ਉਹ ਨੂੰ ਨਾ ਡਿੱਠਾ ॥੨੫॥ ਅਤੇ

Original with:
Language Department Punjab
Digitized by:
Panjab Digital Library

ਉਸ ਨੈ ਉਨਾਂ ਨੂੰ ਕਿਹਾ ਹੇ ਬੇਸਮਝੋ ਅਰ ਪਿਰੰਬਰਾਂ ਦਿਆਂ ਸਾਰਿਆਂ ਬਚਨਾਂ ਉੱਤੇ ਪਰ-
ਤੀਤ ਕਰਨ ਵਿੱਚ ਢਿੱਲਿਓ ॥ ੨੬ ॥ ਕਿਆ ਮਸੀਹ ਨੂੰ ਉਚਿਤ ਨਾ ਸੀ ਜੋ ਏਹ ਕਸਟ ਭੋਗ-
ਕੇ ਆਪਣੇ ਤੇਜ ਵਿੱਚ ਪ੍ਰਵੇਸ ਕਰੇ ॥ ੨੭ ॥ ਅਤੇ ਮੂਸਾ ਅਰ ਸਭਨਾਂ ਪਿਰੰਬਰਾਂ ਥੋਂ ਲਾਕੇ
ਉਸ ਨੈ ਤਿਨਾਂ ਨੂੰ ਉਨਾਂ ਗੱਲਾਂ ਦਾ ਅਰਥ ਦੱਸਿਆ ਜੋ ਹੜੀਆਂ ਸਭਨਾਂ ਪੁਸਤਕਾਂ ਵਿੱਚ
ਉਹ ਦੀ ਬਾਬਤ ਲਿਖੀਆਂ ਹੋਈਆਂ ਸੀਆਂ ॥ ੨੮ ॥ ਅਤੇ ਉਹ ਪਿੰਡ ਨੇੜੇ ਆਇਆ
ਜਿੱਥੇ ਜਾਂਦੇ ਸਨ ਅਰ ਉਸ ਨੈ ਅੱਗੇ ਵਧਣ ਨੂੰ ਕੀਤਾ ॥ ੨੯ ॥ ਅਤੇ ਉਨਾਂ ਉਸ ਨੂੰ ਅਟਕ ੦
ਕੇ ਆਖਿਆ ਕਿ ਸਾਡੇ ਨਾਲ ਰਹੁ ਕਿਉਂ ਜੋ ਸੰਝ ਪੈ ਗਈ ਅਤੇ ਹੁਣ ਦਿਨ ਲਹਿ ਚੱਲਿਆ ੦
ਹੈ। ਅਰ ਉਹ ਉਨਾਂ ਦੇ ਸੰਗ ਟਿਕਣ ਨੂੰ ਅੰਦਰ ਗਿਆ ॥ ੩ੰ ॥ ਅਤੇ ਐਉਂ ਹੋਇਆ ਕਿ ਜ ੦
ਉਹ ਉਨਾਂ ਦੇ ਨਾਲ ਪ੍ਰਸਾਦ ਛਕਣ ਨੂੰ ਬੈਠਾ ਤਾਂ ਉਸ ਨੈ ਰੋਟੀ ਲੈਕੇ ਬਰਕਤ ਦਿੱਤੀ ਅਤੇ ਤੋ-
ੜ੍ਹਕੇ ਉਨਾਂ ਨੂੰ ਫੜਾਈ ॥ ੩੧ ॥ ਤਦ ਉਨਾਂ ਦੇ ਨੇਤ੍ਰ ਖੁਲ ਗਏ ਅਤੇ ਉਨਾਂ ਉਸ ਨੂੰ ਸਿਆਣ
ਲਿਆ ਅਰ ਉਹ ਉਨਾਂ ਥੋਂ ਅਲੋਪ ਹੋ ਗਿਆ ॥ ੩੨ ॥ ਅਤੇ ਓਹ ਇੱਕ ਦੂਏ ਨੂੰ ਆਖਣ ਲੱ-
ਗੇ ਭਈ ਜਾਂ ਉਹ ਰਾਹ ਵਿੱਚ ਸਾਡੇ ਨਾਲ ਗੱਲਾਂ ਕਰਦਾ ਅਤੇ ਸਾਡੇ ਵਾਸਤੇ ਪੁਸਤਕਾਂ ਦਾ ਅ-
ਰਥ ਖੋਲਦਾ ਸੀ ਤਾਂ ਕੀ ਸਾਡਾ ਦਿਲ ਸਾਡੇ ਅੰਦਰੋਂ ਨਹੀਂ ਸੀ ਤਪਦਾ ॥ ੩੩ ॥ ਅਤੇ ਓਹ ਉਸੇ
ਘੜੀ ਉੱਠਕੇ ਯਰੂਸਲੀਮ ਨੂੰ ਮੁੜੇ ਅਤੇ ਗਿਆਰਾਂ ਸਿੱਖਾਂ ਅਰ ਉਨਾਂ ਦੇ ਨਾਲ ਦਿਆਂ ਨੂੰ ਕੱ-
ਠੇ ਪਾਇਆ ॥ ੩੪ ॥ ਜੋ ਹੜੇ ਕਹਿੰਦੇ ਸਨ ਕਿ ਪ੍ਰਭੁ ਸੱਚੀ ਮੁੱਚੀ ਉੱਠਿਆ ਅਰ ਸਮਊਨ ਨੂੰ ਦਿ-

Original w
Language Department Punjab
Digitized by:
Panjab Digital Library

ਖਾਈ ਦਿੱਤਾ॥੩੫॥ ਅਤੇ ਉਨਾਂ ਨੇ ਸੁਣਾਇਆ ਭਈ ਰਾਹ ਵਿੱਚ ਕੀ ਕੁਛ ਹੋਇਆ ਅ-
ਤੇ ਰੋਟੀ ਤੋੜਨ ਵਿੱਚ ਅਸਾਂ ਉਹ ਨੂੰ ਕਿੱਕੁਰ ਸਿਆਤਾ॥ ॥੩੬॥ ਓਹ ਅਜੇ ਏਹ
ਗੱਲਾਂ ਕਰਦੇ ਹੀ ਸਨ ਕਿ ਉਹ ਆਪ ਉਨਾਂ ਦੇ ਵਿੱਚ ਆ ਖਲੋਤਾ ਅਤੇ ਉਨਾਂ ਨੂੰ ਆਖਿਆ
ਤੁਹਾ ਨੂੰ ਸਲਾਮ॥੩੭॥ ਪਰ ਓਹ ਬਿਆਕੁਲ ਹੋਕੇ ਡਰ ਗਏ ਅਤੇ ਇਹ ਸਮਝੇ ਭਈ ਅਸੀ
ਭੂਤ ਨੂੰ ਵੇਖਦੇ ਹਾਂ॥੩੮॥ ਅਰ ਉਸ ਨੇ ਉਨਾਂ ਨੂੰ ਕਿਹਾ ਤੁਸੀਂ ਕਾਹ ਨੂੰ ਘਬਰਾਉਂਦੇ ਹੋ ਅ-
ਤੇ ਤੁਹਾਡੇ ਮਨਾਂ ਵਿੱਚ ਚਿੰਤਾਂ ਕਿਉ ਉਪਜੀਆਂ ਹਨ॥੩੯॥ ਮੇਰੇ ਹੱਥ ਅਰ ਮੇਰੇ ਪੈਰ ਵੇਖੋ
ਜੋ ਮੈਂ ਹੀ ਹਾਂ। ਮੈ ਨੂੰ ਟੋਹੋ ਅਤੇ ਵੇਖੋ ਕਿਉਕਿ ਭੂਤ ਦੇ ਮਾਸ ਅਰ ਹੱਡ ਨਹੀਂ ਹੁੰਦੇ ਜੇਹੇ ਕੁ ਮੇਰੇ
ਵਿੱਚ ਵੇਖਦੇ ਹੋ॥੪੦॥ ਅਤੇ ਉਸ ਨੇ ਇਹ ਕਹਿਕੇ ਉਨਾਂ ਨੂੰ ਹੱਥ ਪੈਰ ਵਿਖਾਲੇ॥੪੧॥ ਅ-
ਤੇ ਓਹ ਖੁਸੀ ਦੇ ਮਾਰੇ ਅਜੇ ਪਰਤੀਤ ਨਹੀਂ ਸੀ ਕਰਦੇ ਅਤੇ ਹੈਰਾਨ ਹੋ ਰਹੇ ਸਨ ਕਿ ਉਸ ਨੇ
ਉਨਾਂ ਨੂੰ ਆਖਿਆ ਐੱਥੇ ਤੁਹਾਡੇ ਕੋਲ ਕੁਛ ਭੋਜਨ ਹੈ॥੪੨॥ ਅਤੇ ਉਨਾਂ ਉਸ ਨੂੰ ਭੁੰਨੀ
ਮੱਛੀ ਦਾ ਟੁਕੜਾ ਦਿੱਤਾ॥੪੩॥ ਅਤੇ ਉਸ ਨੇ ਲੈਕੇ ਉਨਾਂ ਦੇ ਸਾਹਮਣੇ ਖਾਲਿਆ॥

॥੪੪॥ ਤਦ ਉਸ ਨੇ ਉਨਾਂ ਨੂੰ ਕਿਹਾ ਏਹ ਮੇਰੀਆਂ ਓਹੋ ਗੱਲਾਂ ਹਨ ਜੋ ਮੈਂ ਤੁਹਾਡੇ ਨਾਲ
ਹੁੰਦਿਆਂ ਹੋਇਆਂ ਤੁਹਾ ਨੂੰ ਆਖੀਆਂ ਭੁਈ ਉਨਾਂ ਸਭਨਾਂ ਗੱਲਾਂ ਦਾ ਪੂਰਾ ਹੋਣਾ ਜਰੂਰ
ਹੈ ਜੋ ਮੂਸਾ ਦੀ ਤੌਰੇਤ ਅਤੇ ਪਿਕੰਬਰਾਂ ਦੇ ਪੁਸਤਕ ਅਤੇ ਜਬੂਰ ਵਿੱਚ ਮੇਰੀ ਬਾਬਤ ਲਿ-
ਖੀਆਂ ਹੋਈਆਂ ਹਨ॥੪੫॥ ਤਦ ਉਸ ਨੇ ਉਨਾਂ ਦੀ ਬੁੱਧ ਖੋਲ ਦਿੱਤੀ ਜੋ ਪੁਸਤਕਾਂ ਨੂੰ ਸਮ-

Original with:
Language Department Punjab
Digitized by:
Panjab Digital Library

ਸ਼ਲੈਣ॥੪੬॥ਅਤੇ ਉਨਾਂ ਨੂੰ ਆਖਿਆ ਕਿ ਐਉਂ ਲਿਖਿਆ ਹੈ ਜੋ ਮਸੀਹ ਦੁੱਖ ਝੱਲੂ
ਅਰ ਤੀਏ ਦਿਨ ਮੁਰਦਿਆਂ ਵਿੱਚੋਂ ਫੇਰ ਜੀ ਉੱਠੂ॥੪੭॥ਅਤੇ ਯਰੂਸਲੀਮ ਥੋਂ ਲਾ ਕੇ ਸ
ਰੀਆਂ ਕੋਮਾਂ ਵਿੱਚ ਉਹ ਦੇ ਨਾਉਂ ਉੱਤੇ ਤੋਬਾ ਅਰ ਪਾਪਾਂ ਦੀ ਮਾਫੀ ਦੀ ਮਨਾਦੀ ਕੀਤੀ ਜਾ
ਊ॥੪੮॥ਤੁਸੀਂ ਇਨਾਂ ਗੱਲਾਂ ਦੇ ਸਾਖੀ ਹੋ॥੪੯॥ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਹ
ਰਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕੁਰ ਤੁਸੀਂ ਉੱਪਰੋਂ ਸਕਤਿ ਨਾ ਪਾਓ ਸਹਿਰ ਵਿੱ
ਚ ਰਹੋ॥ ॥੫੦॥ਅਤੇ ਉਹ ਉਨਾਂ ਨੂੰ ਬਾਹਰ ਬੈਤਅਨੀਆ ਦੇ ਸਾਹਮਣੇ
ਲੈ ਗਿਆ ਅਰ ਆਪਣੇ ਹੱਥ ਉਠਾ ਕੇ ਉਨਾਂ ਨੂੰ ਅਸੀਸ ਦਿੱਤੀ॥੫੧॥ਅਤੇ ਐਉਂ ਹੋਇ
ਆ ਕਿ ਜਾਂ ਉਹ ਉਨਾਂ ਨੂੰ ਅਸੀਸ ਦੇ ਰਿਹਾ ਸੀ ਤਾਂ ਉਹ ਉਨਾਂ ਥੋਂ ਅਲੱਗ ਹੋਇਆ ਅਰ ਅ
ਕਾਸ ਉੱਪਰ ਉਠਾਇਆ ਗਿਆ॥੫੨॥ਅਤੇ ਓਹ ਉਸ ਨੂੰ ਸੀਸ ਨਿਵਾ ਕੇ ਵੜੀ ਖੁਸੀ ਨਾ
ਲ ਯਰੂਸਲੀਮ ਨੂੰ ਮੁੜੇ॥੫੩॥ਅਰ ਮੰਦਰ ਵਿੱਚ ਨਿੱਤ ਪਰਮੇਸੁਰ ਦਾ ਧੰਨਵਾਦ ਕਰ
ਦੇ ਰਹੇ॥

Original with:
Language Department, Punjab
Digitized by:
Panjab Digital Library

ਇੰਜੀਲ ਵਿੱਚੋਂ

ਯੂਹੰਨਾ ਦਾ ਉਚਰਿਆ ਹੋਇਆ ਮੰਗਲ ਸਮਾਚਾਰ

Original with:
Language Department Punjab
Digitized by:
Panjab Digital Library

ST. JOHN.

(GURUMUKKI.)

Original with:
Language Department Punjab
Digitized by:
Panjab Digital Library

ਯੂਹੱਨਾ ਦਾ

ਉਚਾਰਿਆ ਹੋਇਆ ਮੰਗਲਸਮਾਚਾਰ॥

੧ ਕਾਂਡ॥ ਆਦ ਵਿੱਚ ਸਬਦ ਸੀ ਅਰ ਸਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸਬਦ ਪਰਮੇਸ਼ੁਰ ਸੀ॥੨॥ ਇਹੋ ਆਦ ਵਿੱਚ ਪਰਮੇਸ਼ੁਰ ਦੇ ਸੰਗ ਸੀ॥੩॥ ਸਭੋ ਕੁਛ ਉਸ ਥੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇੱਕ ਵਸਤੁ ਬੀ ਉਸ ਥੋਂ ਬਿਨਾ ਨਹੀਂ ਰਚੀ ਗਈ॥੪॥ ਉਸ ਵਿੱਚ ਜੀਉਣ ਸੀ ਅਤੇ ਉਹ ਜੀਉਣ ਮਨੁੱਖਾਂ ਦਾ ਚਾਨਣ ਸੀ॥੫॥ ਅਤੇ ਉਹ ਚਾਨਣ ਅਨ੍ਹੇਰੇ ਵਿੱਚ ਚਮਕਦਾ ਹੈ ਪਰ ਅਨ੍ਹੇਰੇ ਨੇ ਉਹ ਨੂੰ ਨਾ ਜਾਤਾ॥੬॥ ਪਰਮੇਸ਼ੁਰ ਦੀ ਵਲੋਂ ਯੂਹੰਨਾ ਨਾਮੇ ਇੱਕ ਮਨੁੱਖ ਭੇਜਿਆ ਹੋਇਆ ਸੀ॥੭॥ ਇਹ ਸਾਖੀ ਦੇ ਲਈ ਆਇਆ ਭਈ ਚਾਨਣ ਉੱਤੇ ਸਾਖੀ ਦੇਵੇ ਤਾਂ ਸਭ ਲੋਕ ਉਹ ਦੇ ਰਾਹੀਂ ਨਿਹਚਾ ਕਰਨ॥੮॥ ਆਪ ਉਹ ਚਾਨਣ ਤਾਂ ਨਹੀਂ ਸੀ ਪਰ ਉਸ ਚਾਨਣ ਉੱਤੇ ਸਾਖੀ ਦੇਣ ਆਇਆ ਸੀ॥੯॥ ਸੱਚਾ ਚਾਨਣ ਜਿਹੜਾ ਹਰੇਕ ਮਨੁੱਖ ਨੂੰ ਉਜਾਲਾ ਕਰਦ

Original with:
Language Department Punjab
Digitized by:
Panjab Digital Library

ਹੈ ਜਗਤ ਵਿੱਚ ਆਉਣ ਵਾਲਾ ਸੀ ॥੧੦॥ ਉਹ ਜਗਤ ਵਿੱਚ ਸੀ ਅਤੇ ਜਗਤ ਉਸ ਥੋਂ ਰਚਿ-
ਆ ਗਿਆ ਅਤੇ ਜਗਤ ਨੇ ਉਸ ਨੂੰ ਨਾ ਪਛਾਤਾ ॥੧੧॥ ਉਹ ਆਪਣਿਆਂ ਕੋਲ ਆਇਆ ਅਰ
ਜੇਹੜੇ ਉਹ ਦੇ ਆਪਣੇ ਸਨ ਉਨਾਂ ਨੇ ਉਸ ਨੂੰ ਨਾ ਮੰਨਿਆ ॥੧੨॥ ਪਰ ਜਿਤਨਿਆਂ ਨੇ ਉਹ ਨੂੰ ਮੰਨ
ਲਿਆ ਉਸ ਨੇ ਉਨਾਂ ਨੂੰ ਪਰਮੇਸੁਰ ਦੇ ਪੁਤ੍ਰ ਹੋਣ ਦੇ ਅਧਕਾਰੀ ਬਣਾਇਆ ਅਰਥਾਤ ਓਹ ਜਿਨਾਂ
ਨੇ ਉਹ ਦੇ ਨਾਉਂ ਉੱਤੇ ਨਿਹਚਾ ਕੀਤੀ ॥੧੩॥ ਜੋ ਨਾ ਲਹੂ ਥੋਂ ਨਾ ਸਰੀਰ ਦੀ ਇੱਛਿਆ ਥੋਂ ਨਾ ਪੁਰਖ
ਦੀ ਇੱਛਿਆ ਥੋਂ ਪਰ ਪਰਮੇਸੁਰ ਥੋਂ ਪੈਦਾ ਹੋਏ ॥੧੪॥ ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ
ਕ੍ਰਿਪਾ ਅਤੇ ਸਚਿਆਈ ਨਾਲ ਭਰਪੂਰ ਹੋਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਹ ਦਾ ਤੇ-
ਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ ॥੧੫॥ ਯੂਹੰਨਾ ਨੇ ਉਸ ਉੱਤੇ ਸਾਖੀ ਦਿੱਤੀ ਅਤੇ ਪੁ-
ਕਾਰ ਕੇ ਆਖਿਆ ਜੋ ਇਹ ਉਹੋ ਹੈ ਜਿਹ ਦੀ ਬਾਬਤ ਮੈਂ ਕਿਹਾ ਕਿ ਜੋ ਮੇਰੇ ਮਗਰੋਂ ਆਉਣ ਵਾਲਾ ਹੈ ਸੋ
ਮੈਥੋਂ ਵਡਾ ਬਣਿਆ ਕਿਉਂਕਿ ਉਹ ਮੈਥੋਂ ਪਹਿਲਾਂ ਸੀ ॥੧੬॥ ਕਿਉਂ ਜੋ ਉਹ ਦੀ ਭਰਪੂਰੀ ਵਿੱਚੋਂ ਅਸ
ਸਭਨਾਂ ਨੇ ਪਾਇਆ ਸਗੋਂ ਕਿਰਪਾ ਦੇ ਬਦਲੇ ਕਿਰਪਾ ॥੧੭॥ ਕਿਉਂਕਿ ਤੌਰੇਤ ਮੂਸਾ ਦੇ ਰਾਹੀਂ ਦਿੱਤੀ
ਗਈ ਸੀ। ਕਿਰਪਾ ਅਤੇ ਸਚਿਆਈ ਯਿਸੂ ਮਸੀਹ ਥੋਂ ਪਹੁੰਚੀ ॥੧੮॥ ਕਿਸੇ ਨੇ ਪਰਮੇਸੁਰ ਨੂੰ ਕਦੇ
ਨਹੀਂ ਵੇਖਿਆ ਇਕਲੌਤਾ ਪੁਤ੍ਰ ਜੋ ਪਿਤਾ ਦੀ ਗੋਦੀ ਵਿੱਚ ਹੈ ਉਸੇ ਨੇ ਦੱਸਿਆ ॥
॥੧੯॥ ਅਤੇ ਯੂਹੰਨਾ ਦੀ ਇਹ ਸਾਖੀ ਹੈ ਜਦ ਯਹੂਦੀਆਂ ਨੇ ਯਰੂਸਲੀਮ ਥੋਂ ਜਾਜਕਾਂ ਅਤੇ ਲੇ-
ਵੀਆਂ ਨੂੰ ਉਹ ਦੇ ਕੋਲ ਪੁੱਛਿਆ ਭਈ ਉਸ ਥੋਂ ਪੁੱਛਣ ਤੂੰ ਕੌਣ ਹੈਂ ॥੨੦॥ ਤਦ ਉਸ ਨੇ ਮੰਨ ਲਿਆ
ਅਤੇ ਮੁੱਕਰਿਆ ਨਹੀਂ ਸਗੋਂ ਮੰਨ ਲਿਆ ਕਿ ਮੈਂ ਮਸੀਹ ਨਹੀਂ ਹਾਂ ॥੨੧॥ ਅਤੇ ਉਨਾਂ ਨੇ ਉਸ ਥੋਂ ਪੁੱ-

Original with:
Language Department Punjab
Digitized by:
Panjab Digital Library

ਛਿਆ ਫੇਰ ਕੀ ਤੂੰ ਇਲੀਆਸ ਹੈਂ। ਤਾਂ ਉਹ ਨੈ ਆਖਿਆ ਮੈਂ ਨਹੀਂ ਹਾਂ। ਭਲਾ ਤੂੰ ਉਹ ਪਿਕੰਬਰ ਹੈਂ। ਤਾਂ ਉਹ ਨੈ ਉੱਤਰ ਦਿੱਤਾ ਨਹੀਂ।।੨੨।। ਉਪਰੰਦ ਉਨਾਂ ਨੈ ਉਸ ਨੂੰ ਕਿਹਾ ਫੇਰ ਤੂੰ ਕੌਣ ਹੈਂ ਤਾਂ ਜੋ ਅਸੀਂ ਆਪਣੇ ਭੇਜਣਵਾਲਿਆਂ ਨੂੰ ਉੱਤਰ ਦੇਈਏ। ਤੂੰ ਆਪਣੀ ਬਾਬਤ ਕੀ ਆਖਨਾ ਹੈਂ।।੨੩।। ਉਹ ਨੈ ਕਿਹਾ ਕਿ ਜਿਸ ਪਰਕਾਰ ਯਸਾਯਾ ਪਿਕੰਬਰ ਨੈ ਆਖਿਆ ਮੈਂ ਜੰਗਲ ਵਿੱਚ ਇੱਕ ਹੋਕਾ ਦੇਣ-ਵਾਲੇ ਦੀ ਅਵਾਜ ਹਾਂ ਕਿ ਪ੍ਰਭੂ ਦਾ ਰਸਤਾ ਸਿੱਧਾ ਕਰੋ।।੨੪।। ਅਤੇ ਓਹ ਫਰੀਸੀਆਂ ਵੱਲੋਂ ਭੇਜੇ ਹੋ-ਏ ਸਨ।।੨੫।। ਫੇਰ ਉਨਾਂ ਨੈ ਉਸ ਥੋਂ ਪੁੱਛ ਕੇ ਉਸ ਨੂੰ ਕਿਹਾ ਜੇ ਤੂੰ ਨਾ ਮਸੀਹ ਹੈਂ ਨਾ ਇਲੀਆਸ ਨਾ ਉਹ ਪਿਕੰਬਰ ਤਾਂ ਫੇਰ ਤੂੰ ਬਪਤਿਸਮਾ ਕਾਹ ਨੂੰ ਦਿੰਦਾ ਹੈਂ।।੨੬।। ਯੂਹੰਨਾ ਨੈ ਉਨਾਂ ਨੂੰ ਉੱਤਰ ਦਿੱਤਾ ਮੈਂ ਤਾਂ ਜਲ ਨਾਲ ਬਪਤਿਸਮਾ ਦਿੰਦਾ ਹਾਂ ਪਰ ਤੁਹਾਡੇ ਵਿਚਕਾਰ ਇੱਕ ਖਲੋਤਾ ਹੈ ਜਿਹ ਨੂੰ ਤੁਸੀਂ ਨਹੀਂ ਪਛਾਣਦੇ।।੨੭।। ਉਹੀ ਜੋ ਮੇਰੇ ਮਗਰੋਂ ਆਉਣ ਵਾਲਾ ਹੈ ਜਿਹਦੀ ਜੁੱਤੀ ਦਾ ਤਸਮਾ ਮੈਂ ਖੋਲਣੇ ਜੋਗਾ ਨਹੀਂ ਹਾਂ।।੨੮।। ਇਹ ਵਿਥਿਆ ਯਰਦਨ ਦੇ ਪਾਰ ਬੈਤਅਨੀਆ ਵਿੱਚ ਹੋਈ ਜਿੱਥੇ ਯੂਹੰਨ ਬਪਤਿਸਮਾ ਦਿੰਦਾ ਸੀ।। ।।੨੯।। ਦੂਜੇ ਦਿਨ ਯਿਸੂ ਨੂੰ ਆਪਣੀ ਵਲ ਆਉਂਦਾ ਵੇਖ-ਕੇ ਉਸ ਨੈ ਆਖਿਆ ਵੇਖੋ ਪਰਮੇਸੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ।।੩੦ ।। ਇਹ ਉਹੋ ਹੈ ਜਿਹਦੀ ਬਾਬਤ ਮੈਂ ਆਖਦਾ ਸੀ ਕਿ ਮੇਰੇ ਮਗਰੋਂ ਇੱਕ ਪੁਰਸ ਆਉਂਦਾ ਹੈ ਜੋ ਮੈ ਥੋਂ ਵਡਾ ਬਣਿਆ ਕਿਉਂਕਿ ਉਹ ਮੈ ਥੋਂ ਪਹਿਲਾਂ ਸੀ ।।੩੧।। ਅਰ ਮੈਂ ਤਾ ਉਸ ਨੂੰ ਨਹੀਂ ਪਛਾ-ਣਿਆ ਸੀ ਪਰ ਮੈਂ ਜਲ ਨਾਲ ਬਪਤਿਸਮਾ ਇਸ ਲਈ ਦਿੰਦਾ ਆਇਆ ਭਈ ਉਹ ਇਸ-ਰਾਈਲ ਉੱਤੇ ਪਰਗਟ ਹੋਵੇ ।।੩੨।। ਅਤੇ ਯੂਹੱਨਾ ਨੈ ਇਹ ਸਾਖੀ ਦੇ ਕੇ ਕਿਹਾ ਕਿ ਮੈਂ ਆਤ-

Original with:
Language Department Punjab
Digitized by:
Panjab Digital Library

ਮਾਨੂੰ ਕਬੂਤਰ ਦੀ ਨਿਆਈਂ ਅਕਾਸੋਂ ਉੱਤਰਦਾ ਵੇਖਿਆ ਅਤੇ ਉਹ ਉਸ ਪੁਰ ਠਹਿਰਿਆ ॥੩੩
ਅਰ ਮੈਂ ਉਸ ਨੂੰ ਨਹੀਂ ਪਛਾਣਿਆ ਸੀ ਪਰ ਜਿਹ ਨੈ ਮੈਂ ਨੂੰ ਜਲ ਨਾਲ ਬਪਤਿਸਮਾ ਦੇਣ ਲਈ ਘੱ-
ਲਿਆ ਉਸੇ ਨੈ ਮੈਂ ਨੂੰ ਆਖਿਆ ਕਿ ਜਿਹ ਦੇ ਉੱਤੇ ਤੂੰ ਆਤਮਾ ਨੂੰ ਉੱਤਰਦਾ ਅਤੇ ਉਸ ਪੁਰ ਠਹਿਰ-
ਦਾ ਵੇਖੇਂ ਇਹ ਉਹੋ ਹੈ ਜੋ ਪਵਿਤ੍ਰ ਆਤਮਾ ਨਾਲ ਬਪਤਿਸਮਾ ਦਿੰਦਾ ਹੈ ॥੩੪॥ ਸੋ ਮੈਂ ਵੇਖਿਆ ਅ-
ਤੇ ਸਾਖੀ ਦਿੱਤੀ ਹੈ ਜੋ ਇਹ ਪਰਮੇਸ਼ੁਰ ਦਾ ਪੁਤ੍ਰ ਹੈਗਾ ॥ ॥੩੫॥ ਦੂਜੇ ਦਿਨ ਯੂਹੰਨਾ ਫੇਰ
ਖੜਾ ਸੀ ਅਤੇ ਉਹ ਦੇ ਸਿੱਖਾਂ ਵਿੱਚੋਂ ਦੋ ਜਣੇ ॥੩੬॥ ਅਰ ਉਸ ਨੈ ਯਿਸੂ ਨੂੰ ਤੁਰਿਆ ਜਾਂਦਾ ਵੇਖ-
ਕੇ ਕਿਹਾ ਵੇਖੋ ਪਰਮੇਸ਼ੁਰ ਦਾ ਲੇਲਾ ॥੩੭॥ ਅਤੇ ਓਹ ਦੋਵੇਂ ਸਿੱਖ ਉਸ ਦੀ ਗੱਲ ਸੁਣ ਕੇ ਯਿਸੂ ਦੇ
ਮਗਰ ਤੁਰ ਪਏ ॥੩੮॥ ਅਤੇ ਯਿਸੂ ਨੈ ਪਿਛਾਹਾਂ ਮੁੜ ਕੇ ਉਨਾਂ ਨੂੰ ਮਗਰ ਆਉਂਦੇ ਵੇਖਿਆ ਅਤੇ
ਉਨਾਂ ਨੂੰ ਕਿਹਾ ਤੁਸੀਂ ਕੀ ਭਾਲਦੇ ਹੋ। ਅਤੇ ਉਨਾਂ ਉਸ ਨੂੰ ਆਖਿਆ ਹੇ ਰੱਬੀ (ਅਰਥਾਤ ਹੇ ਗੁਰੂ)
ਤੂੰ ਕਿੱਥੇ ਟਿਕਦਾ ਹੈਂ ॥੩੯॥ ਉਸ ਨੈ ਉਨਾਂ ਨੂੰ ਆਖਿਆ ਆਓ ਤਾਂ ਵੇਖੋਗੇ। ਸੋ ਓਹ ਗਏ ਅਰ ਜਿੱਥੇ
ਉਹ ਰਹਿੰਦਾ ਸੀ ਵੇਖਿਆ ਅਤੇ ਉਸ ਦਿਨ ਉਹ ਦੇ ਸੰਗ ਰਹੇ। ਉਸ ਵੇਲੇ ਸਵਾ ਤਿੰਨ ਕੁ ਪਹਿਰ ਦਿ-
ਨ ਰਿਹਾ ਸੀ ॥੪੦॥ ਉਨਾਂ ਦੋਹਾਂ ਵਿੱਚੋਂ ਜਿਨਾਂ ਨੈ ਯੂਹੰਨਾ ਦੀ ਗੱਲ ਸੁਣੀ ਅਤੇ ਯਿਸੂ ਦੇ ਮਗਰ
ਹੋ ਤੁਰੇ ਇੱਕ ਸਮਊਨ ਪਤਰਸ ਦਾ ਭਾਈ ਅੰਦ੍ਰਿਯਾਸ ਸੀ ॥੪੧॥ ਉਸ ਨੈ ਆਪਣੇ ਸਕੇ ਭਾਈ
ਸਮਊਨ ਨੂੰ ਪਹਿਲੇ ਲੱਭ ਕੇ ਉਹ ਨੂੰ ਕਿਹਾ ਕਿ ਅਸਾਂ ਮਸੀਹ ਨੂੰ ਅਰਥਾਤ ਖ੍ਰੀਸ੍ਟ ਨੂੰ ਲੱਭ ਲਿਆ
ਹੈ ॥੪੨॥ ਉਹ ਉਸ ਨੂੰ ਯਿਸੂ ਕੋਲ ਲਿਆਇਆ ਅਤੇ ਯਿਸੂ ਨੈ ਉਸ ਉੱਤੇ ਦ੍ਰਿਸ੍ਟ ਕਰ ਕੇ ਕਿਹਾ
ਜੋ ਤੂੰ ਯੂਹੰਨਾ ਦਾ ਪੁਤ੍ਰ ਸਮਊਨ ਹੈਂ ਤੂੰ ਕੇਫਾਸ ਅਰਥਾਤ ਪਤਰਸ ਸਦਾਵੇਂਗਾ ॥ ॥੪੩

Original with:
Language Department Punjab
Digitized by:
Panjab Digital Library

॥ਅਗਲੇ ਭਲਕ ਯਿਸੂ ਨੈ ਚਾਹਿਆ ਜੋ ਉੱਥੋਂ ਨਿੱਕਲਕੇ ਗਲੀਲ ਵਿੱਚ ਜਾਵੇ। ਤਾਂ ਫੈਲਬੂਸ ਨੂੰ ਲੱਭਕੇ ਉਹ ਨੂੰ ਆਖਿਆ ਭਈ ਮੇਰੇ ਪਿੱਛੇ ਹੋ ਤੁਰ॥੪੪॥ ਅਤੇ ਫੈਲਬੂਸ ਬੈਤਸੈਦੇ ਦਾ ਸੀ ਜੋ ਅੰਦਰਿਯਾਸ ਅਰ ਪਤਰਸ ਦਾ ਨਗਰ ਹੈ॥੪੫॥ ਫੈਲਬੂਸ ਨੈ ਨਥਨਏਲ ਨੂੰ ਲੱਭਕੇ ਉਹ ਨੂੰ ਕਿਹਾ ਕਿ ਜਿਹ ਦੀ ਬਾਬਤ ਮੂਸਾ ਨੈ ਤੌਰੇਤ ਵਿਚ ਅਤੇ ਪਿਕੰਬਰਾਂ ਨੈ ਲਿਖਿਆ ਸੋ ਅ-ਸਾਂ ਉਸ ਨੂੰ ਲੱਭਿਆ ਹੈ ਉਹ ਯੂਸੁਫ ਦਾ ਪੁਤ੍ਰ ਯਿਸੂ ਨਾਸਰਤ ਦਾ ਹੈ॥੪੬॥ ਤਾਂ ਨਥਨਏਲ ਨੈ ਉਸ ਨੂੰ ਆਖਿਆ ਭਲਾ ਨਾਸਰਤ ਵਿੱਚੋਂ ਕੋਈ ਉੱਤਮ ਵਸਤੁ ਨਿੱਕਲ ਸੱਕਦੀ ਹੈ। ਫੈਲਬੂਸ ਨੈ ਉਹ ਨੂੰ ਕਿਹਾ ਆ ਵੇਖ॥੪੭॥ ਯਿਸੂ ਨੈ ਨਥਨਏਲ ਨੂੰ ਆਪਣੀ ਵਲ ਆਉਂਦਾ ਵੇਖਕੇ ਉਹ ਦੀ ਬਾਬਤ ਆਖਿਆ ਵੇਖੋ ਸੱਚਾ ਇਸਰਾਈਲੀ ਜਿਹ ਦੇ ਵਿੱਚ ਛਲ ਨਹੀਂ ਹੈ॥੪੮॥ ਨਥਨਏਲ ਨੈ ਉਸ ਨੂੰ ਕਿਹਾ ਤੂੰ ਮੈਨੂੰ ਕਿੱਥੋਂ ਜਾਣਦਾ ਹੈਂ। ਯਿਸੂ ਨੈ ਉਹ ਨੂੰ ਉੱਤਰ ਦਿੱਤਾ ਭਈ ਉਸ ਥੋਂ ਪਹਿਲਾਂ ਜੋ ਫੈਲਬੂਸ ਨੈ ਤੈਨੂੰ ਸੱਦਿਆ ਜਾਂ ਤੂੰ ਹੰਜੀਰ ਦੇ ਬਿਰਛ ਹੇਠ ਸੀ ਮੈਂ ਤੈਨੂੰ ਡਿੱਠਾ॥੪੯॥ ਨਥਨਏਲ ਨੈ ਉਸ ਨੂੰ ਉੱਤਰ ਦਿੱਤਾ ਸੁਆਮੀ ਜੀ ਤੂੰ ਪਰਮੇਸ਼ੁਰ ਦਾ ਪੁਤ੍ਰ ਹੈਂ ਤੂੰ ਇਸਰਾਈਲ ਦਾ ਪਾਤਸਾਹ ਹੈਂ॥ ੫੦॥ ਯਿਸੂ ਨੈ ਉਹ ਨੂੰ ਉੱਤਰ ਦਿੱਤਾ ਕਿਆ ਤੂੰ ਇਸ ਲਈ ਨਿਹਚਾ ਕਰਦਾ ਹੈਂ ਜੋ ਮੈਂ ਤੈਨੂੰ ਕਿਹਾ ਕਿ ਹੰਜੀਰ ਦੇ ਬਿਰਛ ਹੇਠ ਮੈਂ ਤੈਨੂੰ ਵੇਖਿਆ। ਤੂੰ ਇਨਾਂ ਨਾਲੋਂ ਵਡੀਆਂ ਗੱਲਾਂ ਵੇਖੇਂਗਾ॥ ੫੧॥ ਫੇਰ ਉਸ ਨੂੰ ਕਿਹਾ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਤੁਸੀਂ ਅਕਾਸ ਨੂੰ ਖੁਲਾ ਅਤੇ ਪਰਮੇਸ਼ੁ-ਰ ਦੇ ਦੂਤਾਂ ਨੂੰ ਮਨੁੱਖ ਦੇ ਪੁਤ੍ਰ ਪੁਰ ਚੜ੍ਹਦੇ ਅਤੇ ਉੱਤਰਦੇ ਵੇਖੋਗੇ॥

Original with:
Language Department Punjab
Digitized by:
Panjab Digital Library

੨ ਕਾਂਡ।। ਅਤੇ ਤੀਏ ਦਿਨ ਗਲੀਲ ਦੇ ਕਾਨਾ ਵਿੱਚ ਇੱਕ ਵਿਆਹ ਹੋਇਆ ਅਤੇ ਯਿਸੂ ਦੀ ਮਾਂ ਉੱਥੇ ਸੀ।।੨।। ਅਰ ਯਿਸੂ ਅਰ ਉਹ ਦੇ ਸਿੱਖ ਬੀ ਵਿਆਹ ਵਿੱਚ ਬੁਲਾਏ ਗਏ।।੩।। ਅਤੇ ਜਾਂ ਵੈਨ ਮੁੱਕ ਗਈ ਤਾਂ ਯਿਸੂ ਦੀ ਮਾਂ ਨੈ ਉਸ ਨੂੰ ਕਿਹਾ ਕਿ ਉਨਾਂ ਕੋਲ ਵੈਨ ਨਾ ਰਹੀ।।੪।। ਅਤੇ ਯਿਸੂ ਨੈ ਉਸ ਨੂੰ ਆਖਿਆ ਹੇ ਤ੍ਰੀਮਤ ਤੇਰਾ ਮੇਰੇ ਨਾਲ ਕੀ ਵਾਸਤਾ। ਮੇਰਾ ਸਮਾ ਅਜੇ ਨਹੀਂ ਆਇਆ।।੫।। ਉਹ ਦੀ ਮਾਂ ਨੈ ਟਹਿਲ ਵਾਲਿਆਂ ਨੂੰ ਆਖਿਆ ਕਿ ਜੋ ਕੁਛ ਉਹ ਤੁਹਾ ਨੂੰ ਕਹੇ ਸੋ ਕਰੋ।।੬।। ਅਤੇ ਯਹੂਦੀਆਂ ਦੇ ਸੁੱਧ ਕਰਨ ਦੀ ਰੀਤ ਅਨੁਸਾਰ ਪੱਥਰ ਦੇ ਛੇ ਮੱਟ ਉੱਥੇ ਧਰੇ ਹੋਏ ਸਨ ਜੋ ਹਰੇਕ ਵਿੱਚ ਦੋ ਜਾਂ ਤਿੰਨ ਮਣ ਜਲ ਪੈਂਦਾ ਸੀ।।੭।। ਯਿਸੂ ਨੈ ਉਨਾਂ ਨੂੰ ਕਿਹਾ ਮੱਟਾਂ ਵਿੱਚ ਜਲ ਭਰੋ। ਸੋ ਉਨਾਂ ਨੈ ਮੱਟ ਭੁਕਾ ਭੁਕ ਭਰ ਦਿੱਤੇ।।੮।। ਫੇਰ ਉਸ ਨੈ ਉਨਾਂ ਨੂੰ ਆਖਿਆ ਹੁਣ ਕੱਢੋ ਅਤੇ ਸਭਾ ਦੇ ਸਰਦਾਰ ਕੋਲ ਲੈ ਜਾਓ। ਸੋ ਓਹ ਲੈ ਗਏ।।੯।। ਅਤੇ ਜਾਂ ਸਭਾ ਦੇ ਸਰਦਾਰ ਨੈ ਉਹ ਜਲ ਜਿਹੜਾ ਵੈਨ ਬਣ ਗਿਆ ਸੀ ਚੱਖਿਆ ਅਰ ਮਲੂਮ ਨਾ ਕੀਤਾ ਜੋ ਇਹ ਕਿੱਥੋਂ ਹੈ ਪਰ ਟਹਿਲੂਏ ਜਿਨਾਂ ਨੈ ਉਹ ਜਲ ਕੱਢਿਆ ਸੀ ਜਾਣਦੇ ਸਨ ਤਾਂ ਸਭਾ ਦੇ ਸਰਦਾਰ ਨੈ ਲਾੜੇ ਨੂੰ ਸੱਦ ਕੇ।।੧੦।। ਉਹ ਨੂੰ ਆਖਿਆ ਜੋ ਹਰੇਕ ਮਨੁੱਖ ਪਹਿਲਾਂ ਅੱਛੀ ਵੈਨ ਦਿੰਦਾ ਹੈ ਅਤੇ ਜਾਂ ਬਹੁਤ ਪੀ ਚੁੱਕੇ ਤਾਂ ਮਗਰੋਂ ਮਾੜੀ ਪਰ ਤੈਂ ਅੱਛੀ ਵੈਨ ਹੁਣ ਤੀਕੁਰ ਰੱਖ ਛੱਡੀ ਹੈ।।੧੧।। ਇਹ ਪਹਿਲੀ ਕਰਾਮਾਤ ਯਿਸੂ ਨੈ ਗਲੀਲ ਦੇ ਕਾਨਾ ਵਿੱਚ ਵਿਖਾਲੀ ਅਤੇ ਆਪਣਾ ਤੇਜ ਪਰਗਟ ਕੀਤਾ। ਅਰ ਉਹ ਦੇ ਸਿੱਖਾਂ ਨੈ ਉਸ ਉੱਤੇ ਨਿਹਚਾ ਕੀਤੀ।।

।।੧੨।। ਇਹ ਦੇ ਪਿੱਛੋਂ ਉਹ ਅਰ ਉਸ ਦੀ ਮਾਂ ਅਤੇ ਉਸ ਦੇ ਭਾਈ ਅਤੇ ਉਸ

Original with:
Language Department Punjab
Digitized by:
Panjab Digital Library

ਦੇ ਸਿੱਖ ਕਫ਼ਰਨਾਹੂਮ ਨੂੰ ਗਏ ਪਰ ਉੱਥੇ ਬਹੁਤ ਦਿਨ ਨਾ ਟਿਕੇ ॥ ॥੧੩॥ ਅਤੇ ਯ-
ਹੂਦੀਆਂ ਦਾ ਪਸਾਹ ਦਾ ਤਿਉਹਾਰ ਨੇੜੇ ਸੀ ਅਤੇ ਯਿਸੂ ਯਰੂਸਲੀਮ ਨੂੰ ਗਿਆ ॥੧੪॥ ਅ-
ਰ ਉਸ ਨੈ ਮੰਦਰ ਵਿੱਚ ਡੰਗਰਾਂ ਅਤੇ ਭੇਡਾਂ ਅਤੇ ਕਬੂਤਰਾਂ ਦੇ ਵੇਚਣ ਵਾਲਿਆਂ ਅਰ ਸਰਾ-
ਫਾਂ ਨੂੰ ਬੈਠੇ ਵੇਖਿਆ ॥ ੧੫॥ ਉਪਰੰਦ ਉਸ ਨੈ ਰੱਸੀ ਦਾ ਕੋਰੜਾ ਬਣਾ ਕੇ ਸਭਨਾਂ ਨੂੰ ਮੰਦਰੋਂ ਬਾ-
ਹਰ ਕੱਢ ਦਿੱਤਾ ਨਾਲੇ ਭੇਡਾਂ ਨਾਲੇ ਡੰਗਰ ਅਤੇ ਸਰਾਫਾਂ ਦੀ ਰੋਕੜ ਖਿੰਡਾ ਦਿੱਤੀ ਅਤੇ ਤਖਤ
ਪੋਸ ਉਲਟਾ ਸੁੱਟੇ ॥੧੬॥ ਅਰ ਕਬੂਤਰ ਵੇਚਣ ਵਾਲਿਆਂ ਨੂੰ ਆਖਿਆ ਇਨਾਂ ਚੀਜਾਂ ਨੂੰ ਐਥੋਂ ਲੈ
ਜਾਓ। ਮੇਰੇ ਪਿਤਾ ਦੇ ਘਰ ਨੂੰ ਬੁਪਾਰ ਦੀ ਮੰਡੀ ਨਾ ਬਣਾਓ ॥ ੧੭॥ ਅਰ ਉਹ ਦੇ ਸਿੱਖਾਂ ਨੂੰ ਚੇ-
ਤੇ ਆਇਆ ਜੋ ਇਉਂ ਲਿਖਿਆ ਹੋਇਆ ਹੈ ਕਿ ਤੇਰੇ ਘਰ ਦੀ ਗੈਰਤ ਮੈ ਨੂੰ ਖਾ ਜਾਊਗੀ ॥
੧੮॥ ਉਪਰੰਦ ਯਹੂਦੀਆਂ ਨੈ ਅੱਗੋ ਉਸ ਨੂੰ ਆਖਿਆ ਤੂੰ ਕਿਹੜੀ ਨਿਸ਼ਨੀ ਅਸਾਨੂੰ ਵਿਖਾ-
ਲਦਾ ਹੈਂ ਜੋ ਏਹ ਕੰਮ ਕਰਦਾ ਹੈਂ ॥ ੧੯॥ ਯਿਸੂ ਨੈ ਉਨਾਂ ਨੂੰ ਉੱਤਰ ਦਿੱਤਾ ਜੋ ਇਸ ਮੰਦਰ ਨੂੰ ਢਾਹ
ਸਿੱਟੋ ਤਾਂ ਮੈਂ ਤਿੰਨਾਂ ਦਿਨਾਂ ਵਿੱਚ ਇਹ ਨੂੰ ਖੜਾ ਕਰ ਦਿਆਂਗਾ ॥ ੨੦॥ ਤਦ ਯਹੂਦੀਆਂ ਨੈ ਕਿਹ ੦
ਛਿਤਾਹਲੀਆਂ ਵਰਿਹਾਂ ਵਿੱਚ ਇਹ ਮੰਦਰ ਬਣਿਆ ਸੀ ਫੇਰ ਕੀ ਤੂੰ ਇਹ ਨੂੰ ਤਿੰਨਾਂ ਦਿਨਾਂ ਵਿ-
ਚ ਖੜਾ ਕਰੇਂਗਾ ॥ ੨੧॥ ਪਰ ਉਹ ਨੈ ਆਪਣੇ ਸਰੀਰ ਦੇ ਮੰਦਰ ਦੀ ਗੱਲ ਕਹੀ ਸੀ ॥ ੨੨॥ ਸੋ
ਜਾਂ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਤਾਂ ਉਹ ਦੇ ਸਿੱਖਾਂ ਨੂੰ ਚੇਤੇ ਆਇਆ ਜੋ ਉਸ ਨੈ ਇਹ
ਆਖਿਆ ਸੀ ਅਤੇ ਉਨਾਂ ਨੈ ਪੋਥ ਦੀ ਅਤੇ ਉਸ ਬਚਨ ਦੀ ਜੋ ਯਿਸੂ ਨੈ ਕਿਹਾ ਸੀ ਪਰਤੀਤ
ਕੀਤੀ ॥ ॥੨੩॥ ਅਤੇ ਜਾਂ ਉਹ ਪਸਾਹ ਦੇ ਤਿਉਹਾਰ ਦੇ ਵੇਲੇ ਯਰੂਸਲੀਮ ਵਿੱਚ

Original with:
Language
Digitized by:
Panjab Digital Library

ਸੀ ਤਾਂ ਬਹੁਤ ਲੋਕਾਂ ਨੈ ਉਨਾਂ ਕਰਾਮਾਤਾਂ ਨੂੰ ਜੋਹੜੀਆਂ ਉਸ ਨੈ ਵਿਖਾਈਆਂ ਸੀਆਂ ਵੇਖਕੇ ਉਹ
ਦੇ ਨਾਉਂ ਉੱਤੇ ਨਿਹਚਾ ਕਰੀ ॥੨੪॥ ਪਰ ਯਿਸੂ ਨੈ ਆਪ ਨੂੰ ਉਨਾਂ ਦੇ ਹੱਥ ਵਿੱਚ ਨਾ ਛੱਡਿਆ ਇ-
ਸ ਲਈ ਜੋ ਉਹ ਸਭਨਾਂ ਨੂੰ ਜਾਣਦਾ ਸੀ ॥੨੫॥ ਅਤੇ ਉਹ ਨੂੰ ਇਹ ਲੋੜ ਨਹੀਂ ਸੀ ਕਿ ਮਨੁੱਖ ਦੀ
ਬਾਬਤ ਕੋਈ ਸਾਖੀ ਦੇਵੇ ਕਿਉਂਕਿ ਉਹ ਆਪੇ ਜਾਣਦਾ ਸੀ ਭਈ ਮਨੁੱਖ ਦੇ ਅੰਦਰ ਕੀ ਹੈ ॥

੩ਕਾਂਡ ॥ ਅਤੇ ਫਰੀਸੀਆਂ ਵਿੱਚੋਂ ਨਿਕੁਦੇਮੁਸ ਨਾਉਂ ਦਾ ਇੱਕ ਮਨੁੱਖ ਯਹੂਦੀਆਂ ਦਾ ਇੱਕ
ਸਰਦਾਰ ਸੀ ॥੨॥ ਉਹ ਰਾਤ ਨੂੰ ਯਿਸੂ ਦੇ ਕੋਲ ਆਇਆ ਅਤੇ ਉਸ ਨੂੰ ਆਖ-
ਆ ਸੁਆਮੀ ਜੀ ਅਸੀਂ ਜਾਣਦੇ ਹਾਂ ਜੋ ਤੂੰ ਗੁਰੂ ਹੋਕੇ ਪਰਮੇਸੁਰ ਦੀ ਵਲੋਂ ਆਇਆ ਹੈਂ ਕਿਉਂ-
ਕਿ ਏਹ ਕਰਾਮਾਤਾਂ ਜੋਹੜੀਆਂ ਤੂੰ ਵਿਖਾਲਦਾ ਹੈਂ ਕੋਈ ਬੀ ਨਹੀਂ ਵਿਖਾ ਸੱਕਦਾ ਜੇ ਪਰਮੇਸੁਰ ਉਹ
ਦੇ ਨਾਲ ਨਾ ਹੋਵੇ ॥੩॥ ਯਿਸੂ ਨੈ ਉਹ ਨੂੰ ਉੱਤਰ ਦਿੱਤਾ ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮ-
ਨੁੱਖ ਜੇਕਰ ਨਵੇਂ ਸਿਰੇ ਜਨਮ ਨਾ ਧਾਰੇ ਤਾਂ ਪਰਮੇਸੁਰ ਦੇ ਰਾਜ ਨੂੰ ਨਹੀਂ ਵੇਖ ਸੱਕਦਾ ॥੪॥ ਨਿ-
ਕੁਦੇਮੁਸ ਨੈ ਉਹ ਨੂੰ ਆਖਿਆ ਕਿ ਮਨੁੱਖ ਜਾਂ ਬੁੱਢਾ ਹੋ ਗਿਆ ਤਾਂ ਕਿਸ ਪਰਕਾਰ ਜਨਮ ਧਾਰ
ਸੱਕਦਾ ਹੈ। ਕੀ ਇਹ ਹੋ ਸੱਕਦਾ ਹੈ ਜੋ ਉਹ ਆਪਣੀ ਮਾਂ ਦੀ ਕੁੱਖ ਵਿੱਚ ਦੂਈ ਵਾਰ ਜਾਵੇ ਅਤੇ
ਜਨਮ ਧਾਰੇ ॥੫॥ ਯਿਸੂ ਨੈ ਉੱਤਰ ਦਿੱਤਾ ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ
ਜੇਕਰ ਜਲ ਅਰ ਆਤਮਾ ਥੋਂ ਨਾ ਜਨਮੇ ਤਾਂ ਪਰਮੇਸੁਰ ਦੇ ਰਾਜ ਵਿੱਚ ਵੜ ਨਹੀਂ ਸੱਕਦਾ ॥
੬॥ ਜੋ ਜੋਹੜਾ ਸਰੀਰ ਥੋਂ ਜਨਮਿਆ ਉਹ ਸਰੀਰ ਹੈ ਅਤੇ ਜੋ ਜੋਹੜਾ ਆਤਮਾ ਥੋਂ ਜਨਮਿਆ ਉ-
ਹ ਆਤਮਾ ਹੈ ॥੭॥ ਅਚਰਜ ਨਾ ਮੰਨੀਂ ਜੋ ਮੈਂ ਤੈਨੂੰ ਆਖਿਆ ਭਈ ਤੁਹਾਨੂੰ ਨਵੇਂ ਸਿਰੇ ਜਨਮ

Original with:
Language Department Punjab
Digitized by:
Panjab Digital Library

ਧਾਰਨ ਜ਼ਰੂਰ ਹੈ ॥ ੮ ॥ ਪੌਣ ਜਿੱਥਰ ਚਾਹੁੰਦੀ ਹੈ ਵਗਦੀ ਹੈ ਅਤੇ ਤੂੰ ਉਹ ਦੀ ਅਵਾਜ਼ ਸੁਣ-
ਦਾ ਹੈਂ ਪਰ ਇਹ ਨਹੀਂ ਜਾਣਦਾ ਜੋ ਉਹ ਕਿੱਧਰੋਂ ਆਈ ਅਤੇ ਕਿੱਧਰ ਨੂੰ ਜਾਂਦੀ ਹੈ। ਹਰ ਕੋਈ
ਜੋ ਆਤਮਾ ਥੋਂ ਜਨਮਿਆ ਸੋ ਇਹੋ ਜਿਹਾ ਹੈ ॥ ੯ ॥ ਨਿਕੁਦੇਮੁਸ ਨੈ ਉਹ ਨੂੰ ਉੱਤਰ ਦਿੱਤਾ ਜੋ ਏ-
ਹ ਗੱਲਾਂ ਕਿੱਕੁਰ ਹੋ ਸੱਕਦੀਆਂ ਹਨ ॥ ੧੦ ॥ ਯਿਸੂ ਨੈ ਉਹ ਨੂੰ ਉੱਤਰ ਦਿੱਤਾ ਕਿਆ ਤੂੰ ਇਸ-
ਰਾਈਲੀਆਂ ਦਾ ਗੁਰੂ ਹੋਕੇ ਏਹ ਗੱਲਾਂ ਨਹੀਂ ਸਮਝਦਾ ॥ ੧੧ ॥ ਮੈਂ ਤੈਨੂੰ ਸੱਚ ਸੱਚ ਆਖਨ
ਹਾਂ ਕਿ ਜਿਹੜੀ ਗੱਲ ਅਸੀਂ ਜਾਣਦੇ ਹਾਂ ਸੋਈ ਕਹਿੰਦੇ ਹਾਂ ਅਤੇ ਜੋ ਅਸਾਂ ਵੇਖਿਆ ਹੈ ਉਸੇ
ਦੀ ਸਾਖੀ ਦਿੰਦੇ ਹਾਂ ਅਰ ਤੁਸੀਂ ਸਾਡੀ ਸਾਖੀ ਨਹੀਂ ਮੰਨਦੇ ॥ ੧੨ ॥ ਜਦ ਮੈਂ ਤੁਹਾ ਨੂੰ ਸੰਸਾਰੀ
ਗੱਲਾਂ ਦੱਸੀਆਂ ਅਤੇ ਤੁਸਾਂ ਪਰਤੀਤ ਨਾ ਕੀਤੀ ਫੇਰ ਜੇ ਮੈਂ ਤੁਹਾ ਨੂੰ ਸ੍ਵਰਗੀ ਗੱਲਾਂ ਦੱਸਾਂ ਤਾਂ
ਤੁਸੀਂ ਕਿਸ ਬਿਧ ਪਰਤੀਤ ਕਰੋਗੇ ॥ ੧੩ ॥ ਅਤੇ ਸੁਰਗ ਨੂੰ ਕੋਈ ਨਹੀਂ ਚੜ੍ਹਿਆ ਪਰ ਉਹ ਜਿ-
ਹੜਾ ਸੁਰਗ ਥੋਂ ਉੱਤਰਿਆ ਅਰਥਾਤ ਮਨੁੱਖ ਦਾ ਪੁਤ੍ਰ ਜੋ ਸੁਰਗ ਵਿੱਚ ਹੈ ॥ ੧੪ ॥ ਅਤੇ ਜਿਸ
ਤਰਾਂ ਮੂਸਾ ਨੈ ਉਜਾੜ ਵਿੱਚ ਸੱਪ ਨੂੰ ਉੱਚਾ ਕੀਤਾ ਇਸੇ ਤਰਾਂ ਜ਼ਰੂਰ ਹੈ ਜੋ ਮਨੁੱਖ ਦਾ ਪੁਤ੍ਰ ਥੀਉਂ-
ਚਾ ਕੀਤਾ ਜਾਵੇ ॥ ੧੫ ॥ ਤਾਂ ਹਰੇਕ ਜੋ ਨਿਹਚਾ ਕਰਦਾ ਹੈ ਉਹ ਉਸ ਵਿੱਚ ਸਦੀਪਕ ਜੀਉਣ ਪ੍ਰਾਪ-
ਤ ਕਰੇ ॥ ੧੬ ॥ ਕਿਉਂਕਿ ਪਰਮੇਸ੍ਵਰ ਨੈ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਸ ਨੈ ਆਪਣ
ਇਕਲੌਤਾ ਪੁਤ੍ਰ ਦਿੱਤਾ ਤਾਂ ਹਰੇਕ ਜੋ ਉਸ ਉੱਤੇ ਨਿਹਚਾ ਕਰਦਾ ਹੈ ਉਹ ਦਾ ਨਾਸ ਨਾ ਹੋਵੇ ਸਗੋਂ ਸ-
ਦੀਪਕ ਜੀਉਣ ਪਾਵੇ ॥ ੧੭ ॥ ਕਿਉਂਕਿ ਪਰਮੇਸ੍ਵਰ ਨੈ ਪੁਤ੍ਰ ਨੂੰ ਜਗਤ ਵਿੱਚ ਇਸ ਲਈ ਨਹੀਂ
ਘੱਲਿਆ ਜੋ ਉਹ ਜਗਤ ਨੂੰ ਦੋਸੀ ਠਹਰਾਵੇ ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਮੁਕਤਿ

Original w
Language Department Punjab
Digitized by:
Panjab Digital Library

ਪਾਵੇ ॥੧੮॥ ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ ਉਹ ਦੋਸੀ ਨਹੀਂ ਠਹਿਰਦਾ ਪਰ ਜਿਹੜਾ
ਨਿਹਚਾ ਨਹੀਂ ਕਰਦਾ ਉਹ ਦੋਸੀ ਠਹਿਰ ਚੁੱਕਿਆ ਕਿਉਂਕਿ ਉਸ ਨੇ ਪਰਮੇਸ਼ੁਰ ਦੇ ਇਕਲੌਤੇ ਪੁ-
ਤ੍ਰ ਦੇ ਨਾਉਂ ਉੱਤੇ ਨਿਹਚਾ ਨਹੀਂ ਕੀਤੀ ਹੈ ॥੧੯॥ ਅਤੇ ਦੋਸੀ ਠਹਿਰਨ ਦਾ ਇਹ ਕਾਰਨ ਹੈ ਕਿ ਚਾਨ-
ਣ ਜਗਤ ਵਿੱਚ ਆਇਆ ਅਤੇ ਮਨੁੱਖਾਂ ਨੇ ਆਪਣੇ ਕੰਮਾਂ ਦੇ ਬੁਰੇ ਹੋਣ ਕਰਕੇ ਅਨੇਰੇ ਨੂੰ ਚਾਨ-
ਣ ਨਾਲੋਂ ਵਧੀਕ ਪਿਆਰ ਕੀਤਾ ॥੨੦॥ ਕਿਉਂਕਿ ਹਰੇਕ ਜੋ ਮੰਦੇ ਕੰਮ ਕਰਦਾ ਹੈ ਸੋ ਚਾਨਣ ਨਾਲ
ਵੈਰ ਰੱਖਦਾ ਹੈ ਅਤੇ ਚਾਨਣ ਕੋਲ ਨਹੀਂ ਆਉਂਦਾ ਕਿਤੇ ਐਉਂ ਨਾ ਹੋਵੇ ਜੋ ਉਹ ਦੇ ਕੰਮ ਬੁਰੇ ਸਾਬ-
ਤ ਹੋਣ ॥੨੧॥ ਪਰ ਜਿਹੜਾ ਸੱਤ ਕਰਦਾ ਹੈ ਉਹ ਚਾਨਣ ਕੋਲ ਆਉਂਦਾ ਹੈ ਇਸ ਲਈ ਜੋ ਉਹ
ਦੇ ਕੰਮ ਪਰਗਟ ਹੋਣ ਭਈ ਓਹ ਪਰਮੇਸ਼ੁਰ ਵਿੱਚ ਕੀਤੇ ਹੋਏ ਹਨ ॥ ॥੨੨॥ ਇਹ ਦੇ
ਪਿੱਛੋਂ ਯਿਸੂ ਅਤੇ ਉਹ ਦੇ ਸਿੱਖ ਯਹੂਦਿਯਾ ਦੀ ਧਰਤੀ ਵਿੱਚ ਆਏ ਅਰ ਉਹ ਉੱਥੇ ਉਨ੍ਹਾਂ ਦੇ ਨਾ-
ਲ ਟਿਕਿਆ ਅਤੇ ਬਪਤਿਸਮਾ ਦਿੰਦਾ ਰਿਹਾ ॥੨੩॥ ਅਰ ਯੂਹੰਨਾ ਬੀ ਸਲੀਮ ਦੇ ਨੇੜੇ ਐ-
ਨੋਨ ਵਿੱਚ ਬਪਤਿਸਮਾ ਦਿੰਦਾ ਸੀ ਕਿਉਂਕਿ ਉੱਥੇ ਜਲ ਬਹੁਤ ਸੀ ਅਤੇ ਲੋਕ ਆਉਂਦੇ ਅਤੇ ਬ-
ਪਤਿਸਮਾ ਲੈਂਦੇ ਸਨ ॥੨੪॥ ਕਿਉਂਕਿ ਯੂਹੰਨਾ ਅਜੇ ਕੈਦ ਵਿੱਚ ਨਹੀਂ ਸੁੱਟਿਆ ਗਿਆ ਸੀ ॥
੨੫॥ ਤਦੋਂ ਯੂਹੰਨਾ ਦੇ ਸਿੱਖਾਂ ਦਾ ਕਿਸੇ ਯਹੂਦੀ ਨਾਲ ਸੁੱਧ ਅਸੁੱਧ ਹੋਣ ਦੇ ਵਿਖੇ ਵਾਦ ਹੋਇਆ
॥੨੬॥ ਅਤੇ ਉਨ੍ਹਾਂ ਨੇ ਯੂਹੰਨਾ ਕੋਲ ਆਣ ਕੇ ਉਹ ਨੂੰ ਕਿਹਾ ਸੁਆਮੀ ਜੀ ਜਿਹੜਾ ਯਰਦਨ ਦੇ
ਪਾਰ ਤੇਰੇ ਨਾਲ ਸੀ ਜਿਹ ਦੇ ਉੱਤੇ ਤੈਂ ਸਾਖੀ ਦਿੱਤੀ ਸੋ ਵੇਖ ਉਹ ਬਪਤਿਸਮਾ ਦਿੰਦਾ ਹੈ ਅਤੇ ਸਭ
ਲੋਕ ਉਹ ਦੇ ਕੋਲ ਆਉਂਦੇ ਹਨ ॥੨੭॥ ਯੂਹੰਨਾ ਨੇ ਉੱਤਰ ਦਿੱਤਾ ਕਿ ਮਨੁੱਖ ਜੇ ਉਹ ਨੂੰ ਸੁਰਗੋਂ

Original with:
Language Department Punjab
Digitized by:
Panjab Digital Library

ਦਿੱਤਾ ਨਾ ਜਾਵੇ ਤਾਂ ਕੁਛ ਨਹੀਂ ਪਾ ਸੱਕਦਾ ॥੨੮॥ ਤੁਸੀਂ ਆਪ ਮੇਰੇ ਲਈ ਸਾਖੀ ਦਿੰਦੇ ਹੋ ਜੋ ਮੈਂ ਆਖਿਆ ਕਿ ਮੈਂ ਮਸੀਹ ਨਹੀਂ ਪਰ ਉਹਦੇ ਅੱਗੇ ਭੇਜਿਆ ਹੋਇਆ ਹਾਂ ॥੨੯॥ ਜਿਹ ਦੀ ਵਹੁਟੀ ਹੈ ਉਹੋ ਲਾੜਾ ਹੁੰਦਾ ਹੈ ਪਰ ਲਾੜੇ ਦਾ ਮਿੱਤ੍ਰ ਜੋ ਖੜੋਕੇ ਉਹਦੀ ਸੁਣਦਾ ਹੈ ਲਾੜੇ ਦੇ ਸ਼ਬਦ ਨਾਲ ਵੱਡਾ ਅਨੰਦ ਹੁੰਦਾ ਹੈ ਸੋ ਮੇਰਾ ਇਹ ਅਨੰਦ ਪੂਰਾ ਹੋਇਆ ਹੈ ॥੩੦॥ ਜ਼ਰੂਰ ਹੈ ਜੋ ਉਹ ਵਧੇ ਅਤੇ ਮੈਂ ਘਟਾਂ ॥ ॥੩੧॥ ਜਿਹੜਾ ਉੱਪਰੋਂ ਆਉਂਦਾ ਹੈ ਉਹ ਸਭਨਾਂ ਥੋਂ ਉੱਪਰ ਹੈ। ਜਿਹੜਾ ਧਰਤੀ ਓਂ ਹੁੰਦਾ ਹੈ ਉਹ ਧਰਤੀ ਹੀ ਦਾ ਹੈ ਅਤੇ ਧਰਤੀ ਦੀ ਬੋਲਦਾ ਹੈ। ਜਿਹੜਾ ਸੁਰਗੋਂ ਆਉਂਦਾ ਹੈ ਉਹ ਸਭਨਾਂ ਥੋਂ ਉੱਪਰ ਹੈ ॥੩੨॥ ਜੋ ਕੁਛ ਉਸ ਨੈ ਵੇਖਿਆ ਅ-
ਤੇ ਸੁਣਿਆ ਹੈ ਉਹ ਉਸ ਦੀ ਸਾਖੀ ਦਿੰਦਾ ਹੈ ਅਤੇ ਉਹ ਦੀ ਸਾਖੀ ਕੋਈ ਨਹੀਂ ਮੰਨਦਾ ॥੩੩॥ ਜਿਸ ਨੈ ਉਹ ਦੀ ਸਾਖੀ ਮੰਨ ਲਈ ਉਹ ਨੈ ਮੁਹਰ ਕੀਤੀ ਹੈ ਜੋ ਪਰਮੇਸੁਰ ਸੱਤ ਹੈ ॥੩੪॥ ਕਿਉ-
ਕਿ ਜਿਹ ਨੂੰ ਪਰਮੇਸੁਰ ਨੈ ਭੇਜਿਆ ਹੈ ਸੋ ਪਰਮੇਸੁਰ ਦੀਆਂ ਗੱਲਾਂ ਬੋਲਦਾ ਹੈ ਇਸ ਲਈ ਜੋ ਉਹ ਆਤਮਾ ਮਿਣਕੇ ਨਹੀਂ ਦਿੰਦਾ ॥੩੫॥ ਪਿਤਾ ਪੁਤ੍ਰ ਨੂੰ ਪਿਆਰ ਕਰਦਾ ਹੈ ਅਤੇ ਸਭੋ ਕੁ-
ਛ ਉਹ ਦੇ ਹੱਥ ਸੌਂਪ ਦਿੱਤਾ ਹੈ ॥੩੬॥ ਜਿਹੜਾ ਪੁਤ੍ਰ ਪੁਰ ਨੇਹ ਚਾ ਕਰਦਾ ਹੈ ਸਦੀਪਕ ਜੀਉਣ ਉਸ ਦਾ ਹੈ ਪਰ ਜੋ ਪੁਤ੍ਰ ਨੂੰ ਨਹੀਂ ਮੰਨਦਾ ਸੋ ਜੀਉਣ ਨਾ ਵੇਖੇਗਾ ਸਗੋਂ ਪਰਮੇਸੁਰ ਦਾ ਕ੍ਰੋਧ ਉ-
ਸ ਉੱਤੇ ਰਹਿੰਦਾ ਹੈ ॥

੪ ਕਾਂਡ ॥

ਉਪਰੰਦ ਜਾਂ ਪ੍ਰਭੂ ਨੈ ਜਾਣਿਆ ਜੋ ਫਰੀਸੀਆਂ ਨੈ ਇਹ ਸੁਣਿਆ ਹੈ ਕਿ ਯਿ-
ਸੂ ਸ਼ੁਹੱਨਾ ਨਾਲੋਂ ਬਹੁਤੇ ਸਿੱਖ ਬਣਾਉਂਦਾ ਅਤੇ ਉਨਾਂ ਨੂੰ ਬਪਤਿਸਮਾ ਦਿੰਦ ੦

Original with
Language Department Punjab
Digitized by:
Panjab Digital Library

ਪੈ ॥੨॥ ਭਾਵੇਂ ਯਿਸੂ ਆਪੇ ਤਾਂ ਨਹੀਂ ਪਰ ਉਹ ਦੇ ਸਿੱਖ ਬਪਤਿਸਮਾ ਦਿੰਦੇ ਸਨ ॥੩॥ ਤਦੋਂ ਉਹ
ਯਹੂਦਿਯਾ ਨੂੰ ਛੱਡ ਕੇ ਫਿਰ ਗਲੀਲ ਵਿੱਚ ਗਿਆ ॥੪॥ ਅਤੇ ਉਸ ਨੂੰ ਸਾਮਰਿਯਾ ਦੇ ਵਿੱਚੋਂ ਦੀ
ਲੰਘਣਾ ਪਿਆ ॥੫॥ ਉਪਰੰਦ ਉਹ ਸੁਖਾਰ ਨਾਮੇ ਸਾਮਰਿਯਾ ਦੇ ਇੱਕ ਨਗਰ ਦੇ ਮੁੱਢ ਆਇ-
ਆ ਜੋ ਉਸ ਜ਼ਿਮੀਂ ਦੇ ਨੇੜੇ ਸੀ ਜਿਹੜੀ ਯਾਕੂਬ ਨੈ ਆਪਣੇ ਪੁੜ ਯੂਸੁਫ ਨੂੰ ਦਿੱਤੀ ॥੬॥ ਅਰ ਉੱ-
ਥੇ ਯਾਕੂਬ ਦਾ ਖੂਹ ਹੈਸੀ। ਸੋ ਯਿਸੂ ਪੈਂਡੇ ਤੋਂ ਥੱਕ ਕੇ ਉਸ ਖੂਹ ਪੁਰ ਐਵੇਂ ਬੈਠ ਗਿਆ। ਉਹ ਦੁਪ-
ਹਿਰ ਕੁ ਦਾ ਵੇਲਾ ਸੀ ॥੭॥ ਤਦ ਸਾਮਰਿਯਾ ਦੀ ਇੱਕ ਤੀਮੀ ਜਲ ਭਰਨੇ ਆਈ। ਯਿਸੂ ਨੈ ਉਹ
ਨੂੰ ਆਖਿਆ ਮੈ ਨੂੰ ਜਲ ਪਿਆਉ ॥੮॥ ਕਿ ਉਹ ਦੇ ਸਿੱਖ ਖਾਣ ਲਈ ਕੁਛ ਮੁੱਲ ਲਿਆਉਣ
ਨੂੰ ਨਗਰ ਵਿੱਚ ਗਏ ਹੋਏ ਸਨ ॥੯॥ ਤਾਂ ਉਸ ਸਾਮਰੀ ਤੀਮੀ ਨੈ ਉਹ ਨੂੰ ਆਖਿਆ ਭਲਾ ਤੂੰ
ਯਹੂਦੀ ਹੋਕੇ ਮੇਰੇ ਕੋਲੋਂ ਜੋ ਸਾਮਰੀ ਤੀਮੀ ਹਾਂ ਪੀਣ ਨੂੰ ਕਿਵੇਂ ਮੰਗਦਾ ਹੈਂ। ਕਿਉਂ ਜੋ ਯਹੂਦੀ ਸਾਮ-
ਰੀਆਂ ਨਾਲ ਨਹੀਂ ਵਰਤਦੇ ॥੧੦॥ ਯਿਸੂ ਨੈ ਉਹ ਨੂੰ ਉੱਤਰ ਦਿੱਤਾ ਜੇ ਤੂੰ ਪਰਮੇਸ਼ੁਰ ਦੀ ਦਾਤ ਨੂੰ ਜਾ-
ਣਦੀ ਅਤੇ ਇਹ ਕਿ ਉਹ ਕੌਣ ਹੈ ਜੋ ਤੈਨੂੰ ਆਖਦਾ ਹੈ ਭਈ ਮੈ ਨੂੰ ਜਲ ਪਿਆਉ ਤਾਂ ਤੂੰ ਉਸ ਕੋਲੋਂ
ਮੰਗਦੀ ਅਤੇ ਉਹ ਤੈਨੂੰ ਅੰਮ੍ਰਿਤ ਜਲ ਦਿੰਦਾ ॥੧੧॥ ਤੀਮੀ ਨੈ ਉਸ ਨੂੰ ਆਖਿਆ ਮਹਾਰਾਜ
ਤੇਰੇ ਕੋਲ ਕੋਈ ਡੋਲ ਬੀ ਨਹੀਂ ਹੈ ਅਤੇ ਨਾਲੇ ਖੂਹ ਬੀ ਡੂੰਘਾ ਹੈ ਫੇਰ ਅੰਮ੍ਰਿਤ ਜਲ ਤੈ ਨੂੰ ਕਿੱਥੋਂ
ਮਿਲਿਆ ਹੈ ॥੧੨॥ ਭਲਾ ਤੂੰ ਸਾਡੇ ਪਿਤਾ ਯਾਕੂਬ ਥੋਂ ਵਡਾ ਹੈਂ ਜਿਹ ਨੈਸਾ ਨੂੰ ਇਹ ਖੂਹ ਦਿੱਤਾ ਅ-
ਤੇ ਉਸ ਨੈ ਆਪ ਅਤੇ ਨਾਲੇ ਉਹ ਦੇ ਪੁੜਾਂ ਅਤੇ ਉਹ ਦੇ ਪਸੂਆਂ ਨੈ ਇਸ ਵਿੱਚੋਂ ਪੀਤਾ ॥੧੩॥
ਯਿਸੂ ਨੈ ਉਹ ਨੂੰ ਉੱਤਰ ਦਿੱਤਾ ਕਿ ਹਰੇਕ ਜੋ ਇਹ ਜਲ ਪੀਂਦਾ ਹੈ ਸੋ ਫੇਰ ਤਿਹਾਇਆ ਹੋਵੇਗਾ ॥

Original with:
Language Department Punjab
Digitized by:
Panjab Digital Library

੧੪॥ ਪਰ ਜੋ ਕੋਈ ਮੇਰਾ ਦਿੱਤਾ ਹੋਇਆ ਜਲ ਪੀਊ ਸੋ ਸਦੀਵ ਕਾਲ ਤੀਕੁ ਕਦੇ ਤਿਹਾਇਆ ਨਾ ਹੋਵੇਗਾ ਸਗੋਂ ਉਹ ਜਲ ਜੋ ਮੈਂ ਉਸ ਨੂੰ ਦਿਆਗਾ ਉਹ ਦੇ ਵਿੱਚ ਜਲ ਦਾ ਇੱਕ ਸੋਮਾ ਬਣ ਜਾਊਗਾ ਜੋ ਅਨੰਤ ਜੀਉਣ ਤੀਕੁਰ ਉੱਛਲਦਾ ਰਹੂ॥ ੧੫॥ ਤੀਮੀ ਨੈ ਉਹ ਨੂੰ ਆਖਿਆ ਮਹਾਰਾਜ ਇਹ ਜਲ ਮੈ ਨੂੰ ਦਿਹ ਜੋ ਮੈਂ ਤਿਹਾਈ ਨਾ ਹੋਵਾਂ ਅਤੇ ਨਾ ਐਥੇ ਤਾਈਂ ਭੁਰਨ ਨੂੰ ਆਇਆ ਕਰਾਂ॥ ੧੬॥ ਯਿਸੂ ਨੈ ਉਹ ਨੂੰ ਆਖਿਆ ਜਾਹ ਆਪਣੇ ਭੁਰਤਾ ਨੂੰ ਐਥੇ ਸੱਦ ਲਿਆ॥ ੧੭॥ ਤੀਮੀ ਨੈ ਉਹ ਨੂੰ ਉੱਤਰ ਦਿੱਤਾ ਕਿ ਮੇਰਾ ਭੁਰਤਾ ਹੈ ਨਹੀਂ। ਯਿਸੂ ਨੈ ਉਸ ਨੂੰ ਆਖਿਆ ਤੈਂ ਠੀਕ ਕਿਹਾ ਜੋ ਮੇਰਾ ਭੁਰਤ ਹੈ ਨਹੀਂ॥ ੧੮॥ ਕਿਉਂਕਿ ਤੂੰ ਪੰਜ ਭੁਰਤੇ ਕਰ ਚੁੱਕੀ ਹੈਂ ਅਤੇ ਜਿਹੜਾ ਹੁਣ ਤੇਰੇ ਕੋਲ ਹੈ ਸੋ ਤੇਰਾ ਭੁ-
ਰਤਾ ਨਹੀਂ ਤੈਂ ਇਹ ਸੱਤ ਆਖਿਆ ਹੈ॥ ੧੯॥ ਤੀਮੀ ਨੈ ਉਹ ਨੂੰ ਕਿਹਾ ਮਹਾਰਾਜ ਮੈ ਨੂੰ ਸੁੱਝਦਾ ਹੈ ਜੋ ਤੂੰ ਪਿਕੰਬਰ ਹੈਂ॥ ੨੦॥ ਸਾਡੇ ਵਡਿਆਂ ਨੈ ਇਸ ਪਰਬਤ ਉੱਤੇ ਭੁਗਤੀ ਕੀਤੀ ਅਤੇ ਤੁਸੀਂ ਲੋਕ ਆਖਦੇ ਹੋ ਜੋ ਉਹ ਅਸਥਾਨ ਯਰੂਸਲੀਮ ਵਿੱਚ ਹੈ ਜਿੱਥੇ ਭੁਗਤੀ ਕਰਨੀ ਜੋਗ ਹੈ॥ ੨੧॥ ਯਿ-
ਸੂ ਨੈ ਉਹ ਨੂੰ ਆਖਿਆ ਹੇ ਤੀਮਤ ਤੂੰ ਮੇਰੀ ਪਰਤੀਤ ਕਰ ਕਿ ਉਹ ਸਮਾ ਆਉਂਦਾ ਹੈ ਜੋ ਤੁਸੀਂ ਨਾ ਤਾ ਇਸ ਪਰਬਤ ਪੁਰ ਅਤੇ ਨਾ ਯਰੂਸਲੀਮ ਵਿੱਚ ਪਿਤਾ ਦੀ ਭੁਗਤੀ ਕਰੋਗੇ॥ ੨੨॥ ਤੁਸੀਂ ਜਿਹ ਨੂੰ ਨਹੀਂ ਜਾਣਦੇ ਉਹ ਦੀ ਭੁਗਤੀ ਕਰਦੇ ਹੋ। ਅਸੀਂ ਉਹ ਦੀ ਭੁਗਤੀ ਕਰਦੇ ਹਾਂ ਜਿਹ ਨੂੰ ਜਾਣਦੇ ਹਾਂ ਇਸ ਲਈ ਜੋ ਮੁਕਤਿ ਯਹੂਦੀਆਂ ਥੀਂ ਹੈ॥ ੨੩॥ ਪਰ ਉਹ ਸਮਾ ਆਉਂਦਾ ਹੈ ਅਤੇ ਹੁਣੇ ਹੈ ਜੋ ਸੱ-
ਚੇ ਭੁਗਤ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਭੁਗਤੀ ਕਰਨਗੇ ਕਿਉਂਕਿ ਪਿਤਾ ਏਹੋ ਜੇਹੇ ਭੁਗਤਾਂ ਨੂੰ ਚਾਹੁੰਦਾ ਹੈ॥ ੨੪॥ ਪਰਮੇਸੁਰ ਆਤਮਾ ਹੈ ਅਤੇ ਜੋ ਉਸ ਦੀ ਭੁਗਤੀ ਕਰਦੇ ਹਨ

...l w...
...e Department Punjab
...Library

ਜਰੂਰ ਹੈ ਜੋ ਓਹ ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨ ॥੨੫॥ ਤੀਮੀ ਨੇ ਉਹ ਨੂੰ ਆਖਿਆ ਮੈਂ ਜਾਣਦੀ ਹਾਂ ਜੋ ਮਸੀਹ ਆਉਂਦਾ ਹੈ ਜਿਹ ਨੂੰ ਖ੍ਰੀਸਟ ਕਰਕੇ ਸੱਦੀਦਾ ਹੈ। ਜਾਂ ਉਹ ਆਊਗਾ ਤਾਂ ਸਾ ਨੂੰ ਸਭੋ ਕੁਛ ਦੱਸੂ ॥੨੬॥ ਯਿਸੂ ਨੇ ਉਹ ਨੂੰ ਆਖਿਆ ਮੈਂ ਜੋ ਤੇਰੇ ਨਾਲ ਬੋਲਦਾ ਹਾਂ ਸੋ ਉਹੋ ਹਾਂ ॥ ॥੨੭॥ ਇੱਨੇ ਨੂੰ ਉਹ ਦੇ ਸਿੱਖ ਆ ਗਾਏ ਅਤੇ ਅਚਰਜ ਮੰਨਿਆ ਜੋ ਉਹ ਤੀਮੀ ਨਾਲ ਗੱਲਾਂ ਕਰਦਾ ਹੈ ਤਾਂ ਬੀ ਕਿਨੇ ਨਾ ਕਿਹਾ ਭਈ ਤੂੰ ਕੀ ਮੰਗਦਾ ਹੈਂ ਅਥਵਾ ਇਸ ਨਾਲ ਕਿਉਂ ਗੱਲਾਂ ਕਰਦਾ ਹੈਂ ॥੨੮॥ ਉਪਰੰਦ ਤੀਮੀ ਆਪਣਾ ਘੜਾ ਛੱਡਕੇ ਨਗਰ ਵਿੱਚ ਗਈ ਅਤੇ ਲੋਕਾਂ ਨੂੰ ਆਖਿਓਸ ॥੨੯॥ ਚੱਲੋ ਇੱਕ ਮਨੁੱਖ ਨੂੰ ਵੇਖੋ ਜਿਹ ਨੇ ਜੋ ਕੁਛ ਮੈਂ ਕੀਤਾ ਹੈ ਸਭੋ ਮੈ ਨੂੰ ਦੱਸ ਦਿੱਤਾ ਇਹ ਕਿਤੇ ਮਸੀਹ ਤਾਂ ਨਹੀਂ ॥੩੦॥ ਅਤੇ ਓਹ ਨਗਰੋਂ ਨਿੱਕਲਕੇ ਉਹ ਦੇ ਕੋਲ ਆਉਣ ਲੱਗੇ ॥੩੧॥ ਇੱਨੇ ਨੂੰ ਸਿੱਖਾਂ ਨੇ ਇਹ ਕਹਿਕੇ ਉਹ ਦੇ ਅੱਗੇ ਅਰਜ ਕੀਤੀ ਕਿ ਸੁਆਮੀ ਜੀ ਕੁਝ ਖਾਹ ॥੩੨॥ ਪਰ ਉਸ ਨੇ ਉਨਾਂ ਨੂੰ ਆਖਿਆ ਜੋ ਖਾਣ ਵਾਸਤੇ ਮੇਰੇ ਕੋਲ ਭੋਜਨ ਹੈ ਜਿਹ ਨੂੰ ਤੁਸੀਂ ਨਹੀਂ ਜਾਣਦੇ ॥੩੩॥ ਇਸ ਕਾਰਨ ਸਿੱਖ ਆਪਸ ਵਿੱਚ ਕਹਿਣ ਲੱਗੇ ਕਿਆ ਕੋਈ ਇਹ ਦੇ ਖਾਣ ਲਈ ਕੁਝ ਲਿਆਇਆ ਹੈ ॥੩੪॥ ਯਿਸੂ ਨੇ ਉਨਾਂ ਨੂੰ ਆਖਿਆ ਮੇਰਾ ਭੋਜਨ ਇਹੋ ਹੈ ਜੋ ਆਪਣੇ ਭੇਜਣ ਵਾਲੇ ਦੀ ਮਰਜੀ ਉੱਤੇ ਚੱਲਾਂ ਅਰ ਉਹ ਦਾ ਕੰਮ ਸਿਰੇ ਚਾੜ੍ਹਾਂ ॥੩੫॥ ਕੀ ਤੁਸੀਂ ਨਹੀਂ ਆਖਦੇ ਕਿ ਅਜੇ ਚਾਰ ਮਹੀਨੇ ਹਨ ਤਦ ਵਾਢੀ ਹੋਊਗੀ। ਵੇਖੋ ਮੈਂ ਤੁਹਾ ਨੂੰ ਆਖਦਾ ਹਾਂ ਜੋ ਆਪਣੀਆਂ ਅੱਖਾਂ ਚੁੱਕੋ ਅਤੇ ਪੈਲੀਆਂ ਨੂੰ ਵੇਖੋ ਜੋ ਓਹ ਵਾਢੀ ਦੇ ਲਈ ਪੱਕਕੇ ਪੀਲੀਆਂ ਹੋ ਗਈਆਂ ॥੩੬॥ ਜਿਹੜਾ ਵੱਢਦਾ ਹੈ ਉਹ

Original with:
Language Department Punjab
Digitized by:
Panjab Digital Library

ਮਜੂਰੀ ਲੈਂਦਾ ਅਤੇ ਸਦੀਪਕ ਜੀਉਣ ਵਾਸਤੇ ਫਲ ਕੱਠਾ ਕਰਦਾ ਹੈ ਤਾਂ ਬੀਜਣਵਾਲਾ ਅਤੇ ਵੱਢਣਵਾਲਾ ਦੋਵੇਂ ਅਨੰਦ ਹੋਣ ॥੩੭॥ ਕਿਉਂ ਜੋ ਇਸ ਪੁਰ ਇਹ ਕਹਾਉਤ ਠੀਕ ਫੱਬਦੀ ਹੈ ਕਿ ਬੀਜੇ ਕੋਈ ਅਤੇ ਵੱਢੇ ਕੋਈ ॥ ੩੮ ॥ ਜਿਹ ਦੇ ਵਿੱਚ ਤੁਸਾਂ ਮਿਹਨਤ ਨਾ ਕੀਤੀ ਉਹ ਦੇ ਵੱਢਣ ਨੂੰ ਮੈਂ ਤੁਹਾ ਨੂੰ ਘੱਲਿਆ। ਹੋਰਨਾਂ ਨੈ ਮਿਹਨਤ ਕੀਤੀ ਅਰ ਤੁਸੀਂ ਉਨ੍ਹਾਂ ਦੀ ਮਿਹਨਤ ਵਿੱਚ ਸਾਂਝੀ ਹੋਏ ॥

॥ ੩੯ ॥ ਅਤੇ ਉਸ ਨਗਰ ਦੇ ਸਾਮਰੀਆਂ ਵਿੱਚੋਂ ਬਹੁਤਿਆਂ ਨੈ ਉਸ ਤੀਮੀਂ ਦੇ ਕਹਿਣੇ ਕਰਕੇ ਉਸ ਉੱਤੇ ਨਿਹਚਾ ਕੀਤੀ ਕਿ ਉਹ ਨੈ ਸਾਖੀ ਦਿੱਤੀ ਸੀ ਭਈ ਜੋ ਕੁਛ ਮੈਂ ਕੀਤਾ ਹੈ ਉਸ ਨੈ ਸਭੋ ਮੈਨੂੰ ਦੱਸ ਦਿੱਤਾ ॥ ੪੦ ॥ ਸੋ ਉਨ੍ਹਾਂ ਸਾਮਰੀਆਂ ਨੈ ਜਾਂ ਉਹ ਦੇ ਕੋਲ ਆਏ ਤਾਂ ਉਸ ਦੇ ਅੱਗੇ ਅਰਜ ਕੀਤੀ ਜੋ ਸਾਡੇ ਕੋਲ ਹੀ ਰਹੁ। ਫੇਰ ਉਹ ਦੋ ਦਿਨ ਉੱਥੇ ਰਿਹਾ ॥ ੪੧ ॥ ਅਰ ਉਸ ਦੇ ਬਚਨ ਦੇ ਕਾਰਣ ਹੋਰ ਬਹੁਤਿਆਂ ਨੈ ਨਿਹਚਾ ਕੀਤੀ ॥ ੪੨ ॥ ਅਤੇ ਉਸ ਤੀਮੀ ਨੂੰ ਕਿਹਾ ਹੁਣ ਜੋ ਅਸੀਂ ਨਿਹਚਾ ਕਰਦੇ ਹਾਂ ਸੋ ਤੇਰੇ ਕਹਿਣੇ ਕਰਕੇ ਨਹੀਂ ਕਿਉਂਕਿ ਅਸਾਂ ਆਪ ਸੁਣਿਆ ਹੈ ਅਤੇ ਜਾਣਦੇ ਹਾਂ ਜੋ ਇਹ ਠੀਕ ਜਗਤ ਦਾ ਤਾਰਨਹਾਰਾ ਹੈ ॥

॥ ੪੩ ॥ ਅਤੇ ਇਨ੍ਹਾਂ ਦੁਹਾਂ ਦਿਨਾਂ ਦੇ ਪਿੱਛੋਂ ਉਹ ਉੱਥੋਂ ਗਲੀਲ ਨੂੰ ਚੱਲਿਆ ਗਿਆ ॥ ੪੪ ॥ ਕਿਉਂਕਿ ਯਿਸੂ ਨੈ ਆਪ ਹੀ ਸਾਖੀ ਦਿੱਤੀ ਸੀ ਜੋ ਪਿਕੰਬਰ ਦਾ ਆਪਣੇ ਦੇਸ ਵਿੱਚ ਆਦਰ ਨਹੀਂ ਹੁੰਦਾ ॥ ੪੫ ॥ ਸੋ ਜਦ ਉਹ ਗਲੀਲ ਵਿੱਚ ਆਇਆ ਗਲੀਲੀਆਂ ਨੈ ਉਹ ਨੂੰ ਅੰਗੀਕਾਰ ਕੀਤਾ ਕਿਉਂਕਿ ਸਭ ਕੁਛ ਜੋ ਉਸ ਨੈ ਯਰੂਸਲੀਮ ਵਿੱਚ ਤਿਉਹਾਰ ਦੇ ਵੇਲੇ ਕੀਤਾ ਸੀ ਉਨ੍ਹਾਂ ਨੈ ਵੇਖਿਆ ਇਸ ਲਈ ਜੋ ਓਹ ਭੀ ਉਸ ਤਿਉਹਾਰ ਨੂੰ ਗਏ ਸਨ ॥

॥ ੪੬ ॥ ਸੋ ਉਹ ਗਲੀਲ ਦੇ ਕਾਨਾ ਵਿੱਚ ਫੇਰ ਆਇਆ ਜਿੱਥੇ ਉਸ ਨੈ ਪਾਣੀ ਦੀ ਵੈਨ ਬਣਾਈ ਸੀ। ਅਤੇ

Original with:
Language Department Punjab
Digitized by:
Panjab Digital Library

ਇੱਕ ਮੁਸਾਹਿਬ ਸੀ ਜਿਹ ਦਾ ਪੁੱਤ ਕਫ਼ਰਨਾਹੂਮ ਵਿੱਚ ਰੋਗੀ ਸੀ ॥੪੭॥ ਉਹ ਸੈਨਾਂ ਸੁਣਿਆ ਜੋ ਯਿ-
ਸੂ ਯਹੂਦਿਯਾ ਥੋਂ ਗਲੀਲ ਵਿੱਚ ਆਇਆ ਹੈ ਤਾਂ ਉਹ ਦੇ ਕੋਲ ਜਾਕੇ ਮਿੰਨਤ ਕੀਤੀ ਜੋ ਆਣਕੇ ਮੇ-
ਰੇ ਪੁੜ ਨੂੰ ਚੰਗਾ ਕਰ ਕਿਉਂਕਿ ਉਹ ਮਰਨਾਊ ਸੀ ॥੪੮॥ ਤਦੋਂ ਯਿਸੂ ਨੈ ਉਹ ਨੂੰ ਆਖਿਆ ਕਿ ਜੇ ਤੂ-
ਸੀਂ ਨਸਾਨੀਆਂ ਅਤੇ ਕਰਾਮਾਤਾਂ ਨਾ ਵੇਖੋ ਤਾਂ ਪਰਤੀਤ ਕਦੇ ਨਾ ਕਰੋਗੇ ॥੪੯॥ ਮੁਸਾਹਿਬ ਨੈ ਉਹ
ਨੂੰ ਆਖਿਆ ਮਹਾਰਾਜ ਤੂੰ ਮੇਰੇ ਨੀਂਗਰ ਦੇ ਮਰਨ ਥੋਂ ਅੱਗੇ ਹੀ ਚੱਲ ॥੫੦॥ ਯਿਸੂ ਨੈ ਉਹ ਨੂੰ ਕਿਹਾ
ਜਾਹ ਤੇਰਾ ਪੁੜ ਜੀਉਂਦਾ ਹੈ। ਉਸ ਮਨੁੱਖ ਨੈ ਉਸ ਬਚਨ ਦੀ ਜਿਹੜਾ ਯਿਸੂ ਨੈ ਉਹ ਨੂੰ ਆਖਿਆ ਸੀ
ਪਰਤੀਤ ਕੀਤੀ ਅਤੇ ਚੱਲਿਆ ਗਿਆ ॥੫੧॥ ਅਤੇ ਉਹ ਅਜੇ ਚੱਲਿਆ ਹੀ ਜਾਂਦਾ ਸੀ ਜੋ ਉਹ ਦੇ
ਚਾਕਰ ਉਹ ਨੂੰ ਆ ਮਿਲੇ ਅਤੇ ਕਿਹਾ ਭਈ ਤੇਰਾ ਬਾਲਕ ਜੀਉਂਦਾ ਹੈ ॥੫੨॥ ਜੋ ਉਸ ਨੈ ਉਨਾਂ ਥੋਂ ਪੁੱ-
ਛਿਆ ਕਿ ਉਹ ਕਿਹੜਾ ਵੇਲਾ ਸੀ ਜਦੋਂ ਉਸ ਨੂੰ ਸੁਬਿਹਤਾ ਹੋਣ ਲੱਗਾ। ਜੋ ਉਨਾਂ ਉਸ ਨੂੰ ਆਖ-
ਆ ਕਲ ਦੁਪਹਿਰ ਪੁਰ ਇੱਕ ਬਜੇ ਥੋਂ ਉਹ ਦਾ ਤਾਪ ਲਹਿ ਗਿਆ ॥੫੩॥ ਤਦ ਪਿਉ ਨੈ ਜਾਣਿਆ
ਕਿ ਇਹ ਉਹੋ ਘੜੀ ਹੈ ਜਿਹ ਦੇ ਵਿੱਚ ਯਿਸੂ ਨੈ ਮੈ ਨੂੰ ਆਖਿਆ ਸੀ ਜੋ ਤੇਰਾ ਪੁੜ ਜੀਉਂਦਾ ਹੈ। ਅਤੇ
ਉਹ ਨੈ ਆਪ ਅਰ ਉਹ ਦੇ ਸਾਰੇ ਟੱਬਰ ਨੈ ਨਿਹਚਾ ਕੀਤੀ ॥੫੪॥ ਇਹ ਦੂਜੀ ਕਰਾਮਾਤ ਸੀ ਜਿਹ-
ੜੀ ਯਿਸੂ ਨੈ ਯਹੂਦਿਯਾ ਥੋਂ ਗਲੀਲ ਵਿੱਚ ਆਣਕੇ ਵਿਖਾਲੀ ॥

੫ ਕਾਂਡ ॥

ਇਹ ਦੇ ਪਿੱਛੋਂ ਯਹੂਦੀਆਂ ਦਾ ਇੱਕ ਤਿਉਹਾਰ ਸੀ ਅਤੇ ਯਿਸੂ ਯਰੂਸਲੀਮ ਨੂੰ
ਗਿਆ ॥ ॥੨॥ ਅਰ ਯਰੂਸਲੀਮ ਵਿੱਚ ਭੇਡਾਂ ਵਾਲੇ ਦਰਵੱਜੇ ਕੋਲ
ਇੱਕ ਤਾਲ ਹੈ ਜੋ ਇਬਰਾਨੀ ਭਾਖਾ ਵਿੱਚ ਬੈਤਹਸਦਾ ਕਰਕੇ ਸਦਾਉਂਦਾ ਹੈ ਜੋ ਉਹ ਦੇ ਪੰਜ ਦਲਾ-

Original with:
Language Department Punjab
Digitized by:
Panjab Digital Library

ਨਹਨ ॥੩॥ ਉਨਾਂ ਵਿੱਚ ਰੋਗੀ ਅਤੇ ਅਨੇ ਅਤੇ ਲੰਙੇ ਅਤੇ ਲੂਲੇ ਬਹੁਤ ਸਾਰੇ ਪਏ ਸਨ ॥੫॥ ਅਰ
ਉੱਥੇ ਇੱਕ ਮਨੁੱਖ ਸੀ ਜੋ ਅਠੱਤੀਆਂ ਵਰਿਹਾਂ ਥੋਂ ਆਪਣੇ ਰੋਗ ਦਾ ਮਾਰਿਆ ਹੋਇਆ ਸੀ ॥੬॥
ਯਿਸੂ ਨੇ ਉਹ ਨੂੰ ਪਿਆ ਹੋਇਆ ਵੇਖਕੇ ਅਤੇ ਇਹ ਜਾਣਕੇ ਜੋ ਉਹ ਨੂੰ ਹੁਣ ਬਹੁਤ ਚਿਰ ਹੋ ਗਿਆ ਹੈ
ਉਸ ਨੂੰ ਆਖਿਆ ਕੀ ਤੂੰ ਚੰਗਾ ਹੋਇਆ ਚਾਹੁੰਦਾ ਹੈਂ ॥੭॥ ਉਸ ਰੋਗੀ ਨੇ ਉਹ ਨੂੰ ਉੱਤਰ ਦਿੱਤਾ ਮ-
ਹਾਰਾਜ ਮੇਰਾ ਕੋਈ ਆਦਮੀ ਨਹੀਂ ਹੈ ਕਿ ਜਾਂ ਪਾਣੀ ਹਿਲਾਇਆ ਜਾਵੇ ਤਾਂ ਮੈਂ ਨੂੰ ਤਾਲ ਵਿੱਚ ਉਤਾ-
ਰੇ ਪਰ ਜਦ ਤੀਕੁ ਮੈਂ ਆਪ ਜਾਂਦਾ ਹਾਂ ਕੋਈ ਹੋਰ ਮੈਥੋਂ ਅੱਗੇ ਉੱਤਰ ਪੈਂਦਾ ਹੈ ॥੮॥ ਯਿਸੂ ਨੇ ਉਹ
ਨੂੰ ਆਖਿਆ ਉੱਠ ਆਪਣੀ ਮੰਜੀ ਚੁੱਕਕੇ ਤੁਰ ਪਉ ॥੯॥ ਅਤੇ ਓਵੇਂ ਉਹ ਮਨੁੱਖ ਚੰਗਾ ਹੋ ਗਿਆ ੦
ਅਤੇ ਆਪਣੀ ਮੰਜੀ ਚੁੱਕਕੇ ਤੁਰਨ ਲੱਗਾ ॥ ॥ ਅਰ ਉਹ ਸਬਤ ਦਾ ਦਿਨ ਸੀ ॥੧੦
॥ ਇਸ ਕਰਕੇ ਯਹੂਦੀਆਂ ਨੇ ਉਸ ਨਿਰੋਏ ਕੀਤੇ ਹੋਏ ਮਨੁੱਖ ਨੂੰ ਆਖਿਆ ਭਈ ਇਹ ਸਬਤ
ਦਾ ਦਿਨ ਹੈ ਅਤੇ ਤੈਨੂੰ ਮੰਜੀ ਚੁੱਕਣੀ ਜੋਗ ਨਹੀਂ ਹੈ ॥੧੧॥ ਉਸ ਨੈ ਉਨਾਂ ਨੂੰ ਉੱਤਰ ਦਿੱਤਾ ਕਿ ਜਿ-
ਹ ਨੈ ਮੈਨੂੰ ਚੰਗਾ ਕੀਤਾ ਉਸੇ ਨੈ ਮੈਨੂੰ ਆਖਿਆ ਜੋ ਆਪਣੀ ਮੰਜੀ ਚੁੱਕਕੇ ਤੁਰ ਪਉ ॥੧੨॥ ਉ-
ਨਾਂ ਨੈ ਉਸ ਥੋਂ ਪੁੱਛਿਆ ਉਹ ਕਿਹੜਾ ਆਦਮੀ ਹੈ ਜਿਹ ਨੈ ਤੈਨੂੰ ਆਖਿਆ ਭਈ ਚੁੱਕਕੇ ਤੁਰ ਪ-
ਉ ॥੧੩॥ ਪਰ ਉਹ ਜਿਹੜਾ ਚੰਗਾ ਹੋਇਆ ਨਹੀਂ ਸੀ ਜਾਣਦਾ ਕਿ ਉਹ ਕੌਣ ਹੈ ਕਿਉਂ ਜੋ ਉਸ ਥਾ-
ਉਂ ਭੀੜ ਦੇ ਹੋਣ ਕਰਕੇ ਯਿਸੂ ਉੱਥੋਂ ਟਲ ਗਿਆ ਸੀ ॥੧੪॥ ਇਹ ਦੇ ਪਿੱਛੋਂ ਯਿਸੂ ਉਹ ਨੂੰ ਮੰਦ-
ਰ ਵਿੱਚ ਮਿਲਿਆ ਅਤੇ ਉਸ ਨੂੰ ਕਿਹਾ ਵੇਖ ਹੁਣ ਤੂੰ ਚੰਗਾ ਹੋ ਗਿਆ ਹੈਂ ਫੇਰ ਪਾਪ ਨਾ ਕਰੀਂ
ਲਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਬੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ ॥੧੫॥ ਉਸ ਮ-

Original w
Language Department Punjab
Digitized by:
Panjab Digital Library

ਨੁੱਖ ਨੈ ਜਾਕੇ ਯਹੂਦੀਆਂ ਨੂੰ ਦੱਸਿਆ ਕਿ ਜਿਹ ਨੈ ਮੈ ਨੂੰ ਚੰਗਾ ਕੀਤਾ ਸੋ ਯਿਸੂ ਹੈ ॥੧੬॥ ਅਤੇ
ਇਸੇ ਕਾਰਨ ਯਹੂਦੀਆਂ ਨੈ ਯਿਸੂ ਨੂੰ ਸਤਾਇਆ ਜੋ ਉਹ ਸਬਤ ਦੇ ਦਿਨ ਏਹ ਕੰਮ ਕਰਦਾ ਹੁੰਦਾ
ਸੀ ॥੧੭॥ ਪਰ ਯਿਸੂ ਨੈ ਉਨਾਂ ਨੂੰ ਉੱਤਰ ਦਿੱਤਾ ਕਿ ਮੇਰਾ ਪਿਤਾ ਹੁਣ ਤੀਕੁਰ ਕੰਮ ਕਰਦਾ ਹੈ ਅਤੇ
ਮੈਂ ਬੀ ਕੰਮ ਕਰਦਾ ਹਾਂ ॥੧੮॥ ਇਸ ਕਾਰਨ ਯਹੂਦੀ ਹੋਰ ਬੀ ਉਹ ਦੇ ਮਾਰ ਸੁੱਟਣ ਦੇ ਮਗਰ ਪਏ
ਕਿਉਂਕਿ ਉਹ ਕੇਵਲ ਸਬਤ ਦੇ ਦਿਨ ਨੂੰ ਹੀ ਨਹੀਂ ਟਾਲ੍ਹਦਾ ਸੋਗੋਂ ਪਰਮੇਸੁਰ ਨੂੰ ਆਪਣਾ ਪਿਤਾ ਕ-
ਹਿਕੇ ਆਪ ਨੂੰ ਪਰਮੇਸੁਰ ਦੇ ਤੁੱਲ ਬਣਾਉਂਦਾ ਸੀ ॥ ॥੧੯॥ ਉਪਰੰਦ ਯਿਸੂ ਨੈ ਉਨਾਂ ਨੂੰ
ਉੱਤਰ ਦਿੱਤਾ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਪੁਤ੍ਰ ਆਪੇ ਥੋਂ ਕੁਝ ਨਹੀਂ ਕਰ ਸੱਕਦਾ ਪਰ ਜੋ ਕੁ-
ਝ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ। ਕਿਉਂਕਿ ਜੋ ਕੰਮ ਉਹ ਕਰਦਾ ਹੈ ਸੋ ਪੁਤ੍ਰ ਬੀ ਓਵੇਂ ਹੀ ਕਰਦ
ਹੈ ॥੨੦॥ ਕਿਉਂਕਿ ਪਿਤਾ ਪੁਤ੍ਰ ਨੂੰ ਪਿਆਰ ਕਰਦਾ ਹੈ ਅਤੇ ਜੋ ਕੰਮ ਉਹ ਆਪ ਕਰਦਾ ਹੈ ਸੋ ਸਭ ਉ-
ਸ ਨੂੰ ਵਿਖਾਲ੍ਹਦਾ ਹੈ ਅਤੇ ਉਹ ਇਨਾਂ ਨਾਲੋਂ ਵਡੇ ਕੰਮ ਉਸ ਨੂੰ ਵਿਖਾਏਗਾ ਭਈ ਤੁਸੀਂ ਅਚਰਜ ਹੋ-
ਵੋ ॥੨੧॥ ਕਿਉਂਕਿ ਜਿਸ ਪਰਕਾਰ ਪਿਤਾ ਮੁਰਦਿਆਂ ਨੂੰ ਉਠਾਲ੍ਹਦਾ ਅਤੇ ਜਿਵਾਲ੍ਹਦਾ ਹੈ ਉਸੇ ਪ-
ਰਕਾਰ ਪੁਤ੍ਰ ਬੀ ਜਿਨਾਂ ਨੂੰ ਚਾਹੁੰਦਾ ਹੈ ਜਿਵਾਲ੍ਹਦਾ ਹੈ ॥੨੨॥ ਕਿਉਂਕਿ ਪਿਤਾ ਕਿਸੇ ਦਾ ਨਿਆਉਂ
ਨਹੀਂ ਕਰਦਾ ਸਗੋਂ ਉਸ ਨੈ ਸਾਰਾ ਨਿਆਉਂ ਪੁਤ੍ਰ ਨੂੰ ਸੌਂਪ ਦਿੱਤਾ ਹੈ ॥੨੩॥ ਇਸ ਲਈ ਜੋ ਸਭ ਪੁ-
ਤ੍ਰ ਦਾ ਆਦਰ ਕਰਨ ਜਿਸ ਤਰਾਂ ਪਿਤਾ ਦਾ ਆਦਰ ਕਰਦੇ ਹਨ। ਜਿਹੜਾ ਪੁਤ੍ਰ ਦਾ ਆਦਰ ਨਹੀਂ ਕ-
ਰਦਾ ਉਹ ਪਿਤਾ ਦਾ ਬੀ ਜਿਨ ਉਸ ਨੂੰ ਘੱਲਿਆ ਸੀ ਆਦਰ ਨਹੀਂ ਕਰਦਾ ॥੨੪॥ ਮੈਂ ਤੁਹਾਨੂੰ ਸੱ-
ਚ ਸੱਚ ਆਖਦਾ ਹਾਂ ਕਿ ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਨ ਮੈਨੂੰ ਘੱ-

Original with:
Language Department Punjab
Digitized by:
Panjab Digital Library

ਲਿਆ ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ
ਥੋਂ ਪਾਰ ਲੰਘਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ ॥੨੫॥ ਮੈਂ ਤੁਹਾ ਨੂੰ ਸੱਚ ਸੱਚ ਆਖਦਾ ਹਾਂ
ਕਿ ਉਹ ਸਮਾ ਆਉਂਦਾ ਹੈ ਬਲਕ ਹੁਣੇ ਹੈ ਕਿ ਮੁਰਦੇ ਪਰਮੇਸ਼ਰ ਦੇ ਪੁਤ੍ਰ ਦੀ ਅਵਾਜ਼ ਸੁਣਨਗੇ ਅ-
ਤੇ ਜੇਹੜੇ ਸੁਣਦੇ ਹਨ ਓਹ ਜੀਉਣਗੇ ॥੨੬॥ ਕਿਉਂਕਿ ਜਿਵੇਂ ਪਿਤਾ ਆਪ ਵਿੱਚ ਜੀਉਣ ਰੱਖਦਾ
ਹੈ ਤਿਵੇਂ ਉਸ ਨੇ ਪੁਤ੍ਰ ਨੂੰ ਭੀ ਬਖ਼ਸ਼ਿਆ ਜੋ ਆਪ ਵਿੱਚ ਜੀਉਣ ਰੱਖੇ ॥੨੭॥ ਅਰ ਉਹ ਨੂੰ ਨਿਆ-
ਉਂ ਕਰਨ ਦਾ ਇਖ਼ਤਿਆਰ ਦਿੱਤਾ ਇਸ ਲਈ ਜੋ ਉਹ ਮਨੁੱਖ ਦਾ ਪੁਤ੍ਰ ਹੈ ॥੨੮॥ ਇਹ ਨੂੰ ਅਚਰ-
ਜ ਨਾ ਜਾਣੋ ਕਿਉਂਕਿ ਉਹ ਘੜੀ ਆਉਂਦੀ ਹੈ ਜਿਹ ਦੇ ਵਿੱਚ ਓਹ ਸਭ ਜੇਹੜੇ ਕਬਰਾਂ ਵਿੱਚ ਹਨ ਉ-
ਹ ਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ ॥੨੯॥ ਜਿਨਾਂ ਨੇ ਭਲਿਆਈ ਕੀਤੀ ਹੈ ਸੋ
ਜੀਉਣ ਲਈ ਅਰ ਜਿਨਾਂ ਨੇ ਬੁਰਿਆਈ ਕੀਤੀ ਹੈ ਓਹ ਨਿਆਉਂ ਦੇ ਲਈ ਜੀਉਂਠਣਗੇ ॥

॥੩੦॥ ਮੈਂ ਆਪੇ ਥੋਂ ਆਪ ਕੁਛ ਨਹੀਂ ਕਰ ਸੱਕਦਾ। ਜਿਹਾ ਮੈਂ ਸੁਣਦਾ ਹਾਂ ਤਿਹਾ ਹੀ ਨਿਆਉਂ
ਕਰਦਾ ਹਾਂ ਅਰ ਮੇਰਾ ਨਿਆਉਂ ਜਥਾਰਥ ਹੈ ਕਿਉਂ ਜੋ ਮੈਂ ਆਪਣੀ ਮਰਜ਼ੀ ਨਹੀਂ ਭਾਲ਼ਦਾ ਬਲ-
ਕ ਉਹ ਦੀ ਮਰਜ਼ੀ ਜਿਹ ਨੇ ਮੈਂ ਨੂੰ ਘੱਲਿਆ ॥੩੧॥ ਜੇ ਮੈਂ ਆਪਣੇ ਉੱਤੇ ਆਪੇ ਸਾਖੀ ਦਿਆਂ ਤਾਂ
ਮੇਰੀ ਸਾਖੀ ਸੱਤ ਨਹੀਂ ॥੩੨॥ ਹੋਰ ਹੈ ਜੋ ਮੇਰੇ ਹੱਕ ਵਿੱਚ ਸਾਖੀ ਦਿੰਦਾ ਹੈ ਅਤੇ ਮੈਂ ਜਾਣਦਾ ਹਾਂ
ਕਿ ਜੋ ਸਾਖੀ ਉਹ ਮੇਰੇ ਹੱਕ ਵਿੱਚ ਦਿੰਦਾ ਹੈ ਸੋ ਸੱਤ ਹੈ ॥੩੩॥ ਤੁਸਾਂ ਯੂਹੰਨਾ ਕੋਲੋਂ ਪੁਛਾ ਭੇਜਿਆ ੦
ਅਤੇ ਉਹ ਨੇ ਸੱਚ ਉੱਤੇ ਸਾਖੀ ਦਿੱਤੀ ਹੈ ॥੩੪॥ ਪਰ ਮੈਂ ਮਨੁੱਖ ਥੋਂ ਸਾਖੀ ਨਹੀਂ ਲੈਂਦਾ ਹਾਂ ਪਰ
ਏਹ ਗੱਲਾਂ ਮੈਂ ਇਸ ਲਈ ਆਖਦਾ ਹਾਂ ਭਈ ਤੁਸੀਂ ਮੁਕਤਿ ਪਾਓ ॥੩੫॥ ਉਹ ਬਲ਼ਦਾ ਅਤੇ

Original with:
Language Department Punjab
Digitized by:
Panjab Digital Library

ਜਗਮਗਾਉਂਦਾ ਦੀਵਾ ਸੀ ਅਰ ਤੁਸੀਂ ਇੱਕ ਘੜੀ ਉਹ ਦੇ ਚਾਨਣ ਨਾਲ ਮਗਨ ਰਹਿਣ ਨੂੰ ਪਰ-
ਸ੍ਰਿਨ ਸਉ ॥੩੬॥ ਪਰ ਜਿਹੜੀ ਸਾਖੀ ਮੇਰੇ ਕੋਲ ਹੈ ਉਹ ਯੂਹੰਨਾ ਦੀ ਸਾਖੀ ਨਾਲੋਂ ਵਡੀ ਹੈ ਕਿਉਂਕਿ ਜੋ
ਕੰਮ ਪਿਤਾ ਨੈ ਮੈਨੂੰ ਸੰਪੂਰਣ ਕਰਨ ਲਈ ਸੌਂਪੇ ਹਨ ਅਰਥਾਤ ਏਹੋ ਕੰਮ ਜੋ ਮੈਂ ਕਰਦਾ ਹਾਂ ਸੋਈ
ਮੇਰੇ ਹੱਕ ਵਿੱਚ ਸਾਖੀ ਦਿੰਦੇ ਹਨ ਭਈ ਪਿਤਾ ਨੈ ਮੈ ਨੂੰ ਘੱਲਿਆ ਹੈ ॥੩੭॥ ਅਰ ਪਿਤਾ ਜਿਨ ਮੈ
ਨੂੰ ਘੱਲਿਆ ਉਸੇ ਨੈ ਮੇਰੇ ਹੱਕ ਵਿੱਚ ਸਾਖੀ ਦਿੱਤੀ ਹੈ। ਤੁਸਾਂ ਨਾ ਕਦੇ ਉਹ ਦੀ ਅਵਾਜ਼ ਸੁਣੀ ਅਤੇ
ਨਾ ਉਹ ਦਾ ਰੂਪ ਡਿੱਠਾ ਹੈ ॥੩੮॥ ਅਰ ਉਹ ਦਾ ਬਚਨ ਤੁਹਾਡੇ ਵਿੱਚ ਨਹੀਂ ਟਿਕਦਾ ਇਸ ਲਈ ਕਿ ਜਿ-
ਸ ਨੂੰ ਉਨ ਭੇਜਿਆ ਤੁਸੀਂ ਉਹ ਦੀ ਪਰਤੀਤ ਨਹੀਂ ਕਰਦੇ ਹੋ ॥੩੯॥ ਗ੍ਰੰਥਾਂ ਵਿੱਚ ਢੂੰਢੋ ਕਿਉਂਕਿ ਤੁ-
ਸੀਂ ਸਮਝਦੇ ਹੋ ਭਈ ਇਨ੍ਹਾਂ ਵਿੱਚ ਸਾ ਨੂੰ ਸਦੀਪਕ ਜੀਉਣ ਮਿਲਦਾ ਹੈ ਅਤੇ ਮੇਰੇ ਹੱਕ ਵਿੱਚ ਜੋ ਸਾਖੀ
ਦਿੰਦੇ ਹਨ ਸੋ ਏਹੋ ਹਨ ॥੪੦॥ ਅਤੇ ਤੁਸੀਂ ਜੀਉਣ ਲਭਣ ਲਈ ਮੇਰੇ ਕੋਲ ਆਉਣਾ ਨਹੀਂ ਚਾਹੁੰਦੇ
ਹੋ ॥੪੧॥ ਮਨੁੱਖਾਂ ਥੋਂ ਮੈਂ ਵਡਿਆਈ ਨਹੀਂ ਲੈਂਦਾ ॥੪੨॥ ਪਰ ਮੈਂ ਤੁਹਾ ਨੂੰ ਜਾਣਦਾ ਹਾਂ ਜੋ ਪਰਮੇਸ੍ਵਰ ਦ
ਪ੍ਰੇਮ ਤੁਹਾਡੇ ਵਿੱਚ ਹੈ ਨਹੀਂ ॥੪੩॥ ਮੈਂ ਆਪਣੇ ਪਿਤਾ ਦੇ ਨਾਉਂ ਉੱਤੇ ਆਇਆ ਹਾਂ ਅਤੇ ਤੁਸੀਂ ਮੈ
ਨੂੰ ਨਹੀਂ ਮੰਨਦੇ ਜੇ ਕੋਈ ਹੋਰ ਆਪਣੇ ਨਾਉਂ ਉੱਤੇ ਆਵੇ ਤਾਂ ਉਹ ਨੂੰ ਤੁਸੀਂ ਮੰਨ ਲਓਗੇ ॥੪੪॥ ਭੁਲ
ਤੁਸੀਂ ਕਿੱਕੂੰ ਪਰਤੀਤ ਕਰ ਸੱਕਦੇ ਹੋਂ ਜੋ ਇੱਕ ਦੂਏ ਥੋਂ ਵਡਿਆਈ ਲੈਂਦੇ ਅਤੇ ਉਹ ਵਡਿਆਈ ਜੋ
ਅਦਵੈਤ ਪਰਮੇਸ੍ਵਰ ਥੋਂ ਹੈ ਨਹੀਂ ਚਾਹੁੰਦੇ ਹੋ ॥੪੫॥ ਇਹ ਨਾ ਸਮਝੋ ਭਈ ਮੈਂ ਪਿਤਾ ਦੇ ਕੋਲ ਤੁਹਾਡੇ
ਜੁੰਮੇ ਦੋਸ ਲਾਵਾਂਗਾ। ਇੱਕ ਹੈ ਤੁਹਾਡੇ ਜੁੰਮੇ ਦੋਸ ਲਾਉਣ ਵਾਲਾ ਅਰਥਾਤ ਮੂਸਾ ਜਿਹ ਦੇ ਉੱਤੇ ਤੁ-
ਸੀਂ ਆਸ ਰੱਖਦੇ ਹੋ ॥੪੬॥ ਕਿਉਂਕਿ ਜੇ ਤੁਸੀਂ ਮੂਸਾ ਦੀ ਪਰਤੀਤ ਕਰਦੇ ਤਾਂ ਮੇਰੀ ਭੀ ਪਰਤੀਤ

Original with:
Language Department Punjab
Digitized by:
Panjab Digital Library

ਕਰਦੇ ਕਿਉਂਜੋ ਉਸ ਨੈ ਮੇਰੇ ਹੱਕ ਵਿੱਚ ਲਿਖਿਆ ਸੀ॥੪੭॥ ਪਰ ਜਾਂ ਤੁਸੀਂ ਉਹ ਦੀਆਂ ਲਿਖਤਾਂ ਦੀ ਪਰਤੀਤ ਨਹੀਂ ਕਰਦੇ ਤਾਂ ਮੇਰੀਆਂ ਗੱਲਾਂ ਦੀ ਕਿਵੇਂ ਪਰਤੀਤ ਕਰੋਗੇ॥

ਛਕਾਂਡ॥ ਇਹ ਦੇ ਪਿੱਛੋਂ ਯਿਸੂ ਗਲੀਲ ਦੇ ਅਰਥਾਤ ਤਿਬਿਰਿਯਾਸ ਦੇ ਦਰਿਆਓਂ ਪਾਰ ਚੱਲਿਆ ਗਿਆ॥੨॥ ਅਤੇ ਵਡੀ ਭੀੜ ਉਹ ਦੇ ਮਗਰ ਹੋ ਤੁਰੀ ਕਿਉਂਕਿ ਉਨ੍ਹਾਂ ਨੈ ਓਹ ਕਰਾਮਾਤਾਂ ਡਿੱਠੀਆਂ ਜੋ ਉਸ ਨੈ ਰੋਗੀਆਂ ਉੱਤੇ ਕੀਤੀਆਂ ਸੀਆਂ॥੩॥ ਫੇਰ ਯਿਸੂ ਪਹਾੜ ਉੱਤੇ ਚੜ੍ਹਿਆ ਅਰ ਉੱਥੇ ਆਪਣੇ ਸਿੱਖਾਂ ਦੇ ਸੰਗ ਬੈਠ ਗਿਆ॥੪॥ ਅਤੇ ਯਹੂਦੀਆਂ ਦਾ ਪਸਾਹ ਨਾਮੇ ਤਿਉਹਾਰ ਨੇੜੇ ਸੀ॥੫॥ ਉਪਰੰਦ ਯਿਸੂ ਨੈ ਜਾਂ ਅੱਖੀਆਂ ਚੁੱਕਕੇ ਇੱਕ ਵਡੀ ਭੀੜ ਆਪਣੀ ਵਲ ਆਉਂਦੀ ਡਿੱਠੀ ਤਾਂ ਫੈਲਬੂਸ ਨੂੰ ਆਖਿਆ ਕਿ ਅਸੀਂ ਇਨ੍ਹਾਂ ਦੇ ਖਾਣ ਵਾਸਤੇ ਰੋਟੀਆਂ ਕਿੱਥੋਂ ਮੁੱਲ ਲਈਏ॥੬॥ ਪਰ ਉਸ ਨੈ ਉਹ ਦੇ ਪਰਤਾਵੇ ਲਈ ਇਹ ਆਖਿਆ ਕਿਉਂਕਿ ਉਹ ਆਪ ਜਾਣਦਾ ਸੀ ਜੋ ਮੈਂ ਕੀ ਕਰਾਂਗਾ॥੭॥ ਫੈਲਬੂਸ ਨੈ ਉਹ ਨੂੰ ਉੱਤਰ ਦਿੱਤਾ ਕਿ ਸੌ ਰੁਪੱਯੇ ਦੀਆਂ ਰੋਟੀਆਂ ਨਾਲ ਭੀ ਉਨ੍ਹਾਂ ਦਾ ਪੂਰਾ ਨਹੀਂ ਪਟਣਾ ਜੋ ਹਰੇਕ ਨੂੰ ਥੋੜਾ ਜਿਹਾ ਭੀ ਮਿਲੇ॥੮॥ ਉਹ ਦੇ ਸਿੱਖਾਂ ਵਿਚੋਂ ਇੱਕ ਸ਼ਮਊਨ ਪਤਰਸ ਦੇ ਭਰਾ ਉ ਅੰਦ੍ਰਿਯਾਸ ਨੈ ਉਹ ਨੂੰ ਕਿਹਾ॥੯॥ ਐਥੇ ਇੱਕ ਮੁੰਡਾ ਹੈ ਜਿਹ ਦੇ ਕੋਲ ਜਵਾਂਦੀਆਂ ਪੰਜ ਰੋਟੀਆਂ ਅਤੇ ਦੋ ਛੋਟੀਆਂ ਜੇਹੀਆਂ ਮੱਛੀਆਂ ਹਨ ਪਰ ਇਤਨਿਆਂ ਲੋਕਾਂ ਵਾਸਤੇ ਏਹ ਕੀ ਹਨ॥੧੦॥ ਤਾਂ ਯਿਸੂ ਨੈ ਆਖਿਆ ਲੋਕਾਂ ਨੂੰ ਬਠਾਲ ਦਿਓ। ਅਤੇ ਉਸ ਥਾਉਂ ਬਹੁਤ ਘਾਹ ਸੀ। ਸੋ ਓਹ ਮਰਦ ਜੋ ਗਿਣਤੀ ਵਿੱਚ ਪੰਜ ਕੁ ਹਜ਼ਾਰ ਸਨ ਬੈਠ ਗਏ॥੧੧॥ ਤਦ ਯਿਸੂ ਨੈ ਰੋਟੀਆਂ ਲੈ ਲਈਆਂ ਅਤੇ ਸ਼ੁਕਰ ਕਰਕੇ ਉਨ੍ਹਾਂ ਬੈਠਿਆਂ ਹੋਇਆਂ ਨੂੰ ਵੰਡ

Original uploaded by:
Language Department Punjab
Digitized by:
Panjab Digital Library

ਦਿੱਤੀਆਂ ਅਰ ਉਸੇ ਤਰਾਂ ਮੱਛੀਆਂ ਵਿੱਚੋਂ ਬੀ ਜਿਨੀਆਂ ਓਹ ਚਾਹੁੰਦੇ ਸਨ ॥੧੨॥ ਅਤੇ ਜਾਂ ਓਹ ਰੱਜ ਗਏ ਤਾਂ ਉਹ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਬਚਿਆਂ ਹੋਇਆਂ ਟੁਕੜਿਆਂ ਨੂੰ ਕੱਠੇ ਕਰੋ ਭੁਈ ਕੁਝ ਅਕਾਰਥ ਨਾ ਜਾਵੇ ॥੧੩॥ ਸੋ ਉਨਾਂ ਨੇ ਕੱਠੇ ਕੀਤਾ ਅਤੇ ਜਵਾਂ ਦੀਆਂ ਉਨਾਂ ਪੰਜਾਂ ਰੋਟੀਆਂ ਦੇ ਟੁਕੜਿਆਂ ਨਾਲ ਜੇਹੜੇ ਖਾਣ ਵਾਲਿਆਂ ਥੋਂ ਬਚ ਰਹੇ ਸਨ ਬਾਰਾਂ ਟੋਕਰੀਆਂ ਭਰ ਦਿੱਤੀਆਂ ॥੧੪॥ ਉਪਰੰਦ ਉਨਾਂ ਲੋਕਾਂ ਨੇ ਇਹ ਕਰਾਮਾਤ ਜਿਹੜੀ ਉਸ ਨੇ ਵਿਖਾਲੀ ਸੀ ਵੇਖ ਕੇ ਕਿਹਾ ਕਿ ਸੱਚੀ ਮੁੱਚੀ ਇਹ ਉਹੋ ਪੈਕੰਬਰ ਹੈ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ ॥ ॥੧੫॥ ਸੋ ਜਾਂ ਯਿਸੂ ਨੂੰ ਮਲੂਮ ਹੋਇਆ ਜੋ ਓਹ ਮੈਨੂੰ ਬਦੋ ਬਦੀ ਫੜ ਕੇ ਪਾਤਸ਼ਾਹ ਬਣਾਉਣ ਲਈ ਆਉਣ ਲੱਗੇ ਹਨ ਤਾਂ ਆਪ ਇਕੱਲਾ ਫੇਰ ਪਹਾੜ ਨੂੰ ਚੱਲਿ ਆ ਰਿਆ ॥ ॥੧੬॥ ਅਤੇ ਜਾਂ ਸੰਝ ਹੋਈ ਤਾਂ ਉਹ ਦੇ ਸਿੱਖ ਦਰਿਆਉ ਵਲ ਉੱਤਰ ਗਏ ॥੧੭॥ ਅਤੇ ਬੇੜੀ ਪੁਰ ਚੜ੍ਹ ਕੇ ਦਰਿਆਉ ਦੇ ਪਾਰ ਕਫ਼ਰਨਾਹੂਮ ਵਲ ਚੱਲੇ। ਉਸ ਵੇਲੇ ਅਨੇਰਾ ਹੋ ਗਿਆ ਸੀ ਅਤੇ ਯਿਸੂ ਉਨਾਂ ਦੇ ਕੋਲ ਅਜੇ ਨਹੀਂ ਸੀ ਆਇਆ ॥੧੮॥ ਅਰ ਵਡੀ ਅਨੇਰੀ ਵਗਣ ਕਰ ਕੇ ਦਰਿਆਉ ਬਹੁਤ ਠਾਠਾਂ ਮਾਰਨ ਲੱਗਾ ॥੧੯॥ ਫੇਰ ਜਦ ਓਹ ਢਾਈ ਜਾਂ ਤਿੰਨ ਕੋਹ ਤੀਕੁਰ ਨਿੱਕਲ ਗਏ ਸਨ ਤਦ ਯਿਸੂ ਨੂੰ ਦਰਿਆਉ ਦੇ ਉੱਤੋਂ ਦੀ ਤੁਰਦਾ ਅਤੇ ਬੇੜੀ ਦੇ ਨੇੜੇ ਢੁਕਦਾ ਵੇਖਿਆ ਅਤੇ ਤੁਰ ਗਏ ॥੨੦॥ ਤਾਂ ਉਸ ਨੇ ਉਨਾਂ ਨੂੰ ਆਖਿਆ ਮੈਂ ਹਾਂ ਨਾ ਡਰੋ ॥੨੧॥ ਉਪਰੰਦ ਓਹ ਉਸ ਨੂੰ ਬੇੜੀ ਉੱਤੇ ਚੜ੍ਹਾ ਲੈਣ ਨੂੰ ਪਰਸੰਨ ਹੋਏ। ਅਤੇ ਬੇੜੀ ਓਵੇਂ ਉਸ ਥਾਂ ਨੂੰ ਜਿੱਥੇ ਉਨਾਂ ਜਾਣਾ ਸੀ ਜਾ ਪੁੱਜੀ ॥ ॥੨੨॥ ਦੂਏ ਦਿਨ ਉਸ ਭੀੜ ਨੇ

ਜੋ ਦਰਿਆਉ ਦੇ ਉਸ ਪਾਰ ਖੜੀ ਸੀ ਇਹ ਡਿੱਠਾ ਜੋ ਐਥੇ ਇੱਕ ਬੇੜੀ ਥੋਂ ਬਿਨਾ ਕੋਈ ਹੋਰ ਨਹੀਂ ਸੀ ਅਤੇ ਯਿਸੂ ਆਪਣੇ ਸਿੱਖਾਂ ਨਾਲ ਉਸ ਬੇੜੀ ਉੱਤੇ ਨਾ ਗਿਆ ਸੀ ਪਰ ਕੱਲੇ ਉਹ ਦੇ ਸਿੱਖ ਹੀ ਗਏ ਸਨ ॥੨੩॥ ਪਰ ਹੋਰ ਬੇੜੀਆਂ ਤਿਬਿਰਿਯਾਸ ਵਲੋਂ ਆਈਆਂ ਉਸ ਥਾਉਂ ਦੇ ਨੇੜੇ ਜਿੱਥੇ ਉਨਾਂ ਨੇ ਪ੍ਰਭੂ ਦੇ ਸੁਕਰ ਕਰਨ ਦੇ ਪਿੱਛੋਂ ਰੋਟੀ ਖਾਧੀ ਸੀ ॥੨੪॥ ਜੋ ਜਾਂ ਉਨਾਂ ਲੋਕਾਂ ਨੇ ਵੇਖਿਆ ਜੋ ਐਥੇ ਨਾ ਯਿਸੂ ਹੈ ਅਤੇ ਨਾ ਉਹ ਦੇ ਸਿੱਖ ਹਨ ਤਾਂ ਉਨਾਂ ਬੇੜੀਆਂ ਉੱਤੇ ਚੜ੍ਹੇ ਅਰ ਯਿਸੂ ਦੀ ਭਾਲ ਵਿੱਚ ਕਫ਼ਰਨਾਹੂਮ ਨੂੰ ਆਏ ॥੨੫॥ ਅਤੇ ਉਨਾਂ ਨੇ ਉਸ ਨੂੰ ਦਰਿਆਉ ਦੇ ਪਾਰ ਲੱਭ ਕੇ ਉਹ ਨੂੰ ਆਖਿਆ ਸੁਆਮੀ ਜੀ ਤੂੰ ਐਥੇ ਕਦੋਂ ਆਇਆ ॥੨੬॥ ਯਿਸੂ ਨੇ ਉਨਾਂ ਨੂੰ ਉੱਤਰ ਦਿੱਤਾ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਤੁਸੀਂ ਮੈਨੂੰ ਇਸ ਲਈ ਨਹੀਂ ਭਾਲਦੇ ਜੋ ਤੁਸਾਂ ਕਰਾਮਾਤਾਂ ਵੇਖੀਆਂ ਪਰ ਇਸ ਲਈ ਜੋ ਤੁਸੀਂ ਉਨਾਂ ਰੋਟੀਆਂ ਵਿੱਚੋਂ ਖਾਕੇ ਰੱਜ ਗਏ ॥੨੭॥ ਨਾਸ ਹੋਣ ਵਾਲੇ ਭੋਜਨ ਦੇ ਲਈ ਮਿਹਨਤ ਕਰੋ ਸਗੋਂ ਉਸ ਭੋਜਨ ਲਈ ਜੋ ਸਦੀਪਕ ਜੀਉਣ ਤੀਕੁਰ ਰਹਿੰਦਾ ਹੈ ਜਿਹੜਾ ਮਨੁੱਖ ਦਾ ਪੁਤ੍ਰ ਤੁਹਾਨੂੰ ਦੇਊ ਕਿਉਂਕਿ ਪਿਤਾ ਨੇ ਜੋ ਪਰਮੇਸ਼ੁਰ ਹੈ ਗਾ ਉਸ ਉੱਤੇ ਮੁਹੁਰ ਕਰ ਦਿੱਤੀ ਹੈ ॥੨੮॥ ਤਾਂ ਉਨਾਂ ਉਸ ਨੂੰ ਆਖਿਆ ਕਿ ਪਰਮੇਸ਼ੁਰ ਦੇ ਕੰਮ ਕਰਨ ਨੂੰ ਅਸੀਂ ਕੀ ਕਰਿਯੇ ॥੨੯॥ ਯਿਸੂ ਨੇ ਉਨਾਂ ਨੂੰ ਉੱਤਰ ਦਿੱਤਾ ਪਰਮੇਸ਼ੁਰ ਦਾ ਕੰਮ ਇਹ ਹੈ ਕਿ ਜਿਸ ਨੂੰ ਓਨ ਭੇਜਿਆ ਹੈ ਉਸ ਉੱਤੇ ਤੁਸੀਂ ਨਿਹਚਾ ਕਰੋ ॥੩੦॥ ਤਾਂ ਉਨਾਂ ਉਸ ਨੂੰ ਆਖਿਆ ਫੇਰ ਤੂੰ ਕਿਹੜੀ ਨਿਸ਼ਾਨੀ ਵਿਖਾਲਦਾ ਹੈਂ ਜੋ ਅਸੀਂ ਵੇਖਕੇ ਤੇਰੀ ਪਰਤੀਤ ਕਰਿਯੇ। ਤੂੰ ਕੀ ਕਰਮ ਕਰਦਾ ਹੈਂ ॥੩੧॥ ਸਾਡੇ ਵਡਿਆਂ ਨੇ ਉਜਾੜ ਵਿੱਚ ਮੰਨ ਖਾਧਾ ਜਿਹਾ ਕੁ ਲਿਖਿਆ ਹੋਇਆ ਹੈ ਕਿ ਉਸ ਨੇ ਉਨਾਂ ਨੂੰ ਅਕਾਸੋਂ ਰੋਟੀ ਖਾਣ ਨੂੰ ਦਿੱਤੀ ॥੩੨

Original w
Language Department Punjab
Digitized by:
Panjab Digital Library

॥ਉਪਰੰਦ ਯਿਸ਼ੂ ਐਉਨ੍ਹਾਂ ਨੂੰ ਕਿਹਾ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜਿਹ ਨੈ ਤੁਹਾਨੂੰ ਅਕਾਸ਼ੋਂ
ਰੋਟੀ ਦਿੱਤੀ ਉਹ ਮੂਸਾ ਨਹੀਂ ਸੀ ਪਰ ਮੇਰਾ ਪਿਤਾ ਤੁਹਾਨੂੰ ਸੁਰਗੋਂ ਸੱਚੀ ਰੋਟੀ ਦਿੰਦਾ ਹੈ॥੩੩॥ਕਿ-
ਉਕਿ ਪਰਮੇਸ਼ਰ ਦੀ ਰੋਟੀ ਉਹ ਹੈ ਜੋ ਸੁਰਗੋਂ ਉੱਤਰਦੀ ਅਤੇ ਸੰਸਾਰ ਨੂੰ ਜੀਉਣ ਦਿੰਦੀ ਹੈ॥੩੪॥
ਤਾਂ ਉਨਾਂ ਐਉਸ ਨੂੰ ਕਿਹਾ ਮਹਾਰਾਜ ਸਾ ਨੂੰ ਸਦਾ ਇਹ ਰੋਟੀ ਦਿਹ॥੩੫॥ਯਿਸ਼ੂ ਐਉਨਾਂ ਨੂੰ ਆ-
ਖਿਆ ਜੀਉਣ ਦੀ ਰੋਟੀ ਮੈਂ ਹਾਂ ਜੋ ਮੇਰੇ ਕੋਲ ਆਉਂਦਾ ਹੈ ਉਹ ਮੂਲੇਂ ਭੁੱਖਾ ਨਾ ਹੋਊਗਾ ਅਤੇ ਜੋ ਮੇਰੇ ਉੱ-
ਤੇ ਨਿਹਚਾ ਕਰਦਾ ਹੈ ਸੋ ਕਦੇ ਬੀ ਤਿਹਾਇਆ ਨਾ ਹੋਊਗਾ॥੩੬॥ਪਰ ਮੈਂ ਤੁਹਾਨੂੰ ਆਖਿਆ ਸੀ
ਜੋ ਤੁਸਾਂ ਮੈਨੂੰ ਡਿੱਠਾ ਹੈ ਅਰ ਤਾਂ ਬੀ ਨਿਹਚਾ ਨਹੀਂ ਕਰਦੇ॥੩੭॥ਸਭ ਕੁਛ ਜੋ ਪਿਤਾ ਮੈਨੂੰ ਦਿੰਦਾ
ਹੈ ਮੇਰੇ ਕੋਲ ਆਊ ਅਤੇ ਜੋ ਮੇਰੇ ਕੋਲ ਆਉਂਦਾ ਹੈ ਮੈਂ ਕਿਸੇ ਬਿਧ ਉਹ ਨੂੰ ਕੱਢ ਨਾ ਦਿਆਂਗਾ॥੩੮
॥ਕਿਉਂਕਿ ਮੈਂ ਸੁਰਗੋਂ ਉੱਤਰਿਆ ਹਾਂ ਇਸ ਲਈ ਨਹੀਂ ਜੋ ਆਪਣੀ ਮਰਜੀ ਸਰੋਂ ਉਹਦੀ ਮਰਜੀ
ਦੇ ਅਨੁਸਾਰ ਚੱਲਾਂ ਜਿਹ ਨੈ ਮੈਨੂੰ ਘੱਲਿਆ॥੩੯॥ਅਤੇ ਜਿਨ ਮੈਨੂੰ ਘੱਲਿਆ ਉਹਦੀ ਇਹ
ਮਰਜੀ ਹੈ ਭਈ ਸਭ ਕੁਛ ਜੋ ਉਹ ਨੈ ਮੈਨੂੰ ਦਿੱਤਾ ਹੈ ਉਸ ਵਿੱਚੋਂ ਮੈਂ ਕੁਛ ਨਾ ਗੁਆਵਾਂ ਸਰੋਂ ਉਸ ਨੂੰ
ਅੰਤ ਦੇ ਦਿਨ ਫੇਰ ਉਠਾਵਾਂ॥੪੦॥ਕਿਉਂ ਜੋ ਮੇਰੇ ਪਿਤਾ ਦੀ ਇਹ ਮਰਜੀ ਹੈ ਕਿ ਹਰ ਕੋਈ ਜੋ ਪੁਤ੍ਰ
ਨੂੰ ਵੇਖੇ ਅਤੇ ਉਸ ਉੱਤੇ ਨਿਹਚਾ ਕਰੇ ਸੋ ਸਦੀਪਕ ਜੀਉਣ ਪਾਵੇ ਅਤੇ ਮੈਂ ਉਹ ਨੂੰ ਅੰਤ ਦੇ ਦਿਨ
ਫੇਰ ਉਠਾਵਾਂਗਾ॥ ॥੪੧॥ਉਪਰੰਦ ਯਹੂਦੀ ਉਸ ਉੱਤੇ ਬੁੜਬੁੜਾਉਣ ਲੱਗੇ ਇਸ
ਲਈ ਜੋ ਉਹ ਨੈ ਇਹ ਆਖਿਆ ਸੀ ਭਈ ਜਿਹੜੀ ਰੋਟੀ ਸੁਰਗੋਂ ਉੱਤਰੀ ਉਹ ਮੈਂ ਹਾਂ॥੪੨॥ਅ
ਤੇ ਓਹ ਬੋਲੇ ਭਲਾ ਇਹ ਯੂਸੁਫ ਦਾ ਪੁਤ੍ਰ ਯਿਸ਼ੂ ਨਹੀਂ ਜਿਹ ਦੇ ਮਾਂ ਪਿਉ ਨੂੰ ਅਸੀਂ ਜਾਣਦੇ ਹਾਂ।

Original with:
Language Department Punjab
Digitized by:
Panjab Digital Library

ਹੁਣ ਉਹ ਕਿਸ ਤਰਾਂ ਆਖਦਾ ਹੈ ਜੋ ਮੈਂ ਸੁਰਗੋਂ ਉਤੱਰਿਆ ਹਾਂ ।। ੪੩ ।। ਯਿਸੂ ਨੇ ਉਨਾਂ ਨੂੰ ਉੱਤਰ ਦਿੱਤਾ ਆਪਸ ਵਿੱਚ ਨਾ ਬੁੜਬੁੜਾਓ ।। ੪੪ ।। ਕੋਈ ਮੇਰੇ ਕੋਲ ਆ ਨਹੀਂ ਸੱਕਦਾ ਜੇ ਪਿਤਾ ਜਿਨ ਮੈਨੂੰ ਘੱਲਿਆ ਸੀ ਉਹ ਨੂੰ ਨਾ ਖਿੱਚੇ ਅਤੇ ਮੈਂ ਅੰਤ ਦੇ ਦਿਨ ਉਹ ਨੂੰ ਫੇਰ ਉਠਾਵਾਂਗਾ ।। ੪੫ ।। ਪਿਕੰਬਰਾਂ ਦੇ ਗ੍ਰੰਥਾਂ ਵਿੱਚ ਇਹ ਲਿਖਿਆ ਹੋਇਆ ਹੈ ਭਈ ਓਹ ਸਭੇ ਪਰਮੇਸ਼ੁਰ ਦੇ ਸਿਖਾਏ ਹੋਏ ਹੋਣਗੇ । ਹਰੇਕ ਜਿਸ ਨੈ ਪਿਤਾ ਥੋਂ ਸੁਣਿਆ ਅਤੇ ਸਿੱਖਿਆ ਹੈ ਸੋ ਮੇਰੇ ਕੋਲ ਆਉਂਦਾ ਹੈ ।। ੪੬ ।। ਇਹ ਨਹੀਂ ਭਈ ਕਿਸੇ ਨੈ ਪਿਤਾ ਨੂੰ ਡਿੱਠਾ ਹੋਵੇ ਬਿਨਾ ਉਹ ਦੇ ਜਿਹੜਾ ਪਰਮੇਸ਼ੁਰ ਦੀ ਵਲੋਂ ਹੈ ਓਹ ਨੈ ਪਿਤਾ ਨੂੰ ਡਿੱਠਾ ਹੈ ।। ੪੭ ।। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਨਿਹਚਾ ਕਰਦਾ ਹੈ ਸਦੀਪਕ ਜੀਉਣ ਉਸੇ ਦਾ ਹੈ ।। ੪੮ ।। ਜੀਉਣ ਦੀ ਰੋਟੀ ਮੈਂ ਹਾਂ ।। ੪੯ ।। ਤੁਹਾਡਿਆਂ ਵਡਿਆਂ ਨੈ ਉਜਾੜ ਵਿੱਚ ਮੰਨ ਖਾਧਾ ਅਤੇ ਮਰ ਗਏ ।। ੫੦ ।। ਜਿਹੜੀ ਰੋਟੀ ਸੁਰਗੋਂ ਉੱਤਰਦੀ ਹੈ ਭਈ ਮਨੁੱਖ ਉਸ ਵਿੱਚੋਂ ਖਾ ਕੇ ਨਾ ਮਰੇ ਸੋ ਇਹੋ ਹੈ ।। ੫੧ ।। ਉਹ ਜੀਉਦੀ ਰੋਟੀ ਜੋ ਸੁਰਗੋਂ ਉੱਤਰੀ ਸੋ ਮੈਂ ਹਾਂ । ਜੇ ਕੋਈ ਇਸ ਰੋਟੀ ਓਂ ਕੁਝ ਖਾਵੇ ਤਾਂ ਉਹ ਸਦਾ ਤੀਕੁ ਜੀਉਂਦਾ ਰਹੂ ਅਤੇ ਜੋ ਰੋਟੀ ਮੈਂ ਦਿਆਂਗਾ ਸੋ ਮੇਰਾ ਸਰੀਰ ਹੈ ਜਿਹੜਾ ਜਗਤ ਦੇ ਜੀਉਣ ਲਈ ਮੈਂ ਦਿਆਂਗਾ ।।

।। ੫੨ ।। ਇਸ ਲਈ ਯਹੂਦੀ ਆਪਸ ਵਿੱਚ ਇਹ ਕਹਿ ਕੇ ਬਹਿਸਣ ਲੱਗੇ ਜੋ ਇਹ ਆਪਣਾ ਸਰੀਰ ਕਿਸ ਪਰਕਾਰ ਸਾਨੂੰ ਖਾਣ ਲਈ ਦੇ ਸੱਕਦਾ ਹੈ ।। ੫੩ ।। ਤਦ ਯਿਸੂ ਨੈ ਉਨਾਂ ਨੂੰ ਕਿਹਾ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੇ ਤੁਸੀਂ ਮਨੁੱਖ ਦੇ ਪੁਤ੍ਰ ਦਾ ਸਰੀਰ ਨਾ ਖਾਓ ਅਤੇ ਉਹ ਦਾ ਲਹੂ ਨਾ ਪੀਓ ਤਾਂ ਤੁਹਾਡੇ ਵਿੱਚ ਜੀਉਣ ਨਹੀਂ ਹੈ ।। ੫੪ ।। ਜੋ ਕੋਈ ਮੇਰਾ ਸਰੀਰ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਸਦੀਪਕ ਜੀਉਣ ਉਸੇ ਦਾ ਹੈ ਅਤੇ ਮੈਂ ਅੰਤ ਦੇ ਦਿਨ ਉਹ ਨੂੰ ਫੇਰ ਉਠਾਵਾਂਗਾ ।। ੫੫ ।। ਕਿਉਂਕਿ ਮੇਰਾ

Original wr
Language Department Punjab
Digitized by:
Panjab Digital Library

ਸਰੀਰ ਸੱਚ ਮੁੱਚ ਖਾਣ ਦੀ ਅਤੇ ਮੇਰਾ ਲਹੂ ਸੱਚ ਮੁੱਚ ਪੀਣ ਦੀ ਵਸਤੁ ਹੈ ॥ ੫੬ ॥ ਜੋ ਮੇਰਾ ਸਰੀਰ ਖਾਂ-
ਦਾ ਅਤੇ ਮੇਰਾ ਲਹੂ ਪੀਂਦਾ ਹੈ ਸੋ ਮੇਰੇ ਵਿੱਚ ਰਹਿੰਦਾ ਹੈ ਅਰ ਮੈਂ ਉਸ ਵਿੱਚ ॥ ੫੭ ॥ ਜਿਸ ਤਰਾਂ ਕਿ
ਜੀਉਂਦੇ ਪਿਤਾ ਨੇ ਮੈਨੂੰ ਭੇਜਿਆ ਅਤੇ ਮੈਂ ਪਿਤਾ ਦੇ ਕਾਰਨ ਜੀਉਂਦਾ ਹਾਂ ਉਸੇ ਤਰਾਂ ਜਿਹੜਾ ਮੈਨੂੰ ਖਾਂ-
ਦਾ ਹੈ ਸੋ ਮੇਰੇ ਕਾਰਨ ਜੀਏਗਾ ॥ ੫੮ ॥ ਜੋ ਰੋਟੀ ਸੁਰਗੋਂ ਉੱਤਰੀ ਸੋ ਇਹੋ ਹੈ। ਜਿਵੇਂ ਵਡਿਆਂ ਨੇ ਖਾਧੀ
ਅਤੇ ਮਰ ਗਏ ਸੋ ਨਹੀਂ ਪਰ ਜੋ ਇਹ ਰੋਟੀ ਖਾਂਦਾ ਹੈ ਉਹ ਸਦਾ ਜੀਉਂਦਾ ਰਹੂ ॥ ੫੯ ॥ ਉਹ ਨੇ ਕਫ਼ਰ-
ਨਾਹੂਮ ਦੀ ਇੱਕ ਸਮਾਜ ਵਿੱਚ ਉਪਦੇਸ ਦਿੰਦਿਆਂ ਏਹ ਗੱਲਾਂ ਆਖੀਆਂ ॥ ॥ ੬੦ ॥
ਇਸ ਲਈ ਉਹ ਦੇ ਸਿੱਖਾਂ ਵਿੱਚੋਂ ਬਹੁਤਿਆਂ ਨੇ ਸੁਣ ਕੇ ਆਖਿਆ ਜੋ ਇਹ ਔਖੀ ਗੱਲ ਹੈ ਇਹ ਨੂੰ ਕੌਣ
ਸੁਣ ਸੱਕਦਾ ਹੈ ॥ ੬੧ ॥ ਪਰ ਯਿਸੂ ਨੇ ਜੋ ਆਪਣੇ ਮਨ ਵਿੱਚ ਇਹ ਜਾਣਿਆ ਭਈ ਮੇਰੇ ਸਿੱਖ ਇਸ
ਗੱਲ ਉੱਤੇ ਬੁੜਬੁੜਾਉਂਦੇ ਹਨ ਉਨਾਂ ਨੂੰ ਆਖਿਆ ਕਿ ਇਸ ਥੋਂ ਤੁਹਾ ਨੂੰ ਠੋਕਰ ਲੱਗਦੀ ਹੈ ॥ ੬੨ ॥ ਫੇ-
ਰ ਕੀ ਹੋਊ ਜੇ ਕਰ ਤੁਸੀਂ ਮਨੁੱਖ ਦੇ ਪੁੱਤ ਨੂੰ ਉਤਾਹਾਂ ਚੜ੍ਹਦਾ ਵੇਖੋਗੇ ਜਿੱਥੇ ਉਹ ਪਹਿਲਾਂ ਸੀ ॥ ੬੩ ॥
ਜੀਉਦਾਤਾ ਤਾਂ ਆਤਮਾ ਹੈ ਸਰੀਰ ਥੋਂ ਕੁਝ ਲਾਭ ਨਹੀਂ। ਜੇਹੜੀਆਂ ਗੱਲਾਂ ਮੈਂ ਤੁਹਾ ਨੂੰ ਆਖੀਆਂ ਹਨ
ਓਹ ਆਤਮਾ ਹਨ ਅਤੇ ਜੀਉਣ ਹਨ ॥ ੬੪ ॥ ਪਰ ਤੁਹਾਡੇ ਵਿੱਚੋਂ ਕਿੰਨੇ ਹੀ ਹਨ ਜੋ ਨਿਹਚਾ ਨਹੀਂ ਕਰ-
ਦੇ। ਕਿਉਂਕਿ ਯਿਸੂ ਮੁੱਢੋਂ ਜਾਣਦਾ ਸੀ ਕਿ ਕੇਹੜੇ ਹਨ ਜੇਹੜੇ ਨਿਹਚਾ ਨਹੀਂ ਕਰਦੇ ਅਤੇ ਕੌਣ ਹੈ ਜੋ
ਮੈਨੂੰ ਫੜਵਾਏਗਾ ॥ ੬੫ ॥ ਅਤੇ ਉਸ ਨੇ ਆਖਿਆ ਜੋ ਇਸ ਕਾਰਨ ਮੈਂ ਤੁਹਾ ਨੂੰ ਇਹ ਕਿਹਾ ਹੈ ਕਿ ਕੋਈ
ਮੇਰੇ ਕੋਲ ਨਹੀਂ ਆ ਸੱਕਦਾ ਜੇ ਕਰ ਇਹ ਪਿਤਾ ਦੀ ਵੱਲੋਂ ਉਹ ਨੂੰ ਬਖਸਿਆ ਨਾ ਗਿਆ ਹੋਵੇ ॥
॥ ੬੬ ॥ ਇਸ ਗੱਲ ਥੋਂ ਉਹ ਦੇ ਸਿੱਖਾਂ ਵਿੱਚੋਂ ਬਹੁਤੇ ਪਿਛਾਹਾਂ ਨੂੰ ਮੁੜ ਗਏ ਅਤੇ ਫੇਰ ਉਹ ਦੇ

Original with:
Language Department Punjab
Digitized by:
Panjab Digital Library

ਨਾਲ੍ਹ ਨਾ ਚੱਲੇ ॥੬੭॥ ਉਪਰੰਦ ਯਿਸੂ ਨੈ ਉਨਾਂ ਬਾਰਾਂ ਨੂੰ ਆਖਿਆ ਕਿਆ ਤੁਸੀਂ ਬੀ ਜਾਣਿਆ ਚਾਹੁੰਦੇ ਹੋ ॥੬੮॥ ਸਮਊਨ ਪਤਰਸ ਨੈ ਉਹ ਨੂੰ ਇਹ ਉੱਤਰ ਦਿੱਤਾ ਪ੍ਰਭੂ ਜੀ ਅਸੀਂ ਕਿਹ ਦੇ ਪਾਸ ਜਾਇਏ ਸਦੀਪਕ ਜੀਉਣ ਦੀਆਂ ਗੱਲਾਂ ਤਾਂ ਤੇਰੇ ਕੋਲ੍ਹ ਹਨ ॥੬੯॥ ਅਰ ਅਸਾਂ ਤਾਂ ਨਿਹਚਾ ਕੀਤੀ ਅਤੇ ਜਾਣਿਆ ਹੈ ਕਿ ਤੂੰ ਪਰਮੇਸੁਰ ਦਾ ਪਵਿਤ੍ਰ ਜਨ ਹੈਂ ॥੭੦॥ ਯਿਸੂ ਨੈ ਉਨਾਂ ਨੂੰ ਅੱਗੋਂ ਆਖਿਆ ਕੀ ਮੈਂ ਤੁਸਾਂ ਬਾਰਾਂ ਨੂੰ ਨਹੀਂ ਚੁਣਿਆ ਅਤੇ ਤੁਹਾਡੇ ਵਿੱਚੋਂ ਇੱਕ ਜਣਾ ਸਤਨ ਹੈ ॥੭੧॥ ਇਹ ਉਸ ਨੈ ਸਮਊਨ ਇਸਕਰਿਯੋਤੀ ਦੇ ਪੁਤ੍ਰ ਯਹੂਦਾ ਦੀ ਬਾਬਤ ਆਖਿਆ ਕਿਉਂਕਿ ਉਹੋ ਉਸ ਨੂੰ ਫੜਵਾਇਆ ਚਾਹੁੰਦਾ ਅਤੇ ਉਨਾਂ ਬਾਰਾਂ ਵਿੱਚੋਂ ਇੱਕ ਸੀ ॥

੭ ਕਾਂਡ ॥ ਅਤੇ ਇਹ ਦੇ ਪਿੱਛੋਂ ਯਿਸੂ ਗਲੀਲ ਵਿੱਚ ਫਿਰਦਾ ਸੀ ਕਿਉਂਕਿ ਉਹ ਨੈ ਯਹੂਦਿਯਾ ਵਿੱਚ ਫਿਰਨਾ ਨਾ ਚਾਹਿਆ ਇਸ ਲਈ ਜੋ ਯਹੂਦੀ ਉਹ ਦੇ ਮਾਰ ਸਿੱਟਣ ਦੇ ਮਗਰ ਪਏ ਸਨ ॥੨॥ ਅਤੇ ਯਹੂਦੀਆਂ ਦਾ ਤੰਬੂ ਨਿਵਾਸ ਨਾਮੇ ਤਿਉਹਾਰ ਨੇੜੇ ਸੀ ॥੩॥ ਇਸ ਲਈ ਉਹ ਦੇ ਭਾਈਆਂ ਨੈ ਉਹ ਨੂੰ ਆਖਿਆ ਐਥੋਂ ਤੁਰ ਕੇ ਯਹੂਦਿਯਾ ਵਿੱਚ ਜਾ ਭਈ ਤੇਰੇ ਕੰਮਾਂ ਨੂੰ ਜੋ ਤੂੰ ਕਰਦਾ ਹੈਂ ਤੇਰੇ ਸਿੱਖ ਬੀ ਵੇਖਣ ॥੪॥ ਕਿਉਂਕਿ ਇਹੋ ਜਿਹਾ ਕੋਈ ਨਹੀਂ ਜੋ ਗੁਪਤ ਵਿੱਚ ਕੁਛ ਕਰੇ ਅਤੇ ਉਹ ਆਪ ਉਘਾ ਹੋਣਾ ਚਾਹੁੰਦਾ ਹੋਵੇ। ਜੇ ਤੂੰ ਏਹ ਕੰਮ ਕਰਦਾ ਹੈਂ ਤਾਂ ਆਪ ਨੂੰ ਜਗਤ ਉੱਤੇ ਪਰਗਟ ਕਰ ॥੫॥ ਕਿਉਂਕਿ ਉਹ ਦੇ ਭਾਈ ਬੀ ਉਸ ਉੱਤੇ ਨਿਹਚਾ ਨਹੀਂ ਸੀ ਕਰਦੇ ॥੬॥ ਤਦ ਯਿਸੂ ਨੈ ਉਨਾਂ ਨੂੰ ਆਖਿਆ ਕਿ ਮੇਰਾ ਵੇਲਾ ਅਜੇ ਨਹੀਂ ਆਇਆ ਪਰ ਤੁਹਾਡਾ ਵੇਲਾ ਨਿੱਤ ਬਣਿਆ ਰਹਿੰਦਾ ਹੈ ॥੭॥ ਜਗਤ ਤੁਹਾਡੇ ਨਾਲ੍ਹ ਵੈਰ ਨਹੀਂ ਕਰ ਸੱਕਦਾ ਪਰ ਮੇਰੇ ਨਾਲ੍ਹ ਵੈਰ ਕਰਦਾ ਹੈ ਕਿਉਂ ਜੋ ਮੈਂ ਉਸ ਉੱਤੇ ਸਾਖੀ ਦਿੰਦਾ ਹਾਂ ਭਈ ਉਹ

Original with
Language Department Punjab
Digitized by:
Panjab Digital Library

ਦੇ ਕੰਮ ਬੁਰੇ ਹਨ ॥੮॥ ਤੁਸੀਂ ਇਸ ਤਿਉਹਾਰ ਉੱਤੇ ਜਾਓ ਮੈਂ ਅਜੇ ਇਸ ਤਿਉਹਾਰ ਉੱਤੇ ਨਹੀਂ ਜਾਂਦਾ ਕਿਉਂਕਿ ਮੇਰਾ ਵੇਲਾ ਅਜੇ ਪੂਰਾ ਨਹੀਂ ਹੋਇਆ ॥੯॥ ਅਤੇ ਉਹ ਏਹ ਗੱਲਾਂ ਉਨ੍ਹਾਂ ਨੂੰ ਕਹਿਕੇ ਗਲੀਲ ਵਿੱਚ ਰਿਹਾ ॥ ॥੧੦॥ ਪਰ ਜਾਂ ਉਹ ਦੇ ਭਾਈ ਤਿਉਹਾਰ ਉੱਤੇ ਚੱਲੇ ਗਏ ਤਾਂ ਉਹ ਆਪ ਬੀ ਤੁਰ ਪਿਆ ਪਰ ਗਟ ਨਹੀਂ ਪਰ ਮਾਨੋ ਗੁਪਤ ਵਿੱਚ ॥੧੧॥ ਉਪਰੰਦ ਯਹੂਦੀ ਉਹ ਨੂੰ ਤਿਉਹਾਰ ਦੇ ਕੱਠ ਵਿੱਚ ਢੂੰਢਦੇ ਸਨ ਅਤੇ ਬੋਲੇ ਉਹ ਕਿੱਥੇ ਹੈ ॥੧੨॥ ਅਰ ਲੋਕਾਂ ਵਿੱਚ ਉਹ ਦੀ ਬਾਬਤ ਬਹੁਤ ਚਰਚਾ ਹੋ ਰਹੀ ਸੀ। ਕ ਈ ਕ ਆਖਦੇ ਸਨ ਕਿ ਉਹ ਭਲਾ ਲੋਕ ਹੈ ਪਰ ਹੋਰ ਆਹੰਦੇ ਸਨ ਕਿ ਨਹੀਂ ਸਗੋਂ ਉਹ ਲੋਕਾਂ ਨੂੰ ਭਰਮਾਉਂ ਦਾ ਹੈ ॥੧੩॥ ਪਰ ਤਾਂ ਬੀ ਯਹੂਦੀਆਂ ਦੇ ਡਰ ਦੇ ਮਾਰੇ ਕੋਈ ਉਹ ਦੀ ਗੱਲ ਖੋਲ੍ਹਕੇ ਨਹੀਂ ਕਰਦਾ ਸੀ ॥ ॥੧੪॥ ਅਤੇ ਤਿਉਹਾਰ ਦੇ ਦਿਨ ਹੁਣ ਅੱਧੇ ਬੀਤ ਗਏ ਸਨ ਕਿ ਯਿਸੂ ਮੰਦਰ ਵਿੱਚ ਜਾਕੇ ਉ ਪਦੇਸ ਦੇਣ ਲੱਗਾ ॥੧੫॥ ਤਾਂ ਯਹੂਦੀ ਅਚੰਭਾ ਕਰਕੇ ਬੋਲੇ ਜੋ ਬਿਨ ਪੜ੍ਹੇ ਇਹ ਨੂੰ ਗਿਆਨ ਕਿੱਥੋਂ ਆ ਇਆ ਹੈ ॥੧੬॥ ਸੋ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਮੇਰੀ ਸਿੱਖਿਆ ਮੇਰੀ ਆਪਣੀ ਨਹੀਂ ਸਗੋਂ ਉਹ ਦੀ ਹੈ ਜਿਨ ਮੈਨੂੰ ਘੱਲਿਆ ॥੧੭॥ ਜੇ ਕੋਈ ਉਹ ਦੀ ਮਰਜੀ ਅਨੁਸਾਰ ਚੱਲਣਾ ਚਾਹੇ ਤਾਂ ਉਹ ਇਸ ਸਿੱ ਖਿਆ ਦੀ ਬਾਬਤ ਜਾਣ ਜਾਊਗਾ ਭਈ ਇਹ ਪਰਮੇਸੁਰ ਥੋਂ ਹੈ ਜਾਂ ਮੈਂ ਆਪਣੀ ਵਲੋਂ ਬੋਲਦਾ ਹਾਂ ॥੧੮ ॥ ਜੋ ਕੋਈ ਆਪਣੀ ਵਲੋਂ ਬੋਲਦਾ ਹੈ ਸੋ ਆਪਣੀ ਹੀ ਵਡਿਆਈ ਚਾਹੁੰਦਾ ਹੈ ਪਰ ਜਿਹੜਾ ਆਪਣੇ ਭੇ ਜਣਵਾਲੇ ਦੀ ਵਡਿਆਈ ਚਾਹੁੰਦਾ ਹੈਗਾ ਉਹੋ ਸੱਚਾ ਹੈ ਅਤੇ ਉਹ ਦੇ ਵਿੱਚ ਕੁਧਰਮ ਨਹੀਂ ਹੈ ॥੧੯॥ ਕਿਆ ਮੂਸਾ ਨੇ ਤੁਹਾ ਨੂੰ ਸ਼ਰਾ ਨਹੀਂ ਸੌਂਪੀ ਪਰ ਤੁਹਾਡੇ ਵਿੱਚੋਂ ਕੋਈ ਸ਼ਰਾ ਉੱਤੇ ਨਹੀਂ ਚੱਲਦਾ। ਕਿਉਂ ਤੁਸੀਂ ਮੇਰੇ ਮਾਰ ਸੁੱਟਣ ਦੇ ਮਗਰ ਪਏ ਹੋ ॥੨੦॥ ਲੋਕਾਂ ਨੇ ਉੱਤਰ ਦਿੱਤਾ ਤੈਨੂੰ ਤਾਂ ਭੂਤ ਚਿੰਬੜਿਆ ਹੋਇਆ

Original with:
Language Department Punjab
Digitized by:
Panjab Digital Library

ਹੈ।ਕੌਣ ਤੇਰੇ ਮਾਰ ਸੁੱਟਣ ਦੇ ਮਗਰ ਪਿਆ ਹੈ॥੨੧॥ ਯਿਸੂ ਨੇ ਅੱਗੋਂ ਉਨ੍ਹਾਂ ਨੂੰ ਆਖਿਆ ਮੈਂ ਇੱਕ
ਕੰਮ ਕੀਤਾ ਅਤੇ ਤੁਸੀਂ ਸਭੋ ਅਚੰਭਾ ਕਰਦੇ ਹੋ॥੨੨॥ ਇਸ ਕਾਰਨ ਕਰਕੇ ਮੂਸਾ ਨੇ ਤੁਹਾਨੂੰ ਸੁੰ-
ਨਤ ਦੀ ਰੀਤ ਦਿੱਤੀ ਹੈ ਇਹ ਨਹੀਂ ਜੋ ਉਹ ਮੂਸਾ ਥੋਂ ਹੈ ਬਲਕ ਵਡ੍ਹਿਆਂ ਥੋਂ ਅਤੇ ਤੁਸੀਂ ਸਬਤ ਦੇ ਦਿ-
ਨ ਮਨੁੱਖ ਦੀ ਸੁੰਨਤ ਕਰਦੇ ਹੋ॥੨੩॥ ਜਾਂ ਸਬਤ ਦੇ ਦਿਨ ਮਨੁੱਖ ਦੀ ਸੁੰਨਤ ਕੀਤੀ ਜਾਂਦੀ ਹੈ ਇ-
ਸ ਕਰਕੇ ਜੋ ਮੂਸਾ ਦੀ ਸਰਾ ਟੁੱਟ ਨਾ ਜਾਏ ਤਾਂ ਕਿਆ ਤੁਸੀਂ ਮੇਰੇ ਉੱਤੇ ਇਸ ਲਈ ਖੁਣਸਦੇ ਹੋ ਜੋ
ਮੈਂ ਸਬਤ ਦੇ ਦਿਨ ਇੱਕ ਮਨੁੱਖ ਨੂੰ ਬਿੱਲਕੁਲ ਚੰਗਾ ਕੀਤਾ॥੨੪॥ ਵਿਖਾਵੇ ਦੇ ਅਨੁਸਾਰ ਨ-
ਆਉਂ ਨਾ ਕਰੋ ਪਰੰਤੁ ਜਥਾਰਥ ਨਿਆਉਂ ਕਰੋ॥ ॥੨੫॥ ਤਾਂ ਯਰੂਸ਼ਲੀਮ ਦੇ ਲੋ-
ਕਾਂ ਵਿੱਚੋਂ ਕਈਆਂ ਨੇ ਕਿਹਾ ਕਿਆ ਇਹ ਉਹੋ ਨਹੀਂ ਜਿਹ ਦੇ ਮਾਰ ਸੁੱਟਣ ਦੇ ਮਗਰ ਪਏ ਹਨ
॥੨੬॥ ਅਰ ਵੇਖੋ ਉਹ ਤਾਂ ਖੁੱਲ੍ਹੇ ਬਚਨ ਪਿਆ ਬੋਲਦਾ ਹੈ ਅਤੇ ਓਹ ਉਸ ਨੂੰ ਕੁਛ ਨਹੀਂ ਆ-
ਖਦੇ। ਕਿਆ ਸਰਦਾਰਾਂ ਨੇ ਸੱਚ ਜਾਣ ਲਿਆ ਜੋ ਇਹੋ ਮਸੀਹ ਹੈ॥੨੭॥ ਪਰ ਅਸੀਂ ਇਹ ਨੂੰ
ਜਾਣਦੇ ਹਾਂ ਜੋ ਕਿੱਥੋਂ ਦਾ ਹੈ ਪਰ ਜਾਂ ਮਸੀਹ ਆਊਗਾ ਤਾਂ ਕੋਈ ਨਹੀਂ ਜਾਣੂ ਜੋ ਉਹ ਕਿੱਥੋਂ ਦਾ
ਹੈ॥੨੮॥ ਇਸ ਕਰਕੇ ਯਿਸੂ ਮੰਦਰ ਵਿੱਚ ਉਪਦੇਸ ਕਰਦਾ ਅਤੇ ਇਹ ਕਹਿੰਦਾ ਉੱਚੀ ਬੋਲਿ-
ਆ ਤੁਸੀਂ ਤਾਂ ਮੈਨੂੰ ਜਾਣਦੇ ਨਾਲੇ ਇਹ ਵੀ ਜਾਣਦੇ ਹੋ ਜੋ ਮੈਂ ਕਿੱਥੋਂ ਦਾ ਹਾਂ ਅਤੇ ਮੈਂ ਆਪਣੇ ਆ-
ਪ ਨਹੀਂ ਆਇਆ ਪਰ ਜਿਹ ਨੇ ਮੈਨੂੰ ਘੱਲਿਆ ਸੋ ਸੱਚਾ ਹੈ ਜਿਹ ਨੂੰ ਤੁਸੀਂ ਨਹੀਂ ਜਾਣਦੇ॥੨੯
॥ਮੈਂ ਉਹ ਨੂੰ ਜਾਣਦਾ ਹਾਂ ਕਿਉਂ ਜੋ ਮੈਂ ਉਹ ਦੀ ਵਲੋਂ ਹਾਂ ਅਤੇ ਉਸ ਨੇ ਮੈਨੂੰ ਘੱਲਿਆ॥੩੦॥ ਤਦ
ਓਹ ਉਸ ਦੇ ਫੜ੍ਹਨ ਦੇ ਮਗਰ ਪਏ ਅਤੇ ਕਿਨੇ ਉਸ ਉੱਤੇ ਹੱਥ ਨਾ ਪਾਇਆ ਇਸ ਲਈ ਜੋ ਉਹ

Original with:
Language Department Punjab
Digitized by:
Panjab Digital Library

ਦਾ ਵੇਲਾ ਅਜੇ ਨਹੀਂ ਸੀ ਆਇਆ ॥੩੭॥ ਪਰ ਉਨਾਂ ਲੋਕਾਂ ਵਿੱਚੋਂ ਬਹੁਤਿਆਂ ਨੇ ਉਸ ਉੱਤੇ ਨਿਹਚਾ
ਕੀਤੀ ਅਤੇ ਬੋਲੇ ਕਿ ਜਾਂ ਮਸੀਹ ਆਊਗਾ ਤਾਂ ਭਲਾ ਉਹ ਉਨਾਂ ਕਰਾਮਾਤਾਂ ਨਾਲੋਂ ਜੇਹੜੀਆਂ ਇਸ ਨੇ
ਵਿਖਾਲੀਆਂ ਹਨ ਕੁਛ ਵੱਧ ਵਿਖਾਲੂ ॥੩੨॥ ਫਰੀਸੀਆਂ ਨੇ ਉਹ ਦੀ ਬਾਬਤ ਲੋਕਾਂ ਦੀ ਇਹ ਚਰਚ
ਸੁਣੀ ਤਾਂ ਪਰਧਾਨ ਜਾਜਕਾਂ ਅਤੇ ਫਰੀਸੀਆਂ ਨੇ ਸਿਪਾਹੀ ਘੱਲੇ ਜੋ ਉਹ ਨੂੰ ਫੜ ਲੈਣ ॥੩੩॥ ਉਪ-
ਰੰਦ ਯਿਸੂ ਨੇ ਆਖਿਆ ਅਜੇ ਥੋੜਾ ਚਿਰ ਮੈਂ ਤੁਹਾਡੇ ਨਾਲ ਹਾਂ ਅਤੇ ਜਿਨ ਮੈਨੂੰ ਘੱਲਿਆ ਉਹ ਦੇ ਕੋਲ
ਚੱਲਿਆ ਜਾਂਦਾ ਹਾਂ ॥੩੪॥ ਤੁਸੀਂ ਮੈਨੂੰ ਭਾਲੋਗੇ ਅਤੇ ਮੈਨੂੰ ਨਾ ਲੱਭੋਗੇ ਅਰ ਜਿੱਥੇ ਮੈਂ ਹਾਂ ਤੁਸੀਂ ਨਹੀਂ
ਆ ਸੱਕਦੇ ॥੩੫॥ ਉਪਰੰਦ ਯਹੂਦੀਆਂ ਨੇ ਆਪਸ ਵਿੱਚ ਆਖਿਆ ਉਹ ਕਿੱਥੇ ਜਾਊ ਜੋ ਅਸੀਂ ਉਹ
ਨੂੰ ਨਾ ਲੱਭਾਂਗੇ। ਭਲਾ ਉਹ ਉਨਾਂ ਕੋਲ ਜਾਊ ਜੇਹੜੇ ਯੂਨਨੀਆਂ ਵਿੱਚ ਖਿੰਡੇ ਹੋਏ ਹਨ ਅਤੇ ਯੂਨਨੀਆਂ
ਨੂੰ ਉਪਦੇਸ ਕਰੂ ॥੩੬॥ ਇਹ ਕੀ ਗੱਲ ਹੈ ਜੋ ਉਹ ਨੇ ਆਖੀ ਕਿ ਤੁਸੀਂ ਮੈਨੂੰ ਭਾਲੋਗੇ ਅਤੇ ਮੈਨੂੰ ਨਾ ਲੱ-
ਭੋਗੇ ਅਰ ਜਿੱਥੇ ਮੈਂ ਹਾਂ ਤੁਸੀਂ ਨਹੀਂ ਆ ਸੱਕਦੇ ॥

॥੩੭॥ ਅਤੇ ਪਿਛਲੇ ਦਿਨ ਜੇਹੜਾ ਤਿ-
ਉਹਾਰ ਦਾ ਵੱਡਾ ਦਿਨ ਸੀ ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ ਜੇ ਕੋਈ ਤਿਹਾ-
ਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ ॥੩੮॥ ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਧਰਮ ਪੋਥ ਦੇ ਵਾਕ
ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ ॥੩੯॥ ਪਰ ਉਹ ਨੇ ਇਹ
ਗੱਲ ਆਤਮਾ ਦੀ ਬਾਬਤ ਆਖੀ ਜੇਹੜਾ ਉਨਾਂ ਨੂੰ ਪ੍ਰਾਪਤ ਹੋਣਾ ਸੀ ਜਿਨਾਂ ਉਸ ਉੱਤੇ ਨਿਹਚਾ ਕੀਤੀ
ਕਿਉਂਕਿ ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪ੍ਰਕਾਸ ਨਹੀਂ ਸੀ ਹੋ-
ਇਆ ॥੪੦॥ ਤਾਂ ਭੀੜ ਵਿੱਚੋਂ ਕਈਆਂ ਨੇ ਏਹ ਗੱਲਾਂ ਸੁਣ ਕੇ ਆਖਿਆ ਸੱਚੀ ਮੁੱਚੀ ਇਹ ਉਹੋ ਪਰੋ

Original with:
Language Department Punjab
Digitized by:
Panjab Digital Library

ਬਰ ਹੈ॥੪੧॥ ਦੂਜਿਆਂ ਨੈ ਕਿਹਾ ਇਹ ਮਸੀਹ ਹੈ। ਪਰ ਕਈਆਂ ਨੈ ਆਖਿਆ ਭਲਾ ਮਸੀਹ ਗਲੀ-
ਲ ਵਿੱਚੋਂ ਆਉਂਦਾ ਹੈ॥੪੨॥ ਕਿਆ ਕਤੇਬ ਨੈ ਨਹੀਂ ਆਖਿਆ ਜੋ ਮਸੀਹ ਦਾਊਦ ਦੀ ਅੰਸ ਵਿੱਚੋਂ
ਅਤੇ ਬੈਤਲਹਮ ਦੀ ਨਗਰੀ ਥੋਂ ਜਿੱਥੇ ਦਾਊਦ ਸੀ ਆਉਂਦਾ ਹੈ॥੪੩॥ ਸੋ ਉਹ ਦੇ ਕਾਰਨ ਲੋਕਾਂ ਵਿੱਚ
ਫੁੱਟ ਪੈ ਗਈ॥੪੪॥ ਅਤੇ ਉਨਾਂ ਵਿੱਚੋਂ ਕਿੰਨੇ ਚਾਹੁੰਦੇ ਸਨ ਭਈ ਇਹ ਨੂੰ ਫੜ ਲਾਇਯੇ ਪਰ ਕਿਸੇ ਨੈ ਉ-
ਸ ਉੱਤੇ ਹੱਥ ਨਾ ਪਾਏ॥ ॥੪੫॥ ਉਪਰੰਦ ਓਹ ਸਿਪਾਹੀ ਪਰਧਾਨ ਜਾਜਕਾਂ ਅਤੇ ਫ਼ਰੀਸੀਆਂ ੦
ਕੋਲ ਆਏ ਅਤੇ ਉਨੀਂ ਤਿਨਾਂ ਨੂੰ ਕਿਹਾ ਤੁਸੀਂ ਉਹ ਨੂੰ ਕਿਉਂ ਨਾ ਲਿਆਏ॥੪੬॥ ਸਿਪਾਹੀਆਂ ਨੈ ਉੱਤਰ
ਦਿੱਤਾ ਜੋ ਇਹ ਦੇ ਤੁੱਲ ਕਦੇ ਕਿਸੇ ਮਨੁੱਖ ਨੈ ਬਚਨ ਨਹੀਂ ਕੀਤਾ॥੪੭॥ ਤਾਂ ਫ਼ਰੀਸੀਆਂ ਨੈ ਉਨਾਂ ਨੂੰ ਉੱ-
ਤਰ ਦਿੱਤਾ ਕਿਆ ਤੁਸੀਂ ਬੀ ਕੁਰਮਾਏ ਗਏ॥੪੮॥ ਭਲਾ ਸਰਦਾਰਾਂ ਅਕੇ ਫ਼ਰੀਸੀਆਂ ਵਿੱਚੋਂ ਕਿੰਨੇ ਉ-
ਸ ਉੱਤੇ ਨਿਹਚਾ ਕੀਤੀ ਹੈ॥੪੯॥ ਪਰ ਧ੍ਰਿਗ ਹੈ ਇਨਾਂ ਲੋਕਾਂ ਉੱਤੇ ਜੋ ਹੜੇ ਸ਼ਰਾ ਨੂੰ ਨਹੀਂ ਜਾਣਦੇ ਹਨ॥੫੦
॥ ਨਿਕੁਦੇਮੁਸ ਨੈ ਜੋ ਹੜਾ ਪਹਿਲਾਂ ਯਿਸੂ ਦੇ ਕੋਲ ਆਇਆ ਅਤੇ ਉਨਾਂ ਵਿੱਚੋਂ ਇੱਕ ਸੀ ਤਿਨਾਂ ਨੂੰ ਆ-
ਖਿਆ॥੫੧॥ ਕੀ ਸਾਡੀ ਸ਼ਰਾ ਕਿਸੇ ਮਨੁੱਖ ਨੂੰ ਉਹ ਦੀ ਸੁਣਨ ਅਤੇ ਇਹ ਜਾਣਨ ਥੋਂ ਪਹਿਲਾਂ ਭਈ ਉ-
ਹ ਕੀ ਕਰਦਾ ਹੈ ਗਾ ਦੋਸੀ ਠਰਾਉਂਦੀ ਹੈ॥੫੨॥ ਉਨਾਂ ਨੈ ਉਸ ਨੂੰ ਉੱਤਰ ਦਿੱਤਾ ਭਲਾ ਤੂੰ ਬੀ ਗਲੀਲ ਥੋਂ
ਹੈਂ॥੫੩॥ ਭਾਲ ਅਤੇ ਵੇਖ ਜੋ ਗ਼ਲੀਲ ਵਿੱਚੋਂ ਕੋਈ ਪਿਕੰਬਰ ਨਹੀਂ ਉਪਜਦਾ॥

੮ਕਾਂਡ॥ ਫੇਰ ਹਰੇਕ ਆਪੋ ਆਪਣੇ ਘਰ ਗਿਆ ਪਰ ਯਿਸੂ ਜੈਤੂਨ ਦੇ ਪਹਾੜ ਨੂੰ ਸਿਧਾਰਿਆ ੦
॥੨॥ ਅਤੇ ਸਵੇਰ ਨੂੰ ਉਹ ਮੰਦਰ ਵਿੱਚ ਫੇਰ ਆਇਆ ਅਤੇ ਸਭ ਲੋਕ ਉਹ ਦੇ ਕੋਲ
ਆਏ ਅਰ ਉਸ ਨੈ ਬੈਠ ਕੇ ਉਨਾਂ ਨੂੰ ਉਪਦੇਸ ਕੀਤਾ॥੩॥ ਤਾਂ ਰੀਥੀ ਅਤੇ ਫ਼ਰੀਸੀ ਇੱਕ ਤੀਮੀ ਨੂੰ ਲਿ-

Original with:
Language Department Punjab
Digitized by:
Panjab Digital Library

ਆਏ ਜਿਹੜੀ ਵਿਭਚਾਰ ਵਿੱਚ ਫੜੀ ਗਈ ਸੀ ਅਤੇ ਉਸ ਨੂੰ ਵਿਚਕਾਰ ਖੜੀ ਕਰਕੇ ॥੪॥ ਉਹ ਨੂੰ
ਕਿਹਾ ਗੁਰੂ ਜੀ ਇਹ ਤੀਮੀਂ ਵਿਭਚਾਰ ਕਰਦੀ ਜਿਹੇ ਫੜੀ ਗਈ ਹੈ ॥੫॥ ਅਤੇ ਮੂਸਾ ਨੈ ਤੌਰੇਤ ਵਿੱਚ ਸਾ-
ਨੂੰ ਹੁਕਮ ਦਿੱਤਾ ਹੈ ਜੋ ਏਹੋ ਜੇਹੀਆਂ ਨੂੰ ਪੱਥਰਾਂ ਨਾਲ ਮਾਰ ਸੁੱਟੇ ਫੇਰ ਤੂੰ ਇਹ ਦੇ ਹੱਕ ਵਿੱਚ ਕੀ ਆਖਦਾ
ਹੈਂ ॥੬॥ ਪਰ ਉਨਾਂ ਨੈ ਉਹ ਦੇ ਪਰਤਾਉਣ ਲਈ ਇਹ ਗੱਲ ਕਹੀ ਸੀ ਭਈ ਉਸ ਉੱਤੇ ਊਜ ਲਾਉਣ ਦਾ
ਸੌਕਾ ਮਿਲੇ। ਪਰ ਯਿਸੂ ਹਿਠਾਂ ਨੇਉਂਕੇ ਉਂਗਲ ਨਾਲ ਧਰਤੀ ਪੁਰ ਲਿਖਣ ਲੱਗਾ ॥੭॥ ਪਰ ਜਾਂ ਓ-
ਹ ਉਸ ਥੇਂ ਪੁੱਛੀ ਗਏ ਤਾਂ ਉਹ ਨੈ ਸਿੱਧੇ ਹੋਕੇ ਉਨਾਂ ਨੂੰ ਆਖਿਆ ਕਿ ਜਿਹੜਾ ਤੁਹਾਡੇ ਵਿੱਚੋਂ ਨਿਰਦੋਖ ਹੋ-
ਵੇ ਉਹੋ ਪਹਿਲਾਂ ਉਸ ਨੂੰ ਪੱਥਰ ਮਾਰੇ ॥੮॥ ਅਤੇ ਫੇਰ ਹਿਠਾਂ ਨੇਉਂਕੇ ਉਂਗਲ ਨਾਲ ਧਰਤੀ ਪੁਰ ਲਿਖ-
ਣ ਲੱਗਾ ॥੯॥ ਇਹ ਸੁਣਕੇ ਓਹ ਵੜ੍ਹਿਆਂ ਥੋਂ ਲਾਕੇ ਛੋਟਿਆਂ ਤੀਕੁਰ ਇੱਕ ਇੱਕ ਕਰਕੇ ਨਿੱਕਲ ਗਏ
ਅਤੇ ਯਿਸੂ ਕੱਲਾ ਰਹਿ ਗਿਆ ਅਤੇ ਉਹ ਤੀਮੀਂ ਵਿਚਕਾਰ ਖੜੀ ਰਹੀ ॥੧੦॥ ਤਾਂ ਯਿਸੂ ਨੈ ਸਿੱਧੇ ਹੋਕੇ
ਉਹ ਨੂੰ ਆਖਿਆ ਹੇ ਤੀਮਤ ਓਹ ਕਿੱਥੇ ਹਨ ਕਿਆ ਕਿਨੇ ਤੇਰੇ ਉੱਤੇ ਸਜਾ ਦਾ ਹੁਕਮ ਨਾ ਦਿੱਤਾ ॥੧੧॥ ਉਹ
ਬੋਲੀ ਮਹਾਰਾਜ ਕਿਨੇ ਬੀ ਨਹੀਂ। ਅਤੇ ਯਿਸੂ ਨੈ ਕਿਹਾ ਮੈਂ ਬੀ ਨਹੀਂ ਦਿੰਦਾ ਜਾਹ ਏਦੋਂ ਅੱਗੇ ਫੇਰ ਪਾਪ ਨਾ
ਕਰੀਂ ॥

॥੧੨॥ ਉਪਰੰਦ ਯਿਸੂ ਨੈ ਫੇਰ ਉਨਾਂ ਨੂੰ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ ਜਿ-
ਹੜਾ ਮੇਰੇ ਪਿੱਛੇ ਤੁਰਦਾ ਹੈ ਅਨੇਰੇ ਵਿੱਚ ਕਦੇ ਨਾ ਚੱਲੂ ਸੋ ਗੋਂ ਉਹ ਦੇ ਕੋਲ ਜੀਉਣ ਦਾ ਚਨਣ ਹੋਊ ॥
੧੩॥ ਇਸ ਲਈ ਫਰੀਸੀਆਂ ਨੈ ਉਹ ਨੂੰ ਕਿਹਾ ਤੂੰ ਆਪਣੇ ਉੱਤੇ ਆਪੇ ਸਾਖੀ ਦਿੰਦਾ ਹੈਂ ਤੇਰੀ ਸਾਖੀ ਸੱ-
ਚੀ ਨਹੀਂ ॥੧੪॥ ਯਿਸੂ ਨੈ ਉਨਾਂ ਨੂੰ ਉੱਤਰ ਦਿੱਤਾ ਭਾਵੇਂ ਮੈਂ ਆਪਣੇ ਉੱਤੇ ਆਪੇ ਸਾਖੀ ਦਿੰਦਾ ਹਾਂ ਤਾਂ ਬੀ ਮੇ-
ਰੀ ਸਾਖੀ ਸੱਚੀ ਹੈ ਕਿਉਂ ਜੋ ਮੈਂ ਜਾਣਦਾ ਹਾਂ ਭਈ ਮੈਂ ਕਿੱਧਰੋਂ ਆਇਆ ਹਾਂ ਅਤੇ ਕਿੱਧਰ ਨੂੰ ਜਾਂਦਾ ਹਾਂ ਪ-

Original with:
Language Department Punjab
Digitized by:
Panjab Digital Library

ਰਤੁਸੀਂ ਨਹੀਂ ਜਾਣਦੇ ਭਈ ਮੈਂ ਕਿੱਧਰੋਂ ਆਉਂਦਾ ਅਤੇ ਕਿੱਧਰ ਨੂੰ ਜਾਂਦਾ ਹਾਂ ॥੧੫॥ ਤੁਸੀਂ ਸਰੀਰ ਦੇ ਅਨੁ-
ਸਾਰ ਵਿਚਾਰ ਕਰਦੇ ਹੋ ਮੈਂ ਕਿਸੇ ਦਾ ਵਿਚਾਰ ਨਹੀਂ ਕਰਦਾ ॥੧੬॥ ਪਰ ਜੇ ਮੈਂ ਵਿਚਾਰ ਕਰਾਂ ਤਾਂ ਭੀ ਮੇਰਾ
ਵਿਚਾਰ ਸੱਚਾ ਹੈ ਕਿਉਂਜੋ ਮੈਂ ਕੱਲਾ ਨਹੀਂ ਪਰ ਮੈਂ ਅਤੇ ਪਿਤਾ ਜਿਨ ਮੈਨੂੰ ਘੱਲਿਆ ਹੈ ॥੧੭॥ ਤੁਹਾਡੀ ਸਰਾ
ਵਿੱਚ ਭੀ ਇਹ ਲਿਖਿਆ ਹੋਇਆ ਹੈ ਕਿ ਦੋਹੁ ਮਨੁੱਖਾਂ ਦੀ ਸਾਖੀ ਸੱਚੀ ਹੁੰਦੀ ਹੈ ॥੧੮॥ ਇੱਕ ਤਾਂ ਮੈਂ ਜੋ ਆ-
ਪਣੇ ਉੱਤੇ ਸਾਖੀ ਦਿੰਦਾ ਹਾਂ ਅਤੇ ਇੱਕ ਮੇਰਾ ਪਿਤਾ ਜਿਨ ਮੈਨੂੰ ਘੱਲਿਆ ਮੇਰੇ ਉੱਤੇ ਸਾਖੀ ਦਿੰਦਾ ਹੈ ॥੧੯॥ ਉ-
ਪਰੰਦ ਉਨਾਂ ਉਸ ਨੂੰ ਆਖਿਆ ਕਿੱਥੇ ਹੈ ਤੇਰਾ ਪਿਤਾ। ਯਿਸੂ ਨੇ ਉੱਤਰ ਦਿੱਤਾ ਤੁਸੀਂ ਨਾ ਮੈਨੂੰ ਜਾਣਦੇ ਹੋ ਅਤੇ
ਨਾ ਮੇਰੇ ਪਿਤਾ ਨੂੰ। ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ ॥੨੦॥ ਉਹ ਨੇ ਮੰਦਰ ਦੇ ਵਿੱਚ ਉਪ-
ਦੇਸ ਕਰਦੇ ਹੋਏ ਏਹ ਗੱਲਾਂ ਭੰਡਾਰ ਦੇ ਅੰਦਰ ਆਖੀਆਂ ਅਰ ਕਿਸੇ ਨੇ ਉਹ ਨੂੰ ਨਾ ਫੜਿਆ ਕਿਉਂਜੋ ਉ-
ਹਦਾ ਵੇਲਾ ਅਜੇ ਨਹੀਂ ਸੀ ਆਇਆ ॥ ॥੨੧॥ ਉਪਰੰਦ ਉਸ ਨੇ ਫੇਰ ਉਨਾਂ ਨੂੰ ਆਖਿਆ ਮੈਂ
ਤਾਂ ਚੱਲਿਆ ਜਾਂਦਾ ਹਾਂ ਅਰ ਤੁਸੀਂ ਮੈਨੂੰ ਭਾਲੋਗੇ ਅਤੇ ਆਪਣੇ ਪਾਪ ਵਿੱਚ ਮਰੋਗੇ। ਜਿੱਥੇ ਮੈਂ ਜਾਂਦਾ ਹ
ਤੁਸੀਂ ਨਹੀਂ ਆ ਸੱਕਦੇ ॥੨੨॥ ਉਪਰੰਦ ਯਹੂਦੀਆਂ ਨੇ ਕਿਹਾ ਕਿਆ ਉਹ ਆਪਣਾ ਘਾਤ ਕਰੂ। ਕਿ-
ਉਂਜੋ ਉਹ ਆਖਦਾ ਹੈ ਭਈ ਜਿੱਥੇ ਮੈਂ ਜਾਂਦਾ ਹਾਂ ਤੁਸੀਂ ਨਹੀਂ ਆ ਸੱਕਦੇ ॥੨੩॥ ਅਤੇ ਉਸ ਨੇ ਉਨਾਂ ਨੂੰ ਕਿ-
ਹਾ ਤੁਸੀਂ ਹੇਠੋਂ ਹੋ ਮੈਂ ਉੱਤੋਂ ਹਾਂ ਤੁਸੀਂ ਇਸ ਜਗਤ ਥੀਂ ਹੋ ਮੈਂ ਇਸ ਜਗਤ ਥੀਂ ਨਹੀਂ ਹਾਂ ॥੨੪॥ ਇਸ ਲਈ ਮੈਂ
ਤੁਹਾਨੂੰ ਆਖਿਆ ਜੋ ਤੁਸੀਂ ਆਪਣੇ ਪਾਪਾਂ ਵਿੱਚ ਮਰੋਗੇ ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹ
ਤਾਂ ਆਪਣੇ ਪਾਪਾਂ ਵਿੱਚ ਮਰੋਗੇ ॥੨੫॥ ਉਪਰੰਦ ਉਨਾਂ ਨੇ ਉਸ ਨੂੰ ਕਿਹਾ ਤੂੰ ਹੈਂ ਕੌਣ। ਯਿਸੂ ਨੇ ਉਨਾਂ ਨੂੰ ਆ
ਖਿਆ ਮੈਂ ਉਹੋ ਹਾਂ ਜੋ ਮੁੱਢੋਂ ਤੁਹਾਨੂੰ ਦੱਸਦਾ ਆਇਆ ॥੨੬॥ ਤੁਹਾਡੇ ਹੱਕ ਵਿੱਚ ਮੈਂ ਬਹੁਤ ਕੁਛ ਕਹਿਣਾ ਅ

Original with:
Language Department Punjab
Digitized by:
Panjab Digital Library

ਵਿਚਾਰ ਕਰਨਾ ਹੈ ਪਰ ਜਿਨ ਮੈਨੂੰ ਘੱਲਿਆ ਉਹ ਸੱਚਾ ਹੈ ਅਤੇ ਜੋ ਜੋ ਹੜੀਆਂ ਗੱਲਾਂ ਮੈਂ ਉਸ ਕੋਲੋਂ
ਸੁਣੀਆਂ ਸੋਈ ਜਗਤ ਨੂੰ ਕਹਿੰਦਾ ਹਾਂ ॥੨੭॥ ਓਹ ਨਾ ਸਮਝੇ ਜੋ ਉਹ ਸਾ ਨੂੰ ਪਿਤਾ ਦੀ ਬਾਬਤ ਆਖ-
ਦਾ ਹੈ ॥੨੮॥ ਉਪਰੰਦ ਯਿਸੂ ਨੇ ਕਿਹਾ ਕਿ ਜਾਂ ਤੁਸੀਂ ਮਨੁੱਖ ਦੇ ਪੁਤ੍ਰ ਨੂੰ ਉੱਚਾ ਕਰੋਗੇ ਤਾਂ ਜਾਣੋਗੇ ਭਈ ਮੈਂ
ਉਹੋ ਹਾਂ ਅਤੇ ਇਹ ਜੋ ਮੈਂ ਆਪਣੀ ਵਲੋਂ ਕੁਛ ਨਹੀਂ ਕਰਦਾ ਪਰ ਜਿਹਾ ਕੁ ਪਿਤਾ ਨੇ ਮੈਨੂੰ ਸਿਖਾਲਿਆ ਹੈ
ਤਿਹਾ ਹੀ ਮੈਂ ਇਹ ਗੱਲਾਂ ਆਖਦਾ ਹਾਂ ॥੨੯॥ ਅਰ ਜਿਨ ਮੈਨੂੰ ਘੱਲਿਆ ਉਹ ਮੇਰੇ ਸੰਗ ਹੈ। ਉਸ ਨੇ ਮੈ
ਨੂੰ ਕੱਲਾ ਨਹੀਂ ਛੱਡਿਆ ਕਿਉਂ ਜੋ ਮੈਂ ਸਦਾ ਓਹ ਕੰਮ ਕਰਦਾ ਹਾਂ ਜੋ ਹੜੇ ਉਸ ਨੂੰ ਭਾਉਂਦੇ ਹਨ ॥੩੦॥ ਉਹ
ਦੇ ਏਹ ਗੱਲਾਂ ਆਖਦਿਆਂ ਬਹੁਤਿਆਂ ਨੇ ਉਸ ਉੱਤੇ ਨਿਹਚਾ ਕੀਤੀ ॥ ॥੩੧॥ ਤਾਂ ਯਿਸੂ
ਨੇ ਉਨਾਂ ਯਹੂਦੀਆਂ ਨੂੰ ਜਿਨਾਂ ਉਹ ਦੀ ਪਰਤੀਤ ਕੀਤੀ ਸੀ ਆਖਿਆ ਜੇ ਤੁਸੀਂ ਮੇਰੇ ਬਚਨ ਪੁਰ ਖਲੋਤੇ
ਰਹੋ ਤਾਂ ਠੀਕ ਤੁਸੀਂ ਮੇਰੇ ਸਿੱਖ ਹੋ ॥੩੨॥ ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾ ਨੂੰ ਨਿ-
ਰਬੰਧ ਕਰੂ ॥੩੩॥ ਉਨਾਂ ਉਸ ਨੂੰ ਉੱਤਰ ਦਿੱਤਾ ਕਿ ਅਸੀਂ ਇਬਰਾਹੀਮ ਦੀ ਅੰਸ ਹਾਂ ਗੇ ਅਰ ਕਦੇ ਕਿ-
ਸੇ ਦੇ ਬੰਧਨ ਵਿੱਚ ਨਹੀਂ ਰਹੇ। ਤੂੰ ਕਿੱਕੂਰ ਆਖਦਾ ਹੈਂ ਜੋ ਤੁਸੀਂ ਨਿਰਬੰਧ ਕੀਤੇ ਜਾਓਗੇ ॥੩੪॥ ਯਿਸੂ ਨੇ
ਉਨਾਂ ਨੂੰ ਉੱਤਰ ਦਿੱਤਾ ਜੋ ਮੈਂ ਤੁਹਾ ਨੂੰ ਸੱਚ ਸੱਚ ਆਖਦਾ ਹਾਂ ਕਿ ਹਰੇਕ ਜੋ ਪਾਪ ਕਰਦਾ ਹੈ ਸੋ ਪਾਪ ਦਾ ਦਾਸ
ਹੈ ॥੩੫॥ ਅਤੇ ਦਾਸ ਸਦਾ ਘਰ ਵਿੱਚ ਨਹੀਂ ਰਹਿੰਦਾ। ਪੁਤ੍ਰ ਸਦਾ ਰਹਿੰਦਾ ਹੈ ॥੩੬॥ ਇਸ ਲਈ ਜੇ ਪੁ-
ਤ੍ਰ ਤੁਹਾ ਨੂੰ ਨਿਰਬੰਧ ਕਰੇ ਤਾਂ ਠੀਕ ਤੁਸੀਂ ਨਿਰਬੰਧ ਹੋਵੋਗੇ ॥੩੭॥ ਮੈਂ ਜਾਣਦਾ ਹਾਂ ਜੋ ਤੁਸੀਂ ਇਬਰਾਹੀ-
ਮ ਦੀ ਅੰਸ ਹੋ ਪਰ ਤੁਸੀਂ ਮੇਰੇ ਮਾਰ ਸੁੱਟਣ ਦੇ ਮਗਰ ਪਏ ਹੋ ਇਸ ਲਈ ਜੋ ਤੁਹਾਡੇ ਵਿੱਚ ਮੇਰਾ ਬਚਨ
ਵ੍ਹਧਣਾ ਨਹੀਂ ਪਾਉਂਦਾ ॥੩੮॥ ਮੈਂ ਜੋ ਕੁਛ ਆਪਣੇ ਪਿਤਾ ਦੇ ਕੋਲ ਵੇਖਿਆ ਹੈ ਸੋਈ ਕਹਿੰਦਾ ਹਾਂ। ਫੇਰ

Original with:
Language Department Punjab
Digitized by:
Panjab Digital Library

ਤੁਸਾਂ ਬੀ ਜੋ ਕੁਛ ਆਪਣੇ ਪਿਉ ਦੇ ਕੋਲ ਸੁਣਿਆ ਹੈ ਸੋ ਕਰਦੇ ਹੋ ॥੩੮॥ ਉਨਾਂ ਨੇ ਉਸ ਨੂੰ ਉੱਤਰ ਦਿੱਤਾ ਸਾਡਾ ਪਿਤਾ ਇਬਰਾਹੀਮ ਹੈ। ਯਿਸੂ ਨੇ ਉਨਾਂ ਨੂੰ ਆਖਿਆ ਜੇ ਤੁਸੀਂ ਇਬਰਾਹੀਮ ਦੀ ਔਲਾਦ ਹੁੰਦੇ ਤ ਇਬਰਾਹੀਮ ਜੇਹੇ ਕੰਮ ਕਰਦੇ ॥੪੦॥ ਪਰ ਹੁਣ ਤੁਸੀਂ ਮੇਰੇ ਮਾਰ ਸੁੱਟਣ ਦੇ ਮਗਰ ਪਏ ਹੋ ਜੋ ਇਹ ਮਨੁੱਖ ਜਿਨ ਤੁਹਾਨੂੰ ਉਹ ਸੱਚੀ ਗੱਲ ਦੱਸੀ ਹੈ ਜਿਹੜੀ ਮੈਂ ਪਰਮੇਸ਼ੁਰ ਕੋਲੋਂ ਸੁਣੀ। ਇਹ ਤਾਂ ਇਬਰਾਹੀਮ ਨੇ ਨਹੀਂ ਕੀਤਾ ॥੪੧॥ ਤੁਸੀਂ ਆਪਣੇ ਪਿਉ ਜੇਹੇ ਕੰਮ ਕਰਦੇ ਹੋ। ਉਨਾਂ ਨੇ ਉਸ ਨੂੰ ਆਖਿਆ ਅਸੀਂ ਹਰਾਮ ਦੇ ਨਹੀਂ ਹਾਂ ਸਾਡਾ ਪਿਤਾ ਇੱਕ ਉਹ ਪਰਮੇਸ਼ੁਰ ਹੈ ॥੪੨॥ ਯਿਸੂ ਨੇ ਉਨਾਂ ਨੂੰ ਕਿਹਾ ਜੇ ਪਰਮੇਸ਼ੁਰ ਤੁਹਾਡਾ ਪਿਤਾ ਹੁੰਦਾ ਤਾਂ ਤੁਸੀਂ ਮੈਨੂੰ ਪਿਆਰ ਕਰਦੇ ਇਸ ਲਈ ਜੋ ਮੈਂ ਪਰਮੇਸ਼ਰ ਥੋਂ ਨਿੱਕਲਿਆ ਅਤੇ ਆਇਆ ਹਾਂ ਕਿਉਂਕਿ ਮੈਂ ਆਪ ਥੋਂ ਆਪ ਨਹੀਂ ਆਇਆ ਪਰ ਉਹ ਨੇ ਮੈਨੂੰ ਘੱਲਿਆ ॥੪੩॥ ਤੁਸੀਂ ਮੇਰੀ ਬਾਣੀ ਕਿਉਂ ਨਹੀਂ ਸਮਝਦੇ। ਇਸੇ ਲਈ ਜੋ ਮੇਰਾ ਬਚਨ ਸੁਣ ਨਹੀਂ ਸੱਕਦੇ ॥੪੪॥ ਤੁਸੀਂ ਆਪਣੇ ਪਿਉ ਸ਼ਤਾਨ ਥੋਂ ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾਂ ਮੁੱਢੋਂ ਲਾਕੇ ਮਨੁੱਖ ਘਾਤਕ ਸੀ ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ ਕਿਉਂਕਿ ਉਸ ਵਿੱਚ ਸਚਿਆਈ ਹੈ ਨਹੀਂ। ਜਦ ਉਹ ਝੂਠ ਬੋਲਦਾ ਹੈ ਗਾ ਤਾਂ ਉਹ ਆਪਣੀਆਂ ਹੀ ਗੱਲਾਂ ਕਰਦਾ ਹੈ ਕਿਉਂਕਿ ਉਹ ਝੂਠਾ ਹੈ ਅਤੇ ਝੂਠ ਦਾ ਪਿਉ ਹੈ ॥੪੫॥ ਪਰ ਇਸ ਕਾਰਨ ਜੋ ਮੈਂ ਸੱਤ ਆਖਦਾ ਹਾਂ ਤੁਸੀਂ ਮੇਰੀ ਪਰਤੀਤ ਨਹੀਂ ਕਰਦੇ ਹੋ ॥੪੬॥ ਕੌਣ ਤੁਹਾਡੇ ਵਿੱਚੋਂ ਮੇਰੇ ਉੱਤੇ ਗੁਨਾਹ ਸਾਬਤ ਕਰਦਾ ਹੈ। ਜੇ ਮੈਂ ਸੱਤ ਆਖਦਾ ਹਾਂ ਤਾਂ ਤੁਸੀਂ ਕਿਉਂ ਮੇਰੀ ਪਰਤੀਤ ਨਹੀਂ ਕਰਦੇ ਹੋ ॥੪੭॥ ਜੋ ਪਰਮੇਸ਼ੁਰ ਥੋਂ ਹੈ ਸੋ ਪਰਮੇਸ਼ੁਰ ਦੇ ਬਚਨ ਸੁਣਦਾ ਹੈ। ਤੁਸੀਂ ਇਸੇ ਕਾਰਨ ਨਹੀਂ ਸੁਣਦੇ ਜੋ ਤੁਸੀਂ ਪਰਮੇਸ਼ੁਰ ਥੋਂ

Original with:
Language Department Punjab
Digitized by:
Panjab Digital Library

ਨਹੀਂ ਹੋਂ ॥੪੮॥ ਯਹੂਦੀਆਂ ਨੇ ਉਹ ਨੂੰ ਉੱਤਰ ਦਿੱਤਾ ਕਿਆ ਅਸੀਂ ਠੀਕ ਨਹੀਂ ਕਹਿੰਦੇ ਜੋ ਤੂੰ ਸਾਮਰੀ ਹੈਂ ਅਤੇ ਤੈਨੂੰ ਇੱਕ ਭੂਤ ਚਿੰਬੜਿਆ ਹੋਇਆ ਹੈ ॥੪੯॥ ਯਿਸੂ ਨੇ ਉੱਤਰ ਦਿੱਤਾ ਮੈਨੂੰ ਭੂਤ ਨਹੀਂ ਚਿੰਬੜਿਆ ਹੋਇਆ ਹੈ ਪਰ ਮੈਂ ਆਪਣੇ ਪਿਤਾ ਦਾ ਆਦਰ ਕਰਦਾ ਹਾਂ ਅਤੇ ਤੁਸੀਂ ਮੇਰਾ ਨਿਆਦਰ ਕਰਦੇ ਹੋ ॥੫੦॥ ਪਰ ਮੈਂ ਆਪਣੀ ਵਡਿਆਈ ਨਹੀਂ ਭਾਲਦਾ। ਇੱਕ ਹੈ ਜੋ ਭਾਲਦਾ ਅਤੇ ਨਿਆਉਂ ਕਰਦਾ ਹੈ ॥੫੧॥ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੇ ਕੋਈ ਮੇਰੇ ਬਚਨ ਦੀ ਪਾਲਣਾ ਕਰੇ ਤਾਂ ਉਹ ਮੂਲੇਂ ਕਦੇ ਮੌਤ ਨਾ ਵੇਖੂ ॥੫੨॥ ਯਹੂਦੀਆਂ ਨੇ ਉਹ ਨੂੰ ਆਖਿਆ ਹੁਣ ਅਸੀਂ ਜਾਣ ਗਏ ਜੋ ਤੈਨੂੰ ਇੱਕ ਭੂਤ ਚਿੰਬੜਿਆ ਹੋਇਆ ਹੈ। ਇਬਰਾਹੀਮ ਮਰ ਗਿਆ ਨਾਲੇ ਪਿਕੰਬਰ ਬੀ ਅਤੇ ਤੂੰ ਆਖਦਾ ਹੈਂ ਭਈ ਜੇ ਕੋਈ ਮੇਰੇ ਬਚਨ ਦੀ ਪਾਲਣਾ ਕਰੇ ਤਾਂ ਉਹ ਮੌਤ ਦਾ ਸੁਆਦ ਮੂਲੇਂ ਕਦੇ ਨਾ ਚੱਖੂ ॥੫੩॥ ਭਲਾ ਤੂੰ ਸਾਡੇ ਪਿਤਾ ਇਬਰਾਹੀਮ ਨਾਲੇਂ ਜੋ ਮਰ ਗਿਆ ਹੈ ਵੱਡਾ ਹੈਂ। ਨਾਲੇ ਪਿਕੰਬਰ ਬੀ ਮਰ ਗਏ। ਤੂੰ ਆਪਨੂੰ ਕੀ ਬਣਾਉਂਦਾ ਹੈਂ ॥੫੪॥ ਯਿਸੂ ਨੇ ਉੱਤਰ ਦਿੱਤਾ ਜੇ ਮੈਂ ਆਪਣੀ ਵਡਿਆਈ ਕਰਾਂ ਤਾਂ ਮੇਰੀ ਵਡਿਆਈ ਕੁਛ ਨਹੀਂ ਹੈ। ਜੋ ਮੇਰੀ ਵਡਿਆਈ ਕਰਦਾ ਹੈ ਸੋ ਮੇਰਾ ਪਿਤਾ ਹੈ ਜਿਹ ਨੂੰ ਤੁਸੀਂ ਆਖਦੇ ਹੋ ਜੋ ਸਾਡਾ ਪਰਮੇਸ਼ੁਰ ਹੈ ॥੫੫॥ ਅਤੇ ਤੁਸਾਂ ਉਹ ਨੂੰ ਨਹੀਂ ਜਾਤਾ ਪਰ ਮੈਂ ਉਹ ਨੂੰ ਜਾਣਦਾ ਹਾਂ ਅਰ ਜੇ ਮੈਂ ਆਖਾਂ ਭਈ ਮੈਂ ਉਹ ਨੂੰ ਨਹੀਂ ਜਾਣਦਾ ਤਾਂ ਤੁਹਾਡੇ ਵਾਂਙੂ ਝੂਠਾ ਹੋਵਾਂਗਾ। ਪਰ ਮੈਂ ਉਹ ਨੂੰ ਜਾਣਦਾ ਹਾਂ ਅਤੇ ਉਹ ਦੇ ਬਚਨ ਦੀ ਪਾਲਣਾ ਕਰਦਾ ਹਾਂ ॥੫੬॥ ਤੁਹਾਡਾ ਪਿਤਾ ਇਬਰਾਹੀਮ ਮੇਰਾ ਦਿਨ ਵੇਖਣ ਨੂੰ ਅਨੰਦ ਸੀ ਅਰ ਉਸ ਨੇ ਵੇਖਿਆ ਅਤੇ ਪਰਸੰਨ ਹੋਇਆ ॥ ੫੭॥ ਉਪਰੰਦ ਯਹੂਦੀਆਂ ਨੇ ਉਹ ਨੂੰ ਆਖਿਆ ਤੇਰੀ ਉਮਰ ਤਾਂ ਅਜੇ ਪੰਜਾਹਾਂ ਵਰਿਹਾਂ ਦੀ ਨ

Original with:
Language Department Punjab
Digitized by:
Panjab Digital Library

ਹੀਂ ਅਤੇ ਤੈਂ ਇਬਰਾਹੀਮ ਨੂੰ ਵੇਖਿਆ ਹੈ॥੫੮॥ ਯਿਸੂ ਨੇ ਉਨਾਂ ਨੂੰ ਕਿਹਾ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਇਬਰਾਹੀਮ ਦੇ ਹੋਣ ਥੋਂ ਅੱਗੇ ਮੈਂ ਹਾਂ॥੫੯॥ ਉਪਰੰਦ ਉਨਾਂ ਉਸ ਦੇ ਮਾਰਨ ਨੂੰ ਪੱਥਰ ਚੁੱਕ ਲਏ ਪਰ ਯਿਸੂ ਨੇ ਆਪਣੇ ਤਾਈਂ ਲੁਕੋਇਆ ਅਤੇ ਮੰਦਰੋਂ ਬਾਹਰ ਚੱਲਿਆ ਗਿਆ॥

੯ ਕਾਂਡ॥ ਅਤੇ ਜਾਂ ਉਹ ਚੱਲਿਆ ਜਾਂਦਾ ਸੀ ਤਾਂ ਉਸ ਨੇ ਇੱਕ ਮਨੁੱਖ ਵੇਖਿਆ ਜਿਹੜਾ ਜਨਮ ਦਾ ਅੰਨ੍ਹਾ ਸੀ॥੨॥ ਅਰ ਉਹ ਦੇ ਸਿੱਖਾਂ ਨੇ ਇਹ ਕਹਿ ਕੇ ਉਸ ਨੂੰ ਪੁੱਛਿਆ ਸੁਆਮੀ ਜੀ ਕਿਹ ਨੇ ਪਾਪ ਕੀਤਾ ਇਸ ਨੇ ਜਾਂ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾ ਜੰਮਿਆ ਹੈ॥੩॥ ਯਿਸੂ ਨੇ ਉੱਤਰ ਦਿੱਤਾ ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ ਇਸ ਲਈ ਹੋਇਆ ਜੋ ਪਰਮੇਸ਼ੁਰ ਦੇ ਕੰਮ ਉਸ ਵਿੱਚ ਪਰਗਟ ਕੀਤੇ ਜਾਣ॥੪॥ ਸਾਨੂੰ ਚਾਹੀਦਾ ਹੈ ਕਿ ਦਿਨ ਹੁੰਦੇ ਹੁੰਦੇ ਉਹ ਦੇ ਕੰਮ ਕਰਿਏ ਜਿਨ ਮੈਨੂੰ ਘੱਲਿਆ। ਰਾਤ ਚੱਲੀ ਆਉਂਦੀ ਹੈ ਜਦੋਂ ਕੋਈ ਨਹੀਂ ਕੰਮ ਕਰ ਸੱਕਦਾ॥੫॥ ਜਦ ਮੈਂ ਜਗਤ ਵਿੱਚ ਹਾਂ ਜਗਤ ਦਾ ਚਾਨਣ ਹਾਂ॥੬॥ ਉਸ ਨੇ ਇਹ ਗੱਲਾਂ ਕਹਿ ਕੇ ਧਰਤੀ ਪੁਰ ਥੁੱਕਿਆ ਅਤੇ ਥੁੱਕ ਨਾਲ ਮਿੱਟੀ ਗੋਈ ਅਰ ਉਹ ਮਿੱਟੀ ਉਸ ਦੀਆਂ ਅੱਖੀਆਂ ਉੱਤੇ ਮਲੀ॥੭॥ ਅਤੇ ਉਹ ਨੂੰ ਕਿਹਾ ਜਾਹ ਸਿਲੋਆਮ ਦੇ ਕੁੰਡ ਵਿੱਚ ਜਿਹ ਦਾ ਅਰਥ ਹੈ ਭੇਜਿਆ ਹੋਇਆ ਧੋ ਸੁੱਟ। ਸੋ ਉਸ ਨੇ ਜਾ ਕੇ ਧੋਤੀਆਂ ਅਤੇ ਸੁਜਾਖਾ ਹੋ ਕੇ ਚਲਾ ਆਇਆ॥੮॥ ਇਸ ਲਈ ਗੁਆਂਢੀਆਂ ਨੇ ਅਤੇ ਜਿਨਾਂ ਅੱਗੇ ਉਹ ਨੂੰ ਵੇਖਿਆ ਸੀ ਜੋ ਉਹ ਮੰਗਤਾ ਹੈ ਕਿਹਾ ਕੀ ਇਹ ਉਹੋ ਨਹੀਂ ਜਿਹੜਾ ਬੈਠਾ ਭੀਖ ਮੰਗਦਾ ਹੁੰਦਾ ਸੀ॥੯॥ ਇੱਕਨਾਂ ਆਖਿਆ ਇਹ ਉਹੋ ਹੈ। ਇੱਕਨਾਂ ਕਿਹਾ ਨਹੀਂ ਪਰ ਉਸ ਵਰਗਾ ਹੈ। ਉਸ ਆਖਿਆ ਮੈਂ ਉਹੋ ਹਾਂ॥੧੦॥ ਇਸ ਲਈ ਉਨਾਂ ਨੇ ਉਸ ਨੂੰ

Original with:
Language Department Punjab
Digitized by:
Panjab Digital Library

ਕਿਹਾ ਫੇਰ ਤੇਰੀਆਂ ਅੱਖਾਂ ਕਿਸ ਤਰਾਂ ਖੁਲ੍ਹ ਗਈਆਂ ॥੧੧॥ ਉਹ ਨੇ ਉੱਤਰ ਦਿੱਤਾ ਕਿ ਉਸ ਮਨੁੱਖ ਨੇ
ਜਿਹਦਾ ਨਾਉਂ ਯਿਸੂ ਹੈ ਮਿੱਟੀ ਗੋਕੇ ਮੇਰੀਆਂ ਅੱਖਾਂ ਉੱਤੇ ਮਲ੍ਹੀ ਅਰ ਮੈਂ ਨੂੰ ਕਿਹਾ ਜੋ ਸ਼ਿਲੋਆਮ ਵਿੱ-
ਚ ਜਾਕੇ ਧੋ ਸੁੱਟ ਸੋ ਮੈਂ ਜਾਕੇ ਧੋ ਸੁੱਟੀਆਂ ਅਤੇ ਸੁਜਾਖਾ ਹੋ ਗਿਆ ॥੧੨॥ ਅਤੇ ਉਨ੍ਹਾਂ ਉਸ ਨੂੰ ਆ-
ਖਿਆ ਕਿ ਉਹ ਕਿੱਥੇ ਹੈ। ਉਹ ਬੋਲਿਆ ਮੈਂ ਨਹੀਂ ਜਾਣਦਾ ॥ ॥੧੩॥ ਓਹ ਉਸ ਨੂੰ ਜਿਹ-
ੜਾ ਅੱਗੇ ਅੰਨਾ ਸੀ ਫਰੀਸੀਆਂ ਕੋਲ੍ਹ ਲਿਆਏ ॥੧੪॥ ਅਰ ਜਿਹ ਦਿਨ ਯਿਸੂ ਨੇ ਮਿੱਟੀ ਰੋਕੇ ਉ-
ਹਦੀਆਂ ਅੱਖੀਆਂ ਖੋਲ੍ਹ ਦਿੱਤੀਆਂ ਓਹ ਦਿਨ ਸਬਤ ਦਾ ਸੀ ॥੧੫॥ ਤਾਂ ਫੇਰ ਫਰੀਸੀਆਂ ਨੇ ਭੀ
ਉਸ ਥੋਂ ਪੁੱਛਿਆ ਤੂੰ ਕਿੱਕੁਰ ਸੁਜਾਖਾ ਹੋ ਗਿਆ। ਉਸ ਨੇ ਉਨ੍ਹਾਂ ਨੂੰ ਕਿਹਾ ਕਿ ਓਸ ਮੇਰੀਆਂ ਅੱਖਾਂ ਪ੍ਰ-
ਰਿੱਲੀ ਮਿੱਟੀ ਲਾਈ ਅਤੇ ਮੈਂ ਧੋਤੀਆਂ ਅਰ ਹੁਣ ਵੇਖਦਾ ਹਾਂ ॥੧੬॥ ਉਪਰੰਦ ਫਰੀਸੀਆਂ
ਵਿੱਚੋਂ ਕਿੰਨਿਆਂ ਨੇ ਕਿਹਾ ਇਹ ਮਨੁੱਖ ਪਰਮੇਸ਼ੁਰ ਦੀ ਵੱਲੋਂ ਨਹੀਂ ਕਿਉਂ ਜੋ ਸਬਤ ਦੇ ਦਿਨ ਨੂੰ ਨਹੀਂ
ਮੰਨਦਾ। ਪਰ ਹੋਰਨਾਂ ਆਖਿਆ ਪਾਪੀ ਮਨੁੱਖ ਏਹੋ ਜੇਹੀਆਂ ਕਰਾਮਾਤਾਂ ਕਿੱਕੁਰ ਵਿਖਾਲ੍ਹ ਸੱ-
ਕਦਾ ਹੈ। ਅਤੇ ਉਨ੍ਹਾਂ ਵਿੱਚ ਫੁੱਟ ਪੈ ਗਈ ॥੧੭॥ ਸੋ ਉਨ੍ਹਾਂ ਉਸ ਅੰਨ੍ਹੇ ਨੂੰ ਫੇਰ ਆਖਿਆ ਕਿ ਉਸ ਨੇ
ਜੋ ਤੇਰੀਆਂ ਅੱਖਾਂ ਖੋਲ੍ਹੀਆਂ ਤੂੰ ਉਹ ਦੀ ਬਾਬਤ ਕੀ ਕਹਿੰਦਾ ਹੈਂ। ਉਹ ਬੋਲਿਆ ਉਹ ਪਿਕੰਬਰ ਹੈ ॥੧੮
॥ ਪਰ ਯਹੂਦੀਆਂ ਨੇ ਇਹ ਗੱਲ ਸੱਤਨਾ ਮੰਨੀ ਜੋ ਉਹ ਅੰਨਾ ਸੀ ਅਤੇ ਸੁਜਾਖਾ ਹੋ ਗਿਆ ਜਿੰਨਾਂ ਚਿਰ
ਉਸ ਸੁਜਾਖੇ ਹੋਏ ਹੋਏ ਦੇ ਮਾਪਿਆਂ ਨੂੰ ਨਾ ਸੱਦਿਆ ॥੧੯॥ ਅਤੇ ਇਹ ਕਹਿਕੇ ਉਨ੍ਹਾਂ ਥੋਂ ਨਾ ਪੁੱਛਿਆ
ਕੀ ਇਹ ਤੁਹਾਡਾ ਪੁੜਪੈ ਜਿਹ ਨੂੰ ਤੁਸੀਂ ਆਖਦੇ ਹੋ ਭਈ ਉਹ ਅੰਨਾ ਜੰਮਿਆ ਸੀ ਫੇਰ ਹੁਣ ਉਹ ਕਿੱਕੁਰ
ਵੇਖਦਾ ਹੈ ॥੨੦॥ ਉਹ ਦੇ ਮਾਪਿਆਂ ਨੇ ਉੱਤਰ ਦਿੱਤਾ ਅਸੀਂ ਜਾਣਦੇ ਹਾਂ ਜੋ ਇਹ ਸਾਡਾ ਪੁੜਪੈ ਅਤੇ ਇਹ

Original with:
Language Department Punjab
Digitized by:
Panjab Digital Library

ਬੀ ਕਿ ਉਹ ਅੰਨਾ ਜੰਮਿਆ ਸੀ ॥੨੧॥ ਪਰ ਸਾਨੂੰ ਪਤਾ ਨਹੀਂ ਜੋ ਉਹ ਹੁਣ ਕਿੱਕਣ ਵੇਖਦਾ ਹੈ ਅਤੇ
ਇਹ ਬੀ ਨਹੀਂ ਸਾਨੂੰ ਪਤਾ ਹੈ ਭਈ ਕਿਹਨੈ ਉਹਦੀਆਂ ਅੱਖਾਂ ਖੋਲ੍ਹੀਆਂ। ਉਸੇ ਕੋਲੋਂ ਪੁੱਛ ਲਓ ਉਹ ਸਿ-
ਆਣਾ ਹੈ ਉਹ ਆਪਣੀ ਗੱਲ ਆਪੇ ਦੱਸੂ ॥੨੨॥ ਉਹਦੇ ਮਾਪਿਆਂ ਨੈ ਯਹੂਦੀਆਂ ਥੋਂ ਡਰ ਦੇ ਮਾਰੇ
ਏਹ ਗੱਲਾਂ ਕਹੀਆਂ ਕਿਉਂ ਜੋ ਯਹੂਦੀਆਂ ਨੈ ਏਕਾ ਕਰ ਲਿਆ ਸੀ ਭਈ ਜੇ ਕੋਈ ਉਹ ਨੂੰ ਮਸੀਹ
ਕਰਕੇ ਮੰਨ ਲਵੇ ਤਾਂ ਉਹ ਸਮਾਜ ਵਿੱਚੋਂ ਛੇਕਿਆ ਜਾਵੇ ॥੨੩॥ ਇਸ ਕਾਰਨ ਉਹਦੇ ਮਾਪਿਆਂ ਨੈ
ਕਿਹਾ ਕਿ ਉਹ ਸਿਆਣਾ ਹੈ ਉਸੇ ਨੂੰ ਪੁੱਛ ਲਓ ॥੨੪॥ ਉਪਰੰਦ ਉਨਾਂ ਨੈ ਉਸ ਮਨੁੱਖ ਨੂੰ ਜੋ ਹੜਾ
ਅੰਨਾ ਸੀ ਦੂਈ ਵਾਰ ਸੱਦਿਆ ਅਤੇ ਉਹ ਨੂੰ ਆਖਿਆ ਕਿ ਪਰਮੇਸ਼ੁਰ ਦੀ ਵਡਿਆਈ ਕਰ। ਅਸੀਂ
ਜਾਣਦੇ ਹਾਂ ਜੋ ਇਹ ਮਨੁੱਖ ਪਾਪੀ ਹੈ ॥੨੫॥ ਉਪਰੰਦ ਉਸ ਉੱਤਰ ਦਿੱਤਾ ਭਈ ਉਹ ਪਾਪੀ ਹੈ ਕੇ
ਨਹੀਂ ਸੋ ਮੈਂ ਨਹੀਂ ਜਾਣਦਾ। ਇੱਕ ਗੱਲ ਮੈਂ ਜਾਣਦਾ ਹਾਂ ਕਿ ਮੈਂ ਜੋ ਅੰਨਾ ਸੀ ਹੁਣ ਵੇਖਦਾ ਹਾਂ ॥੨੬
॥ ਇਸ ਲਈ ਉਨਾਂ ਉਸ ਨੂੰ ਕਿਹਾ ਜੋ ਉਨ ਤੇਰੇ ਨਾਲ ਕੀ ਕੀਤਾ। ਕਿਸ ਤਰਾਂ ਤੇਰੀਆਂ ਅੱਖਾਂ ਖੋਲ੍ਹੀ-
ਆਂ ॥੨੭॥ ਉਸ ਨੈ ਉਨਾਂ ਨੂੰ ਉੱਤਰ ਦਿੱਤਾ ਮੈਂ ਤਾਂ ਹੁਣੇ ਤੁਹਾ ਨੂੰ ਦੱਸਿਆ ਸੀ ਅਤੇ ਤੁਸਾਂ ਸੁਣਿਆ ਹੀ
ਨਾ। ਕਿਉਂ ਫੇਰ ਸੁਣਿਆ ਚਾਹੁੰਦੇ ਹੋ ਭਲਾ ਤੁਸੀਂ ਬੀ ਉਹਦੇ ਸਿੱਖ ਹੋਏ ਚਾਹੁੰਦੇ ਹੋ ॥੨੮॥ ਅਤੇ ਉਨਾਂ
ਉਸ ਨੂੰ ਗਾਲਾਂ ਕੱਢ ਕੇ ਆਖਿਆ ਉਹਦਾ ਸਿੱਖ ਤੂੰ ਜੇਂ ਹੈਂ ਪਰ ਅਸੀਂ ਮੂਸਾ ਦੇ ਸਿੱਖ ਹਾਂ ਗੇ ॥੨੯॥ ਅ-
ਸੀਂ ਜਾਣਦੇ ਹਾਂ ਜੋ ਪਰਮੇਸ਼ੁਰ ਨੈ ਮੂਸਾ ਦੇ ਨਾਲ ਗੱਲਾਂ ਕੀਤੀਆਂ ਹਨ ਪਰ ਇਹ ਨੂੰ ਨਹੀਂ ਜਾਣਦੇ
ਭਈ ਕਿੱਥੋਂ ਹੈ ॥੩੦॥ ਉਸ ਮਨੁੱਖ ਨੈ ਉਨਾਂ ਨੂੰ ਉੱਤਰ ਦਿੱਤਾ ਇਹੋ ਤਾਂ ਅਚਰਜ ਦੀ ਗੱਲ ਹੈ
ਜੋ ਤੁਸੀਂ ਨਹੀਂ ਜਾਣਦੇ ਭਈ ਉਹ ਕਿੱਥੋਂ ਹੈ ਅਤੇ ਉਸ ਨੈ ਮੇਰੀਆਂ ਅੱਖੀਆਂ ਖੋਲ੍ਹ ਦਿੱਤੀਆਂ ॥

Original with:
Language Department Punjab
Digitized by:
Panjab Digital Library

੩੧॥ ਅਸੀਂ ਤਾਂ ਜਾਣਦੇ ਹਾਂਗੇ ਜੋ ਪਰਮੇਸ਼ੁਰ ਪਾਪੀਆਂ ਦੀ ਨਹੀਂ ਸੁਣਦਾ ਪਰ ਜੇ ਕੋਈ ਪਰਮੇਸ਼ੁਰ ਦਾ ਭਗਤ ਹੋਵੇ ਅਤੇ ਉਹ ਦੀ ਮਰਜੀ ਉੱਤੇ ਚੱਲੇ ਤਾਂ ਉਹ ਦੀ ਸੁਣਦਾ ਹੈ ॥ ੩੨ ॥ ਜਗਤ ਦੇ ਮੁੱਢੋਂ ਲਾਕੇ ਇਹ ਕਦੇ ਨਹੀਂ ਸੁਣਿਆ ਗਿਆ ਜੋ ਕਿਸੇ ਜਮਾਂਦਰੂ ਅੰਨੇ ਦੀਆਂ ਅੱਖਾਂ ਖੋਲੀਆਂ ਹੋਣ ॥ ੩੩ ॥ ਜੇ ਇਹ ਪਰਮੇਸ਼ੁਰ ਦੀ ਵਲੋਂ ਨਾ ਹੁੰਦਾ ਤਾਂ ਕੁਝ ਨਾ ਕਰ ਸੱਕਦਾ ॥ ੩੪ ॥ ਉਨਾਂ ਨੈ ਉਸ ਨੂੰ ਉੱਤਰ ਦਿੱਤਾ ਤੂੰ ਤਾਂ ਨਿਰਾ ਪੂਰਾ ਪਾਪਾਂ ਵਿੱਚ ਜੰਮਿਆ ਹੈਂ ਫੇਰ ਸਾ ਨੂੰ ਸਿਖਲਾਉਂਦਾ ਹੈਂ। ਅਤੇ ਉਨਾਂ ਉਸ ਨੂੰ ਛੇਕ ਦਿੱਤਾ ॥ ੩੫ ॥ ਯਿਸੂ ਨੈ ਸੁਣਿਆ ਜੋ ਉਨਾਂ ਉਸ ਨੂੰ ਛੇਕ ਦਿੱਤਾ ਅਤੇ ਉਹ ਨੂੰ ਲੱਭਕੇ ਆਖਿਆ ਕੀ ਤੂੰ ਪਰਮੇਸ਼ੁਰ ਦੇ ਪੁਤ੍ਰ ਉੱਤੇ ਨਿਹਚਾ ਕਰਦਾ ਹੈਂ ॥ ੩੬ ॥ ਉਹ ਨੈ ਉੱਤਰ ਦਿੱਤਾ ਮਹਾਰਾਜ ਉਹ ਕੌਣ ਹੈ ਜੋ ਮੈਂ ਉਸ ਉੱਤੇ ਨਿਹਚਾ ਕਰਾਂ ॥ ੩੭ ॥ ਯਿਸੂ ਨੈ ਉਹ ਨੂੰ ਆਖਿਆ ਤੈਂ ਉਸ ਨੂੰ ਵੇਖਿਆ ਬੀ ਹੈ ਅਤੇ ਨਾਲੇ ਉਹ ਜੋ ਤੇਰੇ ਸੰਗ ਗੱਲਾਂ ਕਰਦਾ ਹੈ ਸੋਈ ਹੈ ॥ ੩੮ ॥ ਤਾਂ ਉਹ ਬੋਲਿਆ ਪ੍ਰਭੂ ਜੀ ਮੈਂ ਨਿਹਚਾ ਕਰਦਾ ਹਾਂ। ਅਤੇ ਉਹ ਨੂੰ ਮੱਥਾ ਟੇਕਿਆ ॥ ੩੯ ॥ ਅਤੇ ਯਿਸੂ ਨੈ ਆਖਿਆ ਮੈਂ ਨਿਆਉਂ ਵਾਸਤੇ ਇਸ ਜਗਤ ਵਿੱਚ ਆਇਆ ਭਈ ਜੇਹੜੇ ਨਹੀਂ ਵੇਖਦੇ ਹਨ ਓਹ ਵੇਖਣ ਅਤੇ ਜੇਹੜੇ ਵੇਖਦੇ ਹਨ ਓਹ ਅੰਨੇ ਹੋ ਜਾਣ ॥ ੪੦ ॥ ਫਰੀਸੀਆਂ ਵਿੱਚੋਂ ਉਨਾਂ ਨੈ ਜੋ ਉਹ ਦੇ ਨਾਲ ਸਨ ਏਹ ਗੱਲਾਂ ਸੁਣੀਆਂ ਅਤੇ ਉਸ ਨੂੰ ਆਖਿਆ ਭਲਾ ਅਸੀਂ ਬੀ ਅੰਨੇ ਹਾਂ ॥ ੪੧ ॥ ਯਿਸੂ ਨੈ ਉਨਾਂ ਨੂੰ ਕਿਹਾ ਜੇ ਤੁਸੀਂ ਅੰਨੇ ਹੁੰਦੇ ਤਾਂ ਤੁਹਾਡਾ ਪਾਪ ਨਾ ਹੁੰਦਾ ਪਰ ਹੁਣ ਜੋ ਤੁਸੀਂ ਆਖਦੇ ਹੋ ਭਈ ਅਸੀਂ ਵੇਖਦੇ ਹਾਂ ਇਸ ਲਈ ਤੁਹਾਡਾ ਪਾਪ ਬਣਿਆ ਰਹਿੰਦਾ ਹੈ ॥

Original with:
Language Department Punjab
Digitized by:
Panjab Digital Library

੧੦ਕਾਂਡ।। ਮੈਂ ਤੁਹਾ ਨੂੰ ਸੱਚ ਸੱਚ ਆਖਦਾ ਹਾਂ ਕਿ ਜਿਹੜਾ ਭੇਡਾਂ ਦੇ ਬਾੜੇ ਵਿੱਚ ਬੂਹੇ ਥਾਣੀਂ ਨਹੀਂ ਵੜਦਾ ਪਰ ਹੋਰ ਪਾਸਿਓਂ ਚੜ੍ਹਦਾ ਹੈ ਉਹ ਚੋਰ ਅਤੇ ਧਾੜਵੀ ਹੈ।।੨।। ਪਰ ਜਿਹੜਾ ਬੂਹੇ ਥਾਣੀਂ ਵੜਦਾ ਹੈ ਉਹ ਭੇਡਾਂ ਦਾ ਅਜਾਲੀ ਹੈ।।੩।। ਉਹ ਦੇ ਲਈ ਦਰਬਾਨ ਖੋਲ੍ਹ ਦਿੰਦਾ ਹੈ ਅਤੇ ਭੇਡਾਂ ਉਹ ਦਾ ਬੋਲ ਸੁਣਦੀਆਂ ਹਨ ਅਤੇ ਉਹ ਆਪਣੀਆਂ ਭੇਡਾਂ ਨੂੰ ਨਾਉਂ ਲੈ ਲੈ ਕੇ ਬੁਲਾਉਂਦਾ ਹੈ ਅਰ ਉਨ੍ਹਾਂ ਨੂੰ ਬਾਹਰ ਲੈ ਜਾਂਦਾ ਹੈ।।੪।। ਜਦ ਉਹ ਆਪਣੀਆਂ ਸਾਰੀਆਂ ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ ਅੱਗੇ ਤੁਰ ਪੈਂਦਾ ਹੈ ਅਤੇ ਭੇਡਾਂ ਉਹ ਦੇ ਮਗਰ ਮਗਰ ਲੱਗੀਆਂ ਜਾਂਦੀਆਂ ਹਨ ਕਿਉਂ ਜੋ ਓਹ ਉਸ ਦਾ ਬੋਲ ਪਛਾਣਦੀਆਂ ਹਨ।।੫।। ਓਹ ਪਰਾਏ ਦੇ ਮਗਰ ਕਦੇ ਨਾ ਜਾਣਗੀਆਂ ਸਗੋਂ ਉਸ ਥੋਂ ਨੱਸ ਜਾਣਗੀਆਂ ਕਿਉਂ ਕਿ ਪਰਾਇਆਂ ਦਾ ਬੋਲ ਨਹੀਂ ਪਛਾਣਦੀਆਂ।।੬।। ਯਿਸੂ ਨੇ ਇਹ ਦ੍ਰਿਸ਼ਟਾਂਤ ਉਨ੍ਹਾਂ ਨੂੰ ਆਖਿਆ ਪਰ ਓਹ ਨਾ ਸਮਝੇ ਭਈ ਏਹ ਕੀ ਗੱਲਾਂ ਹਨ ਜੋ ਓਹ ਉਨ੍ਹਾਂ ਨੂੰ ਆਖਦਾ ਹੈ।। ।।੭।। ਇਸ ਲਈ ਯਿਸੂ ਨੇ ਫੇਰ ਉਨ੍ਹਾਂ ਨੂੰ ਕਿਹਾ ਮੈਂ ਤੁਹਾ ਨੂੰ ਸੱਚ ਸੱਚ ਆਖਦਾ ਹਾਂ ਜੋ ਭੇਡਾਂ ਦਾ ਬੂਹਾ ਮੈਂ ਹਾਂ।।੮।। ਸਭ ਜਿਨ੍ਹੇ ਮੈਥੋਂ ਅੱਗੇ ਆਏ ਸੋ ਚੋਰ ਅਤੇ ਧਾੜਵੀ ਹਨ ਪਰ ਭੇਡਾਂ ਨੇ ਉਨ੍ਹਾਂ ਦੀ ਨਾ ਸੁਣੀ।।੯।। ਉਹ ਬੂਹਾ ਮੈਂ ਹਾਂ। ਮੇਰੇ ਥਾਣੀਂ ਜੇ ਕੋਈ ਵੜੇ ਤਾਂ ਉਹ ਮੁਕਤਿ ਪਾਊ ਅਤੇ ਅੰਦਰ ਬਾਹਰ ਆਇਆ ਜਾਇਆ ਕਰੂ ਅਤੇ ਚਰਾਂਦ ਪਾਊ।।੧੦।। ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ। ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਢੇਰ ਸਾਰਾ ਮਿਲੇ।।੧੧।। ਅੱਛਾ ਅਜਾਲੀ ਮੈਂ ਹਾਂ। ਅੱਛਾ ਅਜਾਲੀ ਭੇਡਾਂ ਲਈ ਆਪਣੇ

Original w
Language Department Punjab
Digitized by:
Panjab Digital Library

ਪ੍ਰਾਣ ਦਿੰਦਾ ਹੈ॥੧੨॥ ਜੋ ਕੱਮਾ ਹੈ ਅਤੇ ਅਸਾਲੀ ਨਹੀਂ ਭੇਡਾਂ ਜਿਹ ਦੀਆਂ ਆਪਣੀਆਂ ਨ-
ਹੀਂ ਹਨ ਸੋ ਬਘਿਆੜ ਨੂੰ ਆਉਂਦਾ ਵੇਖ ਕੇ ਭੇਡਾਂ ਨੂੰ ਛੱਡਦਾ ਅਤੇ ਭੱਜ ਜਾਂਦਾ ਹੈ ਅਰ ਬਘਿ-
ਆੜ ਉਨਾਂ ਨੂੰ ਫੜ ਲੈਂਦਾ ਅਤੇ ਖਿੰਡਾ ਦਿੰਦਾ ਹੈ॥੧੩॥ ਉਹ ਇਸ ਲਈ ਭੱਜਦਾ ਹੈ ਜੋ ਉਹ ਕੱਮਾ
ਹੈ ਅਤੇ ਭੇਡਾਂ ਦੀ ਕੁਹ ਚਿੰਤਾ ਨਹੀਂ ਕਰਦਾ॥੧੪॥ ਅੱਛਾ ਅਸਾਲੀ ਮੈਂ ਹਾਂ ਅਤੇ ਮੈਂ ਆਪਣੀਆ
ਨੂੰ ਸਿਆਣਦਾ ਹਾਂ ਅਤੇ ਮੇਰੀਆਂ ਆਪਣੀਆਂ ਮੈ ਨੂੰ ਸਿਆਣਦੀਆਂ ਹਨ॥੧੫॥ ਜਿਸ ਪ-
ਰਕਾਰ ਪਿਤਾ ਮੈ ਨੂੰ ਸਿਆਣਦਾ ਹੈ ਅਰ ਮੈਂ ਪਿਤਾ ਨੂੰ ਸਿਆਣਦਾ ਹਾਂ। ਅਤੇ ਮੈਂ ਭੇਡਾਂ ਦੇ ਬਦਲੇ
ਆਪਣੇ ਪ੍ਰਾਣ ਦਿੰਦਾ ਹਾਂ॥੧੬॥ ਅਤੇ ਮੇਰੀਆਂ ਹੋਰ ਬੀ ਭੇਡਾਂ ਹਨ ਜੋ ਇਹ ਬਾੜੇ ਦੀ-
ਆਂ ਨਹੀਂ। ਮੈ ਨੂੰ ਚਾਹੀਦਾ ਹੈ ਜੋ ਉਨਾਂ ਨੂੰ ਬੀ ਲਿਆਵਾਂ ਅਰ ਓਹ ਮੇਰਾ ਬੋਲ ਸੁਣਨਗੀਆਂ ਅ-
ਤੇ ਇੱਕੋ ਇੱਜੜ ਅਤੇ ਇੱਕੋ ਅਸਾਲੀ ਹੋਊ॥੧੭॥ ਇਸ ਲਈ ਪਿਤਾ ਮੈ ਨੂੰ ਪਿਆਰ ਕਰਦਾ ਹੈ
ਕਿ ਮੈਂ ਆਪਣੀ ਜਾਨ ਦਿੰਦਾ ਹਾਂ ਤਾਂ ਜੋ ਉਹ ਨੂੰ ਫੇਰ ਲਵਾਂ॥੧੮॥ ਕੋਈ ਉਸ ਨੂੰ ਮੈਥੋਂ ਖੋਹੰਦਾ ਨ-
ਹੀਂ ਪਰ ਮੈਂ ਆਪੇ ਉਸ ਨੂੰ ਦਿੰਦਾ ਹਾਂ। ਮੇਰਾ ਇਖਤਿਆਰ ਹੈ ਜੋ ਉਹ ਨੂੰ ਦੇਵਾਂ ਅਤੇ ਮੇਰਾ ਇਖਤਿ-
ਆਰ ਹੈ ਜੋ ਉਹ ਨੂੰ ਫੇਰ ਲਵਾਂ। ਇਹ ਹੁਕਮ ਮੈਂ ਆਪਣੇ ਪਿਤਾ ਕੋਲੋਂ ਪਾਇਆ ਹੈ॥
॥੧੯॥ ਇਨਾਂ ਬਚਨਾਂ ਦੇ ਕਾਰਨ ਯਹੂਦੀਆਂ ਵਿੱਚ ਫੇਰ ਫੁੱਟ ਪੈ ਗਈ॥੨੦॥ ਅਰ ਬਹੁਤੇ ਉਨ
ਵਿੱਚੋਂ ਬੋਲੇ ਭਈ ਉਹ ਨੂੰ ਭੂਤ ਚਿੰਬੜਿਆ ਹੋਇਆ ਹੈ ਅਤੇ ਉਹ ਕਮਲਾ ਹੈ ਕਾਹ ਨੂੰ ਤੁਸੀਂ ਉਹ
ਦੀ ਸੁਣਦੇ ਹੋ॥੨੧॥ ਹੋਰਨਾਂ ਆਖਿਆ ਏਹ ਗੱਲਾਂ ਭੂਤ ਦੇ ਗ੍ਰਿਸ੍ਤੇ ਹੋਏ ਦੀਆਂ ਨਹੀਂ ਹਨ। ਭੂਤ ਭ-
ਲਾ ਅੰਨ੍ਹੇ ਦੀਆਂ ਅੱਖਾਂ ਖੋਲ੍ਹ ਸੱਕਦਾ ਹੈ॥ ॥੨੨॥ ਅਤੇ ਯਰੂਸਲੀਮ ਵਿੱਚ ਪਰ-

Original with:
Language Department Punjab
Digitized by:
Panjab Digital Library

ਤਿਸਠਾਦਾ ਤਿਉਹਾਰ ਆਇਆ। ਉਹ ਸਿਆਲ਼ਦੀ ਰੁੱਤ ਸੀ ॥ ੨੩ ॥ ਅਤੇ ਯਿਸੂ ਮੰਦਰ ਵਿਖੇ
ਸੁਲੇਮਨ ਦੇ ਦਲਾਨ ਵਿੱਚ ਫਿਰਦਾ ਸੀ ॥ ੨੪ ॥ ਇਸ ਲਈ ਯਹੂਦੀਆਂ ਨੇ ਉਹ ਦੇ ਦੁਆਲੇ ਕੱਠੇ
ਹੋਕੇ ਉਸ ਨੂੰ ਆਖਿਆ ਤੂੰ ਕਦ ਕੁ ਤਾਈਂ ਸਾ ਨੂੰ ਦੁਬਧਾ ਵਿੱਚ ਰੱਖੇਂਗਾ। ਜੇ ਤੂੰ ਮਸੀਹ ਹੈਂ ਤਾਂ ਖੋਲ੍ਹਕੇ
ਸਾ ਨੂੰ ਦੱਸ ਦਿਹ ॥ ੨੫ ॥ ਯਿਸੂ ਨੇ ਉਨਾਂ ਨੂੰ ਉੱਤਰ ਦਿੱਤਾ ਮੈਂ ਤਾਂ ਤੁਹਾ ਨੂੰ ਦੱਸਿਆ ਪਰ ਤੁਸੀਂ ਪਰਤੀ-
ਤ ਨਹੀਂ ਕਰਦੇ। ਜੇਹੜੇ ਕੰਮ ਮੈਂ ਆਪਣੇ ਪਿਤਾ ਦੇ ਨਾਉਂ ਪੁਰ ਕਰਦਾ ਹਾਂ ਓਹ ਮੇਰੇ ਉੱਤੇ ਸਾਖੀ ਦਿੰਦੇ ਹਨ
॥ ੨੬ ॥ ਪਰ ਤੁਸੀਂ ਪਰਤੀਤ ਨਹੀਂ ਕਰਦੇ ਕਿਉਂ ਜੋ ਮੇਰੀਆਂ ਭੇਡਾਂ ਵਿੱਚੋਂ ਨਹੀਂ ਹੋ ॥ ੨੭ ॥ ਮੇਰੀ-
ਆਂ ਭੇਡਾਂ ਮੇਰਾ ਬੋਲ ਸੁਣਦੀਆਂ ਹਨ ਅਰ ਮੈਂ ਉਨਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ
ਮਗਰ ਲੱਗੀਆਂ ਆਉਂਦੀਆਂ ਹਨ ॥ ੨੮ ॥ ਅਰ ਮੈਂ ਉਨਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ ਅ-
ਰ ਉਨਾਂ ਦਾ ਸਦੀਵ ਕਾਲ ਤੀਕ ਕਦੇ ਨਾਸ ਨਾ ਹੋਵੇਗਾ ਅਤੇ ਨਾ ਕੋਈ ਉਨਾਂ ਨੂੰ ਮੇਰੇ ਹੱਥੋਂ ਖੋਹ ਲਵੇਗਾ ੭
॥ ੨੯ ॥ ਮੇਰਾ ਪਿਤਾ ਜਿਹ ਨੇ ਮੈਂ ਨੂੰ ਓਹ ਦਿੱਤੀਆਂ ਹਨ ਸਭਨਾਂ ਥੋਂ ਵੱਡਾ ਹੈ ਅਤੇ ਕੋਈ ਪਿਤਾ ਦੇ ਹੱ-
ਥੋਂ ਉਨਾਂ ਨੂੰ ਖੋਹ ਨਹੀਂ ਸੱਕਦਾ ॥ ੩੦ ॥ ਮੈਂ ਅਰ ਪਿਤਾ ਇੱਕੋ ਹਾਂ ॥ ੩੧ ॥ ਯਹੂਦੀਆਂ ਨੇ ਫੇਰ ਪੱ-
ਥਰ ਚੁੱਕੇ ਜੋ ਉਹ ਨੂੰ ਪਥਰਾਹ ਕਰਨ ॥ ੩੨ ॥ ਯਿਸੂ ਨੇ ਅੱਗੋਂ ਉਨਾਂ ਨੂੰ ਆਖਿਆ ਮੈਂ ਤੁਹਾ ਨੂੰ ਪਿ-
ਤਾ ਦੀ ਵੱਲੋਂ ਅਨੇਕ ਚੰਗੇ ਕੰਮ ਵਿਖਾਏ। ਉਨਾਂ ਵਿੱਚੋਂ ਕਿਹੜੇ ਕੰਮ ਦੇ ਬਦਲੇ ਤੁਸੀਂ ਮੈਂ ਨੂੰ ਪਥਰਾ-
ਹ ਕਰਦੇ ਹੋ ॥ ੩੩ ॥ ਯਹੂਦੀਆਂ ਨੇ ਉਹ ਨੂੰ ਉੱਤਰ ਦਿੱਤਾ ਕਿ ਅਸੀਂ ਤੈਨੂੰ ਚੰਗੇ ਕੰਮ ਪਿੱਛੇ ਪਥ-
ਰਾਹ ਨਹੀਂ ਕਰਦੇ ਪਰ ਕੁਫਰ ਪਿੱਛੇ ਅਤੇ ਇਸ ਲਈ ਜੋ ਤੂੰ ਮਨੁੱਖ ਹੋਕੇ ਆਪਣੇ ਆਪ ਨੂੰ ਪਰ-
ਮੇਸੁਰ ਬਣਾਉਂਦਾ ਹੈਂ ॥ ੩੪ ॥ ਯਿਸੂ ਨੇ ਉਨਾਂ ਨੂੰ ਉੱਤਰ ਦਿੱਤਾ ਕੀ ਤੁਹਾਡੀ ਸਰਾ ਵਿੱਚ ਇਹ ਨਹੀ

Original
Language Department Punjab
Digitized by:
Panjab Digital Library

ਲਿਖਿਆ ਹੋਇਆ ਹੈ ਕਿ ਮੈਂ ਆਖਿਆ ਤੁਸੀਂ ਈਸ਼ੁਰ ਹੋਂ ॥੩੫॥ ਜੇ ਕਰ ਉਸ ਨੇ ਉਨ੍ਹਾਂ ਨੂੰ ਈਸ਼ੁਰ ਆਖਿਆ ਜਿਨ੍ਹਾਂ ਦੇ ਕੋਲ੍ਹ ਪਰਮੇਸ਼ੁਰ ਦੀ ਬਾਣੀ ਆਈ ਅਤੇ ਲਿਖਤ ਖੰਡਣ ਨਹੀਂ ਹੋ ਸੱਕਦੀ ॥ ੩੬ ॥ ਤਾਂ ਜਿਹ ਨੂੰ ਪਿਤਾ ਨੇ ਪਵਿੱਤ੍ਰ ਕਰ ਕੇ ਜਗਤ ਵਿੱਚ ਘੱਲਿਆ ਕੀ ਤੁਸੀਂ ਉਹ ਨੂੰ ਇਹ ਆਖਦੇ ਹੋ ਭ-ਈ ਤੂੰ ਕੁਫਰ ਬਕਦਾ ਹੈਂ ਇਸ ਲਈ ਜੋ ਮੈਂ ਕਿਹਾ ਸੀ ਕਿ ਮੈਂ ਪਰਮੇਸ਼ੁਰ ਦਾ ਪੁਤ੍ਰ ਹਾਂ ॥ ੩੭ ॥ ਜੇ ਮੈਂ ਆਪਣੇ ਪਿਤਾ ਜੇਹੇ ਕੰਮ ਨਹੀਂ ਕਰਦਾ ਤਾਂ ਮੇਰੀ ਪਰਤੀਤ ਨਾ ਕਰੋ ॥ ੩੮ ॥ ਪਰ ਜੇ ਮੈਂ ਕਰਦਾ ਹਾਂ ਤਾਂ ਭਾਵੇ ਮੇਰੀ ਪਰਤੀਤ ਨਾ ਕਰੋ ਤਦ ਭੀ ਉਨ੍ਹਾਂ ਕੰਮਾਂ ਦੀ ਪਰਤੀਤ ਕਰੋ ਤਾਂ ਤੁਸੀਂ ਜਾਣੋ ਅਤੇ ਸਮਝੋ ਜੋ ਪਿਤਾ ਮੇਰੇ ਵਿੱਚ ਅਤੇ ਮੈਂ ਪਿਤਾ ਦੇ ਵਿੱਚ ਹਾਂ ॥ ੩੯ ॥ ਫਿਰ ਉਸ ਦੇ ਫੜਨ ਦੇ ਮ-ਗਰ ਲੱਗੇ ਪਰ ਉਹ ਉਨ੍ਹਾਂ ਦੇ ਹੱਥੋਂ ਨਿੱਕਲ ਗਿਆ ॥ ॥੪੦॥ ਅਤੇ ਉਹ ਫੇਰ ਯ-ਰਦਨ ਦੇ ਪਾਰ ਉਸ ਥਾਂ ਨੂੰ ਚੱਲਿਆ ਗਿਆ ਜਿੱਥੇ ਪਹਿਲਾਂ ਯੂਹੱਨਾ ਬਪਤਿਸਮਾ ਦਿੰਦਾ ਸੀ ਅਰ ਉੱਥੇ ਟਿਕਿਆ ॥ ੪੧ ॥ ਅਰ ਬਥੇਰੇ ਉਸ ਕੋਲ੍ਹ ਆਏ ਅਤੇ ਬੋਲੇ ਕਿ ਯੂਹੱਨਾ ਨੇ ਤਾਂ ਕੋਈ ਕ-ਰਾਮਾਤ ਨਹੀਂ ਵਿਖਾਈ ਪਰ ਜੋ ਜੋ ਯੂਹੱਨਾ ਨੇ ਇਹ ਦੀ ਬਾਬਤ ਆਖਿਆ ਸਭ ਸੱਤ ਸੀ ॥ ੪੨ ॥ ਅਰ ਉੱਥੇ ਬਹੁਤਿਆਂ ਨੇ ਉਸ ਉੱਤੇ ਨਿਹਚਾ ਕੀਤੀ ॥

੧੧ਕਾਂਡ ॥

ਅਤੇ ਮਰਿਯਮ ਅਰ ਉਹ ਦੀ ਭੈਣ ਮਰਥਾ ਦੀ ਨਗਰੀ ਬੈਤਅਨੀਆ ਦਾ ਲਾ-ਜਰ ਨਾਮੇ ਇੱਕ ਮਨੁੱਖ ਰੋਗੀ ਸੀ ॥ ੨ ॥ ਇਹ ਉਹੋ ਮਰਿਯਮ ਸੀ ਜਿਨ ਪ੍ਰਭੁ ਨੂੰ ਅਤਰ ਮਲਿਆ ਅਰ ਆਪਣਿਆਂ ਵਾਲਾਂ ਨਾਲ ਉਹ ਦੇ ਚਰਨ ਪੂੰਝੇ ਸਨ। ਉਸੇ ਦਾ ਭਰਾ ਉ ਲਾਜ-ਰ ਰੋਗੀ ਸੀ ॥ ੩ ॥ ਇਸ ਲਈ ਦੋਵੇਂ ਭੈਣਾਂ ਨੇ ਉਹ ਨੂੰ ਕਹਾ ਭੇਜਿਆ ਕਿ ਪ੍ਰਭੁ ਜੀ ਵੇਖ ਜਿ-

Original with:
Language Department Punjab
Digitized by:
Panjab Digital Library

ਹਨੂੰਤੂੰ ਪਿਆਰ ਕਰਦਾ ਹੈਂ ਸੋ ਰੋਗੀ ਹੈ॥੪॥ ਅਤੇ ਜਿਸੂ ਨੈ ਸੁਣਕੇ ਕਿਹਾ ਇਹ ਰੋਗ ਮੌਤ ਵਾਸਤੇ
ਨਹੀਂ ਸਗੋਂ ਪਰਮੇਸੁਰ ਦੀ ਵਡਿਆਈ ਦੇ ਨਿਮੰਤ ਹੈ ਜੋ ਇਸ ਥੋਂ ਪਰਮੇਸੁਰ ਦੇ ਪੁਤ੍ਰ ਦੀ ਵਡਿਆ-
ਈ ਪਰਗਟ ਹੋਵੇ॥੫॥ ਅਰ ਜਿਸੂ ਮਰਥਾ ਨੂੰ ਅਤੇ ਉਹਦੀ ਭੈਣ ਅਰ ਲਾਜਰ ਨੂੰ ਪਿਆਰ ਕ-
ਰਦਾ ਸੀ॥੬॥ ਸੋ ਜਾਂ ਉਸ ਨੈ ਸੁਣਿਆ ਭਈ ਉਹ ਰੋਗੀ ਹੈ ਤਾਂ ਉਹ ਜਿੱਥੇ ਸੀ ਉਸ ਵੇਲੇ ਦੋ ਦਿ-
ਨ ਉੱਥੇ ਹੀ ਰਿਹਾ॥੭॥ ਤਦ ਇਹ ਦੇ ਪਿੱਛੇ ਉਸ ਨੈ ਸਿੱਖਾਂ ਨੂੰ ਕਿਹਾ ਆਓ ਅਸੀਂ ਫੇਰ ਯਹੂਦਿਆ
ਨੂੰ ਚੱਲਿਯੇ॥੮॥ ਸਿੱਖਾਂ ਨੈ ਉਹਨੂੰ ਆਖਿਆ ਸੁਆਮੀ ਜੀ ਯਹੂਦੀਆਂ ਨੂੰ ਹੁਣੇ ਪਥਰਾਹ ਕ-
ਰਨਾ ਚਾਹੁੰਦੇ ਸਨ ਅਤੇ ਤੂੰ ਫੇਰ ਉੱਥੇ ਜਾਂਦਾ ਹੈਂ॥੯॥ ਜਿਸੂ ਨੈ ਉੱਤਰ ਦਿੱਤਾ ਕਿਆ ਦਿਨ ਦੇ
ਬਾਰਾਂ ਘੰਟੇ ਨਹੀਂ ਹਨ। ਜੇ ਕੋਈ ਦਿਨ ਨੂੰ ਤੁਰੇ ਤਾਂ ਉਹ ਠੋਕਰ ਨਹੀਂ ਖਾਂਦਾ ਕਿਉਂ ਜੋ ਉਹ ਇਸ
ਜਗਤ ਦਾ ਚਾਨਣ ਵੇਖਦਾ ਹੈ॥੧੦॥ ਪਰ ਜੇ ਕੋਈ ਰਾਤ ਨੂੰ ਤੁਰੇ ਤਾਂ ਠੋਕਰ ਖਾਂਦਾ ਹੈ ਕਿਉਂ ਜੋ ਉ-
ਹਦੇ ਵਿੱਚ ਚਾਨਣ ਨਹੀਂ ਹੈ॥੧੧॥ ਉਸ ਨੈ ਏਹ ਗੱਲਾਂ ਆਖੀਆਂ ਅਤੇ ਇਹ ਦੇ ਮਗਰੋਂ ਉਨਾਂ
ਨੂੰ ਕਿਹਾ ਕਿ ਸਾਡਾ ਮਿਤ੍ਰ ਲਾਜਰ ਸੌਂ ਗਿਆ ਹੈ ਪਰ ਮੈਂ ਜਾਂਦਾ ਹਾਂ ਭਈ ਉਹ ਨੂੰ ਜਗਾਵਾਂ॥੧੨
॥ ਉਪਰੰਦ ਸਿੱਖਾਂ ਨੈ ਉਸ ਨੂੰ ਆਖਿਆ ਪ੍ਰਭੂ ਜੀ ਜੇ ਉਹ ਸੌਂ ਗਿਆ ਹੈ ਤਾਂ ਬਚ ਜਾਊ॥੧੩॥
ਜਿਸੂ ਨੈ ਤਾਂ ਉਹਦੀ ਮੌਤ ਦੀ ਗੱਲ ਕੀਤੀ ਸੀ ਪਰ ਓਹ ਸਮਝੇ ਜੋ ਉਸ ਨੈ ਨੀਂਦ ਦੇ ਅਰਾਮ ਦੀ
ਗੱਲ ਆਖੀ ਹੈ॥੧੪॥ ਉਪਰੰਦ ਜਿਸੂ ਨੈ ਉਨਾਂ ਨੂੰ ਖੋਲਕੇ ਆਖ ਦਿੱਤਾ ਜੋ ਲਾਜਰ ਮਰ ਗਿ-
ਆ ਹੈ॥੧੫॥ ਅਤੇ ਮੈਂ ਤੁਹਾਡੀ ਖਾਤਰ ਪਰਸੰਨ ਹਾਂ ਜੋ ਮੈਂ ਉੱਥੇ ਨਾ ਸੋ ਤਾਂ ਜੋ ਤੁਸੀਂ ਨਿਹਚਾ ਕਰੋ
॥ ਪਰ ਆਓ ਉਸ ਪਾਸ ਚੱਲਿਯੇ॥੧੬॥ ਉਪਰੰਦ ਥੁਮਾ ਨੈ ਜਿਹੜਾ ਦੀਦੁਮੁਸ ਕਰਕੇ ਸੱਦੀਦ ॰

Original with:
Language Department Punjab
Digitized by:
Panjab Digital Library

ਪੈ ਆਪਣੇ ਗੁਆਰਭਾਈਆਂ ਨੂੰ ਕਿਹਾ ਆਓ ਅਸੀਂ ਬੀ ਚੱਲਿਯੇ ਭੁਈ ਉਹ ਦੇ ਨਾਲ੍ਹ ਮਰਿਯੇ॥
॥੧੭॥ ਫੇਰ ਯਿਸ਼ੂ ਨੈ ਆਣਕੇ ਮਲੂਮ ਕੀਤਾ ਜੋ ਉਹ ਨੂੰ ਕਬਰ ਵਿੱਚ ਪਏ ਚਾਰ ਦਿਨ ਹੋਚੁੱਕੇ ਹਨ॥੧੮॥ ਅਤੇ ਬੈਤਅਨੀਆ ਯਰੂਸ਼ਲੀਮ ਦੇ ਨੇੜੇ ਕੋਹ ਕੁ ਵਾਟ ਸੀ॥੧੯॥ ਅਰ ਬਹੁਤ ਸਾ-
ਰੇ ਯਹੂਦੀ ਮਰਥਾ ਅਤੇ ਮਰਿਯਮ ਦੇ ਕੋਲ੍ਹ ਆਏ ਹੋਏ ਸਨ ਜੋ ਉਨਾਂ ਦੇ ਭੁਰਾਉ ਦੀ ਬਾਬਤ ਉ-
ਨਾਂ ਦਾ ਮਨ ਧਰਾਵਾ ਕਰਨ॥੨੦॥ ਉਪਰੀਦ ਮਰਥਾ ਨੈ ਜਾਂ ਸੁਣਿਆ ਕਿ ਯਿਸ਼ੂ ਆਉਂਦਾ ਹੈ ਤਾਂ
ਉਹ ਨੂੰ ਮਿਲਣ ਗਈ ਪਰ ਮਰਿਯਮ ਘਰ ਵਿੱਚ ਬੈਠੀ ਰਹੀ॥੨੧॥ ਤਦ ਮਰਥਾ ਨੈ ਯਿਸ਼ੂ ਨੂੰ
ਆਖਿਆ ਪ੍ਰਭੂ ਜੀ ਜੇ ਤੂੰ ਐਥੇ ਹੁੰਦਾ ਤਾਂ ਮੇਰਾ ਭੁਰਾਉ ਨਾ ਮਰਦਾ॥੨੨॥ ਅਤੇ ਮੈਂ ਹੁਣ ਬੀ ਜਾ-
ਣਦੀ ਹਾਂ ਭੁਈ ਜੋ ਕੁਛ ਤੂੰ ਪਰਮੇਸ਼ੁਰ ਥੋਂ ਮੰਗੇਂ ਸੋ ਪਰਮੇਸ਼ੁਰ ਤੈ ਨੂੰ ਦੇਊ॥੨੩॥ ਯਿਸ਼ੂ ਨੈ ਉਹ ਨੂੰ
ਕਿਹਾ ਤੇਰਾ ਭੁਰਾਉ ਫੇਰ ਜੀ ਉੱਠੂ॥੨੪॥ ਮਰਥਾ ਨੈ ਉਹ ਨੂੰ ਆਖਿਆ ਮੈਂ ਜਾਣਦੀ ਹਾਂ ਜੋ ਕਿ-
ਯਾਮਤ ਨੂੰ ਅੰਤ ਦੇ ਦਿਨ ਉਹ ਫੇਰ ਜੀ ਉੱਠੂ॥੨੫॥ ਯਿਸ਼ੂ ਨੈ ਉਹ ਨੂੰ ਕਿਹਾ ਕਿਯਾਮਤ ਅਤੇ ਜੀ-
ਉਣ ਮੈਂ ਹਾਂ। ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਏ ਤਾਂ ਬੀ ਜੀਊ॥੨੬॥ ਅਤੇ ਹ-
ਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਵਕਾਲ ਤੀਕੁ ਕਦੇ ਨ
ਮਰੂ। ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ॥੨੭॥ ਉਨ ਉਸ ਨੂੰ ਆਖਿਆ ਹਾਂ ਪ੍ਰਭੂ
ਮੈਂ ਪਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈਂ ਪਰਮੇਸ਼ੁਰ ਦਾ ਪੁਤ੍ਰ ਜਿਹੜਾ ਜਗਤ ਵਿੱਚ ਆਉਣ-
ਵਾਲ੍ਹਾ ਸੀ॥੨੮॥ ਅਰ ਇਹ ਕਹਿਕੇ ਉਹ ਚੱਲੀ ਗਈ ਅਤੇ ਆਪਣੀ ਭੈਣ ਮਰਿਯਮ ਨੂੰ
ਚੁਪਕੀਤੀ ਸੱਦਕੇ ਬੋਲੀ ਜੋ ਗੁਰੂ ਆਇਆ ਹੋਇਆ ਹੈ ਅਤੇ ਤੈ ਨੂੰ ਸੱਦਦਾ ਹੈ॥੨੯॥ ਜਾਂ

Original with:
Language Department Punjab
Digitized by:
Panjab Digital Library

ਉਸਨੈ ਇਹ ਗੱਲ ਸੁਣੀ ਤਾਂ ਝੱਟ ਉੱਠਕੇ ਉਹਦੇ ਕੋਲ ਗਈ।।੩੦।। ਯਿਸੂ ਅਜੇ ਪਿੰਡ ਵਿੱਚ ਨਹੀਂ
ਸੀ ਆਇਆ ਬਲਕ ਉੱਸੇ ਥਾਂ ਸੀ ਜਿੱਥੇ ਮਰਥਾ ਉਹਨੂੰ ਮਿਲੀ ਸੀ।।੩੧।। ਉਪਰੰਦ ਓਹ ਯਹੂਦੀ
ਜੇਹੜੇ ਉਸ ਦੇ ਨਾਲ ਘਰ ਵਿੱਚ ਸਨ ਅਤੇ ਉਹਦਾ ਮਨ ਧਰਾਉਂਦੇ ਸਨ ਜਾਂ ਮਰਿਯਮ ਨੂੰ ਵੇਖਿਆ
ਜੋ ਉਹ ਛੇਤੀ ਨਾਲ ਉੱਠਕੇ ਬਾਹਰ ਨੂੰ ਚੱਲੀ ਗਈ ਹੈ ਤਾਂ ਇਹ ਸਮਝਕੇ ਭਈ ਉਹ ਕਬਰ ਉੱਤੇ ਰੋ-
ਣ ਜਾਂਦੀ ਹੈ ਉਹਦੇ ਮਗਰ ਹੋ ਤੁਰੇ।।੩੨।। ਜੋ ਜਾਂ ਮਰਿਯਮ ਉਸ ਥਾਂ ਆਈ ਕਿ ਜਿੱਥੇ ਯਿਸੂ ਸੀ ਤਾਂ
ਉਹਨੂੰ ਵੇਖਕੇ ਉਹਦੇ ਪੈਰੀਂ ਪਈ ਅਤੇ ਉਹਨੂੰ ਆਖਿਆ ਪ੍ਰਭੂ ਜੀ ਜੇ ਤੂੰ ਐੱਥੇ ਹੁੰਦਾ ਤਾਂ ਮੇਰਾ ਭਰਾ
ਉਨਾ ਮਰਦਾ।।੩੩।। ਉਪਰੰਦ ਜਾਂ ਯਿਸੂ ਨੈ ਉਹਨੂੰ ਰੋਂਦਿਆਂ ਅਤੇ ਉਨਾਂ ਯਹੂਦੀਆਂ ਨੂੰ ਬੀ ਜੋ ਉਹਦੇ
ਨਾਲ ਆਏ ਸਨ ਰੋਂਦੇ ਵੇਖਿਆ ਤਾਂ ਆਤਮਾ ਥੋਂ ਹੌਕਾ ਭਰਿਆ ਅਤੇ ਘਬਰਾਇਆ।।੩੪।। ਅ-
ਰ ਆਖਿਆ ਤੁਸਾਂ ਉਹਨੂੰ ਕਿੱਥੇ ਰੱਖਿਆ ਹੈ। ਉਨਾਂ ਉਸ ਨੂੰ ਆਖਿਆ ਪ੍ਰਭੂ ਜੀ ਆ ਵੇਖ।।੩੫।।
ਯਿਸੂ ਰੋਇਆ।।੩੬।। ਇਸ ਪੁਰ ਯਹੂਦੀ ਬੋਲੇ ਵੇਖੋ ਇਹ ਉਸਨੂੰ ਕੇਡਾ ਪਿਆਰ ਕਰਦਾ ਸੀ ।।
੩੭।। ਪਰ ਕਈ ਉਨਾਂ ਵਿੱਚੋਂ ਬੋਲੇ ਕੀ ਇਹ ਜਿਹ ਨੈ ਅੰਨੇ ਦੀਆਂ ਅੱਖਾਂ ਖੋਲੀਆਂ ਔਨਾ ਬੀ ਨਾ
ਕਰ ਸੱਕਿਆ ਜੋ ਇਹ ਮਨੁੱਖ ਨਾ ਸਰਦਾ।।੩੮।। ਉਪਰੰਦ ਯਿਸੂ ਆਪਣੇ ਜੀ ਵਿੱਚ ਫੇਰ ਹੌਕੇ ਭ-
ਰਦਾ ਕਬਰ ਪੁਰ ਆਇਆ। ਉਹ ਇੱਕ ਗੁਫਾ ਸੀ ਅਤੇ ਉਸ ਉੱਤੇ ਇੱਕ ਪੱਥਰ ਧਰਿਆ ਹੋਇਆ
ਸੀ।।੩੯।। ਯਿਸੂ ਨੈ ਕਿਹਾ ਇਸ ਪੱਥਰ ਨੂੰ ਹਟਾ ਦਿਓ। ਉਸ ਮੁਰਦੇ ਦੀ ਭੈਣ ਮਰਥਾ ਨੈ ਉਹਨੂੰ
ਆਖਿਆ ਪ੍ਰਭੂ ਜੀ ਉਸ ਕੋਲੋਂ ਤਾਂ ਹੁਣ ਸੜਿਹਾਨ ਆਉਂਦੀ ਹੈ ਕਿਉ ਜੋ ਉਹ ਨੂੰ ਚਾਰ ਦਿਨ ਹੋਏ ਹ-
ਨ।।੪੦।। ਯਿਸੂ ਨੈ ਉਹਨੂੰ ਕਿਹਾ ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ ਪਰਤੀਤ ਕਰੇਂ ਤਾਂ ਪਰ-

Original with:
Language Department
Digitized by:
Panjab Digital Library

ਮੇਸੁਰਦੀਵਾੜ੍ਹਿਆਈਵੇਖੇਂਗੀ।।੪੧।।ਸੋਓਨ੍ਹਾਂਉਸਪੱਥਰਨੂੰਹਟਾਦਿੱਤਾ ਅਤੇਯਿਸ਼ੂਨੈਅੱਖਾਂ
ਉਤਾਹਾਂਕਰਕੇਆਖਿਆ ਹੇਪਿਤਾ ਮੈਂਤੇਰਾ ਸ਼ੁਕਰਕਰਦਾ ਹਾਂਜੋਤੈਂਮੇਰੀ ਸ਼ੁਣੀ।।੪੨।।ਅਤੇ ਮੈਂ
ਜਾਣਿਆ ਜੋਤੂੰ ਮੇਰੀ ਸਦਾ ਸ਼ੁਣਦਾ ਹੈਂ ਪਰਇਨ੍ਹਾਂਲੋਕਾਂ ਦੇਕਾਰਨ ਜੇਹੜੇ ਆਲ੍ਹੇਦੁਆਲ੍ਹੇ ਖੜ੍ਹੇ
ਹਨ ਮੈਂ ਇਹ ਆਖਿਆ ਤਾਂ ਓਹ ਪਰਤੀਤ ਕਰਨ ਜੋ ਤੈਂ ਮੈਨੂੰ ਘੱਲਿਆ।।੪੩।।ਅਤੇ ਇਹ ਕਹਿ-
ਕੇ ਉੱਚੀਦੀਂ ਅਵਾਜ਼ ਮਾਰੀ ਲਾਜ਼ਰ ਬਾਹਰ ਆ।।੪੪।। ਉਹ ਜਿਹੜਾ ਮੋਇਆ ਹੋਇਆ ਸੀ ਕ-
ਫ਼ਨ ਨਾਲ੍ਹ ਹੱਥ ਪੈਰ ਬੱਧੇ ਹੋਏ ਬਾਹਰ ਨਿੱਕਲ੍ਹ ਆਇਆ ਅਰ ਉਹ ਦੇ ਮੂੰਹ ਉੱਤੇ ਰੁਮਾਲ ਵਲੇ-
ਟਿਆ ਹੋਇਆ ਸੀ। ਯਿਸ਼ੂ ਨੈ ਉਨ੍ਹਾਂ ਨੂੰ ਆਖਿਆ ਉਸ ਨੂੰ ਖੋਲ੍ਹੋ ਅਤੇ ਜਾਣ ਦਿਓ।।
।।੪੫।।ਤਦੋਂ ਬਥੇਰਿਆਂ ਨੈ ਉਨ੍ਹਾਂ ਯਹੂਦੀਆਂ ਵਿੱਚੋਂ ਜੇਹੜੇ ਮਰਿਯਮ ਪਾਸ ਆਏ ਸਨ ਇਹ ਜੋ
ਕੁਛ ਯਿਸ਼ੂ ਨੈ ਕੀਤਾ ਵੇਖਕੇ ਉਸ ਉੱਤੇ ਨਿਹਚਾ ਕੀਤੀ।।੪੬।।ਪਰ ਉਨ੍ਹਾਂ ਵਿੱਚੋਂ ਕਈਆਂ ਨੈ ਫ਼ਰੀ-
ਸੀਆਂ ਦੇ ਕੋਲ੍ਹ ਜਾਕੇ ਓਹ ਕੰਮ ਜੇਹੜੇ ਯਿਸ਼ੂ ਨੈ ਕੀਤੇ ਸਨ ਦੱਸ ਦਿੱਤੇ।। ।।੪੭।।ਇ-
ਸ ਲਈ ਪਰਧਾਨ ਜਾਜਕਾਂ ਅਤੇ ਫ਼ਰੀਸੀਆਂ ਨੈ ਮਹਾਂ ਸਭਾ ਕੱਠੀ ਕਰਕੇ ਕਿਹਾ ਅਸੀਂ ਕੀ ਕਰ-
ਦੇਹਾਂ ਕਿਉਂ ਜੋ ਇਹ ਮਨੁੱਖ ਬਹੁਤੀਆਂ ਕਰਾਮਾਤਾਂ ਵਿਖਾਉਂਦਾ ਹੈ।।੪੮।। ਜੇ ਅਸੀਂ ਉਹ ਨੂੰ ਐਵੇਂ
ਛੱਡ ਚੱਲੀਏ ਤਾਂ ਸਭ ਉਸ ਉੱਤੇ ਨਿਹਚਾ ਕਰਨਗੇ ਅਤੇ ਰੂਮੀ ਆ ਜਾਣਗੇ ਅਤੇ ਨਾਲ੍ਹੇ ਸਾਡੀ ਜ-
ਗਾ ਅਰ ਨਾਲ੍ਹੇ ਸਾਡੀ ਕੌਮ ਬੀ ਲੈ ਲੈਣਗੇ।।੪੯।। ਅਰ ਉਨ੍ਹਾਂ ਵਿੱਚੋਂ ਕਯਾਫ਼ਾ ਨਾਮੇ ਇੱਕ ਨੈ
ਜਿਹੜਾ ਉਸ ਸਾਲ ਸਰਦਾਰ ਜਾਜਕ ਸੀ ਉਨ੍ਹਾਂ ਨੂੰ ਆਖਿਆ ਤੁਸੀਂ ਕੁਛ ਨਹੀਂ ਜਾਣਦੇ।।੫੦।।
ਅਤੇ ਨਹੀਂ ਸੋਚਦੇ ਹੋ ਭਈ ਤੁਹਾਡੇ ਲਈ ਇਹੋ ਚੰਗਾ ਹੈ ਜੋ ਇੱਕ ਮਨੁੱਖ ਲੋਕਾਂ ਦੇ ਬਦਲੇ ਮਰੇ ਨਾ

Original with:
Language Department Punjab
Digitized by:
Panjab Digital Library

ਕਿਸਾਰੀ ਕੋਮ ਦਾ ਨਾਸ ਹੋਵੇ॥ ੫੧॥ ਪਰ ਇਹ ਉਸ ਨੈ ਆਪਣੀ ਵਲੋਂ ਨਹੀਂ ਕਿਹਾ ਬਲਕ ਇਸ ਕਾ-
ਰਨ ਕਰਕੇ ਜੋ ਉਹ ਉਸ ਸਾਲ ਸਰਦਾਰ ਜਾਜਕ ਸੀ ਅਰ ਮਿਆਨ ਨਾਲ ਖਬਰ ਦਿੱਤੀ ਜੋ ਯਿ-
ਸੂ ਉਸ ਕੋਮ ਦੇ ਬਦਲੇ ਮਰਨ ਨੂੰ ਸੀ॥ ੫੨॥ ਅਤੇ ਨਿਰਾ ਉਸੇ ਕੋਮ ਦੇ ਬਦਲੇ ਨਹੀਂ ਸੋ ਇਸ ਲ-
ਈ ਬੀ ਜੋ ਉਹ ਪਰਮੇਸੁਰ ਦਿਆਂ ਬਾਲਕਾਂ ਨੂੰ ਜੋ ਖਿੰਡੇ ਹੋਏ ਹਨ ਕੱਠਿਆਂ ਕਰਕੇ ਇੱਕੋ ਬਣਾਵੇ॥ ੫੩
॥ ਜੋ ਉਨਾਂ ਨੈ ਉਸੇ ਦਿਨ ਥੋਂ ਮਤਾ ਪਕਾਇਆ ਭਈ ਉਹ ਨੂੰ ਜਾਨੋਂ ਮਾਰਨ॥ ॥੫੪॥ ਇ-
ਸ ਕਾਰਨ ਯਿਸੂ ਫੇਰ ਯਹੂਦੀਆਂ ਵਿੱਚ ਖੁਲਮ ਖੁਲੀ ਨਾ ਫਿਰਿਆ ਪਰ ਉੱਥੋਂ ਜੰਗਲ ਦੇ ਲਾਗ
ਦੇ ਦੇਸ ਵਿੱਚ ਇਫਰਾਈਮ ਕਰਕੇ ਇੱਕ ਨਗਰ ਨੂੰ ਗਿਆ ਅਤੇ ਸਿੱਖਾਂ ਸਣੇ ਉੱਥੇ ਰਿਹਾ॥ ੫੫॥
ਅਰ ਯਹੂਦੀਆਂ ਦਾ ਪਸਾਹ ਨਾਮੇ ਤਿਉਹਾਰ ਨੇੜੇ ਸੀ ਅਤੇ ਅਨੇਕ ਲੋਕ ਆਪ ਨੂੰ ਸੁੱਧ ਕਰਨ
ਲਈ ਤਿਉਹਾਰ ਥੋਂ ਪਹਿਲਾਂ ਪੰਡ ਪੰਡ ਥੋਂ ਯਰੂਸਲੀਮ ਨੂੰ ਗਏ॥ ੫੬॥ ਸੋ ਉਨਾਂ ਨੈ ਯਿਸੂ ਦੀ ਭਾ-
ਲ ਕੀਤੀ ਅਤੇ ਮੰਦਰ ਵਿੱਚ ਖੜੇ ਹੋਕੇ ਆਪੋ ਵਿੱਚੀ ਕਹਿਣ ਲੱਗੇ ਤੁਸੀਂ ਕੀ ਸਮਝਦੇ ਹੋ ਕਿ ਉਹ
ਇਸ ਤਿਉਹਾਰ ਉੱਤੇ ਨਹੀਂ ਆਊਗਾ॥ ੫੭॥ ਅਤੇ ਪਰਧਾਨ ਜਾਜਕਾਂ ਅਰ ਫਰੀਸੀਆਂ ਨੈ ਹੁ-
ਕਮ ਕੀਤਾ ਸੀ ਕਿ ਜੇ ਕੋਈ ਜਾਣਦਾ ਹੋਵੇ ਜੋ ਉਹ ਕਿੱਥੇ ਹੈ ਤਾਂ ਦੱਸ ਦੇਵੇ ਭਈ ਓਹ ਉਸ ਨੂੰ ਫੜ ਲੈਣ॥

੧੨ ਕਾਂਡ॥

ਫੇਰ ਪਸਾਹ ਥੋਂ ਛੇ ਦਿਨ ਪਹਿਲਾਂ ਯਿਸੂ ਬੈਤਅਨੀਆ ਵਿੱਚ ਆਇਆ ਜਿੱਥੇ ਲਾ-
ਜਰ ਸੀ ਜਿਹ ਨੂੰ ਯਿਸੂ ਨੈ ਮੁਰਦਿਆਂ ਵਿੱਚੋਂ ਜਿਵਾਲਿਆ ਸੀ॥ ੨॥ ਸੋ ਉੱਥੇ ਉਨਾਂ
ਉਸ ਦੇ ਲਈ ਭੋਜਨ ਤਿਆਰ ਕੀਤਾ ਅਤੇ ਮਰਥਾ ਟਹਿਲ ਕਰਦੀ ਸੀ ਪਰ ਲਾਜਰ ਉਨਾਂ ਵਿੱਚੋਂ
ਇੱਕ ਸੀ ਜੋ ਜੋ ਉਹ ਦੇ ਨਾਲ ਖਾਣ ਬੈਠੇ ਸਨ॥ ੩॥ ਤਦ ਮਰਿਯਮ ਨੈ ਅਧ ਸੇਰ ਮਹਿੰਗਾ ਮੁੱਲ ੭

Original Uploaded by:
Language Department Punjab
Digitized by:
Panjab Digital Library

ਜਟਾਮਾਸੀ ਦਾ ਖਰਾ ਅਤਰ ਲੈਕੇ ਯਿਸੂ ਦੇ ਚਰਨਾਂ ਨੂੰ ਮਲਿਆ ਅਤੇ ਆਪਣੇ ਵਾਲਾਂ ਨਾਲ ਉਹਦੇ ਚਰਨ ਪੂੰਝੇ ਅਤੇ ਘਰ ਅਤਰ ਦੀ ਬਾਸ ਨਾਲ ਭਰ ਗਿਆ ॥੪॥ ਪਰ ਉਹ ਦੇ ਸਿੱਖਾਂ ਵਿੱਚੋਂ ਯਹੂਦਾ ਇਸਕਰਿਯੋਤੀ ਨੇ ਜਿਹ ਨੇ ਉਸ ਨੂੰ ਫੜਵਾਉਣਾ ਸੀ ਆਖਿਆ ॥੫॥ ਇਹ ਅਤਰ ਤਿੰਨ ਸੌ ਰੁਪੱਯੇ ਨੂੰ ਵੇਚਕੇ ਕੰਗਾਲਾਂ ਨੂੰ ਕਿਉਂ ਨਾ ਦਿੱਤਾ ਗਿਆ ॥੬॥ ਪਰ ਉਹ ਨੇ ਇਹ ਗੱਲ ਇਸ ਕਾਰਨ ਨਹੀਂ ਆਖੀ ਜੋ ਕੰਗਾਲਾਂ ਦੀ ਚਿੰਤਾ ਕਰਦਾ ਸੀ ਬਲਕ ਇਸ ਕਾਰਨ ਜੋ ਉਹ ਚੋਰ ਸੀ ਅਤੇ ਬਟੂਆ ਉਹ ਦੇ ਕੋਲ ਰਹਿੰਦਾ ਸੀ ਅਰ ਜੋ ਕੁਛ ਉਸ ਵਿੱਚ ਪਾਇਆ ਜਾਂਦਾ ਉਹ ਨੂੰ ਲੈ ਜਾਂਦਾ ਸੀ ॥੭॥ ਉਪਰੰਦ ਯਿਸੂ ਨੇ ਆਖਿਆ ਉਹ ਨੂੰ ਇਹ ਮੇਰੇ ਕਫਨਾਉਣ ਦਫਨਾਉਣ ਦੇ ਦਿਨ ਲਈ ਰੱਖਣ ਦਿਹ ॥੮॥ ਕਿਉਂ ਜੋ ਕੰਗਾਲ ਸਦਾ ਤੁਹਾਡੇ ਨਾਲ ਹਨ ਪਰ ਮੈਂ ਸਦਾ ਤੁਹਾਡੇ ਨਾਲ ਨਹੀਂ ਹਾਂ ॥

॥੯॥ ਤਦ ਯਹੂਦੀਆਂ ਦੇ ਬਹੁਤ ਸਾਰੇ ਲੋਕ ਜਾਣ ਗਏ ਭਈ ਉਹ ਉੱਥੇ ਹੈ ਅਤੇ ਓਹ ਆਏ ਨਿਰਾ ਯਿਸੂ ਪੁੱਛੇ ਨਹੀਂ ਬਲਕ ਇਸ ਲਈ ਭੀ ਜੋ ਲਾਜਰ ਨੂੰ ਵੇਖਣ ਜਿਹ ਨੂੰ ਉਸ ਨੇ ਮੁਰਦਿਆਂ ਵਿੱਚੋਂ ਜੁਆਲਿਆ ਸੀ ॥੧੦॥ ਪਰ ਪਰਧਾਨ ਜਾਜਕਾਂ ਨੇ ਮਤਾ ਪਕਾਇਆ ਜੋ ਲਾਜਰ ਨੂੰ ਭੀ ਜਾਨੋਂ ਮਾਰ ਦੇਈਏ ॥੧੧॥ ਕਿਉਂ ਕਿ ਉਹ ਦੇ ਕਾਰਨ ਯਹੂਦੀਆਂ ਵਿੱਚੋਂ ਬਾਹਲੇ ਲੋਕ ਚੱਲੇ ਗਏ ਅਤੇ ਯਿਸੂ ਉੱਤੇ ਨਿਹਚਾ ਕਰਦੇ ਸਨ ॥

॥੧੨॥ ਦੂਜੇ ਦਿਨ ਬਹੁਤ ਸਾਰੇ ਲੋਕ ਜੋ ਤਿਉਹਾਰ ਪੁਰ ਆਏ ਹੋਏ ਸਨ ਜਦ ਉਨਾਂ ਨੇ ਸੁਣਿਆ ਜੋ ਯਿਸੂ ਯਰੂਸਲੀਮ ਨੂੰ ਆਉਂਦਾ ਹੈ ॥੧੩॥ ਖਜੂਰਾਂ ਦੀਆਂ ਟਹਿਣੀਆਂ ਲੈਕੇ ਉਹ ਦੇ ਮਿਲਣ ਨੂੰ ਨਿੱਕਲੇ ਅਤੇ ਉੱਚੀ ਦੀ ਬੋਲਣ ਲੱਗੇ ਹੋਸੰਨਾ ਧੰਨ ਉਹ ਜਿਹੜਾ ਪ੍ਰਭੁ ਦੇ ਨਾਉਂ ਉੱਤੇ ਆਉਂਦਾ

Original with:
Language Department Punjab
Digitized by:
Panjab Digital Library

ਹੈ ਇਸਰਾਏਲ ਦਾ ਪਾਤਸਾਹ ॥ ੧੪ ॥ ਅਤੇ ਯਿਸੂ ਨੇ ਇੱਕ ਗਧੀ ਦਾ ਬੱਚਾ ਪਾਇਆ ਅਤੇ ਉਸ ਪੁਰ ਸੁਆਰ ਹੋਇਆ ਜਿਵੇਂ ਲਿਖਿਆ ਹੋਇਆ ਹੈ ॥ ੧੫ ॥ ਹੇ ਸੀਓਨ ਦੀ ਧੀਏ ਨਾ ਡਰ। ਵੇਖ ਤੇਰਾ ਪਾਤ-ਸਾਹ ਗਧੀ ਦੇ ਬੱਚੇ ਪੁਰ ਸੁਆਰ ਹੋਕੇ ਆਉਂਦਾ ਹੈ ॥ ੧੬ ॥ ਉਹ ਦੇ ਸਿੱਖਾਂ ਨੇ ਪਹਿਲਾਂ ਏਹ ਗੱਲਾਂ ਨਾ ਸਮਝੀਆਂ ਪਰ ਜਾਂ ਯਿਸੂ ਆਪਣੇ ਤੇਜ ਨੂੰ ਪਹੁੰਚਿਆ ਤਾਂ ਉਨਾਂ ਨੂੰ ਚੇਤੇ ਆਇਆ ਜੋ ਏਹ ਗੱਲਾਂ ਉਸੇ ਵਿਖੇ ਲਿਖੀਆਂ ਹੋਈਆਂ ਸੀਆਂ ਅਤੇ ਉਨਾਂ ਉਸ ਦੇ ਨਾਲ ਏਹ ਕੰਮ ਕੀਤੇ ਸਨ ॥ ੧੭ ॥ ਤਦ ਉਨਾਂ ਲੋਕਾਂ ਨੇ ਜੋ ਤਰੇ ਉਸ ਵੇਲੇ ਉਹ ਦੇ ਨਾਲ ਸਨ ਜਦ ਉਹ ਨੇ ਲਾਜਰ ਨੂੰ ਕਬਰੋਂ ਬਾਹਰ ਸੱਦਿਆ ਅਤੇ ਮੁਰਦਿਆਂ ਵਿੱਚੋਂ ਜੁਆਲਿਆ ਸੀ ਸਾਖੀ ਦਿੱਤੀ ॥ ੧੮ ॥ ਇਸ ਕਰਕੇ ਬੀ ਲੋਕ ਉਹ ਨੂੰ ਜਾ ਮਿਲੇ ਕਿਉਂ ਜੋ ਉਨਾਂ ਸੁਣਿਆ ਸੀ ਭਈ ਉਸ ਨੇ ਇਹ ਕਰਾਮਾਤ ਵਿਖਾਈ ॥ ੧੯ ॥ ਤਾਂ ਫ਼ਰੀਸੀ-ਆਂ ਨੇ ਆਪਸ ਵਿੱਚ ਕਿਹਾ ਤੁਸੀਂ ਵੇਖਦੇ ਹੋ ਜੋ ਤੁਹਾ ਥੋਂ ਕੁਛ ਨਹੀਂ ਬਣਿ ਆਉਂਦਾ। ਵੇਖੋ ਜਗਤ ਉਹ ਦੇ ਪਿੱਛੇ ਲੱਗਾ ਤੁਰਿਆ ॥ ॥ ੨੦ ॥ ਅਰ ਜੋ ਹੜੇ ਲੋਕ ਤਿਉਹਾਰ ਉੱਤੇ ਬੰਦਗੀ ਕ-ਰਨ ਆਏ ਉਨਾਂ ਵਿੱਚ ਕਈ ਯੂਨਾਨੀ ਸਨ ॥ ੨੧ ॥ ਸੋ ਓਹ ਫ਼ੈਲਬੂਸ ਦੇ ਕੋਲ ਜੋ ਗਲੀਲ ਦੇ ਬੈ-ਤਸੈਦੇ ਦਾ ਸੀ ਆਏ ਅਤੇ ਉਹ ਦੇ ਅੱਗੇ ਅਰਜ ਕਰਕੇ ਆਖਿਆ ਮਹਾਰਾਜ ਅਸਾਂ ਯਿਸੂ ਦਾ ਦਰਸਣ ਕਰਨਾ ਹੈ ॥ ੨੨ ॥ ਫ਼ੈਲਬੂਸ ਨੇ ਆਣਕੇ ਅੰਦਰਿਯਾਸ ਨੂੰ ਕਹਿ ਦਿੱਤਾ ਅਤੇ ਅੰਦਰਿ-ਯਾਸ ਅਰ ਫ਼ੈਲਬੂਸ ਨੇ ਆਣਕੇ ਯਿਸੂ ਨੂੰ ਆਖਿਆ ॥ ੨੩ ॥ ਯਿਸੂ ਨੇ ਉਨਾਂ ਨੂੰ ਉੱਤਰ ਦਿੱਤਾ ਵੇਲਾ ਆ ਪੁੱਜਿਆ ਹੈ ਜੋ ਮਨੁੱਖ ਦੇ ਪੁੱਤ੍ਰ ਦੀ ਵਡਿਆਈ ਪਰਗਟ ਕੀਤੀ ਜਾਏ ॥ ੨੪ ॥ ਮੈਂ ਤੁਹਾ ਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈਕੇ ਨਾ ਮਰੇ ਤਾਂ ਉਹ ਕੱਲਾ ਹੀ

Original
Language
Digitized by:
Panjab Digital Library

ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ ॥੨੫॥ ਜਿਹੜਾ ਆਪਣੀ ਜਾਨ ਨੂੰ ਪਿਆਰ
ਕਰਦਾ ਹੈ ਉਹ ਉਸ ਨੂੰ ਗੁਆਉਂਦਾ ਅਤੇ ਜਿਹੜਾ ਇਸ ਜਗਤ ਵਿੱਚ ਆਪਣੀ ਜਾਨ ਨਾਲ ਵੈਰ
ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਹ ਦੀ ਰੱਛਿਆ ਕਰੂ ॥੨੬॥ ਜੇ ਕੋਈ ਮੇਰੀ ਸੇਵਾ ਕਰੇ
ਤਾਂ ਮੇਰੇ ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਊ। ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ
ਉਹ ਦਾ ਆਦਰ ਕਰੂ ॥੨੭॥ ਹੁਣ ਮੇਰਾ ਜੀ ਘਬਰਾਉਂਦਾ ਹੈ ਅਤੇ ਮੈਂ ਕੀ ਆਖਾਂ। ਹੇ ਪਿਤਾ ਮੈਨੂੰ ਇ-
ਸ ਘੜੀ ਥੋਂ ਬਚਾ। ਪਰ ਇਸੇ ਲਈ ਮੈਂ ਇਸ ਘੜੀ ਤੀਕੁ ਆਇਆ ਹਾਂ ॥੨੮॥ ਹੇ ਪਿਤਾ ਆਪਣੇ
ਨਾਉਂ ਦੀ ਵਡਿਆਈ ਪਰਗਟ ਕਰ। ਤਦੋਂ ਇਹ ਅਕਾਸ ਬਾਣੀ ਆਈ ਜੋ ਮੈਂ ਉਹ ਦੀ ਵਡਿਆਈ
ਪਰਗਟ ਕੀਤੀ ਹੈ ਅਤੇ ਫੇਰ ਭੀ ਪਰਗਟ ਕਰਾਂਗਾ ॥੨੯॥ ਤਦ ਲੋਕਾਂ ਨੇ ਜੋ ਹੜੇ ਕੋਲ ਖੜੇ ਤੇ
ਸਨ ਜਾਂ ਇਹ ਸੁਣਿਆ ਤਾਂ ਕਹਿਣ ਲੱਗੇ ਜੋ ਬੱਦਲ ਗਰਜਿਆ ਹੈ। ਹੋਰਨਾਂ ਆਖਿਆ ਭਈ
ਦੂਤ ਨੇ ਇਹ ਦੇ ਨਾਲ ਗੱਲ ਕੀਤੀ ਹੈ ॥੩੦॥ ਯਿਸੂ ਨੇ ਉੱਤਰ ਦਿੱਤਾ ਕਿ ਇਹ ਸਬਦ ਮੇਰੇ ਲਈ
ਨਹੀਂ ਬਲਕ ਤੁਹਾਡੇ ਲਈ ਆਇਆ ਹੈ ॥੩੧॥ ਹੁਣ ਇਸ ਜਗਤ ਦਾ ਨਿਆਉ ਹੁੰਦਾ ਹੈ। ਹੁ-
ਣ ਇਸ ਜਗਤ ਦਾ ਸਰਦਾਰ ਬਾਹਰ ਕੱਢਿਆ ਜਾਊ ॥੩੨॥ ਅਰ ਮੈਂ ਜੇ ਧਰਤੀ ਉੱਤੋਂ ਉੱਚਾ
ਕੀਤਾ ਜਾਵਾਂ ਤਾਂ ਸਭ ਨੂੰ ਆਪਣੀ ਵਲ ਖਿੱਚਾਂਗਾ ॥੩੩॥ ਅਤੇ ਉਸ ਨੇ ਇਹ ਆਖਿਆ ਭ-
ਈ ਪਤਾ ਦੇਵੇ ਜੋ ਉਹ ਨੇ ਆਪ ਕਿਹੜੀ ਮੌਤ ਨਾਲ ਮਰਨਾ ਸੀ ॥੩੪॥ ਇਸ ਕਾਰਨ ਲੋਕਾਂ ਨੇ ਉ-
ਹ ਨੂੰ ਉੱਤਰ ਦਿੱਤਾ ਅਸਾਂ ਸਰਾ ਵਿੱਚੋਂ ਸੁਣਿਆ ਹੈ ਜੋ ਮਸੀਹ ਸਦਾ ਰਹੂ। ਫੇਰ ਤੂੰ ਕਿੱਕਰ ਆਖਦ
ਹੈਂ ਭਈ ਮਨੁੱਖ ਦੇ ਪੁੜ ਦਾ ਉੱਚਾ ਕੀਤਾ ਜਾਣਾ ਜਰੂਰ ਹੈ। ਇਹ ਮਨੁੱਖ ਦਾ ਪੁੜ ਕੌਣ ਹੈ ॥੩੫॥ ਉ-

Original with:
Language Department Punjab
Digitized by:
Panjab Digital Library

ਪਰੰਦਯਿਸ਼ੂ ਨੈ ਉਨਾਂ ਨੂੰ ਕਿਹਾ ਕਿ ਚਾਨਣ ਅਜੇ ਥੋੜਾ ਚਿਰ ਹੋਰ ਤੁਹਾਡੇ ਵਿੱਚ ਹੈ। ਜਿਨਾਂ ਚਿਰ ਚਾ-
ਨਣ ਤੁਹਾਡੇ ਨਾਲ ਹੈ ਚੱਲੋ ਭਈ ਕਿਤੇ ਐਉਂਨਾ ਹੋਵੇ ਜੋ ਹਨੇਰਾ ਤੁਹਾ ਨੂੰ ਆ ਘੇਰੇ। ਅਤੇ ਜੋ ਹਨੇਰੇ
ਵਿੱਚ ਚੱਲਦਾ ਹੈ ਸੋ ਨਹੀਂ ਜਾਣਦਾ ਜੋ ਉਹ ਕਿੱਥੇ ਤੁਰਦਾ ਹੈ॥੩੬॥ ਜਿਨਾਂ ਚਿਰ ਚਾਨਣ ਤੁਹਾਡੇ
ਨਾਲ ਹੈ ਚਾਨਣ ਉੱਤੇ ਨਿਹਚਾ ਕਰੋ ਜੋ ਤੁਸੀਂ ਚਾਨਣ ਦੇ ਪੁਤ੍ਰ ਹੋਵੋ॥ ॥ਯਿਸ਼ੂ ਨੈ ਏ-
ਹ ਗੱਲਾਂ ਆਖੀਆਂ ਅਤੇ ਜਾ ਕੇ ਉਨਾਂ ਥੋਂ ਲੁੱਕ ਰਿਹਾ॥੩੭॥ ਪਰ ਭਾਵੇਂ ਉਸ ਨੈ ਉਨਾਂ ਦੇ ਸਾ-
ਹਮਣੇ ਐੱਨੀਆਂ ਕਰਾਮਾਤਾਂ ਵਿਖਾਈਆਂ ਸੀਆਂ ਤਾਂ ਬੀ ਉਨਾਂ ਉਸ ਉੱਤੇ ਨਿਹਚਾ ਨਹੀਂ ਕੀ-
ਤੀ॥੩੮॥ ਜਿਸ ਥੋਂ ਯਸਾਯਾ ਪੈਕੰਬਰ ਦਾ ਬਚਨ ਪੂਰਾ ਹੋਵੇ ਜਿਹੜਾ ਉਹ ਨੈ ਕਿਹਾ ਸੀ ਕਿ ਹੇ
ਪ੍ਰਭੂ ਸਾਡੇ ਸਨੇਹੇ ਦੀ ਕਿਨ ਪਰਤੀਤ ਕੀਤੀ ਅਤੇ ਪ੍ਰਭੂ ਦੀ ਬਾਂਹ ਕਿਸ ਉੱਤੇ ਪਰਗਟ ਹੋਈ ਹੈ॥
੩੯॥ ਇਸ ਕਾਰਨ ਓਹ ਨਿਹਚਾ ਨਾ ਕਰ ਸੱਕੇ ਕਿ ਯਸਾਯਾ ਨੈ ਫੇਰ ਆਖਿਆ॥੪੦॥ ਉਸ ਨੈ
ਉਨਾਂ ਦੀਆਂ ਅੱਖਾਂ ਅੰਨੀਆਂ ਕਰ ਦਿੱਤੀਆਂ ਅਤੇ ਉਨਾਂ ਦਾ ਮਨ ਕਠੋਰ ਕੀਤਾ ਹੈ ਕਿਤੇ ਐਉਂ
ਨਾ ਹੋਵੇ ਜੋ ਓਹ ਅੱਖਾਂ ਨਾਲ ਵੇਖਣ ਅਤੇ ਮਨ ਨਾਲ ਸਮਝਣ ਅਰ ਮੁੜ ਆਉਣ ਅਤੇ ਮੈਂ
ਉਨਾਂ ਨੂੰ ਚੰਗਾ ਕਰਾਂ॥੪੧॥ ਯਸਾਯਾ ਨੈ ਏਹ ਬਚਨ ਕੀਤੇ ਇਸ ਲਈ ਜੋ ਉਨ ਉਸ ਦਾ ਤੇਜ
ਵੇਖਿਆ ਅਰ ਉਸੇ ਦੇ ਵਿਖੇ ਬੋਲਿਆ॥੪੨॥ ਤਾਂ ਬੀ ਸਰਦਾਰਾਂ ਵਿੱਚੋਂ ਬੀ ਬਹੁਤਿਆਂ ਨੈ ਉ-
ਸ ਉੱਤੇ ਨਿਹਚਾ ਕੀਤੀ ਪਰ ਫ਼ਰੀਸੀਆਂ ਦੇ ਕਾਰਨ ਉਨਾਂ ਨੈ ਜ ਬਾਨੀ ਨਾ ਮੰਨਿਆ ਭਈ ਐਉਂ
ਨਾ ਹੋਵੇ ਜੋ ਅਸੀਂ ਸਮਾਜ ਵਿੱਚੋਂ ਛੇਕੇ ਜਾਈਏ॥੪੩॥ ਕਿਉਂ ਕਿ ਓਹ ਪਰਮੇਸ਼ੁਰ ਦੀ ਵਡਿਆਈ
ਨਾਲੋਂ ਮਨੁੱਖਾਂ ਦੀ ਵਡਿਆਈ ਦੇ ਬਹੁਤੇ ਭੁੱਖੇ ਸਨ॥ ॥੪੪॥ ਅਤੇ ਯਿਸ਼ੂ ਨੈ ਉੱਚੀ

Original with:
Language Department Punjab
Digitized by:
Panjab Digital Library

ਅਵਾਜ਼ਨਾਲ ਆਖਿਆ ਜਿਹੜਾ ਮੇਰੇ ਉੱਤੇ ਨਿਹਚਾ ਕਰਦਾ ਹੈ ਉਹ ਮੇਰੇ ਉੱਤੇ ਨਹੀਂ ਬਲਕਿ ਉ-
ਸ ਉੱਤੇ ਨਿਹਚਾ ਕਰਦਾ ਹੈ ਜਿਨ ਮੈਨੂੰ ਘੱਲਿਆ ॥ ੪੫ ॥ ਅਰ ਜੋ ਮੈਨੂੰ ਵੇਖਦਾ ਹੈ ਜੋ ਉਹ ਨੂੰ ਵੇ-
ਖਦਾ ਹੈ ਜਿਨ ਮੈਨੂੰ ਘੱਲਿਆ ॥ ੪੬ ॥ ਮੈਂ ਜਗਤ ਵਿੱਚ ਚਾਨਣ ਆਇਆ ਹਾਂ ਤਾਂ ਹਰ ਕੋਈ ਜੋ ਮੇ-
ਰੇ ਉੱਤੇ ਨਿਹਚਾ ਕਰਦਾ ਹੈ ਜੋ ਅਨ੍ਹੇਰੇ ਵਿੱਚ ਨਾ ਰਹੇ ॥ ੪੭ ॥ ਅਰ ਜੇ ਕੋਈ ਮੇਰੀਆਂ ਗੱਲਾਂ ਸੁ-
ਣੇ ਅਤੇ ਨਾ ਮੰਨੇ ਤਾਂ ਮੈਂ ਉਹ ਨੂੰ ਦੋਸੀ ਨਹੀਂ ਠਰਾਉਂਦਾ ਕਿਉਂ ਜੋ ਮੈਂ ਜਗਤ ਨੂੰ ਦੋਸੀ ਠਰਾਉਣ ਨਹੀਂ
ਬਲਕ ਜਗਤ ਨੂੰ ਬਚਾਉਣ ਆਇਆ ਹਾਂ ॥ ੪੮ ॥ ਜਿਹੜਾ ਮੈਨੂੰ ਤੁੱਛ ਜਾਣਦਾ ਹੈ ਅਤੇ ਮੇਰੀ-
ਆਂ ਗੱਲਾਂ ਨਹੀਂ ਕਬੂਲਦਾ ਇੱਕ ਹੈ ਜੋ ਉਹ ਨੂੰ ਦੋਸੀ ਠਰਾਉਂਦਾ ਹੈ । ਜਿਹੜਾ ਬਚਨ ਮੈਂ ਕਿਹਾ
ਓਹੀ ਅੰਤ ਦੇ ਦਿਨ ਉਸ ਨੂੰ ਦੋਸੀ ਠਰਾਊਗਾ ॥ ੪੯ ॥ ਕਿਉਂ ਜੋ ਮੈਂ ਆਪ ਥੋਂ ਨਹੀਂ ਬੋਲਿਆ ਪ-
ਰ ਪਿਤਾ ਜਿਨ ਮੈਨੂੰ ਘੱਲਿਆ ਉਸੇ ਨੇ ਮੈਨੂੰ ਹੁਕਮ ਦਿੱਤਾ ਭਈ ਮੈਂ ਕੀ ਬਚਨ ਕਰਾਂ ਅਤੇ ਕੀ
ਬੋਲਾਂ ॥ ੫੦ ॥ ਅਰ ਮੈਂ ਜਾਣਦਾ ਹਾਂ ਕਿ ਉਹ ਦਾ ਬਚਨ ਸਦੀਪਕ ਜੀਉਣ ਹੈ । ਇਸ ਕਾਰਨ ਮੈਂ ਜੋ
ਕੁਛ ਬੋਲਦਾ ਹਾਂ ਸੋ ਜਿਵੇਂ ਪਿਤਾ ਨੇ ਮੈਨੂੰ ਆਖਿਆ ਹੈ ਤਿਵੇਂ ਬੋਲਦਾ ਹਾਂ ॥

੧੩ ਕਾਂਡ ॥ ਅਤੇ ਪਸਾਹ ਦੇ ਤਿਉਹਾਰ ਥੋਂ ਪਹਿਲਾਂ ਜਿਸ ਨੇ ਇਹ ਜਾਣਕੇ ਭਈ ਮੇਰੀ ਘ-
ੜੀ ਆ ਪਹੁੰਚੀ ਹੈ ਜੋ ਮੈਂ ਇਸ ਜਗਤ ਨੂੰ ਛੱਡਕੇ ਪਿਤਾ ਦੇ ਕੋਲ ਜਾਵਾਂ ਆਪਣੇ
ਨਿੱਜ ਲੋਕਾਂ ਨੂੰ ਜਿਹੜੇ ਜਗਤ ਵਿੱਚ ਸਨ ਪਿਆਰ ਕਰਕੇ ਉਨਾਂ ਨੂੰ ਅੰਤ ਤੋੜੀ ਪਿਆਰ ਕੀਤਾ
॥ ੨ ॥ ਅਰ ਖਾਣ ਦੇ ਵੇਲੇ ਜਦ ਸ਼ਤਾਨ ਸ਼ਮਊਨ ਦੇ ਪੁੱਤ੍ਰ ਯਹੂਦਾ ਇਸਕਰਿਯੋਤੀ ਦੇ ਮਨ ਵਿੱ-
ਚ ਇਹ ਪਾ ਚੁੱਕਿਆ ਸੀ ਜੋ ਉਹ ਉਸ ਨੂੰ ਫੜਵਾ ਦੇਵੇ ॥ ੩ ॥ ਤਦ ਜਿਸ ਨੇ ਇਹ ਜਾਣਕੇ ਭਈ

Original with:
Language Department Punjab
Digitized by:
Panjab Digital Library

ਪਿਤਾ ਨੈਸਭੋਕੁਛ ਮੇਰੇ ਹੱਥ ਵਿੱਚ ਸੌਂਪਿਆ ਹੈ ਅਤੇ ਮੈਂ ਪਰਮੇਸ਼ੁਰ ਦੇ ਕੋਲੋਂ ਆਇਆ ਹਾਂ ਅ-
ਤੇ ਪਰਮੇਸ਼ੁਰ ਦੇ ਕੋਲ ਜਾਂਦਾ ਹਾਂ ।।੪।। ਖਾਣੇ ਥੋਂ ਉੱਠਿਆ ਅਰ ਆਪਣੇ ਬਸਤ੍ਰ ਲਾਹ ਛੱਡੇ
ਅਤੇ ਪਰਨਾ ਲੈਕੇ ਆਪਣਾ ਲੱਕ ਬੰਨਿਆ ।।੫।। ਫੇਰ ਬਾਟੀ ਵਿੱਚ ਜਲ ਪਾਕੇ ਉਹ ਸਿੱਖਾਂ ਦੇ
ਚਰਨ ਧੋਣ ਅਤੇ ਉਸ ਪਰਨੇ ਨਾਲ ਜਿਹੜਾ ਬੱਧਾ ਹੋਇਆ ਸੀ ਪੂੰਝਣ ਲੱਗਾ ।।੬।। ਜੋ ਉ-
ਹ ਸਮਊਨ ਪਤਰਸ ਕੋਲ ਆਇਆ। ਓਨ ਉਸ ਨੂੰ ਆਖਿਆ ਪ੍ਰਭੂ ਜੀ ਤੂੰ ਮੇਰੇ ਚਰਨ ਧੋਂਦਾ
ਹੈਂ ।।੭।। ਯਿਸੂ ਨੈ ਉਹ ਨੂੰ ਉੱਤਰ ਦਿੱਤਾ ਜੋ ਮੈਂ ਕਰਦਾ ਹਾਂ ਸੋ ਤੂੰ ਹੁਣ ਨਹੀਂ ਜਾਣਦਾ ਪਰ ਇਹ ਦੇ ਪਿੱ-
ਛੋਂ ਸਮਝ ਲੈਂਗਾ ।।੮।। ਪਤਰਸ ਨੈ ਉਹ ਨੂੰ ਕਿਹਾ ਤੈਂ ਮੇਰੇ ਚਰਨ ਕਦੇ ਨਾ ਧੋਣੇ। ਯਿਸੂ ਨੈ ਉਹ ਨੂੰ ਉੱ-
ਤਰ ਦਿੱਤਾ ਜੇ ਮੈਂ ਤੈਨੂੰ ਨਾ ਧੋਵਾਂ ਤਾਂ ਮੇਰੇ ਨਾਲ ਤੇਰਾ ਕੋਈ ਹਿੱਸਾ ਨਾ ਹੋਊਗਾ ।।੯।। ਸਮਊਨ ਪਤ-
ਰਸ ਨੈ ਉਹ ਨੂੰ ਆਖਿਆ ਪ੍ਰਭੂ ਜੀ ਨਿਰੇ ਮੇਰੇ ਚਰਨ ਹੀ ਨਹੀਂ ਪਰ ਤੂੰ ਹੱਥ ਅਰ ਸਿਰ ਭੀ ਧੋ ।।੧੦।।
ਯਿਸੂ ਨੈ ਉਹ ਨੂੰ ਕਿਹਾ ਜਿਹੜਾ ਨੁਹਾਇਆ ਗਿਆ ਹੈ ਉਹ ਨੂੰ ਬਿਨਾ ਚਰਨ ਧੋਣ ਦੇ ਹੋਰ ਕੁਛ
ਲੋੜ ਨਹੀਂ ਸਗੋਂ ਸਾਰਾ ਸੁੱਧ ਹੈ ਅਰ ਤੁਸੀਂ ਸੁੱਧ ਹੋ ਪਰ ਸਭੋ ਨਹੀਂ ।।੧੧।। ਕਿਉ ਕਿ ਉਹ ਤਾਂ ਆ-
ਪਣੇ ਫੜਵਾਉਣਵਾਲੇ ਨੂੰ ਜਾਣਦਾ ਸੀ। ਇਸੇ ਕਰਕੇ ਉਹ ਨੈ ਆਖਿਆ ਭਈ ਤੁਸੀਂ ਸਭੋ
ਸੁੱਧ ਨਹੀਂ ਹੋ ।। ।।੧੨।। ਉਪਰੰਦ ਜਾਂ ਉਹ ਉਨਾਂ ਦੇ ਚਰਨ ਧੋ ਹਟਿਆ ਅਤੇ ਆਪ-
ਣੇ ਬਸਤ੍ਰ ਲੈ ਲਏ ਤਾਂ ਫੇਰ ਬੈਠਕੇ ਉਨਾਂ ਨੂੰ ਆਖਿਆ ਕੀ ਤੁਸੀਂ ਸਮਝਦੇ ਹੋ ਮੈਂ ਤੁਹਾਡੇ ਨਾ-
ਲ ਕੀ ਕੀਤਾ ।।੧੩।। ਤੁਸੀਂ ਮੈਨੂੰ ਗੁਰੂ ਅਤੇ ਪ੍ਰਭੂ ਕਰਕੇ ਬੁਲਾਉਂਦੇ ਹੋ ਅਰ ਠੀਕ ਆਖਦੇ ਹੋ
ਕਿਉ ਜੋ ਮੈਂ ਹਾਂ ।।੧੪।। ਸੋ ਜਾਂ ਮੈਂ ਗੁਰੂ ਅਤੇ ਪ੍ਰਭੂ ਹੋਕੇ ਤੁਹਾਡੇ ਚਰਨ ਧੋਤੇ ਤਾਂ ਚਾਹੀਦਾ ਹੈ ਜੋ ਤੁ-

Original with:
Language Department Punjab
Digitized by:
Panjab Digital Library

ਸੀਂ ਬੀ ਇੱਕ ਦੂਏ ਦੇ ਚਰਨ ਧੋਵੋ।।੧੫।। ਇਸ ਲਈ ਜੋ ਮੈਂ ਤੁਹਾ ਨੂੰ ਇੱਕ ਨਮੂਨਾ ਦੇ ਛੱਡਿਆ ਹੈ
ਤਾਂ ਜਿਹਾ ਕੁ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਬੀ ਤਿਹਾ ਹੀ ਕਰੋ।।੧੬।। ਮੈਂ ਤੁਹਾ ਨੂੰ ਸੱਚ ਸੱਚ ਆਖਦਾ
ਹਾਂ ਭੁਈ ਨੌਕਰ ਆਪਣੇ ਮਾਲਕ ਥੋਂ ਵਡਾ ਨਹੀਂ ਅਤੇ ਨਾ ਭੇਜਿਆ ਹੋਇਆ ਆਪਣੇ ਭੇਜਣ ਵਾ-
ਲੇ ਥੋਂ।।੧੭।। ਜੇ ਤੁਸੀਂ ਏਹ ਗੱਲਾਂ ਜਾਣਦੇ ਹੋ ਤਾਂ ਧੰਨ ਹੋ ਜੇ ਇਨਾਂ ਨੂੰ ਕਰੋ ਬੀ।।੧੮।। ਮੈਂ ਤੁਸਾਂ ਸ-
ਭਨਾਂ ਦੀ ਬਾਬਤ ਨਹੀਂ ਆਖਦਾ ਹਾਂ। ਮੈਂ ਉਨਾਂ ਨੂੰ ਜਾਣਦਾ ਹਾਂ ਕਿ ਜਿਨਾਂ ਨੂੰ ਮੈਂ ਚੁਣ ਲਿਆ ਹੈ। ਪ-
ਰ ਇਹ ਇਸ ਲਈ ਹੈ ਜੋ ਲਿਖਤ ਪੂਰੀ ਹੋਵੇ ਭਈ ਉਸ ਨੇ ਜਿਹੜਾ ਮੇਰੀ ਰੋਟੀ ਖਾਂਦਾ ਹੈ ਮੇਰੇ ਉ-
ਤੇ ਆਪਣੀ ਲੱਤ ਚੁੱਕੀ।।੧੯।। ਏਦੋਂ ਅੱਗੇ ਇਸ ਗੱਲ ਦੇ ਹੋਣ ਥੋਂ ਪਹਿਲਾਂ ਮੈਂ ਤੁਹਾ ਨੂੰ ਦੱਸਦ
ਹਾਂ ਤਾਂ ਜੋ ਜਿਸ ਵੇਲੇ ਇਹ ਪੂਰੀ ਹੋ ਲਵੇ ਤਾਂ ਤੁਸੀਂ ਪਰਤੀਤ ਕਰੋ ਜੋ ਮੈਂ ਉਹੋ ਹਾਂ।।੨੦।। ਮੈਂ ਤੁਹਾ ਨੂੰ
ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਘੱਲੇ ਹੋਏ ਨੂੰ ਕਬੂਲਦਾ ਹੈ ਸੋ ਮੈਨੂੰ ਕਬੂਲਦਾ ਹੈ ਅਤੇ ਜੋ ਮੈ
ਨੂੰ ਕਬੂਲਦਾ ਹੈ ਸੋ ਮੇਰੇ ਘੱਲਣ ਵਾਲੇ ਨੂੰ ਕਬੂਲਦਾ ਹੈ।।

।।੨੧।। ਏਹ ਗੱਲਾਂ ਕ-
ਹਿਕੇ ਯਿਸੂ ਮਨ ਵਿੱਚ ਘਬਰਾਉਣ ਲੱਗਾ ਅਤੇ ਸਾਖੀ ਦੇਕੇ ਬੋਲਿਆ ਮੈਂ ਤੁਹਾ ਨੂੰ ਸੱਚ ਸੱਚ
ਆਖਦਾ ਹਾਂ ਜੋ ਤੁਹਾਡੇ ਵਿੱਚੋਂ ਇੱਕ ਮੈਨੂੰ ਫੜਵਾਊਗਾ।।੨੨।। ਸਿੱਖ ਇਸ ਭਰਮ ਵਿੱਚ ਪੈਕੇ
ਜੋ ਉਹ ਨੇ ਇਹ ਗੱਲ ਕਿਹ ਦੀ ਬਾਬਤ ਆਖੀ ਇੱਕ ਦੂਏ ਦੀ ਵਲ ਵੇਖਣ ਲੱਗੇ।।੨੩।। ਉਹ ਦੇ
ਸਿੱਖਾਂ ਵਿੱਚੋਂ ਇੱਕ ਜਿਹ ਨੂੰ ਯਿਸੂ ਪਿਆਰ ਕਰਦਾ ਸੀ ਯਿਸੂ ਦੀ ਛਾਤੀ ਪੁਰ ਢਾਸਣਾ ਲਾਏ ਹੋਏ
ਸੀ।।੨੪।। ਇਸ ਲਈ ਸਮਊਨ ਪਤਰਸ ਨੇ ਉਹ ਨੂੰ ਸੈਨਤ ਕੀਤੀ ਅਤੇ ਉਹ ਨੂੰ ਆਖਿਆ ਦੱਸ
ਤਾਂ ਇਹ ਕਿਹ ਦੀ ਗੱਲ ਕਰਦਾ ਹੈ।।੨੫।। ਉਪਰੰਦ ਉਸ ਨੇ ਯਿਸੂ ਦੀ ਛਾਤੀ ਪੁਰ ਉਸੇ ਤਰਾਂ ਢ-

Original with:
Language Department Punjab
Digitized by:
Panjab Digital Library

ਸਣਾਲਾਇਆਂ ਹੋਇਆਂ ਉਸਥੋਂ ਪੁੱਛਿਆ ਪ੍ਰਭੂ ਜੀ ਉਹ ਕਿਹੜਾ ਹੈ।।੨੬।। ਸੋ ਯਿਸੂ ਨੈ ਉੱਤ-
ਰ ਦਿੱਤਾ ਜਿਹ ਦੇ ਲਈ ਮੈਂ ਬੁਰਕੀ ਤਰ ਕਰਾਂ ਅਤੇ ਉਹ ਨੂੰ ਦਿਆਂ ਉਹੋ ਹੈ। ਫੇਰ ਜਾਂ ਉਹ ਨੈ ਬੁਰ-
ਕੀ ਤਰ ਕਰ ਲਈ ਤਾਂ ਲੈਕੇ ਸਮਉਨ ਇਸਕਰਿਯੂਤੀ ਦੇ ਪੁਤ੍ਰ ਯਹੂਦਾ ਨੂੰ ਦੇ ਦਿੱਤੀ।।੨੭।। ਅਤੇ
ਬੁਰਕੀ ਦੇ ਪਿੱਛੋਂ ਉਸੇ ਵੇਲੇ ਸਤਾਨ ਉਹ ਦੇ ਵਿੱਚ ਸਮਾਇਆ। ਤਾਂ ਯਿਸੂ ਨੈ ਉਹ ਨੂੰ ਕਿਹਾ ਜੋ ਤੂੰ
ਕਰਦਾ ਹੈਂ ਸੋ ਛੇਤੀ ਕਰ।।੨੮।। ਪਰ ਜੇਹੜੇ ਖਾਣ ਬੈਠੇ ਸਨ ਉਨਾਂ ਵਿੱਚੋਂ ਕਿਨੇ ਨਾ ਜਾਤਾ ਭਈ ਕਿਨ
ਉਸ ਨੂੰ ਇਹ ਕਾਹਦੇ ਲਈ ਆਖਿਆ।।੨੯।। ਕਿਉਂਕਿ ਯਹੂਦਾ ਦੇ ਕੋਲ ਬਟੂਆ ਜੋ ਰਹਿੰਦਾ
ਸੀ ਕਈਆਂ ਨੈ ਸਮਝਿਆ ਕਿ ਯਿਸੂ ਨੈ ਉਹ ਨੂੰ ਆਖਿਆ ਹੈ ਭੁਈ ਤਿਉਹਾਰ ਦੇ ਲਈ ਜੋ ਕੁਛ
ਸਾ ਨੂੰ ਲੋੜੀਦਾ ਹੈ ਸੋ ਮੁੱਲ ਲਿਆ ਅਥਵਾ ਇਹ ਕਿ ਕੰਗਾਲਾਂ ਨੂੰ ਕੁਝ ਦਿਹ।।੩੦।। ਉਪਰੰਦ ਉਹ
ਬੁਰਕੀ ਲੈਕੇ ਝੱਟ ਬਾਹਰ ਨਿੱਕਲ ਗਿਆ ਅਤੇ ਉਹ ਰਾਤ ਦਾ ਵੇਲਾ ਸੀ।। ।।੩੧।।
ਫੇਰ ਜਾਂ ਉਹ ਬਾਹਰ ਨਿੱਕਲ ਗਿਆ ਤਾਂ ਯਿਸੂ ਨੈ ਆਖਿਆ ਕਿ ਹੁਣ ਮਨੁੱਖ ਦੇ ਪੁਤ੍ਰ ਦੀ ਵਡਿ-
ਆਈ ਪਰਗਟ ਹੁੰਦੀ ਅਰ ਉਹ ਦੇ ਵਿੱਚ ਪਰਮੇਸੁਰ ਦੀ ਵਡਿਆਈ ਪਰਗਟ ਹੁੰਦੀ ਹੈ।।੩੨।।
ਅਤੇ ਪਰਮੇਸੁਰ ਆਪਣੇ ਵਿੱਚ ਉਹ ਦੀ ਵਡਿਆਈ ਪਰਗਟ ਕਰੂ ਜਰੋਂ ਹੁਣੇ ਉਹ ਦੀ ਵਡਿਆ-
ਈ ਪਰਗਟ ਕਰੂ।।੩੩।। ਹੇ ਬੱਚਿਓ ਹੁਣ ਥੋੜਾ ਚਿਰ ਮੈਂ ਤੁਹਾਡੇ ਨਾਲ ਹਾਂ। ਤੁਸੀਂ ਮੈਨੂੰ ਭਾਲੋਗੇ
ਅਤੇ ਜਿਸ ਤਰਾਂ ਮੈਂ ਯਹੂਦੀਆਂ ਨੂੰ ਕਿਹਾ ਸੀ ਕਿ ਜਿੱਥੇ ਮੈਂ ਜਾਂਦਾ ਹਾਂ ਤੁਸੀਂ ਨਹੀਂ ਆ ਸੱਕਦੇ ਓਸੇ ਤ-
ਰਾਂ ਹੁਣ ਮੈਂ ਤੁਹਾ ਨੂੰ ਭੀ ਆਖਦਾ ਹਾਂ।।੩੪।। ਮੈਂ ਤੁਹਾ ਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿ-
ਆਰ ਕਰੋ ਅਰਥਾਤ ਜਿਵੇਂ ਮੈਂ ਤੁਹਾ ਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ।।

Original from:
Language Department Punjab
Digitized by:
Panjab Digital Library

੩੫।।ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਥੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਸਿੱਖ ਹੋ।।
।।੩੬।। ਸਮਊਨ ਪਤਰਸ ਨੇ ਉਹ ਨੂੰ ਆਖਿਆ ਪ੍ਰਭੁ ਜੀ ਤੂੰ ਕਿੱਥੇ ਜਾਂਦਾ ਹੈਂ। ਯਿਸੂ ਨੇ ਉੱਤਰ ਦਿੱਤਾ ਜਿੱਥੇ ਮੈਂ ਜਾਂਦਾ ਹਾਂ ਤੂੰ ਹੁਣ ਮੇਰੇ ਮਗਰ ਚੱਲ ਨਹੀਂ ਸੱਕਦਾ ਪਰ ਇਹ ਦੇ ਪੱਛੋਂ ਤੂੰ ਮੇਰੇ ਮਗਰ ਚੱਲੇਂਗਾ।।੩੭।। ਪਤਰਸ ਨੇ ਉਹ ਨੂੰ ਕਿਹਾ ਪ੍ਰਭੁ ਜੀ ਮੈਂ ਹੁਣ ਤੇਰੇ ਮਗਰ ਕਿਉਂ ਨਹੀਂ ਚੱਲ ਸੱਕਦਾ। ਮੈਂ ਤੇਰੇ ਬਦਲੇ ਆਪਣੇ ਪ੍ਰਾਣ ਦਿਆਂਗਾ।।੩੮।। ਯਿਸੂ ਨੇ ਉੱਤਰ ਦਿੱਤਾ ਕੀ ਤੂੰ ਮੇਰੇ ਬਦਲੇ ਆਪਣੇ ਪ੍ਰਾਣ ਦੇਵੇਂਗਾ। ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਜਿੰਨਾ ਚਿਰ ਤੂੰ ਮੇਰਾ ਤਿੰਨ ਵਾਰੀ ਇਨਕਾਰ ਨਾ ਕਰ ਲਏਂ ਕੁੱਕੁੜ ਬਾਂਗ ਨਾ ਦੇਊ।।

੧੪ਕਾਂਡ।।

ਤੁਹਾਡਾ ਮਨ ਨਾ ਘਬਰਾਵੇ। ਪਰਮੇਸ਼ੁਰ ਉੱਤੇ ਨਿਹਚਾ ਕਰੋ ਅਰ ਮੇਰੇ ਉੱਤੇ ਭੀ ਨਿਹਚਾ ਕਰੋ।।੨।। ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਨਿਵਾਸ ਹਨ ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ। ਕਿਉਂ ਜੋ ਮੈਂ ਤੁਹਾਡੇ ਵਾਸਤੇ ਜਗਾ ਤਿਆਰ ਕਰਨ ਜਾਂਦਾ ਹਾਂ।।੩।। ਅਰ ਜੇ ਮੈਂ ਜਾਕੇ ਤੁਹਾਡੇ ਵਾਸਤੇ ਜਗਾ ਤਿਆਰ ਕਰਾਂ ਤਾਂ ਫੇਰ ਆਣਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀ ਭੀ ਹੋਵੋ।।੪।। ਅਰ ਜਿੱਥੇ ਮੈਂ ਜਾਂਦਾ ਹਾਂ ਤੁਸੀਂ ਉਹ ਦਾ ਰਾਹ ਜਾਣਦੇ ਹੋ।।੫।। ਥੋਮਾ ਨੇ ਉਹ ਨੂੰ ਆਖਿਆ ਪ੍ਰਭੁ ਜੀ ਸਾਨੂੰ ਇਹ ਪਤਾ ਨਹੀਂ ਤੂੰ ਕਿੱਥੇ ਜਾਂਦਾ ਹੈਂ ਫੇਰ ਰਾਹ ਕਿੱਕੁਰ ਜਾਣਿਆ ਜੋ।੬।। ਯਿਸੂ ਨੇ ਉਹ ਨੂੰ ਆਖਿਆ ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ।।੭।। ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ। ਏਦੋਂ ਅੱਗੇ ਤੁਸੀਂ ਉਹ ਨੂੰ ਜਾਣਦੇ ਅਤੇ ਉਹ ਨੂੰ ਵੇਖਿਆ ਹੈ।।੮।। ਫੇਲਬੁਸ

Original with:
Language Department Punjab
Digitized by:
Panjab Digital Library

ਨੈਥੂਹਨੂੰ ਆਖਿਆ ਪ੍ਰਭੂ ਜੀ ਪਿਤਾ ਦਾ ਸਾਨੂੰ ਦਰਸਣ ਕਰਾ ਤਾਂ ਸਾ ਨੂੰ ਤ੍ਰਿਪਤ ਆਉ॥ ੮॥ ਯਿ-
ਸੂ ਨੈਥੂਹ ਨੂੰ ਕਿਹਾ ਫੈਲਬੂਸ ਐਨੇ ਚਿਰ ਥੋਂ ਮੈਂ ਤੁਹਾਡੇ ਨਾਲ ਹਾਂ ਅਰ ਤੈਂ ਮੈਨੂੰ ਨਹੀਂ ਜਾਣਿਆ।
ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ। ਤੂੰ ਕਿੱਕੂੰ ਆਖਦਾ ਹੈਂ ਭਈ ਸਾ ਨੂੰ ਪਿਤਾ ਦਾ ਦਰ-
ਸਣ ਕਰਾ॥ ੧੦॥ ਕੀ ਤੂੰ ਸੱਤ ਨਹੀਂ ਮੰਨਦਾ ਜੋ ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿੱਚ ਹੈ। ਏਹ ਗੱ-
ਲਾਂ ਜੇਹੜੀਆਂ ਮੈਂ ਤੁਹਾ ਨੂੰ ਆਖਦਾ ਹਾਂ ਆਪ ਥੋਂ ਨਹੀਂ ਆਖਦਾ ਪਰ ਪਿਤਾ ਮੇਰੇ ਵਿੱਚ ਰਹਿੰਦਿ-
ਆਂ ਆਪਣੇ ਕੰਮ ਕਰਦਾ ਹੈ॥ ੧੧॥ ਮੇਰੀ ਪਰਤੀਤ ਕਰੋ ਕਿ ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿ-
ਚ ਹੈ ਅਰ ਨਹੀਂ ਤਾਂ ਕੰਮਾਂ ਹੀ ਦੇ ਕਾਰਨ ਮੇਰੀ ਪਰਤੀਤ ਕਰੋ॥ ੧੨॥ ਮੈਂ ਤੁਹਾ ਨੂੰ ਸੱਚ ਸੱਚ ਆਖਦਾ
ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜੇਹੜੇ ਮੈਂ ਕਰਦਾ ਹਾਂ ਉਹ ਬੀ ਕਰੂ ਬਲਕਿ ਇ-
ਨਾਂ ਨਾਲੋਂ ਵਡੇ ਕੰਮ ਕਰੂ ਕਿਉਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ॥ ੧੩॥ ਅਰ ਤੁਸੀਂ ਮੇਰਾ ਨਾਉਂ ਲੈ ਕੇ
ਜੋ ਕੁਛ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁਤ੍ਰ ਵਿੱਚ ਪਿਤਾ ਦੀ ਵਡਿਆਈ ਪਰਗਟ ਹੋਵੇ॥ ੧੪॥
ਜੇ ਤੁਸੀਂ ਮੇਰਾ ਨਾਉਂ ਲੈ ਕੇ ਮੈਥੋਂ ਕੁਛ ਮੰਗੋਗੇ ਤਾਂ ਮੈਂ ਉਹੋ ਕਰਾਂਗਾ॥ ੧੫॥ ਜੇ ਤੁਸੀਂ ਮੈ ਨੂੰ ਪਿਆਰ
ਕਰਦੇ ਹੋਂ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ॥ ੧੬॥ ਅਤੇ ਮੈਂ ਆਪਣੇ ਪਿਤਾ ਥੋਂ ਮੰਗਾਂਗਾ ਅਰ
ਉਹ ਤੁਹਾ ਨੂੰ ਦੂਆ ਸਹਾਇਤਾ ਕਰਨ ਵਾਲਾ ਬਖਸ਼ੂ ਭਈ ਉਹ ਸਦਾ ਤੁਹਾਡੇ ਸੰਗ ਰਹੇ॥ ੧੭॥ ਅ-
ਰਥਾਤ ਸਚਿਆਈ ਦਾ ਆਤਮਾ ਜਿਹ ਨੂੰ ਜਗਤ ਨਹੀਂ ਮੰਨ ਸੱਕਦਾ ਕਿਉਜੋ ਉਹ ਉਸ ਨੂੰ ਵੇਖ-
ਦਾ ਨਹੀਂ ਅਤੇ ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਹ ਨੂੰ ਜਾਣਦੇ ਹੋਂ ਕਿਉਕਿ ਉਹ ਤੁਹਾਡੇ ਸੰਗ ਰਹਿ-
ਦਾ ਹੈ ਅਤੇ ਤੁਹਾਡੇ ਵਿੱਚ ਹੋਊ॥ ੧੮॥ ਮੈਂ ਤੁਹਾ ਨੂੰ ਅਨਾਥ ਨਾ ਛੱਡਾਂਗਾ। ਮੈਂ ਤੁਹਾਡੇ ਕੋਲ ਆ-

Original Book
Language Department Punjab
Digitized by:
Panjab Digital Library

ਉਂਦਾ ਹਾਂ।।੧੯।।ਹੁਣ ਥੋੜੇ ਚਿਰ ਪਿੱਛੋਂ ਜਗਤ ਮੈਨੂੰ ਫੇਰ ਨਾ ਵੇਖੂ ਪਰ ਤੁਸੀਂ ਮੈਨੂੰ ਵੇਖਦੇ ਹੋ। ਇ-
ਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਬੀ ਜੀਓਗੇ।।੨੦।।ਉਹ ਦਿਨ ਤੁਸੀਂ ਜਾਣੋਗੇ ਭਈ ਮੈਂ ਆਪ-
ਣੇ ਪਿਤਾ ਵਿੱਚ ਅਰ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ।।੨੧।।ਜਿਹ ਦੇ ਕੋਲ ਮੇਰੇ ਹੁਕਮ
ਹਨ ਅਤੇ ਉਹ ਉਨਾਂ ਦੀ ਪਾਲਣਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ ਅਤੇ ਜਿਹੜਾ ਮੈ
ਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਊ ਅਰ ਮੈਂ ਉਹ ਨੂੰ ਪਿਆਰ ਕਰਾਂਗਾ ਅਤੇ
ਆਪਣੇ ਤਾਈਂ ਉਸ ਉੱਤੇ ਪਰਗਟ ਕਰਾਂਗਾ।।੨੨।। ਯਹੂਦਾ ਨਾ ਇਸਕਰਿਯੋਤੀ ਨੇ ਉਹ ਨੂੰ
ਆਖਿਆ ਪ੍ਰਭੂ ਜੀ ਕੀ ਹੋਇਆ ਹੈ ਜੋ ਤੂੰ ਆਪਣਾ ਆਪ ਸਾਡੇ ਉੱਤੇ ਪਰਗਟ ਕਰੇਂਗਾ ਅਰ ਜ-
ਗਤ ਉੱਤੇ ਨਹੀਂ।।੨੩।।ਯਿਸੂ ਨੈ ਉਹ ਨੂੰ ਉੱਤਰ ਦਿੱਤਾ ਜੋ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇ-
ਰੇ ਬਚਨ ਦੀ ਪਾਲਣਾ ਕਰੂ ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੂ ਅਤੇ ਅਸੀਂ ਉਹ ਦੇ ਕੋਲ
ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ।।੨੪।।ਜਿਹੜਾ ਮੈਨੂੰ ਪਿਆਰ ਨਹੀਂ ਕਰਦਾ ਉਹ
ਮੇਰੇ ਬਚਨਾਂ ਦੀ ਪਾਲਣਾ ਨਹੀਂ ਕਰਦਾ ਅਤੇ ਇਹ ਬਚਨ ਜੋ ਤੁਸੀਂ ਸੁਣਦੇ ਹੋ ਮੇਰਾ ਨਹੀਂ ਬਲ-
ਕਿ ਪਿਤਾ ਦਾ ਹੈ ਜਿਨ ਮੈਨੂੰ ਘੱਲਿਆ।। ।।੨੫।।ਮੈਂ ਏਹ ਗੱਲਾਂ ਤੁਹਾਡੇ ਨਾਲ ਰਹਿ-
ਦਿਆਂ ਤੁਹਾਨੂੰ ਆਖੀਆਂ ਹਨ।।੨੬।।ਪਰ ਉਹ ਸਹਾਇਤਾ ਕਰਨਵਾਲਾ ਅਰਥਾਤ ਪਵਿੱਤ੍ਰ
ਆਤਮਾ ਜਿਹ ਨੂੰ ਪਿਤਾ ਮੇਰੇ ਨਾਉਂ ਉੱਤੇ ਘੱਲੂ ਸੋ ਤੁਹਾਨੂੰ ਸਭੋ ਕੁਛ ਸਿਖਾਲੂ ਅਤੇ ਸਭੋ ਕੁਛ
ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਊ।।੨੭।।ਮੈਂ ਤੁਹਾਨੂੰ ਸਾਂਤਿ ਦੇ ਜਾਂਦਾ ਹਾਂ। ਆਪ-
ਣੀ ਸਾਂਤਿ ਮੈਂ ਤੁਹਾਨੂੰ ਦਿੰਦਾ ਹਾਂ। ਜਿਸ ਤਰਾਂ ਸੰਸਾਰ ਦਿੰਦਾ ਹੈ ਮੈਂ ਉਸ ਤਰਾਂ ਤੁਹਾਨੂੰ ਨਹੀਂ ਦਿੰਦਾ

Original with:
Language Department Punjab
Digitized by:
Panjab Digital Library

ਹਾਂ।ਤੁਹਾਡਾ ਮਨਨਾ ਘਬਰਾਵੇ ਅਤੇ ਨਾ ਓਦਰੇ।।੨੮।।ਤੁਸਾਂ ਸੁਣਿਆ ਜੋ ਮੈਂ ਤੁਹਾਨੂੰ ਆ-
ਖਿਆ ਸੀ ਭਈ ਮੈਂ ਚੱਲਿਆ ਜਾਂਦਾ ਹਾਂ ਅਤੇ ਤੁਹਾਡੇ ਕੋਲ ਆਉਂਦਾ ਹਾਂ।ਜੇ ਤੁਸੀਂ ਮੈਨੂੰ ਪਿਆਰ
ਕਰਦੇ ਤਾਂ ਐਸ ਥੋਂ ਅਨੰਦ ਹੁੰਦੇ ਜੋ ਮੈਂ ਪਿਤਾ ਕੋਲ ਜਾਂਦਾ ਹਾਂ ਕਿਉਂ ਜੋ ਪਿਤਾ ਮੈਥੋਂ ਵਡਾ ਹੈ।।੨੯।।ਅ-
ਤੇ ਹੁਣ ਉਸ ਗੱਲ ਦੇ ਹੋਣ ਥੋਂ ਅੱਗੇ ਮੈਂ ਤੁਹਾਨੂੰ ਦੱਸਿਆ ਹੈ ਤਾਂ ਜੋ ਜਦ ਉਹ ਹੋ ਲਵੇ ਤਦ ਤੁਸੀਂ ਪਰਤੀ-
ਤ ਕਰੋ।।੩੦।।ਮੈਂ ਫੇਰ ਤੁਹਾਡੇ ਨਾਲ ਬਹੁਤੀਆਂ ਗੱਲਾਂ ਨਾ ਕਰਾਂਗਾ ਇਸ ਲਈ ਜੋ ਜਗਤ ਦਾ ਸ-
ਰਦਾਰ ਆਉਂਦਾ ਹੈ ਅਤੇ ਮੇਰੇ ਵਿੱਚ ਉਹ ਦਾ ਕੁਛ ਨਹੀਂ ਹੈ।।੩੧।।ਪਰ ਇਸ ਲਈ ਜੋ ਜਗਤ ਨੂੰ
ਮਲੂਮ ਹੋਵੇ ਭਈ ਮੈਂ ਪਿਤਾ ਨੂੰ ਪਿਆਰ ਕਰਦਾ ਹਾਂ ਅਰ ਜਿਵੇਂ ਪਿਤਾ ਮੈਨੂੰ ਆਗਿਆ ਦਿੱਤੀ
ਹੈ ਮੈਂ ਤਿਵੇਂ ਕਰਦਾ ਹਾਂ।ਉੱਠੋ ਅੱਥੋਂ ਚੱਲਿਯੇ।।

੧੫ਕਾਂਡ।।

ਮੈਂ ਸੱਚੀ ਦਾਖ ਦੀ ਬੇਲ ਹਾਂ ਅਤੇ ਮੇਰਾ ਪਿਤਾ ਬਾਗਵਾਨ ਹੈ।।੨।।ਹਰੇਕ ਟਹਿ-
ਣੀ ਜੋ ਮੇਰੇ ਵਿੱਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ
ਅਤੇ ਹਰੇਕ ਜੋ ਫਲ ਦਿੰਦੀ ਹੈ ਉਹ ਉਸ ਨੂੰ ਸਾਫ ਕਰਦਾ ਹੈ ਤਾਂ ਜੋ ਹੋਰ ਬੀ ਫਲ ਦੇਵੇ।।੩।।ਤੁਸੀਂ
ਤਾਂ ਉਸ ਬਚਨ ਕਰਕੇ ਜੋ ਮੈਂ ਤੁਹਾਨੂੰ ਕਿਹਾ ਹੈ ਸਾਫ ਹੋ ਚੁੱਕੇ।।੪।।ਤੁਸੀਂ ਮੇਰੇ ਵਿੱਚ ਰਹੋ ਅਤੇ ਮੈਂ ਤੁ-
ਹਾਡੇ ਵਿੱਚ।ਜਿਸ ਪਰਕਾਰ ਟਹਿਣੀ ਜੇ ਉਹ ਦਾਖ ਦੀ ਬੇਲ ਵਿੱਚ ਨਾ ਰਹੇ ਆਪਣੇ ਆਪ ਫਲ
ਨਹੀਂ ਦੇ ਸੱਕਦੀ ਇਸੇ ਪਰਕਾਰ ਤੁਸੀਂ ਬੀ ਜੇ ਮੇਰੇ ਵਿੱਚ ਨਾ ਰਹੋ ਫਲ ਨਹੀਂ ਦੇ ਸੱਕਦੇ।।੫।।ਦਾ-
ਖ ਦੀ ਬੇਲ ਮੈਂ ਹਾਂ।ਤੁਸੀਂ ਟਹਿਣੀਆਂ ਹੋ।ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤ
ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵਖਰੇ ਹੋਕੇ ਤੁਸੀਂ ਕੁਛ ਨਹੀਂ ਕਰ ਸੱਕਦੇ।।੬।।ਜੇ ਕੋਈ ਮੇਰੇ ਵਿੱਚ ਨ

Original w
Language Department Punjab
Digitized by:
Panjab Digital Library

ਰਹੇਤਾਂਜੋਤੁਸੀਂਮੇਰਾਨਾਉਂਲੈਕੇਜੋਕੁਛਪਿਤਾਥੋਂਮੰਗੋਂਸੋਉਹਤੁਹਾਨੂੰਦੇਵੇ॥੧੭॥ਮੈਂਤੁਹਾਨੂੰਇ-
ਨਾਂਗੱਲਾਂਦਾਇਸਲਈਹੁਕਮਕਰਦਾਹਾਂਜੋਤੁਸੀਂਇੱਕਦੂਏਨੂੰਪਿਆਰਕਰੋ॥੧੮॥ਜੇਜਗ-
ਤਤੁਹਾਡੇਨਾਲਵੈਰਕਰਦਾਹੈਤੁਸੀਂਜਾਣਦੇਹੋਂਜੋਉਹਮੈਤੁਹਾਥੋਂਅੱਗੇਮੇਰੇਨਾਲਵੈਰਕੀਤਾ
ਹੈ॥੧੯॥ਜੇਤੁਸੀਂਜਗਤਦੇਹੁੰਦੇਤਾਂਜਗਤਆਪਣਿਆਂਨਾਲਪਿਆਰਕਰਦਾਪਰਇਸਕਰ-
ਕੇਜੋਤੁਸੀਂਜਗਤਦੇਨਹੀਂਹੋਂਪਰਮੈਂਤੁਹਾਨੂੰਜਗਤਵਿੱਚੋਂਚੁਣਲਿਆਇਸਕਰਕੇਜਗਤਤੁ-
ਹਾਡੇਨਾਲਵੈਰਕਰਦਾਹੈ॥੨੦॥ਜਿਹੜੀਗੱਲਮੈਂਤੁਹਾਨੂੰਆਖੀਸੀਚੇਤੇਰੱਖੋਕੁਈਦਾਸਆ-
ਪਣੇਮਾਲਕਨਾਲੋਂਵਡਾਨਹੀਂ।ਜੇਉਨਾਂਮੈਨੂੰਸਤਾਇਆਤਾਂਓਹਤੁਹਾਨੂੰਬੀਸਤਾਉਣਗੇ।ਜੇ
ਓਨਾਂਮੇਰੇਬਚਨਦੀਪਾਲਣਾਕੀਤੀਤਾਂਤੁਹਾਡੇਦੀਬੀਪਾਲਣਾਕਰਨਗੇ॥੨੧॥ਪਰਇਹਸਭ
ਕੁਕੁਛਮੇਰੇਨਾਉਂਦੇਪੱਛੇਓਹਤੁਹਾਡੇਨਾਲਕਰਨਗੇ।ਕਿਉਂਜੋਓਹਉਸਨੂੰਨਹੀਂਜਾਣਦੇਹਨ
ਜਿਨਮੈਨੂੰਘੱਲਿਆ॥੨੨॥ਜੇਮੈਂਨਾਆਉਂਦਾਅਤੇਉਨਾਂਨਾਲਬਚਨਨਾਕਰਦਾਤਾਂਉਨਾਂਦਾ
ਪਾਪਨਾਹੁੰਦਾਪਰਹੁਣਉਨਾਂਕੋਲਉਨਾਂਦੇਪਾਪਦਾਕੋਈਪੱਜਨਹੀਂ॥੨੩॥ਜਿਹੜਾਮੇਰੇਨਾਲ
ਵੈਰਕਰਦਾਹੈਓਹਮੇਰੇਪਿਤਾਨਾਲਬੀਵੈਰਕਰਦਾਹੈ॥੨੪॥ਜੇਮੈਂਉਨਾਂਵਿੱਚਓਹਕੰਮਨਾਕ-
ਰਦਾਜੋਹੋਰਕਿਨੇਨਹੀਂਕੀਤੇਤਾਂਉਨਾਂਦਾਪਾਪਨਾਹੁੰਦਾਪਰਹੁਣਤਾਂਉਨਾਂਨੈਮੈਨੂੰਅਤੇਨਾਲੇ
ਮੇਰੇਪਿਤਾਨੂੰਵੇਖਿਆਅਤੇਸਾਡੇਨਾਲਵੈਰਬੀਕੀਤਾਹੈ॥੨੫॥ਪਰਇਹਇਸਲਈਹੋਇ-
ਆਕਿਉਹਬਚਨਪੂਰਾਹੋਵੇਜਿਹੜਾਉਨਾਂਦੀਸਰਾਵਿੱਚਲਿਖਿਆਹੋਇਆਹੈਭਈਉਨਾਂਅ
ਕਾਰਥਮੇਰੇਨਾਲਵੈਰਕੀਤਾ॥੨੬॥ਪਰਜਾਂਉਹਸਹਾਇਤਾਕਰਨਵਾਲਾਆਵੇਜਿਹਨੂੰਮੈਂ

Original with:
Language Department Punjab
Digitized by:
Panjab Digital Library

ਤੁਹਾਡੇਕੋਲਪਿਤਾ ਦੀਵਲੋਂਪੱਲਾਂਗਾ ਅਰਥਾਤ ਸਚਿਆਈ ਦਾ ਆਤਮਾ ਜਿਹੜਾ ਪਿਤਾ ਵਲੋਂ ਨਿੱਕਲਦਾ ਹੈ ਤਾਂ ਉਹ ਮੇਰੇ ਹੱਕ ਵਿੱਚ ਸਾਖੀ ਦੇਊਗਾ॥੨੭॥ ਅਤੇ ਤੁਸੀਂ ਬੀ ਸਾਖੀ ਦਿਓ ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ ਰਹੇ ਹੋ॥

੧੬ਕਾਂਡ॥ ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਸੀਂ ਠੋਕਰ ਨਾ ਖਾਓ॥੨॥ ਓਹ ਤੁਹਾਨੂੰ ਸਮਾਜਾਂ ਵਿੱਚੋਂ ਛੇਕ ਦੇਣਗੇ। ਸਗੋਂ ਉਹ ਸਮਾ ਆਉਂਦਾ ਹੈ ਕਿ ਹਰੇਕ ਜੋ ਤੁਹਾਨੂੰ ਮਾਰ ਦੇਵੇ ਸੋ ਇਹ ਸਮਝੂ ਕੁ ਈ ਮੈਂ ਪਰਮੇਸੁਰ ਦੀ ਸੇਵਾ ਕਰਦਾ ਹਾਂ॥੩॥ ਅਤੇ ਓਹ ਇਸ ਲਈ ਇਹ ਕਰਨਗੇ ਜੋ ਉਨਾਂ ਪਿਤਾ ਨੂੰ ਅਤੇ ਨਾ ਮੈਨੂੰ ਜਾਣਿਆ॥੪॥ ਪਰ ਮੈਂ ਤੁਹਾਨੂੰ ਏਹ ਗੱਲਾਂ ਇਸ ਲਈ ਆਖੀਆਂ ਹਨ ਕਿ ਜਦ ਉਨਾਂ ਦਾ ਸਮਾ ਆਵੇ ਤਦ ਤੁਸੀਂ ਉਨਾਂ ਨੂੰ ਚੇਤੇ ਕਰੋ ਕਿ ਮੈਂ ਤੁਹਾਨੂੰ ਕਹੀਆਂ। ਅਤੇ ਮੈਂ ਮੁੱਢੋਂ ਏਹ ਗੱਲਾਂ ਤੁਹਾਨੂੰ ਨਾ ਆਖੀਆਂ ਕਿਉਂਜੋ ਮੈਂ ਤੁਹਾਡੇ ਨਾਲ ਸਾਂ॥੫॥ ਪਰ ਹੁਣ ਮੈਂ ਉਹ ਦੇ ਕੋਲ ਜਾਂਦਾ ਹਾਂ ਜਿਨ ਮੈਨੂੰ ਘੱਲਿਆ ਸੀ ਅਤੇ ਤੁਹਾਡੇ ਵਿੱਚੋਂ ਕੋਈ ਮੈਥੋਂ ਨਹੀਂ ਪੁੱਛਦਾ ਭਈ ਤੂੰ ਕਿੱਥੇ ਜਾਂਦਾ ਹੈਂ॥੬॥ ਪਰ ਇਸ ਕਰਕੇ ਜੋ ਮੈਂ ਤੁਹਾਨੂੰ ਏਹ ਗੱਲਾਂ ਕਹੀਆਂ ਹਨ ਤੁਹਾਡਾ ਮਨ ਗਮ ਨਾਲ ਭਰ ਗਿਆ ਹੈ॥੭॥ ਪਰ ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਮੇਰਾ ਜਾਣਾ ਹੀ ਤੁਹਾਡੇ ਵਾਸਤੇ ਚੰਗਾ ਹੈ ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਤਾ ਕਰਨ ਵਾਲਾ ਤੁਹਾਡੇ ਕੋਲ ਨਾ ਆਊਗਾ ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ॥੮॥ ਅਤੇ ਉਹ ਆਣਕੇ ਜਗਤ ਨੂੰ ਪਾਪ ਅਰ ਧਰਮ ਅਰ ਨਿਆਉਂ ਦੇ ਵਿਖੇ ਕਾਇਲ ਕਰੂ॥੯॥ ਪਾਪ ਦੇ ਵਿਖੇ ਇਸ ਲਈ ਜੋ ਓਹ ਮੇਰੇ ਉੱਤੇ ਨਿਹਚਾ ਨਹੀਂ ਕਰਦੇ ਹਨ॥੧੦॥ ਧਰਮ ਦੇ ਵਿਖੇ ਇਸ ਲਈ ਜੋ ਮੈਂ ਪਿਤਾ ਕੋਲ

Original with:
Language Department Punjab
Digitized by:
Panjab Digital Library

ਜਾਂਦਾਹਾਂ ਅਤੇ ਤੁਸੀਂ ਮੈਂ ਨੂੰ ਫੇਰ ਨਹੀਂ ਵੇਖਦੇ ਹੋ।।੧੧।। ਨਿਆਉਂ ਦੇ ਵਿਖੇ ਇਸ ਲਈ ਜੋ ਇਸ ਜਗਤ ਦੇ ਸਰਦਾਰ ਦਾ ਨਿਆਉਂ ਕੀਤਾ ਗਿਆ ਹੈ।।੧੨।। ਅਜੇ ਮੈਂ ਤੁਹਾਡੇ ਨਾਲ ਬੜੀਆਂ ਗੱਲ ਕਰਨੀਆਂ ਹਨ ਪਰ ਹੁਣੇ ਤੁਸੀਂ ਸਹਾਰ ਨਹੀਂ ਸੱਕਦੇ।।੧੩।। ਪਰ ਉਹ ਅਰਥਾਤ ਸਚਿਆਈ ਦਾ ਆਤਮਾ ਜਦ ਆਵੇ ਤਦ ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੂ ਕਿਉਂ ਜੋ ਉਹ ਆਪਣੀ ਵਲੋਂ ਨਾ ਕਹੇਗਾ ਪਰ ਜੋ ਕੁਛ ਸੁਣੇਗਾ ਸੋਈ ਆਖੂ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੂ।।੧੪।। ਉਹ ਮੇਰੀ ਵਡਿਆਈ ਪਰਗਟ ਕਰੂ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਏਗਾ ਅਤੇ ਤੁਹਾਨੂੰ ਦੱਸੂ।।੧੫।। ਸਭੋ ਕੁਛ ਜੋ ਪਿਤਾ ਦਾ ਹੈ ਸੋ ਮੇਰਾ ਹੈ। ਇਸੇ ਕਾਰਨ ਮੈਂ ਆਖਿਆ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲੈਕੇ ਤੁਹਾਨੂੰ ਦੱਸੂ।।੧੬।। ਥੋੜੇ ਚਿਰ ਪਿੱਛੋਂ ਤੁਸੀਂ ਮੈਂ ਨੂੰ ਫੇਰ ਨਾ ਵੇਖੋਗੇ ਅਤੇ ਫੇਰ ਥੋੜੇ ਚਿਰ ਪਿੱਛੋਂ ਤੁਸੀਂ ਮੈਂ ਨੂੰ ਵੇਖੋਗੇ।।੧੭।। ਉਪਰੰਦ ਉਹਦੇ ਕਈ ਸਿੱਖ ਆਪੋ ਵਿੱਚੀਂ ਕਹਿਣ ਲੱਗੇ। ਇਹ ਕੀ ਹੈ ਜੋ ਉਹ ਸਾਨੂੰ ਆਖਦਾ ਹੈ ਭਈ ਥੋੜੇ ਚਿਰ ਪਿੱਛੋਂ ਤੁਸੀਂ ਮੈਂ ਨੂੰ ਨਾ ਵੇਖੋਗੇ ਅਤੇ ਫੇਰ ਥੋੜੇ ਚਿਰ ਪਿੱਛੋਂ ਤੁਸੀਂ ਮੈਂ ਨੂੰ ਵੇਖੋਗੇ ਅਰ ਇਹ ਜੋ ਮੈਂ ਪਿਤਾ ਪਾਸ ਜਾਂਦਾਹਾਂ।।੧੮।। ਫੇਰ ਉਨਾਂ ਆਖਿਆ ਇਹ ਥੋੜਾ ਚਿਰ ਜੋ ਉਹ ਕਹਿੰਦਾ ਹੈ ਕੀ ਹੈ। ਅਸੀਂ ਨਹੀਂ ਜਾਣਦੇ ਭਈ ਉਹ ਕੀ ਆਖਦਾ ਹੈ।।੧੯।। ਯਿਸੂ ਨੇ ਇਹ ਮਲੂਮ ਕੀਤਾ ਜੋ ਓਹ ਮੈਥੋਂ ਪੁੱਛਿਆ ਚਾਹੁੰਦੇ ਹਨ ਅਤੇ ਉਨਾਂ ਨੂੰ ਆਖਿਆ ਕੀ ਤੁਸੀਂ ਆਪੋ ਵਿੱਚੀਂ ਉਹ ਦੀ ਪੁੱਛ ਗਿੱਛ ਕਰਦੇ ਹੋ ਜੋ ਮੈਂ ਆਖਿਆ ਭਈ ਥੋੜੇ ਚਿਰ ਪਿੱਛੋਂ ਤੁਸੀਂ ਮੈਂ ਨੂੰ ਨਾ ਵੇਖੋਗੇ ਅਤੇ ਫੇਰ ਥੋੜੇ ਚਿਰ ਪਿੱਛੋਂ ਤੁਸੀਂ ਮੈਂ ਨੂੰ

Original with:
Language Department Punjab
Digitized by:
Panjab Digital Library

ਵੇਖੋਗੇ॥੨੦॥ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਭਈ ਤੁਸੀਂ ਰੋਵੋਗੇ ਅਤੇ ਸੋਗ ਕਰੋਗੇ ਪਰ ਜਗ-
ਤ ਅਨੰਦ ਹੋਊਗਾ। ਤੁਸੀਂ ਉਦਾਸ ਹੋਵੋਗੇ ਪਰ ਤੁਹਾਡੀ ਉਦਾਸੀ ਅਨੰਦ ਨਾਲ ਬਦਲ ਜਾਊ॥
੨੧॥ਜਦ ਤੀਮੀ ਜਣਨ ਲੱਗਦੀ ਹੈ ਤਾਂ ਉਦਾਸ ਹੁੰਦੀ ਹੈ ਇਸ ਕਾਰਨ ਜੋ ਉਹਦੀ ਘੜੀ ਆਪੁ-
ਜੀ ਹੈ। ਪਰ ਜਾਂ ਬਾਲਕ ਜਣ ਚੁੱਕਦੀ ਹੈ ਤਾਂ ਐਸ ਖੁਸੀ ਦੀ ਮਾਰੀ ਜੋ ਇੱਕ ਮਨੁੱਖ ਜਗਤ ਵਿੱ-
ਚ ਜੰਮਿਆ ਉਹ ਉਸ ਪੀੜ ਨੂੰ ਫੇਰ ਚੇਤੇ ਨਹੀਂ ਕਰਦੀ॥੨੨॥ਜੋ ਹੁਣ ਤੁਸੀਂ ਉਦਾਸ ਹੋ ਪਰ ਮੈਂ
ਤੁਹਾਨੂੰ ਫੇਰ ਵੇਖਾਂਗਾ ਅਤੇ ਤੁਹਾਡਾ ਮਨ ਅਨੰਦ ਹੋਵੇਗਾ ਅਰ ਤੁਹਾਡਾ ਅਨੰਦ ਤੁਹਾਥੋਂ ਕੋਈ
ਖੋਹ ਨਹੀਂ ਲੈਂਦਾ॥੨੩॥ਅਤੇ ਉਹ ਦਿਨ ਤੁਸੀਂ ਮੈਥੋਂ ਕੋਈ ਅਰਜ ਨਾ ਕਰੋਗੇ। ਮੈਂ ਤੁਹਾਨੂੰ ਸੱਚ
ਸੱਚ ਆਖਦਾ ਹਾਂ ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਉਂ ਕਰਕੇ ਤੁਹਾਨੂੰ ਦੇਊਗਾ॥
੨੪॥ਅਜੇ ਤੀਕੁਰ ਤੁਸਾਂ ਮੇਰਾ ਨਾਉ ਲੈਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ
ਤੁਹਾਡਾ ਅਨੰਦ ਪੂਰਾ ਹੋਵੇ॥ ॥੨੫॥ਮੈਂ ਏਹ ਗੱਲਾਂ ਤੁਹਾਨੂੰ ਕਹਾਉਤਾਂ ਵਿੱਚ ਆ-
ਖੀਆਂ ਹਨ। ਉਹ ਸਮਾ ਆਉਂਦਾ ਹੈ ਜਾਂ ਮੈਂ ਤੁਹਾਨੂੰ ਫੇਰ ਕਹਾਉਤਾਂ ਵਿੱਚ ਨਾ ਕਹਾਂਗਾ ਬਲਕ ਖੋ-
ਲਕੇ ਤੁਹਾਨੂੰ ਪਿਤਾ ਦੀ ਖਬਰ ਦਿਆਂਗਾ॥੨੬॥ ਉਹ ਦਿਨ ਤੁਸੀਂ ਮੇਰਾ ਨਾਉਂ ਲੈਕੇ ਮੰਗੋਗੇ ਅ-
ਤੇ ਮੈਂ ਤੁਹਾਨੂੰ ਨਹੀਂ ਆਖਦਾ ਭਈ ਮੈਂ ਪਿਤਾ ਅੱਗੇ ਤੁਹਾਡੇ ਲਈ ਬੇਨਤੀ ਕਰਾਂਗਾ॥੨੭॥ਕਿਉ
ਜੋ ਪਿਤਾ ਆਪ ਹੀ ਤੁਹਾਨੂੰ ਪਿਆਰ ਕਰਦਾ ਹੈ ਇਸ ਲਈ ਜੋ ਤੁਸਾਂ ਮੈਨੂੰ ਪਿਆਰ ਕੀਤਾ ਅਤੇ
ਸੱਤ ਮੰਨਿਆ ਹੈ ਜੋ ਮੈਂ ਪਿਤਾ ਦੀ ਵਲੋਂ ਆਇਆ॥੨੮॥ਮੈਂ ਪਿਤਾ ਵਿੱਚੋਂ ਨਿੱਕਲਕੇ ਜਗਤ ਵਿੱਚ

Original with:
Language Department Punjab
Digitized by:
Panjab Digital Library

ਆਇਆਹਾਂ। ਫੇਰ ਜਗਤ ਨੂੰ ਛੱਡਦਾ ਅਤੇ ਪਿਤਾ ਦੇ ਕੋਲ ਜਾਂਦਾ ਹਾਂ॥੨੮॥ ਉਹ ਦੇ ਸਿੱਖਾਂ ਨੇ ਕਿਹਾ ਵੇਖ ਹੁਣ ਤੂੰ ਖੋਲ੍ਹਕੇ ਆਖਦਾ ਹੈਂ ਅਤੇ ਕੋਈ ਕਹਾਉਤ ਨਹੀਂ ਕਹਿੰਦਾ॥੩੦॥ ਹੁਣ ਅਸੀਂ ਜਾਣ ਗਏ ਭਈ ਤੂੰ ਸਭੋ ਕੁਛ ਜਾਣਦਾ ਹੈਂ ਅਰ ਤੈਨੂੰ ਲੋੜ ਨਹੀਂ ਜੋ ਤੈਂ ਥੋਂ ਕੋਈ ਪੁੱਛੇ। ਏਸ ਥੋਂ ਅਸੀਂ ਪਰਤੀਤ ਕਰਦੇ ਹਾਂ ਜੋ ਤੂੰ ਪਰਮੇਸ਼ੁਰ ਕੋਲੋਂ ਆਇਆ ਹੈਂ॥੩੧॥ ਯਿਸੂ ਨੇ ਅੱਗੋਂ ਉਨਾਂ ਨੂੰ ਆਖਿਆ ਕੀ ਹੁਣ ਤੁਸੀਂ ਪਰਤੀਤ ਕਰਦੇ ਹੋ॥੩੨॥ ਵੇਖੋ ਸਮਾ ਆਉਂਦਾ ਹੈ ਸਗੋਂ ਆ ਪਹੁੰਚਿਆ ਹੈ ਜੋ ਤੁਸੀਂ ਸਭੇ ਆਪੋ ਆਪਣੀ ਥਾਈਂ ਖਿੰਡ ਜਾਓਗੇ ਅਤੇ ਮੈਨੂੰ ਕੱਲਾ ਛੱਡ ਦਿਓਗੇ ਅਰ ਤਾਂ ਭੀ ਮੈਂ ਕੱਲਾ ਨਹੀਂ ਕਿਉਂ ਜੋ ਪਿਤਾ ਮੇਰੇ ਨਾਲ ਹੈ॥੩੩॥ ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਹਾਨੂੰ ਮੇਰੇ ਵਿੱਚ ਸਾਂਤਿ ਹੋਵੇ। ਜਗਤ ਵਿੱਚ ਤੁਹਾਨੂੰ ਕਸ਼ਟ ਹੈ ਪਰ ਧਾਤ੍ਰ ਜਮਾ ਰੱਖੋ ਮੈਂ ਜਗਤ ਨੂੰ ਜਿੱਤ ਲਿਆ ਹੈ॥

੧੭ ਕਾਂਡ॥

ਯਿਸੂ ਨੇ ਏਹ ਗੱਲਾਂ ਆਖੀਆਂ ਅਤੇ ਆਪਣੀਆਂ ਅੱਖਾਂ ਅਕਾਸ ਵਲ ਚੁੱਕੇ ਕਿਹਾ ਹੇ ਪਿਤਾ ਘੜੀ ਆ ਪਹੁੰਚੀ ਹੈ। ਆਪਣੇ ਪੁਤ੍ਰ ਦੀ ਵਡਿਆਈ ਪਰਗਟ ਕਰ ਤਾਂ ਜੋ ਪੁਤ੍ਰ ਤੇਰੀ ਵਡਿਆਈ ਪਰਗਟ ਕਰੇ॥੨॥ ਜਿਹਾ ਕੁ ਤੈਂ ਉਹ ਨੂੰ ਸਾਰੇ ਸਰੀਰਾਂ ਉੱਤੇ ਇਖਤਿਆਰ ਬਖਸ਼ਿਆ ਭਈ ਉਹ ਉਨਾਂ ਸਭਨਾਂ ਨੂੰ ਜੋ ਤੈਂ ਉਹ ਨੂੰ ਦਿੱਤੇ ਹਨ ਸਦੀਪਕ ਜੀਉਣ ਦੇਵੇ॥੩॥ ਅਤੇ ਸਦੀਪਕ ਜੀਉਣ ਇਹ ਹੈ ਕਿ ਓਹ ਤੈਨੂੰ ਜੋ ਕੱਲਾ ਸੱਚਾ ਪਰਮੇਸ਼ੁਰ ਹੈਂ ਅਤੇ ਯਿਸੂ ਮਸੀਹ ਨੂੰ ਜਿਹ ਨੂੰ ਤੈਂ ਘੱਲਿਆ ਜਾਣਨ॥੪॥ ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤ

Original with:
Language Department Punjab
Digitized by:
Panjab Digital Library

ਸੀ ਉਹ ਪੂਰਾ ਕਰਕੇ ਮੈਂ ਧਰਤੀ ਪੁਰ ਤੇਰੀ ਵਡਿਆਈ ਪਰਗਟ ਕੀਤੀ।। ੫।। ਅਤੇ ਹੁਣ ਹੇ ਪਿ-
ਤਾ ਤੂੰ ਆਪਣੇ ਸੰਗ ਉਸ ਵਡਿਆਈ ਨਾਲ ਜੋ ਮੈਂ ਜਗਤ ਦੇ ਹੋਣ ਥੋਂ ਅੱਗੇ ਹੀ ਤੇਰੇ ਨਾਲ ਰੱਖ-
ਦਾ ਸੀ ਮੇਰੀ ਵਡਿਆਈ ਪਰਗਟ ਕਰ।। ੬।। ਜੋ ਮਨੁੱਖ ਤੈਂ ਜਗਤ ਵਿੱਚੋਂ ਮੈਨੂੰ ਦਿੱਤੇ ਉਨ
ਉੱਤੇ ਮੈਂ ਤੇਰਾ ਨਾਉਂ ਪਰਗਟ ਕੀਤਾ। ਓਹ ਤੇਰੇ ਸਨ ਅਤੇ ਤੈਂ ਓਹ ਮੈਨੂੰ ਦਿੱਤੇ ਅਰ ਉਨਾਂ ਤੇਰੇ ਬਚ-
ਨ ਦੀ ਪਾਲਣਾ ਕੀਤੀ ਹੈ।। ੭।। ਹੁਣ ਉਨਾਂ ਨੇ ਜਾਣਿਆ ਭਈ ਜੋ ਕੁਛ ਤੈਂ ਮੈਨੂੰ ਦਿੱਤਾ ਹੈ ਸਭ
ਤੇਰੀ ਵਲੋਂ ਹੈ।। ੮।। ਕਿਉਂਕਿ ਜੋ ਜੋ ਗੱਲਾਂ ਤੈਂ ਮੈਨੂੰ ਦਿੱਤੀਆਂ ਓਹ ਮੈਂ ਉਨਾਂ ਨੂੰ ਦਿੱਤੀ-
ਆਂ ਹਨ ਅਤੇ ਉਨਾਂ ਨੇ ਮੰਨ ਲਈਆਂ ਅਤੇ ਸੱਚ ਜਾਣਿਆ ਜੋ ਮੈਂ ਤੇਰੀ ਵਲੋਂ ਆਇਆ
ਅਤੇ ਉਨਾਂ ਪਰਤੀਤ ਕੀਤੀ ਜੋ ਤੈਂ ਮੈਨੂੰ ਘੱਲਿਆ।। ੯।। ਮੈਂ ਉਨਾਂ ਲਈ ਬੇਨਤੀ ਕਰਦਾ ਹਾਂ।
ਮੈਂ ਜਗਤ ਦੇ ਲਈ ਨਹੀਂ ਪਰ ਉਨਾਂ ਲਈ ਬੇਨਤੀ ਕਰਦਾ ਹਾਂ ਜੋ ਤੈਂ ਮੈਨੂੰ ਦਿੱਤੇ ਸੀ ਕਿਉਂ ਜੋ ਓਹ
ਤੇਰੇ ਹਨ।। ੧੦।। ਮੇਰੀਆਂ ਸਾਰੀਆਂ ਚੀਜ਼ਾਂ ਤੇਰੀਆਂ ਹਨ ਅਤੇ ਤੇਰੀਆਂ ਮੇਰੀਆਂ ਹਨ ਅਰ ਉ-
ਨਾਂ ਵਿੱਚ ਮੇਰੀ ਵਡਿਆਈ ਪਰਗਟ ਹੋਈ ਹੈ।। ੧੧।। ਅਤੇ ਮੈਂ ਅੱਗੇ ਨੂੰ ਜਗਤ ਵਿੱਚ ਨਹੀਂ। ਅਰ ਏਹ
ਜਗਤ ਵਿੱਚ ਹਨ ਅਤੇ ਮੈਂ ਤੇਰੇ ਕੋਲ ਆਉਂਦਾ ਹਾਂ। ਹੇ ਪਵਿੱਤ੍ਰ ਪਿਤਾ ਆਪਣੇ ਹੀ ਉਸ ਨਾਉਂ ਨਾਲ ਜਿ-
ਹੜਾ ਤੈਂ ਮੈਨੂੰ ਦਿੱਤਾ ਉਨਾਂ ਦੀ ਰੱਛਿਆ ਕਰ ਇਸ ਲਈ ਜੋ ਓਹ ਸਾਡੇ ਵਾਂਗੂ ਇੱਕ ਹੋਣ।। ੧੨।।
ਜਿੰਨਾਂ ਚਿਰ ਮੈਂ ਉਨਾਂ ਦੇ ਨਾਲ ਸਾਂ ਮੈਂ ਤੇਰੇ ਉਸ ਨਾਉਂ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਉਨਾਂ ਦੀ ਰੱਛਿ-
ਆ ਕੀਤੀ ਅਤੇ ਮੈਂ ਉਨਾਂ ਦੀ ਰਾਖੀ ਕਰੀ ਅਤੇ ਬਿਨਾਸ ਦੇ ਪੁਤ੍ਰ ਬਾਝ ਉਨਾਂ ਵਿੱਚੋਂ ਕਿਸੇ ਦਾ ਨਾਸ

Original with:
Language Department Punjab
Digitized by:
Panjab Digital Library

ਨਾ ਹੋਇਆ ਤਾਂ ਜੋ ਲਿਖਦਾ ਵਾਕ ਪੂਰਾ ਹੋਵੇ ॥੧੩॥ ਪਰ ਹੁਣ ਮੈਂ ਤੇਰੇ ਕੋਲ ਆਉਂਦਾ ਹਾਂ ਅਤੇ ਮੈਂ ਜਗਤ ਵਿੱਚ ਏਹ ਗੱਲਾਂ ਆਖਦਾ ਹਾਂ ਤਾਂ ਜੋ ਮੇਰੀ ਖੁਸੀ ਉਨਾਂ ਵਿੱਚ ਪੂਰੀ ਹੋਵੇ ॥੧੪॥ ਮੈਂ ਤੇਰਾ ਬਚਨ ਉਨਾਂ ਨੂੰ ਦਿੱਤਾ ਹੈ ਅਰ ਜਗਤ ਨੇ ਉਨਾਂ ਨਾਲ ਵੈਰ ਕੀਤਾ ਕਿਉਂ ਜੋ ਓਹ ਜਗਤ ਦੇ ਨਹੀਂ ਹਨ ਜਿਵੇਂ ਮੈਂ ਜਗਤ ਦਾ ਨਹੀਂ ਹਾਂ ॥੧੫॥ ਮੈਂ ਇਹ ਬੇਨਤੀ ਨਹੀਂ ਕਰਦਾ ਜੋ ਤੂੰ ਉਨਾਂ ਨੂੰ ਜਗਤ ਵਿੱਚੋਂ ਚੁੱਕ ਲਵੇਂ ਪਰ ਇਹ ਜੋ ਤੂੰ ਦੁਸਟ ਥੋਂ ਉਨਾਂ ਦੀ ਰੱਛਿਆ ਕਰੇਂ ॥੧੬॥ ਓਹ ਜਗਤ ਦੇ ਨਹੀਂ ਹਨ ਜਿਵੇਂ ਮੈਂ ਜਗਤ ਦਾ ਨਹੀਂ ਹਾਂ ॥੧੭॥ ਉਨਾਂ ਨੂੰ ਸਚਿਆਈ ਨਾਲ ਪਵਿਤ੍ਰ ਕਰ। ਤੇਰਾ ਬਚਨ ਸਚਿਆਈ ਹੈ ॥੧੮॥ ਜਿਸ ਤਰਾਂ ਤੈਂ ਮੈਨੂੰ ਜਗਤ ਵਿੱਚ ਘੱਲਿਆ ਮੈਂ ਬੀ ਉਨਾਂ ਨੂੰ ਜਗਤ ਵਿੱਚ ਘੱਲਿਆ ॥੧੯॥ ਅਤੇ ਉਨਾਂ ਦੇ ਲਈ ਮੈਂ ਆਪ ਨੂੰ ਪਵਿਤ੍ਰ ਕਰਦਾ ਹਾਂ ਤਾਂ ਓਹ ਬੀ ਸਚਿਆਈ ਨਾਲ ਪਵਿਤ੍ਰ ਹੋਣ ॥੨੦॥ ਮੈਂ ਨਿਰਾ ਇਨਾਂ ਹੀ ਲਈ ਬੇਨਤੀ ਨਹੀਂ ਕਰਦਾ ਪਰ ਉਨਾਂ ਲਈ ਬੀ ਜੋ ਇਨਾਂ ਦੇ ਬਚਨ ਨਾਲ ਮੇਰੇ ਉੱਤੇ ਨਿਹਚਾ ਕਰਦੇ ਹਨ ॥੨੧॥ ਜੋ ਓਹ ਸਭ ਇੱਕੋ ਹੋਣ ਜਿਹਾ ਕੁ ਹੇ ਪਿਤਾ ਤੂੰ ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ ਹਾਂ ਜੋ ਓਹ ਬੀ ਸਾਡੇ ਵਿੱਚ ਹੋਣ ਤਾਂ ਜਗਤ ਸੱਤਮੰਨੇ ਭਈ ਤੈਂ ਮੈਨੂੰ ਘੱਲਿਆ ਸੀ ॥੨੨॥ ਅਤੇ ਜਿਹੜੀ ਵਡਿਆਈ ਤੈਂ ਮੈਨੂੰ ਦਿੱਤੀ ਹੈ ਉਹ ਮੈਂ ਉਨਾਂ ਨੂੰ ਦਿੱਤੀ ਹੈ ਤਾਂ ਜੋ ਓਹ ਇੱਕੋ ਹੋਣ ਜਿਸ ਤਰਾਂ ਅਸੀਂ ਇੱਕੋ ਹਾਂ ॥੨੩॥ ਮੈਂ ਉਨਾਂ ਵਿੱਚ ਅਤੇ ਤੂੰ ਮੇਰੇ ਵਿੱਚ ਤਾਂ ਕਿ ਓਹ ਇੱਕੋ ਹੋਕੇ ਸਿੱਧ ਹੋ ਜਾਣ ਭਈ ਜਗਤ ਜਾਣ ਲਵੇ ਜੋ ਤੈਂ ਮੈਨੂੰ ਘੱਲਿਆ ਸੀ ਅਤੇ ਉਨਾਂ ਨੂੰ ਪਿਆਰ ਕੀਤਾ ਜਿੱਕੂੰ ਤੈਂ ਮੈਨੂੰ ਪਿਆਰ ਕੀਤਾ ਸੀ ॥੨੪॥ ਹੇ ਪਿਤ ੦

Original with:
Language Department Punjab
Digitized by:
Panjab Digital Library

ਮੈਂ ਚਾਹੁੰਦਾ ਹਾਂ ਭਈ ਜੋ ਤੈਂ ਮੈਨੂੰ ਦਿੱਤਾ ਹੈ ਸੋ ਜਿੱਥੇ ਮੈਂ ਹਾਂ ਓਹ ਬੀ ਮੇਰੇ ਨਾਲ ਹੋਣ ਤਾਂ ਓਹ ਮੇਰੀ ਵਡਿਆਈ ਜੋ ਤੈਂ ਮੈਨੂੰ ਦਿੱਤੀ ਹੈ ਵੇਖਣ ਕਿਉਂਕਿ ਤੈਂ ਮੈਨੂੰ ਜਗਤ ਦੀ ਨੀਉਂ ਧਰਨ ਥੋਂ ਅੱਗੇ ਹੀ ਪਿਆਰ ਕੀਤਾ ॥੨੫॥ ਹੇ ਧਰਮੀ ਪਿਤਾ ਜਗਤ ਨੈ ਤੈਨੂੰ ਨਹੀਂ ਜਾਣਿਆ ਪਰ ਮੈਂ ਤੈਨੂੰ ਜਾਣਿਆ ਅਤੇ ਇਨਾਂ ਨੈ ਜਾਣਿਆ ਭਈ ਤੈਂ ਮੈਨੂੰ ਘੱਲਿਆ ਸੀ ॥੨੬॥ ਅਰ ਮੈਂ ਤੇਰਾ ਨਾਉਂ ਇਨਾਂ ਉੱਤੇ ਪਰਗਟ ਕੀਤਾ ਅਤੇ ਪਰਗਟ ਕਰਾਂਗਾ ਤਾਂ ਜੋ ਜਿਸ ਪ੍ਰੇਮ ਨਾਲ ਤੈਂ ਮੈਨੂੰ ਪਿਆਰ ਕੀਤਾ ਸੋਈ ਉਨਾਂ ਵਿੱਚ ਹੋਵੇ ਅਤੇ ਮੈਂ ਉਨਾਂ ਵਿੱਚ ਹੋਵਾਂ ॥

੧੮ ਕਾਂਡ ॥

ਯਿਸੂ ਏਹ ਗੱਲਾਂ ਕਹਿਕੇ ਆਪਣੇ ਸਿੱਖਾਂ ਸਣੇ ਕਿਦਰੋਨ ਦੇ ਨਾਲੇ ਦੇ ਪਾਰ ਚੱਲਿਆ ਗਿਆ। ਓੱਥੇ ਇੱਕ ਬਾਗ ਸੀ ਜਿਹ ਦੇ ਵਿੱਚ ਉਹ ਅਤੇ ਉਹ ਦੇ ਸਿੱਖ ਜਾ ਵੜੇ ॥੨॥ ਅਰ ਯਹੂਦਾ ਬੀ ਜਿਹੜਾ ਉਹ ਦਾ ਫੜਵਾਉਣਵਾਲਾ ਹੈਸੀ ਉਸ ਥਾਂ ਨੂੰ ਜਾਣਦਾ ਸੀ ਕਿਉਂ ਜੋ ਯਿਸੂ ਆਪਣਿਆਂ ਸਿੱਖਾਂ ਨਾਲ ਓੱਥੇ ਬਹੁਤ ਵੇਰੀ ਜਾਂਦਾ ਹੁੰਦਾ ਸਾ ॥੩॥ ਉਪਰੰਦ ਯਹੂਦਾ ਸਿਪਾਹੀਆਂ ਦਾ ਇੱਕ ਜਥਾ ਅਤੇ ਪਰਧਾਨ ਜਾਜਕਾਂ ਅਤੇ ਫਰੀਸੀਆਂ ਦੀ ਵਲੋਂ ਪਿਆਦੇ ਲੈਕੇ ਦੀਵਿਆਂ ਅਰ ਮਸ਼ਾਲਾਂ ਅਰ ਸਸਤ੍ਰਾਂ ਨਾਲ ਓੱਥੇ ਆਇਆ ॥੪॥ ਤਾਂ ਯਿਸੂ ਸਭ ਕੁਛ ਜੋ ਉਹ ਦੇ ਉੱਤੇ ਬੀਤਣਾ ਸੀ ਜਾਣਕੇ ਬਾਹਰ ਨਿੱਕਲਿਆ ਅਤੇ ਉਨਾਂ ਨੂੰ ਆਖਿਆ ਤੁਸੀਂ ਕਿਹ ਨੂੰ ਭਾਲਦੇ ਹੋ ॥੫॥ ਉਨਾਂ ਉਸ ਨੂੰ ਉੱਤਰ ਦਿੱਤਾ ਯਿਸੂ ਨਾਸਰੀ ਨੂੰ। ਯਿਸੂ ਨੈ ਉਨਾਂ ਨੂੰ ਕਿਹਾ ਉਹ ਮੈਂ ਹੀ ਹਾਂ। ਅਤੇ ਉਹ ਦਾ ਫੜਵਾਉਣਵਾਲਾ ਯਹੂਦਾ ਬੀ ਉਨਾਂ ਦੇ ਨਾਲ ਖੜਾ ਸੀ ॥੬॥ ਸੋ ਜਾਂ ਉਸ ਨੈ ਉਨਾਂ ਨੂੰ ਆ-

Original with:
Language Department Punjab
Digitized by:
Panjab Digital Library

ਖਿਆ ਮੈਂ ਹੀਹਾਂ ਤਾਂ ਓਹ ਪਿਛਾਹਾਂ ਨੂੰ ਹਟ ਗਏ ਅਤੇ ਭੁਵੇਂ ਡਿਗ ਪਏ ॥੭॥ ਇਸ ਲਈ ਉਸ ਨੇ
ਉਨਾਂ ਨੂੰ ਫੇਰ ਪੁੱਛਿਆ ਤੁਸੀਂ ਕਿਹ ਨੂੰ ਭਾਲ਼ਦੇ ਹੋ। ਤਾਂ ਓਹ ਬੋਲੇ ਯਿਸੂ ਨਾਸਰੀ ਨੂੰ ॥੮॥ ਯਿਸੂ ਨੇ
ਅੱਗੋਂ ਆਖਿਆ ਮੈਂ ਤਾਂ ਤੁਹਾ ਨੂੰ ਦੱਸ ਦਿੱਤਾ ਜੋ ਮੈਂ ਹੀਹਾਂ ਸੋ ਜੇ ਤੁਸੀਂ ਮੈ ਨੂੰ ਭਾਲ਼ਦੇ ਹੋ ਤਾਂ ਇਨਾਂ ਨੂੰ ਜਾ-
ਣ ਦਿਓ ॥੯॥ ਇਹ ਇਸ ਕਰਕੇ ਹੋਇਆ ਭਈ ਉਹ ਬਚਨ ਜੋ ਉਸ ਨੇ ਕਿਹਾ ਸੀ ਪੂਰਾ ਹੋਵੇ ਕਿ ਜੇ-
ਹੜੇ ਤੈਂ ਮੈ ਨੂੰ ਦਿੱਤੇ ਹਨ ਉਨਾਂ ਵਿੱਚੋਂ ਮੈਂ ਇੱਕ ਬੀ ਨਹੀਂ ਗੁਆਇਆ ॥੧੦॥ ਉਪਰੰਦ ਸਮਊਨ ਪ-
ਤਰਸ ਨੇ ਤਲਵਾਰ ਜੋ ਉਹ ਦੇ ਕੋਲ਼ ਸੀ ਧੂਈ ਅਤੇ ਸਰਦਾਰ ਜਾਜਕ ਦੇ ਚਾਕਰ ਪੁਰ ਚਲਾਈ ਅ-
ਰ ਉਹਦਾ ਸੱਜਾ ਕੰਨ ਉਡਾ ਦਿੱਤਾ। ਉਸ ਚਾਕਰ ਦਾ ਨਾਉਂ ਸੀ ਮਲਖੁਸ ॥੧੧॥ ਤਦ ਯਿਸੂ ਨੇ ਪਤ-
ਰਸ ਨੂੰ ਆਖਿਆ ਤਲਵਾਰ ਮਿਆਨ ਕਰ। ਜਿਹੜਾ ਪਿਆਲਾ ਪਿਤਾ ਨੇ ਮੈ ਨੂੰ ਦਿੱਤਾ ਕੀ ਮੈਂ ਉਹ
ਨਾ ਪੀਆਂ ॥ ॥੧੨॥ ਉਪਰੰਦ ਸਿਪਾਹੀਆਂ ਨੇ ਅਤੇ ਫੌਜ ਦੇ ਸਰਦਾਰ ਅਤੇ ਯਹੂਦੀ-
ਆਂ ਦੇ ਪਿਆਦਿਆਂ ਨੇ ਯਿਸੂ ਨੂੰ ਫੜ ਕੇ ਬੰਨ ਲਿਆ ॥੧੩॥ ਅਤੇ ਪਹਿਲਾਂ ਉਹ ਨੂੰ ਅੰਨਾਸ
ਕੋਲ਼ ਲੈ ਗਏ ਕਿਉ ਜੋ ਉਹ ਕਯਾਫਾ ਦਾ ਸੌਹਰਾ ਸੀ ਜਿਹੜਾ ਉਸ ਸਾਲ ਸਰਦਾਰ ਜਾਜਕ ਸੀ ॥
੧੪॥ ਅਤੇ ਕਯਾਫਾ ਉਹੋ ਹੈ ਜਿਨ ਯਹੂਦੀਆਂ ਨੂੰ ਸਲਾਹ ਦਿੱਤੀ ਸੀ ਭਈ ਲੋਕਾਂ ਦੇ ਬਦਲੇ ਇੱਕ
ਮਨੁੱਖ ਦਾ ਮਰਨਾ ਚੰਗਾ ਹੈ ॥ ॥੧੫॥ ਅਤੇ ਸਮਊਨ ਪਤਰਸ ਯਿਸੂ ਦੇ ਮਗਰ ਹੋ
ਤੁਰਿਆ ਨਾਲੇ ਇੱਕ ਹੋਰ ਸਿੱਖ ਬੀ। ਉਹ ਸਿੱਖ ਸਰਦਾਰ ਜਾਜਕ ਦਾ ਜਾਣੂ ਪਛਾਣੂ ਸੀ ਅਤੇ ਯਿ-
ਸੂ ਦੇ ਨਾਲ਼ ਸਰਦਾਰ ਜਾਜਕ ਦੇ ਵੇਹੜੇ ਵਿੱਚ ਗਿਆ ॥੧੬॥ ਪਰ ਪਤਰਸ ਬਾਹਰ ਬੂਹੇ ਕੋਲ਼ ਖ-

Original with:
Language Department Punjab
Digitized by:
Panjab Digital Library

ਲੋਤਾਰਿਹਾ।ਫੇਰ ਉਹਦੂਜਾ ਸਿੱਖ ਜਿਹੜਾ ਸਰਦਾਰ ਜਾਜਕਦਾ ਜਾਣੂ ਪਛਾਣੂ ਸੀ ਬਾਹਰ ਲੈ
ਕਲਿਆ ਅਤੇ ਦਰਬਾਨਣ ਨੂੰ ਕਹਿਕੇ ਪਤਰਸ ਨੂੰ ਅੰਦਰ ਲਿਆਇਆ ।। ੧੭।। ਉਪਰ ਦਉ-
ਸ ਰੋਂ ਲੀ ਨੇ ਜੋ ਦਰਬਾਨਣ ਸੀ ਪਤਰਸ ਨੂੰ ਆਖਿਆ ਕੀ ਤੂੰ ਭੀ ਐਸ ਮਨੁੱਖ ਦੇ ਸਿੱਖਾਂ ਵਿੱਚੋਂ
ਹੈਂ। ਉਹ ਬੋਲਿਆ ਮੈਂ ਨਹੀਂ ਹਾਂ ।। ੧੮ ।। ਅਤੇ ਚਾਕਰ ਅਰ ਸਿਪਾਹੀ ਕੋਇਲਿਆਂ ਦੀ ਅੱਗ ਬ-
ਲ ਕੇ ਖੜੇ ਸੇਕ ਰਹੇ ਸਨ ਕਿਉਂ ਜੋ ਪਾਲਾ ਪੈਂਦਾ ਸੀ ਅਤੇ ਪਤਰਸ ਭੀ ਉਨਾਂ ਦੇ ਨਾਲ ਖੜਾ ਸੇਕ
ਰਿਹਾ ਸੀ ।। ।। ੧੯।। ਉਪਰੰਦ ਸਰਦਾਰ ਜਾਜਕ ਨੇ ਯਿਸੂ ਥੋਂ ਉਹ ਦੇ ਸਿੱਖਾਂ ਅਤੇ ਉਹਦੀ
ਸਿੱਖਿਆ ਦੀ ਬਾਬਤ ਪੁੱਛਿਆ ।। ੨੦।। ਯਿਸੂ ਨੇ ਉਹ ਨੂੰ ਉੱਤਰ ਦਿੱਤਾ ਕਿ ਮੈਂ ਜਗਤ ਨਾਲ ਖੋ-
ਲ ਕੇ ਗੱਲਾਂ ਕੀਤੀਆਂ ਹਨ। ਮੈਂ ਸਮਾਜ ਅਤੇ ਮੰਦਰ ਵਿੱਚ ਜਿੱਥੇ ਸਭ ਯਹੂਦੀ ਕੱਠੇ ਹੁੰਦੇ ਹਨ ਸ-
ਦਾ ਉਪਦੇਸ ਕੀਤਾ ਹੈ ਅਤੇ ਮੈਂ ਚੋਰਲੇ ਵਿੱਚ ਕੁਛ ਨਹੀਂ ਕਿਹਾ ।। ੨੧।। ਤੂੰ ਮੈਥੋਂ ਕਿਉਂ ਪੁੱਛਦਾ ਹੈਂ।
ਜਿਨਾਂ ਸੁਣਿਆ ਹੈ ਉਨਾਂ ਕੋਲੋਂ ਪੁਛ ਲੈ ਜੋ ਮੈਂ ਉਨਾਂ ਨੂੰ ਕੀ ਆਖਿਆ। ਵੇਖ ਮੈਂ ਜੋ ਕੁਛ ਆਖਿਆ
ਸੋ ਓਹ ਜਾਣਦੇ ਹਨ ।। ੨੨।। ਅਰ ਜਦ ਉਸ ਨੇ ਐਉਂ ਕਿਹਾ ਤਦ ਸਿਪਾਹੀਆਂ ਵਿੱਚੋਂ ਇੱਕ ਨੇ ਜਿ-
ਹੜਾ ਕੋਲ ਖਲੋਤਾ ਸੀ ਯਿਸੂ ਨੂੰ ਚਪੇੜ ਮਾਰਕੇ ਕਿਹਾ ਤੂੰ ਸਰਦਾਰ ਜਾਜਕ ਨੂੰ ਐਉਂ ਉੱਤਰ ਦਿੰਦਾ ਹੈਂ
।। ੨੩।। ਯਿਸੂ ਨੇ ਉਹ ਨੂੰ ਉੱਤਰ ਦਿੱਤਾ ਜੇ ਮੈਂ ਬੁਰਾ ਕਿਹਾ ਤਾਂ ਤੂੰ ਬੁਰੇ ਦੀ ਉਗਾਹੀ ਦਿਹ ਪਰ ਜੇ ਮੈਂ ਚੰ-
ਗਾ ਕਿਹਾ ਤਾਂ ਮੈਨੂੰ ਕਿਉਂ ਮਾਰਦਾ ਹੈਂ ।। ੨੪।। ਉਪਰੰਦ ਅੰਨਾਸ ਨੇ ਉਹ ਨੂੰ ਬੱਧਾ ਹੋਇਆ ਕਯਾਫਾ
ਸਰਦਾਰ ਜਾਜਕ ਦੇ ਕੋਲ ਘੱਲਿਆ ।। ।। ੨੫।। ਅਤੇ ਸ਼ਮਊਨ ਪਤਰਸ ਖੜਾ ਸੇਕ-

Original with:
Language Department Punjab
Digitized by:
Panjab Digital Library

ਦਾਸੀ।ਜੋ ਉਨਾਂ ਉਸਨੂੰ ਪੁੱਛਿਆ ਕੀ ਤੂੰ ਬੀ ਉਹਦੇ ਸਿੱਖਾਂ ਵਿੱਚੋਂ ਹੈਂ।ਉਹ ਮੁੱਕਰ ਗਿਆ ਅਤੇ ਬੋਲਿਆ ਮੈਂ ਨਹੀਂ ਹਾਂ॥੨੬॥ਸਰਦਾਰ ਜਾਜਕ ਦੇ ਚਾਕਰਾਂ ਵਿੱਚੋਂ ਇੱਕ ਨੈ ਜਿਹੜਾ ਉਸ ਮਨੁੱਖ ਦਾ ਸਾਕ ਸੀ ਜਿਹਦਾ ਕੰਨ ਪਤਰਸ ਨੈ ਉਡਾ ਦਿੱਤਾ ਸੀ ਆਖਿਆ ਭਲਾ ਮੈਂ ਤੈਨੂੰ ਉਹਦੇ ਨਾਲ ਬਾਗ ਵਿੱਚ ਨਹੀਂ ਵੇਖਿਆ॥੨੭॥ਤਦ ਪਤਰਸ ਫੇਰ ਮੁੱਕਰ ਗਿਆ ਅਤੇ ਝੱਟ ਕੁੱਕੜ ਨੈ ਬਾਂਗ ਦਿੱਤੀ॥

॥੨੮॥ਉਪਰੰਦ ਯਿਸੂ ਨੂੰ ਕਯਾਫਾ ਦੇ ਪਾਸੋਂ ਹਾਕਮ ਦੀ ਕਚਹਿਰੀ ਲੈ ਗਏ ਅਤੇ ਸਵੇਰ ਦਾ ਵੇਲਾ ਸੀ।ਅਰ ਓਹ ਆਪ ਕਚਹਿਰੀ ਦੇ ਅੰਦਰ ਨਾ ਗਏ ਭਈ ਕਿਤੇ ਭ੍ਰਿਸਟ ਨਾ ਹੋ ਜਾਣ ਬਲਕ ਪਸਾਹ ਦਾ ਭੋਜਨ ਖਾ ਸੱਕਣ॥੨੯॥ਉਪਰੰਦ ਪਿਲਾਤੁਸ ਨੈ ਉਨਾਂ ਦੇ ਕੋਲ ਬਾਹਰ ਆਣ ਕੇ ਕਿਹਾ ਤੁਸੀਂ ਐਸ ਮਨੁੱਖ ਦੇ ਜੁੰਮੇ ਕੀ ਦੋਸ ਲਾਉਂਦੇ ਹੋ॥੩੦॥ਉਨਾਂ ਉੱਤਰ ਦੇ ਕੇ ਉਸ ਨੂੰ ਆਖਿਆ ਜੇ ਇਹ ਬੁਰਿਆਰ ਨਾ ਹੁੰਦਾ ਤਾਂ ਅਸੀਂ ਉਹ ਨੂੰ ਤੇਰੇ ਹਵਾਲੇ ਨਾ ਕਰਦੇ॥੩੧॥ਤਦ ਪਿਲਾਤੁਸ ਨੈ ਉਨਾਂ ਨੂੰ ਆਖਿਆ ਤੁਸੀਂ ਆਪੇ ਇਹ ਨੂੰ ਲੈ ਜਾਓ ਅਤੇ ਆਪਣੀ ਸਰਾ ਮੂਜਬ ਉਹਦਾ ਨਿਬੇੜਾ ਕਰੋ। ਯਹੂਦੀਆਂ ਨੈ ਉਹ ਨੂੰ ਆਖਿਆ ਭਈ ਕਿਸੇ ਨੂੰ ਕਤਲ ਕਰਨਾ ਸਾਡੇ ਵੱਸ ਨਹੀਂ॥੩੨॥ਇਹ ਇਸ ਲਈ ਹੋਇਆ ਕਿ ਯਿਸੂ ਦਾ ਉਹ ਬਚਨ ਪੂਰਾ ਹੋਵੇ ਜਿਹੜਾ ਓਨ ਇਸ ਗੱਲ ਦਾ ਪਤਾ ਦੇ-ਣ ਨੂੰ ਕਿਹਾ ਸੀ ਭਈ ਮੈਂ ਕਿਹੜੀ ਮੌਤ ਨਾਲ ਮਰਨਾ ਹੈ॥

॥੩੩॥ਉਪਰੰਦ ਪਿਲਾਤੁਸ ਫੇਰ ਕਚਹਿਰੀ ਦੇ ਅੰਦਰ ਗਿਆ ਅਤੇ ਯਿਸੂ ਨੂੰ ਸੱਦ ਕੇ ਉਹ ਨੂੰ ਕਿਹਾ ਭਲਾ ਯਹੂਦੀਆਂ ਦਾ ਪਾਤਸਾਹ ਤੂੰ ਏਂ ਹੈਂ॥੩੪॥ਯਿਸੂ ਨੈ ਉੱਤਰ ਦਿੱਤਾ ਕੀ ਤੂੰ ਇਹ ਗੱਲ ਆਪੇ ਆਖਦਾ ਹੈਂ ਅਕੇ

Original with:
Language Department Punjab
Digitized by:
Panjab Digital Library

ਹੋਰਨਾਂ ਮੇਰੀ ਬਾਬਤ ਤੈਨੂੰ ਦੱਸੀ ਹੈ॥ ੩੫॥ ਪਿਲਾਤੁਸ ਨੈ ਅੱਗੋਂ ਕਿਹਾ ਭਲਾ ਮੈਂ ਯਹੂਦੀ ਹਾਂ। ਤੇ-
ਰੀ ਹੀ ਕੌਮ ਅਤੇ ਪਰਧਾਨ ਜਾਜਕਾਂ ਨੈ ਤੈਨੂੰ ਮੇਰੇ ਹਵਾਲੇ ਕਰਿਆ। ਤੈਂ ਕੀ ਕੀਤਾ॥ ੩੬॥ ਯਿਸੂ
ਨੈ ਉੱਤਰ ਦਿੱਤਾ ਕਿ ਮੇਰੀ ਪਾਤਸਾਹੀ ਇਸ ਜਗਤ ਥੀਂ ਨਹੀਂ। ਜੇ ਮੇਰੀ ਪਾਤਸਾਹੀ ਇਸ ਜਗਤ
ਥੀਂ ਹੁੰਦੀ ਤਾਂ ਮੇਰੇ ਨੌਕਰ ਲੜਦੇ ਜੋ ਮੈਂ ਯਹੂਦੀਆਂ ਦੇ ਹਵਾਲੇ ਨਾ ਕੀਤਾ ਜਾਂਦਾ ਪਰ ਹੁਣ ਮੇ-
ਰੀ ਪਾਤਸਾਹੀ ਤਾਂ ਐਥੋਂ ਦੀ ਨਹੀਂ॥ ੩੭॥ ਉਪਰੰਦ ਪਿਲਾਤੁਸ ਨੈ ਉਹਨੂੰ ਆਖਿਆ ਤਾਂ ਫੇਰ ਤੂੰ ਪਾ-
ਤਸਾਹ ਹੈਂ। ਯਿਸੂ ਨੈ ਉੱਤਰ ਦਿੱਤਾ ਕਿ ਤੂੰ ਆਖਦਾ ਹੈਂ ਜੋ ਮੈਂ ਪਾਤਸਾਹ ਹਾਂ। ਮੈਂ ਇਸੇ ਲਈ ਜਨਮ ਧ-
ਰਿਆ ਅਤੇ ਇਸੇ ਲਈ ਜਗਤ ਵਿੱਚ ਆਇਆ ਹਾਂ ਭੁ ਈ ਸਾਚਿਆਈ ਉੱਤੇ ਸਾਖੀ ਦਿਆਂ। ਹਰੇ-
ਕ ਜੋ ਸਾਚਿਆਈ ਥੀਂ ਹੈ ਮੇਰਾ ਬਚਨ ਸੁਣਦਾ ਹੈ॥ ੩੮॥ ਪਿਲਾਤੁਸ ਨੈ ਉਹਨੂੰ ਆਖਿਆ ਸਾਚਿ-
ਆਈ ਕੀ ਹੁੰਦੀ ਹੈ॥ ॥ ਅਤੇ ਇਹ ਕਹਿ ਕੇ ਉਹ ਫੇਰ ਯਹੂਦੀਆਂ ਕੋਲ ਬਾਹਰ ਨਿ-
ਕਲਿਆ ਅਤੇ ਉਨਾਂ ਨੂੰ ਆਖਿਆ ਮੈਂ ਉਹਦਾ ਕੋਈ ਦੋਸ ਨਹੀਂ ਵੇਖਦਾ॥ ੩੯॥ ਪਰ ਤੁਹਾਡੀ
ਇਹ ਰੀਤ ਹੈ ਜੋ ਮੈਂ ਤੁਹਾਡੇ ਲਈ ਪਸਾਹ ਦੇ ਸਮੇ ਇੱਕ ਨੂੰ ਛੱਡਦਿਆਂ। ਸੋ ਕੀ ਤੁਸੀਂ ਚਾਹੁੰਦੇ ਹੋ
ਜੋ ਮੈਂ ਤੁਹਾਡੇ ਲਈ ਯਹੂਦੀਆਂ ਦੇ ਪਾਤਸਾਹ ਨੂੰ ਛੱਡਦਿਆਂ॥ ੪੦॥ ਉਪਰੰਦ ਉਨਾਂ ਫੇਰ ਦੁੰ-
ਦ ਪਾਕੇ ਆਖਿਆ ਇਸ ਨੂੰ ਨਹੀਂ ਪਰ ਬਰੱਬਾਸ ਨੂੰ। ਅਤੇ ਬਰੱਬਾਸ ਇੱਕ ਧਾੜਵੀ ਸੀ॥

੧੯ ਕਾਂਡ॥

ਸੋ ਤਦ ਪਿਲਾਤੁਸ ਨੈ ਯਿਸੂ ਨੂੰ ਫੜਕੇ ਕੋਰੜੇ ਮਾਰੇ॥ ੨॥ ਅਤੇ ਸਿਪਾਹੀਆਂ
ਨੈ ਕੰਡਿਆਂ ਦਾ ਤਾਜ ਗੁੰਦਕੇ ਉਹਦੇ ਸਿਰ ਉੱਤੇ ਧਰਿਆ ਅਰ ਉਹਨੂੰ ਬੈਂਗਣੀ

Original with:
Language Department Punjab
Digitized by:
Panjab Digital Library

ਬਸਤਰ ਪਹਿਨਾਏ ॥੩॥ ਅਤੇ ਉਹ ਦੇ ਕੋਲ ਆਣ ਕੇ ਕਹਿਣ ਲਗੇ ਹੇ ਯਹੂਦੀਆਂ ਦੇ ਪਾਤਸਾ-
ਹ ਸਲਾਮ ਅਤੇ ਉਹ ਨੂੰ ਚਪੇੜਾਂ ਮਾਰੀਆਂ ॥੪॥ ਤਦ ਪਿਲਾਤੁਸ ਨੈ ਫੇਰ ਬਾਹਰ ਨਿੱਕਲ ਕੇ ਉਨਾਂ
ਨੂੰ ਆਖਿਆ ਵੇਖੋ ਮੈਂ ਉਹ ਨੂੰ ਤੁਹਾਡੇ ਕੋਲ ਬਾਹਰ ਲਿਆਉਂਦਾ ਹਾਂ ਤਾਂ ਤੁਸੀਂ ਜਾਣੋ ਭਈ ਮੈਂ ਉਹ ਦਾ
ਕੋਈ ਦੋਸ਼ ਨਹੀਂ ਵੇਖਦਾ ਹਾਂ ॥੫॥ ਉਪਰੰਦ ਯਿਸੂ ਕੰਡਿਆਂ ਦਾ ਤਾਜ ਰੱਖੀ ਅਤੇ ਬੈਂਗਣੀ ਬਸਤ-
ਰ ਪਹਿਨੀ ਬਾਹਰ ਨਿੱਕਲਿਆ। ਅਰ ਪਿਲਾਤੁਸ ਨੈ ਉਨਾਂ ਨੂੰ ਆਖਿਆ ਵੇਖੋ ਐਸ ਮਨੁੱਖ ਨੂੰ ॥
੬॥ ਉਪਰੰਦ ਜਾਂ ਪਰਧਾਨ ਜਾਜਕਾਂ ਅਤੇ ਸਿਪਾਹੀਆਂ ਨੈ ਉਹ ਨੂੰ ਡਿੱਠਾ ਤਾਂ ਓਹ ਡੰਡ ਪਾਕੇ ਬੋਲੇ
ਉਹ ਨੂੰ ਸਲੀਬ ਉੱਤੇ ਚੜਾ ਦਿਹ ਸਲੀਬ ਉੱਤੇ ਚੜਾ ਦਿਹ। ਪਿਲਾਤੁਸ ਨੈ ਉਨਾਂ ਨੂੰ ਕਿਹਾ ਤੁਸੀਂ ਆ-
ਪੇ ਇਹ ਨੂੰ ਲੈਕੇ ਸਲੀਬ ਉੱਤੇ ਚੜਾ ਦਿਓ ਕਿਉਂ ਜੋ ਮੈਂ ਇਹ ਦਾ ਕੋਈ ਦੋਸ਼ ਨਹੀਂ ਵੇਖਦਾ ਹਾਂ ॥੭॥
ਯਹੂਦੀਆਂ ਨੈ ਉਹ ਨੂੰ ਉੱਤਰ ਦਿੱਤਾ ਕਿ ਸਾਡੇ ਕੋਲ ਸਰਾ ਹੈ ਅਤੇ ਉਸ ਸਰਾ ਮੂਜਬ ਇਹ ਮਰਨ
ਜੋਗ ਹੈ ਇਸ ਲਈ ਜੋ ਇਹ ਨੈ ਆਪਣੇ ਆਪ ਨੂੰ ਪਰਮੇਸੁਰ ਦਾ ਪੁਤ੍ਰ ਬਣਾਇਆ ॥੮॥ ਉਪਰੀ-
ਦ ਜਦ ਪਿਲਾਤੁਸ ਨੈ ਇਹ ਗੱਲ ਸੁਣੀ ਤਦ ਹੋਰ ਬੀ ਡਰ ਗਿਆ ॥੯॥ ਅਤੇ ਕਚਹਿਰੀ ਦੇ ਅੰ-
ਦਰ ਫੇਰ ਜਾਕੇ ਯਿਸੂ ਥੋਂ ਪੁੱਛਿਆ ਤੂੰ ਕਿੱਥੇ ਦਾ ਹੈਂ। ਪਰ ਯਿਸੂ ਨੈ ਉਹ ਨੂੰ ਉੱਤਰ ਨਾ ਦਿੱਤਾ ॥੧੦॥
ਤਦ ਪਿਲਾਤੁਸ ਨੈ ਉਹ ਨੂੰ ਆਖਿਆ ਤੂੰ ਮੇਰੇ ਨਾਲ ਨਹੀਂ ਬੋਲਦਾ। ਕੀ ਤੂੰ ਨਹੀਂ ਜਾਣਦਾ ਜੋ ਇਹ
ਮੇਰੇ ਵੱਸ ਵਿੱਚ ਹੈ ਕਿ ਭਾਵੇਂ ਤੈਨੂੰ ਛੱਡ ਦਿਆਂ ਭਾਵੇਂ ਤੈਨੂੰ ਸਲੀਬ ਉੱਤੇ ਚੜਾਵਾਂ ॥੧੧॥ ਯਿਸੂ ਨੈ
ਉਹ ਨੂੰ ਉੱਤਰ ਦਿੱਤਾ ਜੇ ਤੈ ਨੂੰ ਇਹ ਉੱਪਰੋਂ ਨਾ ਦਿੱਤਾ ਜਾਂਦਾ ਤਾਂ ਮੇਰੇ ਉੱਤੇ ਤੇਰਾ ਕੁਛ ਵੱਸ ਨਾ ਚੱਲਦਾ

Original with:
Language Department Punjab
Digitized by:
Panjab Digital Library

।ਇਸ ਕਾਰਨ ਜਿਨ ਮੈਂ ਨੂੰ ਤੇਰੇ ਹਵਾਲੇ ਕੀਤਾ ਉਹਦਾ ਵੱਧ ਪਾਪ ਹੈ॥੧੨॥ ਇਸ ਗੱਲ ਕਰਕੇ ਪਿ-
ਲਾਤੁਸ ਨੈ ਉਹਦੇ ਛੱਡਣ ਦੀ ਭਾਲ ਕੀਤੀ ਪਰ ਯਹੂਦੀ ਰੌਲਾ ਪਾਕੇ ਕਹਿਣ ਲੱਗੇ ਜੇ ਤੂੰ ਇਹ ਨੂੰ
ਛੱਡ ਦੇਵੇਂ ਤਾਂ ਤੂੰ ਕੈਸਰ ਦਾ ਮਿਤ੍ਰ ਨਹੀਂ। ਹਰੇਕ ਜੋ ਆਪਣੇ ਆਪ ਨੂੰ ਪਾਤਸ਼ਾਹ ਬਣਾਉਂਦਾ ਹੈ
ਸੋ ਕੈਸਰ ਦੇ ਵਿਰੁੱਧ ਬੋਲਦਾ ਹੈ॥੧੩॥ ਤਦ ਪਿਲਾਤੁਸ ਏਹ ਗੱਲਾਂ ਸੁਣਕੇ ਯਿਸੂ ਨੂੰ ਬਾਹਰ
ਲਿਆਇਆ ਅਤੇ ਉਸ ਥਾਂ ਜਿਹੜਾ ਪੱਥਰ ਦਾ ਚਬੂਤਰਾ ਪਰ ਇਬਰਨੀ ਭਾਖਿਆ ਵਿੱਚ
ਗੱਬਥਾ ਕਰਕੇ ਆਖੀਦੀ ਹੈ ਅਦਾਲਤ ਦੀ ਗੱਦੀ ਉੱਤੇ ਬਹਿਰਿਆ॥੧੪॥ ਇਹ ਪਸਾਹ
ਦੀ ਤਿਆਰੀ ਦਾ ਦਿਨ ਅਤੇ ਦੁਪਹਿਰ ਦਾ ਵੇਲਾ ਸੀ ਅਤੇ ਉਸ ਨੈ ਯਹੂਦੀਆਂ ਨੂੰ ਕਿਹਾ ਕੁਈ
ਵੇਖੋ ਓਹ ਤੁਹਾਡਾ ਪਾਤਸ਼ਾਹ॥੧੫॥ ਤਦ ਓਹ ਰੌਲਾ ਪਾ ਉੱਠੇ ਕਿ ਮਾਰ ਦਿਹ ਮਾਰ ਦਿਹ। ਉਹਨੂੰ
ਸਲੀਬ ਉੱਤੇ ਚੜ੍ਹਾ ਦਿਹ। ਪਿਲਾਤੁਸ ਨੈ ਉਨ੍ਹਾਂ ਨੂੰ ਆਖਿਆ ਮੈਂ ਤੁਹਾਡੇ ਪਾਤਸ਼ਾਹ ਨੂੰ ਸਲੀਬ
ਉੱਤੇ ਚੜ੍ਹਾ ਦਿਆਂ। ਪਰ ਧਰਮ ਜਾਜਕਾਂ ਨੈ ਉੱਤਰ ਦਿੱਤਾ ਕਿ ਕੈਸਰ ਬਿਨਾ ਸਾਡਾ ਕੋਈ ਪਾਤਸ਼ਾਹ
ਨਹੀਂ ਹੈ॥੧੬॥ ਜੋ ਤਦ ਉਸ ਨੈ ਉਹਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਭਈ ਉਹ ਸਲੀਬ ਉੱਤੇ ਚ-
ੜ੍ਹਾਇਆ ਜਾਵੇ॥ ॥੧੭॥ ਤਦ ਉਨ੍ਹਾਂ ਨੈ ਯਿਸੂ ਨੂੰ ਫੜ ਲਿਆ ਅਤੇ ਉਹ ਆਪੇ ਸ-
ਲੀਬ ਚੁੱਕੀ ਬਾਹਰ ਉਸ ਥਾਂ ਨੂੰ ਗਿਆ ਜਿਹੜੀ ਖੋਪਰੀ ਦੀ ਕਹਾਉਂਦੀ ਅਤੇ ਇਬਰਾਨੀ ਭਾ-
ਖਿਆ ਵਿੱਚ ਉਹ ਨੂੰ ਗਲਗਥਾ ਕਹਿੰਦੇ ਹਨ॥੧੮॥ ਓਥੇ ਉਨ੍ਹਾਂ ਉਸ ਨੂੰ ਅਰ ਉਹਦੇ ਨਾਲ ਹੋ-
ਰਾਂ ਨੂੰ ਸਲੀਬ ਉੱਤੇ ਚੜ੍ਹਾਇਆ ਇੱਕ ਐਧਰ ਤਾਂ ਇੱਕ ਉੱਧਰ ਅਤੇ ਯਿਸੂ ਵਿਚਾਲੇ॥੧੯॥

Original with:
Language Department Punjab
Digitized by:
Panjab Digital Library

ਅਤੇ ਪਿਲਾਤੁਸ ਨੇ ਇੱਕ ਨਾਉਂ ਪੱਟੀ ਬੀ ਲਿਖ ਕੇ ਸਲੀਬ ਉੱਤੇ ਲਾਈ। ਅਤੇ ਇਹ ਲਿਖਿਆ ਹੋਇ-
ਆ ਸੀ ਜੋ ਯਿਸੂ ਨਾਸਰੀ ਯਹੂਦੀਆਂ ਦਾ ਪਾਤਸ਼ਾਹ ॥੨੦॥ ਤਦ ਉਸ ਨਾਉਂ ਪੱਟੀ ਨੂੰ ਬਹੁਤਿਆ
ਯਹੂਦੀਆਂ ਨੇ ਵਾਚਿਆ ਕਿਉਂ ਜੋ ਉਹ ਥਾਂ ਜਿੱਥੇ ਯਿਸੂ ਸਲੀਬ ਉੱਤੇ ਚੜ੍ਹਾਇਆ ਗਿਆ ਸੀ
ਸਹਿਰੋਂ ਨੇੜੇ ਸੀ। ਅਰ ਉਹ ਇਬਰਾਨੀ ਅਤੇ ਰੂਮੀ ਅਤੇ ਯੂਨਾਨੀ ਭਾਖਿਆ ਵਿੱਚ ਲਿਖਿਆ ਹੋਇ-
ਆ ਸੀ ॥੨੧॥ ਉਪਰੰਦ ਯਹੂਦੀਆਂ ਦੇ ਪਰਧਾਨ ਜਾਜਕਾਂ ਨੇ ਪਿਲਾਤੁਸ ਨੂੰ ਆਖਿਆ ਕਿ ਯਹੂਦੀ-
ਆਂ ਦਾ ਪਾਤਸ਼ਾਹ ਨਾ ਲਿਖ ਪਰ ਇਹ ਕਿ ਉਹ ਨੇ ਕਿਹਾ ਮੈਂ ਯਹੂਦੀਆਂ ਦਾ ਪਾਤਸ਼ਾਹ ਹਾਂ ॥੨੨॥ ਪਿ-
ਲਾਤੁਸ ਨੇ ਉੱਤਰ ਦਿੱਤਾ ਭਈ ਮੈਂ ਜੋ ਲਿਖਿਆ ਸੋ ਲਿਖਿਆ ॥੨੩॥ ਉਪਰੰਦ ਸਿ-
ਪਾਹੀਆਂ ਨੇ ਜਾਂ ਯਿਸੂ ਨੂੰ ਸਲੀਬ ਉੱਤੇ ਚੜ੍ਹਾਇਆ ਸੀ ਤਾਂ ਉਹ ਦੇ ਬਸਤਰ ਲੈ ਕੇ ਚਾਰ ਹਿੱਸੇ ਕੀਤੇ
ਹਰੇਕ ਸਿਪਾਹੀ ਦੇ ਲਈ ਇੱਕ ਇੱਕ ਹਿੱਸਾ ਅਤੇ ਕੁੜਤਾ ਬੀ ਲੈ ਲਿਆ। ਅਰ ਉਹ ਕੁੜਤਾ ਸੀਤੇ
ਬਿਨਾ ਉੱਪਰੋਂ ਸਾਰਾ ਬੁਣਿਆ ਹੋਇਆ ਸੀ ॥੨੪॥ ਇਸ ਲਈ ਉਨਾਂ ਆਪਸ ਵਿੱਚੀਂ ਕਿਹਾ ਅਸੀਂ
ਇਹ ਨੂੰ ਨਾ ਪਾੜਿਏ ਪਰ ਇਹ ਦੇ ਉੱਤੇ ਗੁਣੇ ਪਾਇਏ ਜੋ ਇਹ ਕਿਹ ਨੂੰ ਲੱਭੇ। ਇਹ ਇਸ ਲਈ ਹੋਇ-
ਆ ਭਈ ਇਹ ਲਿਖਤ ਪੂਰੀ ਹੋਵੇ ਜੋ ਉਨਾਂ ਮੇਰੇ ਬਸਤਰ ਆਪਸ ਵਿੱਚੀਂ ਵੰਡ ਲਏ ਅਤੇ ਮੇਰੀ ਪੁਸ-
ਾਕ ਉੱਤੇ ਗੁਣੇ ਪਾਏ। ਸੋ ਸਿਪਾਹੀਆਂ ਨੇ ਇਹੋ ਕੀਤਾ ॥੨੫॥ ਅਤੇ ਯਿਸੂ ਦੀ ਸਲੀਬ ਦੇ ਮੁੱਢ ਉਹਦੀ
ਮਾਂ ਅਰ ਉਹ ਦੀ ਮਾਸੀ ਕਲੋਪਾਸ ਦੀ ਤੀਮੀ ਮਰਿਯਮ ਅਤੇ ਮਰਿਯਮ ਮਗਦਲੀਨੀ ਖਲੋਤੀ
ਆਂ ਸੀਆਂ ॥੨੬॥ ਤਦ ਯਿਸੂ ਨੇ ਆਪਣੀ ਮਾਂ ਨੂੰ ਅਤੇ ਉਸ ਸਿੱਖ ਨੂੰ ਜਿਹ ਦੇ ਨਾਲ ਉਹ ਪਿਆ-

Original with:
Language Department Punjab
Digitized by:
Panjab Digital Library

ਰ ਕਰਦਾ ਸੀ ਕੋਲ ਖਲੋਤੇ ਵੇਖ ਕੇ ਆਪਣੀ ਮਾਂ ਨੂੰ ਆਖਿਆ ਹੇ ਤੀਮਤ ਔਹ ਵੇਖ ਤੇਰਾ ਪੁਤ੍ਰ ॥
੨੭॥ ਫੇਰ ਉਸ ਸਿੱਖ ਨੂੰ ਕਿਹਾ ਔਹ ਵੇਖ ਤੇਰੀ ਮਾਂ। ਅਤੇ ਉਸੇ ਵੇਲਿਓਂ ਉਹ ਸਿੱਖ ਉਸ ਨੂੰ ਆਪਣੇ
ਘਰ ਲੈ ਗਿਆ ॥ ॥੨੮॥ ਇਹ ਦੇ ਪਿੱਛੋਂ ਯਿਸੂ ਨੇ ਇਹ ਜਾਣ ਕੇ ਭਈ ਹੁਣ ਸਭੋ ਕੁਛ
ਪੂਰਾ ਹੋ ਚੁੱਕਿਆ ਰੀਤ ਦੇ ਸੰਪੂਰਣ ਹੋਣ ਲਈ ਆਖਿਆ ਮੈਂ ਤਿਹਾਇਆ ਹਾਂ ॥ ੨੯॥ ਓਥੇ ਇੱ-
ਕ ਕੁੱਜਾ ਸਿਰਕੇ ਦਾ ਭਰਿਆ ਹੋਇਆ ਧਰਿਆ ਸੀ ਸੋ ਉਨਾਂ ਨੇ ਇੱਕ ਸਪੰਜ ਸਿਰਕੇ ਨਾਲ ਭਰਿਆ ੦
ਹੋਇਆ ਜ਼ੂਫੇ ਦੀ ਛਿਟੀ ਪੁਰ ਬੰਨ ਕੇ ਉਹ ਦੇ ਮੂੰਹ ਤਾਈਂ ਪੁਚਾਇਆ ॥ ੩੦॥ ਸੋ ਜਾਂ ਯਿਸੂ ਨੇ ਸਿਰਕ ੦
ਲਿਆ ਤਾਂ ਆਖਿਆ ਪੂਰਾ ਹੋਇਆ ਹੈ। ਤਦ ਉਹ ਨੇ ਸਿਰ ਨਿਵਾ ਕੇ ਪ੍ਰਾਣ ਦਿੱਤੇ ॥ ॥
੩੧॥ ਯਹੂਦੀਆਂ ਨੇ ਇਸ ਲਈ ਜੋ ਉਹ ਤਿਆਰੀ ਦਾ ਦਿਨ ਸੀ ਪਿਲਾਤੁਸ ਅਗੇ ਬੇਨਤੀ
ਕੀਤੀ ਭਈ ਉਨਾਂ ਦੀਆਂ ਲੱਤਾਂ ਤੋੜੀਆਂ ਜਾਣ ਅਤੇ ਓਹ ਉਤਾਰੇ ਜਾਣ ਤਾਂ ਜੋ ਸਬਤ ਦੇ ਦਿਨ
ਸਲੀਬ ਉੱਤੇ ਨਾ ਰਹਿਣ ਕਿਉਂ ਜੋ ਉਸ ਸਬਤ ਦਾ ਦਿਨ ਇੱਕ ਵਡਾ ਦਿਨ ਸੀ ॥ ੩੨॥ ਤਦ ਸਿਪਾਹੀ-
ਆਂ ਨੇ ਆਣ ਕੇ ਪਹਿਲੇ ਦੀਆਂ ਲੱਤਾਂ ਤੋੜੀਆਂ ਅਤੇ ਪਿੱਛੋਂ ਦੂਏ ਦੀਆਂ ਜੋ ਜਿਹੜਾ ਉਹ ਦੇ ਨਾ-
ਲ ਸਲੀਬ ਉੱਤੇ ਚੜ੍ਹਾਇਆ ਹੋਇਆ ਸੀ ॥ ੩੩॥ ਪਰ ਯਿਸੂ ਦੇ ਕੋਲ ਆਣ ਕੇ ਜਾਂ ਉਨਾਂ ਵੇਖਿ-
ਆ ਜੋ ਉਹ ਮਰ ਚੁੱਕਿਆ ਹੈ ਤਾਂ ਉਹ ਦੀਆਂ ਲੱਤਾਂ ਨਾ ਤੋੜੀਆਂ ॥ ੩੪॥ ਪਰ ਸਿਪਾਹੀਆਂ ਵਿੱਚੋਂ
ਇੱਕ ਨੇ ਬਰਛੀ ਨਾਲ ਉਹ ਦੀ ਵੱਖੀ ਵਿੰਨੀ ਅਤੇ ਓਵੇਂ ਹੀ ਲਹੂ ਅਤੇ ਪਾਣੀ ਨਿੱਕਲਿਆ ॥
੩੫॥ ਅਰ ਜਿਹ ਨੇ ਇਹ ਵੇਖਿਆ ਹੈ ਉਹ ਨੇ ਸਾਖੀ ਦਿੱਤੀ ਹੈ ਅਤੇ ਉਹ ਦੀ ਸਾਖੀ ਸੱਤ ਹੈ ਅਰ

Original with:
Language Department Punjab
Digitized by:
Panjab Digital Library

ਉਹ ਜਾਣਦਾ ਹੈ ਭਈ ਸੱਤ ਆਖਦਾ ਹੈ ਇਸ ਲਈ ਜੋ ਤੁਸੀਂ ਬੀ ਨਿਹਚਾ ਕਰੋ ॥੩੬॥ ਕਿੰਉਕਿ ਏਹ ਗੱਲਾਂ ਇਸ ਲਈ ਹੋਈਆਂ ਜੋ ਇਹ ਲਿਖਤ ਪੂਰੀ ਹੋਵੇ ਭਈ ਉਹ ਦੀ ਕੋਈ ਹੱਡੀ ਤੋੜੀ ਨਾ ਜਾ-ਊਗੀ ॥੩੭॥ ਫੇਰ ਇਹ ਦੂਜੀ ਲਿਖਤ ਹੈ ਕਿ ਜਿਸ ਨੂੰ ਉਨਾਂ ਨੇ ਵਿੰਨਿਆ ਹੈ ਓਹ ਉਸ ਉੱਤੇ ਦ੍ਰਿਸਟ ਕਰਨਗੇ ॥ ॥੩੮॥ ਇਹ ਦੇ ਪਿੱਛੋਂ ਅਰਿਮਥੈਆ ਦੇ ਯੂਸੁਫ ਨੇ ਜਿਹੜਾ ਯਹੂਦੀਆ ਦੇ ਡਰ ਦੇ ਮਾਰੇ ਗੁੱਝਾ ਗੁੱਝਾ ਯਿਸੂ ਦਾ ਸਿੱਖ ਸੀ ਪਿਲਾਤੁਸ ਕੋਲ ਅਰਜ ਕੀਤੀ ਜੋ ਮੈਂ ਯਿਸੂ ਦੀ ਲੋਥ ਲੈ ਜਾਵਾਂ। ਅਰ ਪਿਲਾਤੁਸ ਨੇ ਹੁਕਮ ਦੇ ਦਿੱਤਾ। ਸੋ ਉਹ ਆਇਆ ਅਰ ਉਹ ਦੀ ਲੋਥ ਲੈ ਗਿਆ ॥੩੯॥ ਅਤੇ ਨਿਕੁਦੇਮੁਸ ਬੀ ਜਿਹੜਾ ਪਹਿਲਾਂ ਉਹ ਦੇ ਕੋਲ ਰਾਤ ਨੂੰ ਆਇਆ ਸੀ ਪੰਜਾਹ ਕੁ ਸੇਰ ਗੀਧਰ ਸ ਅਤੇ ਊਦ ਰਲੇ ਹੋਏ ਲਿਆਇਆ ॥ ੪੦॥ ਫੇਰ ਉਨਾਂ ਯਿਸੂ ਦੀ ਲੋਥ ਲੈ ਕੇ ਉਹ ਨੂੰ ਸੁਗੰਧਾਂ ਨਾਲ ਮਹੀਨ ਕੱਪੜੇ ਵਿੱਚ ਵਲੇਟਿਆ ਜਿਹਾ ਕੁ ਯਹੂਦੀਆਂ ਦੇ ਕਫ-ਨਾਉਣ ਦਫਨਾਉਣ ਦੀ ਰੀਤ ਸੀ ॥ ੪੧॥ ਅਰ ਉਸ ਥਾਂ ਜਿੱਥੇ ਉਹ ਨੂੰ ਸਲੀਬ ਉੱਤੇ ਚੜ੍ਹਾਇਆ ਸੀ ਇੱਕ ਬਾਗ ਸੀ ਅਤੇ ਉਸ ਬਾਗ ਵਿੱਚ ਇੱਕ ਨਵੀਂ ਕਬਰ ਸੀ ਜਿਹ ਦੇ ਵਿੱਚ ਕਦੇ ਕੋਈ ਨਹੀਂ ਸੀ ਰੱਖਿਆ ਗਿਆ ॥ ੪੨॥ ਸੋ ਯਹੂਦੀਆਂ ਦੀ ਤਿਆਰੀ ਦੇ ਦਿਨ ਦੇ ਕਾਰਨ ਉਨਾਂ ਯਿਸੂ ਨੂੰ ਉੱਥੇ ਹੀ ਰੱਖਿਆ ਕਿੰਉ ਜੋ ਇਹ ਕਬਰ ਨੇੜੇ ਸੀ ॥

੨੦ ਕਾਂਡ ॥

ਹਫਤੇ ਦੇ ਪਹਿਲੇ ਦਿਨ ਮਰਿਯਮ ਮਗਦਲੀਨੀ ਤੜਕੇ ਜਦੋਂ ਅਨੇਰਾ ਹੀ ਸੀ ਕਬਰ ਪੁਰ ਆਈ ਅਰ ਪੱਥਰ ਨੂੰ ਕਬਰ ਉੱਤੋਂ ਸਰਕਾਇਆ ਹੋਇਆ ਵੇਖ-

Original with:
Language Department Punjab
Digitized by:
Panjab Digital Library

ਆ॥੨॥ ਉਪਰੰਦ ਉਹ ਸਾਮਊਨ ਪਤਰਸ ਅਤੇ ਉਸਦੂਜੇ ਸਿੱਖ ਦੇ ਕੋਲ ਜਿਹ ਨੂੰ ਯਿਸੂ ਪਿਆ
ਰਕਰਦਾ ਸੀ ਭੰਨੀ ਆਈ ਅਤੇ ਉਨਾਂ ਨੂੰ ਆਖਿਆ ਜੋ ਪ੍ਰਭੂ ਨੂੰ ਕਬਰ ਵਿੱਚੋਂ ਕੱਢ ਲੈ ਗਏ ਅਤੇ
ਸਾ ਨੂੰ ਪਤਾ ਨਹੀਂ ਭਈ ਉਹ ਨੂੰ ਕਿੱਥੇ ਰੱਖਿਆ॥੩॥ ਉਪਰੰਦ ਪਤਰਸ ਅਰ ਦੂਜਾ ਸਿੱਖ ਨਿੱਕ-
ਲੇ ਅਤੇ ਕਬਰ ਦੀ ਵਲ ਗਏ॥੪॥ ਅਰ ਓਹ ਦੋਵੇਂ ਕੱਠੇ ਭੱਜੇ ਪਰ ਦੂਆ ਸਿੱਖ ਪਤਰਸ ਨਾਲੋਂ
ਛੇਤੀ ਭੱਜਕੇ ਅੱਗੇ ਲੰਘ ਗਿਆ ਅਤੇ ਕਬਰ ਪੁਰ ਪਹਿਲਾਂ ਆਇਆ॥੫॥ ਅਤੇ ਉਸ ਨੈਨੇ-
ਉੱਕੇ ਜਾਂ ਝਾਤੀ ਮਾਰੀ ਤਾਂ ਮਹੀਨ ਕੱਪੜੇ ਪਏ ਹੋਏ ਡਿੱਠੇ ਪਰ ਉਹ ਅੰਦਰ ਨਾ ਗਿਆ॥੬॥ ਤਦ
ਸਾਮਊਨ ਪਤਰਸ ਬੀ ਉਹ ਦੇ ਮਗਰੋਂ ਆ ਪੁੱਜਿਆ ਅਤੇ ਕਬਰ ਦੇ ਅੰਦਰ ਜਾਕੇ ਕੀ ਵੇਖਦਾ ਹੈ
ਜੋ ਮਹੀਨ ਕੱਪੜੇ ਪਏ ਹੋਏ ਹਨ॥੭॥ ਅਤੇ ਉਹ ਰੁਮਾਲ ਜਿਹੜਾ ਉਹ ਦੇ ਸਿਰ ਉੱਤੇ ਬੱਧਾ ਹੋਇ-
ਆ ਸੀ ਉਨਾਂ ਮਹੀਨ ਕੱਪੜਿਆਂ ਦੇ ਨਾਲ ਹੈ ਨਹੀਂ ਪਰ ਵਲੇਟਿਆ ਹੋਇਆ ਇੱਕ ਥਾਂ ਵੱਖਰਾ
ਪਿਆ ਹੈ॥੮॥ ਜੋ ਤਦ ਉਹ ਦੂਆ ਸਿੱਖ ਬੀ ਜੋ ਕਬਰ ਉੱਤੇ ਪਹਿਲਾਂ ਆਇਆ ਸੀ ਅੰਦਰ ਗਿ-
ਆ ਅਤੇ ਉਸ ਨੈ ਵੇਖਕੇ ਪਰਤੀਤ ਕੀਤੀ॥੯॥ ਕਿੰਉ ਜੋ ਉਨਾਂ ਅਜੇ ਇਸ ਲਿਖਤ ਦਾ ਅਰਥ
ਨਹੀਂ ਸਮਝਿਆ ਸੀ ਭਈ ਉਹ ਨੈ ਮੁਰਦਿਆਂ ਵਿੱਚੋਂ ਜੀ ਉੱਠਣਾ ਹੈ॥੧੦॥ ਉਪਰੰਦ ਉਹ ਸਿੱਖ
ਆਪਣੇ ਘਰ ਨੂੰ ਫੇਰ ਮੁੜ ਗਏ॥ ॥੧੧॥ ਪਰ ਮਰਿਯਮ ਬਾਹਰ ਕਬਰ ਉੱਤੇ ਰੋਂਦੀ
ਖੜੀ ਰਹੀ। ਸੋ ਰੋਂਦੀ ਰੋਂਦੀ ਨੈ ਨੇਉਂਕੇ ਜਾਂ ਕਬਰ ਵਿੱਚ ਝਾਤੀ ਮਾਰੀ॥੧੨॥ ਤਾਂ ਕੀ ਵੇਖਦੀ ਹੈ ਜੋ
ਦੋ ਦੂਤ ਚਿੱਟਾ ਪਹਿਰਾਵਾ ਪਹਿਨੇ ਹੋਏ ਇੱਕ ਸਿਰਹਾਣੇ ਅਤੇ ਦੂਜਾ ਪੁਆਂਦੀ ਜਿੱਥੇ ਯਿਸੂ ਦੀ ਲੋ-

Original with:
Language Department Punjab
Digitized by:
Panjab Digital Library

ਬਪਈਸੀ ਬੈਠੇਹਨ॥੧੩॥ਅਤੇ ਉਨਾਂ ਉਸ ਨੂੰ ਆਖਿਆ ਹੇ ਤੀਮਤ ਤੂੰ ਕਿਉ ਰੋਂਦੀ ਹੈਂ।ਉਸ ਨੈ
ਉਨਾਂ ਨੂੰ ਆਖਿਆ ਇਸਲਈ ਜੋ ਮੇਰੇ ਪ੍ਰਭੂ ਨੂੰ ਲੈ ਗਏ ਅਤੇ ਮੈ ਨੂੰ ਪਤਾ ਨਹੀਂ ਜੋ ਉਹ ਨੂੰ ਕਿੱਥੇ ਰੱ-
ਖਿਆ॥੧੪॥ਇਹ ਕਹਿਕੇ ਉਹ ਪਿੱਛੇ ਮੁੜੀ ਅਤੇ ਯਿਸੂ ਨੂੰ ਖਲੋਤਾ ਦੇਖਿਆ ਅਰ ਨਾ ਜਿਆ-
ਤਾ ਭਈ ਇਹ ਯਿਸੂ ਹੈ॥੧੫॥ਯਿਸੂ ਨੈ ਉਹ ਨੂੰ ਕਿਹਾ ਹੇ ਤੀਮਤ ਤੂੰ ਕਿਉ ਰੋਂਦੀ ਹੈਂ। ਕਿਹ ਨੂੰ ਭਾਲ-
ਦੀ ਹੈਂ। ਉਹ ਨੈ ਇਹ ਜਾਣਕੇ ਜੋ ਇਹ ਬਾਗਵਾਨ ਹੈ ਉਹ ਨੂੰ ਆਖਿਆ ਮਹਾਰਾਜ ਜੇ ਉਹ ਨੂੰ ਤੂੰ ਲੈ
ਗਿਆ ਹੈਂ ਤਾਂ ਮੈ ਨੂੰ ਦੱਸ ਭਈ ਤੈਂ ਉਹ ਨੂੰ ਕਿੱਥੇ ਰੱਖਿਆ ਹੈ ਅਤੇ ਮੈਂ ਉਹ ਨੂੰ ਲੈ ਜਾਵਾਂਗੀ॥੧੬॥ਯਿ-
ਸੂ ਨੈ ਉਹ ਨੂੰ ਕਿਹਾ ਹੇ ਮਰਿਯਮ। ਉਸ ਨੈ ਫਿਰਕੇ ਉਹ ਨੂੰ ਇਬਰਾਨੀ ਭਾਖਿਆ ਵਿੱਚ ਕਿਹਾ ਹੇ ਰੱ-
ਬੂਨੀ ਅਰਥਾਤ ਹੇ ਗੁਰੂ॥੧੭॥ਯਿਸੂ ਨੈ ਉਹ ਨੂੰ ਆਖਿਆ ਮੈ ਨੂੰ ਨਾ ਛੋਹ ਕਿਉ ਜੋ ਮੈਂ ਅਜੇ ਪਿ-
ਤਾ ਦੇ ਕੋਲ ਉੱਪਰ ਨਹੀਂ ਗਿਆ ਹਾਂ। ਪਰ ਮੇਰੇ ਭਰਾਵਾਂ ਕੋਲ ਜਾਹ ਅਤੇ ਉਨਾਂ ਨੂੰ ਆਖ ਭਈ ਮੈਂ
ਉੱਪਰ ਆਪਣੇ ਪਿਤਾ ਅਰ ਤੁਹਾਡੇ ਪਿਤਾ ਕੋਲ ਅਤੇ ਆਪਣੇ ਪਰਮੇਸੁਰ ਅਤੇ ਤੁਹਾਡੇ ਪਰ-
ਮੇਸੁਰ ਕੋਲ ਜਾਂਦਾ ਹਾਂ॥੧੮॥ਮਰਿਯਮ ਮਗਦਲੀਨੀ ਆਈ ਅਤੇ ਸਿੱਖਾਂ ਨੂੰ ਕਿਹਾ ਜੋ ਮੈਂ ਪ੍ਰ-
ਭੂ ਨੂੰ ਵੇਖਿਆ ਹੈ ਅਤੇ ਓਨ ਮੈ ਨੂੰ ਏਹ ਬਚਨ ਕਹੇ॥ ॥੧੯॥ਫੇਰ ਉਸੇ ਦਿਨ ਜੋ ਹ-
ਫਤੇ ਦਾ ਪਹਿਲਾ ਦਿਨ ਸੀ ਜਾਂ ਸੰਝ ਹੋਈ ਤਾਂ ਜਿੱਥੇ ਓਹ ਸਿੱਖ ਸਨ ਅਰ ਯਹੂਦੀਆਂ ਦੇ ਡਰ
ਦੇ ਮਾਰੇ ਬੂਹੇ ਵੱਜੇ ਹੋਏ ਸਨ ਯਿਸੂ ਆਇਆ ਅਤੇ ਵਿਚਕਾਰ ਖਲੋਕੇ ਉਨਾਂ ਨੂੰ ਆਖਿਆ ਤੁ-
ਹਾ ਨੂੰ ਸਲਾਮ॥੨੦॥ਅਤੇ ਇਹ ਕਹਿਕੇ ਉਨ ਆਪਣੇ ਹੱਥ ਅਰ ਵੱਖੀ ਉਨਾਂ ਨੂੰ ਵਿਖਾਲੀ।

Original with:
Language Department Punjab
Digitized by:
Panjab Digital Library

ਉਪਰੰਦ ਸਿੱਖ ਪ੍ਰਭੁ ਨੂੰ ਵੇਖਕੇ ਅਨੰਦ ਹੋਏ ॥੨੧॥ ਤਦ ਯਿਸੂ ਨੈ ਫੇਰ ਉਨਾਂ ਨੂੰ ਆਖਿਆ ਤੁਹਾਨੂੰ
ਸ਼ਲਾਮ। ਜਿਵੇਂ ਪਿਤਾ ਨੈ ਮੈ ਨੂੰ ਘੱਲਿਆ ਹੈ ਤਿਵੇਂ ਮੈਂ ਬੀ ਤੁਹਾ ਨੂੰ ਘੱਲਦਾ ਹਾਂ ॥੨੨॥ ਅਤੇ ਉਸ
ਨੈ ਇਹ ਕਹਿਕੇ ਉਨਾਂ ਉੱਤੇ ਫੂਕ ਮਾਰੀ ਅਤੇ ਕਿਹਾ ਤੁਸੀਂ ਪਵਿਤ੍ਰ ਆਤਮਾ ਲਓ ॥੨੩॥ ਜਿਨਾਂ ਦੇ
ਪਾਪ ਤੁਸੀਂ ਮਾਫ ਕਰੋ ਓਹ ਉਨਾਂ ਨੂੰ ਮਾਫ ਕੀਤੇ ਜਾਂਦੇ ਹਨ ਅਰ ਜਿਨਾਂ ਦੇ ਤੁਸੀਂ ਕਾਇਮ ਰੱਖੋ ਉਨ
ਦੇ ਕਾਇਮ ਰਹੇ ਹਨ ॥ ॥੨੪॥ ਪਰ ਉਨਾਂ ਬਾਰਾਂ ਵਿੱਚੋਂ ਥੁਮਾ ਜਿਹੜਾ ਦੀਦੁਮੁਸ ਕਰਕੇ
ਸੱਦੀਦਾ ਹੈ ਜਾਂ ਯਿਸੂ ਆਇਆ ਤਾਂ ਉਹ ਉਨਾਂ ਦੇ ਨਾਲ ਨਸੋ ॥੨੫॥ ਤਦ ਹੋਰਨਾਂ ਸਿੱਖਾਂ ਨੈ ਉਹ
ਨੂੰ ਕਿਹਾ ਅਸਾਂ ਪ੍ਰਭੁ ਨੂੰ ਵੇਖਿਆ ਹੈ। ਪਰ ਉਸ ਨੈ ਉਨਾਂ ਨੂੰ ਆਖਿਆ ਜਿੰਨਾਂ ਚਿਰ ਮੈਂ ਉਹਦੇ ਹੱਥਾਂ
ਵਿੱਚ ਕਿੱਲਾਂ ਦਾ ਨਿਸ਼ਾਨ ਨਾ ਵੇਖਾਂ ਅਤੇ ਕਿੱਲਾਂ ਦੇ ਨਿਸ਼ਾਨ ਵਿੱਚ ਆਪਣੀ ਉਂਗਲ ਨਾ ਵਾੜਾਂ ਅ
ਰ ਉਹਦੀ ਵੱਖੀ ਵਿੱਚ ਆਪਣਾ ਹੱਥ ਨਾ ਵਾੜਾਂ ਓਨਾ ਚਿਰ ਮੈਂ ਕਦੇ ਸੱਤ ਨਾ ਮੰਨਾਂਗਾ ॥

॥੨੬॥ ਅਰ ਅੱਠਾਂ ਦਿਨਾਂ ਪਿੱਛੋਂ ਉਹ ਦੇ ਸਿੱਖ ਫੇਰ ਅੰਦਰ ਸਨ ਅਤੇ ਥੁਮਾ ਉਨਾਂ ਦੇ ਨਾਲ
ਸੀ। ਬੂਹੀਂ ਵੱਜੀਂ ਹੋਈਂ ਯਿਸੂ ਆਇਆ ਅਤੇ ਵਿਚਕਾਰ ਖਲੋਕੇ ਬੋਲਿਆ ਤੁਹਾ ਨੂੰ ਸ਼ਲਾਮ ॥੨੭
॥ ਫੇਰ ਉਹ ਨੈ ਥੁਮਾ ਨੂੰ ਕਿਹਾ ਆਪਣੇ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱ
ਥ ਉਰੇ ਕਰਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋਵੋ ॥੨੮॥
ਥੁਮਾ ਨੈ ਉਹ ਨੂੰ ਉੱਤਰ ਦਿੱਤਾ ਹੇ ਮੇਰੇ ਪ੍ਰਭੁ ਅਤੇ ਮੇਰੇ ਪਰਮੇਸ਼ੁਰ ॥੨੯॥ ਯਿਸੂ ਨੈ ਉਹ ਨੂੰ ਆ
ਖਿਆ ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ। ਧੰਨ ਓਹ ਜਿਨਾਂ ਨਹੀਂ ਵੇਖਿਆ

Original with
Language Department Punjab
Digitized by:
Panjab Digital Library

ਤਾਂ ਬੀ ਪਰਤੀਤ ਕਰਦੇ ਹਨ॥ ॥੩੦॥ ਅਤੇ ਯਿਸੂ ਨੈ ਹੋਰ ਬੀ ਬਾਹਲੀਆਂ ਕਰਾਮਾਤਾਂ ਸਿੱਖਾਂ ਦੇ ਸਾਹਮਣੇ ਵਿਖਾਈਆਂ ਜੋ ਇਸ ਪੁਸਤਕ ਵਿੱਚ ਨਹੀਂ ਲਿਖੀਆਂ ਗਈਆਂ॥੩੧॥ ਪਰ ਏਹ ਇਸ ਲਈ ਲਿਖੀਆਂ ਗਈਆਂ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁਤ੍ਰ ਹੈ ਅਤੇ ਨਾਲੇ ਪਰਤੀਤ ਕਰਕੇ ਉਹ ਦੇ ਨਾਉਂ ਥੋਂ ਜੀਉਣ ਨੂੰ ਪਾਪਤ ਹੋਵੋ॥

੨੧ ਕਾਂਡ॥ ਇਹ ਦੇ ਪਿੱਛੋਂ ਯਿਸੂ ਨੈ ਫੇਰ ਆਪਣੇ ਤਾਈਂ ਤਿਬਿਰਿਯਾਸ ਦੇ ਦਰਿਆਉ ਪੁਰ ਸਿੱਖਾਂ ਨੂੰ ਵਿਖਾਲ੍ਹਿਆ ਅਤੇ ਉਸ ਨੈ ਐਉਂ ਵਿਖਾਲ੍ਹਿਆ॥ ੨॥ ਜੋ ਸਮਊਨ ਪਤਰਸ ਅਰ ਥੂਮਾ ਜਿਹੜਾ ਦੀਦੁਮੁਸ ਕਹਾਉਂਦਾ ਹੈ ਅਰ ਨਥਨਏਲ ਜੋ ਗਲੀਲ ਦੇ ਕਾਨਾ ਦਾ ਸੀ ਅਰ ਜਬਦੀ ਦੇ ਪੁਤ੍ਰ ਅਤੇ ਉਹ ਦੇ ਸਿੱਖਾਂ ਵਿੱਚੋਂ ਹੋਰ ਦੋ ਕੱਠੇ ਸਨ॥ ੩॥ ਸਮਊਨ ਪਤਰਸ ਨੈ ਉਨ੍ਹਾਂ ਨੂੰ ਆਖਿਆ ਮੈਂ ਮੱਛੀਆਂ ਫੜਨ ਨੂੰ ਜਾਂਦਾ ਹਾਂ। ਉਨ੍ਹਾਂ ਉਸ ਨੂੰ ਕਿਹਾ ਅਸੀਂ ਬੀ ਤੇਰੇ ਨਾਲ ਚੱਲਦੇ ਹਾਂ। ਓਹ ਨਿੱਕਲ੍ਹ ਕੇ ਬੇੜੀ ਉੱਤੇ ਚੜ੍ਹੇ ਅਤੇ ਉਸ ਰਾਤ ਕੁਛ ਨਾ ਫੜਿਆ ॥੪॥ ਅਤੇ ਜਾਂ ਦਿਨ ਚੜ੍ਹਨ ਲੱਗਾ ਤਾਂ ਯਿਸੂ ਕੰਢੇ ਉੱਤੇ ਆ ਖਲੋਤਾ ਪਰ ਸਿੱਖਾਂ ਨੈ ਨਾ ਸਿਆਤਾ ਜੋ ਉਹ ਯਿਸੂ ਹੈ॥ ੫॥ ਉਪਰੰਦ ਯਿਸੂ ਨੈ ਉਨ੍ਹਾਂ ਨੂੰ ਆਖਿਆ ਹੇ ਬੱਚਿਓ ਤੁਹਾਡੇ ਕੋਲ ਕੁਛ ਖਾਣ ਨੂੰ ਹੈ। ਉਨ੍ਹਾਂ ਉਸ ਨੂੰ ਉੱਤਰ ਦਿੱਤਾ ਨਹੀਂ॥ ੬॥ ਤਾਂ ਉਸ ਨੈ ਉਨ੍ਹਾਂ ਨੂੰ ਆਖਿਆ ਬੇੜੀ ਦੇ ਸੱਜੇ ਪਾਸੇ ਜਾਲ੍ਹ ਪਾਓ ਤਾਂ ਤੁਹਾਨੂੰ ਲੱਭੂ। ਸੋ ਉਨ੍ਹਾਂ ਪਾਇਆ ਅਤੇ ਮੱਛੀਆਂ ਦੇ ਬਹੁਤ ਹੋਣ ਕਰਕੇ

Original with:
Language Department Punjab
Digitized by:
Panjab Digital Library

ਉਹਨੂੰਫੇਰਖਿੱਚਨਾਸੱਕੇ॥੭॥ਇਸਲਈਉਸਸਿੱਖਨੈਜਿਹਨੂੰਜਿਸੂਪਿਆਰਕਰਦਾਸੀਪ-
ਤਰਸਨੂੰਆਖਿਆਇਹਤਾਂਪ੍ਰਭੂਹੈ।ਸੋਜਾਂਸ਼ਮਊਨਪਤਰਸਨੈਇਹਸੁਣਿਆਜੋਉਹਪ੍ਰਭੂ
ਹੈਤਾਂਇਸਲਈਜੋਉਹਨੰਗਾਸੀਉਹਨੈਉੱਤੇਦਾਲੀੜਾਲੱਕਨਾਲਬਨਕੇਦਰਿਆਉਵਿੱਚ
ਛਾਲਮਾਰੀ॥੮॥ਪਰਹੋਰਸਿੱਖਮੱਛੀਆਂਦਾਜਾਲਖਿੱਚਦੇਹੋਏਬੇੜੀਵਿੱਚੇਆਏਕਿਉਂਕਿ
ਓਹਜ਼ਮੀਨਥੋਂਦੂਰਨਹੀਂਪਰਦੋਕੁਸੌਹੱਥਦੀਵਿੱਥਪੁਰਸੀ॥੯॥ਉਪਰੰਦਜਾਂਓਹਜ਼ਮੀਨਪੁ-
ਰਉੱਤਰੇਤਾਂਉਨ੍ਹਾਂਨੈਕੋਇਲਿਆਂਦੀਅੱਗਧਰੀਹੋਈਅਰਉਹਦੇਉੱਤੇਮੱਛੀਰੱਖੀਹੋਈਅਤੇ
ਰੋਟੀਵੇਖੀ॥੧੦॥ਯਿਸੂਨੈਤਿਨ੍ਹਾਂਨੂੰਆਖਿਆਉਨ੍ਹਾਂਮੱਛੀਆਂਵਿੱਚੋਂਲਿਆਓਜੇਹੜੀਆਂਤੁ-
ਸਾਂਹੁਣਫੜੀਆਂਹਨ॥੧੧॥ਸੋਸ਼ਮਊਨਪਤਰਸਨੈਚੜ੍ਹਕੇਉਸਜਾਲਨੂੰਜ਼ਮੀਨਪੁਰਖਿੱ-
ਚਿਆਜਿਹਦੇਵਿੱਚਇੱਕਸੌਤਿਵੰਜਾਵੱਡੀਆਂਵੱਡੀਆਂਮੱਛੀਆਂਭਰੀਆਂਹੋਇਆਂਸੀਆਂ
ਅਤੇਐਂਨੀਆਂਮੱਛੀਆਂਹੁੰਦਿਆਂਬੀਉਹਜਾਲਨਾਟੁੱਟਿਆ॥੧੨॥ਯਿਸੂਨੈਉਨ੍ਹਾਂਨੂੰਆ-
ਖਿਆਆਓਭੋਜਨਛੱਕੋ।ਅਤੇਸਿੱਖਾਂਵਿੱਚੋਂਕਿਸੇਦਾਹੀਆਨਾਪਿਆਜੋਉਹਨੂੰਪੁੱਛੇਤੂੰਕੌ
ਣਹੈਂਕਿਉਂਕਿਓਹਜਾਣਦੇਸਨਭਈਇਹਪ੍ਰਭੂਹੈ॥੧੩॥ਯਿਸੂਆਇਆਅਤੇਰੋਟੀਲੈਕੇ
ਉਨ੍ਹਾਂਨੂੰਦਿੱਤੀਅਤੇਮੱਛੀਬੀ॥੧੪॥ਇਹਤੀਜੀਵਾਰਸੀਜੋਯਿਸੂਨੈਮੁਰਦਿਆਂਵਿੱਚੋਂਜੀ
ਉੱਠਕੇਸਿੱਖਾਂਨੂੰਆਪਣਾਦਰਸਣਦਿੱਤਾ॥ ॥੧੫॥ਸੋਜਾਂਓਹਖਾਹਟੇਤਾਂਯਿਸੂ
ਨੈਸ਼ਮਊਨਪਤਰਸਨੂੰਕਿਹਾਹੇਸ਼ਮਊਨਯੂਹੱਨਾਦੇਪੁਤ੍ਰਕੀਤੂੰਮੈਨੂੰਇਨ੍ਹਾਂਨਾਲੋਂਵੱਧਪਿਆਰ

Original with:
Language Department Punjab
Digitized by:
Panjab Digital Library

ਕਰਦਾਹੈਂ।ਓਨਓਸ ਨੂੰ ਆਖਿਆ ਹਾਂ ਪ੍ਰਭੂ ਜੀ ਤੂੰ ਜਾਣਦਾ ਹੈਂ ਜੋ ਮੈਂ ਤੇਰੇ ਨਾਲ੍ਹ ਸਨੇਹ ਕਰਦਾ ਹਾਂ।
ਓਨਓਸ ਨੂੰ ਕਿਹਾ ਮੇਰੇ ਲੇਲ੍ਹਿਆਂ ਨੂੰ ਚਾਰ॥੧੬॥ਓਸ ਨੈ ਫੇਰ ਦੂਜੀ ਵਾਰ ਉਹ ਨੂੰ ਕਿਹਾ ਹੇ ਸ਼ਮਊਨ
ਨ ਯੂਹੱਨਾ ਦੇ ਪੁਤ੍ਰ ਕੀ ਤੂੰ ਮੈਂ ਨੂੰ ਪਿਆਰ ਕਰਦਾ ਹੈਂ। ਓਨਓਸ ਨੂੰ ਆਖਿਆ ਹਾਂ ਪ੍ਰਭੂ ਜੀ ਤੂੰ ਜਾਣਦਾ
ਹੈਂ ਜੋ ਮੈਂ ਤੇਰੇ ਨਾਲ੍ਹ ਸਨੇਹ ਕਰਦਾ ਹਾਂ। ਉਸ ਨੈ ਉਹ ਨੂੰ ਕਿਹਾ ਮੇਰੀਆਂ ਭੇਡਾਂ ਦੀ ਰੱਛਿਆ ਕਰ॥੧੭
॥ਉਸ ਨੈ ਤੀਜੀ ਵਾਰ ਉਹ ਨੂੰ ਕਿਹਾ ਹੇ ਸ਼ਮਊਨ ਯੂਹੱਨਾ ਦੇ ਪੁਤ੍ਰ ਕੀ ਤੂੰ ਮੇਰੇ ਨਾਲ੍ਹ ਸਨੇਹ ਕਰਦਾ ਹੈਂ
।ਪਤਰਸ ਉਦਾਸ ਹੋਇਆ ਇਸ ਲਈ ਜੋ ਉਹ ਨੈ ਤੀਜੀ ਵਾਰ ਉਸ ਨੂੰ ਕਿਹਾ ਕੀ ਤੂੰ ਮੇਰੇ ਨਾਲ੍ਹ ਸਨੇ
ਹ ਕਰਦਾ ਹੈਂ। ਅਤੇ ਉਹ ਨੂੰ ਆਖਿ ਓਸ ਪ੍ਰਭੂ ਜੀ ਤੂੰ ਤਾਂ ਸਭ ਜਾਣੀ ਜਾਣ ਹੈਂ। ਤੈ ਨੂੰ ਮਲੂਮ ਹੈ ਜੋ ਮੈਂ
ਤੇਰੇ ਨਾਲ੍ਹ ਸਨੇਹ ਕਰਦਾ ਹਾਂ। ਯਿਸੂ ਨੈ ਉਹ ਨੂੰ ਆਖਿਆ ਮੇਰੀਆਂ ਭੇਡਾਂ ਨੂੰ ਚਾਰ॥੧੮॥ਮੈਂ ਤੈ ਨੂੰ ਸੱ
ਚ ਸੱਚ ਆਖਦਾ ਹਾਂ ਕਿ ਜਾਂ ਤੂੰ ਜੁਆਨ ਸੀ ਤਾਂ ਆਪਣਾ ਲੱਕ ਬੰਨ੍ਹ ਕੇ ਜਿੱਥੇ ਤੇਰਾ ਜੀ ਕਰਦਾ ਸੀ ਤੂੰ
ਓੱਥੇ ਜਾਂਦਾ ਸੀ। ਪਰ ਜਾਂ ਤੂੰ ਬੁੱਢਾ ਹੋਵੇਂਗਾ ਤਾਂ ਆਪਣੇ ਹੱਥ ਲੰਮੇ ਕਰੇਂਗਾ ਅਤੇ ਕੋਈ ਹੋਰ ਤੇਰਾ ਲੱਕ
ਬੰਨ੍ਹੂ ਅਰ ਜਿੱਥੇ ਤੇਰਾ ਜੀ ਨਾ ਕਰੇ ਓੱਥੇ ਤੈ ਨੂੰ ਲੈ ਜਾਊ॥੧੮॥ਉਹ ਨੈ ਇਹ ਗੱਲ ਇਸ ਲਈ ਆਖੀ
ਭਈ ਪਤਾ ਦੇਵੇ ਜੋ ਉਹ ਕਿਹੜੀ ਮੌਤ ਨਾਲ੍ਹ ਪਰਮੇਸ੍ਵਰ ਦੀ ਵਡ੍ਹਿਆਈ ਪਰਗਟ ਕਰੂ। ਅਰ ਇਹ
ਕਹਿ ਕੇ ਉਹ ਨੂੰ ਆਖਿਆ ਮੇਰੇ ਮਗਰ ਹੋ ਤੁਰ॥੧੯॥ਪਤਰਸ ਨੈ ਫਿਰ ਕੇ ਉਸ ਸਿੱਖ ਨੂੰ ਮਗਰ
ਆਉਂਦਾ ਵੇਖਿਆ ਜਿਹ ਨੂੰ ਯਿਸੂ ਪਿਆਰ ਕਰਦਾ ਸੀ ਅਤੇ ਜਿਹ ਨੈ ਰਾਤ ਦੇ ਖਾਣੇ ਦੇ ਵੇਲੇ ਉਹ
ਦੀ ਛਾਤੀ ਉੱਤੇ ਢਾਸਣਾ ਲਾਇਆ ਹੋਇਆ ਆਖਿਆ ਸੀ ਕਿ ਪ੍ਰਭੂ ਜੀ ਉਹ ਕੌਣ ਹੈ ਜੋ ਤੈ ਨੂੰ ਫੜ੍ਹ-

Original with:
Language Department Punjab
Digitized by:
Panjab Digital Library

ਵਾਉਂਦਾ ਹੈ॥੨੧॥ ਸੋ ਉਹ ਨੂੰ ਵੇਖਕੇ ਪਤਰਸ ਨੈ ਯਿਸੂ ਨੂੰ ਕਿਹਾ ਪ੍ਰਭੂ ਜੀ ਐਸ ਮਨੁੱਖ ਦਾ ਕੀ ਹੋਊ ॥੨੨॥ ਯਿਸੂ ਨੈ ਉਹ ਨੂੰ ਕਿਹਾ ਜੇ ਮੈਂ ਚਾਹਾਂ ਜੋ ਉਹ ਮੇਰੇ ਆਉਣ ਤੀਕੁ ਠਹਿਰੇ ਤਾਂ ਤੈ ਨੂੰ ਕੀ। ਤੂੰ ਮੇਰੇ ਮਗਰ ਹੋ ਤੁਰ॥੨੩॥ ਉਪਰੰਦ ਭਾਈਆਂ ਵਿੱਚ ਇਹ ਬਾਤ ਖਿੰਡ ਗਈ ਭਈ ਉਹ ਸਿੱਖ ਨਾ ਮਰੂ। ਪਰ ਯਿਸੂ ਨੈ ਉਹ ਨੂੰ ਇਹ ਨਹੀਂ ਆਖਿਆ ਸੀ ਭਈ ਉਹ ਨਾ ਮਰੂ ਪਰ ਇਹ ਕਿ ਜੇ ਮੈਂ ਚਾਹਾਂ ਜੋ ਉਹ ਮੇਰੇ ਆਉਣ ਤੀਕੁ ਠਹਿਰੇ ਤਾਂ ਤੈ ਨੂੰ ਕੀ॥ ॥੨੪॥ ਇਹ ਉਹੋ ਸਿੱਖ ਹੈ ਜਿਹੜਾ ਇਨਾਂ ਗੱਲਾਂ ਦੀ ਸਾਖੀ ਦਿੰਦਾ ਹੈ ਅਰ ਜਿਨ ਏਹ ਗੱਲਾਂ ਲਿਖੀਆਂ। ਅਤੇ ਅਸੀਂ ਜਾਣਦੇ ਹਾਂ ਜੋ ਉਹਦੀ ਸਾਖੀ ਸੱਚੀ ਹੈ॥ ॥੨੫॥ ਅਤੇ ਹੋਰ ਬੀ ਢੇਰ ਸਾਰੇ ਕੰਮ ਹਨ ਜੇਹੜੇ ਯਿਸੂ ਨੈ ਕੀਤੇ। ਜੇ ਓਹ ਸੱਭੇ ਇੱਕ ਇੱਕ ਕਰਕੇ ਲਿਖੇ ਜਾਂਦੇ ਤਾਂ ਮੈਂ ਸਮਝਦਾ ਹਾਂ ਭਈ ਜੇਹੜੇ ਗ੍ਰੰਥ ਲਿਖੇ ਜਾਂਦੇ ਓਹ ਜਗਤ ਵਿੱਚ ਥੀਨਾ ਸਮਾਉਂਦੇ॥

Original with:
Language Department Punjab
Digitized by:
Panjab Digital Library

ਇੰਜੀਲ ਵਿੱਚੋਂ
ਰਸੂਲਾਂ ਦੇ ਕਰਤੱਬਾਂ ਦੀ ਪੋਥੀ

Original Text:
Language Department Punjab
Digitized by:
Panjab Digital Library

THE ACTS OF THE APOSTLES.

(GURUMUKKI.)

Original with:
Language Department Punjab
Digitized by:
Panjab Digital Library

ਰਸੂਲਾਂ ਦੇ ਕਰਤੱਬ

੧ ਕਾਂਡ ॥ ਹੇ ਥਿਉਫਿਲੁਸ ਮੈਂ ਉਹ ਪਹਿਲੀ ਪੋਥੀ ਉਨ੍ਹਾਂ ਸਾਰੀਆਂ ਗੱਲਾਂ ਦੀ ਬਾਬਤ ਉ-
ਚਰੀ ਜੋ ਯਿਸੂ ਕਰਨ ਅਤੇ ਸਿਖਾਉਣ ਲੱਗਾ ॥੨॥ ਉਸ ਦਿਨ ਤੀਕੁਰ
ਕਿ ਉਹ ਉਨ੍ਹਾਂ ਰਸੂਲਾਂ ਨੂੰ ਜੋ ਉਸ ਨੇ ਚੁਣੇ ਸਨ ਪਵਿੱਤ੍ਰ ਆਤਮਾ ਦੀ ਰਾਹੀਂ ਹੁਕਮ ਦੇ ਕੇ ਉੱ-
ਪਰ ਉਠਾ ਲਿਆ ਗਿਆ ॥੩॥ ਉਸ ਨੇ ਆਪਣੇ ਦੁਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ
ਬਹੁਤਿਆਂ ਪਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ ਕਿ ਉਹ ਚਾਹਲੀਆਂ ਦਿਨਾਂ ਤੀਕੁ ਉਨ੍ਹਾ
ਨੂੰ ਦਰਸਣ ਦਿੰਦਾ ਅਤੇ ਪਰਮੇਸੁਰ ਦੇ ਰਾਜ ਦੀਆਂ ਗੱਲਾਂ ਕਰਦਾ ਰਿਹਾ ॥੪॥ ਅਰ ਉਨ੍ਹਾਂ
ਦੇ ਨਾਲ ਕੱਠੇ ਹੋ ਕੇ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ ਯਰੂਸਲੀਮ ਥੋਂ ਬਾਹਰ ਨਾ ਜਾਓ ਪਰ ਪਿ-
ਤਾ ਦੇ ਉਸ ਕਰਾਰ ਦੀ ਉਡੀਕ ਵਿੱਚ ਰਹੋ ਜਿਹ ਦੀ ਬਾਬਤ ਤੁਸਾਂ ਮੈਥੋਂ ਸੁਣਿਆ ॥੫॥ ਕਿਉ ਜੋ
ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਥੋੜੇ ਦਿਨਾਂ ਪਿੱਛੋਂ ਤੁਹਾ ਨੂੰ ਪਵਿੱਤ੍ਰ ਆਤ-

Original with
Language Department Punjab
Digitized by
Panjab Digital Library

ਮਾ ਨਾਲ ਬਪਤਿਸਮਾ ਦਿੱਤਾ ਜਾਊ॥ ॥੬॥ ਉਪਰੰਦ ਜਾਂ ਓਹ ਕੱਠੇ ਹੋਏ ਤਾਂ ਉਨਾਂ ਉ-
ਸ ਥੋਂ ਪੁੱਛਿਆ ਕਿ ਪ੍ਰਭੂ ਜੀ ਕੀ ਤੂੰ ਐਸ ਵੇਲੇ ਇਸਰਾਈਲ ਦਾ ਰਾਜ ਬਹਾਲ ਕਰਦਾ ਹੈਂ॥ ੭॥
ਉਸ ਨੇ ਉਨਾਂ ਨੂੰ ਆਖਿਆ ਤੁਹਾਡਾ ਕੰਮ ਨਹੀਂ ਭਈ ਉਨਾਂ ਸਮਿਆਂ ਅਤੇ ਵੇਲਿਆਂ ਨੂੰ ਜਾਣੋਂ
ਜੋ ਪਿਤਾ ਨੇ ਆਪਣੇ ਵੱਸ ਵਿੱਚ ਰੱਖੇ ਹਨ॥ ੮॥ ਪਰ ਜਾਂ ਪਵਿਤ੍ਰ ਆਤਮਾ ਤੁਹਾਡੇ ਉੱਪਰ ਆ-
ਊ ਤਾਂ ਤੁਸੀਂ ਸਕਤਿ ਪਾਓਗੇ ਅਤੇ ਯਰੂਸਲੀਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ
ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਸਾਖੀ ਹੋਵੋਗੇ॥ ੯॥ ਅਰ ਜਾਂ ਉਹ ਏਹ ਗੱਲਾਂ ਕਹਿ
ਹਟਿਆ ਤਾਂ ਉਨਾਂ ਦੇ ਵੇਖਦਿਆਂ ਹੀ ਉਹ ਉੱਪਰ ਉਠਾਇਆ ਗਿਆ ਅਤੇ ਬੱਦਲੀ ਨੇ ਉ-
ਸ ਨੂੰ ਉਨਾਂ ਦੀ ਨਜ਼ਰੋਂ ਓਹਲੇ ਕਰ ਦਿੱਤਾ॥ ੧੦॥ ਅਰ ਉਹ ਦੇ ਜਾਂਦਿਆਂ ਹੋਇਆਂ ਜਾਂ ਓਹ
ਅਕਾਸ ਦੀ ਵਲ ਤੱਕ ਰਹੇ ਸਨ ਵੇਖੋ ਦੋ ਮਨੁੱਖ ਚਿੱਟਾ ਪਹਿਰਾਵਾ ਪਹਿਨੀਂ ਉਨਾਂ ਦੇ ਕੋਲ
ਖਲੋਤੇ ਸਨ॥ ੧੧॥ ਅਤੇ ਓਹ ਆਖਣ ਲੱਗੇ ਹੇ ਗਲੀਲੀ ਲੋਕੋ ਤੁਸੀਂ ਕਿਉ ਖੜੇ ਅਕਾ-
ਸ ਦੀ ਵਲ ਵੇਖਦੇ ਹੋਂ ਇਹ ਯਿਸੂ ਜਿਹੜਾ ਤੁਹਾਡੇ ਕੋਲੋਂ ਅਕਾਸ ਉੱਪਰ ਉਠਾ ਲਿਆ ਗਿ-
ਆ ਓਸੇ ਤਰਾਂ ਆਊਗਾ ਜਿਸ ਤਰਾਂ ਤੁਸਾਂ ਉਹ ਨੂੰ ਅਕਾਸ ਉੱਤੇ ਜਾਂਦੇ ਵੇਖਿਆ॥

॥੧੨॥ ਤਦ ਓਹ ਉਸ ਪਹਾੜ ਥੋਂ ਜਿਹੜਾ ਜੈਤੂਨ ਦਾ ਸੱਦੀਦਾ ਹੈ ਅਤੇ ਯਰੂਸਲੀਮ ਦੇ
ਨੇੜੇ ਇੱਕ ਸਬਤ ਦੇ ਦਿਨ ਦੀ ਵਾਟ ਹੈ ਯਰੂਸਲੀਮ ਨੂੰ ਮੁੜੇ॥ ੧੩॥ ਅਰ ਜਾਂ ਪਹੁੰਚੇ ਤਾਂ ਉ-
ਸ ਚੁਬਾਰੇ ਉੱਤੇ ਚੜ੍ਹ ਗਏ ਜਿੱਥੇ ਓਹ ਟਿਕਦੇ ਸਨ ਅਰਥਾਤ ਪਤਰਸ ਅਰ ਯੂਹੰਨਾ ਅਰ ਯ

Original with:
Language Department Punjab
Digitized by:
Panjab Digital Library

ਕੂਬ ਅਰ ਅੰਦਰਿਯਾਸ ਅਰ ਫੈਲਬੂਸ ਅਰ ਥੂਮਾ ਅਰ ਬਰਤੁਲਮਾ ਅਰ ਮੱਤੀ ਅਰ ਹਲ-
ਫਾ ਦਾ ਪੁੱਤ ਯਾਕੂਬ ਅਰ ਸ਼ਮਊਨ ਜੇਲੋਤੇਸ ਅਰ ਯਾਕੂਬ ਦਾ ਪੁੱਤ ਯਹੂਦਾ ॥੧੪॥ ਏਹ ਸਭ
ਇੱਕ ਮਨ ਹੋਕੇ ਤੀਮੀਆਂ ਅਤੇ ਯਿਸੂ ਦੀ ਮਾਂ ਮਰਿਯਮ ਅਤੇ ਉਹ ਦੇ ਭਾਈਆਂ ਦੇ ਨਾਲ ਲ-
ਗਾਤਾਰ ਪ੍ਰਾਰਥਨਾ ਕਰਦੇ ਰਹੇ ॥ ॥੧੫॥ ਅਤੇ ਉਨ੍ਹੀਂ ਦਿਨੀਂ ਪਤਰਸ ਭਾਈਆਂ
ਦੇ ਵਿਚਕਾਰ ਜੋ ਸਾਰੇ ਮਿਲਕੇ ਕੋਈ ਇੱਕ ਸੌ ਵੀਹ ਕੁ ਕੱਠੇ ਹੋਏ ਸਨ ਖੜੋਕੇ ਬੋਲਿਆ ॥੧੬
॥ ਹੇ ਭਾਈਓ ਜ਼ਰੂਰ ਸੀ ਕਿ ਉਹ ਲਿਖਤ ਪੂਰੀ ਹੋਵੇ ਜੋ ਪਵਿੱਤ੍ਰ ਆਤਮਾ ਨੇ ਦਾਊਦ ਦੀ ਜ਼ਬ ੦
ਨੀ ਯਹੂਦਾ ਦੀ ਬਾਬਤ ਜਿਹੜਾ ਯਿਸੂ ਦੇ ਫੜਵਾਉਣਵਾਲਿਆਂ ਦਾ ਆਗੂ ਹੋਇਆ ਅਰ
ਤੀ ਆਖੀ ॥੧੭॥ ਕਿਉਂ ਜੋ ਉਹ ਸਾਡੇ ਵਿੱਚ ਗਿਣਿਆ ਗਿਆ ਅਰ ਉਹ ਨੇ ਇਸ ਸੇਵਾ ਦਾ ਅ
ਧਿਕਾਰ ਪਾਇਆ ਸੀ ॥੧੮॥ ਸੋ ਉਸ ਨੇ ਕੁਧਰਮ ਦੀ ਮਜ਼ੂਰੀ ਨਾਲ ਇੱਕ ਖੇਤ ਮੁੱਲ ਲਿਆ ੦
ਅਰ ਮੂਹੁੰ ਦੇ ਮੂੰਹ ਡਿਗਿਆ ਅਤੇ ਉਹ ਦਾ ਪੇਟ ਫੱਟ ਗਿਆ ਅਰ ਉਹ ਦੀਆਂ ਸਾਰੀਆਂ
ਆਂਦਰਾਂ ਨਿੱਕਲ ਪਈਆਂ ॥੧੯॥ ਅਤੇ ਇਹ ਸਾਰੇ ਯਰੂਸ਼ਲੀਮ ਦੇ ਰਹਿਣਵਾਲਿਆਂ ਉੱਤੇ
ਉਜਾਗਰ ਹੋਇਆ ਐਂਥੋਂ ਤੀਕੁ ਜੋ ਉਨ੍ਹਾਂ ਦੀ ਭਾਖਿਆ ਵਿੱਚ ਉਸ ਖੇਤ ਦਾ ਨਾਉਂ ਅਕਲਦ
ਮਾ ਅਰਥਾਤ ਲਹੂ ਦਾ ਖੇਤ ਪੈ ਗਿਆ ॥੨੦॥ ਕਿਉਂਕਿ ਜ਼ਬੂਰ ਦੇ ਪੁਸਤਕ ਵਿੱਚ ਲਿਖਿਆ ੦
ਹੈ ਭਈ ਉਹ ਦਾ ਘਰ ਉੱਜੜ ਜਾਵੇ ਅਰ ਉਹ ਦੇ ਵਿੱਚ ਕੋਈ ਵਸਣਵਾਲਾ ਨਾ ਰਹੇ ਅਤੇ ਇ
ਹ ਕਿ ਉਹ ਦਾ ਹੁੰਦਾ ਕੋਈ ਹੋਰ ਲਵੇ ॥੨੧॥ ਪਰੰਤੁ ਇਨ੍ਹਾਂ ਲੋਕਾਂ ਵਿੱਚੋਂ ਜੇਹੜੇ ਹਰ ਵੇਲੇ ਸਾਡੇ

Original with:
Language Department Punjab
Digitized by:
Panjab Digital Library

ਸੰਗ ਰਹੇ ਜਾਂ ਪ੍ਰਭੂ ਯਿਸੂ ਸਾਡੇ ਵਿੱਚ ਆਇਆ ਜਾਇਆ ਕਰਦਾ ਸੀ ॥ ੨ ੨ ॥ ਯੂਹੰਨਾ ਦੇ ਬਪ
ਤਿਸਮਾ ਥੋਂ ਲਾ ਕੇ ਉਸ ਦਿਨ ਤੀਕੁਰ ਕਿ ਉਹ ਸਾਡੇ ਪਾਸੋਂ ਉੱਪਰ ਉਠਾਇਆ ਗਿਆ ਚਾਹੀਦਾ ਹੈ
ਕਿ ਇਨਾਂ ਵਿੱਚੋਂ ਇੱਕ ਸਾਡੇ ਨਾਲ ਉਹ ਦੇ ਜੀ ਉੱਠਣ ਦਾ ਸਾਖੀ ਹੋਵੇ ॥ ੨ ੩ ॥ ਤਦ ਉਨਾਂ ਨੇ ਦੋਹੁੰ ਨੂੰ
ਖੜਾ ਕੀਤਾ ਇੱਕ ਯੂਸੁਫ ਜਿਹੜਾ ਬਰਸੱਬਾਸ ਕਹਾਉਂਦਾ ਸੀ ਜਿਹ ਦਾ ਉਪਨਾਮ ਯੂਸਤੁਸ ਸੀ
ਦੂਜਾ ਮੱਥਿਯਾਸ ॥ ੨ ੪ ॥ ਅਰ ਪ੍ਰਾਰਥਨਾ ਕਰਕੇ ਆਖਿਆ ਕਿ ਹੇ ਪ੍ਰਭੂ ਤੂੰ ਜੋ ਸਭਨਾਂ ਦਾ ਅੰ-
ਤਰਜਾਮੀ ਹੈਂ ਵਿਖਾਲ ਕਿ ਇਨਾਂ ਦੋਹਾਂ ਵਿੱਚੋਂ ਤੈਂ ਕਿਹ ਨੂੰ ਚੁਣਿਆ ਹੈ ॥ ੨ ੫ ॥ ਜੋ ਇਸ ਸੇਵਾ ਅ
ਤੇ ਰਸੂਲਪੁਣੇ ਦੀ ਉਹ ਜਾਗਾ ਲਵੇ ਜਿਸ ਥੋਂ ਯਹੂਦਾ ਡਿਗਿਆ ਭਈ ਉਹ ਆਪਣੀ ਨਿਜ ਥਾਂ
ਨੂੰ ਜਾਵੇ ॥ ੨ ੬ ॥ ਅਤੇ ਉਨਾਂ ਨੇ ਤਿਨਾਂ ਦੀ ਲਈ ਚਿੱਠੀਆਂ ਪਾਈਆਂ ਅਰ ਚਿੱਠੀ ਮੱਥਿਯਾਸ
ਦੇ ਨਾਉਂ ਦੀ ਨਿੱਕਲੀ। ਤਦ ਉਹ ਉਨਾਂ ਗਿਆਰਾਂ ਰਸੂਲਾਂ ਨਾਲ ਗਿਣਿਆ ਗਿਆ ॥

੨ ਕਾਂਡ ॥

ਅਤੇ ਜਾਂ ਪੰਤੇਕੁਸਤ ਦਾ ਦਿਨ ਆਇਆ ਓਹ ਸਭ ਇੱਕ ਥਾਂ ਕੱਠੇ ਸਨ ॥ ੨ ॥ ਅ
ਚਾਣਕ ਅਕਾਸ ਥੋਂ ਇੱਕ ਵੱਡੀ ਜ ਆਈ ਜਿਹੀ ਵੱਡੀ ਭਾਰੀ ਅਨੇਰੀ ਦੇ ਵ
ਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿੱਥੇ ਓਹ ਬੈਠੇ ਸਨ ਭਰ ਗਿਆ ॥ ੩ ॥ ਅਰ
ਉਨਾਂ ਨੂੰ ਅੱਗ ਜੇਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ
ਉਹ ਉਨਾਂ ਵਿੱਚੋਂ ਹਰੇਕ ਉੱਪਰ ਠਹਿਰੀ ॥ ੪ ॥ ਤਦ ਓਹ ਸਭੇ ਪਵਿੱਤ੍ਰ ਆਤਮਾ ਨਾਲ ਭਰ ਗਏ
ਅਤੇ ਹੋਰ ਬੋਲੀਆਂ ਬੋਲਣ ਲੱਗ ਪਏ ਜਿਹਾ ਕੁ ਆਤਮਾ ਨੇ ਉਨਾਂ ਥੋਂ ਬੁਲਾਇਆ ॥

Original with:
Language Department Punjab
Digitized by:
Panjab Digital Library

॥੫॥ਅਰ ਹਰੇਕ ਦੇਸ ਵਿੱਚੋਂ ਜੋ ਅਕਾਸ ਦੇ ਹੇਠ ਹੈ ਯਹੂਦੀ ਭਗਤ ਲੋਕ ਯਰੂਸ-
ਲੀਮ ਵਿੱਚ ਆ ਰਹੇ ਸਨ॥੬॥ਸੋ ਜਾਂ ਇਹ ਅਵਾਜ ਆਈ ਤਾਂ ਭੀੜ ਲੱਗ ਗਾਈ ਅਤੇ ਲੋ-
ਕ ਹੱਕੇ ਬੱਕੇ ਰਹਿ ਗਏ ਕਿਉਂ ਜੋ ਹਰੇਕ ਨੇ ਉਨਾਂ ਨੂੰ ਆਪਣੀ ਆਪਣੀ ਬੋਲੀ ਬੋਲਦੇ ਸੁਣਿਆ
॥੭॥ਅਤੇ ਸੱਭੋ ਅਚਰਜ ਰਹਿ ਗਏ ਅਰ ਅਚੰਭਾ ਕਰਕੇ ਕਹਿਣ ਲੱਗੇ ਵੇਖੋ ਏਹ ਸਭ ਜੋ
ਹੜੇ ਬੋਲਦੇ ਹਨ ਕੀ ਗਲੀਲੀ ਨਹੀਂ॥੮॥ਫੇਰ ਕਿੱਕੁਰ ਹਰੈਕ ਸਾਡੇ ਵਿੱਚੋਂ ਆਪੋ ਆਪਣੀ
ਜਨਮਭੂਮ ਦੀ ਭਾਖਿਆ ਸੁਣਦਾ ਹੈ॥੯॥ਅਸੀਂ ਜੋ ਹੜੇ ਪਾਰਥੀ ਅਰ ਮੇਦੀ ਅਰ ਇਲ
ਮੀ ਲੋਕ ਹਾਂ ਅਤੇ ਮਸੁਪੁਤਾਮਿਯਾ ਅਤੇ ਯਹੂਦਿਯਾ ਅਰ ਕੱਪਦੁਕਿਯਾ ਅਰ ਪੁੰਤੁਸ ਅਸਿ-
ਯਾ॥੧੦॥ਫਰੁਗਿਯਾ ਅਰ ਪਮਫੁਲਿਯਾ ਅਰ ਮਿਸਰ ਅਰ ਲਿਬਿਯਾ ਦੇ ਉਸ ਹਿੱਸੇ ਦੇ ਰ
ਹਿਣ ਵਾਲੇ ਹਾਂ ਜੋ ਕੁਰੇਨੇ ਦੇ ਲਾਗੇ ਹੈ ਅਰ ਜੇਹੜੇ ਰੂਮੀ ਮੁਸਾਫਰ ਕਿਆ ਯਹੂਦੀ ਕਿਆ ਯ-
ਹੂਦੀ ਮੁਰੀਦ॥੧੧॥ਅਤੇ ਕਰੇਤੀ ਅਤੇ ਅਰਬੀ ਹਾਂ ਗੇ ਉਨਾਂ ਨੂੰ ਆਪਣੀ ਆਪਣੀ ਭਾ-
ਖਿਆ ਵਿੱਚ ਪਰਮੇਸੁਰ ਦੇ ਵੱਡੇ ਵੱਡੇ ਕੰਮਾਂ ਦਾ ਬਖਾਣ ਕਰਦਿਆਂ ਸੁਣਦੇ ਹਾਂ॥੧੨॥ਅ-
ਤੇ ਸੱਭੋ ਅਚਰਜ ਰਹਿ ਗਏ ਅਤੇ ਦੁਬਧਾ ਵਿੱਚ ਪੈਕੇ ਇੱਕ ਦੂਏ ਨੂੰ ਆਖਣ ਲੱਗੇ ਕਿ ਇਹ
ਕੀ ਹੋਇਆ ਚਾਹੁੰਦਾ ਹੈ॥੧੩॥ਹੋਰਨਾਂ ਮਖੌਲ ਨਾਲ ਕਿਹਾ ਭਈ ਏਹ ਨਵੀਂ ਸਰਾਬ ਦੇ ਨ
ਸ਼ੇ ਵਿੱਚ ਹਨ॥ ॥੧੪॥ਤਦ ਪਤਰਸ ਉਨਾਂ ਗਿਆਰਾਂ ਦੇ ਨਾਲ ਖੜੋਕੇ ਉੱਚੀ
ਅਵਾਜ ਨਾਲ ਆਖਣ ਲੱਗਾ ਕਿ ਹੇ ਯਹੂਦੀਓ ਅਤੇ ਯਰੂਸਲੀਮ ਦੇ ਸਭ ਰਹਿਣ ਵਾ-

Original with:
Language Department Punjab
Digitized by:
Panjab Digital Library

ਲਿਖ ਇਹ ਗੱਲਾਂ ਅਤੇ ਕੰਨ ਲਾ ਕੇ ਮੇਰੀਆਂ ਗੱਲਾਂ ਸੁਣੋ ॥੧੫॥ ਕਿਉਂ ਜੋ ਤੁਸੀਂ ਸਮਝਦੇ ਹੋ ਜੋ ਇਹ ਨਸ਼ੇ ਵਿੱਚ ਨਹੀਂ ਕਿਉਂ ਜੋ ਪਹਿਰ ਦਿਨ ਚੜ੍ਹਿਆ ਹੈ ॥੧੬॥ ਪਰ ਇਹ ਉਹ ਗੱਲ ਹੈ ਜੋ ਯੋਏਲ ਪੈਕੰਬਰ ਦੀ ਜ਼ਬਾਨੀ ਕਹੀ ਗਈ ਸੀ ॥੧੭॥ ਕਿ ਪਰਮੇਸ਼ੁਰ ਆਖਦਾ ਹੈ ਅੰਤ ਦਿਆਂ ਦਿਨਾਂ ਵਿੱਚ ਮੈਂ ਉਂ ਹੋਊਗਾ ਜੋ ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸਰੀਰਾਂ ਉੱਤੇ ਪਾਵਾਂਗਾ ੦ ਅਤੇ ਤੁਹਾਡੇ ਪੁੱਤ ਅਤੇ ਤੁਹਾਡੀਆਂ ਧੀਆਂ ਅਗਮਵਾਕ ਕਰਨਗੀਆਂ ਅਰ ਤੁਹਾਡੇ ਜੁਆ ੦ ਨ ਦਰਸ਼ਣ ਵੇਖਣਗੇ ਅਤੇ ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ ॥੧੮॥ ਅਤੇ ਮੈਂ ਆਪਣੇ ਦਾਸਾਂ ਅਤੇ ਆਪਣੀਆਂ ਦਾਸੀਆਂ ਉੱਤੇ ਉਨ੍ਹੀਂ ਦਿਨੀਂ ਆਪਣੇ ਆਤਮਾ ਵਿੱਚੋਂ ਪਾਵਾਂਗਾ ਅਰ ਓ ਅਗਮਵਾਕ ਕਰਨਗੇ ॥੧੯॥ ਅਤੇ ਮੈਂ ਉਤਾਹਾਂ ਅਕਾਸ਼ ਵਿੱਚ ਅਚੰਭੇ ਅਰ ਹਿਠਾਹਾਂ ਧਰਤੀ ਪੁਰ ਨਸ਼ਾਨੀਆਂ ਅਰਥਾਤ ਲਹੂ ਅਤੇ ਅਗਨ ਅਤੇ ਧੂਏਂ ਦੇ ਬੱਦਲ ਵਿਖਾਵਾਂਗਾ ੦ ॥੨੦॥ ਪ੍ਰਭੁ ਦੇ ਵੱਡੇ ਅਤੇ ਪ੍ਰਸਿੱਧ ਦਿਨ ਦੇ ਆਉਣ ਥੋਂ ਪਹਿਲਾਂ ਸੂਰਜ ਅਨ੍ਹੇਰਾ ਅਤੇ ਚੰਦ ਲਹੂ ਹੋ ਜਾਊਗਾ ॥੨੧॥ ਅਤੇ ਐਉਂ ਹੋਊਗਾ ਕਿ ਹਰੇਕ ਜਿਹੜਾ ਪ੍ਰਭੁ ਦਾ ਨਾਉਂ ਲਵੇਗਾ ਮੁਕਤਿ ਪਾਊ ॥੨੨॥ ਹੇ ਇਸਰਾਈਲੀਓ ਏਹ ਗੱਲਾਂ ਸੁਣੋ ਕਿ ਯਿਸੂ ਨਾਸਰੀ ਇੱਕ ਮਨੁੱਖ ਸੀ ਜਿਹ ਦੇ ਸੱਤ ਹੋਣ ਦਾ ਪ੍ਰਮਾਣ ਪਰਮੇਸ਼ੁਰ ਦੀ ਵੱਲੋਂ ਉਨ੍ਹਾਂ ਕਰਾਮਾਤਾਂ ਅਤੇ ਅਚੰਭਿਆਂ ਅਤੇ ਨਸ਼ਾਨੀਆਂ ਨਾਲ ਤੁਹਾ ਨੂੰ ਦਿੱਤਾ ਗਿਆ ਜੋ ਪਰਮੇਸ਼ੁਰ ਨੇ ਉਹ ਦੇ ਹੱਥੀਂ ਤੁਹਾਡੇ ਵਿੱਚ ਵਿਖਾਲੀਆਂ ਜਿਹਾ ਕੁ ਤੁਸੀਂ ਆਪ ਜਾਣਦੇ ਹੋ ॥੨੩॥ ਉਸੇ ਨੂੰ ਜਦ ਪਰਮੇਸ਼ੁਰ ਦੀ ਠਹਰਾਈ ਹੋਈ ਮੱਤ ਅਤੇ ਅਗੀ

Original with:
Language Department Punjab
Digitized by:
Panjab Digital Library

ਮਰਿਆਨ ਦੇ ਅਨੁਸਾਰ ਹਵਾਲੇ ਕੀਤਾ ਗਿਆ ਤੁਸਾਂ ਬੁਰਿਆਰਾਂ ਦੇ ਹੱਥੀਂ ਕਿੱਲਾਂ ਠੁਕਵ
ਕੇ ਮਰਵਾ ਦਿੱਤਾ ॥ ੨੪ ॥ ਓਸੇ ਨੂੰ ਪਰਮੇਸ਼ੁਰ ਨੈ ਕਾਲ਼ ਦੇ ਬੀਧਨ ਖੋਲ੍ਹ ਕੇ ਜੁਆਲ਼ਿਆ ਕਿਉਂ ਜੋ
ਇਹ ਅਣਹੋਣਾ ਸੀ ਕਿ ਉਹ ਉਸ ਦੇ ਵੱਸ ਵਿੱਚ ਰਹੇ ॥ ੨੫ ॥ ਇਸ ਲਈ ਜੋ ਦਾਊਦ ਉਹ ਦੀ
ਬਾਬਤ ਆਖਦਾ ਹੈ ਭਈ ਮੈਂ ਪ੍ਰਭੁ ਨੂੰ ਆਪਣੇ ਸਨਮੁਖ ਸਦਾ ਵੇਖਿਆ ਕਿ ਉਹ ਮੇਰੇ ਸੱਜੇ ਪਾਸੇ
ਹੈ ਤਾਂ ਮੈਂ ਹਿੱਲ ਨਾ ਜਾਵਾਂ ॥ ੨੬ ॥ ਇਸ ਕਾਰਨ ਮੇਰਾ ਮਨ ਪਰਸੰਨ ਸੀ ਅਤੇ ਮੇਰੀ ਜੀਭ ਖਿ-
ਹਾਲ ਹੋਈ ਹਾਂ ਮੇਰਾ ਸ਼ਰੀਰ ਬੀ ਆਸਾ ਵਿੱਚ ਵੱਸੇਗਾ ॥ ੨੭ ॥ ਕਿ ਤੂੰ ਮੇਰੇ ਪ੍ਰਾਣਾਂ ਨੂੰ ਪਤਾਲ਼
ਵਿੱਚ ਨਾ ਛੱਡੇਂਗਾ ਨਾ ਆਪਣੇ ਪਵਿਤ੍ਰ ਜਨ ਨੂੰ ਗਲ਼ਨ ਦੇਵੇਂਗਾ ॥ ੨੮ ॥ ਤੈਂ ਮੈਨੂੰ ਜੀਉਣ ਦੇ
ਰਾਹ ਦੱਸੇ ਤੂੰ ਮੈਨੂੰ ਆਪਣੇ ਦਰਸ਼ਣ ਥੋਂ ਖ਼ੁਸ਼ੀ ਨਾਲ਼ ਭਰ ਦੇਵੇਂਗਾ ॥ ੨੯ ॥ ਹੇ ਭਾਈਓ ਮੈਂ
ਘਰਾਣੇ ਦੇ ਸਰਦਾਰ ਦਾਊਦ ਦੀ ਬਾਬਤ ਤੁਹਾਨੂੰ ਬੇਧੜਕ ਕਹਿ ਸੱਕਦਾ ਹਾਂ ਭਈ ਉਹ ਤਾਂ
ਮੋਇਆ ਅਤੇ ਦੱਬਿਆ ਬੀ ਗਿਆ ਅਰ ਉਹ ਦੀ ਕਬਰ ਅੱਜ ਤੀਕੁਰ ਸਾਡੇ ਵਿੱਚ ਹੈ ॥
੩੦ ॥ ਇਸ ਕਰਕੇ ਜੋ ਉਹ ਪਿਕੰਬਰ ਸੀ ਅਤੇ ਇਹ ਜਾਣਦਾ ਸੀ ਜੋ ਪਰਮੇਸ਼ੁਰ ਨੈ ਮੇਰੇ ਨਾ-
ਲ਼ ਸੌਂਹ ਖਾਧੀ ਹੈ ਕਿ ਤੇਰੇ ਵੰਸ ਵਿੱਚੋਂ ਇੱਕ ਨੂੰ ਮੈਂ ਤੇਰੀ ਗੱਦੀ ਉੱਤੇ ਬਹਾਲ਼ਾਂਗਾ ॥ ੩੧ ॥ ਉਸ
ਨੈ ਇਹ ਅੱਗਿਓਂ ਵੇਖਕੇ ਮਸੀਹ ਦੇ ਜੀ ਉੱਠਣ ਦੀ ਗੱਲ ਕੀਤੀ ਕਿ ਨਾ ਉਹ ਪਤਾਲ਼ ਵਿੱ-
ਚ ਛੱਡਿਆ ਗਿਆ ਅਤੇ ਨਾ ਉਹ ਦਾ ਸ਼ਰੀਰ ਗਾਲ਼ਿਆ ॥ ੩੨ ॥ ਓਸੇ ਯਿਸੂ ਨੂੰ ਪਰਮੇਸ਼ੁ-
ਰ ਨੈ ਖੜਾ ਕੀਤਾ। ਉਹ ਦੇ ਅਸੀਂ ਸੱਭੇ ਸਾਖੀ ਹਾਂਗੇ ॥ ੩੩ ॥ ਸੋ ਪਰਮੇਸ਼ੁਰ ਦੇ ਸੱਜੇ ਹੱਥ ਓ-

Original with:
Language Department Punjab
Digitized by:
Panjab Digital Library

ਤ ਊਂਚ ਹੋਕੇ ਅਰ ਪਿਤਾ ਥੋਂ ਪਵਿਤ੍ਰ ਆਤਮਾ ਦਾ ਕਰਾਰ ਪਾਕੇ ਉਸ ਨੈ ਇਹ ਜੋ ਤੁਸੀਂ ਵੇਖਦੇ ਅ-
ਤੇ ਸੁਣਦੇ ਹੋ ਪਾ ਦਿੱਤਾ ॥੩੪॥ ਕਿਉਂ ਜੋ ਦਾਊਦ ਅਕਾਸ ਉੱਤੇ ਨਾ ਗਿਆ ਪਰ ਉਹ ਆਪੇ ਕ-
ਹਿੰਦਾ ਹੈ ਕਿ ਪ੍ਰਭੂ ਨੈ ਮੇਰੇ ਪ੍ਰਭੂ ਨੂੰ ਆਖਿਆ ਤੂੰ ਮੇਰੇ ਸੱਜੇ ਪਾਸੇ ਬੈਠ ॥੩੫॥ ਜਦ ਤੀਕੁਰ ਮੈਂ ਤੇ-
ਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰਾਂ ॥੩੬॥ ਉਪਰੰਦ ਇਸਰਾਈਲ ਦਾ ਸ
ਾਰਾ ਘਰਾਣਾ ਪੱਕ ਜਾਣੇ ਭਈ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇ-
ਸੁਰ ਨੈ ਓਸੇ ਨੂੰ ਪ੍ਰਭੂ ਅਤੇ ਮਸੀਹ ਬੀ ਕੀਤਾ ॥ ॥੩੭॥ ਜਾਂ ਉਨਾਂ ਨੈ ਇਹ ਸੁ-
ਣਿਆ ਤਾਂ ਉਨਾਂ ਦੇ ਮਨ ਵਿੰਨ੍ਹੇ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ
ਭਾਈਓ ਅਸੀਂ ਕੀ ਕਰਿਯੇ ॥੩੮॥ ਤਦ ਪਤਰਸ ਨੈ ਉਨਾਂ ਨੂੰ ਆਖਿਆ ਤੋਬਾ ਕਰੋ ਅਤੇ
ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ ਯਿਸੂ ਮਸੀਹ ਦੇ ਨਾਉਂ ਉੱਤੇ ਬਪਤਿ-
ਸਮਾ ਲਵੇ ਤਾਂ ਪਵਿਤ੍ਰ ਆਤਮਾ ਦੀ ਦਾਤ ਪਾਓਗੇ ॥੩੯॥ ਕਿਉਂ ਕਿ ਇਹ ਕਰਾਰ ਤੁਹਾਡੇ ਅਰ ਤੁਹ
ਾਡੇ ਬਾਲਕਾਂ ਦੇ ਨਾਲ ਹੈ ਅਤੇ ਉਨਾਂ ਸਭਨਾਂ ਨਾਲ ਜੇਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇ-
ਸੁਰ ਆਪਣੇ ਕੋਲ ਬੁਲਾਵੇ ॥੪੦॥ ਅਤੇ ਹੋਰ ਬੀ ਬਹੁਤੀਆਂ ਗੱਲਾਂ ਨਾਲ ਉਹ ਨੈ ਸਾਖੀ ਦਿੱਤੀ ਅਤੇ ਉ-
ਪਦੇਸ ਕੀਤਾ ਭਈ ਆਪਣੇ ਆਪ ਨੂੰ ਇਸ ਟੇਢੀ ਪੀਹੜੀ ਕੋਲੋਂ ਬਚਾਓ ॥੪੧॥ ਸੋ ਜਿਨਾਂ ਉਹ ਦੀ ਗੱਲ ਮੰ-
ਨ ਲਈ ਉਨਾਂ ਨੈ ਬਪਤਿਸਮਾ ਲਿਆ ਅਤੇ ਉੱਸੇ ਦਿਨ ਤਿੰਨ ਕੁ ਹਜਾਰ ਪ੍ਰਾਣੀ ਉਨਾਂ ਵਿੱਚ ਰਲ ਗਏ ॥੪੨
॥ ਅਤੇ ਓਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿੱਚ ਅਤੇ ਰੋਟੀ ਤੋੜਨ ਅਰ ਪ੍ਰਾਰਥਨ

Original with:
Language Department Punjab
Digitized by:
Panjab Digital Library

ਕਰਨਵਿੱਚਲੱਗੇਰਹੇ॥ ॥੪੩॥ਅਤੇਸਭਨਾਂਨੂੰਡੂਰਲੱਗਾ ਅਰਬਹੁਤਸਾਰੀ-
ਆਂਕਰਾਮਾਤਾਂਅਤੇਨਿਸਾਨੀਆਂਰਸੂਲਾਂਦੀਰਾਹੀਂਪਰਗਟਹੋਈਆਂ॥੪੪॥ਅਰਜਿਨਾਂ
ਨੈਨਿਹਚਾਕੀਤੀਸੀਓਹਸਭਕੱਠੇਸਨਅਤੇਸਾਰੀਆਂਵਸਤਾਂਵਿੱਚਸਾਂਝੀਸਨ॥੪੫॥ਅ-
ਤੇਆਪਣੀਮਿਲ਼ਖਅਰਮਾਲਵੇਚਕੇਜਿਹੀਕਿਸੇਨੂੰਲੋੜਹੁੰਦੀਸੀਸਭਨਾਂਨੂੰਵੰਡਦਿੰਦੇਸ-
ਨ॥੪੬॥ਅਰਦਿਨੋਦਿਨਇੱਕਮਨਹੋਕੇਮੰਦਰਵਿੱਚਲਗਾਤਾਰਰਹੰਦੇਅਤੇਘਰੀਂਰੋਟੀ
ਤੋੜਦੇਓਹਖ਼ੁਸ਼ੀਅਤੇਸਿੱਧੇਮਨਨਾਲ਼ਭੋਜਨਛੱਕਦੇਸਨ॥੪੭॥ਅਤੇਪਰਮੇਸ਼ੁਰਦੀਉ-
ਸਤੁਤਕਰਦੇਸਨਅਰਸਾਰਿਆਂਲੋਕਾਂਨੂੰਪਿਆਰੇਸਨ।ਅਤੇਪ੍ਰਭੁਦਿਨੋਦਿਨਉਨਾਂਨੂੰਜੋ-
ਹੜੇਮੁਕਤਿਪਾਉਂਦੇਸਨਓਨਾਂਵਿੱਚਰਲਾਉਂਦਾਸੀ॥

੩ਕਾਂਡ॥ ਉਪਰੰਦਪਤਰਸਅਤੇਯੂਹੰਨਾਪ੍ਰਾਰਥਨਾਕਰਨਦੇਵੇਲੇਤੀਏਪਹਿਰਮੰਦਰ
ਨੂੰਚੱਲੇਜਾਂਦੇਸਨ॥੨॥ਅਤੇਲੋਕਇੱਕਜਮਾਂਦਰੂਲੰਙੇਨੂੰਚੁੱਕੀਲਈਜਾਂ-
ਦੇਸਨਜਿਹਨੂੰਰੋਜਮੰਦਰਦੇਉਸਬੂਹੇਕੋਲ਼ਜਿਹੜਾਸੁਹੁਣਾਸੱਦੀਦਾਹੈਬਹਾਲ਼ਦਿੰਦੇਸਨ
ਭਈਉਹਮੰਦਰਵਿੱਚਜਾਣਵਾਲ਼ਿਆਂਥੋਂਖ਼ੈਰਾਂਮੰਗੇ॥੩॥ਜਾਂਉਸਨੈਪਤਰਸਅਤੇ
ਯੂਹੰਨਾਨੂੰਮੰਦਰਵਿੱਚਜਾਂਦੇਵੇਖਿਆਤਾਂਉਨਾਂਥੋਂਖ਼ੈਰਾਂਮੰਗੀ॥੪॥ਤਦੋਂਪਤਰਸਨੈ
ਯੂਹੰਨਾਦੇਨਾਲ਼ਉਹਨੂੰਧਿਆਨਨਾਲ਼ਵੇਖਕੇਕਿਹਾਕਿਸਾਡੀਵਲ਼ਵੇਖ॥੫॥ਅਤੇਉਸਨੈ
ਉਨਾਂਕੋਲੋਂਕੁਛਲੱਭਣਦੀਆਸਾਕਰਕੇਉਨਾਂਵਲ਼ਧਿਆਨਕੀਤਾ॥੬॥ਪਰਪਤਰਸ

Original with:
Language Department Punjab
Digitized by:
Panjab Digital Library

ਨੇ ਆਖਿਆ ਸੋਨਾ ਚਾਂਦੀ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ। ਯਿਸੂ ਮਸੀਹ ਨਾਸਰੀ ਦੇ ਨਾਉਂ ਕਰਕੇ ਤੁਰ॥੭॥ ਅਤੇ ਉਸ ਨੇ ਉਹਦਾ ਸੱਜਾ ਹੱਥ ਫੜਕੇ ਉਹ ਨੂੰ ਉਠਾਲਿਆ ।ਓਸੇ ਵੇਲੇ ਉਹਦੇ ਪੈਰ ਅਰ ਗਿੱਟੇ ਤਕੜੇ ਹੋ ਗਏ॥੮॥ ਅਤੇ ਉਹ ਕੁੱਦਕੇ ਉੱਠ ਖੜਾ ਹੋਇਆ ਅਰ ਤੁਰਨ ਲੱਗਾ ਅਰ ਤੁਰਦਾ ਅਤੇ ਛਾਲਾਂ ਮਾਰਦਾ ਅਤੇ ਪਰਮੇਸ਼ੁਰ ਦੀ ਉਸਤਤ ਕਰਦ ਹੋਇਆ ਉਨਾਂ ਨਾਲ ਮੰਦਰ ਵਿੱਚ ਗਿਆ॥੯॥ ਅਤੇ ਸਭਨਾਂ ਲੋਕਾਂ ਨੇ ਉਹ ਨੂੰ ਤੁਰਦਾ ਅ ਤੇ ਪਰਮੇਸ਼ੁਰ ਦੀ ਉਸਤਤ ਕਰਦਾ ਵੇਖਿਆ॥੧੦॥ ਅਤੇ ਉਹ ਨੂੰ ਪਛਾਣ ਲਿਆ ਭਈ ਇਹ ਉ ਹੋ ਹੈ ਜਿਹੜਾ ਮੰਦਰ ਦੇ ਸੁਹਣੇ ਬੂਹੇ ਪੁਰ ਖ਼ੈਰ ਮੰਗਣ ਨੂੰ ਬਹਿੰਦਾ ਹੁੰਦਾ ਸੀ ਅਤੇ ਜੋ ਉਹ ਦੇ ਨਾਲ ਹੋਇਆ ਸੀ ਓਹ ਉਸ ਥੋਂ ਡਾਢੇ ਹੈਰਾਨ ਹੋਏ ਅਤੇ ਅਚੰਭਾ ਕੀਤਾ॥ ॥

੧੧॥ ਅਰ ਜਿਸ ਵੇਲੇ ਉਹ ਪਤਰਸ ਅਤੇ ਯੂਹੰਨਾ ਨੂੰ ਚਿੰਬੜਦਾ ਜਾਂਦਾ ਸੀ ਸਾਰੇ ਲੋਕ ਬਹੁਤ ਦੰਗ ਹੋਏ ਹੋਏ ਉਸ ਦਲਾਨ ਵਿੱਚ ਜਿਹੜਾ ਸੁਲੇਮਾਨ ਦਾ ਸੱਦੀਦਾ ਹੈ ਉਨਾਂ ਕੋਲ ਦੌੜੇ ਆਏ ॥੧੨॥ ਇਹ ਵੇਖਕੇ ਪਤਰਸ ਨੈ ਲੋਕਾਂ ਨੂੰ ਅੱਗੋਂ ਆਖਿਆ ਕਿ ਹੇ ਇਸਰਾਈਲੀਓ ਐਸ ਮਨੁੱਖ ਪੁਰ ਤੁਸੀਂ ਕਿਉ ਅਚੰਭਾ ਕਰਦੇ ਹੋ ਅਤੇ ਸਾਡੀ ਵਲ ਐਉਂ ਕਾਹ ਨੂੰ ਤੱਕ ਰਹੇ ਹੋ ਭਈ ਜ ਣੀਦਾ ਅਸਾਂ ਆਪਣੀ ਸਾਮਰੱਥਾ ਅਥਵਾ ਭਗਤਿ ਨਾਲ ਇਹ ਨੂੰ ਤੁਰਨ ਦੀ ਸਕਤਿ ਦਿੱਤੀ ॥੧੩॥ ਇਬਰਾਹੀਮ ਅਤੇ ਇਸਹਾਕ ਅਤੇ ਯਾਕੂਬ ਦੇ ਈਸ਼ੁਰ ਨੈ ਅਰਥਾਤ ਸਾਡੇ ਪਿਉ ਦ ਦਿਆਂ ਦੇ ਈਸ਼ੁਰ ਨੈ ਆਪਣੇ ਸੇਵਕ ਯਿਸੂ ਦੀ ਵਡਿਆਈ ਪਰਗਟ ਕੀਤੀ ਜਿਹ ਨੂੰ ਤੁਸਾਂ

Original with:
Language Department Punjab
Digitized by:
Panjab Digital Library

ਹਵਾਲੇਕੀਤਾ ਅਤੇ ਪਿਲਾਤੁਸ ਦੇ ਸਾਹਮਣੇ ਉਸ ਥੋਂ ਇਨਕਾਰ ਕਰਿਆ ਜਾਂ ਉਸ ਨੈ ਉਹ ਨੂੰ
ਛੱਡ ਦੇਣ ਦੀ ਦਲੀਲ ਕੀਤੀ ॥੧੪॥ ਪਰ ਤੁਸਾਂ ਉਸ ਪਵਿਤ੍ਰ ਅਰ ਧਰਮੀ ਥੋਂ ਇਨਕਾਰ ਕ-
ਰਿਆ ਅਤੇ ਚਾਹਿਆ ਭਈ ਇੱਕ ਖੂਨੀ ਤੁਹਾਡੇ ਲਈ ਛੱਡਿਆ ਜਾਵੇ ॥੧੫॥ ਪਰ ਜੀਉ-
ਣ ਦੇ ਮਾਲਕ ਨੂੰ ਮਾਰ ਸੁੱਟਿਆ ਜਿਹ ਨੂੰ ਪਰਮੇਸ਼ੁਰ ਨੈ ਮੁਰਦਿਆਂ ਵਿੱਚੋਂ ਜਿਵਾਲਿਆ ਅ-
ਤੇ ਅਸੀਂ ਐਸ ਗੱਲ ਦੇ ਸਾਖੀ ਹਾਂ ਗੇ ॥੧੬॥ ਅਰ ਉਹ ਦੇ ਨਾਉਂ ਉੱਤੇ ਨਿਹਚਾ ਕਰ ਨ ਕਰ-
ਕੇ ਉਹ ਦੇ ਨਾਉਂ ਹੀ ਨੈ ਐਸ ਮਨੁੱਖ ਨੂੰ ਜਿਹ ਨੂੰ ਤੁਸੀਂ ਵੇਖਦੇ ਅਤੇ ਜਾਣਦੇ ਹੋ ਤਕੜਾ ਕੀਤ
ਹਾਂ ਓਸ ਨਿਹਚਾ ਨੈ ਜਿਹੜੀ ਉਹ ਦੇ ਦੁਆਰੇ ਥੋਂ ਹੈ ਇਹ ਪੂਰੀ ਤਨਦੁਰੁਸਤੀ ਤੁਸਾਂ ਸਭਨਾਂ ਦੇ
ਸਾਹਮਣੇ ਉਹ ਨੂੰ ਦਿੱਤੀ ॥੧੭॥ ਅਤੇ ਹੁਣ ਹੇ ਭਾਈਓ ਮੈਂ ਜਾਣਦਾ ਹਾਂ ਜੋ ਤੁਸਾਂ ਅਣਜਾਣਪੁਣੇ
ਨਾਲ ਇਹ ਕੀਤਾ ਜਿਹਾ ਕੁ ਤੁਹਾਡੇ ਸਰਦਾਰਾਂ ਨੈ ਬੀ ਕੀਤਾ ॥੧੮॥ ਪਰ ਜਿਨਾਂ ਗੱਲਾਂ ਦੀ ਪ-
ਰਮੇਸ਼ੁਰ ਨੈ ਸਭਨਾਂ ਪਿਕੰਬਰਾਂ ਦੀ ਜ਼ਬਾਨੀ ਅਰੋਤੀ ਖਬਰ ਦਿੱਤੀ ਸੀ ਭਈ ਮੇਰਾ ਮਸੀਹ
ਦੁਖ ਝੱਲੂ ਸੋ ਉਸ ਨੈ ਐਉਂ ਪੂਰੀਆਂ ਕੀਤੀਆਂ ॥੧੯॥ ਇਸ ਲਈ ਤੋਬਾ ਕਰੋ ਅਤੇ ਮੁੜੋ ਭ-
ਈ ਤੁਹਾਡੇ ਪਾਪ ਮਿਟਾਏ ਜਾਣ ਤਾਂ ਜੋ ਪ੍ਰਭੁ ਦੀ ਦਰਗਾਹੋਂ ਸੁਖ ਦੇ ਦਿਨ ਆਉਣ ॥੨੦॥ ਅ-
ਤੇ ਉਹ ਮਸੀਹ ਨੂੰ ਜਿਹੜਾ ਤੁਹਾਡੇ ਲਈ ਠਰਾਇਆ ਹੋਇਆ ਹੈ ਹਾਂ ਯਿਸੂ ਹੀ ਨੂੰ ਘੱਲ ਦੇ
ਵੇ ॥੨੧॥ ਜਰੂਰ ਹੈ ਜੋ ਉਹ ਸੁਰਗ ਵਿੱਚ ਜਾ ਰਹੇ ਜਿਨਾਂ ਚਿਰ ਸਾਰੀਆਂ ਚੀਜਾਂ ਦੇ ਸੁਧਾਰੇ
ਜਾਣ ਦਾ ਸਮਾ ਨਾ ਆਵੇ ਜਿਨਾਂ ਦੀ ਬਾਬਤ ਪਰਮੇਸ਼ੁਰ ਨੈ ਆਪਣੇ ਪਵਿਤ੍ਰ ਪਿਕੰਬਰਾਂ ਦੀ

Original ...
Language Department Punjab
Digitized by:
Panjab Digital Library

ਜਬਾਨੀਮੁੱਢੋਂਹੀ ਆਖਿਆ ਸੀ॥੨੨॥ਮੂਸਾ ਨੈਤਾਂ ਆਖਿਆ ਭਈ ਪ੍ਰਭੂ ਪਰਮੇਸੁਰ ਤੁਹਾਡੇ ਭਾਈਆਂ ਵਿੱਚੋਂ ਤੁਹਾਡੇ ਲਈ ਮੇਰੇ ਜਿਹਾ ਇੱਕ ਪਿਕੰਬਰ ਖੜਾ ਕਰੂ। ਜੇਹੜੀਆਂ ਗੱਲਾਂ ਉਹ ਤੁਹਾਨੂੰ ਆਖੇ ਉਹਦੀਆਂ ਸਾਰੀਆਂ ਸੁਣੋ॥੨੩॥ਅਤੇ ਐਉਂ ਹੋਊਗਾ ਕਿ ਹਰੇਕ ਪ੍ਰਾਣੀ ਜੋ ਉਸ ਪਿਕੰਬਰ ਦੀ ਨਾ ਸੁਣੇ ਕੌਮ ਵਿੱਚੋਂ ਉਹ ਦਾ ਨਾਸ ਕੀਤਾ ਜਾਊ॥੨੪॥ਅਤੇ ਸਾਰਿਆਂ ਪਿਕੰਬਰਾਂ ਨੈ ਸਾਮੂਏਲ ਥੋਂ ਅਤੇ ਉਨਾਂ ਥੋਂ ਲਾਕੇ ਜੇਹੜੇ ਉਹ ਦੇ ਮਗਰੋਂ ਹੋਏ ਜਿੰਨਿਆਂ ਨੈ ਬਚਨ ਕੀਤਾ ਉਨਾਂ ਨੈ ਬੀ ਇਨਾਂ ਹੀ ਦਿਨਾਂ ਦੀ ਖਬਰ ਦਿੱਤੀ॥੨੫॥ਤੁਸੀਂ ਪਿਕੰਬਰਾਂ ਦੇ ਅਤੇ ਉਸ ਨੇਮ ਦੇ ਵੰਸ ਹੋ ਜੋ ਪਰਮੇਸੁਰ ਨੈ ਤੁਹਾਡੇ ਵਡਿਆਂ ਨਾਲ ਕੀਤਾ ਸੀ ਕਿ ਇਬਰਾਹੀਮ ਨੂੰ ਆਖਿਆ ਜੋ ਤੇਰੀ ਅੰਸ ਥੋਂ ਜਗਤ ਦੇ ਸਾਰੇ ਘਰਾਣੇ ਬਰਕਤ ਪਾਉਣਗੇ॥੨੬॥ਪਰਮੇਸੁਰ ਨੈ ਆਪਣੇ ਸੇਵਕ ਨੂੰ ਖੜਾ ਕਰਕੇ ਪਹਿਲਾਂ ਤੁਹਾਡੇ ਕੋਲ ਘੱਲਿਆ ਭਈ ਤੁਹਾਡੇ ਵਿੱਚੋਂ ਹਰੇਕ ਨੂੰ ਉਹਦੀਆਂ ਬੁਰਿਆਈਆਂ ਥੋਂ ਹਟਾਉਣ ਨਾਲ ਤੁਹਾਨੂੰ ਬਹਕਤ ਦੇਵੇ॥

੪ ਕਾਂਡ॥

ਜਾਂ ਓਹ ਲੋਕਾਂ ਨਾਲ ਬਚਨ ਕਰ ਰਹੇ ਸਨ ਤਾਂ ਜਾਜਕ ਅਰ ਮੰਦਰ ਦਾ ਸਰਦਾਰ ਅਤੇ ਸਦੂਕੀ ਉਨਾਂ ਉੱਤੇ ਚੜ ਆਏ॥੨॥ਕਿਉਂ ਜੋ ਓਹ ਇਸ ਗੱਲ ਥੋਂ ਚਿੜ ਗਏ ਭਈ ਓਹ ਲੋਕਾਂ ਨੂੰ ਸਿਖਾਉਂਦੇ ਅਤੇ ਜਿਸੂ ਦਾ ਪਰਮਾਣ ਦੇਕੇ ਮੋਇਆਂ ਦੇ ਜੀ ਉੱਠਣ ਦਾ ਉਪਦੇਸ ਕਰਦੇ ਹਨ॥੩॥ਅਤੇ ਉਨਾਂ ਪੁਰ ਹੱਥ ਪਾਕੇ ਦੂਏ ਦਿਨ ਤੀਕੁਰ ਹਵਾਲਾਤ ਵਿੱਚ ਰੱਖਿਆ ਕਿਉਂ ਜੋ ਹੁਣ ਸੰਝ ਪੈ ਗਈ ਸੀ॥੪॥ਪਰ ਉਨਾਂ ਵਿੱਚੋਂ ਜਿਨਾਂ ਬਚਨ ਸੁਣਿਆ ਸੀ ਬਹੁ-

Original with:
Language Department Punjab
Digitized by:
Panjab Digital Library

ਤਿਆਂ ਨੈ ਨਿਹਚਾ ਕੀਤੀ ਅਤੇ ਉਨਾਂ ਮਨੁੱਖਾਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ ॥
॥੫॥ ਅਤੇ ਦੂਜੇ ਦਿਨ ਐਉਂ ਹੋਇਆ ਕਿ ਉਨਾਂ ਦੇ ਸਰਦਾਰ ਅਤੇ ਬੁਜ਼ੁਰਗ ਅਤੇ ਗ੍ਰੰਥੀ ਯਰੂਸਲੀਮ ਵਿੱਚ ਕੱਠੇ ਹੋਏ ॥ ੬ ॥ ਅਰ ਸਰਦਾਰ ਜਾਜਕ ਅੱਨਾਸ ਓੱਥੇ ਸੀ ਨਾਲੇ ਕਯਾਫ਼ਾ ਅਰ ਯੂਹੱਨਾ ਅਰ ਸਿਕੰਦਰ ਅਤੇ ਜਿੰਨੇ ਸਰਦਾਰ ਜਾਜਕ ਦੇ ਸਾਕ ਨਾਤੇ ਦੇ ਸਨ ॥ ੭ ॥ ਅ-
ਤੇ ਉਨਾਂ ਨੂੰ ਵਿਚਾਲੇ ਖੜਾ ਕਰਕੇ ਪੁੱਛਿਆ ਭਈ ਤੁਸਾਂ ਕਿਹੜੀ ਸਕਤਿ ਜਾਂ ਕਿਹੜੇ ਨਾਉਂ ਨਾਲ ਇਹ ਕੀਤਾ ॥ ੮ ॥ ਤਦੋਂ ਪਤਰਸ ਨੈ ਪਵਿਤ੍ਰ ਆਤਮਾ ਨਾਲ ਭਰਪੂਰ ਹੋਕੇ ਉਨਾਂ ਨੂੰ ਆਖਿਆ ਹੇ ਲੋਕਾਂ ਦੇ ਸਰਦਾਰੋ ਅਤੇ ਬੁਜ਼ੁਰਗੋ ॥ ੯ ॥ ਜੇ ਅੱਜ ਸਾਥੋਂ ਇਸ ਭਲੇ ਕੰਮ ਦੀ ਬਾਬਤ ਪੁੱਛੀ-
ਦਾ ਹੈ ਜਿਹੜਾ ਇੱਕ ਬਲਹੀਣ ਮਨੁੱਖ ਨਾਲ ਹੋਇਆ ਭਈ ਉਹ ਕਿੱਕੂਰ ਚੰਗਾ ਕੀਤਾ ਗਿਆ ਹੈ ॥ ੧੦ ॥ ਤਾਂ ਤੁਸਾਂ ਸਭਨਾਂ ਨੂੰ ਅਤੇ ਇਸਰਾਈਲ ਦਿਆਂ ਸਾਰਿਆਂ ਲੋਕਾਂ ਨੂੰ ਮਲੂਮ ਹੋਵੇ ਕਿ ਯਿਸੂ ਮਸੀਹ ਨਾਸਰੀ ਦੇ ਨਾਉਂ ਨਾਲ ਜਿਹ ਨੂੰ ਤੁਸਾਂ ਸਲੀਬ ਉੱਤੇ ਚੜਾਇਆ ਅਤੇ ਜਿਹ ਨੂੰ ਪਰਮੇਸੁਰ ਨੈ ਮੁਰਦਿਆਂ ਵਿੱਚੋਂ ਫੇਰ ਜਿਵਾਲਿਆ ਓੱਸੇ ਥੋਂ ਇਹ ਮਨੁੱਖ ਤੁਹਾਡੇ ਸਾਹਮਣੇ ਭਲਾ ਚੰਗਾ ਖੜਾ ਹੈ ॥ ੧੧ ॥ ਇਹ ਉਹ ਪੱਥਰ ਹੈ ਜਿਹ ਨੂੰ ਤੁਸਾਂ ਰਾਜਾਂ ਨੈ ਤੁੱਛ ਜਾਣਿਆ ਜਿ-
ਹੜਾ ਖੂੰਜੇ ਦਾ ਸਿਰਾ ਹੋਇਆ ॥ ੧੨ ॥ ਅਰ ਕਿਸੇ ਦੂਏ ਥੋਂ ਮੁਕਤਿ ਨਹੀਂ ਕਿਉ ਜੋ ਅਕਾਸ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਉਂ ਨਹੀਂ ਦਿੱਤਾ ਗਿਆ ਜਿਸ ਥੋਂ ਅਸਾਂ ਮੁਕਤਿ ਪਾਉਣੀ ਹੈ ॥
॥੧੩॥ ਜਾਂ ਉਨਾਂ ਨੈ ਪਤਰਸ ਅਤੇ ਯੂਹੱਨਾ ਦੀ ਦਲੇਰੀ ਵੇਖੀ ਅਤੇ ਜਾ

Original wi
Language D
Digitized by:
Panjab Digital Library

ਲਿਆ ਜੋ ਓਹ ਵਿੱਦਿਆ ਵਾਨ ਨਹੀਂ ਬਲਕ ਆਮ ਵਿੱਚੋਂ ਹਨ ਤਾਂ ਅਚੰਭਾ ਕੀਤਾ। ਫੇਰ ਉਨਾਂ
ਨੂੰ ਪਛਾਣਿਆ ਭਈ ਏਹ ਯਿਸੂ ਦੇ ਨਾਲ ਸਨ ॥੧੪॥ ਅਤੇ ਉਸ ਮਨੁੱਖ ਨੂੰ ਜਿਹੜਾ ਚੰਗਾ
ਹੋਇਆ ਸੀ ਉਨਾਂ ਦੇ ਨਾਲ ਖੜਾ ਵੇਖਕੇ ਇਹ ਦੇ ਵਿਰੁੱਧ ਕੁਛ ਨਾ ਕਹਿ ਸੱਕੇ ॥੧੫॥ ਪਰ ਉ
ਨਾਂ ਨੂੰ ਸਭਾ ਥੋਂ ਬਾਹਰ ਜਾਣ ਦਾ ਹੁਕਮ ਕਰਕੇ ਆਪਸ ਵਿੱਚ ਮਤਾ ਪਕਾਉਣ ਲੱਗੇ ॥੧੬
॥ ਅਤੇ ਕਿਹਾ ਭਈ ਅਸੀਂ ਇਨਾਂ ਮਨੁੱਖਾਂ ਨਾਲ ਕੀ ਕਰਿਯੇ ਕਿਉਂਕਿ ਇਹ ਜੋ ਉਨਾਂ ਥੋਂ ਇੱ
ਕ ਪਰਸਿੱਧ ਕਰਾਮਾਤ ਹੋਈ ਯਰੂਸਲੀਮ ਦੇ ਸਾਰੇ ਰਹਿਣ ਵਾਲਿਆਂ ਉੱਤੇ ਪਰਗਟ ਹੈ ਅ
ਤੇ ਅਸੀਂ ਇਸ ਥੋਂ ਮੁੱਕਰ ਨਹੀਂ ਸੱਕਦੇ ॥੧੭॥ ਪਰ ਇਸ ਲਈ ਜੋ ਲੋਕਾਂ ਵਿੱਚ ਹੋਰ ਨਾ ਖਿੰਡ
ਜਾਏ ਆਓ ਅਸੀਂ ਉਨਾਂ ਨੂੰ ਦਬਕਾਯੇ ਜੋ ਓਹ ਐਸ ਨਾਉਂ ਦਾ ਫੇਰ ਕਿਸੇ ਮਨੁੱਖ ਨਾਲ ਬਚ
ਨਾ ਕਰਨ ॥੧੮॥ ਤਦ ਉਨਾਂ ਨੂੰ ਸੱਦਕੇ ਤਗੀਦ ਕੀਤੀ ਭਈ ਕਦੇ ਯਿਸੂ ਦੇ ਨਾਉਂ ਦਾ ਦਮ
ਨਾ ਮਾਰਨਾ ਅਤੇ ਨਾ ਉਪਦੇਸ ਕਰਨਾ ॥੧੯॥ ਪਰ ਪਤਰਸ ਅਤੇ ਯੂਹੰਨਾ ਨੇ ਉਨਾਂ ਨੂੰ ਉੱਤ
ਰ ਦਿੱਤਾ ਕੀ ਪਰਮੇਸੁਰ ਦੇ ਅੱਗੇ ਇਹ ਜੋਗ ਹੈ ਜੋ ਅਸੀਂ ਪਰਮੇਸੁਰ ਨਾਲੋਂ ਤੁਹਾਡੀ ਬਹੁਤੀ
ਸੁਣਿਯੇ ਤੁਸੀਂ ਆਪੇ ਵਿਚਾਰ ਕਰੋ ॥ ੨੦॥ ਕਿਉਂਕਿ ਇਹ ਸਾਥੋਂ ਹੋ ਨਹੀਂ ਸੱਕਦਾ ਕਿ ਜੋ ਹੜੀ-
ਆਂ ਗੱਲਾਂ ਅਸਾਂ ਵੇਖੀਆਂ ਅਤੇ ਸੁਣੀਆਂ ਓਹ ਨਾ ਆਖਿਯੇ ॥ ੨੧॥ ਤਦ ਉਨਾਂ ਨੇ ਤਿਨਾਂ
ਨੂੰ ਹੋਰ ਦਬਕਾ ਕੇ ਛੱਡ ਦਿੱਤਾ ਕਿਉਂਕਿ ਲੋਕਾਂ ਦੇ ਕਾਰਨ ਉਨਾਂ ਉੱਤੇ ਦੰਡ ਲਾਉਣ ਦਾ ਕੋਈ ਰਾ-
ਹ ਨਾ ਵੇਖਿਆ ਇਸ ਲਈ ਕਿ ਜੋ ਹੋਇਆ ਸੀ ਉਹ ਦੇ ਕਾਰਨ ਸਭ ਲੋਕ ਪਰਮੇਸੁਰ ਦੀ ਵਡਿ

Original with:
Language Department Punjab
Digitized by:
Panjab Digital Library

ਆਈ ਕਰਦੇ ਸਨ ॥ ੨੨ ॥ ਕਿਉਂ ਜੋ ਉਹ ਮਨੁੱਖ ਜਿਹ ਦੇ ਚੰਗਾ ਕਰਨ ਥੋਂ ਇਹ ਕਰਾਮਾਤ ਪਰ-
ਗਟ ਹੋਈ ਚਾਹਲੀਆਂ ਵਰਿਹਾਂ ਥੋਂ ਉੱਪਰ ਦਾ ਸੀ ॥ ੨੩ ॥ ਤਦ ਓਹ ਛੁੱਟ ਕੇ ਆ ੦
ਪਣੇ ਸਾਥੀਆਂ ਕੋਲ ਆਏ ਅਰ ਜੋ ਕੁਛ ਪਰਧਾਨ ਜਾਜਕਾਂ ਅਤੇ ਬੁਜ਼ੁਰਗਾਂ ਨੈ ਉਨਾਂ ਨੂੰ ਆ-
ਖਿਆ ਸੀ ਸੁਣਾ ਦਿੱਤਾ ॥ ੨੪ ॥ ਜਦ ਉਨਾਂ ਨੈ ਇਹ ਸੁਣਿਆ ਤਦ ਇੱਕ ਮਨ ਹੋ ਕੇ ਉੱਚੀ ਅਵ ੦
ਜ ਨਾਲ ਪਰਮੇਸ਼ੁਰ ਨੂੰ ਆਖਿਆ ਹੇ ਮਾਲਕ ਤੂੰ ਏਂ ਅਕਾਸ਼ ਅਤੇ ਧਰਤੀ ਅਤੇ ਸਮੁੰਦਰ ਅ-
ਤੇ ਸਭ ਕੁਛ ਜੋ ਉਨਾਂ ਦੇ ਵਿੱਚ ਹੈ ਰਚਿਆ ॥ ੨੫ ॥ ਤੈਂ ਪਵਿਤ੍ਰ ਆਤਮਾ ਦੀ ਰਾਹੀਂ ਸਾਡੇ ਵਡੇ
ਰੇ ਆਪਣੇ ਬੰਦੇ ਦਾਊਦ ਦੀ ਜ਼ਬਾਨੀ ਆਖਿਆ ਕਿ ਪਰਾਈਆਂ ਕੌਮਾਂ ਨੈ ਕਿਉਂ ਅਭਿਮਾ
ਕੀਤਾ ਅਤੇ ਲੋਕਾਂ ਨੈ ਵਿਰਥੀਆਂ ਬਾਤਾਂ ਸੋਚੀਆਂ ॥ ੨੬ ॥ ਪ੍ਰਭੂ ਅਤੇ ਉਹ ਦੇ ਮਸੀਹ ਦੇ ਵਿ
ਰੁੱਧ ਹੋ ਕੇ ਧਰਤੀ ਦੇ ਪਾਤਸ਼ਾਹ ਉੱਠੇ ਅਤੇ ਸਰਦਾਰ ਕੱਠੇ ਹੋਏ ॥ ੨੭ ॥ ਕਿਉਂ ਜੋ ਸੱਚੀ ਮੁੱਚੀ
ਇਸੇ ਸ਼ਹਿਰ ਵਿੱਚ ਤੇਰੇ ਪਵਿਤ੍ਰ ਸੇਵਕ ਯਿਸੂ ਦੇ ਵਿਰੁੱਧ ਜਿਹ ਨੂੰ ਤੈਂ ਮਸੀਹ ਕੀਤਾ ਹੇਰੋਦੇਸ
ਅਰ ਪੁੰਤਿਯੁਸ ਪਿਲਾਤੁਸ ਪਰਾਈਆਂ ਕੌਮਾਂ ਅਤੇ ਇਸਰਾਈਲ ਦੇ ਲੋਕਾਂ ਸਣੇ ਕੱਠੇ ਹੋਏ
॥ ੨੮ ॥ ਇਸ ਲਈ ਕਿ ਜੋ ਕੁਛ ਤੇਰੇ ਹੱਥ ਅਤੇ ਤੇਰੀ ਮੱਤ ਨੈ ਅਗੇਤਾ ਠਰਾ ਰੱਖਿਆ ਸੀ ਭ-
ਈ ਹੋਵੇ ਸੋਈ ਕਰਨ ॥ ੨੯ ॥ ਅਤੇ ਹੁਣ ਹੇ ਪ੍ਰਭੂ ਉਨਾਂ ਦੀਆਂ ਧਮਕੀਆਂ ਨੂੰ ਵੇਖ ਅਰ ਅ ੦
ਪਣੇ ਦਾਸਾਂ ਨੂੰ ਇਹ ਬਖਸ਼ ਕਿ ਅੱਤ ਦਲੇਰੀ ਨਾਲ ਤੇਰਾ ਬਚਨ ਸੁਣਾਉਣ ਜਦੋਂ ਤੂੰ ਆਪ
ਣਾ ਹੱਥ ਚੰਗਾ ਕਰਨ ਨੂੰ ਲੰਮਾ ਕਰੇਂ ॥ ੩੦ ॥ ਅਤੇ ਇਹ ਜੋ ਤੇਰੇ ਪਵਿਤ੍ਰ ਸੇਵਕ ਯਿਸੂ ਦੇ ਨਾਉਂ ਥੋ

Original Language Department Punjab
Digitized by: Panjab Digital Library

ਨਸਾਨੀਆਂ ਅਤੇ ਕਰਾਮਾਤਾਂ ਪਰਗਟ ਹੋਣ ॥੩੧॥ ਅਰ ਜਦ ਓਹ ਬੇਨਤੀ ਕਰ ਹਟੇ ਤਾਂ ਉਹ
ਥਾਂ ਜਿੱਥੇ ਓਹ ਕੱਠੇ ਹੋਏ ਸਨ ਹਿੱਲ ਗਈ ਅਤੇ ਸਭੋ ਪਵਿਤ੍ਰ ਆਤਮਾ ਨਾਲ ਭਰਪੂਰ ਹੋ ਗਏ
ਅਰ ਪਰਮੇਸ਼ੁਰ ਦਾ ਬਚਨ ਦਲੇਰੀ ਨਾਲ ਸੁਣਾਉਣ ਲੱਗੇ ॥ ॥੩੨॥ ਅਤੇ
ਨਿਹਚਾ ਕਰਨਵਾਲਿਆਂ ਦੀ ਮੰਡਲੀ ਇੱਕ ਮਨ ਅਤੇ ਇੱਕ ਜਾਨ ਸੀ ਅਰ ਕਿਸੇ ਨੇ ਆਪ-
ਣੇ ਮਾਲ ਵਿੱਚੋਂ ਕਿਸੇ ਚੀਜ ਨੂੰ ਆਪਣੀ ਨਹੀਂ ਆਖਿਆ ਪਰ ਉਨਾਂ ਦੀਆਂ ਸਾਰੀਆਂ ਵਸ-
ਤਾਂ ਸਾਂਝੀਆਂ ਸੀਆਂ ॥੩੩॥ ਅਤੇ ਰਸੂਲ ਵੱਡੀ ਸਕਤਿ ਨਾਲ ਪ੍ਰਭੁ ਯਿਸੂ ਦੇ ਜੀ ਉੱਠਣ ਦੀ
ਸਾਖੀ ਦਿੰਦੇ ਸਨ ਅਰ ਉਨਾਂ ਸਭਨਾਂ ਉੱਤੇ ਵੱਡੀ ਕਿਰਪਾ ਹੋਈ ॥੩੪॥ ਕਿਉ ਜੋ ਉਨਾਂ ਵਿੱਚੋਂ ਕਿ
ਸੇ ਨੂੰ ਘਾਟਾ ਨ ਸੀ ਇਸ ਲਈ ਕਿ ਜੇਹੜੇ ਜਮੀਨਾਂ ਅਤੇ ਘਰਾਂ ਦੇ ਮਾਲਕ ਸਨ ਓਹ ਉਨਾਂ ਨੂੰ ਵੇਚ ਕੇ
ਵਿਕੀਆਂ ਹੋਈਆਂ ਵਸਤਾਂ ਦਾ ਮੁੱਲ ਲਿਆਉਂਦੇ ॥੩੫॥ ਅਤੇ ਰਸੂਲਾਂ ਦੇ ਚਰਨਾਂ ਉੱਤੇ ਧਰ-
ਦੇ ਸਨ ਅਤੇ ਹਰੇਕ ਨੂੰ ਉਹ ਦੀ ਲੋੜ ਅਨੁਸਾਰ ਵੰਡ ਦਿੰਦੇ ਸਨ ॥ ॥੩੬॥ ਅਤੇ ਯੂ-
ਸੁਫ ਜਿਹ ਦਾ ਰਸੂਲਾਂ ਨੇ ਬਰਨਬਾਸ ਅਰਥਾਤ ਉਪਦੇਸ਼ ਦਾ ਪੁੱਤ ਨਾਉਂ ਧਰਿਆ ਜਿਹੜਾ ਇੱਕ
ਲੇਵੀ ਅਤੇ ਜਨਮ ਦਾ ਕੁਪਰੁਸੀ ਸੀ ॥੩੭॥ ਉਹ ਦੇ ਕੋਲ ਕੁਝ ਜਮੀਨ ਸੀ ਸੋ ਉਹ ਨੂੰ ਵੇਚ ਕੇ
ਮੁੱਲ ਦਾ ਰੁਪੱਯਾ ਲਿਆਂਦਾ ਅਤੇ ਰਸੂਲਾਂ ਦੇ ਚਰਨਾਂ ਉੱਤੇ ਧਰਿਆ ॥

੫ ਕਾਂਡ ॥ ਅਤੇ ਹਨਾਨਿਯਾਹ ਨਾਮੇ ਇੱਕ ਮਨੁੱਖ ਨੇ ਆਪਣੀ ਤੀਮੀਂ ਨਾਲ ਰਲ ਕੇ ਮਿਲ-
ਖ ਵੇਚੀ ॥੨॥ ਅਤੇ ਉਹ ਦੇ ਮੁੱਲ ਵਿੱਚੋਂ ਕੁਛ ਰੱਖ ਛੱਡਿਆ ਜੋ ਉਹ ਦੀ ਤੀਮੀਂ

Original with:
Language Department Punjab
Digitized by:
Panjab Digital Library

ਬੀਜਾਣਦੀ ਸੀ ਅਰ ਕੁਛ ਲਿਆ ਕੇ ਰਸੂਲਾਂ ਦੇ ਚਰਨਾਂ ਉੱਤੇ ਧਰਿਆ ॥੩॥ ਤਦ ਪਤਰਸ ਨੈ
ਆਖਿਆ ਹਨਾਨਿਯਾਹ ਸ਼ਤਾਨ ਤੇਰੇ ਮਨ ਵਿੱਚ ਕਿਉ ਸਮਾਇਆ ਜੋ ਤੂੰ ਪਵਿਤ੍ਰ ਆਤਮਾ ਨਾ
ਲ ਝੂਠ ਬੋਲੇਂ ਅਤੇ ਉਸ ਖੇਤ ਦੇ ਮੁੱਲ ਵਿੱਚੋਂ ਕੁਛ ਰੱਖ ਛੱਡੇਂ ॥੪॥ ਜਦ ਤੀਕੁਰ ਉਹ ਰਿਹਾ ਕੀ ਤੇ
ਰਾ ਆਪਣਾ ਨਾ ਰਿਹਾ ਅਰ ਜਾਂ ਵਿਕਿਆ ਤਾਂ ਤੇਰੇ ਵੱਸ ਵਿੱਚ ਨ ਸੋ। ਤੈਂ ਕਿਉ ਇਹ ਗੱਲ ਆ
ਪਣੇ ਮਨ ਵਿੱਚ ਸੋਚੀ। ਤੂੰ ਮਨੁੱਖਾਂ ਨਾਲ ਨਹੀਂ ਬਲਕ ਪਰਮੇਸੁਰ ਨਾਲ ਝੂਠ ਬੋਲਿਆ ਹੈ ॥੫
॥ ਹਨਾਨਿਯਾਹ ਏਹ ਗੱਲਾਂ ਸੁਣਦਿਆਂ ਮਾਰ ਡਿਗ ਪਿਆ ਅਤੇ ਉਹ ਨੈ ਪ੍ਰਾਣ ਛੱਡ ਦਿੱਤੇ। ਅ
ਤੇ ਜਿਨਾਂ ਸੁਣਿਆ ਉਨਾਂ ਸਭਨਾਂ ਨੂੰ ਵਡਾ ਡਰ ਲੱਗਾ ॥੬॥ ਅਤੇ ਜੁਆਨਾਂ ਨੈ ਉੱਠ ਕੇ ਉਹ ਨੂੰ ਕ-
ਫਨਾਇਆ ਅਰ ਬਾਹਰ ਲੈ ਜਾ ਕੇ ਦੱਬ ਦਿੱਤਾ ॥ ॥੭॥ ਅਤੇ ਤਿਨਾਂ ਘੰਟਿਆਂ ਦੇ
ਚਿਰ ਪਿੱਛੋਂ ਉਹ ਦੀ ਤੀਮੀਂ ਇਹ ਵਿੱਥਿਆ ਨਾ ਜਾਣਕੇ ਅੰਦਰ ਆਈ ॥੮॥ ਤਦ ਪਤਰਸ ਨੈ
ਉਹ ਨੂੰ ਅੱਗੋਂ ਆਖਿਆ ਕਿ ਮੈ ਨੂੰ ਦੱਸ ਤੁਸਾਂ ਉਹ ਖੇਤ ਔਨੇ ਹੀ ਨੂੰ ਵੇਚਿਆ। ਉਹ ਬੋਲੀ ਓ
ਔਨੇ ਹੀ ਨੂੰ ॥੯॥ ਤਦ ਪਤਰਸ ਨੈ ਉਹ ਨੂੰ ਕਿਹਾ ਕਿਉ ਤੁਸਾਂ ਪ੍ਰਭੁ ਦੇ ਆਤਮਾ ਦੇ ਪਰਤਾਉਣ ਲ-
ਈ ਏਕਾ ਕੀਤਾ। ਵੇਖ ਤੇਰੇ ਭਰਤਾ ਦੇ ਦੱਬਣ ਵਾਲਿਆਂ ਦੇ ਪੈਰ ਦਰ ਉੱਤੇ ਹਨ ਅਤੇ ਓਹ ਤੈਨੂੰ ਬ
ਹਰ ਲੈ ਜਾਣਗੇ ॥੧੦॥ ਅਰ ਉਹ ਓਸੇ ਵੇਲੇ ਉਹ ਦੇ ਪੈਰਾਂ ਕੋਲ ਡਿਗ ਪਈ ਅਤੇ ਪ੍ਰਾਣ ਛੱਡ
ਦਿੱਤੇ। ਤਦ ਉਨਾਂ ਜੁਆਨਾਂ ਨੈ ਅੰਦਰ ਜਾ ਕੇ ਉਹ ਨੂੰ ਮੋਈ ਵੇਖਿਆ ਅਤੇ ਬਾਹਰ ਲੈ ਜਾ ਕੇ ਉਹ
ਦੇ ਭਰਤਾ ਦੇ ਕੋਲ ਦੱਬ ਦਿੱਤਾ ॥੧੧॥ ਅਰ ਸਾਰੀ ਕਲੀਸਿਯਾ ਅਤੇ ਜਿਨਾਂ ਏਹ ਗੱਲਾਂ ਸੁਣੀ-

Original with:
Language Department Punjab
Digitized by:
Panjab Digital Library

ਆਂ ਉਨਾਂ ਸਭਨਾਂ ਨੂੰ ਵਡਾ ਡਰ ਲੱਗਾ॥ ॥੧੨॥ ਅਤੇ ਰਸੂਲਾਂ ਦੇ ਹੱਥੋਂ ਬਹੁਤ ਸ
ਰੀਆਂ ਨਸਾਨੀਆਂ ਅਰ ਕਰਾਮਾਤਾਂ ਲੋਕਾਂ ਵਿਚ ਪਰਗਟ ਹੋਈਆਂ ਅਤੇ ਓਹ ਸੱਭੇ ਇੱਕ ਮ
ਨ ਹੋਕੇ ਸੁਲੇਮਾਨ ਦੇ ਦਲਾਨ ਵਿੱਚ ਸਨ॥੧੩॥ ਅਤੇ ਹੋਰਨਾਂ ਵਿੱਚੋਂ ਕਿਸੇ ਦਾ ਹੀਆ ਨਾ ਪਿਆ
ਜੋ ਉਨਾਂ ਦੀ ਸੰਗਤ ਕਰੇ ਪਰ ਲੋਕ ਉਨਾਂ ਦੀ ਵਡਿਆਈ ਕਰਦੇ ਸਨ॥੧੪॥ ਅਤੇ ਹੋਰ ਨਿ
ਹਚਾਵਾਨ ਬੀ ਨਾਲੇ ਮਨੁੱਖ ਨਾਲੇ ਤੀਮੀਆਂ ਟੋਲੀਆਂ ਦੀਆਂ ਟੋਲੀਆਂ ਪ੍ਰਭੁ ਨਾਲ ਮਿ
ਲਦੀਆਂ ਜਾਂਦੀਆਂ ਸਨ॥੧੫॥ ਐਂਥੋਂ ਤੋੜੀ ਜੋ ਲੋਕਾਂ ਨੇ ਰੋਗੀਆਂ ਨੂੰ ਬੀ ਬਾਹਰ ਚੌਕਾਂ ਵਿ
ਚ ਲਿਆਂਦਾ ਅਤੇ ਉਨਾਂ ਨੂੰ ਖਟੋਲਿਆਂ ਅਤੇ ਮੰਜੀਆਂ ਉੱਤੇ ਪਾਇਆ ਇਸ ਲਈ ਕਿ ਜਦ ਪ
ਤਰਸ ਆਵੇ ਤਦ ਹੋਰ ਨਹੀਂ ਤਾਂ ਉਹਦਾ ਪਰਛਾਵਾਂ ਹੀ ਉਨਾਂ ਵਿੱਚੋਂ ਕਿਸੇ ਉੱਤੇ ਪੈ ਜਾਵੇ॥੧੬
॥ ਅਤੇ ਯਰੂਸਲੀਮ ਦੇ ਆਲੇ ਦੁਆਲੇ ਦੇ ਨਗਰਾਂ ਵਿੱਚੋਂ ਬੀ ਬਹੁਤ ਸਾਰੇ ਲੋਕ ਰੋਗੀਆਂ ਨੂੰ
ਅਤੇ ਉਨਾਂ ਨੂੰ ਜੋ ਅਸ਼ੁਧ ਆਤਮਿਆਂ ਦੇ ਦੁਖਾਏ ਹੋਏ ਸਨ ਲਿਆਕੇ ਕੱਠੇ ਹੋਏ ਅਤੇ ਓ
ਹ ਸਭ ਚੰਗੇ ਕੀਤੇ ਗਏ॥ ॥੧੭॥ ਪਰ ਸਰਦਾਰ ਜਾਜਕ ਅਤੇ ਉਹ ਦੇ ਨਾਲ ਦੇ
ਸਭ ਜੋ ਸਦੂਕੀ ਪੰਥੀ ਸਨ ਉੱਠੇ ਅਤੇ ਉਹ ਖਾਰ ਨਾਲ ਭਰ ਗਏ॥੧੮॥ ਅਤੇ ਰਸੂਲਾਂ ਉੱਤੇ
ਹੱਥ ਪਾਕੇ ਉਨਾਂ ਨੂੰ ਆਮ ਹਵਾਲਾਤ ਵਿੱਚ ਪਾ ਦਿੱਤਾ॥੧੯॥ ਪਰ ਰਾਤ ਨੂੰ ਪ੍ਰਭੁ ਦੇ ਇੱਕ ਦੂਤ ਨੇ
ਉਸ ਬੰਦੀਖਾਨੇ ਦੇ ਬੂਹੇ ਖੋਲੇ ਅਤੇ ਉਨਾਂ ਨੂੰ ਬਾਹਰ ਕੱਢਕੇ ਆਖਿਆ॥੨੦॥ ਕਿ ਜਾਓ ਮੰਦ
ਰ ਵਿੱਚ ਖੜੇ ਕੇ ਐਸ ਜੀਉਣ ਦੀਆਂ ਸਾਰੀਆਂ ਗੱਲਾਂ ਲੋਕਾਂ ਨੂੰ ਸੁਣਾਓ॥੨੧॥ ਜੋ ਇਹ ਸੁਣ

Original with:
Language Department Punjab
Digitized by:
Panjab Digital Library

ਕੇ ਓਹ ਤੜਕੇ ਮੰਦਰ ਵਿੱਚ ਗਏ ਅਤੇ ਉਪਦੇਸ਼ ਦੇਣ ਲੱਗੇ। ਅਤੇ ਜਾਂ ਸਰਦਾਰ ਜਾਜਕ ਅਰ ਉ-
ਹਦੇ ਨਾਲ ਦੇ ਆਏ ਤਾਂ ਮਹਾਂ ਸਭਾ ਅਤੇ ਇਸਰਾਈਲ ਦੇ ਸੰਤਾਨ ਦੀ ਸਾਰੀ ਪੰਚਾਇਤ ਨੂੰ ਕੱਠਾ
ਕੀਤਾ ਅਤੇ ਕੈਦਖਾਨੇ ਵਿੱਚ ਕਹਾ ਭੇਜਿਆ ਭਈ ਉਨਾਂ ਨੂੰ ਲੈ ਆਉਣ ॥੨੨॥ ਪਰ ਜਾਂ
ਸਿਪਾਹੀ ਆਏ ਤਾਂ ਉਨਾਂ ਨੂੰ ਬੰਦੀਖਾਨੇ ਵਿੱਚ ਨਾ ਡਿੱਠਾ। ਸੋ ਓਹ ਮੁੜ ਕਿ ਆਏ ॥੨੩॥ ਅਤੇ ਖਬ-
ਰ ਦਿੱਤੀ ਭਈ ਅਸਾਂ ਤਾਂ ਕੈਦਖਾਨੇ ਨੂੰ ਵੜੀ ਚੌਕਸੀ ਨਾਲ ਬੰਦ ਕੀਤਾ ਹੋਇਆ ਅਤੇ ਪਹਿ-
ਰੇਵਾਲਿਆਂ ਨੂੰ ਬੂਹਿਆਂ ਉੱਤੇ ਖੜੇ ਖਲੋਤੇ ਵੇਖਿਆ ਪਰ ਜਾਂ ਖੋਲਿਆ ਤਾਂ ਅੰਦਰ ਕਿਸੇ
ਨੂੰ ਨਾ ਡਿੱਠਾ ॥੨੪॥ ਜਾਂ ਮੰਦਰ ਦੇ ਸਰਦਾਰ ਅਤੇ ਪਰਧਾਨ ਜਾਜਕਾਂ ਨੇ ਏਹ ਗੱਲਾਂ ਸੁਣੀਆਂ ੦
ਤਾਂ ਇਹਨਾਂ ਕਰਕੇ ਦੁਬਧਾ ਵਿੱਚ ਪਏ ਭਈ ਕੀ ਜਾਣੀਏ ਇਹ ਗੱਲ ਕਿੱਥੇ ਤੋੜੀ ਵਧੇ ॥੨੫॥
ਤਦ ਕਿਨੇ ਆਣਕੇ ਉਨਾਂ ਨੂੰ ਖਬਰ ਦਿੱਤੀ ਕਿ ਵੇਖੋ ਜਿਨਾਂ ਮਨੁੱਖਾਂ ਨੂੰ ਤੁਸਾਂ ਬੰਦੀਖਾਨੇ ਵਿੱਚ ਪ ੦
ਦਿੱਤਾ ਸੀ ਓਹ ਮੰਦਰ ਵਿੱਚ ਖੜੇ ਲੋਕਾਂ ਨੂੰ ਉਪਦੇਸ਼ ਕਰਦੇ ਹਨ ॥੨੬॥ ਤਦ ਉਹ ਸਰਦਾਰ ਸਿ-
ਪਾਹੀਆਂ ਨਾਲ ਜਾਕੇ ਉਨਾਂ ਨੂੰ ਲਿਆਇਆ ਪਰ ਧੱਕੇ ਨਾਲ ਨਹੀਂ ਕਿਉ ਜੋ ਓਹ ਲੋਕਾਂ ਥੋਂ
ਡਰਦੇ ਸਨ ਭਈ ਓਹ ਕਿਤੇ ਸਾ ਨੂੰ ਪਥਰਾਹ ਨਾ ਕਰਨ ॥੨੭॥ ਅਤੇ ਉਨਾਂ ਨੂੰ ਲਿਆਕੇ ਮ-
ਹਾਂ ਸਭਾ ਵਿੱਚ ਖੜੇ ਕੀਤਾ। ਤਦ ਸਰਦਾਰ ਜਾਜਕ ਨੇ ਉਨਾਂ ਨੂੰ ਪੁੱਛਿਆ ਅਤੇ ਕਿਹਾ ॥੨੮
॥ ਭਈ ਅਸਾਂ ਤਾਂ ਤੁਹਾ ਨੂੰ ਤਰੀਦ ਨਾਲ ਹੁਕਮ ਕੀਤਾ ਸੀ ਜੋ ਇਸ ਨਾਉਂ ਦਾ ਉਪਦੇਸ਼ ਨਾ ਕ-
ਰਨਾ। ਅਤੇ ਵੇਖੋ ਤੁਸਾਂ ਯਰੂਸ਼ਲੀਮ ਨੂੰ ਆਪਣੀ ਸਿੱਖਿਆ ਨਾਲ ਭਰ ਦਿੱਤਾ ਨਾਲੇ ਚਾਹੁੰਦੇ ਹੋ

Original with:
Language Department Punjab
Digitized by:
Panjab Digital Library

ਜੋ ਇਸ ਮਨੁੱਖ ਦਾ ਖੂਨ ਸਾਡੇ ਜੁੰਮੇ ਲਾਓ॥ ੨੮॥ ਤਦ ਪਤਰਸ ਅਤੇ ਰਸੂਲਾਂ ਨੇ ਉੱਤਰ ਦਿੱਤਾ
ਕਿ ਮਨੁੱਖਾਂ ਦੇ ਹੁਕਮ ਨਾਲੋਂ ਪਰਮੇਸ਼ੁਰ ਦਾ ਹੁਕਮ ਮੰਨਣਾ ਜਰੂਰ ਹੈ॥ ੩੦॥ ਸਾਡੇ ਵਡਿਆਂ ਦੇ
ਪਰਮੇਸ਼ੁਰ ਨੇ ਯਿਸੂ ਨੂੰ ਜਿਵਾਲਿਆ ਜਿਹ ਨੂੰ ਤੁਸਾਂ ਕਾਠ ਪੁਰ ਲਮਕਾ ਕੇ ਮਾਰ ਸੁੱਟਿਆ॥ ੩੧
॥ ਓਸੇ ਨੂੰ ਪਰਮੇਸ਼ੁਰ ਨੇ ਆਪਣੇ ਸੱਜੇ ਹੱਥ ਨਾਲ ਅੱਤ ਉੱਚ ਕਰਕੇ ਸਰਦਾਰ ਅਤੇ ਮੁਕਤਿਦਾਤਾ
ਠਰਾਇਆ ਤਾਂ ਜੋ ਉਹ ਇਸਰਾਈਲ ਨੂੰ ਤੋਬਾ ਅਤੇ ਪਾਪਾਂ ਦੀ ਮਾਫੀ ਬਖਸੇ॥ ੩੨॥ ਅਤੇ ਅ
ਸੀਂ ਇਨਾਂ ਗੱਲਾਂ ਦੇ ਸਾਖੀ ਹਾਂ ਗੇ ਅਤੇ ਪਵਿਤ੍ਰ ਆਤਮਾ ਬੀ ਜੋ ਪਰਮੇਸ਼ੁਰ ਨੇ ਆਪਣੇ ਮੰਨਣ-
ਵਾਲਿਆਂ ਨੂੰ ਬਖਸਿਆ॥ ॥੩੩॥ ਇਹ ਸੁਣਕੇ ਓਹ ਜਲ ਗਏ ਅਤੇ ਉਨਾਂ
ਨੂੰ ਮਾਰ ਸੁੱਟਣ ਦੀ ਦਲੀਲ ਕੀਤੀ॥ ੩੪॥ ਪਰ ਗਾਮਲੀਏਲ ਨਾਮੇ ਇੱਕ ਫਰੀਸੀ ਨੇ ਜੋ ਸਭ
ਦਾ ਪਤ੍ਰਾਉਣ ਵਾਲਾ ਸੀ ਅਤੇ ਸਭਨਾਂ ਲੋਕਾਂ ਵਿੱਚ ਪਤਵੰਤਾ ਸੀ ਮਹਾਂ ਸਭਾ ਵਿੱਚ ਉੱਠਕੇ ਹੁਕਮ
ਕੀਤਾ ਭਈ ਇਨਾਂ ਮਨੁੱਖਾਂ ਨੂੰ ਰਤੀਕੁ ਬਾਹਰ ਕਰ ਦਿਓ॥ ੩੫॥ ਅਤੇ ਉਸ ਨੇ ਉਨਾਂ ਨੂੰ ਆਖਿਆ
ਕਿ ਹੇ ਇਸਰਾਈਲੀ ਲੋਕੋ ਖਬਰਦਾਰ ਰਹੋ ਜੋ ਤੁਸੀਂ ਇਨਾਂ ਮਨੁੱਖਾਂ ਨਾਲ ਕੀ ਕੀਤਾ ਚਾਹੁੰਦੇ ਹੋ
॥੩੬॥ ਕਿਉਂ ਜੋ ਇਨਾਂ ਦਿਨਾਂ ਥੋਂ ਅੱਗੇ ਥੇਉਦਾਸ ਉੱਠਿਆ ਅਤੇ ਕਹਿਣ ਲੱਗਾ ਭਈ ਮੈਂ ਕੁਛ
ਹਾਂ ਅਤੇ ਗਿਣਤੀ ਵਿੱਚ ਚਾਰ ਕੁ ਸੌ ਆਦਮੀ ਉਹ ਦੇ ਨਾਲ ਰਲ ਗਏ। ਸੋ ਮਾਰਿਆ ਗਿਆ ਅ-
ਰ ਸਭ ਜੋ ਉਹ ਨੂੰ ਮੰਨਦੇ ਸਨ ਖਿੰਡ ਖਿੰਡਾ ਗਏ ਅਤੇ ਬੇਰਿਕਾਣੇ ਹੋ ਗਏ॥ ੩੭॥ ਉਹ ਦੇ ਪਿੱਛੋਂ
ਮਰਦਮ ਸੁਮਾਰੀ ਦੇ ਦਿਨੀਂ ਯਹੂਦਾ ਗਾਲੀਲੀ ਉੱਠਿਆ ਅਤੇ ਲੋਕਾਂ ਨੂੰ ਆਪਣੇ ਮਗਰ ਲਾ

Original with:
Language Department Punjab
Digitized by:
Panjab Digital Library

ਲਿਆ। ਉਹ ਦਾ ਬੀ ਨਾਸ ਹੋਇਆ ਅਰ ਜਿਨੇ ਉਸ ਨੂੰ ਮੰਨਦੇ ਸਨ ਸਭ ਛਿਨ ਭਿਨ ਹੋ ਗਏ ॥੩੮॥ ਅਤੇ ਹੁਣ ਮੈਂ ਤੁਹਾਨੂੰ ਆਖਦਾ ਹਾਂ ਭਈ ਇਨਾਂ ਮਨੁੱਖਾਂ ਥੋਂ ਲਾਂਭੇ ਹੋਵੋ ਅਤੇ ਇਨਾਂ ਨੂੰ ਜਾਣ ਦਿਓ ਕਿਉਂ ਜੋ ਇਹ ਮੱਤ ਅਰ ਇਹ ਕੰਮ ਆਦਮੀਆਂ ਦੀ ਵਲੋਂ ਹੈ ਤਾਂ ਨਸ਼ਟ ਹੋ ਜਾਊ॥ ੩੯॥ ਪਰ ਜੇ ਪਰਮੇਸ਼ੁਰ ਦੀ ਵਲੋਂ ਹੈ ਤਾਂ ਤੁਸੀਂ ਉਨਾਂ ਨੂੰ ਨਸ਼ਟ ਨਹੀਂ ਕਰ ਸੱਕੋਗੇ ਭਈ ਕਿਤੇ ਐਉਂ ਨਾ ਹੋਵੇ ਜੋ ਤੁਸੀਂ ਪਰਮੇਸ਼ੁਰ ਨਾਲ ਬੀ ਲੜਨ ਵਾਲੇ ਠਹਿਰੋ॥੪੦॥ ਅਤੇ ਉਨਾਂ ਨੇ ਉਹ ਦੀ ਮੰਨ ਲਈ ਅਰ ਜਾਂ ਰਸੂਲਾਂ ਨੂੰ ਕੋਲ ਸੱਦਿਆ ਤਾਂ ਮਾਰ ਕੁੱਟ ਕੇ ਉਨਾਂ ਨੂੰ ਤਰੀਦ ਕੀਤੀ ਜੋ ਯਿਸੂ ਦੇ ਨਾਉਂ ਦਾ ਬਚਨ ਨਾ ਕਰਨਾ ਫੇਰ ਉਨਾਂ ਨੂੰ ਛੱਡ ਦਿੱਤਾ॥੪੧॥ ਸੋ ਓਹ ਇਸ ਗੱਲ ਥੋਂ ਅਨੰਦ ਕਰਦੇ ਹੋਏ ਜੋ ਅਸੀਂ ਉਸ ਨਾਉਂ ਦੇ ਕਾਰਨ ਬੇਪਤ ਹੋਣ ਦੇ ਜੋਗ ਗਿਣੇ ਗਏ ਮਹਾਂਸਭਾ ਦੇ ਸਾਹਮਣਿਓਂ ਚੱਲੇ ਗਏ॥੪੨॥ ਅਤੇ ਓਹ ਰੋਜ ਮੰਦਰ ਵਿੱਚ ਅਤੇ ਘਰੀਂ ਉਪਦੇਸ ਕਰਨ ਅਰ ਇਹ ਮੰਗਲ ਸਮਾਚਾਰ ਸੁਣਾਉਣ ਥੋਂ ਨਾ ਹਟੇ ਭਈ ਯਿਸੂ ਉਹੀ ਮਸੀਹ ਹੈ॥

ਏਕਾਂਤ॥ ਉਨੀਂ ਦਿਨੀਂ ਜਾਂ ਸਿੱਖ ਬਹੁਤ ਹੁੰਦੇ ਜਾਂਦੇ ਸਨ ਤਾਂ ਯੂਨਾਨੀ ਯਹੂਦੀ ਇਬਰਾਨੀਆਂ ਉੱਤੇ ਬੁੜਬੁੜਾਉਣ ਲੱਗੇ। ਕਿਉਂ ਜੋ ਦਿਨ ਦਿਨ ਦੀ ਟਹਿਲ ਵਿੱਚ ਉਨਾਂ ਦੀਆਂ ਵਿਧਵਾਂ ਦੀ ਸੁਧ ਨਹੀਂ ਲੈਂਦੇ ਸਨ॥ ੨॥ ਤਦ ਉਨਾਂ ਬਾਰਾਂ ਨੇ ਸਿੱਖਾਂ ਦੀ ਸੰਗਤ ਨੂੰ ਕੋਲ ਸੱਦ ਕੇ ਆਖਿਆ ਇਹ ਚੰਗੀ ਗੱਲ ਨਹੀਂ ਜੋ ਅਸੀਂ ਪਰਮੇਸ਼ੁਰ ਦਾ ਬਚਨ ਛੱਡ ਕੇ ਖਿਲਾਉਣ ਪਿਲਾਉਣ ਦੀ ਟਹਿਲ ਕਰੀਏ॥ ੩॥ ਸੋ ਭਾਈਓ ਆਪਣੇ ਵਿੱਚੋਂ ਸੱਤ ਨੇਕ ਨਾਮ ਆਦਮੀ-

Original wit
Language Department Punjab
Digitized by:
Panjab Digital Library

ਆਂ ਨੂੰ ਜੇਹੜੇ ਆਤਮਾ ਅਤੇ ਬੁੱਧ ਨਾਲ ਭਰਪੂਰ ਹੋਣ ਚੁਣ ਲਓ ਭਈ ਅਸੀਂ ਉਨਾਂ ਨੂੰ ਇਸ ਕੰ-
ਮ ਉੱਤੇ ਠਰਾਯੇ ॥੪॥ ਪਰ ਅਸੀਂ ਪ੍ਰਾਰਥਨਾ ਵਿੱਚ ਅਰ ਬਚਨ ਦੀ ਸੇਵਾ ਵਿੱਚ ਲੱਗੇ ਰਹਾਂਗੇ
॥੫॥ ਅਤੇ ਇਹ ਗੱਲ ਸਾਰੀ ਸੰਗਤ ਨੂੰ ਚੰਗੀ ਲੱਗੀ ਅਤੇ ਉਨਾਂ ਨੇ ਇਸਤੀਫ਼ਾਨ ਨਾਮੇ ਇੱਕ
ਪੁਰਸ ਨੂੰ ਜਿਹੜਾ ਨਿਹਚਾ ਅਰ ਪਵਿੱਤ੍ਰ ਆਤਮਾ ਨਾਲ ਭਰਪੂਰ ਸੀ ਅਰ ਫ਼ੈਲਬੁਸ ਅਰ ਪ੍ਰੁ-
ਖੁਰਸ ਅਰ ਨਿਕਾਨੋਰ ਅਰ ਤੀਮੋਨ ਅਰ ਪਰਮਨਾਸ ਅਰ ਨਿਕੁਲਾਉਸ ਨੂੰ ਜੋ ਅੰਤਾਕਿ-
ਯਾ ਦਾ ਇੱਕ ਯਹੂਦੀ ਮੁਰੀਦ ਸੀ ਚੁਣਿਆ ॥੬॥ ਅਤੇ ਉਨਾਂ ਨੂੰ ਰਸੂਲਾਂ ਦੇ ਅੱਗੇ ਖੜਾ ਕੀਤ ੦
ਅਤੇ ਉਨਾਂ ਨੇ ਪ੍ਰਾਰਥਨਾ ਕਰਕੇ ਉਨਾਂ ਉੱਤੇ ਹੱਥ ਰੱਖੇ ॥ ॥੭॥ ਅਤੇ ਪਰਮੇਸੁਰ ਦ ੦
ਬਚਨ ਫੈਲਦਾ ਗਿਆ ਅਰ ਯਰੂਸਲੀਮ ਵਿੱਚ ਸਿੱਖਾਂ ਦੀ ਗਿਣਤੀ ਬਹੁਤ ਵਧਦੀ ਜਾਂਦੀ ਸੀ
ਅਤੇ ਢੇਰ ਸਾਰੇ ਜਾਜਕ ਉਸ ਮਤ ਦੇ ਮੰਨਣ ਵਾਲੇ ਹੋ ਗਏ ॥ ॥੮॥ ਅਤੇ ਇਸ
ਤੀਫ਼ਾਨ ਕਿਰਪਾ ਅਰ ਸਕਤਿ ਨਾਲ ਭਰਪੂਰ ਹੋ ਕੇ ਵੱਡੀਆਂ ਕਰਾਮਾਤਾਂ ਅਤੇ ਨਿਸਾਨੀਆਂ ਲੋ-
ਕਾਂ ਦੇ ਵਿੱਚ ਪਰਗਟ ਕਰਦਾ ਸੀ ॥੯॥ ਪਰ ਉਸ ਸਮਾਜ ਵਿੱਚੋਂ ਜੋ ਲਿਬਰਤੀਨੀਆਂ ਦੀ ਕਹਾ-
ਉਂਦੀ ਹੈ ਅਰ ਕੁਰੇਨੀਆਂ ਅਤੇ ਸਿਕੰਦਰੀਆਂ ਵਿੱਚੋਂ ਅਤੇ ਉਨਾਂ ਵਿੱਚੋਂ ਜੇਹੜੇ ਕਿਲਿਕਿਯਾ
ਅਤੇ ਆਸਿਯਾ ਥੋਂ ਆਏ ਸਨ ਕਈਕੁ ਆਦਮੀ ਉੱਠ ਕੇ ਇਸਤੀਫ਼ਾਨ ਨਾਲ ਬਾਦ ਕਰਨ ਲੱ-
ਗੇ ॥੧੦॥ ਅਤੇ ਓਹ ਉਸ ਬੁੱਧ ਅਰ ਆਤਮਾ ਦਾ ਜਿਹ ਦੇ ਨਾਲ ਉਹ ਗੱਲਾਂ ਕਰਦਾ ਸੀ ਸਾ-
ਹਮਣਾ ਨਾ ਕਰ ਸੱਕੇ ॥੧੧॥ ਫੇਰ ਉਨਾਂ ਨੇ ਮਨੁੱਖਾਂ ਨੂੰ ਗੱਠਿਆ ਜੇਹੜੇ ਬੋਲੇ ਭਈ ਅਸਾਂ ਇਹ

Original with:
Language Department Punjab
Digitized by:
Panjab Digital Library

ਨੂੰ ਮੂਸਾ ਦੇ ਅਤੇ ਪਰਮੇਸ਼ੁਰ ਦੇ ਵਿਰੁੱਧ ਕੁਫਰ ਬਕਦੇ ਸੁਣਿਆ ॥੧੨॥ ਤਦ ਉਨਾਂ ਨੇ ਲੋਕਾਂ ਅਤੇ ਬਜ਼ੁਰਗਾਂ ਅਤੇ ਗ੍ਰੰਥੀਆਂ ਨੂੰ ਉਭਾਰਿਆ ਅਰ ਉਸ ਉੱਤੇ ਚੜ੍ਹ ਆਏ ਅਤੇ ਖਿੱਚ ਖੜਕੇ ਮਹਾਂ ਸਭਾ ਵਿੱਚ ਲੈ ਗਏ ॥੧੩॥ ਅਰ ਉਨਾਂ ਨੇ ਝੂਠੇ ਉਗਾਹਾਂ ਨੂੰ ਖੜੇ ਕੀਤਾ ਜੋ ਬੋਲੇ ਭਈ ਇਹ ਮਨੁੱਖ ਇਸ ਪਵਿਤ੍ਰ ਅਸਥਾਨ ਅਤੇ ਸ਼ਰਾ ਦੇ ਵਿਰੁੱਧ ਬੋਲਣ ਥੋਂ ਨਹੀਂ ਹਟਦਾ ॥੧੪॥ ਕਿਉਂ ਉਹ ਨੂੰ ਇਹ ਆਖਦੇ ਸੁਣਿਆ ਹੈ ਭਈ ਇਹ ਯਿਸੂ ਨਾਸਰੀ ਇਸ ਅਸਥਾਨ ਨੂੰ ਢਾਹ ਦੇਊਗਾ ਅਤੇ ਜੇਹੜੀਆਂ ਰੀਤਾਂ ਮੂਸਾ ਨੇ ਸਾਨੂੰ ਸੌਂਪੀਆਂ ਉਨਾਂ ਨੂੰ ਬਦਲ ਦੇਊਗਾ ॥੧੫॥ ਅਤੇ ਜਾਂ ਉਨਾਂ ਸਭਨਾਂ ਨੇ ਜੇਹੜੇ ਮਹਾਂ ਸਭਾ ਵਿੱਚ ਬੈਠੇ ਸਨ ਉਹ ਦੀ ਵਲ ਧਿਆਨ ਕੀਤਾ ਤਾਂ ਉਹ ਦਾ ਮੁੰਹ ਦੂਤ ਦੇ ਮੁੰਹ ਵਰਗਾ ਡਿੱਠਾ ॥

੭ ਕਾਂਡ ॥ ਤਦ ਸਰਦਾਰ ਜਾਜਕ ਨੇ ਪੁੱਛਿਆ ਕਿ ਇਹ ਗੱਲਾਂ ਏਵੇਂ ਹੀ ਹਨ ॥੨॥ ਉਹ ਬੋਲਿਆ ਹੇ ਭਾਈਓ ਅਤੇ ਹੇ ਪਿਤਰੋ ਸੁਣੋ ਕਿ ਸਾਡੇ ਪਿਤਾ ਇਬਰਾਹੀਮ ਨੂੰ ਹਾਰਾਨ ਵਿੱਚ ਵਸਣ ਥੋਂ ਅਗੇ ਜਦ ਉਹ ਮਸੁਪੁਤਾਮਿਯਾ ਵਿੱਚ ਸੀ ਤੇਜ ਰੂਪ ਪਰਮੇਸ਼ੁਰ ਵਿਖਾਈ ਦਿੱਤਾ ॥੩॥ ਅਤੇ ਉਹ ਨੂੰ ਆਖਿਆ ਤੂੰ ਆਪਣੇ ਦੇਸ ਅਤੇ ਆਪਣੇ ਸਾਕਾਂ ਵਿੱਚੋਂ ਨਿੱਕਲ ਕੇ ਉਸ ਦੇਸ ਵਿੱਚ ਜਿਹੜਾ ਤੈਨੂੰ ਵਿਖਾਵਾਂਗਾ ਚੱਲਿਆ ਆ ॥੪॥ ਤਦ ਉਹ ਕਲਦੀਆਂ ਦੇ ਦੇਸ ਥੋਂ ਨਿੱਕਲ ਕੇ ਹਾਰਾਨ ਵਿੱਚ ਜਾ ਬਸਿਆ। ਅਤੇ ਉਹ ਦੇ ਪਿਉ ਦੇ ਮਰਨ ਪਿੱਛੋਂ ਪਰਮੇਸ਼ੁਰ ਨੇ ਉਹ ਨੂੰ ਉੱਥੋਂ ਲਿਆ ਕੇ ਐਸ ਦੇਸ ਵਿੱਚ ਵਸਾਇਆ ਜਿੱਥੇ ਹੁਣ ਤੁਸੀਂ ਰ-

Original Sikh Language Department Punjab
Digitized by: Panjab Digital Library

ਸਿੰਦੇ ਹੋਂ ॥੫॥ ਅਰ ਇਹ ਦੇ ਵਿੱਚ ਕੁਛ ਅਧਿਕਾਰ ਸ਼ ਓਂ ਪੈਰ ਰੱਖਣ ਦੀ ਥਾਂ ਬੀ ਨਾ ਦਿੱਤੀ ਅਤੇ
ਉਸ ਨੈ ਕਰਾਰ ਕੀਤਾ ਜੋ ਮੈਂ ਇਹ ਧਰਤੀ ਤੈਨੂੰ ਅਤੇ ਤੇਰੇ ਪਿੱਛੋਂ ਤੇਰੀ ਅੰਸ ਨੂੰ ਦਿਆਂਗਾ ਭਾਵੇਂ
ਉਹ ਦਾ ਬਾਲਕ ਅਜੇ ਹੈ ਨਹੀਂ ਸੀ ॥੬॥ ਅਤੇ ਪਰਮੇਸੁਰ ਨੈ ਐਉਂ ਆਖਿਆ ਭਈ ਤੇਰੀ ਅੰ
ਸ ਪਰਦੇਸ ਵਿੱਚ ਜਾ ਰਹੂਗੀ ਅਤੇ ਓਹ ਉਸ ਨੂੰ ਦਾਸ ਬਣਾ ਕੇ ਰੱਖਣਗੇ ਅਰ ਚਾਰ ਸੈ ਵ-
ਰਹਾਂ ਤੀਕੁ ਦੁਖ ਦੇਣਗੇ ॥੭॥ ਫੇਰ ਪਰਮੇਸੁਰ ਨੈ ਆਖਿਆ ਜੋ ਮੈਂ ਉਸ ਕੋਮ ਉੱਤੇ ਜਿਹ ਦੇ
ਓਹ ਦਾਸ ਹੋਣਗੇ ਦੰਡ ਲਾਵਾਂਗਾ ਅਰ ਉਹ ਦੇ ਪਿੱਛੋਂ ਓਹ ਨਿੱਕਲ ਆਉਣਗੇ ਅਤੇ ਇਸੇ
ਥਾਂ ਵਿੱਚ ਮੇਰੀ ਸੇਵਾ ਕਰਨਗੇ ॥੮॥ ਅਤੇ ਉਸ ਨੈ ਉਹ ਦੇ ਨਾਲ ਸੁੰਨਤ ਦਾ ਨੇਮ ਕੀਤਾ। ਸੋ
ਇਸਹੜਾ ਉਹ ਦੇ ਇਸਹਾਕ ਜੰਮਿਆ ਅਤੇ ਉਸ ਨੈ ਅੱਠਵੇਂ ਦਿਨ ਉਹ ਦੀ ਸੁੰਨਤ ਕੀਤੀ ਅ-
ਤੇ ਇਸਹਾਕ ਦੇ ਯਾਕੂਬ ਅਰ ਯਾਕੂਬ ਦੇ ਘਰ ਬਾਰਾਂ ਗੋਤਾਂ ਦੇ ਸਰਦਾਰ ਜੰਮੇ ॥੯॥ ਅਤੇ
ਉਨਾਂ ਸਰਦਾਰਾਂ ਨੈ ਯੂਸੁਫ ਉੱਤੇ ਖੁਣਸ ਕਰਕੇ ਉਹ ਨੂੰ ਵੇਚ ਦਿੱਤਾ ਕਿ ਮਿਸਰ ਵਿੱਚ ਲੈ ਜਾਣ।
ਪਰ ਪਰਮੇਸੁਰ ਉਹ ਦੇ ਨਾਲ ਸੀ ॥੧੦॥ ਅਤੇ ਉਸ ਨੂੰ ਉਹ ਦੇ ਸਾਰੇ ਕਸਟਾਂ ਥੋਂ ਛੁਡਾਇਆ
ਅਤੇ ਉਸ ਨੂੰ ਮਿਸਰ ਦੇ ਪਾਤਸਾਹ ਫਿਰਊਨ ਦੇ ਸਾਹਮਣੇ ਕਿਰਪਾ ਅਰ ਬੁੱਧ ਦਿੱਤੀ ਅਤੇ
ਉਸ ਨੈ ਉਹ ਨੂੰ ਮਿਸਰ ਦਾ ਅਤੇ ਆਪਣੇ ਸਾਰੇ ਘਰ ਦਾ ਪਰਧਾਨ ਬਣਾਇਆ ॥੧੧॥ ਫੇ-
ਰ ਸਾਰੇ ਮਿਸਰ ਅਤੇ ਕਨਾਨ ਵਿੱਚ ਕਾਲ ਪਿਆ ਅਰ ਵੱਡਾ ਕਸਟ ਆਇਆ ਅਤੇ ਸਾਡੇ ਪ-
ਤ੍ਰਿਆਂ ਨੂੰ ਅੰਨ ਨਹੀਂ ਸੀ ਲੱਭਦਾ ॥੧੨॥ ਪਰ ਜਾਂ ਯਾਕੂਬ ਨੈ ਸੁਣਿਆ ਭਈ ਮਿਸਰ ਵਿੱਚ

Original with:
Language Department Punjab
Digitized by:
Panjab Digital Library

ਅਨਾਜ ਹੈ ਤਾਂ ਸਾਡੇ ਵਡਿਆਂ ਨੂੰ ਪਹਿਲੀ ਵਾਰ ਘੱਲਿਆ ॥੧੩॥ ਅਤੇ ਦੂਈ ਵਾਰ ਭਾਈਆਂ ਨੇ ਯੂਸੁ-
ਫ ਨੂੰ ਸਿਆਣ ਲਿਆ ਅਰ ਯੂਸੁਫ ਦਾ ਘਰਾਣਾ ਫਿਰਊਨ ਉੱਤੇ ਪਰਗਟ ਹੋਇਆ ॥੧੪॥ ਤਦ ਯੂਸੁ-
ਫ ਨੇ ਆਪਣੇ ਪਿਉ ਯਾਕੂਬ ਨੂੰ ਅਤੇ ਆਪਣੇ ਸਾਰੇ ਕੋੜਮੇ ਨੂੰ ਜੋ ਪੰਝੱਤਰ ਪ੍ਰਾਣੀ ਸਨ ਮੰਗਾ ਲਿਆ
॥੧੫॥ ਸੋ ਯਾਕੂਬ ਮਿਸਰ ਵਿੱਚ ਗਿਆ ਅਤੇ ਉਹ ਆਪ ਮਰ ਗਿਆ ਅਰ ਸਾਡੇ ਵਡੇ ਬੀ ॥੧੬॥ ਅ-
ਤੇ ਓਹ ਸਿਖਮ ਵਿੱਚ ਪੁਚਾਏ ਗਏ ਅਰ ਉਸ ਕਬਰ ਸਥਾਨ ਵਿੱਚ ਦੱਬੇ ਗਏ ਜਿਹੜਾ ਇਬਰਾਹੀ-
ਮ ਨੇ ਸਿਖਮ ਵਿੱਚ ਅਮੂਰ ਦੇ ਪੁੱਤਾਂ ਥੋਂ ਰੁਪੱਯੇ ਦੇ ਕੇ ਮੁੱਲ ਲਿਆ ਸੀ ॥੧੭॥ ਪਰ ਜਾਂ ਉਸ ਕਰਾਰ ਦ
ਵੇਲਾ ਜਿਹ ਦਾ ਪਰਮੇਸ਼ੁਰ ਨੇ ਇਬਰਾਹੀਮ ਨਾਲ ਨੇਮ ਕੀਤਾ ਸੀ ਨੇੜੇ ਆਇਆ ਤਾਂ ਓਹ ਲੋਕ ਮਿ-
ਸਰ ਵਿੱਚ ਵਧਣ ਅਤੇ ਬਹੁਤ ਹੋਣ ਲੱਗੇ ॥੧੮॥ ਉਸ ਵੇਲੇ ਤੀਕੁਰ ਕਿ ਮਿਸਰ ਦਾ ਇੱਕ ਹੋਰ ਪਾਤ-
ਸਾਹ ਹੋਇਆ ਜਿਹੜਾ ਯੂਸੁਫ ਨੂੰ ਨਾ ਜਾਣਦਾ ਸੀ ॥੧੯॥ ਉਹ ਨੇ ਸਾਡੀ ਕੋਮ ਨਾਲ ਚਤਰਾਈ ਕ-
ਰਕੇ ਸਾਡੇ ਵਡਿਆਂ ਨੂੰ ਤੰਗ ਕੀਤਾ ਭਈ ਓਹ ਆਪਣਿਆਂ ਬਾਲਕਾਂ ਨੂੰ ਬਾਹਰ ਸੁੱਟ ਦੇਣ ਕਿ ਜੀਉਂ-
ਦੇ ਨਾ ਰਹਿਣ ॥੨੦॥ ਉਸ ਸਮੇ ਮੂਸਾ ਜੰਮਿਆ ਜੋ ਅੱਤ ਸੁਹੁਣਾ ਸੀ। ਉਹ ਤਿੰਨ ਮਹੀਨਿਆਂ ਤੀ-
ਕੁਰ ਆਪਣੇ ਪਿਉ ਦੇ ਘਰ ਵਿੱਚ ਪਲਦਾ ਰਿਹਾ ॥੨੧॥ ਅਤੇ ਜਾਂ ਉਹ ਬਾਹਰ ਸੁੱਟਿਆ ਗਿਆ
ਤਾਂ ਫਿਰਊਨ ਦੀ ਧੀ ਨੇ ਉਹ ਨੂੰ ਉਠਾ ਲਿਆ ਅਤੇ ਉਹ ਨੂੰ ਆਪਣਾ ਪੁੱਤ ਕਰਕੇ ਪਾਲਿਆ ॥੨੨
॥ ਅਰ ਮੂਸਾ ਨੇ ਮਿਸਰੀਆਂ ਦੀ ਸਾਰੀ ਵਿੱਦਿਆ ਸਿੱਖੀ ਅਤੇ ਆਪਣਿਆਂ ਬਚਨਾਂ ਅਤੇ ਕਰ-
ਨੀਆਂ ਵਿੱਚ ਸਮਰੱਥ ਸੀ ॥੨੩॥ ਅਰ ਜਦ ਉਹ ਪੂਰਿਆਂ ਚਾਹਲੀਆਂ ਵਰਿਹਾਂ ਦਾ ਹੋਣ ਲੱਗਾ

Original with:
Language Department Punjab
Digitized by:
Panjab Digital Library

ਤਦ ਉਹਦੇ ਮਨ ਵਿੱਚ ਆਇਆ ਭਈ ਮੈਂ ਜਾਕੇ ਆਪਣੇ ਭਾਈ ਇਸਰਾਈਲੀਆਂ ਦੀ ਖਬਰ ਲਵਾਂ ॥੨੪॥ ਤਦ ਇੱਕ ਉੱਤੇ ਵਾਧਾ ਹੁੰਦਾ ਵੇਖਕੇ ਉਹ ਦੀ ਸਹਾਇਤਾ ਕੀਤੀ ਅਤੇ ਮਿਸਰੀ ਨੂੰ ਜਾਨੋਂ ਮਾਰਿਆ ਅਰ ਜਿਹ ਦੇ ਨਾਲ਼ ਜੋਰਾਵਰੀ ਹੋਈ ਸੀ ਉਹ ਦਾ ਵੱਟਾ ਲਿਆ ॥੨੫॥ ਅਰ ਉਸ ਨੇ ਸੋਚਿਆ ਭਈ ਮੇਰੇ ਭਾਈ ਸਮਝਣਗੇ ਜੋ ਪਰਮੇਸ਼ੁਰ ਮੇਰੇ ਹੱਥੀਂ ਉਨਾਂ ਨੂੰ ਛੁਟਕਾਰਾ ਦੇਣ ਲੱਗਾ ਹੈ ਪਰ ਓਹ ਨਾ ਸਮਝੇ ॥੨੬॥ ਫੇਰ ਅਗਲੇ ਭਲਕ ਜਾਂ ਓਹ ਲੜਦੇ ਸਨ ਤਾਂ ਉਨਾਂ ਨੂੰ ਵਿਖਾਈ ਦਿੱਤਾ ਅਤੇ ਇਹ ਕਹਿਕੇ ਉਨਾਂ ਵਿੱਚ ਮੇਲ ਕਰਾਉਣਾ ਚਾਹਿਆ ਕਿ ਹੇ ਪੁਰਖੋ ਤੁਸੀਂ ਤਾਂ ਭਾਈ ਹੋਂ ਕਿਉਂ ਇੱਕ ਦੂਏ ਦੇ ਉੱਤੇ ਵਾਧਾ ਕਰਦੇ ਹੋ ॥੨੭॥ ਪਰ ਜਿਹੜਾ ਆਪਣੇ ਗੁਆਂਢੀ ਦੇ ਉੱਤੇ ਵਾਧਾ ਕਰਦਾ ਸੀ ਉਸ ਨੇ ਉਹ ਨੂੰ ਧੱਕਾ ਦੇਕੇ ਆਖਿਆ ਭਈ ਤੈਨੂੰ ਕਿਨ ਸਾਡੇ ਉੱਪਰ ਹਾਕਮ ਅਤੇ ਨਿਆਈਂ ਬਣਾਇਆ ਹੈ ॥੨੮॥ ਭਲਾ ਤੂੰ ਮੈਨੂੰ ਵੀ ਮਾਰਿਆ ਚਾਹੁੰਦਾ ਹੈਂ ਜਿਵੇਂ ਤੈਂ ਕਲ ਉਸ ਮਿਸਰੀ ਨੂੰ ਮਾਰ ਸੁੱਟਿਆ ਸੀ ॥੨੯॥ ਇਸ ਗੱਲ ਉੱਤੇ ਮੂਸਾ ਭੱਜ ਗਿਆ ਅਤੇ ਮਦਿਯਾਮ ਦੇਸ ਵਿੱਚ ਜਾ ਰਿਹਾ ਓਥੇ ਉਹ ਦੇ ਦੋ ਪੁੱਤ ਜੰਮੇ ॥੩੦॥ ਅਤੇ ਜਾਂ ਚਾਹਲੀ ਵਰਹੇ ਬੀਤ ਗਏ ਤਾਂ ਇੱਕ ਦੂਤ ਸੀਨਾ ਦੇ ਪਹਾੜ ਦੀ ਉਜਾੜ ਵਿਖੇ ਅੱਗ ਦੀ ਲੋ ਵਿੱਚ ਝਾੜੀ ਵਿੱਚ ਉਹ ਨੂੰ ਵਿਖਾਈ ਦਿੱਤਾ ॥੩੧॥ ਮੂਸਾ ਨੇ ਵੇਖਕੇ ਉਸ ਦਰਸ਼ਣ ਥੋਂ ਅਚੰਭਾ ਕੀਤਾ ਅਤੇ ਜਾਂ ਤੱਕਣ ਲਈ ਨੇੜੇ ਢੁੱਕਿਆ ਤਾਂ ਪ੍ਰਭੁ ਦੀ ਅਵਾਜ ਆਈ ॥੩੨॥ ਭਈ ਮੈਂ ਤੇਰੇ ਪਿਉ ਦਾਦਿਆਂ ਦਾ ਪਰਮੇਸ਼ੁਰ ਹਾਂ ਇਬਰਾਹੀਮ ਦਾ ਅਤੇ ਇਸਹਾਕ ਦਾ ਅਤੇ ਯਾਕੂਬ ਦਾ ਪਰਮੇਸ਼ੁਰ। ਤਦ ਮੂਸਾ ਕੰਬ ਉੱਠਿਆ ਅਤੇ ਉਹ ਨੂੰ ਤੱਕਣ ਦਾ ਹੀ

Original with:
Language Department Punjab
Digitized by:
Panjab Digital Library

ਆਨਾ ਪਿਆ ॥੩੩॥ ਤਦ ਪ੍ਰਭੂ ਨੈ ਉਹ ਨੂੰ ਆਖਿਆ ਕਿ ਆਪਣਿਆਂ ਪੈਰਾਂ ਦੀ ਜੁੱਤੀ ਲਾਹ ਕਿਉਂ
ਜੋ ਇਹ ਥਾਂ ਜਿੱਥੇ ਤੂੰ ਖਲੋਤਾ ਹੈਂ ਪਵਿਤ੍ਰ ਧਰਤੀ ਹੈ ॥੩੪॥ ਮੈਂ ਦ੍ਰਿਸਟ ਕਰਕੇ ਆਪਣੇ ਲੋਕਾਂ ਦਾ
ਜੋ ਮਿਸਰ ਵਿੱਚ ਦੁਖ ਕਸ਼ਟ ਵੇਖਿਆ ਅਤੇ ਮੈਂ ਉਨ੍ਹਾਂ ਦੇ ਹੌਕੇ ਸੁਣ ਕੇ ਉਨ੍ਹਾਂ ਨੂੰ ਛੁਡਾਉਣ ਉੱਤ-
ਰਿਆ ਹਾਂ ਜੋ ਹੁਣ ਆ ਮੈਂ ਤੈਨੂੰ ਮਿਸਰ ਵਿੱਚ ਘੱਲਾਂਗਾ ॥੩੫॥ ਓਸੇ ਮੂਸਾ ਨੂੰ ਜਿਸ ਥੋਂ ਉਨ੍ਹਾਂ ਨੈ ਇ-
ਨਕਾਰ ਕਰਕੇ ਕਿਹਾ ਜੋ ਤੈਨੂੰ ਕਿਹ ਨੈ ਹਾਕਮ ਅਤੇ ਨਿਆਈਂ ਬਣਾਇਆ ਓਸੇ ਨੂੰ ਪਰਮੇਸੁਰ ਨੈ ਉ-
ਸ ਦੂਤ ਦੇ ਹੱਥੀਂ ਜੋ ਉਹ ਨੂੰ ਝਾੜੀ ਵਿੱਚ ਵਿਖਾਈ ਦਿੱਤਾ ਸੀ ਹਾਕਮ ਅਤੇ ਛੁਟਕਾਰਾ ਦੇਣ ਵਾਲ ੦
ਕਰ ਕੇ ਘੱਲਿਆ ॥੩੬॥ ਇਹੋ ਮਨੁੱਖ ਮਿਸਰ ਵਿੱਚ ਅਤੇ ਲਾਲ ਸਮੁੰਦਰ ਵਿੱਚ ਅਤੇ ਉਜ ੦
ੜ ਵਿੱਚ ਚਾਹਲੀਆਂ ਵਰਿਹਾਂ ਤੀਕੁਰ ਕਰਾਮਾਤਾਂ ਅਤੇ ਨਿਸਾਨੀਆਂ ਵਿਖਾ ਕੇ ਉਨ੍ਹਾਂ ਨੂੰ ਕੱਢ
ਲਿਆਇਆ ॥੩੭॥ ਇਹ ਉਹੋ ਮੂਸਾ ਹੈ ਜਿਨ ਇਸਰਾਈਲ ਦਿਆਂ ਪੁੱਤਾਂ ਨੂੰ ਆਖਿਆ
ਭਈ ਪਰਮੇਸੁਰ ਤੁਹਾਡੇ ਭਾਈਆਂ ਵਿੱਚੋਂ ਤੁਹਾਡੇ ਲਈ ਮੇਰੇ ਜਿਹਾ ਇੱਕ ਪਿਕੰਬਰ ਖੜਾ ਕ-
ਰੂ ॥੩੮॥ ਇਹ ਉਹੋ ਹੈ ਜੋ ਉਜਾੜ ਵਿੱਚ ਕਲੀਸਿਯਾ ਵਿਖੇ ਉਸ ਦੂਤ ਦੇ ਸੰਗ ਜਿਹੜਾ ਸੀਨਾ
ਦੇ ਪਹਾੜ ਉੱਤੇ ਉਹ ਦੇ ਨਾਲ ਬੋਲਿਆ ਅਤੇ ਸਾਡੇ ਵਡਿਆਂ ਦੇ ਸੰਗ ਸੀ ਅਤੇ ਉਸ ਨੈ ਜੀਉਂ-
ਦੇ ਬਚਨ ਪਾਏ ਕਿ ਸਾ ਨੂੰ ਸੌਂਪ ਦੇਵੇ ॥੩੯॥ ਪਰ ਸਾਡੇ ਵਡਿਆਂ ਨੈ ਉਹ ਦੇ ਅਧੀਨ ਹੋਣਾ ਨਾ ਚ ੦
ਹਿਆ ਸਗੋਂ ਉਸ ਨੂੰ ਧੱਕਾ ਦਿੱਤਾ ਅਤੇ ਉਨ੍ਹਾਂ ਦਾ ਮਨ ਮਿਸਰ ਦੀ ਵਲ ਫਿਰਿਆ ॥੪੦॥ ਅ-
ਤੇ ਉਨ੍ਹਾਂ ਹਾਰੂਨ ਨੂੰ ਆਖਿਆ ਭਈ ਸਾਡੇ ਲਈ ਠਾਕੁਰ ਬਣਾ ਜੇਹੜੇ ਸਾਡੇ ਅੱਗੇ ਅੱਗੇ ਚੱਲਣ

Original with
Language Department Punjab
Digitized by:
Panjab Digital Library

ਕਿਉਂ ਜੋ ਉਹ ਮੂਸਾ ਜਿਹੜਾ ਸਾ ਨੂੰ ਮਿਸਰ ਦੇਸ ਵਿੱਚੋਂ ਕੱਢ ਲਿਆਇਆ ਸਾ ਨੂੰ ਪਤਾ ਨਹੀਂ ਭ-
ਈ ਉਹ ਨੂੰ ਕੀ ਹੋਇਆ ॥੪੧॥ ਅਤੇ ਉਨੀਂ ਦਿਨੀਂ ਉਨਾਂ ਨੇ ਇੱਕ ਵੱਛਾ ਬਣਾਇਆ ਅਤੇ ਉਸ
ਮੂਰਤ ਨੂੰ ਬਲਿਦਾਨ ਚੜ੍ਹਾਇਆ ਅਤੇ ਆਪਣੇ ਹੱਥਾਂ ਦੇ ਕੰਮ ਉੱਤੇ ਖੁਸ਼ੀ ਮਨਾਈ ॥੪੨॥ ਪ-
ਰ ਪਰਮੇਸੁਰ ਉਨਾਂ ਥੋਂ ਫਿਰ ਗਿਆ ਅਤੇ ਉਨਾਂ ਨੂੰ ਛੱਡ ਦਿੱਤਾ ਕਿ ਤਾਰਿਆਂ ਨੂੰ ਪੂਜਣ ਜਿਹਾ-
ਕੁ ਪਿਕੰਬਰਾਂ ਦੀ ਪੋਥੀ ਵਿੱਚ ਲਿਖਿਆ ਹੋਇਆ ਹੈ ਕਿ ਹੇ ਇਸਰਾਈਲ ਦੇ ਘਰਾਣੇ ਕੀ ਤੁ-
ਸਾਂ ਮੈਨੂੰ ਉਜਾੜ ਵਿੱਚ ਚਾਹਲੀ ਵਰਹੇ ਪਸੁ ਮੇਧ ਅਤੇ ਬਲਿਦਾਨ ਚੜ੍ਹਾਏ ॥੪੩॥ ਅਰ ਤੁਸ
ਾਂ ਮੋਲੁਖ ਦੇ ਤੰਬੂ ਅਤੇ ਰਿਫਾਨ ਦੇ ਉਤੇ ਦੇ ਤਾਰੇ ਨੂੰ ਅਰਥਾਤ ਉਨਾਂ ਮੂਰਤਾਂ ਨੂੰ ਚੁੱਕੀ ਫਿਰਦੇ ਸ-
ਓ ਜੋ ਹੜੀਆਂ ਤੁਸਾਂ ਪੂਜਣ ਲਈ ਬਣਾਈਆਂ ਅਰ ਮੈਂ ਤੁਹਾ ਨੂੰ ਕੱਢ ਕੇ ਬਾਬੁਲ ਥੋਂ ਪਰੇ ਲ-
ਜਾ ਕੇ ਵਸਾਵਾਂਗਾ ॥੪੪॥ ਸਾਖੀ ਦਾ ਤੰਬੂ ਉਜਾੜ ਵਿੱਚ ਸਾਡੇ ਵਡਿਆਂ ਦੇ ਕੋਲ ਸੀ ਜਿਹਾ ਕੁ
ਉਸੇ ਨੇ ਆਗਿਆ ਦਿੱਤੀ ਜਿਨ ਮੂਸਾ ਨੂੰ ਆਖਿਆ ਸੀ ਭਈ ਉਹ ਨੂੰ ਉਸ ਨਮੂਨੇ ਜਿਹਾ ਬ-
ਜੋ ਤੈਂ ਵੇਖਿਆ ਹੈ ॥੪੫॥ ਅਤੇ ਉਸ ਨੂੰ ਸਾਡੇ ਪਿਉ ਦਾਦੇ ਅਗਾਲਿਆਂ ਥੋਂ ਪਾ ਕੇ ਯਸ਼ੂਆ ਦੇ ਨਾ-
ਲ ਤਦ ਅੱਥੇ ਲਿਆਏ ਜਦ ਉਨਾਂ ਕੌਮਾਂ ਦੀ ਮਿਲਖ ਪਾਈ ਜਿਨਾਂ ਨੂੰ ਪਰਮੇਸੁਰ ਨੇ ਸਾਡੇ ਪਿਉ
ਦਾਦਿਆਂ ਦੇ ਅੱਗਿਓਂ ਕੱਢ ਦਿੱਤਾ ਅਤੇ ਉਹ ਦਾਊਦ ਦੇ ਦਿਨਾਂ ਤੀਕੁ ਰਿਹਾ ॥੪੬॥ ਉਹ ਨੇ ਪਰ-
ਮੇਸੁਰ ਦੀ ਦਰਗਾਹੋਂ ਕਿਰਪਾ ਪਾ ਕੇ ਚਾਹਿਆ ਜੋ ਯਾਕੂਬ ਦੇ ਪਰਮੇਸੁਰ ਦੇ ਲਈ ਇੱਕ ਅਸਥਾ-
ਨ ਬਣਾਵੇ ॥੪੭॥ ਪਰ ਸੁਲੇਮਾਨ ਨੇ ਉਹ ਦੇ ਲਈ ਇੱਕ ਘਰ ਬਣਾਇਆ ॥੪੮॥ ਪਰ ਮਹਾਂਪ-

Original with:
Language Department Punjab
Digitized by:
Panjab Digital Library

ਰਮੇਸੁਰ ਹੱਥਾਂ ਦਿਆਂ ਬਣਿਆਂ ਹੋਇਆਂ ਮੰਦਰਾਂ ਵਿੱਚ ਨਹੀਂ ਵਸਦਾ ਜਿਹਾ ਕੁ ਪਿਕੰਬਰ ਕਹਿ-
ਦਾ ਹੈ ॥੪੮॥ ਭਈ ਅਕਾਸ ਮੇਰਾ ਸਿੰਘਾਸਣ ਅਤੇ ਧਰਤੀ ਮੇਰੇ ਪੈਰ ਰੱਖਣ ਦੀ ਚੌਂਕੀ ਹੈ। ਤੁ-
ਸੀਂ ਮੇਰੇ ਲਈ ਕਿਹੋ ਜਿਹਾ ਘਰ ਬਣਾਓਗੇ ਪ੍ਰਭੁ ਆਖਦਾ ਹੈ ਜਾਂ ਕਿਹੜੀ ਜਗਾ ਮੇਰੇ ਅਰਾਮ ਦੀ
ਹੈ ॥੪੯॥ ਕੀ ਮੇਰੇ ਹੱਥਾਂ ਨੈ ਏਹ ਸਭ ਵਸਤਾਂ ਨਹੀਂ ਬਣਾਈਆਂ ॥ ॥੫੧॥ ਹੇ ਹਠੀ
ਅਤੇ ਮਨ ਅਰ ਕੰਨ ਦੇ ਬੇਸੁੰਨਤੀ ਲੋਕੋ ਤੁਸੀਂ ਸਦਾ ਪਵਿਤ੍ਰ ਆਤਮਾ ਦਾ ਸਾਹਮਣਾ ਕਰਦੇ ਹੋ
। ਜਿਹਾ ਕੁ ਤੁਹਾਡੇ ਵਡਿਆਂ ਨੈ ਕੀਤਾ ਤਿਹਾ ਤੁਸੀਂ ਬੀ ਕਰਦੇ ਹੋ ॥੫੨॥ ਪਿਕੰਬਰਾਂ ਵਿੱਚੋਂ ਕਿ-
ਹਨੂੰ ਤੁਹਾਡੇ ਵਡਿਆਂ ਨੈ ਨਹੀਂ ਸਤਾਇਆ ਸਗੋਂ ਉਨਾਂ ਨੈ ਉਸ ਧਰਮੀ ਦੇ ਆਉਣ ਦੀ ਖਬ-
ਰ ਦੇਣ ਵਾਲਿਆਂ ਨੂੰ ਵੱਢ ਸੁੱਟਿਆ ਜਿਹ ਦੇ ਹੁਣ ਤੁਸੀਂ ਫੜਵਾਉਣ ਵਾਲੇ ਅਤੇ ਖੂਨੀ ਹੋਏ ॥
੫੩॥ ਤੁਸਾਂ ਸਰਾ ਨੂੰ ਜਿਹੀ ਕੁ ਦੂਤਾਂ ਦੀ ਰਾਹੀਂ ਠਰਾਈ ਗਈ ਸੀ ਪਾਇਆ ਪਰ ਉਹ ਦੀ ਪਾ-
ਲਣਾ ਨਾ ਕੀਤੀ ॥ ॥੫੪॥ ਏਹ ਗੱਲਾਂ ਸੁਣਦੇ ਹੀ ਓਹ ਮਨ ਵਿੱਚ ਜਲ ਗਏ ਅ-
ਤੇ ਉਸ ਉੱਤੇ ਦੰਦ ਪੀਹਣ ਲੱਗੇ ॥੫੫॥ ਪਰ ਉਹ ਨੈ ਪਵਿਤ੍ਰ ਆਤਮਾ ਨਾਲ ਭਰਪੂਰ ਹੋ ਕੇ ਅ-
ਕਾਸ ਦੀ ਵਲ ਨਜਰ ਲਾਈ ਹੋਈ ਪਰਮੇਸੁਰ ਦਾ ਤੇਜ ਅਤੇ ਜਿਸੂ ਨੂੰ ਪਰਮੇਸੁਰ ਦੇ ਸੱਜੇ ਹੱ-
ਥ ਖੜਾ ਵੇਖਿਆ ॥੫੬॥ ਅਤੇ ਕਿਹਾ ਵੇਖੋ ਮੈਂ ਅਕਾਸ ਨੂੰ ਖੁਲਾ ਅਤੇ ਮਨੁੱਖ ਦੇ ਪੁਤ੍ਰ ਨੂੰ ਪਰ-
ਮੇਸੁਰ ਦੇ ਸੱਜੇ ਹੱਥ ਖੜਾ ਵੇਖਦਾ ਹਾਂ ॥੫੭॥ ਪਰ ਉਨਾਂ ਨੈ ਉੱਚੀ ਅਵਾਜ ਨਾਲ ਰੌਲ ਪਾ ਕੇ ਆਪ-
ਣੇ ਕੰਨ ਬੰਦ ਕੀਤੇ ਅਤੇ ਇੱਕ ਮਨ ਹੋ ਕੇ ਉਹ ਦੇ ਉੱਤੇ ਟੁੱਟ ਪਏ ॥੫੮॥ ਅਤੇ ਸਹਿਰੋਂ ਬਾਹਰ ਕੱ-

Original with
Language Department Punjab
Digitized by:
Panjab Digital Library

ਢਕੇ ਉਹ ਨੂੰ ਪਥਰਾਹ ਕੀਤਾ। ਅਰ ਉਗਾਹਾਂ ਨੇ ਆਪਣੇ ਬਸਤ੍ਰ ਸੌਲੁਸ ਨਾਮੇ ਇੱਕ ਜੁਆਨ ਦੇ ਪੈਰਾਂ
ਕੋਲ ਲਾਹ ਕੇ ਰੱਖ ਦਿੱਤੇ ॥੫੯॥ ਅਤੇ ਉਨਾਂ ਨੇ ਇਸਤੀਫਾਨ ਨੂੰ ਪਥਰਾਹ ਕੀਤਾ ਜੋ ਬੇਨਤੀ ਕਰਦਾ
ਅਤੇ ਇਹ ਆਖਦਾ ਸੀ ਕਿ ਹੇ ਪ੍ਰਭੂ ਯਿਸੂ ਮੇਰੇ ਆਤਮਾ ਨੂੰ ਆਪਣੇ ਕੋਲ ਲੈ ਲੈ ॥੬੦॥ ਫੇਰ ਉਹ
ਗੋਡੇ ਟੇਕ ਕੇ ਉੱਚੀ ਦੀ ਬੋਲਿਆ ਕਿ ਹੇ ਪ੍ਰਭੂ ਇਹ ਪਾਪ ਉਨਾਂ ਦੇ ਜ਼ੁੰਮੇ ਨਾ ਲਾ। ਅਤੇ ਇਹ ਕਹਿ ਕੇ ਉਹ
ਹਸੌਂ ਰਿਆ। ਅਰ ਸੌਲੁਸ ਉਹ ਦੇ ਮਾਰ ਦੇਣ ਉੱਤੇ ਰਾਜ਼ੀ ਸੀ ॥

੮ ਕਾਂਡ ॥ ਅਤੇ ਉਸ ਦਿਨ ਕਲੀਸਿਯਾ ਪੁਰ ਜੋ ਯਰੂਸ਼ਲੀਮ ਵਿੱਚ ਸੀ ਵੱਡਾ ਕਸ਼ਟ ਹੋ-
ਣ ਲੱਗਾ ਅਤੇ ਰਸੂਲਾਂ ਥੋਂ ਬਿਨਾ ਓਹ ਸਭ ਯਹੂਦਿਯਾ ਅਰ ਸਾਮਰਿਯਾ ਦੇ
ਦੇਸਾਂ ਵਿੱਚ ਖਿੰਡ ਗਏ ॥੨॥ ਅਤੇ ਭਗਤ ਲੋਕਾਂ ਨੇ ਇਸਤੀਫਾਨ ਨੂੰ ਦੱਬਿਆ ਅਤੇ ਉਹ ਦੇ
ਲਈ ਵੱਡਾ ਵਿਰਲਾਪ ਕੀਤਾ ॥੩॥ ਪਰ ਸੌਲੁਸ ਕਲੀਸਿਯਾ ਦਾ ਨਾਸ਼ ਕਰਦਾ ਸੀ ਜੋ ਉਹ ਘ-
ਰਾਂ ਵਿੱਚ ਵੜ ਵੜ ਕੇ ਪੁਰਖਾਂ ਅਤੇ ਤੀਮੀਆਂ ਨੂੰ ਧੂ ਘਸੀਟ ਕੇ ਕੈਦ ਵਿੱਚ ਪੁਆਉਂਦਾ ਸੀ ॥
॥੪॥ ਸੋ ਜੇਹੜੇ ਖਿੰਡ ਗਏ ਸਨ ਬਚਨ ਦਾ ਮੰਗਲ ਸਮਾਚਾਰ ਸੁਣਾਉਂਦੇ ਫਿਰੇ
॥੫॥ ਅਤੇ ਫੈਲਬੂਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨਾਂ ਦੇ ਅੱਗੇ ਮਸੀਹ ਦੀ ਮਨਾਦੀ
ਕੀਤੀ ॥੬॥ ਅਰ ਜਾਂ ਲੋਕਾਂ ਨੇ ਓਹ ਕਰਾਮਾਤਾਂ ਜੋ ਉਹ ਵਿਖਾਉਂਦਾ ਸੀ ਸੁਣੀਆਂ ਅਤੇ ਵੇਖੀਆਂ
ਤਾਂ ਇੱਕ ਮਨ ਹੋ ਕੇ ਫੈਲਬੂਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ ॥੭॥ ਕਿਉਂਕਿ ਭਰਿਸ਼ਟਅ
ਤਮੇ ਬਹੁਤਿਆਂ ਵਿੱਚੋਂ ਜਿਨਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰ ਦੇ ਨਿੱਕਲ

Original with:
Language Department Punjab
Digitized by:
Panjab Digital Library

ਗਾਏ ਅਤੇ ਅਧਰੰਗੀ ਅਰ ਲੰਙੇ ਬਥੇਰੇ ਚੰਗੇ ਕੀਤੇ ਗਏ ॥੮॥ ਅਰ ਉਸ ਨਗਰ ਵਿੱਚ ਵਡੀ ਖ਼ੁਸੀ ਹੋਈ ॥ ॥੯॥ ਪਰ ਸਮਊਨ ਨਾਮੇ ਇੱਕ ਮਨੁੱਖ ਸੀ ਜਿਹੜਾ ਅੱਗੇ ਉਸ ਨਗਰ ਵਿੱਚ ਜਾਦੂ ਕਰਕੇ ਸਾਮਰਿਯਾ ਦੇ ਲੋਕਾਂ ਨੂੰ ਹੈਰਾਨ ਕਰਦਾ ਅਤੇ ਆਖਦਾ ਸੀ ਭਈ ਮੈਂ ਕੋਈ ਮਹਾ ਪੁਰਖ ਹਾਂ ॥੧੦॥ ਅਰ ਛੋਟੇ ਥੋਂ ਲੈ ਵਡੇ ਤਾਈਂ ਸਭ ਉਹ ਦੀ ਵਲ ਚਿੱਤ ਲਾਕੇ ਆਖਦੇ ਸਨ ਭਈ ਇਹ ਮਨੁੱਖ ਪਰਮੇਸ਼ੁਰ ਦੀ ਉਹ ਸਕਤਿ ਹੈ ਜਿਹੜੀ ਵਡੀ ਕਹਾਉਂਦੀ ਹੈ ॥੧੧॥ ਅਤੇ ਉਨਾਂ ਉਹ ਦੀ ਵਲ ਇਸ ਕਰਕੇ ਚਿੱਤ ਲਾਇਆ ਕਿ ਉਸ ਨੇ ਬਹੁਤ ਚਿਰਾਂ ਥੋਂ ਜਾਦੂ ਕਰਕੇ ਉਨਾਂ ਨੂੰ ਹੈਰਾਨ ਕਰ ਰੱਖਿਆ ਸੀ ॥੧੨॥ ਪਰ ਜਾਂ ਉਨਾਂ ਨੇ ਫ਼ੈਲਬੂਸ ਦੀ ਪਰਤੀਤ ਕੀਤੀ ਜੋ ਪਰਮੇਸ਼ੁਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਉਂ ਦਾ ਮੰਗਲ ਸਮਾਚਾਰ ਸੁਣਾਉਂਦਾ ਸੀ ਤਾਂ ਪੁਰਖ ਅਤੇ ਨਾਲੇ ਤੀਮੀਆਂ ਬਪਤਿਸਮਾ ਲੈਣ ਲੱਗੇ ॥੧੩॥ ਨਾਲੇ ਸਮਊਨ ਨੇ ਆਪ ਭੀ ਪਰਤੀਤ ਕੀਤੀ ਅਤੇ ਬਪਤਿਸਮਾ ਲੈਕੇ ਫ਼ੈਲਬੂਸ ਦੇ ਨਾਲ ਹੀ ਰਿਹਾ ਅਤੇ ਨਿਸ਼ਾਨੀਆਂ ਅਤੇ ਵਡੀਆਂ ਕਰਾਮਾਤਾਂ ਜੋ ਪਰਗਟ ਹੋਈਆਂ ਸੀਆਂ ਵੇਖਕੇ ਦੰਗ ਹੋਇਆ ॥ ॥੧੪॥ ਅਰ ਜਾਂ ਰਸੂਲਾਂ ਨੇ ਜੋ ਯਰੂਸ਼ਲੀਮ ਵਿੱਚ ਸਨ ਇਹ ਸੁਣਿਆ ਭਈ ਸਾਮਰਿਯਾ ਨੇ ਪਰਮੇਸ਼ੁਰ ਦਾ ਬਚਨ ਮੰਨ ਲਿਆ ਹੈ ਤਾਂ ਪਤਰਸ ਅਤੇ ਯੂਹੰਨਾ ਨੂੰ ਉਨਾਂ ਦੇ ਕੋਲ ਘੱਲਿਆ ॥੧੫॥ ਉਨਾਂ ਜਾਕੇ ਤਿਨਾਂ ਦੇ ਪਾ ਸਤੇ ਪ੍ਰਾਰਥਨਾ ਕੀਤੀ ਭਈ ਓਹ ਪਵਿੱਤ੍ਰ ਆਤਮਾ ਪਾਉਣ ॥੧੬॥ ਕਿਉਂ ਜੋ ਉਹ ਅਜੇ ਤੀਕੁਰ ਉਨਾਂ ਵਿੱਚੋਂ ਕਿਸੇ ਪੁਰ ਨਾ ਉੱਤਰਿਆ ਸੀ ਪਰ ਉਨਾਂ ਨਿਰਾ ਪ੍ਰਭੁ ਯਿ-

Original with
Language Department Punjab
Digitized by:
Panjab Digital Library

ਸ਼ੂ ਦੇ ਨਾਉਂ ਉੱਤੇ ਬਪਤਿਸਮਾ ਲਿਆ ਸੀ ॥੧੭॥ ਤਦ ਇਨਾਂ ਨੇ ਉਨਾਂ ਉੱਤੇ ਹੱਥ ਰੱਖੇ ਅਤੇ ਉ
ਨਾਂ ਨੂੰ ਪਵਿਤ੍ਰ ਆਤਮਾ ਮਿਲਿਆ ॥੧੮॥ ਜੋ ਜਾਂ ਸ਼ਮਊਨ ਨੇ ਵੇਖਿਆ ਜੋ ਰਸੂਲਾਂ ਦੇ ਹੱਥ
ਰੱਖਣ ਨਾਲ ਪਵਿਤ੍ਰ ਆਤਮਾ ਦਿੱਤਾ ਜਾਂਦਾ ਹੈ ਤਾਂ ਉਨਾਂ ਦੇ ਕੋਲ ਰੁਪੱਯੇ ਲਿਆਇਆ ॥
੧੯॥ ਅਤੇ ਬੋਲਿਆ ਕਿ ਮੈਨੂੰ ਭੀ ਇਹ ਸ਼ਕਤਿ ਦਿਓ ਤਾਂ ਜੋ ਮੈਂ ਜਿਸ ਕਿਸੇ ਪੁਰ ਹੱਥ ਰੱਖਾਂ ਸੋ
ਉਹ ਨੂੰ ਪਵਿਤ੍ਰ ਆਤਮਾ ਮਿਲੇ ॥੨੦॥ ਪਰੰਤੂ ਪਤਰਸ ਨੇ ਉਹ ਨੂੰ ਕਿਹਾ ਤੇਰੇ ਰੁਪੱਯੇ ਤੇਰੇ
ਨਾਲ ਨਾਸ ਹੋਣ ਇਸ ਲਈ ਜੋ ਤੈਂ ਪਰਮੇਸ਼ੁਰ ਦੀ ਦਾਤ ਨੂੰ ਮੁੱਲ ਲੈਣ ਦਾ ਖਿਆਲ ਕੀਤਾ
॥੨੧॥ ਤੇਰਾ ਇਸ ਗੱਲ ਵਿੱਚ ਨਾ ਹਿੱਸਾ ਹੈ ਨਾ ਸਾਂਝ ਕਿਉਂ ਜੋ ਤੇਰਾ ਮਨ ਪਰਮੇਸ਼ੁਰ ਦੇ ਅੱ
ਗੇ ਸਿੱਧਾ ਨਹੀਂ ॥੨੨॥ ਜੋ ਤੂੰ ਆਪਣੀ ਇਸ ਬੁਰਿਆਈ ਥੋਂ ਤੋਬਾ ਕਰ ਅਤੇ ਪ੍ਰਭੂ ਦੇ ਅੱ
ਗੇ ਬੇਨਤੀ ਕਰ ਤਾਂ ਕੀ ਜਾਣੀਏ ਜੋ ਤੇਰੇ ਮਨ ਦੀ ਸੋਚ ਮਾਫ ਕੀਤੀ ਜਾਵੇ ॥੨੩॥ ਕਿਉਂ ਜੋ
ਮੈਂ ਵੇਖਦਾ ਹਾਂ ਭੁਈ ਤੂੰ ਪਿੱਤੇ ਦੀ ਕੁੜੱਤਣ ਅਤੇ ਬਦੀ ਦੇ ਬੰਧਨ ਵਿੱਚ ਹੈਂ ॥੨੪॥ ਸ਼ਮਊ
ਨ ਨੇ ਉੱਤਰ ਦਿੱਤਾ ਤੁਸੀਂ ਹੀ ਮੇਰੇ ਲਈ ਪ੍ਰਭੂ ਦੇ ਅੱਗੇ ਬੇਨਤੀ ਕਰੋ ਭਈ ਜੇਹੜੀਆਂ ਗੱ
ਲਾਂ ਤੁਸਾਂ ਆਖੀਆਂ ਹਨ ਉਨਾਂ ਵਿੱਚੋਂ ਕੋਈ ਮੇਰੇ ਉੱਤੇ ਨਾ ਆ ਪਵੇ ॥ ॥੨੫
॥ ਸੋ ਜਾਂ ਉਨਾਂ ਸਾਖੀ ਦਿੱਤੀ ਅਤੇ ਪ੍ਰਭੂ ਦਾ ਬਚਨ ਸੁਣਾਇਆ ਤਾਂ ਯਰੂਸ਼ਲੀਮ ਨੂੰ ਮੁੜੇ
ਅਤੇ ਸਾਮਰੀਆਂ ਦਿਆਂ ਬਹੁਤ ਸਾਰਿਆਂ ਪਿੰਡਾਂ ਵਿੱਚ ਮੰਗਲ ਸਮਾਚਾਰ ਸੁਣਾਇ
ਆ ॥ ॥੨੬॥ ਪਰ ਪ੍ਰਭੂ ਦੇ ਇੱਕ ਦੂਤ ਨੇ ਫਿਲਬੂਸ ਨਾਲ ਬਚਨ ਕਰਕੇ ਆ

Original with:
Language Department Punjab
Digitized by:
Panjab Digital Library

ਖਿਆ ਕਿ ਉੱਠ ਅਤੇ ਦੱਖਣ ਵਲ ਉਸ ਰਸਤੇ ਪੁਰ ਜਾਹ ਜੋ ਯਰੂਸਲੀਮ ਥੋਂ ਗਾਜਾ ਨੂੰ ਜਾਂਦਾ
ਹੈ ਉਹ ਉਜਾੜ ਹੈ ॥੨੭॥ ਅਤੇ ਉਹ ਉੱਠ ਕੇ ਤੁਰ ਪਿਆ ਅਰ ਵੇਖੋ ਕਿ ਹਬਸ਼ ਦੇਸ਼ ਦਾ ਇੱਕ
ਮਨੁੱਖ ਸੀ ਜਿਹੜਾ ਨਪੁੰਸਕ ਅਰ ਹਬਸ਼ ਦੀ ਰਾਣੀ ਕੰਦਾਕੇ ਦਾ ਵੱਡਾ ਇਖਤਿਆਰ ਵਾਲਾ
ਅਤੇ ਉਹ ਦੇ ਸਾਰੇ ਖਜਾਨੇ ਉੱਤੇ ਸੀ ਅਰ ਯਰੂਸਲੀਮ ਵਿੱਚ ਬੰਦਗੀ ਕਰਨ ਨੂੰ ਆਇਆ ਸੀ
॥੨੮॥ ਉਹ ਮੁੜਿਆ ਜਾਂਦਾ ਅਤੇ ਆਪਣੇ ਰਥ ਵਿੱਚ ਬੈਠਾ ਹੋਇਆ ਯਸਾਯਾਹ ਪੈਕੰਬਰ
ਦਾ ਗ੍ਰੰਥ ਵਾਚ ਰਿਹਾ ਸੀ ॥੨੯॥ ਤਾਂ ਆਤਮਾ ਨੇ ਫੈਲਬੂਸ ਨੂੰ ਕਿਹਾ ਕਿ ਅਗਾਹਾਂ ਚੱਲ ਅ-
ਤੇ ਐਸ ਰਥ ਨਾਲ ਮਿਲ ਜਾਹ ॥੩੦॥ ਤਾਂ ਫੈਲਬੂਸ ਨੇ ਉਸ ਵਲ ਦੌੜ ਕੇ ਉਹ ਨੂੰ ਯਸਾਯਾਹ
ਪੈਕੰਬਰ ਦਾ ਗ੍ਰੰਥ ਵਾਚਦੇ ਸੁਣਿਆ ਅਤੇ ਕਿਹਾ ਭਈ ਜੋ ਕੁਝ ਤੂੰ ਵਾਚਦਾ ਹੈਂ ਸਮਝਦਾ ਭੀ
ਹੈਂ ॥੩੧॥ ਉਸ ਨੇ ਆਖਿਆ ਜਦ ਤਾਈਂ ਕੋਈ ਮੈ ਨੂੰ ਰਾਹ ਨਾ ਦੱਸੇ ਇਹ ਮੈਥੋਂ ਕਿੰਕੂੰ ਹੋ ਸੱਕੇ।
ਤਾਂ ਉਸ ਨੇ ਫੈਲਬੂਸ ਅੱਗੇ ਬੇਨਤੀ ਕੀਤੀ ਕਿ ਮੇਰੇ ਨਾਲ ਤੂੰ ਚੜ੍ਹ ਬੈਠ ॥੩੨॥ ਅਤੇ ਉਸ
ਗ੍ਰੰਥ ਦੀ ਪਉੜੀ ਜੋ ਉਹ ਵਾਚ ਰਿਹਾ ਸੀ ਸੋ ਇਹ ਸੀ ਕਿ ਉਹ ਭੇਡ ਦੀ ਨਿਆਈਂ ਵੱਢੇ ਜਾਣ
ਨੂੰ ਲਿਆਂਦਾ ਗਿਆ ਅਰ ਜਿਹਾ ਲੇਲਾ ਆਪਣੀ ਉੱਨ ਕਤਰਨ ਵਾਲੇ ਦੇ ਅੱਗੇ ਚੁੱਪ ਚਾਪ
ਰਹਿੰਦਾ ਹੈ ਤਿਹਾ ਹੀ ਉਹ ਆਪਣਾ ਮੂੰਹ ਨਹੀਂ ਖੋਲ੍ਹਦਾ ॥੩੩॥ ਉਹ ਦੀ ਅਧੀਨਗੀ ਵਿੱਚ
ਉਹ ਦਾ ਨਿਆਉਂ ਨਾ ਹੋਣੇ ਪਾਇਆ। ਉਹ ਦੀ ਪੀਹੜੀ ਦਾ ਕੌਣ ਬਿਆਨ ਕਰੂ ਕਿਉਂਕਿ ਉ-
ਹ ਦੀ ਜਾਨ ਧਰਤੀ ਉੱਤੋਂ ਚੁੱਕੀ ਜਾਂਦੀ ਹੈ ॥੩੪॥ ਅਰ ਉਸ ਨਪੁੰਸਕ ਨੇ ਅੱਗੋਂ ਫੈਲਬੂਸ ਨੂੰ

Original with
Language Department Punjab
Digitized by:
Panjab Digital Library

ਆਖਿਆ ਮੈਂ ਤੇਰੇ ਅੱਗੇ ਇਹ ਅਰਜ ਕਰਦਾ ਹਾਂ ਭਈ ਪਿਕੰਬਰ ਕਿਹ ਦੀ ਗੱਲ ਕਰਦਾ
ਹੈ ਆਪਣੀ ਅਥਵਾ ਕਿਸੇ ਹੋਰ ਜਣੇ ਦੀ ॥੩੫॥ ਤਦ ਫੈਲਬੂਸ ਨੈ ਆਪਣਾ ਮੂੰਹ ਖੋ-
ਲਿਆ ਅਤੇ ਉਸ ਲਿਖਤ ਥੋਂ ਸੁਰੂ ਕਰਕੇ ਜਿਸ ਦਾ ਮੰਗਲਸਮਾਚਾਰ ਉਹ ਨੂੰ ਸੁਣਾਇ-
ਆ ॥੩੬॥ ਅਤੇ ਓਹ ਰਾਹ ਪੁਰ ਜਾਂਦੇ ਜਾਂਦੇ ਇੱਕ ਪਾਣੀ ਦੇ ਕੋਲ ਅੱਪੜੇ। ਤਾਂ ਉਸ ਨਪੁੰਸ-
ਕ ਨੈ ਕਿਹਾ ਕਿ ਵੇਖ ਅਹ ਪਾਣੀ ਹੈ ਹੁਣ ਮੈ ਨੂੰ ਬਪਤਿਸਮਾ ਲੈਣ ਥੋਂ ਕਿਹੜੀ ਚੀਜ ਰੋਕ-
ਦੀ ਹੈ ॥੩੮॥ ਤਦ ਉਸ ਨੈ ਰਥ ਖੜੇ ਕਰਨ ਦਾ ਹੁਕਮ ਕੀਤਾ ਅਤੇ ਫੈਲਬੂਸ ਅਤੇ ਨ-
ਪੁੰਸਕ ਦੋਵੇਂ ਪਾਣੀ ਵਿੱਚ ਉੱਤਰੇ ਅਤੇ ਉਸ ਨੈ ਉਹ ਨੂੰ ਬਪਤਿਸਮਾ ਦਿੱਤਾ ॥੩੯॥ ਅ-
ਰ ਜਾਂ ਓਹ ਪਾਣੀ ਵਿੱਚੋਂ ਨਿੱਕਲ ਆਏ ਤਾਂ ਪ੍ਰਭੂ ਦਾ ਆਤਮਾ ਫੈਲਬੂਸ ਨੂੰ ਫੜ ਲੈ ਗਿ-
ਆ ਅਤੇ ਨਪੁੰਸਕ ਨੈ ਉਹ ਨੂੰ ਫੇਰ ਨਾ ਵੇਖਿਆ ਕਿਉ ਜੋ ਉਹ ਅਨੰਦ ਨਾਲ ਆਪਣੇ
ਰਾਹ ਚੱਲਿਆ ਗਿਆ ॥੪੦॥ ਪਰ ਫੈਲਬੂਸ ਅਜੋਤੁਸ ਵਿੱਚ ਮਿਲਿਆ ਅਰ
ਜਦ ਤੀਕੁਰ ਕੈਸਰੀਆ ਵਿੱਚ ਨਾ ਆਇਆ ਉਹ ਲੰਘਦਾ ਹੋਇਆ ਸਭਨਾਂ ਨਗ-
ਰਾਂ ਵਿੱਚ ਮੰਗਲਸਮਾਚਾਰ ਸੁਣਾਉਂਦਾ ਗਿਆ ॥

੯ ਕਾਂਡ ॥

ਪਰ ਸੌਲੁਸ ਅਜੇ ਪ੍ਰਭੂ ਦੇ ਸਿੱਖਾਂ ਦੇ ਦਬਕਾਉਣ ਅਤੇ ਕਤਲ ਕਰਨ
ਪੁਰ ਦਮ ਮਾਰਦਾ ਹੋਇਆ ਸਰਦਾਰ ਜਾਜਕ ਦੇ ਪਾਸ ਗਿਆ ॥੨॥ ਅ-
ਤੇ ਉਸ ਕੋਲੋਂ ਦੀ ਮਸਕ ਦਿਆਂ ਸਮਾਜਾਂ ਦੇ ਨਾਉਂ ਇਸ ਪਰਕਾਰ ਦੀਆਂ ਚਿੱਠੀਆਂ ਮੰਗੀ-

Original with:
Language Department Punjab
Digitized by:
Panjab Digital Library

ਆਂਕੁਈ ਜੇ ਕੋਈ ਮੈ ਨੂੰ ਮਿਲਣ ਜੇਹੜੇ ਇਸ ਪੰਥ ਦੇ ਹੋਣ ਭਾਵੇਂ ਪੁਰਖ ਭਾਵੇਂ ਤੀਮੀਂ ਤਾਂ ਉਨਾਂ
ਨੂੰ ਬੱਧੇ ਹੋਏ ਯਰੂਸਲੀਮ ਵਿੱਚ ਲਿਆਵਾਂ ॥ ੩ ॥ ਅਰ ਜਾਂ ਉਹ ਚੱਲਿਆ ਜਾਂਦਾ ਸੀ ਤਾਂ ਐਉਂ
ਹੋਇਆ ਜੋ ਉਹ ਦਮਿਸਕ ਦੇ ਨੇੜੇ ਆ ਢੁੱਕਿਆ ਅਤੇ ਅਚਾਣਕ ਅਕਾਸ਼ੋਂ ਇੱਕ ਜੋਤ ਉਹ
ਦੇ ਚੁਫੇਰੇ ਚਮਕੀ ॥ ੪ ॥ ਤਾਂ ਉਹ ਭੂਏਂ ਡਿਗ ਪਿਆ ਅਤੇ ਇੱਕ ਅਵਾਜ ਸੁਣੀ ਜੋ ਉਹ ਨੂੰ ਕ-
ਹਿੰਦੀ ਸੀ ਹੇ ਸੌਲੁਸ ਹੇ ਸੌਲੁਸ ਤੂੰ ਮੈ ਨੂੰ ਕਿਉ ਸਤਾਉਂਦਾ ਹੈਂ ॥ ੫ ॥ ਉਹ ਨੇ ਆਖਿਆ ਮਹਾਰ
ਜ ਤੂੰ ਕੌਣ ਹੈਂ। ਉਹ ਨੇ ਕਿਹਾ ਮੈਂ ਯਿਸੂ ਹਾਂ ਜਿਹ ਨੂੰ ਤੂੰ ਸਤਾਉਂਦਾ ਹੈਂ ॥ ੬ ॥ ਪਰੰਤੂ ਉੱਠ ਅਤੇ
ਸ਼ਹਿਰ ਵਿੱਚ ਜਾਹ ਅਰ ਜੋ ਕੁਛ ਤੈ ਨੂੰ ਕਰਨਾ ਚਾਹੀਦਾ ਹੈ ਸੋ ਤੈ ਨੂੰ ਦੱਸਿਆ ਜਾਊ ॥ ੭ ॥ ਅ-
ਤੇ ਜੇਹੜੇ ਪੁਰਖ ਉਹ ਦੇ ਨਾਲ ਪੈਂਡਾ ਕਰਦੇ ਸਨ ਓਹ ਚੁੱਪ ਚਾਪ ਖੜੇ ਰਹੇ ਕਿ ਉਨਾਂ ਅਵਾਜ ਤ
ਸ਼ੁਣੀ ਪਰ ਕਿਸੇ ਨੂੰ ਡਿੱਠਾ ਨਾ ॥ ੮ ॥ ਅਤੇ ਸੌਲੁਸ ਭੋਂ ਉੱਤੋਂ ਉੱਠਿਆ ਪਰ ਜਾਂ ਆਪਣੀਆਂ
ਅੱਖਾਂ ਖੋਲੀਆਂ ਤਾਂ ਉਹ ਨੂੰ ਕੁਛ ਨਾ ਦਿੱਸਿਆ ਅਰ ਉਹ ਦਾ ਹੱਥ ਫੜਕੇ ਦਮਿਸ਼ਕ ਵਿੱ-
ਚ ਲਿਆਏ ॥ ੯ ॥ ਅਤੇ ਉਹ ਤਿੰਨ ਦਿਨ ਅੰਨਾ ਰਿਹਾ ਅਤੇ ਨਾ ਕੁਛ ਖਾਧਾ ਨਾ ਪੀਤਾ
॥ ॥ ੧੦ ॥ ਅਰ ਦਮਿਸਕ ਵਿੱਚ ਹਨਾਨਿਯਾਹ ਨਾਉਂ ਦਾ ਇੱਕ ਸਿੱਖ
ਸੀ। ਉਸ ਨੂੰ ਪ੍ਰਭੁ ਨੇ ਦਰਸ਼ਣ ਦੇਕੇ ਕਿਹਾ ਹੇ ਹਨਾਨਿਯਾਹ। ਓਸ ਆਖਿਆ ਪ੍ਰਭੁ ਜੀ
ਵੇਖ ਮੈਂ ਹਾਜਰ ਹਾਂ ॥ ੧੧ ॥ ਤਾਂ ਪ੍ਰਭੁ ਨੇ ਉਹ ਨੂੰ ਕਿਹਾ ਉੱਠ ਅਤੇ ਉਸ ਗਲੀ ਵਿੱਚ ਜੋ ਸਿੱਧੀ
ਕਹਾਉਂਦੀ ਹੈ ਜਾਹ ਅਤੇ ਯਹੂਦਾ ਦੇ ਘਰ ਵਿੱਚ ਸੌਲੁਸ ਨਾਮੇ ਤਰਸੁਸ ਦੇ ਰਹਿਣ ਵਾਲੇ ਦੇ

Original with
Language Dep
Digitized by:
Panjab Digital Library

ਲਈ ਪੁੱਛ ਕਿੰਉ ਕਿ ਵੇਖ ਉਹ ਪ੍ਰਾਰਥਨਾ ਕਰਦਾ ਹੈ॥ ੧੨॥ ਅਤੇ ਉਸ ਨੈ ਹਨਾਨਿਯਾਹ ਨਾਮੇ
ਇੱਕ ਮਨੁੱਖ ਨੂੰ ਅੰਦਰ ਆਉਂਦਿਆਂ ਅਤੇ ਆਪਣੇ ਉੱਤੇ ਹੱਥ ਰੱਖਦਿਆਂ ਡਿੱਠਾ ਹੈ ਤਾਂ ਜੋ ਫੇਰ
ਰਸੁਜਾਖਾ ਹੋਵੇ॥ ੧੩॥ ਪਰ ਹਨਾਨਿਯਾਹ ਨੈ ਉੱਤਰ ਦਿੱਤਾ ਕਿ ਪ੍ਰਭੂ ਜੀ ਮੈਂ ਬਹੁਤਿਆਂ ਕੋਲੋਂ ਐ-
ਸ ਮਨੁੱਖ ਦੀ ਗੱਲ ਸੁਣੀ ਹੈ ਜੋ ਇਹ ਨੈ ਯਰੂਸਲੀਮ ਵਿੱਚ ਤੇਰੇ ਸੰਤਾਂ ਨਾਲ ਕੇਡੀ ਬੁਰਿਆਈ
ਕੀਤੀ ਹੈ॥ ੧੪॥ ਅਤੇ ਉਸ ਨੈ ਪਰਧਾਨ ਜਾਜਕਾਂ ਦੀ ਵਲੋਂ ਐਸ ਗੱਲ ਦੀ ਮੁਖਤਿਆਰੀ ਪਾ-
ਈ ਹੈ ਭਈ ਏੱਥੇ ਬੀ ਤੇਰੇ ਨਾਉਂ ਲੈਣ ਵਾਲਿਆਂ ਸਭਨਾਂ ਨੂੰ ਬੰਨ ਲਵੇ॥ ੧੫॥ ਪਰ ਪ੍ਰਭੂ ਨੈ
ਉਹ ਨੂੰ ਆਖਿਆ ਤੂੰ ਚੱਲਿਆ ਜਾਹ ਕਿੰਉ ਜੋ ਉਹ ਮੇਰੇ ਲਈ ਇੱਕ ਚੁਣਿਆ ਹੋਇਆ ਭਾਂਡਾ
ਹੈ ਭਈ ਪਰਾਈਆਂ ਕੌਮਾਂ ਅਤੇ ਰਾਜਿਆਂ ਅਤੇ ਇਸਰਾਈਲ ਦੀ ਔਲ ਅੱਗੇ ਮੇਰਾ ਨਾਉਂ
ਪੁਚਾਵੇ॥ ੧੬॥ ਕਿੰਉ ਕਿ ਮੈਂ ਉਹ ਨੂੰ ਵਿਖਾਵਾਂਗਾ ਜੋ ਮੇਰੇ ਨਾਉਂ ਦੇ ਬਦਲੇ ਉਹ ਨੂੰ ਕੀ ਕੁ ਛ
ਝੱਲਣਾ ਪਊ॥ ੧੭॥ ਤਦ ਹਨਾਨਿਯਾਹ ਚੱਲਿਆ ਗਿਆ ਅਤੇ ਉਸ ਘਰ ਵਿੱਚ ਜਾ ਵ-
ੜਿਆ ਅਰ ਉਸ ਪੁਰ ਹੱਥ ਰੱਖਕੇ ਬੋਲਿਆ ਹੇ ਭਾਈ ਸੌਲੁਸ ਪ੍ਰਭੂ ਅਰਥਾਤ ਯਿਸੂ ਨੈ ਜੋ
ਤੈ ਨੂੰ ਉਸ ਰਾਹ ਵਿੱਚ ਜਿਸ ਥੀ�ं ਤੂੰ ਆਇਆ ਸੀ ਵਿਖਾਈ ਦਿੱਤਾ ਮੈ ਨੂੰ ਘੱਲਿਆ ਹੈ ਭਈ ਤੂੰ
ਸੁਜਾਖਾ ਹੋਵੇਂ ਅਰ ਪਵਿਤ੍ਰ ਆਤਮਾ ਨਾਲ ਭਰ ਜਾਵੇਂ॥ ੧੮॥ ਅਤੇ ਓਵੇਂ ਉਹ ਦੀਆਂ ਅੱ-
ਖਾਂ ਥੀਂ ਛਿਲਕੇ ਜੇਹੇ ਡਿਗੇ ਅਤੇ ਉਹ ਸੁਜਾਖਾ ਹੋ ਗਿਆ ਅਤੇ ਉੱਠਕੇ ਬਪਤਿਸਮਾ ਲਿਆ
ਅਰ ਪਰਸਾਦ ਛੱਕਕੇ ਤਗੜਾ ਹੋ ਗਿਆ॥ ॥੧੯॥ ਫੇਰ ਉਹ ਕਈ ਦਿਨ ਦ-

Original with:
Language Department Punjab
Digitized by:
Panjab Digital Library

ਮਿਸਕ ਵਿੱਚ ਸਿੱਖਾਂ ਦੇ ਨਾਲ ਰਿਹਾ।। ੨੦।। ਅਰ ਉਹ ਤੁਰਤ ਸਮਾਜਾਂ ਵਿੱਚ ਯਿਸੂ ਦੀ
ਮਨਾਦੀ ਕਰਨ ਲੱਗਾ ਜੋ ਉਹ ਪਰਮੇਸ਼ੁਰ ਦਾ ਪੁਤ੍ਰ ਹੈ।। ੨੧।। ਅਤੇ ਸਭ ਸੁਣਨਵਾਲੇ
ਅਚਰਜ ਹੋਕੇ ਬੋਲੇ ਕੀ ਇਹ ਉਹੋ ਨਹੀਂ ਜਿਹੜਾ ਯਰੂਸ਼ਲੀਮ ਵਿੱਚ ਇਸ ਨਾਉਂ ਦੇ ਲੈਣ-
ਵਾਲਿਆਂ ਦਾ ਨਾਸ ਕਰਦਾ ਸੀ ਅਤੇ ਉਹ ਇਸੇ ਗੱਲ ਲਈ ਐੱਥੇ ਆਇਆ ਸੀ ਭਈ
ਉਨਾਂ ਨੂੰ ਬੱਧੇ ਹੋਏ ਪਰਧਾਨ ਜਾਜਕਾਂ ਦੇ ਅੱਗੇ ਲੈ ਜਾਵੇ।। ੨੨।। ਪਰ ਸੌਲੁਸ ਹੋਰ ਬੀ ਤ-
ਗੜਾ ਹੁੰਦਾ ਗਿਆ ਅਤੇ ਇਸ ਗੱਲ ਨੂੰ ਸਾਬਤ ਕਰਕੇ ਭਈ ਮਸੀਹ ਇਹੋ ਹੈ ਉਨਾਂ ਯ-
ਹੂਦੀਆਂ ਨੂੰ ਜੇਹੜੇ ਦੀਮਸਕ ਵਿੱਚ ਰਹਿੰਦੇ ਸਨ ਘਬਰਾ ਦਿੱਤਾ।। ।।
੨੩।। ਅਤੇ ਜਾਂ ਬਹੁਤ ਦਿਨ ਬੀਤ ਗਏ ਤਾਂ ਯਹੂਦੀਆਂ ਨੇ ਉਹ ਦੇ ਮਾਰ ਘੱਤਣ ਦਾ ਮ-
ਤਾ ਪਕਾਇਆ।। ੨੪।। ਪਰ ਉਨਾਂ ਦਾ ਮਤਾ ਸੌਲੁਸ ਨੂੰ ਮਲੂਮ ਹੋ ਗਿਆ ਅਤੇ ਉਨਾਂ ਨੇ ਰਾ-
ਤ ਦਿਨ ਦਰਵੱਜਿਆਂ ਦੀ ਬੀ ਰਾਖੀ ਕੀਤੀ ਭਈ ਉਹ ਨੂੰ ਮਾਰ ਸੁੱਟਣ।। ੨੫।। ਪਰ ਉਹ ਦੇ ਸਿੱ-
ਖਾਂ ਨੇ ਰਾਤ ਦੇ ਵੇਲੇ ਉਸ ਨੂੰ ਲਿਆ ਅਤੇ ਟੋਕਰੇ ਵਿੱਚ ਬਹਾਲ ਕੇ ਸ਼ਹੀਲ ਉੱਪਰੋਂ ਉਤਾਰ ਦਿੱਤ
।। ।। ੨੬।। ਅਰ ਜਾਂ ਉਹ ਯਰੂਸ਼ਲੀਮ ਵਿੱਚ ਆਇਆ ਤਾਂ ਸਿੱਖਾਂ ਵਿੱਚ ਰ-
ਲ ਜਾਣ ਦਾ ਜਤਨ ਕੀਤਾ ਪਰ ਸਭ ਉਸ ਥੋਂ ਡਰਦੇ ਸਨ ਕਿਉਂ ਜੋ ਉਹ ਦੇ ਸਿੱਖ ਹੋਣ ਨੂੰ ਸੱਤ ਨ
ਮੰਨਿਆ।। ੨੭।। ਪਰ ਬਰਨਬਾਸ ਉਹ ਨੂੰ ਰਸੂਲਾਂ ਦੇ ਕੋਲ ਲੈ ਗਿਆ ਅਤੇ ਉਨਾਂ
ਨੂੰ ਦੱਸਿਆ ਭਈ ਉਹ ਨੇ ਕਿਸ ਪਰਕਾਰ ਰਾਹ ਵਿੱਚ ਪ੍ਰਭੂ ਨੂੰ ਡਿੱਠਾ ਸੀ ਅਤੇ ਉਸ ਨੇ

Original with
Language Department Punjab
Digitized by:
Panjab Digital Library

ਉਹਦੇ ਨਾਲ਼ ਗੱਲਾਂ ਕੀਤੀਆਂ ਅਤੇ ਉਹ ਕਿਸ ਤਰਾਂ ਦੀ ਮਸਕ ਵਿੱਚ ਯਿਸੂ ਦੇ ਨਾਉਂ ਉੱਤੇ ਬੇਧੜਕ ਬਚਨ ਕਰਦਾ ਸੀ ॥੨੮॥ ਤਦ ਉਹ ਉਨਾਂ ਦੇ ਨਾਲ਼ ਯਰੂਸ਼ਲੀਮ ਵਿੱਚ ਆਉਂਦਾ ਜਾਂਦਾ ਰਿਹਾ ॥੨੯॥ ਅਤੇ ਪ੍ਰਭੂ ਦੇ ਨਾਉਂ ਪੁਰ ਬੇਧੜਕ ਬਚਨ ਕਰਦਾ ਸੀ ਅਤੇ ਯੂਨਾਨੀ ਯਹੂਦੀਆਂ ਨਾਲ਼ ਗੱਲਾ ਅਤੇ ਬਹਿਸ ਕਰਦਾ ਸੀ ਪਰ ਉਨਾਂ ਉਸ ਦੇ ਮਾਰ ਸੁੱਟਣ ਨੂੰ ਲੱਕ ਬੱਧਾ ॥੩੦॥ ਜਾਂ ਭਾਈਆਂ ਨੂੰ ਇਹ ਮਲੂਮ ਹੋਇਆ ਤਾਂ ਓਹ ਉਸ ਨੂੰ ਕੈਸਰੀਆ ਵਿੱਚ ਲਿਆਏ ਅਤੇ ਤਰਸ਼ਸ ਦੀ ਵਲ ਤੋਰ ਦਿੱਤਾ ॥ ॥੩੧॥ ਸੋ ਸਾਰੇ ਯਹੂਦਿਯਾ ਅਤੇ ਗਾਲੀਲ ਅਤੇ ਸਾਮਾਰੇਯਾ ਵਿੱਚ ਕਲੀਸਿਯਾ ਨੇ ਸੁਖ ਪਾਇਆ ਅਤੇ ਬਣਦੀ ਗਈ ਅਤੇ ਪ੍ਰਭੂ ਦੇ ਭੌ ਅਤੇ ਪਵਿਤ੍ਰ ਆਤਮਾ ਦੀ ਤਸੱਲੀ ਵਿੱਚ ਚੱਲਦਿਆਂ ਹੋਇਆਂ ਵਧਦੀ ਜਾਂਦੀ ਸੀ ॥ ॥੩੨॥ ਅਤੇ ਐਉਂ ਹੋਇਆ ਕਿ ਪਤਰਸ ਸਭਨੀਂ ਪਾਸੀਂ ਫਿਰਦਾ ਫਿਰਦਾ ਉਨਾਂ ਸੰਤਾਂ ਕੋਲ਼ ਭੀ ਆਇਆ ਜੋ ਹੜੇ ਲੁੱਦਾ ਵਿੱਚ ਰਹਿੰਦੇ ਸਨ ॥੩੩॥ ਅਰ ਓੱਥੇ ਐਨਿਯਾਸ ਨਾਮੇ ਇੱਕ ਮਨੁੱਖ ਉਹ ਨੂੰ ਮਿਲਿਆ ਜਿਹੜਾ ਅੱਠਾਂ ਵਰਿਹਾਂ ਥੋਂ ਅਧਰੰਗ ਦੇ ਮਾਰੇ ਮੰਜੇ ਉੱਤੇ ਪਿਆ ਹੋਇਆ ਸੀ ॥੩੪॥ ਅਰ ਪਤਰਸ ਨੇ ਉਹ ਨੂੰ ਆਖਿਆ ਐਨਿਯਾ ਸ ਯਿਸੂ ਮਸੀਹ ਤੈਨੂੰ ਚੰਗਾ ਕਰਦਾ ਹੈ ਉੱਠ ਅਤੇ ਆਪਣਾ ਬਿਛਾਉਣਾ ਸੁਧਾਰ। ਅਤੇ ਉਹ ਝੱਟ ਉੱਠ ਖਲੋਤਾ ॥੩੫॥ ਤਾਂ ਲੁੱਦਾ ਅਤੇ ਸ਼ਰੋਨ ਦੇ ਸਾਰੇ ਵਾਸੀਆਂ ਨੇ ਉਹ ਨੂੰ ਵੇਖਿਆ ਅਤੇ ਪ੍ਰਭੂ ਦੀ ਵਲ ਫਿਰੇ ॥ ॥੩੬॥ ਅਤੇ ਯਾਫਾ ਵਿੱਚ ਤਬਿਥਾ ਕਰਕੇ ਜਿਹ ਦਾ ਅ-

Original with:
Language Department Punjab
Digitized by:
Panjab Digital Library

ਰਥ ਹਰਨੀ ਹੈ ਇੱਕ ਸਿੱਖਣੀ ਸੀ। ਇਹ ਤੀਮੀਂ ਸੁਭ ਕਰਮਾਂ ਅਤੇ ਪੁੰਨ ਦਾਨ ਨਾਲ ਜੋ ਉਹ ਕਰਦੀ ਸੀ ਭੁਰੀ ਹੋਈ ਸੀ ॥੩੬॥ ਅਤੇ ਐਉਂ ਹੋਇਆ ਕਿ ਉਨੀਂ ਦਿਨੀਂ ਬਿਮਾਰ ਹੋਕੇ ਉਹ ਮਰ ਗਈ ਅਤੇ ਉਸ ਨੂੰ ਨੁਹਲਾ ਧੁਲਾਕੇ ਇੱਕ ਚੁਬਾਰੇ ਵਿੱਚ ਰੱਖ ਦਿੱਤਾ ॥੩੭॥ ਅਰ ਇਸ ਲਈ ਜੋ ਲੁੱਦਾ ਯਾਫਾ ਦੇ ਨੇੜੇ ਸੀ ਸਿੱਖਾਂ ਨੇ ਇਹ ਸੁਣਕੇ ਜੋ ਪਤਰਸ ਓਥੇ ਹੀ ਹੈ ਦੋ ਮਨੁੱਖ ਭੇਜਕੇ ਉਹ ਦੀ ਮਿੰਨਤ ਕੀਤੀ ਭਈ ਸਾਡੇ ਕੋਲ ਆਉਣ ਵਿੱਚ ਢਿੱਲ ਨਾ ਕਰ ॥੩੮॥ ਤਦ ਪਤਰਸ ਉੱਠਕੇ ਉਨਾਂ ਦੇ ਨਾਲ ਤੁਰ ਪਿਆ ਅਰ ਜਾਂ ਓਥੇ ਪੁੱਜਿਆ ਤਾਂ ਓਹ ਉਸ ਨੂੰ ਉਸ ਚੁਬਾਰੇ ਵਿੱਚ ਲੈ ਗਏ ਅਤੇ ਸਭ ਬਿਧਵਾਂ ਉਹ ਦੇ ਕੋਲ ਖੜੀਆਂ ਰੋਂਦੀਆਂ ਸੀਆਂ ਅਤੇ ਓਹ ਕੁੜਤੇ ਅਤੇ ਬਸਤ ਰ ਜੋ ਹਰਨੀ ਨੈ ਉਨਾਂ ਦੇ ਨਾਲ ਹੁੰਦਿਆਂ ਬਣਾਏ ਸਨ ਵਿਖਾਲਦੀਆਂ ਸੀਆਂ ॥੪੦॥ ਪਰ ਪਤਰਸ ਨੈ ਸਭਨਾਂ ਨੂੰ ਬਾਹਰ ਕੱਢਿਆ ਅਤੇ ਗੋਡੇ ਟੇਕ ਕੇ ਪ੍ਰਾਰਥਨਾ ਕੀਤੀ ਅਰ ਲੋਥ ਦੀ ਵ ਲ ਮੁੜਕੇ ਕਿਹਾ ਕਿ ਹੇ ਤਬਿੱਥਾ ਉੱਠ। ਤਾਂ ਉਹ ਨੈ ਆਪਣੀਆਂ ਅੱਖੀਆਂ ਚੋਲੀਆਂ ਅਤੇ ਪ ਤਰਸ ਨੂੰ ਵੇਖਕੇ ਉੱਠ ਬੈਠੀ ॥੪੧॥ ਅਤੇ ਉਸ ਨੈ ਹੱਥ ਦੇਕੇ ਉਹ ਨੂੰ ਉਠਾਲਿਆ ਅਤੇ ਸੰਤ ਅਰ ਬਿਧਵਾਂ ਨੂੰ ਸੱਦਕੇ ਉਸ ਨੂੰ ਉਨਾਂ ਦੇ ਅੱਗੇ ਜੀਉਂਦੀ ਹਾਜਰ ਕੀਤਾ ॥੪੨॥ ਇਹ ਗੱਲ ਸਾ ਰੇ ਯਾਫਾ ਵਿੱਚ ਉਜਾਗਰ ਹੋ ਗਈ ਅਰ ਬਹੁਤੇਰਿਆਂ ਨੈ ਪ੍ਰਭੂ ਉੱਤੇ ਨਿਹਚਾ ਕੀਤੀ ॥੪੩॥ ਅਰ ਐਉਂ ਹੋਇਆ ਕਿ ਉਹ ਬਹੁਤ ਦਿਨ ਯਾਫਾ ਵਿੱਚ ਸਮਊਨ ਨਾਮੇ ਇੱਕ ਖਟੀਕ ਦੇ ਘਰ ਟਿਕਿਆ

੧੦ ਕਾਂਡ ॥ ਕੈਸਰੀਆ ਵਿੱਚ ਕੁਰਨੇਲਿਯੁਸ ਕਰਕੇ ਇੱਕ ਮਨੁੱਖ ਸੀ ਜਿਹੜਾ ਇਤਾਲਿ-

Original with
Language Department, Punjab
Digitized by:
Panjab Digital Library

ਯਾਨੀ ਨਾਮੇ ਇੱਕ ਪਲਟਣ ਦਾ ਸੂਬੇਦਾਰ ਸੀ ॥੨॥ ਉਹ ਧਰਮੀ ਲੋਕ ਅਤੇ ਆਪਣੇ ਸਾਰੇ ਟੱਬਰ
ਸਣੇ ਪਰਮੇਸ਼ੁਰ ਦਾ ਭੌ ਕਰਨਵਾਲਾ ਸੀ ਅਤੇ ਲੋਕਾਂ ਨੂੰ ਬਹੁਤ ਦਾਨ ਦਿੰਦਾ ਅੜੇ ਨਿੱਤ ਪਰਮੇਸ਼ੁ-
ਰ ਅੱਗੇ ਬੇਨਤੀ ਕਰਦਾ ਸੀ ॥੩॥ ਉਹ ਨੇ ਦਿਨ ਦੇ ਤੀਏਕੁ ਪਹਿਰ ਦਰਸਣ ਪਾਕੇ ਸਾਫ ਵੇਖਿ-
ਆ ਭੁਈ ਪਰਮੇਸ਼ੁਰ ਦਾ ਇੱਕ ਦੂਤ ਉਹ ਦੇ ਕੋਲ੍ਹ ਅੰਦਰ ਆਇਆ ਅਤੇ ਉਹ ਨੂੰ ਆਖਿਆ ੦
ਹੇ ਕੁਰਨੇਲਿਯੁਸ ॥੪॥ ਉਸ ਨੇ ਉਹ ਦੀ ਟੁਲ ਧਿਆਨ ਕਰਕੇ ਵੇਖਿਆ ਅਤੇ ਡਰਕੇ ਕਿਹਾ
ਮਹਾਰਾਜ ਕੀ ਹੈ। ਉਸ ਨੇ ਉਹ ਨੂੰ ਆਖਿਆ ਤੇਰੀਆਂ ਪ੍ਰਾਰਥਨਾਂ ਅਤੇ ਤੇਰੇ ਦਾਨ ਯਾਦਗੀ-
ਰੀ ਦੇ ਲਈ ਪਰਮੇਸ਼ੁਰ ਦੀ ਦਰਗਾਹੇ ਪਹੁੰਚੇ ॥੫॥ ਅਤੇ ਹੁਣ ਯਾਫਾ ਨੂੰ ਮਨੁੱਖ ਭੇਜਕੇ ਸ-
ਮਊਨ ਨੂੰ ਜਿਹੜਾ ਪਤਰਸ ਸੱਦੀਦਾ ਹੈ ਬੁਲਵਾ ਲੈ ॥੬॥ ਉਹ ਕਿਸੇ ਸਮਊਨ ਖਟੀਕ ਦੇ ਉ-
ਤਰਿਆ ਹੋਇਆ ਹੈ ਜਿਹ ਦਾ ਘਰ ਸਮੁੰਦਰ ਦੇ ਕੰਢੇ ਹੈ ॥੭॥ ਅਰ ਜਾਂ ਉਹ ਦੂਤ ਜਿਹ ਨੇ
ਉਸ ਨਾਲ੍ਹ ਗੱਲਾਂ ਕੀਤੀਆਂ ਸੀਆਂ ਚੱਲਿਆ ਗਿਆ ਤਾਂ ਉਹ ਨੇ ਆਪਣੇ ਟਹਿਲਵਾਲ੍ਹਿ-
ਆਂ ਵਿੱਚੋਂ ਦੋ ਜਣੇ ਅਤੇ ਉਨਾਂ ਵਿੱਚੋਂ ਜੇਹੜੇ ਨਿੱਤ ਉਹ ਦੇ ਕੋਲ੍ਹ ਰਹਿੰਦੇ ਸਨ ਇੱਕ ਧਰਮੀ ਸਿ-
ਪਾਹੀ ਨੂੰ ਸੱਦਿਆ ॥ ੮ ॥ ਅਤੇ ਸਭ ਗੱਲਾਂ ਉਨਾਂ ਨੂੰ ਸੁਣਾਕੇ ਯਾਫਾ ਨੂੰ ਘੱਲਿਆ ॥

॥ ੯ ॥ ਦੂਜੇ ਦਿਨ ਜਾਂ ਓਹ ਰਾਹ ਵਿੱਚ ਚੱਲੇ ਜਾਂਦੇ ਸਨ ਅਤੇ ਨਗਰ ਦੇ ਨੇੜੇ ਜਾ ਢੁੱਕੇ ਤਾਂ
ਪਤਰਸ ਦੁਪਹਿਰ ਕੁ ਵੇਲੇ ਕੋਠੇ ਪੁਰ ਪ੍ਰਾਰਥਨਾ ਕਰਨ ਗਿਆ ॥੧੦॥ ਅਤੇ ਉਹ ਨੂੰ ਭੁੱਖ ਲੱ-
ਗੀ ਅਰ ਉਸ ਨੇ ਚਾਹਿਆ ਭੁਈ ਕੁਛ ਖਾਵੇ ਪਰ ਜਾਂ ਓਹ ਤਿਆਰ ਕਰ ਰਹੇ ਸਨ ਉਹ ਬੇਸੁਧ

Original with:
Language Department Punjab
Digitized by:
Panjab Digital Library

ਹੋਰਿਆ॥੧੧॥ ਅਤੇ ਕੀ ਵੇਖਦਾ ਹੈ ਕਿ ਅਕਾਸ ਖੁਲ੍ਹਾ ਹੈ ਅਤੇ ਇੱਕ ਚੀਜ ਵਡੀ ਚਾਦਰ ਦੇਸ
ਮਾਨ ਚੌਹੁ ਪੱਲਿਆਂ ਥੋਂ ਧਰਤੀ ਦੀ ਵਲ ਲਮਕਾਈ ਹੋਈ ਹੇਠਾਂ ਉੱਤਰਦੀ ਹੈ॥੧੨॥ ਉਸ ਵਿੱਚ
ਚ ਸਭ ਤਰਾਂ ਦੇ ਚੁਪਾਏ ਅਰ ਧਰਤੀ ਦੇ ਰਿੜਨਵਾਲੇ ਜੀਉ ਜੰਤ ਅਤੇ ਅਕਾਸ ਦੇ ਪੰਛੀ ਸਨ
॥੧੩॥ ਅਤੇ ਉਹ ਨੂੰ ਇੱਕ ਅਵਾਜ ਆਈ ਕਿ ਹੇ ਪਤਰਸ ਉੱਠ ਅਤੇ ਜਿਬਾ ਕਰਕੇ ਖਾ॥੧੪॥
ਪਰ ਪਤਰਸ ਨੈ ਆਖਿਆ ਨਾ ਪ੍ਰਭੂ ਜੀ ਐਉਂ ਨਹੀਂ ਹੋਣਾ ਕਿਉਂ ਜੋ ਮੈਂ ਕੋਈ ਅਸੁੱਧ ਜਾਂ ਘਿਨ
ਟ ਚੀਜ ਕਦੇ ਨਹੀਂ ਖਾਧੀ॥੧੫॥ ਫੇਰ ਦੂਈ ਵਾਰ ਉਹ ਨੂੰ ਅਵਾਜ ਆਈ ਕਿ ਜੋ ਕੁਛ ਪਰਮੇਸੁ
ਰ ਨੈ ਸੁੱਧ ਕੀਤਾ ਉਹ ਨੂੰ ਤੂੰ ਅਸੁੱਧ ਨਾ ਕਹੁ॥੧੬॥ ਇਹ ਤਿੰਨ ਵਾਰੀ ਹੋਇਆ ਅਰ ਝੱਟ ਉਹ ਚੀ
ਜ ਅਕਾਸ ਉੱਤੇ ਚੁੱਕੀ ਗਈ॥ ॥੧੭॥ ਜਾਂ ਪਤਰਸ ਆਪਣੇ ਮਨ ਵਿੱਚ ਚਿੰਤਾ ਕ
ਰ ਰਿਹਾ ਸੀ ਭਈ ਇਹ ਦਰਸਣ ਜੋ ਮੈਂ ਵੇਖਿਆ ਹੈ ਸੋ ਕੀ ਹੋਊ ਤਾਂ ਵੇਖੋ ਓਹ ਮਨੁੱਖ ਜੋ ਹਨ
ਕੁਰਨੇਲਿਯੁਸ ਦੇ ਭੇਜੇ ਹੋਏ ਸਨ ਸਮਊਨ ਦਾ ਘਰ ਪੁੱਛਦੇ ਪੁੱਛਦੇ ਡੇਉਢੀ ਪੁਰ ਆਣ ਖਲੋਤੇ
॥੧੮॥ ਅਤੇ ਹਾਕ ਮਾਰਕੇ ਪੁੱਛਿਆ ਭਈ ਸਮਊਨ ਜਿਹ ਨੂੰ ਪਤਰਸ ਕਰਕੇ ਆਖੀਦਾ ਹੈ ਏਥੇ
ਹੀ ਉੱਤਰਿਆ ਹੋਇਆ ਹੈ॥੧੯॥ ਅਤੇ ਜਾਂ ਪਤਰਸ ਉਸ ਦਰਸਣ ਦੀ ਸੋਚ ਵਿੱਚ ਪਿਆ ਹੋਇ
ਆ ਸੀ ਤਾਂ ਆਤਮਾ ਨੈ ਉਹ ਨੂੰ ਆਖਿਆ ਵੇਖ ਤਿੰਨ ਮਨੁੱਖ ਤੈ ਨੂੰ ਭਾਲਦੇ ਹਨ॥੨੦॥ ਪਰ ਤੂੰ
ਉੱਠ ਅਤੇ ਹੇਠਾਂ ਜਾਹ ਅਰ ਨਿਸੰਗ ਉਨਾਂ ਦੇ ਨਾਲ ਤੁਰ ਪਉ ਕਿਉਂ ਜੋ ਉਨਾਂ ਨੂੰ ਮੈਂ ਭੇਜਿਆ ਹੈ॥
੨੧॥ ਤਦ ਪਤਰਸ ਨੈ ਉਨਾਂ ਮਨੁੱਖਾਂ ਕੋਲ ਉੱਤਰਕੇ ਕਿਹਾ ਕਿ ਵੇਖੋ ਜਿਹ ਨੂੰ ਤੁਸੀਂ ਭਾਲਦੇ ਹੋਂ ਸੋ

Original with
Language Department Punjab
Digitized by:
Panjab Digital Library

ਮੈਂ ਹੀ ਹਾਂ ਤੁਸੀਂ ਕਾਹ ਦੇ ਲਈ ਆਏ ਹੋ॥੨੨॥ ਓਹ ਬੋਲੇ ਕੁਰਨੇਲਿਯੁਸ ਸ਼ੂਬੇਦਾਰ ਜੋ ਧਰ-
ਮੀ ਪੁਰਖ ਅਤੇ ਪਰਮੇਸ਼ੁਰ ਦਾ ਭੌ ਕਰਨਵਾਲਾ ਅਰ ਯਹੂਦੀਆਂ ਦੀ ਸਾਰੀ ਕੌਮ ਵਿੱਚ ਨੇਕ-
ਨਾਮ ਹੈ ਉਹ ਨੂੰ ਇੱਕ ਪਵਿਤ੍ਰ ਦੂਤ ਨੇ ਹੁਕਮ ਦਿੱਤਾ ਭਈ ਤੈਨੂੰ ਆਪਣੇ ਘਰ ਬੁਲਾਵੇ ਅਤੇ ਤੇ-
ਰੇ ਕੋਲੋਂ ਗੱਲਾਂ ਸੁਣੇ॥੨੩॥ ਤਦ ਉਸ ਨੇ ਉਨ੍ਹਾਂ ਨੂੰ ਅੰਦਰ ਸੱਦਕੇ ਆਦਰ ਭਾਉ ਕੀਤਾ॥
॥ ਅਰ ਦੂਜੇ ਦਿਨ ਉਹ ਉੱਠਕੇ ਉਨ੍ਹਾਂ ਦੇ ਨਾਲ ਗਿਆ ਅਤੇ ਕਈ ਭਾਈ ਯਾਫਾ ਦੇ ਰ-
ਹਿਣਵਾਲੇ ਉਹ ਦੇ ਨਾਲ ਹੋ ਤੁਰੇ॥੨੪॥ ਅਤੇ ਅਗਾਲੇ ਭੁਲਕ ਓਹ ਕੈਸਰੀਆ ਵਿੱਚ ਪਹੁੰਚੇ
ਅਤੇ ਕੁਰਨੇਲਿਯੁਸ ਆਪਣੇ ਸਾਕਾਂ ਅਰ ਪਿਆਰੇ ਮਿੱਤ੍ਰਾਂ ਨੂੰ ਕੱਠੇ ਕਰਕੇ ਉਨ੍ਹਾਂ ਦਾ ਰਾਹ ਵੇਖ
ਰਿਹਾ ਸੀ॥੨੫॥ ਅਤੇ ਜਾਂ ਐਉਂ ਹੋਇਆ ਕਿ ਪਤਰਸ ਅੰਦਰ ਜਾਣ ਲੱਗਾ ਤਾਂ ਕੁਰਨੇਲਿ-
ਯੁਸ ਉਹ ਨੂੰ ਆ ਮਿਲਿਆ ਅਤੇ ਉਹ ਦੇ ਪੈਰੀਂ ਪੈਕੇ ਮੱਥਾ ਟੇਕਿਆ॥੨੬॥ ਪਰ ਪਤਰਸ ਨੇ
ਉਹ ਨੂੰ ਚੁੱਕਕੇ ਆਖਿਆ ਉੱਠ ਖਲੋ ਮੈਂ ਆਪ ਬੀ ਤਾਂ ਮਨੁੱਖ ਹੀ ਹਾਂ॥੨੭॥ ਅਰ ਉਸ ਨਾਲ
ਗੱਲਾਂ ਬਾਤਾਂ ਕਰਦਾ ਅੰਦਰ ਗਿਆ ਅਤੇ ਬਹੁਤ ਸਾਰੇ ਲੋਕ ਕੱਠੇ ਹੋਏ ਵੇਖੇ॥੨੮॥ ਤਾਂ ਉ-
ਸ ਨੇ ਉਨ੍ਹਾਂ ਨੂੰ ਆਖਿਆ ਤੁਸੀਂ ਆਪ ਜਾਣਦੇ ਹੋ ਜੋ ਯਹੂਦੀ ਆਦਮੀ ਨੂੰ ਕਿਸੇ ਪਰਾਈ ਕੌਮ
ਵਾਲੇ ਨਾਲ ਮੇਲ ਮਿਲਾਪ ਰੱਖਣਾ ਜਾਂ ਉਹ ਦੇ ਘਰ ਜਾਣਾ ਮਨ੍ਹਾ ਹੈ ਪਰ ਤੁ ਪਰਮੇਸ਼ੁਰ ਨੇ ਮੇਰੇ
ਉੱਤੇ ਪਰਗਟ ਕੀਤਾ ਹੈ ਭਈ ਮੈਂ ਕਿਸੇ ਮਨੁੱਖ ਨੂੰ ਅਸੁੱਧ ਜਾਂ ਭ੍ਰਿਸ਼ਟ ਨਾ ਕਹਾਂ॥੨੯॥ ਇ-
ਸ ਲਈ ਮੈਂ ਜੋ ਸੱਦਿਆ ਗਿਆ ਤਾਂ ਇਹ ਦੇ ਵਿਰੁੱਧ ਕੁਛ ਨਾ ਕਹਿਕੇ ਚੱਲਿਆ ਆਇਆ।

Original with:
Language Department Punjab
Digitized by:
Panjab Digital Library

ਸੋ ਮੈਂ ਇਹ ਪੁੱਛਣਾ ਹਾਂ ਭਈ ਤੁਸਾਂ ਮੈ ਨੂੰ ਕਾਹ ਦੇ ਵਾਸਤੇ ਬੁਲਾਇਆ ਹੈ ॥੩੦॥ ਅਤੇ ਕੁਰਨੇ
ਲਿਯੁਸ ਨੈ ਕਿਹਾ ਕਿ ਚਾਰ ਦਿਨ ਹੋਏ ਮੈਂ ਇਸੇ ਵੇਲੇ ਤੀਕੁਰ ਆਪਣੇ ਘਰ ਵਿੱਚ ਤੀਜੇ ਪਹਿ-
ਰ ਦੀ ਪ੍ਰਾਰਥਨਾ ਕਰ ਰਿਹਾ ਸੀ ਅਤੇ ਕੀ ਵੇਖਦਾ ਹਾਂ ਭਈ ਇੱਕ ਪੁਰਖ ਭੜਕੀਲੇ ਬਸਤਰ
ਪਹਿਨੀਂ ਮੇਰੇ ਸਾਹਮਣੇ ਖੜਾ ਹੈ ॥੩੧॥ ਅਤੇ ਕਹਿੰਦਾ ਹੈ ਹੇ ਕੁਰਨੇਲਿਯੁਸ ਤੇਰੀ ਪ੍ਰਾਰਥ-
ਨਾ ਸੁਣੀ ਗਈ ਅਤੇ ਤੇਰੇ ਦਾਨ ਪਰਮੇਸ਼ੁਰ ਦੀ ਦਰਗਾਹੇ ਯਾਦ ਹੋਏ ॥੩੨॥ ਇਸ ਲਈ
ਯਾਫਾ ਵਲ ਮਨੁੱਖ ਭੇਜ ਅਤੇ ਸਮਊਨ ਨੂੰ ਜਿਹੜਾ ਪਤਰਸ ਕਹਾਉਂਦਾ ਹੈ ਬੁਲਵਾ ਲੈ।
ਉਹ ਸਮੁੰਦਰ ਦੇ ਕੰਢੇ ਸਮਊਨ ਖਟੀਕ ਦੇ ਘਰ ਉੱਤਰਿਆ ਹੋਇਆ ਹੈ ॥੩੩॥ ਉਪਰੰਦ
ਮੈਂ ਓਸੇ ਵੇਲੇ ਮਨੁੱਖ ਤੇਰੇ ਕੋਲ ਘੱਲੇ ਅਤੇ ਤੈਂ ਚੰਗਾ ਕੀਤਾ ਜੋ ਏਥੇ ਆਇਆ। ਸੋ ਹੁਣ ਅ-
ਸੀਂ ਸਭੇ ਪਰਮੇਸ਼ੁਰ ਦੇ ਅੱਗੇ ਹਾਜਰ ਹਾਂ ਭਈ ਜੋ ਕੁਛ ਪ੍ਰਭੁ ਨੈ ਤੈ ਨੂੰ ਹੁਕਮ ਕੀਤਾ ਹੈ ਸੋ ਸੁਣਿ-
ਏ ॥ ॥੩੪॥ ਤਦ ਪਤਰਸ ਨੈ ਮੂੰਹ ਖੋਲਕੇ ਆਖਿਆ ਮੈਂ ਸੱਚ ਮੁੱਚ ਜਾਣ ਲਿ-
ਆ ਜੋ ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ ॥੩੫॥ ਸਗੋਂ ਹਰੇਕ ਕੌਮ ਵਿੱਚ ਜੋ ਕੋਈ ਉਸ
ਥੋਂ ਡਰਦਾ ਅਤੇ ਧਰਮ ਦੇ ਕੰਮ ਕਰਦਾ ਹੈ ਜੋ ਉਹ ਨੂੰ ਭਾਉਂਦਾ ਹੈ ॥੩੬॥ ਜਿਹੜਾ ਬਚਨ ਉ-
ਸ ਨੈ ਇਸਰਾਈਲ ਦੀ ਵੰਸ ਦੇ ਕੋਲ ਘੱਲਿਆ ਜਦ ਯਿਸੂ ਮਸੀਹ ਦੇ ਵਸੀਲੇ ਥੋਂ ਜੋ ਸਭਨਾਂ
ਦਾ ਪ੍ਰਭੁ ਹੈ ਸੁਲਾ ਦਾ ਮੰਗਲ ਸਮਾਚਾਰ ਸੁਣਾਇਆ ॥੩੭॥ ਉਸ ਗੱਲ ਨੂੰ ਤੁਸੀਂ ਆਪ ਜਾ-
ਣਦੇ ਹੋ ਜਿਹੜੀ ਉਸ ਬਪਤਿਸਮਾ ਦੇ ਮਗਰੋਂ ਜਿਹ ਦੀ ਯੂਹੰਨਾ ਨੈ ਮਨਾਦੀ ਕੀਤੀ ਸੀ ਗਲੀ-

Original with
Language Department Punjab
Digitized by:
Panjab Digital Library

ਲਬੋਂ ਲਾਕੇ ਸਾਰੇ ਯਹੂਦਿਆ ਵਿੱਚ ਫੈਲ ਗਈ ਅਰਥਾਤ ਯਿਸੂ ਨਾਸਰੀ ॥ ੩੮ ॥ ਭਈ ਪਰ-
ਮੇਸੁਰ ਨੇ ਕਿਸ ਬਿਧ ਨਾਲ ਉਹ ਨੂੰ ਪਵਿਤ੍ਰ ਆਤਮਾ ਅਤੇ ਸਾਮਰੱਥਾ ਨਾਲ ਮਸੀਹ ਕੀਤਾ ਜੋ ਉ-
ਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ੦
ਕਿਉ ਜੋ ਪਰਮੇਸੁਰ ਉਹ ਦੇ ਨਾਲ ਸੀ ॥ ੩੯ ॥ ਅਤੇ ਅਸੀਂ ਉਨਾਂ ਸਭਨਾਂ ਕੰਮਾਂ ਦੇ ਸਾਖੀ ਹ ੦
ਜੋ ਹੜੇ ਉਸ ਨੇ ਯਹੂਦੀਆਂ ਦੇ ਦੇਸ ਅਤੇ ਯਰੂਸਲੀਮ ਵਿੱਚ ਕੀਤੇ। ਅਤੇ ਉਨਾਂ ਨੇ ਉਸ ਨੂੰ
ਕਾਠ ਉੱਤੇ ਲਮਕਾਕੇ ਮਾਰ ਸੁੱਟਿਆ ॥ ੪੦ ॥ ਉਹ ਨੂੰ ਪਰਮੇਸੁਰ ਨੇ ਤੀਜੇ ਦਿਨ ਫੇਰ ਜਿਵਾ-
ਲਿਆ ਅਤੇ ਉਹ ਨੂੰ ਪਰਗਟ ਹੋਣ ਦਿੱਤਾ ॥ ੪੧ ॥ ਸਭਨਾਂ ਲੋਕਾਂ ਉੱਤੇ ਨਹੀਂ ਪਰ ਉਨਾਂ ਉ-
ਗਾਹਾਂ ਉੱਤੇ ਜੋ ਹੜੇ ਅਗਿਓਂ ਹੀ ਪਰਮੇਸੁਰ ਦੇ ਚੁਣੇ ਹੋਏ ਸਨ ਅਰਥਾਤ ਸਾਡੇ ਉੱਤੇ ਜਿਨਾਂ
ਉਸ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਪਿੱਛੋਂ ਉਹ ਦੇ ਨਾਲ ਖਾਧਾ ਪੀਤਾ ॥ ੪੨ ॥ ਅਤੇ ਉ-
ਸ ਨੇ ਸਾਨੂੰ ਆਗਿਆ ਦਿੱਤੀ ਭਈ ਲੋਕਾਂ ਦੇ ਅੱਗੇ ਮਨਾਦੀ ਕਰੋ ਅਤੇ ਸਾਖੀ ਦਿਓ ਜੋ ਇ-
ਹ ਉਹੋ ਹੈ ਜਿਹੜਾ ਪਰਮੇਸੁਰ ਦੀ ਵੱਲੋਂ ਠਹਰਾਇਆ ਹੋਇਆ ਹੈ ਭਈ ਜੀਉਂਦਿਆਂ ਅਤੇ
ਮੋਇਆਂ ਦਾ ਨਿਆਉਂ ਕਰਨ ਵਾਲਾ ਹੋਵੇ ॥ ੪੩ ॥ ਉਸ ਉੱਤੇ ਸਭ ਪਿਕੰਬਰ ਸਾਖੀ ਦਿੰਦੇ ਹ-
ਨ ਕਿ ਜੋ ਕੋਈ ਉਸ ਪੁਰ ਨਿਹਚਾ ਕਰੇ ਜੋ ਉਹ ਦੇ ਨਾਉਂ ਕਰਕੇ ਪਾਪਾਂ ਦੀ ਮਾਫੀ ਪਾਊ ॥

॥ ੪੪ ॥ ਪਤਰਸ ਏਹ ਗੱਲਾਂ ਕਰਦਾ ਹੀ ਸੀ ਕਿ ਪਵਿਤ੍ਰ ਆਤਮਾ ਬਚਨ ਦੇ ਸ-
ਭਨਾਂ ਸੁਣਨ ਵਾਲਿਆਂ ਪੁਰ ਉੱਤਰਿਆ ॥ ੪੫ ॥ ਅਰ ਸੁੰਨਤ ਕੀਤੇ ਹੋਏ ਨਿਹਚਾਵਾਨ

Original With:
Language Department Punjab
Digitized by:
Panjab Digital Library

ਜਿਨੇ ਪਤਰਸ ਦੇ ਨਾਲ ਆਏ ਸਨ ਸਭ ਦੰਗ ਹੋ ਗਏ ਜੋ ਪਰਾਈਆਂ ਕੌਮਾਂ ਦੇ ਲੋਕਾਂ ਉੱਤੇ ਭੀ ਪਵਿਤ੍ਰ ਆਤਮਾ ਦੀ ਦਾਤ ਢਾਲੀ ਗਈ॥ ੪੬॥ ਕਿਉਂ ਜੋ ਉਨਾਂ ਨੇ ਤਿਨਾਂ ਨੂੰ ਬੋਲੀਆਂ ਬੋਲਦੇ ਅਤੇ ਪਰਮੇਸ਼ੁਰ ਦੀ ਵਡਿਆਈ ਕਰਦੇ ਸੁਣਿਆ। ਤਦ ਪਤਰਸ ਨੇ ਅਗੋਂ ਆਖਿਆ॥ ੪੭॥ ਕੀ ਕੋਈ ਪਾਣੀ ਨੂੰ ਰੋਕ ਸੱਕਦਾ ਹੈ ਕਿ ਇਨਾਂ ਲੋਕਾਂ ਨੂੰ ਜਿਨਾਂ ਸਾਡੀ ਤਰਾਂ ਪਵਿਤ੍ਰ ਆਤਮਾ ਪਾਇਆ ਹੈ ਬਪਤਿਸਮਾ ਨਾ ਦਿੱਤਾ ਜਾਵੇ॥ ੪੮॥ ਅਤੇ ਉਸ ਨੇ ਹੁਕਮ ਕੀਤਾ ਕਿ ਉਨਾਂ ਨੂੰ ਯਿਸੂ ਮਸੀਹ ਦੇ ਨਾਉਂ ਉੱਤੇ ਬਪਤਿਸਮਾ ਦਿੱਤਾ ਜਾਵੇ। ਫੇਰ ਉਨਾਂ ਉਸ ਦੀ ਮਿੰਨਤ ਕੀਤੀ ਭਈ ਕੁਝ ਦਿਨ ਓੱਥੇ ਰਹੇ॥

੧੧ਕਾਂਡ॥ ਅਤੇ ਰਸੂਲਾਂ ਅਰ ਭਾਈਆਂ ਨੇ ਜੋ ਯਹੂਦਿਯਾ ਵਿੱਚ ਸਨ ਸੁਣਿਆ ਕਿ ਪਰਾਈਆਂ ਕੌਮਾਂ ਦੇ ਲੋਕਾਂ ਨੇ ਬੀ ਪਰਮੇਸ਼ੁਰ ਦਾ ਬਚਨ ਮੰਨ ਲਿਆ ਹੈ ॥੨॥ ਅਤੇ ਜਾਂ ਪਤਰਸ ਯਰੂਸਲੀਮ ਵਿੱਚ ਆਇਆ ਤਾਂ ਓਹ ਜੇਹੜੇ ਸੁੰਨਤ ਕੀਤਿਆਂ ਹੋਇਆਂ ਵਿੱਚੋਂ ਸਨ॥ ੩॥ ਉਹ ਦੇ ਨਾਲ ਇਹ ਕਹਿਕੇ ਝਗੜਨ ਲੱਗੇ ਭਈ ਤੈਂ ਬੇਸੁੰਨਤੀਆਂ ਕੋਲ ਜਾਕੇ ਉਨਾਂ ਨਾਲ ਖਾਧਾ॥ ੪॥ ਤਦ ਪਤਰਸ ਸੁਰੂ ਕਰਕੇ ਜਿਵੇਂ ਹੋਇਆ ਸੀ ਤਿਵੇਂ ਉਨਾਂ ਦੇ ਅੱਗੇ ਬਿਆਨ ਕਰਕੇ ਕਹਿਣ ਲੱਗਾ॥ ੫॥ ਕਿ ਮੈਂ ਯਾਫਾ ਦੇ ਨਗਰ ਵਿੱਚ ਪ੍ਰਾਰਥਨਾ ਕਰਦਾ ਸੀ ਅਤੇ ਬੇਸੁਧੀ ਵਿੱਚ ਦਰਸਣ ਡਿੱਠਾ ਕਿ ਇੱਕ ਚੀਜ ਵੱਡੀ ਚਾਦਰ ਦੇ ਸਮਾਨ ਚੌਹੁ ਪੱਲਿਆਂ ਥੋਂ ਅਕਾਸ਼ੋਂ ਲਮਕਾਈ ਹੋਈ ਉੱਤਰਦੀ ਮੇਰੇ ਤੀ-

Original with:
Language Department Punjab
Digitized by:
Panjab Digital Library

ਕੁਰਆਈ॥੬॥ਜਾਂ ਮੈਂ ਉਹ ਦੀ ਵਲ ਧਿਆਨ ਕਰਕੇ ਸੋਚਿਆ ਤਾਂ ਧਰਤੀ ਦੇ ਚੁਪਾਏ ਅ
ਤੇ ਜੰਗਲੀ ਜਨਾਉਰ ਅਤੇ ਰਿੜਨਵਾਲੇ ਜੀਉ ਜੰਤ ਅਤੇ ਅਕਾਸ ਦੇ ਪੰਛੀ ਵੇਖੇ॥੭॥
ਅਤੇ ਮੈਂ ਇੱਕ ਅਵਾਜ ਬੀ ਸੁਣੀ ਜੋ ਮੈਨੂੰ ਆਖਦੀ ਹੈ ਹੇ ਪਤਰਸ ਉੱਠ ਅਤੇ ਜਿਬਾ ਕ
ਰ ਕੇ ਖਾਹ॥੮॥ਪਰ ਮੈਂ ਬੋਲਿਆ ਨਾ ਪ੍ਰਭੂ ਜੀ ਐਉਂ ਨਹੀਂ ਹੋਣਾ ਕਿਉ ਜੋ ਕੋਈ ਅਸੁੱਧ
ਅਥਵਾ ਭ੍ਰਿਸਟ ਚੀਜ ਮੇਰੇ ਮੂੰਹ ਵਿੱਚ ਕਦੇ ਨਹੀਂ ਆਈ॥੯॥ਅਤੇ ਦੂਜੀ ਵਾਰ ਅਵ
ਜ ਨੈ ਅਕਾਸੋਂ ਉੱਤਰ ਦਿੱਤਾ ਭਈ ਜੋ ਕੁਛ ਪਰਮੇਸੁਰ ਨੈ ਸੁੱਧ ਕੀਤਾ ਹੈ ਉਹ ਨੂੰ ਤੂੰ ਅਸੁੱਧ
ਨਾ ਕਹੁ॥੧੦॥ਇਹ ਤਿੰਨ ਵਾਰੀ ਹੋਇਆ ਅਤੇ ਉਹ ਸਭ ਕੁਛ ਫੇਰ ਅਕਾਸ ਵਲ ਖਿੱ
ਚਿਆ ਗਿਆ॥੧੧॥ਅਰ ਵੇਖੋ ਕਿ ਓਸੇ ਵੇਲੇ ਉਸ ਘਰ ਦੇ ਅੱਗੇ ਜਿੱਥੇ ਅਸੀਂ ਸਾਂ ਤਿੰ
ਨ ਮਨੁੱਖ ਆਣ ਖਲੋਤੇ ਜੋ ਹੜੇ ਕੈਸਰੀਆ ਥੋਂ ਮੇਰੇ ਕੋਲ ਘੱਲੇ ਹੋਏ ਸਨ॥੧੨॥ਅ
ਰ ਆਤਮਾ ਨੈ ਮੈਨੂੰ ਕਿਹਾ ਭਈ ਤੂੰ ਉਨਾਂ ਦੇ ਨਾਲ ਚੱਲਿਆ ਜਾਹ ਅਤੇ ਕੁਛ ਭਿੰਨ ਭੇਦ
ਨਾ ਰੱਖ ਅਤੇ ਏਹ ਛੇ ਭਾਈ ਬੀ ਮੇਰੇ ਨਾਲ ਤੁਰ ਪਏ ਅਤੇ ਅਸੀਂ ਉਸ ਮਨੁੱਖ ਦੇ ਘ
ਰ ਜਾ ਵੜੇ॥੧੩॥ਤਦ ਉਸ ਨੈ ਸਾ ਨੂੰ ਦੱਸਿਆ ਭਈ ਕਿੱਕੁਰ ਉਹ ਨੈ ਆਪਣੇ ਘਰ ਵਿੱ
ਚ ਦੂਤ ਨੂੰ ਖੜੇ ਵੇਖਿਆ ਜਿਨ ਆਖਿਆ ਕਿ ਜਾਫਾ ਵਲ ਮਨੁੱਖ ਭੇਜ ਕੇ ਸਮਊਨ ਨੂੰ
ਜਿਹੜਾ ਪਤਰਸ ਕਹਾਉਂਦਾ ਹੈ ਬੁਲਵਾ॥੧੪॥ਉਹ ਤੈਨੂੰ ਅਜੇਹੀਆਂ ਗੱਲਾਂ ਸੁਣਾ
ਊ ਕਿ ਜਿਨਾਂ ਥੋਂ ਤੂੰ ਅਤੇ ਤੇਰਾ ਸਾਰਾ ਘਰ ਮੁਕਤਿ ਪਾਵੇ॥੧੫॥ਅਤੇ ਜਾਂ ਮੈਂ ਗੱਲਾਂ ਕ

Original with:
Language Department Punjab
Digitized by:
Panjab Digital Library

ਰਨ ਲੱਗਾ ਤਾਂ ਪਵਿਤ੍ਰ ਆਤਮਾ ਉਨ੍ਹਾਂ ਪੁਰ ਉੱਤਰਿਆ ਜਿਸ ਤਰਾਂ ਪਹਿਲਾਂ ਸਾਡੇ ਉੱਪਰ ਉੱਤਰਿਆ ਸੀ ॥੧੬॥ ਤਦ ਮੈਂ ਪ੍ਰਭੂ ਦਾ ਬਚਨ ਚੇਤੇ ਆਇਆ ਕਿ ਕਿਸ ਤਰਾਂ ਓਨ ਆਖਿਆ ਸੀ ਭਈ ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਤੁਹਾਨੂੰ ਪਵਿਤ੍ਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਊ ॥੧੭॥ ਇਸ ਲਈ ਜਦ ਪਰਮੇਸੁਰ ਨੇ ਉਨ੍ਹਾਂ ਨੂੰ ਉਹੋ ਜਿਹੀ ਦਾਤ ਦਿੱਤੀ ਜਿਹੀ ਕੁ ਸਾਨੂੰ ਬੀ ਜਦ ਅਸਾਂ ਪ੍ਰਭੂ ਯਿਸੂ ਮਸੀਹ ਉੱਤੇ ਨਿਹਚਾ ਕੀਤੀ ਤਾਂ ਫੇਰ ਮੈਂ ਕੌਣ ਸਾਂ ਜੋ ਪਰਮੇਸੁਰ ਨੂੰ ਰੋਕ ਸੱਕਦਾ ॥੧੮॥ ਜਾਂ ਉਨ੍ਹਾਂ ਏਹ ਗੱਲਾਂ ਸੁਣੀਆਂ ਤਾਂ ਚੁੱਪ ਹੋ ਗਏ ਅਤੇ ਇਹ ਕਹਿਕੇ ਪਰਮੇਸੁਰ ਦੀ ਵਡਿਆਈ ਕੀਤੀ ਕਿ ਤਦ ਤਾਂ ਪਰਮੇਸੁਰ ਨੇ ਪਰਾਈਆਂ ਕੌਮਾਂ ਨੂੰ ਬੀ ਜੀਉਣ ਲਈ ਤੋਬਾ ਬਖਸ਼ੀ ॥

॥੧੯॥ ਉਪਰੰਦ ਓਹ ਲੋਕ ਜੇਹੜੇ ਉਸ ਬਿਪਤਾ ਥੋਂ ਜੋ ਇਸਤੀਫਨ ਦੇ ਕਾਰਣ ਹੋਈ ਸੀ ਛਿੰਨ ਭਿੰਨ ਹੋ ਗਏ ਸਨ ਓਹ ਫੈਨੀਕੇ ਅਤੇ ਕੁਪਰੁਸ ਅਤੇ ਅੰਤਾਕਿਯਾ ਤੀਕੁਰ ਫਿਰਦੇ ਆਂ ਹੋਇਆਂ ਯਹੂਦੀਆਂ ਥੋਂ ਬਿਨਾ ਹੋਰ ਕਿਸੇ ਨੂੰ ਬਚਨ ਨਹੀਂ ਸੀ ਸੁਣਾਉਂਦੇ ॥੨੦॥ ਪਰ ਉਨ੍ਹਾਂ ਵਿੱਚੋਂ ਕਈਕ ਕੁਪਰੁਸ ਅਰ ਕੁਰੇਨੇ ਦੇ ਮਨੁੱਖ ਸਨ ਜਿਨਾਂ ਅੰਤਾਕਿਯਾ ਵਿੱਚ ਆਣਕੇ ਪ੍ਰਭੂ ਯਿਸੂ ਦਾ ਮੰਗਲ ਸਮਾਚਾਰ ਸੁਣਾਉਂਦੇ ਹੋਏ ਯੂਨਾਨੀਆਂ ਨਾਲ ਬੀ ਗੱਲਾਂ ਕੀਤੀਆਂ ॥੨੧॥ ਅਤੇ ਪ੍ਰਭੂ ਦਾ ਹੱਥ ਉਨ੍ਹਾਂ ਦੇ ਉੱਤੇ ਸੀ ਅਤੇ ਬਾਹਲੇ ਲੋਕ ਨਿਹਚਾ ਕਰਕੇ ਪ੍ਰਭੂ ਦੀ ਵਲ ਫਿਰੇ ॥੨੨॥ ਅਰ ਉਨ੍ਹਾਂ ਦੀ ਖਬਰ ਯਰੂਸਲੀਮ ਦੀ ਕਲੀਸਿਯਾ ਦੇ ਕੰਨਾਂ ਤੀਕੁ ਪਹੁੰਚੀ। ਤਾਂ ਉਨ੍ਹਾਂ ਨੇ ਬਰਨਬਾਸ

Original with:
Language Department Punjab
Digitized by:
Panjab Digital Library

ਨੂੰ ਅੰਤਾਕਿਯਾ ਤਾਈਂ ਘੱਲਿਆ ॥੨੩॥ ਸੋ ਜਾਂ ਉਹ ਉੱਥੇ ਪਹੁੰਚਿਆ ਅਤੇ ਪਰਮੇਸ਼ੁਰ ਦੀ ਕਿਰ-
ਪਾ ਵੇਖੀ ਤਾਂ ਅਨੰਦ ਹੋਇਆ ਅਰ ਉਨਾਂ ਸਭਨਾਂ ਨੂੰ ਉਪਦੇਸ਼ ਦਿੱਤਾ ਭਈ ਦਿਲ ਦੀ ਤਗੜਾਈ
ਨਾਲ ਪ੍ਰਭੁ ਵਲ ਲੱਗੇ ਰਹੋ ॥੨੪॥ ਕਿਉਂਕਿ ਉਹ ਭਲਾ ਲੋਕ ਅਰ ਪਵਿਤ੍ਰ ਆਤਮਾ ਅਤੇ ਨਿ-
ਹਚਾ ਨਾਲ ਭਰਪੂਰ ਸੀ। ਅਰ ਬਹੁਤ ਸਾਰੇ ਲੋਕ ਪ੍ਰਭੁ ਦੇ ਨਾਲ ਮਿਲ ਗਏ ॥੨੫॥ ਤਾਂ ਉਹ ਸੌ-
ਲੁਸ ਦੀ ਭਾਲ ਕਰਨ ਤਰਸੁਸ ਨੂੰ ਗਿਆ ॥੨੬॥ ਅਤੇ ਉਹ ਨੂੰ ਲੱਭ ਕੇ ਅੰਤਾਕਿਯਾ ਵਿੱਚ
ਲਿਆਇਆ। ਅਰ ਐਉਂ ਹੋਇਆ ਜੋ ਓਹ ਇੱਕ ਪੂਰੇ ਸਾਲ ਕਲੀਸਿਯਾ ਦੇ ਨਾਲ ਕੱਠੇ ਰਹੇ
ਅਤੇ ਬਹੁਤ ਸਾਰੇ ਲੋਕਾਂ ਨੂੰ ਉਪਦੇਸ਼ ਕੀਤਾ ਅਤੇ ਪਹਿਲਾਂ ਅੰਤਾਕਿਯਾ ਵਿੱਚ ਸਿੱਖ ਲੋਕ ਮ-
ਸੀਹੀ ਕਹਾਏ ॥ ॥੨੭॥ ਉਨੀਂ ਦਿਨੀਂ ਕਈ ਪਿਕੰਬਰ ਯਰੂਸ਼ਲੀਮ ਥੋਂ ਅੰਤਾਕਿ-
ਯਾ ਵਿੱਚ ਆਏ ॥੨੮॥ ਇੱਕ ਨੇ ਉਨਾਂ ਵਿੱਚੋਂ ਜਿਹ ਦਾ ਨਾਉਂ ਆਗਾਬੁਸ ਸੀ ਉੱਠ ਕੇ ਆਤਮਾ ਦੀ
ਰਾਹੀਂ ਇਹ ਪਤਾ ਦਿੱਤਾ ਜੋ ਸਾਰੀ ਦੁਨੀਆਂ ਵਿੱਚ ਵੱਡਾ ਕਾਲ ਪਏਗਾ ਜਿਹੜਾ ਕਲੌਦਿਯੁਸ
ਦੇ ਸਮੇ ਵਿੱਚ ਪੈ ਗਿਆ ॥੨੯॥ ਅਤੇ ਸਿੱਖਾਂ ਵਿੱਚੋਂ ਹਰੇਕ ਨੇ ਆਪੋ ਆਪਣੀ ਪਹੁੰਚ ਦੇ ਅਨੁ-
ਸਾਰ ਉਨਾਂ ਭਾਈਆਂ ਦੀ ਮੱਦਤ ਲਈ ਜੇਹੜੇ ਯਹੂਦਿਯਾ ਵਿੱਚ ਰਹਿੰਦੇ ਸਨ ਕੁਛ ਭੇਜਣ ਦੀ
ਦਲੀਲ ਕੀਤੀ ॥੩੦॥ ਜੋ ਉਨਾਂ ਨੇ ਏਵੇਂ ਹੀ ਕੀਤਾ ਅਤੇ ਬਰਨਬਾਸ ਅਰ ਸੌਲੁਸ ਦੇ ਹੱਥੀਂ
ਬਜ਼ੁਰਗਾਂ ਦੇ ਕੋਲ ਘੱਲਿਆ ॥

੧੨ ਕਾਂਡ ॥ ਉਸ ਸਮੇ ਰਾਜਾ ਹੇਰੋਦੇਸ ਨੇ ਕਲੀਸਿਯਾ ਦੇ ਵਿੱਚ ਕਈ ਲੋਕਾਂ ਨੂੰ ਦੁਖ ਦੇਣ

Original with:
Language Department Punjab
Digitized by:
Panjab Digital Library

ਲਈ ਹੱਥ ਚਲਾਇਆ ॥੨॥ ਅਤੇ ਉਸ ਨੇ ਯੂਹੱਨਾ ਦੇ ਭਰਾ ਉ ਯਾਕੂਬ ਨੂੰ ਤਲਵਾਰ ਨਾ-
ਲ ਵੱਢ ਸੁੱਟਿਆ ॥੩॥ ਅਤੇ ਜਾਂ ਵੇਖਿਆ ਭਈ ਯਹੂਦੀਆਂ ਨੂੰ ਇਹ ਕੰਮ ਚੰਗਾ ਲੱ-
ਗਿਆ ਤਾਂ ਹੋਰ ਬੀ ਵਾਧਾ ਕੀਤਾ ਜੋ ਪਤਰਸ ਨੂੰ ਬੀ ਫੜ ਲਿਆ। ਏਹ ਫਤੀਰੀ ਰੋਟੀ ਦੇ
ਦਿਨ ਸੀ ॥੪॥ ਜੋ ਉਹ ਨੂੰ ਫੜ ਕੇ ਕੈਦਖਾਨੇ ਵਿੱਚ ਪਾ ਦਿੱਤਾ ਅਤੇ ਚੌਂ ਚੌਂ ਸਿਪਾਹੀਆਂ
ਦੇ ਚੌਂ ਪਹਿਰਿਆਂ ਦੇ ਹਵਾਲੇ ਕੀਤਾ ਭਈ ਉਹ ਦੀ ਚੌਕਸੀ ਕਰਨ ਅਤੇ ਦਾੱਯਾ ਕੀ-
ਤਾ ਜੋ ਉਹ ਨੂੰ ਪਸਾਹ ਦੇ ਤਿਉਹਾਰ ਦੇ ਪਿੱਛੋਂ ਲੋਕਾਂ ਦੇ ਅੱਗੇ ਕੱਢ ਲਿਆਵੇ ॥੫॥ ਜੋ ਕੈ-
ਦ ਵਿੱਚ ਪਤਰਸ ਦੀ ਰਾਖੀ ਹੁੰਦੀ ਸੀ ਪਰ ਕਲੀਸਿਯਾ ਉਹ ਦੇ ਲਈ ਪਰਮੇਸ਼ੁਰ ਅੱਗੇ
ਮਨ ਲਾਕੇ ਪ੍ਰਾਰਥਨਾ ਕਰਦੀ ਰਹੀ ॥੬॥ ਅਤੇ ਜਾਂ ਹੇਰੋਦੇਸ ਉਹ ਨੂੰ ਬਾਹਰ ਲਿਆਉਣ ਨੂੰ
ਤਿਆਰ ਸੀ ਉਸ ਰਾਤ ਪਤਰਸ ਦੋਹੁ ਸੰਗਲਾਂ ਨਾਲ ਜਕੜਿਆ ਹੋਇਆ ਦੋ ਸਿਪਾਹੀਆਂ
ਦੇ ਵਿਚਕਾਰ ਸੁੱਤਾ ਪਿਆ ਸੀ ਅਰ ਪਹਿਰੇਵਾਲੇ ਕੈਦਖਾਨੇ ਦੇ ਬੂਹੇ ਪੁਰ ਪਹਿਰਾ ਦੇ ਰਹੇ ਸ-
ਨ ॥੭॥ ਅਤੇ ਵੇਖੋ ਕਿ ਪ੍ਰਭੁ ਦਾ ਇੱਕ ਦੂਤ ਆ ਣ ਖਲੋਤਾ ਅਤੇ ਉਸ ਘਰ ਵਿੱਚ ਚਾਨਣਾ ਚਮ-
ਕਿਆ ਅਤੇ ਉਹ ਨੇ ਪਤਰਸ ਦੀ ਵੱਖੀ ਪੁਰ ਹੱਥ ਮਾਰਿਆ ਅਤੇ ਉਹ ਨੂੰ ਜਗਾਕੇ ਆਖ-
ਆ ਕਿ ਛੇਤੀ ਉੱਠ ਅਤੇ ਉਹ ਦੇ ਸੰਗਲ ਉਹ ਦੇ ਹੱਥਾਂ ਚੋਂ ਡਿਗ ਪਏ ॥੮॥ ਅਰ ਦੂਤ ਨੇ ਉ-
ਹ ਨੂੰ ਕਿਹਾ ਕਿ ਲੱਕ ਬੰਨ ਅਤੇ ਆਪਣੀ ਜੁੱਤੀ ਪਾ। ਅਰ ਉਸ ਨੇ ਏਸੇ ਤਰਾਂ ਕੀਤਾ। ਫੇਰ
ਉਸ ਨੇ ਉਹ ਨੂੰ ਆਖਿਆ ਆਪਣੀ ਚਾਦਰ ਓੜਕੇ ਮੇਰੇ ਮਗਰ ਆ ॥੯॥ ਅਤੇ ਉਹ ਨੇ-

Original with:
Language Department Punjab
Digitized by:
Panjab Digital Library

ਕਲਕੇਉਹ ਦੇ ਪੈਂਛੇ ਪੈਂਛੇ ਤੁਰ ਪਿਆ ਅਰ ਨਾ ਜਾਂਤਾ ਭਈ ਇਹ ਜੋ ਦੂਤ ਕੋਲੋਂ ਹੋ ਰਿਹਾ ਹੈ ਸੋ ਸੱਚ ਹੈ ਬਲਕ ਇਹ ਸ਼ਮਾਖ਼ਿਆ ਜੋ ਮੈਂ ਇੱਕ ਦਰਸ਼ਣ ਵੇਖਦਾ ਹਾਂ ॥੧੦॥ ਤਦ ਓਹ ਪਹਿਲੇ ਅਤੇ ਦੂਜੇ ਪਹਿਰੇ ਵਿੱਚੋਂ ਦੀ ਨਿੱਕਲਕੇ ਲੋਹੇ ਦੇ ਦਰ ਵੱਜੇ ਤੀਕੁ ਆਏ ਜਿਹੜਾ ਸ਼ਹਿਰ ਵਿੱਚ ਪੁਚਾਉਂਦਾ ਹੈ ਅਰ ਉਹ ਆਪ ਥੋਂ ਆਪ ਉਨਾਂ ਲਈ ਖੁਲ ਗਿਆ ਅਤੇ ਓਹ ਨਿੱਕਲਕੇ ਇੱਕ ਗਲੀ ਦੇ ਰਾਹ ਤੁਰ ਪਏ ਤਾਂ ਓਸੇ ਵੇਲੇ ਦੂਤ ਉਹ ਦੇ ਪਾਸੋਂ ਚੱਲਿਆ ਗਿਆ ॥੧੧॥ ਤਦ ਪਤਰਸ ਨੈ ਸੋਝੀ ਵਿੱਚ ਆਣਕੇ ਕਿਹਾ ਕਿ ਹੁਣ ਮੈਂ ਠੀਕ ਜਾਣਿਆ ਭਈ ਪ੍ਰਭੁ ਨੈ ਅਪਣਾ ਦੂਤ ਘੱਲਿਆ ਅਤੇ ਮੈਨੂੰ ਹੇਰੋਦੇਸ ਦੇ ਹੱਥੋਂ ਅਰ ਯਹੂਦੀ ਕੌਮ ਦੀ ਸਾਰੀ ਆਸ ਥੋਂ ਛੁਡਾ ਦਿੱਤਾ ਹੈ ॥੧੨॥ ਫੇਰ ਸੋਚਕੇ ਯੂਹੰਨਾ ਜੋ ਮਰਕੁਸ ਕਹਾਉਂਦਾ ਹੈ ਉਹ ਦੀ ਮਾਂ ਮਰਿਯਮ ਦੇ ਘਰ ਆਇਆ ਜਿੱਥੇ ਬਹੁਤ ਲੋਕ ਕੱਠੇ ਹੋਕੇ ਪ੍ਰਾਰਥਨਾ ਕਰ ਰਹੇ ਸਨ ॥੧੩॥ ਜਾਂ ਉਹ ਨੈ ਡੇਉਢੀ ਦਾ ਬੂਹਾ ਖੜਕਾਇਆ ਤਾਂ ਇੱਕ ਲੜਕੀ ਰੁਦੇ ਨਾਮੇ ਸੁਣਨ ਆਈ ॥੧੪॥ ਅਤੇ ਪਤਰਸ ਦਾ ਬੋਲ ਪਛਾਣਕੇ ਖੁਸੀ ਦੀ ਮਾਰੀ ਬੂਹਾ ਨਾ ਖੋਲਿਆ ਪਰ ਅੰਦਰ ਨੂੰ ਦੌੜਕੇ ਖਬਰ ਦਿੱਤੀ ਜੋ ਡੇਉਢੀ ਦੇ ਅੱਗੇ ਪਤਰਸ ਖੜਾ ਹੈ ॥੧੫॥ ਉਨਾਂ ਉਸ ਨੂੰ ਆਖਿਆ ਤੂੰ ਤਾਂ ਕਮਲੀ ਹੈਂ ਪਰ ਉਹ ਵਡੇ ਹੱਠ ਨਾਲ ਬੋਲੀ ਭਈ ਗੱਲ ਏਵੇਂ ਹੀ ਹੈ। ਤਦ ਉਨਾਂ ਆਖਿਆ ਕਿ ਉਹ ਦਾ ਦੂਤ ਹੋਣਾ ਹੈ ॥੧੬॥ ਪਰ ਪਤਰਸ ਬੂਹਾ ਖੜਕਾਉਂਦਾ ਰਿਹਾ। ਤਾਂ ਉਨਾਂ ਨੈ ਬੂਹਾ ਖੋਲਕੇ ਉਸ ਨੂੰ ਵੇਖਿਆ ਅਤੇ ਅਚਰਜ ਰਹਿ ਗਏ ॥੧੭॥ ਪਰੰਤੂ ਉਸ ਨੈ ਉਨਾਂ ਨੂੰ ਹੱਥ

Original with:
Language Department Punjab
Digitized by:
Panjab Digital Library

ਨਾਲ ਸੈਨਤ ਕੀਤੀ ਕਿ ਚੁੱਪ ਰਹਿਣ ਅਤੇ ਦੱਸਿਆ ਜੋ ਪ੍ਰਭੁ ਨੈ ਕਿਸ ਤਰਾਂ ਮੈਨੂੰ ਕੈਦਖਾਨੇ ਵਿੱ-
ਚੋਂ ਕੱਢਿਆ ਅਤੇ ਆਖਿਆ ਕਿ ਯਾਕੂਬ ਅਤੇ ਭਾਈਆਂ ਨੂੰ ਇਨਾਂ ਗੱਲਾਂ ਦੀ ਖਬਰ ਦਿਓ
। ਅਤੇ ਉਹ ਬਾਹਰ ਜਾਕੇ ਹੋਰ ਥਾਂ ਚੱਲਿਆ ਗਿਆ ॥ ੧੮ ॥ ਜਾਂ ਦਿਨ ਚੜ੍ਹਿਆ ਤਾਂ ਸਿਪਾ-
ਹੀਆਂ ਵਿੱਚ ਬਹੁਤ ਘਬਰਾਹਟ ਪੈ ਗਈ ਕਿ ਪਤਰਸ ਕਿਧਰ ਗਿਆ ॥ ੧੯ ॥ ਅਰ ਜਾਂ
ਹੇਰੋਦੇਸ ਨੈ ਉਹਦਾ ਖੋਜ ਕੀਤਾ ਅਤੇ ਉਹ ਨਾ ਲੱਭਾ ਤਾਂ ਪਹਿਰੇਵਾਲਿਆਂ ਦੀ ਜਾਚ ਕ-
ਰ ਕੇ ਹੁਕਮ ਦਿੱਤਾ ਜੋ ਓਹ ਵੱਢੇ ਜਾਣ । ਅਰ ਉਹ ਯਹੂਦਿਯਾ ਥੋਂ ਨਿੱਕਲ ਕੇ ਕੈਸਰੀਆ
ਵਿੱਚ ਜਾ ਰਿਹਾ ॥ ॥ ੨੦ ॥ ਅਤੇ ਉਹ ਸੂਰ ਅਤੇ ਸੈਦਾ ਦੇ ਲੋਕਾਂ ਨਾਲ ਵ-
ਡਾ ਨਰਾਜ ਸੀ । ਤਦ ਓਹ ਇੱਕ ਮਨ ਹੋਕੇ ਉਹ ਦੇ ਕੋਲ ਆਏ ਅਰ ਬਲਾਸਤੁਸ ਨੂੰ ਜਿਹ
ੜਾ ਰਾਜੇ ਦੇ ਮਹੱਲ ਦਾ ਨਾਜਰ ਸੀ ਫੁਸਲਾ ਕੇ ਸੁਲਾ ਲਈ ਅਰਜ ਕਰਨ ਲੱਗੇ ਕਿਉਂ ਜੋ ਉਨ੍ਹ ੦
ਦੇ ਦੇਸ ਦੀ ਪਿਰਤਪਾਲ ਰਾਜੇ ਦੇ ਦੇਸ ਥੋਂ ਹੁੰਦੀ ਸੀ ॥ ੨੧ ॥ ਅਤੇ ਹੇਰੋਦੇਸ ਇੱਕ ਮਿਥੇ ਹੋ-
ਏ ਦਿਨ ਨੂੰ ਰਾਜ ਬਸਤਰ ਪਹਿਨ ਕੇ ਗੱਦੀ ਉੱਤੇ ਬੈਠਾ ਅਰ ਉਨਾਂ ਦੇ ਅੱਗੇ ਬੋਲਣ ਲੱਗਾ ੦
॥ ੨੨ ॥ ਅਤੇ ਲੋਕ ਉੱਚੀ ਦੀ ਬੋਲ ਉੱਠੇ ਕੁ ਇਹ ਤਾਂ ਦੇਉਤੇ ਦੀ ਅਵਾਜ ਹੈ ਮਨੁੱਖ
ਦੀ ਨਹੀਂ ॥ ੨੩ ॥ ਅਰ ਓਵੇਂ ਪ੍ਰਭੁ ਦੇ ਇੱਕ ਦੂਤ ਨੈ ਉਹ ਨੂੰ ਮਾਰਿਆ ਇਸ ਲਈ ਜੋ ਉਹ
ਨੈ ਪਰਮੇਸੁਰ ਦੀ ਵਡਿਆਈ ਨਾ ਕੀਤੀ ਅਤੇ ਕੀੜੇ ਪੈ ਕੇ ਮਰ ਗਿਆ ॥
॥ ੨੪ ॥ ਪਰ ਪਰਮੇਸੁਰ ਦਾ ਬਚਨ ਵਧਿਆ ਅਤੇ ਫੈਲਦਾ ਗਿਆ ॥ ॥

Original with:
Language Department Punjab
Digitized by:
Panjab Digital Library

੨੫॥ ਅਤੇ ਬਰਨਬਾਸ ਅਤੇ ਸੌਲੁਸ ਆਪਣੀ ਸੇਵਾ ਪੂਰੀ ਕਰਕੇ ਯੂਹੰਨਾ ਨੂੰ ਜਿਹੜਾ ਮ-
ਰਕੁਸ ਕਰਕੇ ਸੱਦੀਦਾ ਹੈ ਨਾਲ ਲੈਕੇ ਯਰੂਸਲੀਮ ਥੀਂ ਮੁੜੇ॥

੧੩ ਕਾਂਡ॥ ਅਤੇ ਅੰਤਾਕਿਯਾ ਦੀ ਕਲੀਸਿਯਾ ਵਿੱਚ ਕਈ ਪਿਕੰਬਰ ਅਤੇ ਉਪਦੇਸ
ਕਰਨਵਾਲੇ ਸਨ ਅਰਥਾਤ ਬਰਨਬਾਸ ਅਰ ਸਮਊਨ ਜੋ ਨੀਗਰ ਕਹ
ਉਂਦਾ ਹੈ ਅਰ ਲੂਕਿਯੁਸ ਕੁਰੇਨੇ ਦਾ ਇੱਕ ਮਨੁੱਖ ਅਤੇ ਮਨਏਨ ਜਿਹੜਾ ਰਾਜਾ ਹੇਰੋਦੇਸ
ਦੇ ਨਾਲ ਪਲਿਆ ਸੀ ਅਤੇ ਸੌਲੁਸ॥੨॥ ਜਾਂ ਏਹ ਪ੍ਰਭੁ ਦੀ ਸੇਵਾ ਕਰਦੇ ਅਤੇ ਵਰਤ ਰੱ-
ਖਦੇ ਸਨ ਤਾਂ ਪਵਿੜ ਆਤਮਾ ਨੇ ਕਿਹਾ ਕਿ ਮੇਰੇ ਲਈ ਬਰਨਬਾਸ ਅਤੇ ਸੌਲੁਸ ਨੂੰ ਉ-
ਸ ਕੰਮ ਦੇ ਵਾਸਤੇ ਅਲੱਗ ਕਰੋ ਜਿਹ ਦੇ ਲਈ ਮੈਂ ਉਨਾਂ ਨੂੰ ਬੁਲਾਇਆ ਹੈ॥੩॥ ਤਦ ਉ-
ਨਾਂ ਵਰਤ ਰੱਖਕੇ ਅਤੇ ਪ੍ਰਾਰਥਨਾ ਕਰਕੇ ਉਨਾਂ ਉੱਤੇ ਹੱਥ ਧਰੇ ਅਤੇ ਉਨਾਂ ਨੂੰ ਵਿਦਿਆ ਕੀ-
ਤਾ॥ ॥੪॥ ਸੋ ਓਹ ਪਵਿੜ ਆਤਮਾ ਦੇ ਭੇਜੇ ਹੋਏ ਸਿਲੂਕਿਯਾ ਨੂੰ ਆਏ ਅਰ
ਓਥੋਂ ਜਹਾਜ ਪੁਰ ਚੜਕੇ ਕੁਪਰੁਸ ਨੂੰ ਗਏ॥੫॥ ਅਤੇ ਉਨਾਂ ਨੇ ਸਲਮੀਸ ਵਿੱਚ ਪਹੁੰਚਕੇ
ਯਹੂਦੀਆਂ ਦਿਆਂ ਸਮਾਜਾਂ ਵਿੱਚ ਪਰਮੇਸੁਰ ਦਾ ਬਚਨ ਸੁਣਾਇਆ ਅਤੇ ਨਾਲੇ ਯੂਹੰ-
ਨਾ ਉਨਾਂ ਦਾ ਸੇਵਕ ਸੀ॥੬॥ ਅਰ ਜਾਂ ਓਹ ਉਸ ਸਾਰੇ ਟਾਪੂ ਵਿੱਚ ਫਿਰਦੇ ਫਿਰਦੇ ਪਾਫੁਸ
ਤਾਈਂ ਆਏ ਤਾਂ ਉਨਾਂ ਨੂੰ ਬਰਯੇਸੂਸ ਨਾਉਂ ਦਾ ਇੱਕ ਆਦਮੀ ਮਿਲਿਆ ਜਿਹੜਾ ਜਾਦੂ-
ਗਰ ਝੂਠਾ ਪਿਕੰਬਰ ਅਤੇ ਕੋਮ ਦਾ ਯਹੂਦੀ ਸੀ॥੭॥ ਉਹ ਸਿਰਗਿਯੁਸ ਪੌਲੁਸ ਸੂਬੇ ਦੇ

Original from
Language Department Punjab
Digitized by:
Panjab Digital Library

ਨਾਲ੍ਹ ਸੀ ਜਿਹੜਾ ਬੁਧਵਾਨ ਮਨੁੱਖ ਸੀ। ਇਸ ਨੈ ਬਰਨਬਾਸ ਅਤੇ ਸੌਲੁਸ ਨੂੰ ਆਪਣੇ
ਕੋਲ੍ਹ ਸੱਦਕੇ ਪਰਮੇਸ੍ਵਰ ਦਾ ਬਚਨ ਸੁਣਨਾ ਚਾਹਿਆ ॥ ੮॥ ਪਰ ਇਲੁਮਾਸ ਜਾਦੂਗ-
ਰ ਨੈ॰ ਕਿ ਉਹ ਦੇ ਨਾਉਂ ਦਾ ਇਹੋ ਅਰਥ ਹੈ॰ ਸੂਬੇ ਨੂੰ ਉਸ ਮਤ ਥੋਂ ਫੇਰਨ ਦਾ ਦੱਯਾ ਕਰਕੇ
ਉਨਾਂ ਦਾ ਸਾਹਮਣਾ ਕੀਤਾ ॥ ੯॥ ਪਰ ਸੌਲੁਸ ਨੈ ਜਿਹ ਨੂੰ ਪੌਲੁਸ ਬੀ ਆਖੀਦਾ ਹੈ ਪਵਿ-
ਤ੍ਰ ਆਤਮਾ ਨਾਲ੍ਹ ਭਰਪੂਰ ਹੋਕੇ ਉਹ ਦੀ ਵਲ ਧਿਆਨ ਕੀਤਾ ॥ ੧੦॥ ਅਤੇ ਆਖਿਆ ॰
ਕਿ ਹੇ ਤੂੰ ਜੋ ਸਭ ਤਰਾਂ ਦੇ ਛਲ ਅਤੇ ਬੁਰਿਆਈ ਨਾਲ੍ਹ ਭਰਿਆ ਹੋਇਆ ਹੈਂ ਸ-
ਤਾਨ ਦੇ ਬੱਚੇ ਅਤੇ ਸਾਰੇ ਧਰਮ ਦੇ ਵੈਰੀ ਕੀ ਤੂੰ ਪ੍ਰਭੂ ਦੇ ਸਿੱਧੇ ਰਾਹਾਂ ਨੂੰ ਵਿਰੋਧ ਕਰਨੋਂ ਨਹੀਂ ਟ-
ਲ੍ਹੇਂਗਾ ॥ ੧੧॥ ਹੁਣ ਵੇਖ ਪ੍ਰਭੂ ਦਾ ਹੱਥ ਤੇਰੇ ਉੱਤੇ ਉੱਠਿਆ ਅਤੇ ਤੂੰ ਅੰਨਾ ਹੋ ਜਾਏਂਗਾ ਅ-
ਤੇ ਕੁਛ ਚਿਰ ਤੀਕੁਰ ਸੂਰਜ ਨੂੰ ਨਾ ਵੇਖੇਂਗਾ। ਅਤੇ ਓਵੇਂ ਉਹ ਦੇ ਉੱਤੇ ਧੁੰਦ ਅਰ ਅਨੇਰਾ
ਛਾ ਗਿਆ। ਤਾਂ ਉਹ ਟੋਲ੍ਹਦਾ ਫਿਰਿਆ ਭਈ ਕੋਈ ਹੱਥ ਫੜਕੇ ਮੈ ਨੂੰ ਲੈ ਚੱਲਣ ॥ ੧੨॥
ਤਦ ਸੂਬੇ ਨੈ ਜਾਂ ਇਹ ਵਾਰਤਾ ਵੇਖੀ ਤਾਂ ਪ੍ਰਭੂ ਦੀ ਸਿੱਖਿਆ ਥੋਂ ਅਚੰਭਾ ਕਰਕੇ ਨਿਹਚਾ ਕੀ-
ਤੀ ॥ ॥ ੧੩॥ ਅਤੇ ਪੌਲੁਸ ਅਰ ਉਹ ਦੇ ਸਾਥੀ ਪਾਫ਼ੁਸ ਥੋਂ ਜਹਾਜ ਖੋਲ੍ਹਕੇ ਪ੍ਰ-
ਫ਼ੁਲਿਯਾ ਦੇ ਪਰਗਾ ਵਿੱਚ ਆਏ ਅਤੇ ਯੂਹੱਨਾ ਉਨਾਂ ਥੋਂ ਅੱਡ ਹੋਕੇ ਯਰੂਸ਼ਲੀਮ ਨੂੰ ਮੁੜ
ਗਿਆ ॥ ੧੪॥ ਪਰ ਓਹ ਪਰਗਾ ਥੋਂ ਲੰਘਕੇ ਪਿਸਿਦਿਯਾ ਦੇ ਅੰਤਾਕੀਆ ਵਿੱਚ ਅੱਪੜੇ
ਅਰ ਸਬਤ ਦੇ ਦਿਨ ਸਮਾਜ ਵਿੱਚ ਜਾ ਬੈਠੇ ॥ ੧੫॥ ਅਤੇ ਤੌਰੇਤ ਅਰ ਪਿਕੰਬਰਾਂ ਦੇ ਗੀ-

Original with:
Language Department Punjab
Digitized by:
Panjab Digital Library

ਥ ਪਤ੍ਰਸ ਨਥੋਂ ਪਿੱਛੋਂ ਸਮਾਜ ਦੇ ਸਰਦਾਰਾਂ ਨੈ ਉਨਾਂ ਨੂੰ ਕਹਾ ਭੇਜਿਆ ਕਿ ਹੇ ਭਾਈਓ ਜੇ ਲੋ-
ਕਾਂ ਦੇ ਲਈ ਕੋਈ ਉਪਦੇਸ ਦਾ ਬਚਨ ਤੁਸਾਡੇ ਕੋਲ ਹੋਵੇ ਤਾਂ ਸੁਣਾਓ ॥ ੧੬ ॥ ਤਦ ਪੌਲੁ-
ਸ ਖੜਾ ਹੋਇਆ ਅਤੇ ਹੱਥ ਨਾਲ ਸੈਨਤ ਕਰਕੇ ਕਿਹਾ ॥ ॥ ਹੇ ਇਸਰਾਈ-
ਲੀਓ ਅਤੇ ਪਰਮੇਸੁਰ ਦਾ ਭੌ ਕਰਨ ਵਾਲਿਓ ਸੁਣੋ ॥ ੧੭ ॥ ਇਸਰਾਈਲ ਦੀ ਇਸ ਕੋਮ
ਦੇ ਪਰਮੇਸੁਰ ਨੈ ਸਾਡੇ ਵਡਿਆਂ ਨੂੰ ਚੁਣਿਆ ਅਤੇ ਇਸ ਕੋਮ ਨੂੰ ਜਦ ਮਿਸਰ ਦੇਸ ਵਿੱ-
ਚ ਪਰਦੇਸੀ ਸੀ ਵਧਾਇਆ ਅਤੇ ਭੁਜਾ ਦੇ ਬਲ ਨਾਲ ਉਨਾਂ ਨੂੰ ਉਸ ਵਿੱਚੋਂ ਕੱਢ ਲਿਆ
ਦਾ ॥ ੧੮ ॥ ਅਤੇ ਚਾਹਲੀਆਂ ਕੁ ਵਰਿਹਾਂ ਤੀਕੁਰ ਉਜਾੜ ਵਿੱਚ ਉਨਾਂ ਦੀ ਝਾਲ ਝੱਲੀ
॥ ੧੯ ॥ ਅਰ ਕਨਾਨ ਦੇਸ ਵਿੱਚ ਸੱਤਾਂ ਕੋਮਾਂ ਦਾ ਨਾਸ ਕਰਕੇ ਉਨਾਂ ਦੇ ਦੇਸ ਨੂੰ ਕੋਈ ਸਾ-
ਢੇ ਚਾਰ ਸੌ ਕੁ ਵਰਿਹਾਂ ਤੀਕੁਰ ਉਨਾਂ ਦਾ ਵਿਰਸਾ ਕਰ ਦਿੱਤਾ ॥ ੨੦ ॥ ਅਤੇ ਉਹ ਦੇ ਮਗ-
ਰੋਂ ਉਸ ਨੈ ਸਮੂਏਲ ਪਿਕੰਬਰ ਤੀਕੁ ਉਨਾਂ ਨੂੰ ਹਾਕਮ ਦਿੱਤੇ ॥ ੨੧ ॥ ਓਸ ਥੋਂ ਪਿੱਛੇ ਉਨਾਂ ਨੈ
ਰਾਜਾ ਮੰਗਿਆ ਤਾਂ ਪਰਮੇਸੁਰ ਨੈ ਇੱਕ ਮਨੁੱਖ ਬਿਨਯਾਮੀਨ ਦੀ ਗੋਤ ਵਿੱਚੋਂ ਕੀਸ ਦੇ ਪੁਤ੍ਰ
ਸਾਉਲ ਨੂੰ ਚਾਹਲੀਆਂ ਵਰਿਹਾਂ ਤੀਕੁਰ ਉਨਾਂ ਨੂੰ ਦਿੱਤਾ ॥ ੨੨ ॥ ਫੇਰ ਉਹ ਨੂੰ ਹਟਾਕੇ ਦ ੦
ਊਦ ਨੂੰ ਖੜਾ ਕੀਤਾ ਜੋ ਉਨਾਂ ਦਾ ਪਾਤਸਾਹ ਹੋਵੇ ਜਿਹ ਦੇ ਹੱਕ ਵਿੱਚ ਉਹ ਨੈ ਸਾਖੀ ਦੇਕੇ ਅ ੦
ਖਿਆ ਭਈ ਮੈਂ ਜੱਸੀ ਦੇ ਪੁਤ੍ਰ ਦਾਊਦ ਨੂੰ ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ ੦
ਉਹੋ ਮੇਰੀ ਸਾਰੀ ਮਰਜੀ ਪੂਰੀ ਕਰੂ ॥ ੨੩ ॥ ਓਸੇ ਦੀ ਅੰਸ ਥੋਂ ਪਰਮੇਸੁਰ ਨੈ ਆਪਣੇ ਕਹ

Original work:
Language Department Punjab
Digitized by:
Panjab Digital Library

ਰਸੂਲ ਬਣਾਇਆ ਜਿਹੜਾ ਇਸਰਾਈਲ ਦੇ ਕੋਲ ਇੱਕ ਮੁਕਤਿਦਾਤਾ ਯਿਸੂ ਨੂੰ ਆਂਦਾ ॥੨੪॥ ਜਿਹ ਦੇ ਆਉਣ ਥੀਂ ਪਹਿਲਾਂ ਯੂਹੰਨਾ ਨੇ ਇਸਰਾਈਲ ਦੇ ਸਰਬੱਤ ਲੋਕਾਂ ਦੇ ਅੱਗੇ ਤੋਬਾ ਦੇ ਬਪਤਿਸਮਾ ਦੀ ਮਨਾਦੀ ਕੀਤੀ ॥੨੫॥ ਅਤੇ ਜਾਂ ਯੂਹੰਨਾ ਆਪਣਾ ਦੌੜ ਪੂਰਾ ਕਰਦਾ ਸੀ ਤਾਂ ਉਹ ਨੇ ਆਖਿਆ ਕਿ ਤੁਸੀਂ ਮੈਂ ਨੂੰ ਕੀ ਸਮਝਦੇ ਹੋ? ਮੈਂ ਉਹ ਨਹੀਂ ਹਾਂ ਪਰ ਵੇਖੋ ਮੇਰੇ ਪਿੱਛੇ ਇੱਕ ਆਉਂਦਾ ਹੈ ਜਿਹ ਦੇ ਪੈਰਾਂ ਦੀ ਜੁੱਤੀ ਮੈਂ ਖੋਲਣ ਦੇ ਜੋਗ ਨਹੀਂ ॥੨੬॥ ਹੇ ਭਾਈਓ ਇਬਰਾਹੀਮ ਦੀ ਅੰਸ ਦੇ ਪੁੱਤ੍ਰ ਅਤੇ ਤੁਹਾਡੇ ਵਿੱਚ ਜੇਹੜੇ ਪਰਮੇਸ਼ੁਰ ਦਾ ਭੌ ਕਰਦੇ ਹੋ ਸਾਡੇ ਕੋਲ ਇਸ ਮੁਕਤਿ ਦਾ ਬਚਨ ਭੇਜਿਆ ਹੋਇਆ ਹੈ ॥੨੭॥ ਕਿਉਂ ਜੋ ਯਰੂਸ਼ਲੀਮ ਦੇ ਰਹਿਣਵਾਲਿਆਂ ਅਤੇ ਉਨ੍ਹਾਂ ਦੇ ਸਰਦਾਰਾਂ ਨੇ ਉਹ ਨੂੰ ਅਤੇ ਪਿਰਕੰਬਰਾਂ ਦੇ ਬਚਨਾਂ ਨੂੰ ਜੋ ਹਰ ਸਬਤ ਦੇ ਦਿਨ ਪੜ੍ਹੇ ਜਾਂਦੇ ਹਨ ਨਾ ਜਾਣ ਕੇ ਉਹ ਨੂੰ ਦੰਡ ਦੇ ਜੋਗ ਠਹਰਾਉਣ ਨਾਲ ਉਨ੍ਹਾਂ ਨੂੰ ਪੂਰਾ ਕੀਤਾ ॥੨੮॥ ਅਰ ਭਾਵੇਂ ਉਨ੍ਹਾਂ ਨੇ ਉਹ ਦੇ ਵਿੱਚ ਕਤਲ ਦੇ ਲਾਇਕ ਕੋਈ ਦੋਸ ਨਹੀਂ ਵੇਖਿਆ ਤਾਂ ਭੀ ਪਿਲਾਤੁਸ ਦੇ ਅੱਗੇ ਅਰਜ ਕੀਤੀ ਜੋ ਉਹ ਜਾਨੋਂ ਮਾਰਿਆ ਜਾਵੇ ॥੨੯॥ ਅਤੇ ਜਾਂ ਸਭ ਕੁਛ ਜੋ ਉਹ ਦੇ ਹੱਕ ਵਿੱਚ ਲਿਖਿਆ ਹੋਇਆ ਸੀ ਪੂਰਾ ਕਰ ਚੁੱਕੇ ਤਾਂ ਉਹ ਨੂੰ ਸਲੀਬ ਉੱਤੋਂ ਲਾਹ ਕੇ ਕਬਰ ਵਿੱਚ ਰੱਖਿਆ ॥੩੦॥ ਪਰੰਤੁ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ॥ ੩੧॥ ਅਤੇ ਉਹ ਬਹੁਤ ਦਿਨਾਂ ਤੀਕੁ ਉਨ੍ਹਾਂ ਲੋਕਾਂ ਨੂੰ ਵਿਖਾਈ ਦਿੰਦਾ ਰਿਹਾ ਜੇਹੜੇ ਗਲੀਲ ਥੀਂ ਯਰੂਸ਼ਲੀਮ ਨੂੰ ਉਹ ਦੇ ਨਾਲ ਆਏ ਸਨ ਅਤੇ ਹੁਣ ਲੋਕਾਂ ਦੇ ਅੱਗੇ ਉਹ ਦੇ ਉੱਤੇ ਸਾਖੀ

Original with:
Language Department Punjab
Digitized by:
Panjab Digital Library

ਦੇਣਵਾਲੇ ਹਨ।।੩੨।। ਅਰ ਅਸੀਂ ਤੁਹਾ ਨੂੰ ਉਸ ਬਚਨ ਦਾ ਮੰਗਲ ਸਮਾਚਾਰ ਸੁਣਾਉਂਦੇ
ਹਾਂ ਜਿਹੜਾ ਸਾਡੇ ਵਡਿਆਂ ਨਾਲ ਕੀਤਾ ਗਿਆ ਸੀ।। ੩੩।। ਭਈ ਪਰਮੇਸ਼ੁਰ ਨੈ ਜਿਸ ਨੂੰ
ਉਠਾਲ ਕੇ ਸਾਡੀ ਉਲਾਦ ਦੇ ਲਈ ਉੱਸੇ ਬਚਨ ਨੂੰ ਪੂਰਾ ਕੀਤਾ ਹੈ ਜਿਹਾ ਕੁ ਦੂਜੇ ਜਬੂਰ
ਵਿੱਚ ਬੀ ਲਿਖਿਆ ਹੋਇਆ ਹੈ ਕਿ ਤੂੰ ਮੇਰਾ ਪੁਤ੍ਰ ਹੈਂ ਅੱਜ ਤੂੰ ਮੈ ਥੋਂ ਜੰਮਿਆ।। ੩੪।। ਅ
ਰ ਇਹ ਦੀ ਬਾਬਤ ਜੋ ਉਸ ਨੈ ਉਹ ਨੂੰ ਮੁਰਦਿਆਂ ਵਿੱਚੋਂ ਉਠਾਲਿਆ ਭਈ ਉਹ ਫੇਰ ਸੜਨ
ਦੀ ਵਲ ਕਦੇ ਨਾ ਮੁੜੇ ਉਹ ਨੈ ਐਉਂ ਆਖਿਆ ਹੈ ਜੋ ਮੈਂ ਦਾਊਦ ਦੇ ਪਵਿਤ੍ਰ ਅਤੇ ਅਟੱਲ
ਪਦਾਰਥ ਤੁਹਾ ਨੂੰ ਦਿਆਂਗਾ।। ੩੫।। ਕਿਉਂਕਿ ਉਹ ਕਿਸੇ ਹੋਰ ਜਬੂਰ ਵਿੱਚ ਬੀ ਆਖਦਾ
ਹੈ ਭਈ ਤੂੰ ਆਪਣੇ ਪਵਿਤ੍ਰ ਜਣੇ ਨੂੰ ਸੜਨ ਨਾ ਦੇਵੇਂਗਾ।। ੩੬।। ਕਿਉਂ ਜੋ ਦਾਊਦ ਤਾਂ ਆਪ
ਣੇ ਸਮੇ ਵਿੱਚ ਪਰਮੇਸ਼ੁਰ ਦੀ ਮਰਜੀ ਪੂਰੀ ਕਰ ਕੇ ਸੋਂ ਗਿਆ ਅਤੇ ਆਪਣੇ ਪਿਉ ਦਾ ਦਿਆ
ਵਿੱਚ ਜਾ ਮਿਲਿਆ ਅਤੇ ਸੜ ਗਿਆ।। ੩੭।। ਪਰ ਇਹ ਜਿਹ ਨੂੰ ਪਰਮੇਸ਼ੁਰ ਨੈ ਜਿਵਾਲਿ-
ਆ ਨਾ ਸੜਿਆ।। ੩੮।। ਸੋ ਹੇ ਭਾਈਓ ਇਹ ਜਾਣੋ ਕਿ ਉੱਸੇ ਦੇ ਵਸੀਲੇ ਨਾਲ ਤੁਹਾ ਨੂੰ ਪਾਪ
ਦੀ ਮਾਫੀ ਦੀ ਖਬਰ ਦਿੱਤੀ ਜਾਂਦੀ ਹੈ।। ੩੯।। ਅਤੇ ਉਸੇ ਦੀ ਰਾਹੀਂ ਹਰੇਕ ਜਿਹੜਾ ਨਿਹਚ
ਕਰਦਾ ਹੈ ਉਨਾਂ ਸਭਨਾਂ ਗੱਲਾਂ ਥੋਂ ਬੇਗੁਨਾਹ ਠਹਰਾਇਆ ਜਾਂਦਾ ਹੈ ਜਿਨਾਂ ਥੋਂ ਤੁਸੀਂ ਮੂਸਾ ਦੀ
ਸਰਾ ਨਾਲ ਬੇਗੁਨਾਹ ਨਾ ਠਹਿਰ ਸੱਕੇ।। ੪੦।। ਸੋ ਤੁਸੀਂ ਚੌਕਸ ਰਹੋ ਕਿਤੇ ਐਉਂ ਨਾ ਹੋਵੇ ਕਿ
ਉਹ ਜੋ ਪਿਕੰਬਰਾਂ ਦੇ ਗ੍ਰੰਥਾਂ ਵਿੱਚ ਕਿਹਾ ਗਿਆ ਹੈ ਸੋ ਤੁਹਾਡੇ ਉੱਤੇ ਆ ਪਵੇ।। ੪੧।। ਕਿ ਹੇ

Original with:
Language Department Punjab
Digitized by:
Panjab Digital Library

ਤੁੱਛ ਜਾਣਨਵਾਲਿਓ ਵੇਖੋ ਅਤੇ ਅਚੰਭਾ ਕਰੋ ਅਤੇ ਨਸ ਟ ਹੋ ਜਾਓ ਕਿਉਂ ਜੋ ਮੈਂ ਤੁਹਾਡੇ ਦਿ-
ਨਾਂ ਵਿੱਚ ਇੱਕ ਕਾਰਜ ਕਰਦਾ ਹਾਂ ਅਜਿਹਾ ਕਾਰਜ ਕਿ ਭਾਵੇਂ ਕੋਈ ਤੁਹਾ ਨੂੰ ਦੱਸੇ ਪਰ ਤੁਸੀਂ
ਕਦੇ ਉਹ ਨੂੰ ਸੱਚ ਨਾ ਮੰਨੋਗੇ॥ ॥੪੨॥ ਜਾਂ ਓਹ ਬਾਹਰ ਨਿੱਕਲਦੇ ਸਨ ਤਾਂ ਓ-
ਹ ਬੇਨਤੀ ਕਰਨ ਲੱਗੇ ਭਈ ਅਗਲੇ ਸਬਤ ਦੇ ਦਿਨ ਏਹੋ ਗੱਲਾਂ ਸਾ ਨੂੰ ਸੁਣਾਈਆਂ
ਜਾਣ ॥੪੩॥ ਜਾਂ ਸਭਾ ਉੱਠ ਗਈ ਤਾਂ ਬਹੁਤ ਸਾਰੇ ਯਹੂਦੀਆਂ ਅਤੇ ਭਗਤ ਯਹੂਦੀਮੁ-
ਰੀਦਾਂ ਵਿੱਚੋਂ ਪੌਲੁਸ ਅਤੇ ਬਰਨਬਾਸ ਦੇ ਮਗਰ ਲੱਗ ਤੁਰੇ। ਉਨਾਂ ਨੇ ਤਿਨਾਂ ਨਾਲ ਗੱ-
ਲਾਂ ਕਰਕੇ ਉਨਾਂ ਨੂੰ ਸਮਝਾ ਦਿੱਤਾ ਭਈ ਪਰਮੇਸੁਰ ਦੀ ਕਿਰਪਾ ਵਿੱਚ ਬਣੇ ਰਹੋ॥
॥੪੪॥ ਅਗਲੇ ਸਬਤ ਦੇ ਦਿਨ ਸਾਰੇ ਕੁ ਨਗਰ ਦੇ ਲੋਕ ਪਰਮੇਸੁਰ ਦਾ ਬਚਨ
ਸੁਣਨ ਨੂੰ ਕੱਠੇ ਹੋਏ॥੪੫॥ ਪਰ ਯਹੂਦੀ ਐਡੀ ਭੀੜ ਵੇਖਕੇ ਖਾਰ ਨਾਲ ਭਰ ਗਏ ਅ-
ਤੇ ਪੌਲੁਸ ਦੀਆਂ ਗੱਲਾਂ ਦੇ ਵਿਰੁੱਧ ਬੋਲਣ ਅਰ ਕੁਫਰ ਬਕਣ ਲੈਹ ਪਏ॥੪੬॥ ਤਦ
ਪੌਲੁਸ ਅਤੇ ਬਰਨਬਾਸ ਬੇਧੜਕ ਹੋਕੇ ਬੋਲੇ ਅਤੇ ਕਿਹਾ ਕਿ ਜਰੂਰ ਸੀ ਜੋ ਪਰਮੇਸੁ-
ਰ ਦਾ ਬਚਨ ਪਹਿਲਾਂ ਤੁਹਾ ਨੂੰ ਸੁਣਾਇਆ ਜਾਂਦਾ ਪਰ ਜਿਸ ਕਰਕੇ ਤੁਸੀਂ ਉਹ ਨੂੰ ਅ
ਪਣੇ ਕੋਲੋਂ ਰੱਦ ਕਰਦੇ ਅਤੇ ਆਪ ਨੂੰ ਸਦੀਪਕ ਜੀਉਣ ਦੇ ਜੋਗ ਨਹੀਂ ਸਮਝਦੇ ਹੋਂ ਤਾਂ
ਵੇਖੋ ਅਸੀਂ ਪਰਾਈਆਂ ਕੋਮਾਂ ਵੱਲ ਮੁੜਦੇ ਹਾਂ॥੪੭॥ ਕਿਉਂ ਜੋ ਪ੍ਰਭੁ ਨੇ ਸਾ ਨੂੰ ਐਉਂ ਹੁਕ-
ਮ ਦਿੱਤਾ ਹੈ ਕਿ ਮੈਂ ਤੈ ਨੂੰ ਪਰਾਈਆਂ ਕੋਮਾਂ ਦੇ ਲਈ ਜੋਤ ਠਹਰਾਇਆ ਹੈ ਜੋ ਤੂੰ ਧਰਤੀ ਦੇ

Original wit
Language Department Punjab
Digitized by:
Panjab Digital Library

ਬੀਨੇ ਤੀਕੁਰ ਮੁਕਤਿ ਦਾ ਕਾਰਨ ਹੋਵੇਂ ॥੪੮॥ ਅਤੇ ਪਰਾਈਆਂ ਕੌਮਾਂ ਦੇ ਲੋਕ ਏਹ ਗੱਲ ੭
ਸੁਣਕੇ ਅਨੰਦ ਹੋਏ ਅਤੇ ਪਰਮੇਸ਼ੁਰ ਦੇ ਬਚਨ ਦੀ ਵਡਿਆਈ ਕਰਨ ਲੱਗੇ। ਅਤੇ ਜਿੰਨੇ
ਸਦੀਪਕ ਜੀਉਣ ਲਈ ਠਰਾਏ ਗਏ ਸਨ ਉਨਾਂ ਨਿਹਚਾ ਕੀਤੀ ॥੪੯॥ ਅਰ ਉਸ ਸਾ-
ਰੇ ਦੇਸ ਵਿੱਚ ਪ੍ਰਭੁ ਦਾ ਬਚਨ ਖਿੰਡਦਾ ਗਿਆ ॥੫੦॥ ਪਰ ਯਹੂਦੀਆਂ ਨੇ ਭਗਤਣਾਂ
ਪਤਵੰਤੀਆਂ ਤੀਮੀਆਂ ਅਤੇ ਨਗਰ ਦੇ ਵੱਡੇ ਆਦਮੀਆਂ ਨੂੰ ਉਕਸਾਇਆ ਅਰ ਪੌਲੁ-
ਸ ਅਤੇ ਬਰਨਬਾਸ ਉੱਤੇ ਦੰਗਾ ਮਚਾਇਆ ਅਤੇ ਉਨਾਂ ਨੂੰ ਆਪਣੀ ਹੱਦੋਂ ਬਾਹਰ ਕੱ-
ਢ ਦਿੱਤਾ ॥੫੧॥ ਪਰੰਤੂ ਓਹ ਉਨਾਂ ਉੱਤੇ ਆਪਣਿਆਂ ਪੈਰਾਂ ਦੀ ਧੂੜ ਝਾੜਕੇ ਇਕੁਨਿਯੁ-
ਨ ਵਿੱਚ ਆਏ ॥੫੨॥ ਅਤੇ ਸਿੱਖ ਅਨੰਦ ਅਰ ਪਵਿਤ੍ਰ ਆਤਮਾ ਨਾਲ ਭਰ ਗਏ ॥

੧੪ ਕਾਂਡ ॥ ਅਤੇ ਇਕੁਨਿਯੁਨ ਵਿੱਚ ਐਉਂ ਹੋਇਆ ਕਿ ਓਹ ਇਕੱਠੇ ਯਹੂਦੀਆਂ ਦੇ ਸ-
ਮਾਜ ਵਿੱਚ ਗਏ ਅਰ ਅਜਿਹਾ ਬਚਨ ਕੀਤਾ ਜੋ ਯਹੂਦੀਆਂ ਅਤੇ ਯੂਨਾ-
ਨੀਆ ਵਿੱਚੋਂ ਬਾਹਲੇ ਲੋਕਾਂ ਨੇ ਨਿਹਚਾ ਕੀਤੀ ॥੨॥ ਪਰ ਉਨਾਂ ਯਹੂਦੀਆਂ ਨੇ ਜਿੰਨਾਂ ਨਾਂ
ਮੰਨਿਆ ਪਰਾਈਆਂ ਕੌਮਾਂ ਦਿਆਂ ਲੋਕਾਂ ਦੇ ਮਨਾਂ ਨੂੰ ਉਭਾਰਕੇ ਭਾਈਆਂ ਦੀ ਵਲੋਂ ਬੁਰ ੯
ਕਰ ਦਿੱਤਾ ॥੩॥ ਸੋ ਓਹ ਬਹੁਤ ਦਿਨ ਓੱਥੇ ਠਹਿਰੇ ਅਤੇ ਪ੍ਰਭੁ ਦੇ ਆਸਰੇ ਬੇਧੜਕ ਉਪਦੇ-
ਸ਼ ਕਰਦੇ ਰਹੇ ਅਰ ਉਹ ਉਨਾਂ ਦੇ ਹੱਥੀਂ ਨਿਸ਼ਾਨੀਆਂ ਅਤੇ ਕਰਾਮਾਤਾਂ ਵਿਖਾਲਕੇ ਆਪਣੀ
ਕਿਰਪਾ ਦੇ ਬਚਨ ਉੱਤੇ ਸਾਖੀ ਦਿੰਦਾ ਰਿਹਾ ॥੪॥ ਪਰ ਨਗਰ ਦੇ ਲੋਕਾਂ ਵਿੱਚ ਫੁੱਟ ਪੈ ਗਈ

Original wit
Language Department Punjab
Digitized by:
Panjab Digital Library

ਅਤੇ ਕਈ ਯਹੂਦੀਆਂ ਦੀ ਵਲ ਅਤੇ ਕਈ ਰਸੂਲਾਂ ਦੀ ਵਲ ਹੋਏ ॥੫॥ ਅਰ ਜਾਂ ਪਰਾਈ-
ਆਂ ਕੌਮਾਂ ਦਿਆਂ ਲੋਕਾਂ ਅਤੇ ਯਹੂਦੀਆਂ ਨੈ ਆਪਣੇ ਸਰਦਾਰਾਂ ਸਣੇ ਉਨਾਂ ਦੀ ਪਤ ਲਾਹੁ-
ਣ ਅਤੇ ਪਥਰਾਉ ਕਰਨ ਨੂੰ ਹੱਲਾ ਕੀਤਾ ॥੬॥ ਤਾਂ ਓਹ ਇਹ ਮਲੂਮ ਕਰਕੇ ਲੁਕਾਉਨਿਯ ੦
ਦੇ ਨਗਰ ਲੁਸਤ੍ਰਾ ਅਰ ਦਰਬੇ ਅਤੇ ਉਨਾਂ ਦੇ ਲਾਂਭ ਛਾਂਭ ਦੇ ਦੇਸ ਵਿੱਚ ਭੱਜ ਗਏ ॥੭॥ ਅ-
ਰ ਓਥੇ ਮੰਗਲ ਸਮਾਚਾਰ ਸੁਣਾਉਂਦੇ ਰਹੇ ॥ ॥੮॥ ਅਤੇ ਲੁਸਤ੍ਰਾ ਵਿੱਚ ਇੱਕ
ਮਨੁੱਖ ਪੈਰਾਂ ਥੋਂ ਨਿਰਬਲ ਬੈਠਾ ਸੀ ਜਿਹੜਾ ਜਮਾਂਦਰੂ ਲੰਙਾ ਸੀ ਅਰ ਕਦੇ ਨਹੀਂ ਸੀ ਤੁਰਿ-
ਆ ॥੯॥ ਉਸ ਨੈ ਪੌਲੁਸ ਨੂੰ ਗੱਲਾਂ ਕਰਦਾ ਸੁਣਿਆ ਅਤੇ ਇਸ ਨੈ ਉਹ ਦੀ ਵਲ ਧਿਆ ੦
ਨ ਕਰਕੇ ਜਾਂ ਵੇਖਿਆ ਭਈ ਇਹ ਦੇ ਵਿੱਚ ਚੰਗਾ ਹੋਣ ਦੀ ਨਿਹਚਾ ਹੈ ॥੧੦॥ ਤਾਂ ਉੱਚੀ ਦੇ ਕੇ
ਬੋਲਿਆ ਕਿ ਆਪਣੇ ਪੈਰਾਂ ਉੱਤੇ ਸਿੱਧਾ ਖੜਾ ਹੋ। ਅਤੇ ਉਹ ਉੱਛਲ ਕੇ ਤੁਰਨ ਲੱਗ ਪਿ-
ਆ ॥੧੧॥ ਅਰ ਜਦ ਲੋਕਾਂ ਨੈ ਜੋ ਕੁਛ ਪੌਲੁਸ ਨੈ ਕੀਤਾ ਸੀ ਵੇਖਿਆ ਤਦ ਓਹ ਲੁਕਾਉਨਿ-
ਯਾ ਦੀ ਬੋਲੀ ਵਿੱਚ ਉੱਚੀ ਅਵਾਜ ਨਾਲ ਆਖਣ ਲੱਗੇ ਭਈ ਦੇਉਤੇ ਮਾਣਸ ਰੂਪ ਧਾਰ-
ਕੇ ਸਾਡੇ ਕੋਲ ਉੱਤਰੇ ਹਨ ॥੧੨॥ ਅਤੇ ਉਨਾਂ ਨੈ ਬਰਨਬਾਸ ਦਾ ਨਾਉਂ ਦਿਓਸ ਅਤੇ ਪੌਲੁਸ
ਦਾ ਨਾਉਂ ਹਰਮੇਸ ਰੱਖਿਆ ਇਸ ਲਈ ਜੋ ਇਹ ਬਚਨ ਕਰਨ ਵਿੱਚ ਪਰਧਾਨ ਹੈਸੀ ॥੧੩
॥ ਅਤੇ ਦਿਓਸ ਜਿਹ ਦਾ ਮੰਦਰ ਨਗਰ ਦੇ ਸਾਹਮਣੇ ਸੀ ਉਹ ਦਾ ਪੁਜਾਰੀ ਬਲਦ ਅਤੇ ਫੁੱ-
ਲਾਂ ਦੇ ਹਾਰ ਦਰਵੱਜਿਆਂ ਉੱਤੇ ਲਿਆਕੇ ਚਾਹੁੰਦਾ ਸੀ ਜੋ ਲੋਕਾਂ ਦੇ ਨਾਲ ਮਿਲਕੇ ਬਲਿਦ ੭

Original with:
Language Department Punjab
Digitized by:
Panjab Digital Library

ਨ ਕਰੋ ॥੧੪॥ ਪਰ ਜਾਂ ਬਰਨਬਾਸ ਅਰ ਪੌਲੁਸ ਰਸੂਲਾਂ ਨੇ ਇਹ ਸੁਣਿਆ ਤਾਂ ਆਪਣੇ
ਲੀੜੇ ਪਾੜੇ ਅਤੇ ਲੋਕਾਂ ਦੇ ਵਿੱਚ ਬਾਹਰ ਨੂੰ ਦੌੜੇ ॥੧੫॥ ਅਤੇ ਇਹ ਪੁਕਾਰ ਕੇ ਕਹਿਣ ਲੱਗੇ
ਕਿ ਹੇ ਪੁਰਖੋ ਤੁਸੀਂ ਇਹ ਕਾਹ ਨੂੰ ਕਰਦੇ ਹੋ ਅਸੀਂ ਬੀ ਤੁਹਾਡੇ ਵਾਂਙੂ ਦੁਖ ਸੁਖ ਭੋਗਣਵਾਲੇ
ਮਨੁੱਖ ਹਾਂ ਰੇ ਅਤੇ ਤੁਹਾ ਨੂੰ ਇਹ ਮੰਗਲਸਮਾਚਾਰ ਦਾ ਉਪਦੇਸ ਦਿੰਦੇ ਹਾਂ ਭਈ ਇਨਾਂ ਵਿ-
ਰਥੀਆਂ ਗੱਲਾਂ ਥੋਂ ਲਾਂਭੇ ਹੋਕੇ ਜੀਉਂਦੇ ਪਰਮੇਸੁਰ ਦੀ ਵਲ ਮੁੜੋ ਜਿਹ ਨੇ ਅਕਾਸ ਅਤੇ ਧ-
ਰਤੀ ਅਤੇ ਸਮੁੰਦਰ ਅਤੇ ਸਭੋ ਕੁਛ ਜੋ ਉਨਾਂ ਦੇ ਵਿੱਚ ਹੈ ਉਤਪੱਤ ਕੀਤਾ ॥੧੬॥ ਉਸ ਨੇ
ਅਗਲਿਆਂ ਸਮਿਆਂ ਵਿੱਚ ਸਾਰੀਆਂ ਕੌਮਾਂ ਨੂੰ ਆਪੋ ਆਪਣੇ ਰਾਹ ਉੱਤੇ ਚੱਲਣ ਦਿੱਤਾ
॥੧੭॥ ਤਾਂ ਭੀ ਉਹ ਨੇ ਆਪ ਨੂੰ ਬਿਨਾ ਸਾਖੀ ਨਾ ਰੱਖਿਆ ਇਸ ਲਈ ਜੋ ਉਹ ਨੇ ਭਲਾ ਕੀ-
ਤਾ ਅਰ ਅਕਾਸ ਥੋਂ ਬਰਖਾ ਅਤੇ ਫਲ ਦੇਣਵਾਲੀਆਂ ਰੁੱਤਾਂ ਤੁਹਾ ਨੂੰ ਦੇ ਕੇ ਤੁਹਾਡਿਆਂ ਮ-
ਨਾਂ ਨੂੰ ਅਹਾਰ ਅਤੇ ਅਨੰਦ ਨਾਲ ਭਰਪੂਰ ਕੀਤਾ ॥੧੮॥ ਅਰ ਏਹ ਗੱਲਾਂ ਕਹਿ ਕੇ ਉਨਾਂ
ਨੇ ਮਸਾਂ ਮਸਾਂ ਲੋਕਾਂ ਨੂੰ ਹਟਾਇਆ ਜੋ ਉਨਾਂ ਦੇ ਲਈ ਬਲਿਦਾਨ ਨਾ ਕਰਨ ॥
॥੧੯॥ ਪਰੰਤੁ ਕਈ ਯਹੂਦੀ ਅੰਤਾਕੀਆ ਅਰ ਇਕੁਨਿਯੁਨ ਥੋਂ ਓੱਥੇ ਆਏ ਅਤੇ ਲੋਕਾਂ ਨੂੰ
ਉਭਾਰ ਕੇ ਪੌਲੁਸ ਨੂੰ ਪਥਰਾਉ ਕੀਤਾ ਅਤੇ ਇਹ ਸਮਝ ਕੇ ਭਈ ਉਹ ਮਰਿਆ ਹੈ ਉਹ ਨੂੰ ਘ-
ਸੀਟ ਕੇ ਨਗਰੋਂ ਬਾਹਰ ਲੈ ਗਏ ॥੨੦॥ ਪਰ ਜਾਂ ਸਿੱਖ ਉਹ ਦੇ ਚੁਫੇਰੇ ਕੱਠੇ ਹੋਏ ਤਾਂ ਉਹ ਉੱਠ ਕੇ
ਨਗਰ ਵਿੱਚ ਆਇਆ ਅਤੇ ਅਗਲੇ ਭਲਕ ਬਰਨਬਾਸ ਦੇ ਨਾਲ ਦਰਬੇ ਨੂੰ ਚੱਲਿਆ

Original with:
Language Department Punjab
Digitized by:
Panjab Digital Library

ਗਿਆ ॥ ੨੧ ॥ ਅਰ ਜਾਂ ਉਸ ਨਗਰ ਵਿੱਚ ਮੰਗਲ ਸਮਾਚਾਰ ਸੁਣਾ ਚੁੱਕੇ ਅਤੇ ਬਹੁਤ ਸਾਰਿ-
ਆਂ ਨੂੰ ਸਿੱਖ ਕਰ ਚੁੱਕੇ ਤਾਂ ਲੁਸਤ੍ਰਾ ਅਤੇ ਇਕੁਨਿਯੁਨ ਅਤੇ ਅੰਤਾਕੀਆ ਨੂੰ ਮੁੜੇ ॥ ੨੨ ॥ ਅਰ
ਸਿੱਖਾਂ ਦੇ ਮਨਾਂ ਨੂੰ ਤਗੜੇ ਕਰਦੇ ਇਹ ਉਪਦੇਸ ਦਿੰਦੇ ਸਨ ਕਿ ਨਿਹਚਾ ਵਿੱਚ ਬਣੇ ਰਹੋ ਅਤੇ ਕਿ-
ਹਾ ਭਈ ਅਸਾਂ ਬਹੁਤ ਬਿਪਤਾ ਸਹਿਕੇ ਪਰਮੇਸੁਰ ਦੇ ਰਾਜ ਵਿੱਚ ਵੜਨਾ ਹੈ ॥ ੨੩ ॥ ਅਤੇ ਜ
ਉਨਾਂ ਨੈ ਹਰੇਕ ਕਲੀਸਿਯਾ ਵਿੱਚ ਉਨਾਂ ਦੇ ਲਈ ਬੁਜ਼ੁਰਗ ਠਰਾਏ ਅਤੇ ਵਰਤ ਨਾਲ ਪ੍ਰਾ-
ਰਥਨਾ ਕੀਤੀ ਤਾਂ ਉਨਾਂ ਨੂੰ ਪ੍ਰਭੁ ਦੇ ਹੱਥ ਸੌਂਪ ਦਿੱਤਾ ਜਿਹ ਦੇ ਉੱਤੇ ਉਨਾਂ ਨਿਹਚਾ ਕੀਤੀ ਸੀ ॥
੨੪ ॥ ਅਤੇ ਓਹ ਪਿਸਿਦਿਯਾ ਵਿੱਚੋਂ ਦੀ ਲੰਘਕੇ ਪੰਫੂਲਿਯਾ ਵਿੱਚ ਆਏ ॥ ੨੫ ॥ ਅਤੇ ਪਰ-
ਗਾ ਵਿੱਚ ਬਚਨ ਸੁਣਾਕੇ ਅੱਤਲਾਯਾ ਨੂੰ ਜਾ ਉੱਤਰੇ ॥ ੨੬ ॥ ਅਰ ਉੱਥੋਂ ਜਹਾਜ਼ ਪੁਰ ਚੜ੍ਹਕੇ
ਅੰਤਾਕੀਆ ਨੂੰ ਚੱਲੇ ਜਿੱਥੋਂ ਓਹ ਉਸ ਕੰਮ ਦੇ ਲਈ ਜੋ ਉਨਾਂ ਨੈ ਹੁਣ ਪੂਰਾ ਕੀਤਾ ਪਰਮੇਸੁਰ
ਦੀ ਕਿਰਪਾ ਉੱਤੇ ਸੌਂਪੇ ਗਏ ਸਨ ॥ ੨੭ ॥ ਅਰ ਜਾਂ ਪਹੁੰਚੇ ਤਾਂ ਕਲੀਸਿਯਾ ਨੂੰ ਕੱਠੀ ਕਰਕੇ
ਖਬਰ ਦਿੱਤੀ ਜੋ ਪਰਮੇਸੁਰ ਨੈ ਸਾਡੇ ਨਾਲ ਕੀ ਕੀਤਾ ਅਤੇ ਇਹ ਕਿ ਉਸ ਨੈ ਪਰਾਈਆਂ ਕੌ-
ਮਾਂ ਦੇ ਲਈ ਨਿਹਚੇ ਦਾ ਦਰਵੱਜਾ ਖੋਲ੍ਹਿਆ ॥ ੨੮ ॥ ਅਤੇ ਓਹ ਸਿੱਖਾਂ ਦੇ ਨਾਲ ਬਹੁਤ ਚਿ-
ਰ ਠਹਿਰੇ ॥

੧੫ ਕਾਂਡ ॥ ਅਰ ਕਈ ਆਦਮੀ ਯਹੂਦਿਯਾ ਥੋਂ ਆਣਕੇ ਭਾਈਆਂ ਨੂੰ ਸਿਖਾਲਣ ਲੱਗੇ
ਕਿ ਜੇ ਮੂਸਾ ਦੀ ਰੀਤ ਦੇ ਅਨੁਸਾਰ ਤੁਸੀਂ ਸੁੰਨਤ ਨਾ ਕਰਾਓ ਤਾਂ ਤੁਹਾਡੀ ਮੁਕ-

Original with:
Language Department Punjab
Digitized by:
Panjab Digital Library

ਤਿਨ ਹੀਂ ਹੋ ਸੰਕਦੀ ॥੨॥ ਸੋ ਜਾਂ ਪੌਲੁਸ ਅਤੇ ਬਰਨਬਾਸ ਦਾ ਉਨਾਂ ਨਾਲ ਝਗੜਾ ਅਤੇ ਬਾਦ
ਬਹੁਤ ਹੋਇਆ ਤਾਂ ਇਹ ਗੱਲ ਠਹਿਰੀ ਜੋ ਪੌਲੁਸ ਅਤੇ ਬਰਨਬਾਸ ਅਤੇ ਕਈ ਹੋਰ ਮਨੁ-
ਖ ਉਨਾਂ ਵਿੱਚੋਂ ਇਸ ਗੱਲ ਦੇ ਸਹੀ ਕਰਨ ਨੂੰ ਰਸੂਲਾਂ ਅਤੇ ਬੁਜ਼ੁਰਗਾਂ ਦੇ ਕੋਲ ਯਰੂਸਲੀ-
ਮ ਨੂੰ ਜਾਣ ॥੩॥ ਉਪਰੰਦ ਜਾਂ ਓਹ ਕਲੀਸਿਯਾ ਵਲੋਂ ਕੁਛ ਦੂਰ ਪੁਚਾਏ ਗਏ ਤਾਂ ਫੈਨੀਕੇ
ਅਤੇ ਸਾਮਰਿਯਾ ਦੇ ਵਿੱਚੋਂ ਦੀ ਲੰਘਦੇ ਹੋਏ ਪਰਾਈਆਂ ਕੌਮਾਂ ਦਿਆਂ ਲੋਕਾਂ ਦੇ ਮਨ ਫਿ-
ਰਨ ਦੀ ਖਬਰ ਦਿੰਦੇ ਗਏ ਅਤੇ ਸਭਨਾਂ ਭਾਈਆਂ ਨੂੰ ਬਹੁਤ ਅਨੰਦ ਕੀਤਾ ॥੪॥ ਅਰ
ਜਾਂ ਯਰੂਸਲੀਮ ਵਿੱਚ ਪਹੁੰਚੇ ਤਾਂ ਕਲੀਸਿਯਾ ਅਤੇ ਰਸੂਲਾਂ ਅਤੇ ਬੁਜ਼ੁਰਗਾਂ ਨੇ ਉਨਾਂ ਦਾ
ਆਦਰ ਭਾਉ ਕੀਤਾ ਅਤੇ ਉਨਾਂ ਨੇ ਜੋ ਕੁਝ ਪਰਮੇਸ਼ੁਰ ਨੇ ਤਿਨਾਂ ਦੇ ਨਾਲ ਕੀਤਾ ਸੀ ਸੋ ਸੁ-
ਨਾ ਦਿੱਤਾ ॥੫॥ ਤਦ ਕਈਆਂ ਨੇ ਫਰੀਸੀਆਂ ਦੇ ਪੰਥ ਵਿੱਚੋਂ ਜਿਨਾਂ ਨਿਹਚਾ ਕੀਤੀ ਉੱਠ-
ਕੇ ਕਿਹਾ ਭਈ ਉਨਾਂ ਦੀ ਸੁੰਨਤ ਕਰਨੀ ਅਤੇ ਮੂਸਾ ਦੀ ਸ਼ਰਾ ਨੂੰ ਮੰਨਣ ਦਾ ਹੁਕਮ ਦੇਣਾ
ਚਾਹੀਦਾ ਹੈ ॥ ॥੬॥ ਤਾਂ ਰਸੂਲ ਅਤੇ ਬੁਜ਼ੁਰਗ ਕੱਠੇ ਹੋਏ ਭਈ ਐਸ ਗੱਲ
ਨੂੰ ਸੋਚਣ ॥੭॥ ਅਰ ਜਾਂ ਬਹੁਤ ਬਾਦ ਹੋਇਆ ਤਾਂ ਪਤਰਸ ਨੇ ਉੱਠ ਕੇ ਉਨਾਂ ਨੂੰ ਆਖਿਆ
॥ ॥ ਹੇ ਭਾਈਓ ਤੁਸੀਂ ਜਾਣਦੇ ਹੋ ਜੋ ਬਹੁਤ ਚਿਰ ਹੋਇਆ ਪਰਮੇਸ਼ੁਰ ਨੇ ਤੁ-
ਹਾਡੇ ਵਿੱਚੋਂ ਮੈਨੂੰ ਚੁਣਿਆ ਜੋ ਪਰਾਈਆਂ ਕੌਮਾਂ ਦੇ ਲੋਕ ਮੇਰੀ ਜ਼ਬਾਨੀ ਮੰਗਲ ਸਮਾਚਾ-
ਰ ਦਾ ਬਚਨ ਸੁਣਨ ਅਤੇ ਨਿਹਚਾ ਕਰਨ ॥੮॥ ਅਤੇ ਪਰਮੇਸ਼ੁਰ ਨੇ ਜੋ ਅੰਤਰਜਾਮੀ ਹੈ

Original with:
Language Department Punjab
Digitized by:
Panjab Digital Library

ਜਿਹਾਕੁ ਸਾਨੂੰ ਤਿਹਾ ਹੀਉਨਾਂ ਨੂੰ ਬੀ ਪਵਿਤ੍ਰ ਆਤਮਾ ਦੇਕੇ ਉਨਾਂ ਉੱਤੇ ਸਾਖੀ ਦਿੱਤੀ ॥੮॥
ਅਤੇ ਨਿਹਚੇ ਨਾਲ ਉਨਾਂ ਦੇ ਮਨ ਸੁੱਧ ਕਰਕੇ ਸਾਡੇ ਅਤੇ ਉਨਾਂ ਦੇ ਵਿੱਚ ਕੁਛ ਭਿੰਨ ਭੇਤ ਨਾ
ਰੱਖਿਆ ॥੧੦॥ ਸੋ ਹੁਣ ਕਿਉ ਤੁਸੀਂ ਪਰਮੇਸ਼ੁਰ ਨੂੰ ਪਰਤਾਉਂਦੇ ਹੋਂ ਕਿ ਸਿੱਖਾਂ ਦੀ ਧੌਣ ਪੁਰ
ਜੂਲਾ ਰੱਖੋ ਜਿਹ ਨੂੰ ਨਾ ਸਾਡੇ ਵਡੇ ਅਤੇ ਨਾ ਅਸੀਂ ਚੁੱਕ ਸੱਕੇ ॥੧੧॥ ਪਰ ਸਾਨੂੰ ਪਰਤੀਤ ਹੈ
ਕਿ ਅਸੀਂ ਪ੍ਰਭੁ ਜਿਸੁ ਦੀ ਕਿਰਪਾ ਨਾਲ ਮੁਕਤਿ ਪਾਵਾਂਗੇ ਜਿਸ ਤਰਾਂ ਕਿ ਓਹ ਬੀ ਪਾਉਣਗੇ
॥ ॥੧੨॥ ਅਤੇ ਸਾਰੀ ਸਭਾ ਚੁੱਪ ਰਹੀ ਅਤੇ ਬਰਨਬਾਸ ਅਰ ਪੌਲੁਸ ਬੋਂ ਇ-
ਹਵਾਰਤਾ ਸੁਣਨ ਲੱਗੇ ਜੋ ਪਰਮੇਸੁਰ ਨੈ ਕੇਹੀਆਂ ਕੇਹੀਆਂ ਨਿਸਾਨੀਆਂ ਅਤੇ ਕਰਾਮਾਤ
ਉਨਾਂ ਦੇ ਹੱਥੀਂ ਪਰਾਈਆਂ ਕੌਮਾਂ ਦਿਆਂ ਲੋਕਾਂ ਵਿੱਚ ਵਿਖਾਲੀਆਂ ॥੧੩॥ ਅਰ ਜਾਂ ਓਹ ਚੁੱ-
ਪ ਹੋਏ ਤਾਂ ਯਾਕੂਬ ਅੱਗੋਂ ਕਹਿਣ ਲੱਗਾ ॥ ॥ਹੇ ਭਾਈ ਹੋ ਮੇਰੀ ਸੁਣੋ ॥੧੪॥
ਸਮਊਨ ਨੈ ਦੱਸਿਆ ਹੈ ਭਈ ਕਿਸ ਪਰਕਾਰ ਪਰਮੇਸੁਰ ਨੈ ਪਹਿਲੇ ਪਰਾਈਆਂ ਕੌਮਾਂ ਦੇ ਲੋਕ
ਪੁਰ ਨਿਗਾ ਕੀਤੀ ਜੋ ਉਨਾਂ ਵਿੱਚੋਂ ਇੱਕ ਮੰਡਲੀ ਆਪਣੇ ਨਾਉਂ ਦੇ ਲਈ ਚੁਣੇ ॥੧੫॥ ਅਤੇ ਪਿ-
ਕੰਬਰਾਂ ਦੇ ਬਚਨ ਐਸ ਨਾਲ ਮਿਲਦੇ ਹਨ ਜਿਹਾਕੁ ਲਿਖਿਆ ਹੈ ॥੧੬॥ ਕਿ ਇਹ ਦੇ ਪਿੱਛੋਂ ਮੈਂ
ਮੁੜ ਆਵਾਂਗਾ ਅਤੇ ਦਾਊਦ ਦੇ ਡਿਗੇ ਹੋਏ ਡੇਰੇ ਨੂੰ ਫੇਰ ਬਣਾਵਾਂਗਾ ਅਤੇ ਉਹ ਦੇ ਖੋਲੇ ਨੂੰ
ਫੇਰ ਬਣਾਕੇ ਉਸ ਨੂੰ ਮੁੜ ਖੜਾ ਕਰਾਂਗਾ ॥੧੭॥ ਤਾਂ ਜੋ ਬਾਕੀ ਦੇ ਆਦਮੀ ਅਰ ਥਾਤ ਸਾਰੀ-
ਆਂ ਪਰਾਈਆਂ ਕੌਮਾਂ ਦੇ ਲੋਕ ਜੋ ਮੇਰੇ ਨਾਉਂ ਦੇ ਸਦਾਉਂਦੇ ਹਨ ਪ੍ਰਭੁ ਨੂੰ ਭਾਲਣ ॥੧੮॥ ਕਿ

Original with
Language Department Punjab
Digitized by:
Panjab Digital Library

ਪ੍ਰਭੂ ਜਿਹੜਾ ਮੁੱਢੋਂ ਏਹ ਗੱਲਾਂ ਪਰਗਟ ਕਰਦਾ ਹੈ ਇਹ ਆਖਦਾ ਹੈ ।। ੧੮ ।। ਜੋ ਮੇਰੀ ਸ਼ਲ
ਹਾ ਇਹ ਹੈ ਕਿ ਪਰਾਈਆਂ ਕੌਮਾਂ ਵਿੱਚੋਂ ਜੇਹੜੇ ਪਰਮੇਸ਼ੁਰ ਦੀ ਵਲ ਮੁੜਦੇ ਹਨ ਅਸੀਂ ਉਨਾਂ
ਨੂੰ ਔਖਿਆਂ ਨਾ ਕਰਿਏ ।। ੨੦ ।। ਸਗੋਂ ਉਨਾਂ ਨੂੰ ਲਿਖ ਭੇਜਿਏ ਭਈ ਮੂਰਤਾਂ ਦੀਆਂ ਪਲੀ-
ਤਗੀਆਂ ਅਤੇ ਹਰਾਮਕਾਰੀ ਅਤੇ ਗਲ ਘੁੱਟੇ ਹੋਏ ਦੇ ਮਾਸ ਅਤੇ ਲਹੂ ਥੋਂ ਬਚੇ ਰਹਿਣ ।।
੨੧ ।। ਕਿਉਂ ਜੋ ਅਗਲੇ ਸਮਿਆਂ ਥੋਂ ਹਰ ਨਗਰ ਵਿੱਚ ਮੂਸਾ ਦੇ ਮਨਾਦੀ ਕਰਨ ਵਾਲੇ ਹੁੰਦੇ
ਆਏ ਅਤੇ ਹਰ ਸਬਤ ਦੇ ਦਿਨ ਸਮਾਜਾਂ ਵਿੱਚ ਉਹ ਦਾ ਗ੍ਰੰਥ ਪੜ੍ਹਿਆ ਜਾਂਦਾ ਹੈ ।।

।। ੨੨ ।। ਤਦ ਰਸੂਲਾਂ ਅਤੇ ਬੁਜ਼ੁਰਗਾਂ ਨੇ ਸਾਰੀ ਕਲੀਸਿਯਾ ਸਣੇ ਚੰਗਾ ਜਾਣਿਆ
ਕਿ ਆਪਣੇ ਵਿੱਚੋਂ ਮਨੁੱਖ ਚੁਣਕੇ ਪੌਲੁਸ ਅਤੇ ਬਰਨਬਾਸ ਦੇ ਨਾਲ ਅੰਤਾਕੀਆ ਨੂੰ ਘੱ-
ਲਣ ਅਗਬਾਤ ਯਹੂਦਾ ਨੂੰ ਜਿਹੜਾ ਬਰਸਬਾਸ ਕਹਾਉਂਦਾ ਅਤੇ ਸੀਲਾਸ ਨੂੰ ਜੋ ਭਾਈ-
ਆਂ ਵਿੱਚ ਪਰਧਾਨ ਸਨ ।। ੨੩ ।। ਅਰ ਉਨਾਂ ਦੇ ਹੱਥ ਇਹ ਲਿਖ ਭੇਜਿਆ ਭਈ ਉਨਾਂ ਭਾ-
ਈਆਂ ਨੂੰ ਜੇਹੜੇ ਪਰਾਈਆਂ ਕੌਮਾਂ ਵਿੱਚੋਂ ਹੋਕੇ ਅੰਤਾਕੀਆ ਅਤੇ ਸੁਰੀਆ ਅਤੇ ਕਿਲਿ-
ਕਿਯਾ ਵਿੱਚ ਰਹਿੰਦੇ ਹਨ ਰਸੂਲਾਂ ਅਤੇ ਬੁਜ਼ੁਰਗ ਭਾਈਆਂ ਦਾ ਸਲਾਮ ।। ੨੪ ।। ਜਾਂ ਅ-
ਸਾਂ ਸੁਣਿਆ ਜੋ ਕਈ ਸਾਡੇ ਵਿੱਚੋਂ ਨਿੱਕਲੇ ਜਿਨਾਂ ਤੁਹਾਡੇ ਮਨਾਂ ਨੂੰ ਵਿਗਾੜਕੇ ਤੁਹਾਨੂੰ ਗੱਲ
ਨਾਲ ਘਬਰਾ ਦਿੱਤਾ ਪਰ ਅਸਾਂ ਉਨਾਂ ਨੂੰ ਕੋਈ ਹੁਕਮ ਨਹੀਂ ਦਿੱਤਾ ।। ੨੫ ।। ਤਾਂ ਅਸਾਂ
ਇੱਕ ਮਨ ਹੋਕੇ ਚੰਗਾ ਜਾਣਿਆ ਜੋ ਕਈ ਪੁਰਸ਼ ਚੁਣਕੇ ਆਪਣੇ ਪਿਆਰੇ ਬਰਨਬਾਸ

Original with:
Language Department Punjab
Digitized by:
Panjab Digital Library

ਅਤੇ ਪੌਲੁਸ ਦੇ ਨਾਲ ॥੨੬॥੦ ਜੋ ਅਜੇਹੇ ਮਨੁੱਖ ਹਨ ਕਿ ਜਿਨਾਂ ਆਪਣੇ ਪ੍ਰਾਣ ਸਾਡੇ ਪ੍ਰਭੁ ਯਿਸੂ ਮਸੀਹ ਦੇ ਨਾਉਂ ਦੇ ਬਦਲੇ ਜੋਖੋਂ ਵਿੱਚ ਸੁੱਟ ਦਿੱਤੇ ੦ ਤੁਹਾਡੇ ਕੋਲ ਘੱਲਿਜੇ ॥੨੭॥ ਜੋ ਅਸਾਂ ਯਹੂਦਾਹ ਅਤੇ ਸੀਲਾਸ ਨੂੰ ਭੇਜਿਆ ਹੈ ਜੋ ਆਪ ਏਹ ਗੱਲਾਂ ਜ਼ਬਾਨੀ ਤੁਹਾਨੂੰ ਦੱਸਣਗੇ ॥੨੮॥ ਕਿਉਂਕਿ ਪਵਿੱਤ੍ਰ ਆਤਮਾ ਨੇ ਅਤੇ ਅਸਾਂ ਚੰਗਾ ਜਾਣਿਆ ਜੋ ਇਨਾਂ ਜ਼ਰੂਰੀ ਗੱਲਾਂ ਥੋਂ ਬਿਨਾ ਤੁਹਾਡੇ ਉੱਤੇ ਹੋਰ ਕੁਛ ਭਾਰ ਨਾ ਪਾਈਏ ॥੨੯॥ ਕਿ ਤੁਸੀਂ ਮੂਰਤਾਂ ਦਿਆਂ ਝੜਾਵਿਆਂ ਅਤੇ ਲਹੂ ਅਤੇ ਗਲ ਘੁੱਟਿਆਂ ਹੋਇਆਂ ਦੇ ਮਾਸ ਅਤੇ ਹਰਾਮਕਾਰੀ ਥੋਂ ਬਚੇ ਰਹੋ। ਜੇ ਤੁਸੀਂ ਇਨਾਂ ਗੱਲਾਂ ਥੋਂ ਆਪ ਨੂੰ ਬਚਾ ਰੱਖੋ ਤਾਂ ਤੁਹਾਡਾ ਭਲਾ ਹੋਊ। ਤੁਹਾਡੀ ਕਲਿਆਣ ਹੋਵੇ ॥

॥੩੦॥ ਉਪਰੰਦ ਓਹ ਵਿਦਿਆ ਹੋਕੇ ਅੰਤਾਕੀਆ ਨੂੰ ਅਏ ਅਰ ਸੰਗਤ ਨੂੰ ਕੱਠੀ ਕਰਕੇ ਚਿੱਠੀ ਦਿੱਤੀ ॥੩੧॥ ਓਹ ਪੜ੍ਹਕੇ ਐਸ ਤਸੱਲੀ ਦੀ ਗੱਲੋਂ ਬਹੁਤ ਅਨੰਦ ਹੋਏ ॥੩੨॥ ਅਤੇ ਯਹੂਦਾਹ ਅਰ ਸੀਲਾਸ ਨੇ ਜੋ ਆਪ ਬੀ ਪਰਬਧਰਮਨਬੀ ਸਨ ਭਾਈਆਂ ਨੂੰ ਬਹੁਤ ਸਾਰੀਆਂ ਗੱਲਾਂ ਨਾਲ ਉਪਦੇਸ ਦੇਕੇ ਤਗੜੇ ਕੀਤਾ ॥੩੩॥ ਅਤੇ ਓਹ ਕਿੰਨਾਕੁ ਚਿਰ ਰਹਿਕੇ ਆਪਣੇ ਭੇਜਣਵਾਲਿਆਂ ਦੇ ਕੋਲ ਜਾਣ ਨੂੰ ਭਾਈਆਂ ਪਾਸੋਂ ਸੁਖ ਸਾਂਦ ਨਾਲ ਵਿਦਿਆ ਹੋਏ ॥੩੪॥ ਪਰ ਪੌਲੁਸ ਅਤੇ ਬਰਨਬਾਸ ਅੰਤਾਕੀਆ ਵਿੱਚ ਰਹਿਕੇ ਹੋਰ ਬਹੁਤਿਆਂ ਦੇ ਨਾਲ ਪ੍ਰਭੁ ਦਾ ਬਚਨ ਸਿਖਾਲਦੇ ਅਤੇ ਉਹ ਦਾ ਮੰਗਲ ਸਮਾਚਾਰ ਸੁਣਾਉਂਦੇ ਸਨ ॥

॥੩੬॥ ਅਰ ਕਈ ਦਿਨ ਪਿੱਛੇ ਪੌਲੁਸ ਨੇ ਬ

Original with:
Language Department Punjab
Digitized by:
Panjab Digital Library

ਰਨਬਾਸ ਨੂੰ ਆਖਿਆ ਕਿ ਆਓ ਹਰੇਕ ਨਗਰ ਵਿੱਚ ਜਿੱਥੇ ਅਸਾਂ ਪਰਮੇਸ਼ੁਰ ਦਾ ਬਚ-
ਨ ਸੁਣਾਇਆ ਸੀ ਫੇਰ ਜਾਕੇ ਭਾਈਆਂ ਦੀ ਖਬਰ ਲਾਇਏ ਭਈ ਉਨਾਂ ਦਾ ਕੀ ਹਾਲ
ਹੈ ॥ ੩੭ ॥ ਅਤੇ ਬਰਨਬਾਸ ਦੀ ਇਹ ਸਲਾਹ ਹੋਈ ਜੋ ਅਸੀਂ ਯੂਹੰਨਾ ਨੂੰ ਬੀ ਜਿਹੜਾ ਮਰ-
ਕੁਸ ਸਦਾਉਂਦਾ ਹੈ ਸੰਗ ਲੈ ਚੱਲਿਏ ॥ ੩੮ ॥ ਪਰ ਪੌਲੁਸ ਨੇ ਚੰਗਾ ਨਾ ਜਾਣਿਆ ਕਿ ਉ-
ਹਨੂੰ ਨਾਲ ਲੈ ਚੱਲੇ ਜਿਹੜਾ ਪਮਫੁਲਿਯਾ ਥੋਂ ਉਨਾਂ ਕੋਲੋਂ ਅੱਡ ਹੋਇਆ ਅਤੇ ਉਨਾਂ ਦੇ ਨ
ਲ ਕੰਮ ਨੂੰ ਨਾ ਗਿਆ ਸੀ ॥ ੩੯ ॥ ਤਦ ਉਨਾਂ ਵਿੱਚ ਐਨਾ ਬਿਗਾੜ ਹੋਇਆ ਜੋ ਇੱਕ ਦੂਜੇ
ਥੋਂ ਵੱਖ ਹੋ ਗਏ ਅਤੇ ਬਰਨਬਾਸ ਮਰਕੁਸ ਨੂੰ ਨਾਲ ਲੈ ਕੇ ਜਹਾਜ ਉੱਤੇ ਚੜ੍ਹਿਆ ਅਤੇ ਕੁ-
ਪਰੁਸ ਨੂੰ ਚੱਲਿਆ ਗਿਆ ॥ ੪੦ ॥ ਪਰ ਪੌਲੁਸ ਨੇ ਸੀਲਾਸ ਨੂੰ ਚੁਣਿਆ ਅਤੇ ਜਾਂ ਭਾ-
ਈਆਂ ਕੋਲੋਂ ਪਰਮੇਸ਼ੁਰ ਦੀ ਕਿਰਪਾ ਨੂੰ ਸੌਂਪਿਆ ਗਿਆ ਤਾਂ ਉਹ ਤੁਰ ਪਿਆ ॥ ੪੧ ॥
ਅਰ ਸੁਰੀਆ ਅਤੇ ਕਿਲਿਕਿਯਾ ਵਿੱਚ ਫਿਰਦਿਆਂ ਹੋਇਆਂ ਉਸ ਨੇ ਕਲੀਸਿਯਾਂ ਨੂੰ
ਤਗੜੇ ਕੀਤਾ ॥

੧੬ ਕਾਂਡ ॥ ਅਤੇ ਉਹ ਦਰਬੇ ਅਤੇ ਲੁਸਤ੍ਰਾ ਵਿੱਚ ਬੀ ਆਇਆ ਅਰ ਵੇਖੋ ਓੱਥੇ ਤਿ-
ਮਤਾਉਸ ਨਾਮੇ ਇੱਕ ਸਿੱਖ ਹੈਸੀ ਜਿਹੜਾ ਇੱਕ ਨਿਹਚਾਵਾਨ ਯਹੂਦਣ ਦ
ਪੁੱਤ ਸੀ ਪਰ ਉਹ ਦਾ ਪਿਉ ਸੀ ਯੂਨਾਨੀ ॥ ੨ ॥ ਉਹ ਲੁਸਤ੍ਰਾ ਅਤੇ ਇਕੁਨਿਯੁਨ ਦੇ ਗਹਿ-
ਣਵਾਲੇ ਭਾਈਆਂ ਵਿੱਚ ਨੇਕ ਨਾਮ ਸੀ ॥ ੩ ॥ ਪੌਲੁਸ ਨੇ ਚਾਹਿਆ ਜੋ ਇਹ ਮੇਰੇ ਨਾਲ ਚੱ

Original with:
Language Department Punjab
Digitized by:
Panjab Digital Library

ਲੇ ਸੋ ਉਨਾਂ ਯਹੂਦੀਆਂ ਦੇ ਸਬੱਬ ਜੇਹੜੇ ਉਸ ਗਿਰਦੇ ਦੇ ਸਨ ਉਹ ਨੂੰ ਲੈਕੇ ਉਹ ਦੀ ਸੁੰਨਤ
ਕੀਤੀ ਕਿਉ ਜੋ ਓਹ ਸਭੋ ਜਾਣਦੇ ਸਨ ਭਈ ਉਹ ਦਾ ਪਿਉ ਯੂਨਾਨੀ ਸੀ ॥ ੪ ॥ ਅਤੇ ਨਗਰ
ਨਗਰ ਫਿਰਦਿਆਂ ਹੋਇਆਂ ਉਨਾਂ ਨੇ ਓਹ ਹੁਕਮ ਜੇਹੜੇ ਯਰੂਸਲੀਮ ਵਿਚਲਿਆਂ ਰ-
ਸੂਲਾਂ ਅਤੇ ਬੁਜ਼ੁਰਗਾਂ ਨੇ ਠਰਾਏ ਸਨ ਮੰਨਣ ਲਈ ਉਨਾਂ ਨੂੰ ਸੌਂਪ ਦਿੱਤੇ ॥ ੫ ॥ ਸੋ ਕਲੀਸਿ-
ਯਾਂ ਨਿਹਚਾ ਵਿੱਚ ਤਗੜੀਆਂ ਹੋਈਆਂ ਅਤੇ ਗਿਣਤੀ ਵਿੱਚ ਦਿਨੋ ਦਿਨ ਵਧਦੀਆਂ ਗ-
ਈਆਂ ॥ ॥ ੬ ॥ ਅਤੇ ਓਹ ਫਰੁਗਿਯਾ ਅਰ ਗਲਾਤ ਦੇ ਦੇਸ ਵਿੱਚ ਦੀ ਲੰਘ
ਗਏ ਕਿਉ ਜੋ ਪਵਿਤ੍ਰ ਆਤਮਾ ਨੇ ਉਨਾਂ ਨੂੰ ਆਸਿਯਾ ਵਿੱਚ ਬਚਨ ਸੁਣਾਉਣ ਥੋਂ ਰੋਕਿਆ ੦
ਸੀ ॥ ੭ ॥ ਤਦ ਉਨਾਂ ਨੇ ਮੁਸਿਯਾ ਦੇ ਸਾਹਮਣੇ ਆਕੇ ਬਿਥੁਨਿਯਾ ਵਿੱਚ ਜਾਣ ਦਾ ਜਤਨ ਕੀ-
ਤਾ ਪਰ ਯਿਸੂ ਦੇ ਆਤਮਾ ਨੇ ਉਨਾਂ ਨੂੰ ਨਾ ਜਾਣ ਦਿੱਤਾ ॥ ੮ ॥ ਸੋ ਓਹ ਮੁਸਿਯਾ ਥੋਂ ਲੰਘ ਕੇ ਤ੍ਰੋ-
ਆਸ ਵਿੱਚ ਆ ਉੱਤਰੇ ॥ ੯ ॥ ਅਤੇ ਪੌਲੁਸ ਨੇ ਰਾਤ ਨੂੰ ਇੱਕ ਦਰਸ਼ਣ ਪਾਇਆ ਕਿ ਮਕਦੂ-
ਨਦਾ ਇੱਕ ਮਨੁੱਖ ਖੜਾ ਉਹ ਦੀ ਮਿੰਨਤ ਕਰਕੇ ਕਹਿੰਦਾ ਹੈ ਜੋ ਇਸ ਪਾਰ ਮਕਦੂਨ ਵਿੱਚ ਉ-
ਤਰਕੇ ਸਾਡੀ ਸਹਾਇਤਾ ਕਰ ॥ ੧੦ ॥ ਜਾਂ ਉਸ ਨੇ ਇਹ ਦਰਸ਼ਣ ਪਾਇਆ ਤਾਂ ਓਸੇ ਵੇਲੇ ਅ-
ਸਾਂ ਮਕਦੂਨ ਵਿੱਚ ਜਾਣ ਦੀ ਚਾਹ ਕੀਤੀ ਇਸ ਲਈ ਜੋ ਅਸਾਂ ਪੱਕ ਜਾਣਿਆ ਭਈ ਪਰ-
ਮੇਸੁਰ ਨੇ ਸਾਨੂੰ ਬੁਲਾਇਆ ਹੈ ਜੋ ਉਨਾਂ ਲੋਕਾਂ ਨੂੰ ਮੰਗਲ ਸਮਾਚਾਰ ਸੁਣਾਯੇ ॥
॥ ੧੧ ॥ ਉਪਰੰਦ ਤੋ ਆਸ ਥੋਂ ਜਹਾਜ ਖੋਲ ਕੇ ਅਸੀਂ ਸਿੱਧੇ ਸਮੁਦ੍ਰਾਕੇ ਨੂੰ ਆਏ ਅਤੇ ਅਗਲੇ

Original with:
Language Department Punjab
Digitized by:
Panjab Digital Library

ਕੁਲ੍ਹ ਨਿਯਾਪੁਲਿਸ ਨੂੰ ॥੧੨॥ ਅਰ ਓੱਥੋਂ ਫ਼ਿਲਿੱਪੈ ਨੂੰ ਜੋ ਮਕਦੂਨ ਦੇ ਉਸ ਪਾਸੇ ਦਾ ਵਡਾ
ਸਹਿਰ ਅਤੇ ਕੂਮੀਆਂ ਦੀ ਬਸਤੀ ਹੈ। ਅਤੇ ਅਸੀਂ ਕਈ ਦਿਨ ਓਸ ਸਹਿਰ ਵਿੱਚ ਰਹੇ ॥੧੩
ਅਰ ਸਬਤ ਦੇ ਦਿਨ ਦਰਵੱਜੇ ਥੋਂ ਬਾਹਰ ਦਰਿਆਉ ਦੇ ਕੰਢੇ ਪੁਰ ਗਏ ਜਿੱਥੇ ਅਸਾਂ ਜਾ-
ਣਿਆ ਕੁਈ ਬੰਦਗੀ ਕਰਨ ਦਾ ਕੋਈ ਅਸਥਾਨ ਹੋਊ ਅਤੇ ਬੈਠ ਕੇ ਉਨਾਂ ਤੀਮੀਆਂ ਨ ੦
ਲ ਜੇਹੜੀਆਂ ਕੱਠੀਆਂ ਹੋਈਆਂ ਸੀਆਂ ਗੱਲਾਂ ਕਰਨ ਲੱਗੇ ॥੧੪॥ ਅਰ ਲੁਦਿਯ ੦
ਨਾਮੇ ਕੁਆਤੀਰਾ ਨਗਰ ਦੀ ਇੱਕ ਤੀਮੀਂ ਕਿਰਮਚ ਬੇਚਣ ਵਾਲੀ ਪਰਮੇਸੁਰ ਦੀ ਭਗ-
ਤ ਸੁਣਦੀ ਸੀ। ਉਹ ਦਾ ਮਨ ਪ੍ਰਭੁ ਨੇ ਖੋਲ੍ਹ ਦਿੱਤਾ ਭਈ ਪੌਲੁਸ ਦੀਆਂ ਗੱਲਾਂ ਉੱਤੇ ਚੇ-
ਤ ਲਾਵੇ ॥੧੫॥ ਅਤੇ ਜਾਂ ਉਸ ਨੈ ਆਪਣੇ ਟੱਬਰ ਸਣੇ ਬਪਤਿਸਮਾ ਲਿਆ ਤਾਂ ਮੈਨੂ
ਤ ਕਰ ਕੇ ਬੋਲੀ ਕਿ ਜੇ ਤੁਸੀਂ ਮੈਨੂੰ ਪ੍ਰਭੁ ਦੀ ਨਿਹਚਾਵਾਨ ਸਮਝਿਆ ਹੈ ਤਾਂ ਮੇਰੇ ਘਰ ਵਿੱਚ
ਆਣ ਕੇ ਰਹੋ। ਅਤੇ ਸਾ ਨੂੰ ਮੱਲੋ ਮੱਲੀ ਲੈ ਗਈ ॥ ॥੧੬॥ ਅਤੇ ਐਉਂ ਹੋਇ
ਆ ਕਿ ਜਦ ਅਸੀਂ ਬੰਦਗੀ ਕਰਨ ਦੇ ਅਸਥਾਨ ਨੂੰ ਜਾਂਦੇ ਸਾਂ ਤਾਂ ਇੱਕ ਰੋਲੀ ਸਾ ਨੂੰ ਮਿ-
ਲੀ ਜਿਹ ਨੂੰ ਇੱਕ ਆਤਮਾ ਅਰਥਾਤ ਇੱਕ ਦੇਉ ਚੇਬੜਿਆ ਹੋਇਆ ਸੀ ਅਤੇ ਅਗੋ-
ਮ ਵਾਚ ਣ ਕਰ ਕੇ ਉਹ ਆਪਣੇ ਮਾਲਕਾਂ ਲਈ ਬਹੁਤ ਕੁਛ ਕਮਾ ਲਿਆਉਂਦੀ ਸੀ ॥੧੭
॥ ਸੋ ਪੌਲੁਸ ਦੇ ਅਤੇ ਸਾਡੇ ਮਗਰ ਆਣ ਕੇ ਹਾਕਾਂ ਮਾਰਦੀ ਅਤੇ ਕਹਿੰਦੀ ਸੀ ਜੋ ਏਹ ਲੋ-
ਕ ਮਹਾਂ ਪਰਮੇਸੁਰ ਦੇ ਦਾਸ ਹਨ ਜੇਹੜੇ ਤੁਹਾ ਨੂੰ ਮੁਕਤਿ ਦਾ ਰਾਹ ਦੱਸਦੇ ਹਨ ॥੧੮॥

Original with:
Language Department Punjab
Digitized by:
Panjab Digital Library

ਅਤੇ ਉਹ ਬਹੁਤ ਦਿਨਾਂ ਤੀਕੁਰ ਇਹ ਕਰਦੀ ਰਹੀ। ਪਰ ਪੌਲੁਸ ਅੱਕ ਗਿਆ ਅਤੇ ਫਿਰ ਕੇ ਉਸ ਆਤਮਾ ਨੂੰ ਕਿਹਾ ਮੈਂ ਤੈਨੂੰ ਯਿਸੂ ਮਸੀਹ ਦੇ ਨਾਉਂ ਨਾਲ ਹੁਕਮ ਕਰਦਾ ਹਾਂ ਜੋ ਇਹ ਦੇ ਵਿੱਚੋਂ ਨਿੱਕਲ ਜਾਹ। ਅਤੇ ਉਹ ਉੱਸੇ ਘੜੀ ਨਿੱਕਲ ਗਿਆ।। ॥੧੮

॥ਪਰ ਜਾਂ ਉਹ ਦੇ ਮਾਲਕਾਂ ਨੇ ਵੇਖਿਆ ਜੋ ਸਾਡੀ ਕਮਾਈ ਦੀ ਆਸ ਜਾਂਦੀ ਰਹੀ ਤਾਂ ਪੌਲੁਸ ਅਤੇ ਸੀਲਾਸ ਨੂੰ ਫੜਕੇ ਬਜ਼ਾਰ ਵਿੱਚ ਹਾਕਮਾਂ ਦੇ ਪਾਸ ਖਿੱਚ ਕੇ ਲੈ ਚੱਲੇ॥ ੨੦॥ਅਤੇ ਉਨਾਂ ਨੂੰ ਸਰਦਾਰਾਂ ਦੇ ਅੱਗੇ ਲਜਾਕੇ ਕਿਹਾ ਭਈ ਏਹ ਮਨੁੱਖ ਜੋ ਹੜੇ ਯਹੂਦੀ ਹਨ ਸਾਡੇ ਸਹਿਰ ਨੂੰ ਬਹੁਤ ਜਿੱਚ ਕਰਦੇ ਹਨ॥ ੨੧॥ ਅਤੇ ਸਾ ਨੂੰ ਅਜੇਹੀਆਂ ਰੀਤਾਂ ਦੱਸਦੇ ਹਨ ਜਿਨਾਂ ਦਾ ਮੰਨਣਾ ਅਤੇ ਪੂਰਾ ਕਰਨਾ ਸਾ ਨੂੰ ਜੋ ਰੂਮੀ ਹਾਂ ਰੋ ਜੋਗ ਨਹੀਂ॥ ੨੨॥ ਤਦ ਲੋਕ ਮਿਲਕੇ ਉਨਾਂ ਦੇ ਵਿਰੁੱਧ ਉੱਠੇ ਅਤੇ ਸਰਦਾਰਾਂ ਨੇ ਉਨਾਂ ਦੇ ਗਿਰਦੇ ਦੇ ਲੀੜੇ ਪਾੜਕੇ ਬੇਂਤ ਮਾਰਨ ਦਾ ਹੁਕਮ ਕੀਤਾ॥ ੨੩॥ ਅਤੇ ਉਨਾਂ ਨੂੰ ਬਹੁਤ ਮਾਰਕੇ ਕੈਦ ਕਰ ਦਿੱਤਾ ਅਤੇ ਕੈਦ ਖਾਨੇ ਦੇ ਦਰੋਗੇ ਨੂੰ ਹੁਕਮ ਦਿੱਤਾ ਭਈ ਵਡੀ ਚੌਕਸੀ ਨਾਲ ਉਨਾਂ ਦੀ ਖਬਰਦਾਰੀ ਕਰ॥ ੨੪॥ ਉਸ ਨੇ ਅਜਿਹਾ ਹੁਕਮ ਪਾਕੇ ਉਨਾਂ ਨੂੰ ਅੰਦਰਲੇ ਕੈਦ ਖਾਨੇ ਵਿੱਚ ਸੁੱਟਿਆ ਅਤੇ ਉਨਾਂ ਦੀ ਪੈਰੀਂ ਕਾਠ ਠੋਕ ਦਿੱਤਾ॥ ੨੫॥ ਪਰ ਅੱਧੀ ਰਾਤ ਨੂੰ ਪੌਲੁਸ ਅਤੇ ਸੀਲਾਸ ਪ੍ਰਾਰਥਨਾ ਕਰਦੇ ਅਤੇ ਪਰਮੇਸ਼ੁਰ ਦਾ ਭਜਨ ਗਾਉਂਦੇ ਸਨ ਅਰ ਕੈਦੀ ਉਨਾਂ ਦੀ ਸੁਣਦੇ ਸਨ॥ ੨੬॥ ਤਾਂ ਅਚਾਣਕ ਇੱਕ ਐਡਾ ਭੁਚਾਲ ਆਇਆ ਜੋ ਕੈਦ ਖਾਨੇ ਦੀਆਂ ਨੀਹਾਂ ਹਿੱਲ ਗਈਆਂ

Original with:
Language Department Punjab
Digitized by:
Panjab Digital Library

ਅਰ ਝੱਟ ਸਾਰੇ ਬੂਹੇ ਖੁਲ੍ਹ ਗਏ ਅਤੇ ਸਭਨਾਂ ਦੀਆਂ ਬੇੜੀਆਂ ਖੁਲ੍ਹ ਗਈਆਂ ॥੨੭॥ ਅ
ਰ ਕੈਦਖਾਨੇ ਦਾ ਦਰੋਗਾ ਜਾਗ ਉੱਠਿਆ ਅਤੇ ਜਾਂ ਕੈਦਖਾਨੇ ਦੇ ਬੂਹੇ ਖੁਲ੍ਹੇ ਵੇਖੇ ਤਾਂ ਇਹ ਸ-
ਮਝ ਕੇ ਭਈ ਕੈਦੀ ਭੱਜ ਗਏ ਹੋਣ ਤਲਵਾਰ ਧੂਈ ਅਤੇ ਆਪ ਨੂੰ ਮਾਰਨ ਲੱਗਾ ॥੨੮॥
ਪਰ ਪੌਲੁਸ ਨੈ ਉੱਚੀ ਅਵਾਜ ਨਾਲ ਪੁਕਾਰ ਕੇ ਆਖਿਆ ਜੋ ਆਪ ਨੂੰ ਕੁਛ ਨ ਦੁਖ ਸਾਨ ਨਾ
ਪੁਚਾ ਕਿਉ ਜੋ ਅਸੀਂ ਸਭ ਏੱਥੇ ਹੀ ਹਾਂ ॥੨੯॥ ਤਦ ਉਹ ਦੀਵੇ ਮੰਗਾ ਕੇ ਅੰਦਰ ਨੂੰ ਦੌੜਿਆ ੦
ਅਤੇ ਕੰਬਦਾ ਕੰਬਦਾ ਪੌਲੁਸ ਅਤੇ ਸੀਲਾਸ ਦੇ ਅੱਗੇ ਡਿਗ ਪਿਆ ॥੩੦॥ ਅਤੇ ਉਨ ੦
ਨੂੰ ਬਾਹਰ ਲਿਆ ਕੇ ਕਿਹਾ ਹੇ ਮਹਾਰਾਜਿਓ ਮੈਂ ਕੀ ਕਰਾਂ ਜਿਸ ਤੋਂ ਮੁਕਤਿ ਪਾਵਾਂ ॥੩੧॥
ਉਨਾਂ ਆਖਿਆ ਪ੍ਰਭੁ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਅਤੇ ਤੇਰਾ ਟੱਬਰ ਮੁਕਤਿ ਪਾਊਗਾ
॥੩੨॥ ਅਤੇ ਉਨਾਂ ਉਸ ਨੂੰ ਅਤੇ ਉਨਾ ਸਭਨਾਂ ਨੂੰ ਜੋ ਹਰੇ ਉਹ ਦੇ ਘਰ ਵਿੱਚ ਸਨ ਪ੍ਰਭੁ ਦਾ
ਬਚਨ ਸੁਣਾਇਆ ॥੩੩॥ ਅਤੇ ਰਾਤ ਦੀ ਓਸੇ ਘੜੀ ਉਸ ਨੈ ਉਨਾਂ ਨੂੰ ਲੈ ਕੇ ਤਿਨਾਂ ਦੇ ਘਾ-
ਉ ਧੋਤੇ ਅਰ ਉਸ ਨੈ ਅਰ ਉਹ ਦੇ ਸਾਰੇ ਘਰ ਦਿਆਂ ਨੈ ਓਸੇ ਵੇਲੇ ਬਪਤਿਸਮਾ ਲਿਆ ॥੩੪
॥ ਅਤੇ ਉਨਾਂ ਨੂੰ ਘਰ ਵਿੱਚ ਲਿਆ ਣ ਕੇ ਉਨਾਂ ਦੇ ਅੱਗੇ ਭੋਜਨ ਰੱਖਿਆ ਅਤੇ ਉਹ ਨੈ ਪਰ-
ਮੇਸੁਰ ਦੀ ਪਰਤੀਤ ਕਰ ਕੇ ਆਪਣੇ ਸਾਰੇ ਟੱਬਰ ਸਣੇ ਡਾਢੀ ਖੁਸੀ ਮਨਾਈ ॥
॥੩੫॥ ਜਾਂ ਦਿਨ ਚੜ੍ਹਿਆ ਤਾਂ ਸਰਦਾਰਾਂ ਨੈ ਪਿਆਦਿਆਂ ਦੀ ਰਾਹੀਂ ਕਹਾ ਭੇਜਿਆ ਭਈ
ਉਨਾਂ ਮਨੁੱਖਾਂ ਨੂੰ ਛੱਡ ਦਿਓ ॥੩੬॥ ਤਦ ਦਰੋਗੇ ਨੈ ਪੌਲੁਸ ਨੂੰ ਇਸ ਗੱਲ ਦੀ ਖਬਰ ਦਿੱਤੀ

Original with:
Language Department Punjab
Digitized by:
Panjab Digital Library

ਜੋ ਸਰਦਾਰਾਂ ਨੈ ਤੁਹਾ ਨੂੰ ਛੱਡਣ ਲਈ ਕਹਾ ਭੇਜਿਆ ਹੈ ਸੋ ਹੁਣ ਨਿੱਕਲ ਕੇ ਸੁੱਖਸਾਂਦ ਨਾਲ ਚੱਲੇ ਜਾਓ॥੩੭॥ ਪਰ ਪੌਲੁਸ ਨੈ ਉਨਾਂ ਨੂੰ ਆਖਿਆ ਭਈ ਉਨਾਂ ਨੈ ਤਾਂ ਸਾ ਨੂੰ ਜੋ ਰੂਮੀ ਹਾਂ ਦੋਸ ਸਾਬਤ ਕੀਤਿਆਂ ਬਿਨਾ ਸਭਨਾਂ ਦੇ ਸਾਹਮਣੇ ਬੇਂਤ ਮਾਰਕੇ ਕੈਦ ਕੀਤਾ ਅਤੇ ਹੁਣ ਭਲਾ ਓਹ ਸਾ ਨੂੰ ਚੁੱਪਕੀਤੇ ਕੱਢਦੇ ਹਨ। ਇਹ ਕਦੇ ਨਹੀਂ ਹੋਣਾ ਸਗੋਂ ਓਹ ਆਪੇ ਆਣਕੇ ਸਾ ਨੂੰ ਬਾਹਰ ਲੈ ਚੱਲਣ॥੩੮॥ ਤਦ ਪਿਆਦਿਆਂ ਨੈ ਏਹ ਗੱਲਾਂ ਸਰਦਾਰਾਂ ਨੂੰ ਜਾ ਸੁਣਾਈਆਂ ਅਤੇ ਜਾਂ ਉਨਾਂ ਸੁਣਿਆ ਜੋ ਏਹ ਰੂਮੀ ਹਨ ਤਾਂ ਡਰ ਗਏ॥੩੯॥ ਅਤੇ ਆਣਕੇ ਉਨਾਂ ਨੂੰ ਮਨਾਇਆ ਅਤੇ ਬਾਹਰ ਲਿਆਕੇ ਅਰਦਾਸ ਕੀਤੀ ਜੋ ਸਹਿਰੋਂ ਚੱਲੇ ਜਾਓ॥੪੦॥ ਤਦ ਓਹ ਕੈਦੋਂ ਛੁੱਟਕੇ ਲੁਦਿਯਾ ਦੇ ਗਏ ਅਰ ਭਾਈਆਂ ਨੂੰ ਵੇਖਕੇ ਉਨਾਂ ਨੂੰ ਤਸਲਾ ਦਿੱਤੀ ਅਤੇ ਤੁਰ ਪਏ॥

੧੭ਕਾਂਡ॥ ਉਪਰੰਦ ਓਹ ਅਮਫਿਪੁਲਿਸ ਅਤੇ ਅੱਪੁਲੋਨਿਯਾ ਦੇ ਵਿੱਚੋਂ ਦੀ ਲੰਘਕੇ ਥੱ ਸਲਨੀਕ ਨੂੰ ਆਏ ਜਿੱਥੇ ਯਹੂਦੀਆਂ ਦਾ ਇੱਕ ਸਮਾਜ ਸੀ॥੧॥ ਅਤੇ ਪੌਲੁ ਸ ਆਪਣੇ ਦਸਤੂਰ ਮੂਜਬ ਉਨਾਂ ਦੇ ਕੋਲ ਅੰਦਰ ਗਿਆ ਅਰ ਤਿੰਨ ਸਬਤਾਂ ਦੇ ਦਿਨਾਂ ਵਿੱਚ ਉਨਾਂ ਨੂੰ ਬਚਨ ਸੁਣਾਉਂਦਾ ਰਿਹਾ॥੨॥ ਅਤੇ ਅਰਥ ਖੋਲਕੇ ਉਹ ਨੈ ਇਮਾਨ ਕੀਤਾ ਭਈ ਮਸੀਹ ਦਾ ਦੁਖ ਭੋਗਣਾ ਅਤੇ ਮੁਰਦਿਆਂ ਵਿੱਚੋਂ ਜੀ ਉੱਠਣਾ ਜਰੂਰ ਸੀ ਅਤੇ ਏਹ ਯਿਸੂ ਜਿਹ ਦੀ ਮੈਂ ਤੁਹਾ ਨੂੰ ਖਬਰ ਦਿੰਦਾ ਹਾਂ ਉਹੋ ਮਸੀਹ ਹੈ॥੪॥ ਸੋ ਉਨਾਂ ਵਿੱਚੋਂ ਕਿ-

Original with:
Language Department Punjab
Digitized by:
Panjab Digital Library

ਨਿਆਂ ਨੇ ਮੰਨ ਲਿਆ ਅਤੇ ਪੌਲੁਸ ਅਰ ਸੀਲਾਸ ਦੇ ਨਾਲ ਰਲ ਗਏ ਅਰ ਇਸੇ ਤਰਾਂ
ਭਗਤ ਯੂਨਾਨੀਆਂ ਵਿੱਚੋਂ ਬਾਹਲੇ ਲੋਕ ਅਤੇ ਬਹੁਤ ਸਾਰੀਆਂ ਕੁਲਵੰਤੀਆਂ ਤੀਮੀਆਂ
ਬੀ ॥੪॥ ਪਰ ਯਹੂਦੀਆਂ ਨੇ ਖੁਣਸ ਕਰਕੇ ਬਜਾਰ ਦੇ ਲੁੱਚਿਆਂ ਲੀਡ਼ਿਆਂ ਵਿੱਚੋਂ ਕਈ ਪੁ
ਰਖਾਂ ਨੂੰ ਆਪਣੇ ਸੰਗ ਰਲਾ ਲਿਆ ਅਤੇ ਭੀਡ਼ ਲਾਕੇ ਨਗਰ ਵਿੱਚ ਰੌਲਾ ਪਾ ਦਿੱਤਾ ਅਤੇ
ਯਸੋਨ ਦੇ ਘਰ ਉੱਤੇ ਹੱਲਾ ਕਰਕੇ ਉਨਾਂ ਨੂੰ ਲੋਕਾਂ ਦੇ ਕੋਲ ਬਾਹਰ ਲਿਆਉਣਾ ਚਾਹੁੰਦੇ ਸਨ
॥੬॥ ਪਰ ਜਾਂ ਓਹ ਨਾ ਲੱਭੇ ਤਾਂ ਯਸੋਨ ਅਤੇ ਕਈ ਭਾਈਆਂ ਨੂੰ ਨਗਾਰ ਦੇ ਸਰਦਾਰਾਂ ਅੱਗੇ
ਐਉਂ ਤੁੰਡ ਪਾਉਂਦੇ ਖਿੱਚ ਲਿਆਏ ਭਈ ਏਹ ਲੋਕ ਜਿਨਾਂ ਦੁਨੀਆਂ ਨੂੰ ਉਲਟਾ ਦਿੱਤਾ ਹੈ ਏ
ਥੇ ਬੀ ਆਏ ਹਨ ॥੭॥ ਅਰ ਯਸੋਨ ਨੇ ਉਨਾਂ ਨੂੰ ਉਤਾਰਿਆ ਹੈ ਅਤੇ ਏਹ ਸਭ ਕੈਸਰ ਦੇ ਹੁ
ਕਮਾਂ ਦੇ ਵਿਰੁੱਧ ਕਰਕੇ ਕਹਿੰਦੇ ਹਨ ਕਿ ਪਾਤਸਾਹ ਤਾਂ ਹੋਰ ਹੈ ਅਰਥਾਤ ਯਿਸੂ ॥੮॥ ਸੋ ਉ-
ਨਾਂ ਨੇ ਲੋਕਾਂ ਨੂੰ ਅਤੇ ਨਗਰ ਦਿਆਂ ਸਰਦਾਰਾਂ ਨੂੰ ਏਹ ਗੱਲਾਂ ਸੁਣਾਕੇ ਘਬਰਾ ਦਿੱਤਾ ॥੯॥
ਅਤੇ ਉਨਾਂ ਨੇ ਯਸੋਨ ਅਰ ਦੂਜਿਆਂ ਥੋਂ ਮੁਚਲਕਾ ਲੈਕੇ ਉਨਾਂ ਨੂੰ ਛੱਡ ਦਿੱਤਾ ॥
॥੧੦॥ ਪਰ ਭਾਈਆਂ ਨੇ ਤਾਂ ਬੜਤੋਡ਼ ਰਾਤ ਦੇ ਵੇਲੇ ਪੌਲੁਸ ਅਤੇ ਸੀਲਾਸ ਨੂੰ ਬਰੀਆ ਨੂੰ ਘੱ-
ਲ ਦਿੱਤਾ ਅਰ ਓਹ ਉੱਥੇ ਪਹੁੰਚਕੇ ਯਹੂਦੀਆਂ ਦੇ ਸਮਾਜ ਵਿੱਚ ਗਏ ॥੧੧॥ ਏੱਥੇ ਦੇ ਲੋਕ
ਤੱਸਲਨੀਕ ਦੇ ਲੋਕਾਂ ਨਾਲੋਂ ਬਹੁਤ ਚੰਗੇ ਸਨ ਇਸ ਲਈ ਜੋ ਇਨਾਂ ਨੇ ਦਿਲ ਦੀ ਵਡੀ ਚਾਹ
ਨਾਲ ਬਚਨ ਨੂੰ ਮੰਨ ਲਿਆ ਅਤੇ ਰੋਜ ਗ੍ਰੰਥਾਂ ਵਿੱਚ ਭਾਲ ਕਰਦੇ ਰਹੇ ਜੋ ਏਹ ਗੱਲਾਂ ਇਸੇ ਤ-

Original with:
Language Department Punjab
Digitized by:
Panjab Digital Library

ਰਾਂ ਹਨਕੇਨਹੀਂ॥੧੨॥ਇਸਲਈਬਹੁਤੇਉਨਾਂਵਿੱਚੋਂਅਤੇਯੂਨਾਨੀਪਤਵੰਤੀਆਂਤੀਮੀਆਂ
ਅਤੇਪੁਰਖਾਂਵਿੱਚੋਂਬੀਢੇਰਸਾਰਿਆਂਨੈਨਿਹਚਾਕੀਤੀ॥੧੩॥ਪਰਜਾਂਤੱਸਲਨੀਕਦੇਯ
ਹੂਦੀਆਂਨੈਜਾਣਿਆਭਈਪੌਲੁਸਪਰਮੇਸੁਰਦਾਬਚਨਬਰੀਆਂਵਿੱਚਬੀਸੁਣਾਉ
ਦਾਹੈਤਾਂਓਥੇਬੀਆਣਕੇਲੋਕਾਂਨੂੰਉਭਾਰਨਅਤੇਘਬਰਾਦੇਣਲੱਗੇ॥੧੪॥ਤਦਭਾ
ਈਆਂਨੈਝੱਟਪੌਲੁਸਨੂੰਵਿਦਿਆਕੀਤਾਜੋਸਮੁੰਦਰਤਾਈਂਜਾਵੇਅਤੇਸੀਲਾਸਅਰ
ਤਿਮਤਾਉਸਓਥੇਹੀਰਹੇ॥੧੫॥ਪਰਪੌਲੁਸਦੇਪੁਚਾਉਣਵਾਲਿਆਂਨੈਉਹਨੂੰਅਥੇਨੈ
ਤਾਈਂਆਂਦਾਅਤੇਸੀਲਾਸਅਰਤਿਮਤਾਉਸਦੇਲਈਹੁਕਮਲੈਕੇਭਈਜਿਸਤਰਾਂ
ਹੋਸੱਕੇਛੇਤੀਉਹਦੇਕੋਲਆਜਾਣਓਹਤੁਰਪਏ॥ ॥੧੬॥ਜਦੋਂਪੌਲੁਸ
ਅਥੇਨੈਵਿੱਚਉਨਾਂਦੀਉਡੀਕਕਰਦਾਸੀਤਾਂਸਹਿਰਨੂੰਮੂਰਤਾਂਨਾਲਭਰਿਆਹੋਇਆ ੦
ਵੇਖਕੇਉਹਦਾਜੀਜਲਰਿਆ॥੧੭॥ਇਸਲਈਉਹਸਮਾਜਵਿੱਚਯਹੂਦੀਆਂਅ
ਤੇਭਗਤਲੋਕਾਂਦੇਨਾਲਅਤੇਰੋਜਬਜਾਰਵਿੱਚਉਨਾਂਨਾਲਜੋਉਸਨੂੰਮਿਲਦੇਸਨਗਿ
ਆਨਰੋਸਟਕਰਦਾਸੀ॥੧੮॥ਅਤੇਅਪਿਕੂਰੀਅਰਸਤੋਇਕੀਪੰਡਿਤਾਂਵਿੱਚੋਂਬੀ
ਕਈਕੁਉਸਨਾਲਟੱਕਰਨਲੱਗੇ।ਅਤੇਕਈਆਂਨੈਆਖਿਆਜੋਇਹਬਕਵਾਦੀਕੀ
ਕਹਿਣਾਚਾਹੁੰਦਾਹੈ।ਅਰਕਈਬੋਲੇਜੋਇਹਤਾਂਪਰਾਏਦੇਉਤਿਆਂਦਾਦੱਸਣਵਾਲਾ
ਮਲੂਮਹੁੰਦਾਹੈਕਿਉਜੋਉਹਯਿਸੂਦਾਅਰਕਿਯਾਮਤਦਾਮੰਗਲਸਮਾਚਾਰਸੁਣਾਉਂਦ ੦

Original with:
Language Department Punjab
Digitized by:
Panjab Digital Library

ਸੀ ॥੧੮॥ ਅਤੇ ਓਹ ਉਸ ਨੂੰ ਫੜਕੇ ਅਰਿਯੁਪਰੁਗਸ ਉੱਤੇ ਲੈ ਗਏ ਅਰ ਬੋਲੇ ਕੀ ਅਸੀਂ
ਪੁੱਛ ਸੱਕਦੇ ਹਾਂ ਭਈ ਉਹ ਨਵੀਂ ਸਿੱਖਿਆ ਜੋ ਤੂੰ ਦਿੰਦਾ ਹੈਂ ਕੀ ਹੈ ॥੨੦॥ ਕਿਉਂ ਜੋ ਤੂੰ ਸਾਡੇ ਕੰ-
ਨੀਂ ਅਨੋਖੀਆਂ ਗੱਲਾਂ ਪਾਉਂਦਾ ਹੈਂ। ਸੋ ਅਸੀਂ ਉਨਾਂ ਦਾ ਅਰਥ ਜਾਣਿਆ ਚਾਹੁੰਦੇ ਹਾਂ ॥੨੧
॥ ਕਿਉਂ ਜੋ ਸਾਰੇ ਅਥੇਨੀ ਲੋਕ ਅਤੇ ਜੇਹੜੇ ਪਰਦੇਸੀ ਓੱਥੇ ਰਹਿੰਦੇ ਸਨ ਨਵੀਆਂ ਨਵੀਆਂ ਗੱ-
ਲਾਂ ਸੁਣਨ ਅਥਵਾ ਸੁਣਾਉਂਣ ਥੋਂ ਬਿਨਾ ਆਪਣਾ ਵੇਲਾ ਹੋਰ ਕਿਸੇ ਕੰਮ ਵਿੱਚ ਨਹੀਂ ਸੀ ਕੱ-
ਟਦੇ ॥੨੨॥ ਅਤੇ ਪੌਲੁਸ ਅਰਿਯੁਪਰੁਗਸ ਦੇ ਵਿੱਚ ਖੜਾ ਹੋਕੇ ਕਹਿਣ ਲੱਗਾ ॥
॥ ਹੇ ਅਥੇਨੀਓ ਮੈਂ ਤੁਹਾਨੂੰ ਹਰ ਤਰਾਂ ਨਾਲ ਦੇਉਤਿਆਂ ਦੇ ਵੱਡੇ ਪੂਜਣਵਾਲੇ ਵੇਖਦਾ ਹਾਂ ॥੨੩
॥ ਕਿਉਂ ਜੋ ਮੈਂ ਫਿਰਦੇ ਫੁਰਦੇ ਅਤੇ ਤੁਹਾਡੇ ਇਸ਼ਟ ਦੇਵਾਂ ਪੁਰ ਨਜਰ ਕਰਦੇ ਹੋਏ ਇੱਕ ਵੇਦੀ
ਭੀ ਵੇਖੀ ਜਿਹ ਦੇ ਉੱਤੇ ਇਹ ਲਿਖਿਆ ਹੋਇਆ ਸੀ ਜੋ ਬੇਮਲੂਮ ਖੁਦਾ ਦੇ ਲਈ। ਉਪਰੰਦ
ਜਿਹ ਨੂੰ ਤੁਸੀਂ ਮਲੂਮ ਕੀਤੇ ਬਿਨਾ ਪੂਜਦੇ ਹੋ ਮੈਂ ਤੁਹਾ ਨੂੰ ਓਸੇ ਦੀ ਖਬਰ ਦਿੰਦਾ ਹਾਂ ॥੨੪॥
ਉਹ ਪਰਮੇਸ਼ੁਰ ਜਿਹ ਨੈ ਸੰਸਾਰ ਅਤੇ ਜੋ ਕੁਛ ਉਹ ਦੇ ਵਿੱਚ ਹੈ ਰਚਿਆ ਉਹ ਅਕਾਸ਼ ਅਤੇ ਧ-
ਰਤੀ ਦਾ ਮਾਲਕ ਹੋਕੇ ਹੱਥਾਂ ਦੇ ਬਣਾਇਆਂ ਹੋਇਆਂ ਮੰਦਰਾਂ ਵਿੱਚ ਨਹੀਂ ਵਸਦਾ ਹੈ ॥੨੫॥
ਅਤੇ ਨਾ ਕਿਸੇ ਚੀਜ ਥੋਂ ਥੁੜਕੇ ਮਨੁੱਖਾਂ ਦੇ ਹੱਥੋਂ ਸੇਵਾ ਕਰਾਉਂਦਾ ਹੈ ਕਿਉਂ ਜੋ ਉਹ ਆਪੇ ਸਭ-
ਨਾਂ ਨੂੰ ਜੀਉਣ ਅਤੇ ਸਵਾਸ ਅਤੇ ਸਭੋ ਕੁਛ ਦਿੰਦਾ ਹੈ ॥੨੬॥ ਅਤੇ ਉਸ ਨੈ ਮਨੁੱਖਾਂ ਦੀ
ਹਰੇਕ ਕੋਮ ਨੂੰ ਸਾਰੀ ਧਰਤੀ ਪੁਰ ਵਸਣ ਲਈ ਇੱਕ ਥੋਂ ਰਚਿਆ ਅਤੇ ਉਨਾਂ ਦੇ ਥਾਪੇ ਹੋਏ

Original with:
Language Department Punjab
Digitized by:
Panjab Digital Library

ਸਮੇ ਅਤੇ ਰਹਿਣ ਦੀਆਂ ਹੱਦਾਂ ਠਰਾਈਆਂ ॥੨੭॥ ਭਈ ਓਹ ਪਰਮੇਸੁਰ ਨੂੰ ਭਾਲਣ ਕੀ ਜਾਣਿ-
ਯੇ ਜੋ ਉਸ ਨੂੰ ਟੋਹ ਕੇ ਲਭ ਲੈਣ ਭਾਵੇਂ ਉਹ ਸਾਡੇ ਵਿੱਚੋਂ ਕਿਸੇ ਥੋਂ ਦੂਰ ਨਹੀਂ ॥੨੮॥ ਕਿਉਂ ਕਿ ਓਸ
ਵਿੱਚ ਅਸੀਂ ਜੀਉਂਦੇ ਅਰ ਤੁਰਦੇ ਫਿਰਦੇ ਅਤੇ ਮਜੂਦ ਹਾਂ ਗੇ ਜਿਹਾ ਕੁ ਤੁਹਾਡੇ ਕਵੀ ਸਰਾਂ ਵਿੱਚੋਂ
ਭੀ ਕਿਨਿਆਂ ਨੈ ਆਖਿਆ ਹੈ ਭਈ ਅਸੀਂ ਤਾਂ ਉਹ ਦੀ ਅੰਸ ਭੀ ਹਾਂ ॥੨੯॥ ਸੋ ਪਰਮੇਸੁਰ
ਦੀ ਅੰਸ ਹੋ ਕੇ ਸਾ ਨੂੰ ਜੋਗ ਨਹੀਂ ਜੋ ਇਹ ਸਮਝਿਯੇ ਭਈ ਪਰਮੇਸੁਰ ਸੋਨੇ ਚਾਂਦੀ ਜਾਂ ਪੱਥਰ ਵਰ-
ਗਾ ਹੈ ਜਿਹੜਾ ਮਨੁੱਖ ਦੀ ਹੱਥੋਟੀ ਅਤੇ ਕਾਰੀਗਰੀ ਨਾਲ ਉੱਕਰਿਆ ਹੋਇਆ ਹੈ ॥੩੦॥ ਉ-
ਥਦ ਪਰਮੇਸੁਰ ਨੈ ਅਣਜਾਣਪੁਣੇ ਦੇ ਸਮਿਆਂ ਵਲੋਂ ਅੱਖੀਆਂ ਫੇਰ ਲਈਆਂ ਸਨ ਪਰ
ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੋਬਾ ਕਰਨ ॥੩੧॥ ਕਿਉਂ ਜੋ ਉਸ ਨੈ ਇ-
ਕ ਦਿਨ ਠਰਾ ਛੱਡਿਆ ਹੈ ਜਿਹ ਦੇ ਵਿੱਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੂ
ਉਸ ਮਨੁੱਖ ਦੇ ਹੱਥੀਂ ਜਿਹ ਨੂੰ ਉਸ ਨੈ ਠਰਾਇਆ ਅਤੇ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲ ਕੇ
ਇਹ ਗੱਲ ਸਭਨਾਂ ਉੱਤੇ ਸਾਬਤ ਕੀਤੀ ਹੈ ॥ ॥੩੨॥ ਅਰ ਜਾਂ ਉਨਾਂ ਨੈ ਮੁਰ-
ਦਿਆਂ ਦੇ ਜੀ ਉੱਠਣ ਦੀ ਗੱਲ ਸੁਣੀ ਤਾਂ ਕਈ ਮਖੌਲ ਕਰਨ ਲੱਗੇ ਪਰ ਹੋਰਨਾਂ ਆਖਿਆ
ਅਸੀਂ ਇਹ ਗੱਲ ਤੈਥੋਂ ਕਦੇ ਫੇਰ ਸੁਣਾਂਗੇ ॥੩੩॥ ਇਹ ਹਾਲ ਸੀ ਜਾਂ ਪੌਲੁਸ ਉਨਾਂ ਦੇ ਵਿੱਚੋ
ਚੱਲਿਆ ਗਿਆ ॥੩੪॥ ਪਰੰਤੁ ਕਈ ਪੁਰਖਾਂ ਨੈ ਉਹ ਦੇ ਨਾਲ ਰਲ ਕੇ ਪਰਤੀਤ ਕੀਤੀ। ਉ-
ਨਾਂ ਵਿੱਚ ਦਿਯਾਨੁਸਿਯੁਸ ਅਰਿਯੁਪਗੀ ਅਤੇ ਦਾਮਰਿਸ ਨਾਮੇ ਇੱਕ ਤੀਮੀ। ਅਤੇ ਹੋਰ ਕਈ

Original with
Language Dep
Digitized by:
Panjab Digital Library

ਉਨਾਂ ਦੇ ਨਾਲ ਸਨ॥

੧੮ ਕਾਂਡ॥ ਇਹ ਦੇ ਪਿੱਛੋਂ ਪੌਲੁਸ ਅਥੇਨੈ ਥੋਂ ਤੁਰ ਕੇ ਕੁਰਿੰਥੁਸ ਵਿੱਚ ਆਇਆ॥੨॥ ਅ-
ਰੱਥੇ ਅਕੂਲਾ ਨਾਉਂ ਦਾ ਕੋਈ ਯਹੂਦੀ ਉਹ ਨੂੰ ਮਿਲਿਆ ਜਿਹ ਦੀ ਜੰਮਣ ਭੂਮ
ਪੁੰਤੁਸ ਸੀ ਅਤੇ ਥੋੜੇ ਚਿਰ ਦਾ ਆਪਣੀ ਤੀਮੀਂ ਪ੍ਰਿਸਕਿੱਲਾ ਸਣੇ ਇਤਾਲਿਯਾ ਥੋਂ ਆਇਆ ੦
ਹੋਇਆ ਸੀ ਕਿਉਂ ਜੋ ਕਲੌਦਿਯੁਸ ਨੈ ਹੁਕਮ ਦਿੱਤਾ ਸੀ ਭਈ ਸਾਰੇ ਯਹੂਦੀ ਰੂਮ ਥੋਂ ਨਿੱਕਲ ਜ ੦
ਣ। ਸੋ ਉਹ ਉਨਾਂ ਦੇ ਕੋਲ ਗਿਆ॥੩॥ ਅਤੇ ਇਸ ਲਈ ਜੋ ਓਹ ਇੱਕੋ ਕਿਰਤ ਕਰਨ ਵਾਲੇ ਸ-
ਨ ਉਨਾਂ ਦੇ ਸੰਗ ਰਿਹਾ ਅਤੇ ਓਹ ਕੰਮ ਕਰਨ ਲੱਗੇ। ਕਿਉਂ ਜੋ ਉਨਾਂ ਦੀ ਕਿਰਤ ਤੰਬੂ ਬਣਾਉਣ ਦੀ
ਸੀ॥੪॥ ਅਤੇ ਉਹ ਹਰ ਸਬਤ ਦੇ ਦਿਨ ਸਮਾਜ ਵਿੱਚ ਬਚਨ ਸੁਣਾਉਂਦਾ ਅਤੇ ਯਹੂਦੀਆਂ ਅ-
ਤੇ ਯੂਨਾਨੀਆਂ ਨੂੰ ਸਮਝਾਉਂਦਾ ਸੀ॥ ॥੫॥ ਪਰ ਜਦ ਸੀਲਾਸ ਅਤੇ ਤਿਮਤਾਉ-
ਸ ਮਕਦੂਨ ਥੋਂ ਆਏ ਤਦ ਪੌਲੁਸ ਬਚਨ ਦੇ ਵੱਸ ਵਿੱਚ ਹੋ ਕੇ ਯਹੂਦੀਆਂ ਦੇ ਅੱਗੇ ਸਾਖੀ ਦੇ ਰਿ-
ਹਾ ਸੀ ਜੋ ਯਿਸੂ ਉਹੋ ਮਸੀਹ ਹੈ॥੬॥ ਅਤੇ ਜਾਂ ਓਹ ਸਾਹਮਣਾ ਕਰਨ ਅਤੇ ਕੁਫਰ ਬਕਣ ਲੱਗੇ
ਤਾਂ ਉਸ ਨੈ ਆਪਣੇ ਲੀੜੇ ਝਾੜ ਕੇ ਉਨਾਂ ਨੂੰ ਆਖਿਆ ਤੁਹਾਡਾ ਖੂਨ ਤੁਹਾਡੀ ਹੀ ਗਰਦਨ
ਉੱਤੇ। ਮੈਂ ਬੇਦੋਸ ਹਾਂ। ਏਦੋਂ ਅੱਗੇ ਮੈਂ ਪਰਾਈਆਂ ਕੌਮਾਂ ਦਿਆਂ ਲੋਕਾਂ ਵਲ ਜਾਵਾਂਗਾ॥੭॥
ਅਰ ਉਹ ਉੱਥੋਂ ਤੁਰ ਕੇ ਤੀਤੁਸ ਯੂਸਤੁਸ ਨਾਮੇ ਪਰਮੇਸੁਰ ਦੇ ਇੱਕ ਭਗਤ ਲੋਕ ਦੇ ਘਰ ਗਿ-
ਆ ਜਿਹ ਦਾ ਘਰ ਸਮਾਜ ਦੇ ਨਾਲ ਲੱਗਦਾ ਸੀ॥੮॥ ਅਤੇ ਸਮਾਜ ਦੇ ਸਰਦਾਰ ਕਰਿਸਪੁ-

Original from Language Department Punjab
Digitized by: Panjab Digital Library

ਸ ਨੈ ਆਪਣੇ ਸਾਰੇ ਟੱਬਰ ਸਣੇ ਪ੍ਰਭੂ ਦੀ ਪਰਤੀਤ ਕੀਤੀ ਅਤੇ ਕੁਰਿੰਥੀਆਂ ਵਿੱਚੋਂ ਢੇ ਰਸ
ਰੇ ਲੋਕਾਂ ਨੈ ਸੁਣਕੇ ਨਿਹਚਾ ਕੀਤੀ ਅਤੇ ਬਪਤਿਸਮਾ ਲਿਆ ।। ੯ ।। ਤਾਂ ਪ੍ਰਭੂ ਨੈ ਰਾਤ ਦੇ ਵੇਲੇ
ਪੌਲੁਸ ਨੂੰ ਦਰਸ਼ਣ ਦੇਕੇ ਕਿਹਾ ਨਾ ਡਰ ਸੋਗੋਂ ਬੋਲੀ ਜਾਹ ਅਤੇ ਚੁੱਪ ਨਾ ਰਹੁ ।। ੧੦ ।। ਇਸ ਲ-
ਈ ਜੋ ਮੈਂ ਤੇਰੇ ਨਾਲ ਹਾਂ ਅਤੇ ਕੋਈ ਤੈ ਨੂੰ ਦੁਖ ਦੇਣ ਲਈ ਤੇਰੇ ਉੱਤੇ ਹੱਲਾ ਨਾ ਕਰੂ ਕਿੰਉ ਜੋ ਇਸ
ਸ਼ਹਿਰ ਵਿੱਚ ਮੇਰੇ ਬਹੁਤ ਲੋਕ ਹਨ ।। ੧੧ ।। ਸੋ ਉਹ ਡੂਢ ਬਰਸ ਓੱਥੇ ਰਹਿਕੇ ਉਨਾਂ ਦੇ ਵਿੱਚ ਪ-
ਰਮੇਸੁਰ ਦਾ ਬਚਨ ਸੁਣਾਉਂਦਾ ਰਿਹਾ ।। ੧੨ ।। ਪਰ ਜਦ ਗਾੱਲੀਓ ਅਖਾ-
ਯਾ ਦਾ ਹਾਕਮ ਸੀ ਤਾਂ ਯਹੂਦੀ ਮਿਲਕੇ ਪੌਲੁਸ ਪੁਰ ਚੜ੍ਹ ਆਏ ਅਤੇ ਉਹ ਨੂੰ ਅਦਾਲਤ
ਵਿੱਚ ਲਜਾਕੇ ਬੋਲੇ ।। ੧੩ ।। ਇਹ ਮਨੁੱਖ ਲੋਕਾਂ ਨੂੰ ਜ਼ਰਾ ਥੋਂ ਉਲਟਾ ਪਰਮੇਸੁਰ ਦੀ ਬੰਦਗੀ
ਕਰਨ ਨੂੰ ਉਕਸਾਰਦਾ ਹੈ ।। ੧੪ ।। ਪਰ ਜਾਂ ਪੌਲੁਸ ਮੂੰਹ ਖੋਲਣ ਲੱਗਾ ਤਾਂ ਗਾੱਲੀਓ ਨੈ ਯਹੂਦੀ-
ਆਂ ਨੂੰ ਆਖਿਆ ਹੇ ਯਹੂਦੀਓ ਜੇ ਕੁਛ ਜ਼ੁਲਮ ਜਾਂ ਬੁਰਿਆਈ ਦੀ ਗੱਲ ਹੁੰਦੀ ਤਾਂ ਜੋਗ
ਸੀ ਜੋ ਮੈਂ ਤੁਹਾਡੀ ਸੁਣਦਾ ।। ੧੫ ।। ਪਰ ਜੇ ਏਹ ਝਗੜੇ ਸਬਦਾਂ ਅਤੇ ਨਾਵਾਂ ਅਤੇ ਤੁਹਾਡੀਆ ੦
ਪਣੀ ਸਰਾ ਵਿਖੇ ਹਨ ਤਾਂ ਤੁਸੀਂ ਹੀ ਜਾਣੋ । ਮੈਂ ਨਹੀਂ ਚਾਹੁੰਦਾ ਜੋ ਇਨਾਂ ਗੱਲਾਂ ਦਾ ਮੁਨਸਬ ਹੋਵ ੦
।। ੧੬ ।। ਅਤੇ ਉਸ ਨੈ ਉਨਾਂ ਨੂੰ ਅਦਾਲਤੋਂ ਬਾਹਰ ਕੱਢ ਦਿੱਤਾ ।। ੧੭ ।। ਅਤੇ ਉਨਾਂ ਸਭਨਾਂ ਨੈ ਸ-
ਭਾ ਜ ਦੇ ਸਰਦਾਰ ਸੋਸਥਨੇਸ ਨੂੰ ਫੜਕੇ ਅਦਾਲਤ ਦੇ ਸਾਹਮਣੇ ਮਾਰਿਆ ਅਤੇ ਗੱਲੀਓ
ਨੈ ਇਨਾਂ ਗੱਲਾਂ ਵਲ ਕੁਝ ਧਿਆਨ ਨਾ ਕੀਤਾ ।। ੧੮ ।। ਅਤੇ ਪੌਲੁਸ ਹੋਰ ਬੀ

Original wit
Language Department Punjab
Digitized by:
Panjab Digital Library

ਬਹੁਤ ਦਿਨ ਓੱਥੇ ਠਹਿਰ ਕੇ ਫੇਰ ਭਾਈਆਂ ਕੋਲੋਂ ਵਿਦਿਆ ਹੋਇਆ ਅਤੇ ਕੰਖਰਿਆ ਵਿੱਚ
ਸਿਰ ਮੁਨਾਕੇ ਕਿਉਂ ਜੋ ਉਸ ਨੇ ਮੰਨਤ ਮੰਨੀ ਸੀ। ਪ੍ਰਿਸਕਿੱਲਾ ਅਤੇ ਅਕੂਲਾ ਦੇ ਸੰਗ ਜਹਾ
ਜ ਪੁਰ ਸੁਰੀਆ ਦੀ ਵਲ ਨੂੰ ਚੱਲਿਆ ਗਿਆ ॥੧੯॥ ਅਤੇ ਅਫ਼ਸੁਸ ਵਿੱਚ ਪਹੁੰਚ ਕੇ
ਉਨਾਂ ਨੂੰ ਓੱਥੇ ਹੀ ਛੱਡ ਗਿਆ ਪਰ ਆਪ ਸਮਾਜ ਵਿੱਚ ਜਾ ਕੇ ਯਹੂਦੀਆਂ ਦੇ ਨਾਲ ਗਿਆ-
ਨ ਚੋਜ ਸ ਟ ਕੀਤੀ ॥੨੦॥ ਅਰ ਉਨਾਂ ਨੇ ਉਸ ਦੇ ਅੱਗੇ ਬੇਨਤੀ ਕੀਤੀ ਕਿ ਕੁਛ ਦਿਨ ਹੋਰ ਰ-
ਹੇ ਪਰ ਉਹ ਨੇ ਨਾ ਮੰਨਿਆ ॥੨੧॥ ਪਰੰਤੂ ਇਹ ਕਹਿ ਕੇ ਭਈ ਪਰਮੇਸੁਰ ਚਾਹੇ ਤਾਂ ਮੈਂ ਤੁਹਾ-
ਡੇ ਕੋਲ ਫੇਰ ਆਵਾਂਗਾ ਉਹ ਉਨਾਂ ਕੋਲੋਂ ਵਿਦਿਆ ਹੋਇਆ ਅਤੇ ਜਹਾਜ ਖੋਲ੍ਹ ਕੇ ਅਫ਼ਸੁ-
ਸ ਥੋਂ ਚੱਲਿਆ ਗਿਆ ॥੨੨॥ ਅਤੇ ਉਹ ਕੈਸਰੀਆ ਵਿੱਚ ਉੱਤਰਿਆ ਅਰ ਜਾਂ ਉਸ ਨੇ
ਜਾ ਕੇ ਕਲੀਸਿਯਾ ਨੂੰ ਸਲਾਮ ਕੀਤਾ ਤਾਂ ਅੰਤਾਕਿਯਾ ਵਿੱਚ ਆਇਆ ॥੨੩॥ ਅਰ ਓ-
ਥੇ ਕਿੰਨਾ ਕੁ ਚਿਰ ਰਹਿ ਕੇ ਉਹ ਚੱਲਿਆ ਗਿਆ ਅਤੇ ਗਲਾਤ ਅਤੇ ਫ਼ਰੁਗਿਯਾ ਦੇ ਦੇਸ
ਵਿੱਚ ਇੱਕ ਪਾਸਿਓਂ ਲਾ ਕੇ ਫਿਰਦਿਆਂ ਹੋਇਆਂ ਸਾਰਿਆਂ ਸਿੱਖਾਂ ਨੂੰ ਤਗੜੇ ਕਰਦਾ ਗਿਆ
॥ ॥੨੪॥ ਅਤੇ ਅਪੁੱਲੋਸ ਨਾਮੇ ਇੱਕ ਯਹੂਦੀ ਜਿਹ ਦੀ ਜੰਮਣ ਭੂਮ ਸਿਕੰਦ-
ਰਿਯਾ ਸੀ ਅਰ ਵਿੱਦਿਆਵਾਨ ਅਤੇ ਰੱਥਾਂ ਵਿੱਚ ਵਡਾ ਪੱਕਾ ਸੀ ਅਫ਼ਸੁਸ ਵਿੱਚ ਆਇ-
ਆ ॥੨੫॥ ਇਹ ਨੇ ਪ੍ਰਭੁ ਦੇ ਰਾਹ ਦੀ ਸਿੱਖਿਆ ਪਾਈ ਸੀ ਅਤੇ ਮਨ ਵਿੱਚ ਸਰਗਰਮ ਹੋ ਕੇ
ਯਿਸੂ ਦੀਆਂ ਗੱਲਾਂ ਜਤਨ ਨਾਲ ਸੁਣਾਉਂਦਾ ਅਤੇ ਸਿਖਾਲ੍ਹਦਾ ਸੀ ਪਰ ਨਿਰਾ ਯੂਹੰਨਾ ਦਾ

Original with:
Language Department Punjab
Digitized by:
Panjab Digital Library

ਬਪਤਿਸਮਾ ਜਾਣਦਾ ਸੀ॥੨੬॥ ਉਹ ਸਮਾਜ ਵਿੱਚ ਬੇਧੜਕ ਬੋਲਣ ਲੱਗਾ ਪਰ ਜਾਂ ਪ੍ਰਿ-
ਸਕਿੱਲਾ ਅਤੇ ਅਕੂਲਾ ਨੇ ਉਹਦੀ ਸੁਣੀ ਤਾਂ ਉਸ ਨੂੰ ਆਪਣੇ ਨਾਲ ਰਲਾ ਕੇ ਉਹ ਨੂੰ ਪਰ-
ਮੇਸੁਰ ਦਾ ਰਾਹ ਹੋਰ ਬੀ ਠੀਕ ਤਰਾਂ ਨਾਲ ਦੱਸਿਆ॥੨੭॥ ਜਦ ਉਹ ਨੇ ਅਖਾਯਾ ਨੂੰ ਜ
ਣ ਦੀ ਦਲੀਲ ਕੀਤੀ ਤਦ ਭਾਈਆਂ ਨੇ ਉਹ ਨੂੰ ਦਿਲਾਸਾ ਦਿੱਤਾ ਅਤੇ ਸਿੱਖਾਂ ਨੂੰ ਲਿਖ ਭੇ-
ਜਿਆ ਭਈ ਉਹਦਾ ਆਦਰ ਭਾਉ ਕਰਨ। ਜੋ ਉਸ ਨੇ ਓੱਥੇ ਪਹੁੰਚ ਕੇ ਉਨਾਂ ਦੀ ਵਡੀ ਸਹਾ-
ਇਤਾ ਕੀਤੀ ਜਿਨਾਂ ਕਿਰਪਾ ਦੇ ਕਾਰਨ ਨਿਹਚਾ ਕੀਤੀ ਸੀ॥੨੮॥ ਕਿਉਂ ਜੋ ਉਸ ਨੇ ਥਾਂ-
ਥੋਂ ਪ੍ਰਮਾਣ ਦੇ ਦੇ ਕੇ ਜੋ ਜ਼ੋਰ ਉਹੋ ਮਸੀਹ ਹੈ ਵਡੀ ਤਗੜਾਈ ਨਾਲ ਸਭਨਾਂ ਦੇ ਸਾਹਮਣੇ ਯ-
ਹੂਦੀਆਂ ਦਾ ਮੂੰਹ ਬੰਦ ਕਰ ਦਿੱਤਾ॥

੧੯ ਕਾਂਡ॥ ਅਤੇ ਐਉਂ ਹੋਇਆ ਕਿ ਜਾਂ ਅਪੁੱਲੋਸ ਕੁਰਿੰਥੁਸ ਵਿੱਚ ਸੀ ਤਾਂ ਪੌਲੁਸ ਉੱ-
ਪਰਲੇ ਇਲਾਕਿਆਂ ਵਿੱਚੋਂ ਦੀ ਲੰਘਕੇ ਅਫ਼ਸੁਸ ਨੂੰ ਆਇਆ॥੨॥ ਅ-
ਤੇ ਕਈ ਸਿੱਖਾਂ ਨੂੰ ਲੱਭ ਕੇ ਉਨਾਂ ਨੂੰ ਆਖਿਆ ਜਾਂ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾ ਨੂੰ ਪਵਿ-
ਤ੍ਰ ਆਤਮਾ ਮਿਲਿਆ। ਉਨਾਂ ਉਸ ਨੂੰ ਕਿਹਾ ਅਸਾਂ ਤਾਂ ਇਹ ਸੁਣਿਆ ਬੀ ਨਹੀਂ ਭਈ ਪਵਿ-
ਤ੍ਰ ਆਤਮਾ ਦਿੱਤਾ ਜਾਂਦਾ ਹੈ॥੩॥ ਅਤੇ ਓਨ ਆਖਿਆ ਫੇਰ ਤੁਸਾਂ ਕਾਹ ਦਾ ਬਪਤਿਸਮਾ
ਲਿਆ। ਓਹ ਬੋਲੇ ਯੂਹੰਨਾ ਦਾ ਬਪਤਿਸਮਾ॥੪॥ ਉਪਰੰਦ ਪੌਲੁਸ ਨੇ ਕਿਹਾ ਯੂਹੰਨਾ ਤੋਬ
ਦਾ ਬਪਤਿਸਮਾ ਦਿੰਦਾ ਅਤੇ ਲੋਕਾਂ ਨੂੰ ਇਹ ਆਖਦਾ ਸੀ ਭਈ ਤੁਸੀਂ ਉਸ ਉੱਤੇ ਜੋ ਮੇਰੇ ਪਿੱ-

Original wit
Language De tment Punjab
Digitized by:
Panjab Digital Library

ਛੇ ਆਉਣਵਾਲਾ ਹੈ ਅਰਥਾਤ ਜਿਸ ਉੱਤੇ ਨਿਹਚਾ ਕਰੋ ॥੫॥ ਇਹ ਸੁਣਕੇ ਉਨਾਂ ਨੇ ਪ੍ਰਭੁ ਜਿ-
ਸ ਦੇ ਨਾਉਂ ਪੁਰ ਬਪਤਿਸਮਾ ਲਿਆ ॥੬॥ ਅਤੇ ਜਾਂ ਪੌਲੁਸ ਨੇ ਉਨਾਂ ਉੱਤੇ ਹੱਥ ਧਰੇ ਤਾਂ ਪ-
ਵਿਤ੍ਰ ਆਤਮਾ ਉਨਾਂ ਪੁਰ ਉੱਤਰਿਆ ਅਰ ਓਹ ਬੋਲੀਆਂ ਬੋਲਣ ਅਤੇ ਅਗੰਮ ਵਾਕ
ਕਰਨ ਲੱਗੇ ॥੭॥ ਓਹ ਸਭ ਬਾਰਾਂ ਪੁਰਖ ਸਨ ॥ ॥੮॥ ਅਤੇ ਪੌਲੁਸ ਸ-
ਮਾਜ ਵਿੱਚ ਜਾਕੇ ਪਰਮੇਸ਼ੁਰ ਦੇ ਰਾਜ ਦੇ ਵਿਖੇ ਬਚਨ ਸੁਣਾਉਂਦਿਆਂ ਅਤੇ ਲੋਕਾਂ ਨੂੰ ਸਮਝ ੦
ਉਂਦਿਆਂ ਹੋਇਆਂ ਤਿੰਨ ਮਹੀਨੇ ਬੇਧੜਕ ਬੋਲਦਾ ਰਿਹਾ ॥੯॥ ਪਰ ਜਾਂ ਕਿਨਿਆਂ ਨੇ ਕ-
ਠੋਰ ਹੋਕੇ ਨਾ ਮੰਨਿਆ ਅਤੇ ਲੋਕਾਂ ਦੇ ਅੱਗੇ ਉਸ ਪੰਥ ਨੂੰ ਬੁਰਾ ਕਹਿਣ ਲੱਗੇ ਤਾਂ ਉਸ ਨੇ
ਉਨਾਂ ਕੋਲੋਂ ਅੱਡ ਹੋਕੇ ਸਿੱਖਾਂ ਨੂੰ ਅਲੱਗ ਕੀਤਾ ਅਤੇ ਤੁਰੰਨੁਸ ਦੀ ਪਾਠਸ਼ਾਲਾ ਵਿੱਚ ਰੋਜ
ਬਚਨ ਸੁਣਾਉਂਦਾ ਸੀ ॥੧੦॥ ਅਰ ਇਹ ਦੋ ਵਰਿਹਾਂ ਤੀਕੁ ਹੁੰਦਾ ਰਿਹਾ ਐਥੋਂ ਤੋੜੀ ਜੋ ਅ-
ਸਿਯਾ ਦੇ ਵਾਸੀ ਕਿਆ ਯਹੂਦੀ ਕਿਆ ਯੂਨਾਨੀ ਸਭਨਾਂ ਨੇ ਪ੍ਰਭੁ ਦਾ ਬਚਨ ਸੁਣਿਆ ॥
੧੧॥ ਅਤੇ ਪਰਮੇਸ਼ੁਰ ਪੌਲੁਸ ਦੇ ਹੱਥੋਂ ਅਨੋਖੀਆਂ ਕਰਾਮਾਤਾਂ ਵਿਖਾਲਦਾ ਸੀ ॥੧੨॥
ਐਥੋਂ ਤੀਕੁ ਜੋ ਰੁਮਾਲ ਅਰ ਪਟਕੇ ਉਹ ਦੇ ਸਰੀਰ ਨੂੰ ਛੁਆਕੇ ਰੋਗੀਆਂ ਉੱਤੇ ਪਾਉਂਦੇ ਸ-
ਨ ਅਤੇ ਉਨਾਂ ਦੇ ਰੋਗ ਜਾਂਦੇ ਰਹਿੰਦੇ ਅਰ ਦੁਸ਼ਟ ਆਤਮੇ ਨਿੱਕਲ ਜਾਂਦੇ ਸਨ ॥੧੩॥ ਤਦੋਂ
ਯਹੂਦੀਆਂ ਵਿੱਚੋਂ ਕਈ ਆਦਮੀਆਂ ਨੇ ਜੋ ਇਧਰ ਉਧਰ ਫਿਰਦਿਆਂ ਹੋਇਆਂ ਝਾੜ ਫੂੰ-
ਕ ਕਰਦੇ ਹੁੰਦੇ ਸਨ ਇਹ ਦਲੇਰੀ ਕੀਤੀ ਕਿ ਜਿਨਾਂ ਨੂੰ ਦੁਸ਼ਟ ਆਤਮੇ ਚਿੰਬੜੇ ਹੋਏ ਸਨ ਉਨ

Original with:
Language Department Punjab
Digitized by:
Panjab Digital Library

ਉੱਤੇ ਪ੍ਰਭੁ ਯਿਸੂ ਦਾ ਨਾਉਂ ਲੈਕੇ ਕਹਿਣ ਲੱਗੇ ਭਈ ਮੈਂ ਤੁਹਾਨੂੰ ਯਿਸੂ ਦੇ ਨਾਉਂ ਦੀ ਸੌਂਹ ਦਿੰਦਾ ਹ
ਜਿਹਦੀ ਪੌਲੁਸ ਮਨਾਦੀ ਕਰਦਾ ਹੈ।।੧੪।। ਅਤੇ ਸਕੇਵਾ ਨਾਮੇ ਕਿਸੇ ਯਹੂਦੀ ਪਰਧਾਨ ਜਾਜ
ਕਦੇ ਸੱਤ ਪੁੱਤ ਸਨ ਜੇਹੜੇ ਇਹੋ ਕਰਦੇ ਸੀ।।੧੫।। ਪਰ ਦੁਸ਼ਟ ਆਤਮਾ ਨੇ ਉਨਾਂ ਨੂੰ ਉੱਤਰ
ਦਿੱਤਾ ਭਈ ਯਿਸੂ ਨੂੰ ਮੈਂ ਜਿਆਣਦਾ ਹਾਂ ਅਤੇ ਪੌਲੁਸ ਨੂੰ ਮੈਂ ਜਾਣਦਾ ਹਾਂ ਪਰ ਤੁਸੀਂ ਕੌਣ
ਹੋ।।੧੬।। ਅਤੇ ਉਹ ਮਨੁੱਖ ਜਿਹ ਨੂੰ ਦੁਸ਼ਟ ਆਤਮਾ ਚਿੰਬੜਿਆ ਹੋਇਆ ਸੀ ਟੁੱਟਕੇ ਉ
ਨਾਂ ਉੱਤੇ ਆਣ ਪਿਆ ਅਤੇ ਦੋਹਾਂ ਨੂੰ ਵੱਸ ਵਿੱਚ ਲਿਆਕੇ ਉਨਾਂ ਪੁਰ ਐਡਾ ਪਰਬਲ ਹੋਇ
ਆ ਜੋ ਓਹ ਨੰਗੇ ਅਤੇ ਘਾਇਲ ਹੋਕੇ ਉਸ ਘਰ ਵਿੱਚੋਂ ਭੱਜ ਨਿੱਕਲੇ।।੧੭।। ਅਤੇ ਇਹ ਗੱ
ਲ ਸਭ ਯਹੂਦੀਆਂ ਅਰ ਯੂਨਾਨੀਆਂ ਉੱਤੇ ਜੇਹੜੇ ਅਫ਼ਸੁਸ ਵਿੱਚ ਰਹਿੰਦੇ ਸਨ ਉਜਾ
ਗਰ ਹੋ ਗਈ ਅਤੇ ਓਹ ਸਭ ਡਰ ਗਏ ਅਤੇ ਪ੍ਰਭੁ ਯਿਸੂ ਦੇ ਨਾਉਂ ਦੀ ਵਡਿਆਈ ਹੋਈ
।।੧੮।। ਅਰ ਜਿਨਾਂ ਨਿਹਚਾ ਕੀਤੀ ਸੀ ਉਨਾਂ ਵਿੱਚੋਂ ਬਹੁਤ ਸਾਰਿਆਂ ਨੇ ਆਣਕੇ ਆਪਣਿ
ਆਂ ਕੰਮਾਂ ਨੂੰ ਮੰਨ ਲਿਆ ਅਤੇ ਦੱਸ ਦਿੱਤਾ।।੧੯।। ਅਰ ਬਹੁਤੇ ਉਨਾਂ ਵਿੱਚੋਂ ਬੀ ਜੇਹੜੇ ਜਾ
ਦੂ ਕਰਦੇ ਸਨ ਆਪਣੀਆਂ ਪੋਥੀਆਂ ਕੱਠੀਆਂ ਕਰਕੇ ਲਿਆਏ ਅਤੇ ਸਭਨਾਂ ਦੇ ਸਾਹਮ
ਣੇ ਫੂਕ ਸੁੱਟੀਆਂ ਅਤੇ ਜਾਂ ਉਨਾਂ ਦੇ ਮੁੱਲ ਦਾ ਜੋੜ ਕੀਤਾ ਤਾਂ ਪੰਜਾਹ ਹਜ਼ਾਰ ਰੁਪੱਯਾ ਹੋਇ
ਆ।।੨੦।। ਇਸੇ ਤਰਾਂ ਪ੍ਰਭੁ ਦਾ ਬਚਨ ਵਧਿਆ ਅਤੇ ਪਰਬਲ ਹੋਇਆ।।
।।੨੧।। ਜਾਂ ਏਹ ਗੱਲਾਂ ਹੋ ਚੁੱਕੀਆਂ ਤਾਂ ਪੌਲੁਸ ਨੇ ਮਨ ਵਿੱਚ ਧਾਰਿਆ ਜੋ ਮਕਦੂਨ ਅ

Original with
Language Department Punjab
Digitized by:
Panjab Digital Library

ਅਖਾਯਾ ਦੇ ਵਿੱਚੋਂ ਦੀ ਲੰਘਕੇ ਯਰੂਸਲੀਮ ਨੂੰ ਜਾਵੇ ਅਤੇ ਕਿਹਾ ਕਿ ਜਾਂ ਮੈਂ ਓਥੇ ਹੋਇਆ
ਵਾਂ ਤਾਂ ਮੈਨੂੰ ਰੂਮ ਬੀ ਵੇਖਣਾ ਚਾਹੀਦਾ ਹੈ॥੨੨॥ਜੋ ਉਨਾਂ ਵਿੱਚੋਂ ਜੇਹੜੇ ਉਹ ਦੀ ਟਹਿਲ
ਕਰਦੇ ਸਨ ਦੋ ਜਣੇ ਅਰਥਾਤ ਤਿਮਤਾਉਸ ਅਤੇ ਇਰਸਤੁਸ ਨੂੰ ਮਕਦੂਨ ਵਿੱਚ ਭੇਜਕੇ
ਉਹ ਆਪ ਆਸਿਯਾ ਵਿੱਚ ਕੁਛ ਚਿਰ ਅਟਕਿਆ॥ ॥੨੩॥ਅਤੇ ਉਸ
ਸਮੇ ਇਸ ਪੰਥ ਦੀ ਬਾਬਤ ਵਡਾ ਪਸਾਦ ਉੱਠਿਆ॥੨੪॥ਕਿਉ ਜੋ ਦੇਮੇਤ੍ਰਿਯੁਸ ਨਾਮੇ
ਇੱਕ ਸੁਨਿਆਰ ਅਰਤਿਮਿਸ ਦੇ ਰੁਪਹਿਲੇ ਮੰਦਰ ਬਣਵਾਕੇ ਕਾਰੀਗਰਾਂ ਨੂੰ ਬਹੁਤ ਕੰਮ
ਦੁਆਉਂਦਾ ਸੀ॥੨੫॥ਉਸ ਨੇ ਉਨਾਂ ਨੂੰ ਅਤੇ ਉਸ ਕਿਰਤ ਦੇ ਹੋਰ ਕਾਰੀਗਰਾਂ ਨੂੰ ਕੱਠਿਆ
ਕਰਕੇ ਕਿਹਾ ਹੇ ਮਨੁੱਖੋ ਤੁਸੀਂ ਜਾਣਦੇ ਹੋ ਭਈ ਇਸੇ ਕੰਮ ਥੋਂ ਸਾ ਨੂੰ ਧੰਨ ਪ੍ਰਾਪਤ ਹੁੰਦਾ ਹੈ॥੨੬
॥ਅਰ ਤੁਸੀਂ ਤਾਂ ਵੇਖਦੇ ਅਰ ਸੁਣਦੇ ਹੋ ਜੋ ਇਸ ਪੌਲੁਸ ਨੇ ਇਹ ਕਹਿਕੇ ਭਈ ਜੇਹੜੇ ਹੱਥ
ਨਾਲ ਬਣਾਏ ਹੋਏ ਹਨ ਓਹ ਈਸ਼ੁਰ ਨਹੀਂ ਹੁੰਦੇ ਨਿਰਾ ਅਫਸੁਸ ਵਿੱਚ ਹੀ ਨਹੀਂ ਬਲਕਿ
ਰੇਕੁ ਆਸਿਯਾ ਵਿੱਚ ਬਹੁਤ ਸਾਰਿਆਂ ਲੋਕਾਂ ਨੂੰ ਸਮਝਾ ਸਮਝੂਕੇ ਬਹਿਕਾ ਦਿੱਤਾ ਹੈ॥੨੭॥
ਜੋ ਨਿਰਾ ਇਹੋ ਸੰਸਾ ਨਹੀਂ ਜੋ ਸਾਡੀ ਕਿਰਤ ਮਾਤ ਪੈ ਜਾਵੇ ਬਲਕ ਇਹ ਬੀ ਕਿ ਮਹਾਂ ਦੇਵੀ
ਅਰਤਿਮਿਸ ਦਾ ਮੰਦਰ ਰੁਲ ਜਾਵੇ ਅਰ ਜਿਹ ਨੂੰ ਸਰ ਬੱਤ ਆਸਿਯਾ ਸਗੋਂ ਦੁਨੀਆਂ ਪੂਜ
ਦੀ ਹੈ ਉਹ ਦੀ ਮਹਿਮਾ ਜਾਂਦੀ ਰਹੇ॥੨੮॥ਇਹ ਗੱਲ ਸੁਣਕੇ ਓਹ ਕਰੋਧ ਨਾਲ ਭਰ ਗਏ
ਅਤੇ ਉੱਚੀ ਉੱਚੀ ਬੋਲੇ ਭਈ ਅਫਸੀਆਂ ਦੀ ਅਰਤਿਮਿਸ ਵਡੀ ਹੈ॥੨੯॥ਉਪਰੰਦ ਸ

Original with:
Language Department Punjab
Digitized by:
Panjab Digital Library

ਰੇ ਸਹਿਰ ਵਿੱਚ ਹੁੱਲੜ ਪੈ ਗਿਆ ਅਤੇ ਓਹ ਇੱਕ ਮਨ ਹੋਕੇ ਗਾਯੁਸ ਅਤੇ ਅਰਿਸਤਰਖੁ-
ਸ ਨੂੰ ਜੋ ਹੜੇ ਮਕਦੂਨ ਦੇ ਵਾਸੀ ਅਤੇ ਸਫਰ ਵਿੱਚ ਪੌਲੁਸ ਦੇ ਸਾਥੀ ਸਨ ਆਪਣੇ ਨਾਲ ਖਿੰ-
ਚ ਕੇ ਤਮਾਸੇ ਘਰ ਵਿੱਚ ਟੁੱਟ ਪਏ ॥੩੦॥ ਅਤੇ ਜਾਂ ਪੌਲੁਸ ਨੇ ਲੋਕਾਂ ਵਿੱਚ ਅੰਦਰ ਜਾਣ ਦੀ
ਦਲੀਲ ਕੀਤੀ ਤਾਂ ਸਿੱਖਾਂ ਨੇ ਉਹ ਨੂੰ ਜਾਣ ਨਾ ਦਿੱਤਾ ॥੩੧॥ ਅਰ ਅਸਿਯਾ ਦੇ ਸਰਦਾਰ ਂ
ਵਿੱਚੋਂ ਬੀ ਕਈਆਂ ਨੇ ਜੋ ਉਹ ਦੇ ਮਿਤ੍ਰ ਸਨ ਮਿੰਨਤ ਨਾਲ ਉਹ ਦੇ ਕੋਲ ਕਹਾ ਭੇਜਿਆ ਭਈ
ਤਮਾਸੇ ਘਰ ਵਿੱਚ ਨਾ ਵੜ੍ਹ ॥੩੨॥ ਉਪਰੰਦ ਡੰਡ ਪਾਕੇ ਕੋਈ ਕੁਛ ਆਖਦਾ ਸੀ ਅਤੇ
ਕੋਈ ਕੁਛ ਇਸ ਲਈ ਕਿ ਜਮਾਤ ਘਬਰਾ ਰਹੀ ਸੀ ਅਰ ਬਹੁਤਿਆਂ ਨੂੰ ਪਤਾ ਨਾ ਲੱਗਾ ਭ-
ਈ ਅਸੀਂ ਕਾਹਦੇ ਲਈ ਕੱਠੇ ਹੋਏ ਹਾਂ ਗੇ ॥੩੩॥ ਅਤੇ ਉਨ੍ਹਾਂ ਨੇ ਸਿਕੰਦਰ ਨੂੰ ਜਿਹ ਨੂੰ ਯਹੂਦੀ
ਅਗਾਹਾਂ ਧੱਕਦੇ ਸਨ ਭੀੜ ਵਿੱਚੋਂ ਸਾਹਮਣੇ ਕਰ ਦਿੱਤਾ ਅਤੇ ਸਿਕੰਦਰ ਨੇ ਹੱਥ ਨਾਲ ਸੈਨ
ਤ ਕਰ ਕੇ ਲੋਕਾਂ ਦੇ ਅੱਗੇ ਉਜਰ ਕਰਨਾ ਚਾਹਿਆ ॥੩੪॥ ਪਰ ਜਾਂ ਉਨਾਂ ਜਾਣਿਆ ਭਈ
ਇਹ ਯਹੂਦੀ ਹੈ ਤਾਂ ਸਭੋ ਇੱਕ ਅਵਾਜ ਨਾਲ ਦੋ ਕੁ ਘੰਟਿਆਂ ਤੀਕੁਰ ਉੱਚੀ ਉੱਚੀ ਬੋਲਦੇ ਰ
ਹੇ ਭਈ ਅਫਸੀਆਂ ਦੀ ਅਰਤਿਮਿਸ ਵਡੀ ਹੈ ॥੩੫॥ ਅਤੇ ਸਹਿਰ ਦੇ ਮੁਹੱਰਰ ਨੇ ਭੀੜ
ਨੂੰ ਠੰਢੀ ਕਰ ਕੇ ਆਖਿਆ ਹੇ ਅਫਸੀ ਮਰਦੋ ਉਹ ਕਿਹੜਾ ਮਨੁੱਖ ਹੈ ਜੋ ਨਹੀਂ ਜਾਣਦਾ ਭ-
ਈ ਅਫਸੀਆਂ ਦਾ ਸਹਿਰ ਮਹਾਂ ਅਰਤਿਮਿਸ ਦਾ ਅਤੇ ਦਿਓਸ ਦੀ ਵਲੋਂ ਗਿਰੀ ਹੋਈ ਮੂ-
ਰਤ ਦਾ ਸੇਵਕ ਹੈ ॥੩੬॥ ਸੋ ਜਾਂ ਇਨਾਂ ਗੱਲਾਂ ਦਾ ਖੰਡਣ ਨਹੀਂ ਹੋ ਸੱਕਦਾ ਤਾਂ ਤੁਹਾ ਨੂੰ ਚਾਹੀ-

Original with:
Language Department Punjab
Digitized by:
Panjab Digital Library

ਦਾਹੈ ਭਈ ਚੁੱਪ ਰਹੋ ਅਤੇ ਬਿਨ ਸੋਚੇ ਕੁਛ ਨਾ ਕਰੋ ॥੩੭॥ ਕਿਉਂ ਜੋ ਤੁਸੀਂ ਇਨਾਂ ਮਨੁੱਖਾਂ ਨੂੰ
ਅੱਥੇ ਲਿਆਏ ਹੋਂ ਜੋ ਨਾ ਤਾਂ ਮੰਦਰ ਦੇ ਚੋਰ ਹਨ ਅਤੇ ਨਾ ਸਾਡੀ ਦੇਵੀ ਦੀ ਨਿੰਦਿਆ ਕਰਨਵਾ-
ਲੇ ਹਨ ॥੩੮॥ ਸੋ ਜੇ ਦੇਮੇਤ੍ਰਿਯੁਸ ਅਰ ਉਹ ਦੇ ਨਾਲ ਦੇ ਕਾਰੀਗਰਾਂ ਦਾ ਕਿਸੇ ਉੱਤੇ ਕੁਛ ਦਾਵਾ ੦
ਹੋਵੇ ਤਾਂ ਕਾਚਹਰੀਆਂ ਲੱਗੀਆਂ ਹਨ ਅਤੇ ਹਾਕਮ ਬੀ ਹਨ ਓਹ ਇੱਕ ਦੂਜੇ ਪੁਰ ਨਾਲਸ ਕ-
ਰਨ ॥੩੯॥ ਪਰ ਜੇ ਤੁਸੀਂ ਕੋਈ ਹੋਰ ਗੱਲ ਪੁੱਛਦੇ ਹੋਂ ਤਾਂ ਕਨੂੰਨੀ ਮਜਲਸ ਵਿੱਚ ਨਬੇੜਾ ਕੀਤ ੦
ਜਾਊ ॥੪੦॥ ਕਿਉਂਕਿ ਅੱਜ ਦੇ ਪਸਾਦ ਦੇ ਕਾਰਨ ਸਾਨੂੰ ਡਰ ਹੈ ਭਈ ਕਿਧਰੇ ਸਾਡੇ ਉੱਤੇ ਨਾਲਸ
ਨਾ ਹੋਵੇ ਇਸ ਲਈ ਜੋ ਇਹ ਦਾ ਕੋਈ ਸਬੱਬ ਨਹੀਂ ਹੈ ਅਰ ਇਹ ਦੇ ਵਿਖੇ ਭੀੜ ਦੇ ਹੋਣ ਦਾ ਕੋਈ
ਉਜਰ ਸਾਥੋਂ ਨਹੀਂ ਕੀਤਾ ਜਾਊ ॥੪੧॥ ਅਤੇ ਉਸ ਨੇ ਐਉਂ ਕਹਿਕੇ ਜਮਾਤ ਨੂੰ ਵਿਦਿਆ ਕੀਤਾ ॥

੨੦ ਕਾਂਡ ॥ ਜਾਂ ਰੌਲਾ ਹਟ ਗਿਆ ਤਾਂ ਪੌਲੁਸ ਨੇ ਸਿੱਖਾਂ ਨੂੰ ਸੱਦਕੇ ਉਪਦੇਸ ਦਿੱਤਾ ਅਰ
ਉਨਾਂ ਕੋਲੋਂ ਵਿਦਿਆ ਹੋਕੇ ਮਕਦੂਨ ਵਿੱਚ ਜਾਣ ਨੂੰ ਤੁਰ ਪਿਆ ॥੨॥ ਅਤੇ ਉ-
ਨਾਂ ਇਲਾਕਿਆਂ ਵਿੱਚੋਂ ਦੀ ਲੰਘਦਾ ਹੋਇਆ ਉਨਾਂ ਨੂੰ ਬਹੁਤੀਆਂ ਗੱਲਾਂ ਦਾ ਉਪਦੇਸ ਕਰਕੇ
ਯੂਨਾਨ ਵਿੱਚ ਆਇਆ ॥੩॥ ਅਰ ਓੱਥੇ ਤਿੰਨ ਮਹੀਨੇ ਕੱਟਕੇ ਜਦੋਂ ਉਹ ਜਹਾਜ ਉੱਤੇ ਸੁਰੀਆ ੦
ਵਲ ਜਾਣ ਨੂੰ ਤਿਆਰ ਹੋਇਆ ਤਦੋਂ ਯਹੂਦੀ ਉਹ ਦੀ ਘਾਤ ਵਿੱਚ ਲੱਗੇ। ਇਸ ਲਈ ਉਹ ਨੇ
ਮਕਦੂਨ ਦੇ ਰਾਹ ਹੋਕੇ ਮੁੜਨ ਦੀ ਦਲੀਲ ਕੀਤੀ ॥੪॥ ਅਤੇ ਪੁੱਰਸ ਦਾ ਪੁਤ੍ਰ ਸੋਪਤਰੁਸ ਜਿਹ-
ੜਾ ਬਰੀਆ ਦਾ ਸੀ ਅਤੇ ਤੱਸਲਨੀਕੀਆਂ ਵਿੱਚੋਂ ਅਰਿਸਤਰਖੁਸ ਅਤੇ ਸਿਕੁੰਦੁਸ ਅਤੇ ਦ-

Original with:
Language Department Punjab
Digitized by:
Panjab Digital Library

ਰਬੇ ਦਾ ਰਾਜ਼ੁਸ ਅਤੇ ਤਿਮਤਾਊਸ ਅਰ ਅਸਿਯਾ ਦੇ ਤੁਖਿਕੁਸ ਅਰ ਤ੍ਰੁਫਿਮੁਸ ਏਹ ਉਹ ਦੇ ਨਾ-
ਲ੍ਹ ਅਸਿਯਾ ਤੀਕੁਰ ਗਏ ॥ ੫ ॥ ਪਰ ਏਹ ਅਗਾਹਾਂ ਜਾ ਕੇ ਤ੍ਰੋਆਸ ਵਿੱਚ ਸਾ ਨੂੰ ਉਡੀਕਦੇ ਸਨ
॥ ੬ ॥ ਅਤੇ ਪਤੀਰੀ ਰੋਟੀ ਦੇ ਦਿਨਾਂ ਦੇ ਪਿੱਛੋਂ ਅਸੀਂ ਫਿਲਿੱਪੇ ਥੋਂ ਜਹਾਜ ਉੱਤੇ ਚੜ੍ਹੇ ਅਤੇ ਪੰਜਵੇਂ
ਦਿਨ ਤ੍ਰੋਆਸ ਵਿੱਚ ਉਨਾਂ ਦੇ ਕੋਲ ਪਹੁੰਚੇ ਅਰ ਸੱਤ ਦਿਨ ਓੱਥੇ ਟਿਕੇ ॥ ॥ ੭ ॥ ਅਤੇ
ਹਫਤੇ ਦੇ ਪਹਿਲੇ ਦਿਨ ਜਾਂ ਅਸੀਂ ਰੋਟੀ ਤੋੜਨ ਲਈ ਕੱਠੇ ਹੋਏ ਤਾਂ ਪੌਲੁਸ ਨੈ ਜੋ ਅਗਲੇ ਭੁਲ-
ਕ ਤੁਰ ਜਾਣ ਨੂੰ ਤਿਆਰ ਸੀ ਉਨਾਂ ਨੂੰ ਬਚਨ ਸੁਣਾਇਆ ਅਤੇ ਉਹ ਅੱਧੀ ਰਾਤ ਤਾਈਂ ਉਪਦੇ
ਸ ਕਰਦਾ ਰਿਹਾ ॥ ੮ ॥ ਅਰ ਚੁਬਾਰੇ ਵਿੱਚ ਜਿੱਥੇ ਅਸੀਂ ਕੱਠੇ ਹੋਏ ਸਾਂ ਬਹੁਤ ਸਾਰੇ ਦੀਵੇ ਬਲ੍ਹਦੇ
ਸਨ ॥ ੯ ॥ ਅਤੇ ਯੂਤੁਖੁਸ ਨਾਮੇ ਇੱਕ ਜੁਆਨ ਤਾਕੀ ਵਿੱਚ ਬੈਠਾ ਗਾੜੀ ਨੀਂਦ ਨਾਲ ਉਂਘਲਟਿ-
ਆ ਹੋਇਆ ਸੀ ਅਰ ਜਿਉਂ ਪੌਲੁਸ ਬਹੁਤ ਚਿਰ ਤੀਕੁਰ ਬਚਨ ਕਰਦਾ ਰਿਹਾ ਤਾਂ ਉਹ ਨੀਂਦਰ
ਦੇ ਮਾਰੇ ਉਂਘਲਟਿਆ ਹੋਇਆ ਤਿਮੰਜਲੇ ਥੋਂ ਹੇਠਾਂ ਡਿਗ ਪਿਆ ਅਤੇ ਮੋਇ ਨੂੰ ਚੁੱਕਿਓਨੇ ॥
੧੦ ॥ ਪਰ ਪੌਲੁਸ ਨੈ ਉੱਤਰ ਕੇ ਉਹ ਨੂੰ ਜੱਫੇ ਵਿੱਚ ਲਿਆ ਅਤੇ ਗਲ ਨਾਲ ਲਾ ਕੇ ਆਖਣ ਲੱਗ
ਭਈ ਤੁਸੀਂ ਰੌਲਾ ਨਾ ਪਾਓ ਕਿਉਂ ਜੋ ਉਹ ਦੀ ਜਾਨ ਉਸ ਵਿੱਚ ਹੈ ॥ ੧੧ ॥ ਫੇਰ ਉਹ ਉੱਪਰ ਆਇਆ
ਅਤੇ ਰੋਟੀ ਤੋੜ ਕੇ ਖਾਧੀ ਅਰ ਮੋਕਾ ਚਿਰ ਗੱਲਾਂ ਕਰਦਾ ਰਿਹਾ ਜੋ ਦਿਨ ਚੜ੍ਹਿਆ ਤਦ ਉ-
ਹ ਤੁਰ ਪਿਆ ॥ ੧੨ ॥ ਅਤੇ ਓਹ ਉਸ ਮੁੰਡੇ ਨੂੰ ਜੀਉਂਦਾ ਲਿਆਏ ਅਰ ਬਹੁਤ ਸਾਂਤ ਹੋਏ ॥

॥ ੧੩ ॥ ਪਰ ਅਸੀਂ ਅਗਾਹਾਂ ਤੁਰ ਕੇ ਜਹਾਜ ਉੱਤੇ ਚੜ੍ਹੇ ਅਤੇ ਅੱਸੁਸ ਦੀ ਵਲ ਚੱਲੇ

Original wi
Language Department Punjab
Digitized by:
Panjab Digital Library

ਜਿੱਥੇ ਅਸਾਂ ਪੌਲੁਸ ਨੂੰ ਨਾਲ ਚੜ੍ਹਾ ਲੈਣਾ ਸੀ ਕਿਉਂ ਜੋ ਉਹ ਆਪ ਪੈਦਲ ਜਾਣ ਦੀ ਦਲੀਲ ਕ-
ਰ ਕੇ ਏਵੇਂ ਹੀ ਹੁਕਮ ਦੇ ਗਿਆ ਸੀ ॥੧੪॥ ਜਾਂ ਉਹ ਅੱਸੁਸ ਵਿੱਚ ਸਾਨੂੰ ਆ ਮਿਲਿਆ ਤਾਂ ਅਸੀਂ
ਉਹ ਨੂੰ ਚੜ੍ਹਾ ਕੇ ਮਿਤੁਲੇਨੇ ਨੂੰ ਆਏ ॥੧੫॥ ਅਰ ਓੱਥੋਂ ਜਹਾਜ ਖੋਲ੍ਹ ਕੇ ਦੂਜੇ ਦਿਨ ਖੀਉ ਸ ਦੇ ਬਰ
ਬਰ ਪਹੁੰਚੇ ਅਤੇ ਉਸ ਦੇ ਦੂਏ ਦਿਨ ਸਾਮੁਸ ਵਿੱਚ ਜਾ ਲੱਗੇ। ਫੇਰ ਅਗਲੇ ਭੁਲ੍ਹਕ ਮਿਲੇ ਤੁਸ
ਨੂੰ ਆਏ ॥੧੬॥ ਕਿਉਂ ਕਿ ਪੌਲੁਸ ਨੇ ਇਹ ਠਾਣਿਆ ਸੀ ਜੋ ਅਫ਼ੁਸੁਸ ਥੋਂ ਲੰਘ ਜਾਵਾਂ ਭੁਈ ਅ-
ਸਿਯਾ ਵਿੱਚ ਮੈਨੂੰ ਕਿਤੇ ਚਿਰ ਨਾ ਲੱਗੇ ਕਿਉਂ ਜੋ ਉਹ ਛੇਤੀ ਕਰਦਾ ਸੀ ਕਿ ਜੇ ਹੋ ਸੱਕੇ ਤਾਂ ਪੰਤੇਕੁ
ਸਤ ਦਾ ਦਿਨ ਯਰੂਸਲੀਮ ਵਿੱਚ ਕੱਟਾਂ ॥

॥੧੭॥ ਅਤੇ ਉਸ ਨੇ ਮਿਲੇਤੁਸ ਥੋਂ ਅ-
ਫ਼ੁਸੁਸ ਦੀ ਵਲ ਸਨੇਹਾ ਭੇਜ ਕੇ ਕਲੀਸਿਯਾ ਦੇ ਬੁਜ਼ੁਰਗਾਂ ਨੂੰ ਸਦਵਾਇਆ ॥੧੮॥ ਅਤੇ ਜ
ਓਹ ਉਸ ਦੇ ਕੋਲ ਆਏ ਤਾਂ ਉਨਾਂ ਨੂੰ ਆਖਿਆ ॥

॥ਤੁਸੀਂ ਜਾਣਦੇ ਹੋ ਜੋ ਮੈਂ ਪ-
ਹਿਲੇ ਦਿਨ ਥੋਂ ਜਾਂ ਅਸਿਯਾ ਵਿੱਚ ਆਇਆ ਤਾਂ ਨਿੱਤ ਤੁਹਾਡੇ ਨਾਲ ਕਿਸ ਤਰਾਂ ਰਿਹਾ ॥੧੯॥
ਕਿ ਮੈਂ ਬਹੁਤ ਅਧੀਨਗੀ ਨਾਲ ਹੰਝੂ ਵਹਾ ਵਹਾ ਕੇ ਓਨਾਂ ਪਰਤਾਵਿਆਂ ਵਿੱਚ ਜੋ ਯਹੂਦੀਆਂ ਦੇ
ਘਾਤ ਲਾਉਣ ਥੋਂ ਮੇਰੇ ਉੱਤੇ ਆਣ ਪਏ ਪ੍ਰਭੁ ਦੀ ਸੇਵਾ ਕਰਦਾ ਸੀ ॥੨੦॥ ਅਤੇ ਮੈਂ ਤੁਹਾਡੇ ਭ-
ਲੇ ਦੀ ਕੋਈ ਗੱਲ ਦੱਸਣ ਵਿੱਚ ਕੁਛ ~~ਹਟਕਿਆ ਨਹੀਂ ਨਾ ਪਰੋਂ ਨਾ ਤੁਹਾਨੂੰ ਜਨਤ ਵਿੱਚ ਅਤੇ ਘਰ~~
ਘਰ ਉਪਦੇਸ ਦਿੱਤਾ ॥੨੧॥ ਅਤੇ ਮੈਂ ਯਹੂਦੀਆਂ ਅਤੇ ਯੂਨਾਨੀਆਂ ਦੇ ਸਾਹਮਣੇ ਸਾਖੀ ਦਿੰ-
ਦਾ ਕਿ ਪਰਮੇਸੁਰ ਦੇ ਅੱਗੇ ਤੋਬਾ ਕਰੋ ਅਰ ਸਾਡੇ ਪ੍ਰਭੁ ਜਿਸ ਮਸੀਹ ਉੱਤੇ ਨਿਹਚਾ ਕਰੋ ॥੨੨॥

Original with:
Language Department Punjab
Digitized by:
Panjab Digital Library

ਅਤੇ ਹੁਣ ਵੇਖੋ ਮੈਂ ਆਤਮਾ ਦਾ ਬੱਧਾ ਹੋਇਆ ਯਰੂਸਲੀਮ ਨੂੰ ਜਾਂਦਾ ਹਾਂ ਅਤੇ ਮੈਂ ਨਹੀਂ ਜਾਣ-
ਦਾ ਜੋ ਉੱਥੇ ਮੇਰੇ ਪੁਰ ਕੀ ਬੀਤੂ ॥੨੩॥ ਪਰ ਮੈਂ ਨਾ ਜਾਣਦਾ ਹਾਂ ਭੁਈ ਪਵਿੱਤ੍ਰ ਆਤਮਾ ਹਰੇਕ ਨ-
ਗਰ ਵਿੱਚ ਮੈਨੂੰ ਇਹ ਕਹਿਕੇ ਸਾਖੀ ਦਿੰਦਾ ਹੈ ਜੋ ਬੰਧਨ ਅਤੇ ਬਿਪਤਾਂ ਤੇਰੇ ਲਈ ਤਿਆਰ ਹਨ
॥੨੪॥ ਪਰੰਤੂ ਮੈਂ ਆਪਣੇ ਲਈ ਆਪਣੀ ਜਾਨ ਨੂੰ ਕਿਸੇ ਤਰਾਂ ਪਿਆਰੀ ਨਹੀਂ ਸਮਝਦਾ ਹਾਂ
ਤਾਂ ਜੋ ਮੈਂ ਆਪਣੀ ਦੌੜ ਨੂੰ ਅਤੇ ਉਸ ਟਹਿਲ ਨੂੰ ਪੂਰੀ ਕਰਾਂ ਜਿਹੜੀ ਮੈਂ ਪਰਮੇਸ਼ੁਰ ਦੀ ਕਿਰਪ ੦
ਦੇ ਸੰਗਲ ਸਮਾਚਾਰ ਉੱਤੇ ਸਾਖੀ ਦੇਣ ਲਈ ਪ੍ਰਭੂ ਯਿਸੂ ਥੋਂ ਪਾਈ ਸੀ ॥੨੫॥ ਅਤੇ ਹੁਣ ਵੇਖੋ ਮੈਂ
ਜਾਣਦਾ ਹਾਂ ਜੋ ਤੁਸੀਂ ਸਭ ਜਿਨਾਂ ਵਿੱਚ ਮੈਂ ਰਾਜ ਦੀ ਮਨਾਦੀ ਕਰਦਾ ਫਿਰਿਆ ਮੇਰਾ ਮੂੰਹ ਫੇਰ ਕਦੇ
ਨਾ ਵੇਖੋਗੇ ॥੨੬॥ ਇਸ ਲਈ ਮੈਂ ਅੱਜ ਦੇ ਦਿਨ ਤੁਹਾਡੇ ਅੱਗੇ ਸਾਖੀ ਦਿੰਦਾ ਹਾਂ ਭੁਈ ਮੈਂ ਸਭ ਨ ੦
ਦੇ ਲਹੂ ਥੋਂ ਬੇਦੋਸ ਹਾਂ ॥੨੭॥ ਕਿਉਂ ਜੋ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਰੀ ਮੱਤ ਦੱਸਣ ਵਿੱਚ ਕੁਝ ਢ-
ਰਕ ਨਹੀਂ ਕੀਤਾ ॥੨੮॥ ਤੁਸੀਂ ਆਪਣੀ ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹ ਦੇ
ਉੱਤੇ ਪਵਿੱਤ੍ਰ ਆਤਮਾ ਨੇ ਤੁਹਾਨੂੰ ਨਿਗਾਬਾਨ ਠਹਰਾਇਆ ਹੈ ਜੋ ਪਰਮੇਸ਼ੁਰ ਦੀ ਕਲੀਸਿਯਾ ਦੀ
ਚਰਵਾਹੀ ਕਰੋ ਜਿਹ ਨੂੰ ਉਸ ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ ॥੨੯॥ ਮੈਂ ਜਾਣਦਾ ਹਾਂ
ਜੋ ਮੇਰੇ ਜਾਣ ਦੇ ਪਿੱਛੋਂ ਬੁਰੇ ਬੁਰੇ ਬਘਿਆੜ ਤੁਹਾਡੇ ਵਿੱਚ ਆ ਵੜਨਗੇ ਜੋ ਇੱਜੜ ਨੂੰ ਨਾ ਛੱ-
ਡਣਗੇ ॥੩੦॥ ਅਤੇ ਤੁਹਾਡੇ ਆਪਣੇ ਹੀ ਵਿੱਚੋਂ ਕਈ ਪੁਰਸ ਖੜੇ ਹੋਣਗੇ ਜੇਹੜੇ ਉਲਟੀਆਂ ਗੱ-
ਲਾਂ ਕਰਨਗੇ ਭੁਈ ਸਿੱਖਾਂ ਨੂੰ ਆਪਣੀ ਵੱਲ ਖਿੱਚ ਲੈ ਜਾਣ ॥੩੧॥ ਇਸ ਕਰਕੇ ਜਾਗਦੇ ਰਹੋ ਅਤੇ

Original with
Language Department Panjab
Digitized by:
Panjab Digital Library

ਯਾਦ ਰੱਖੋ ਜੋ ਮੈਂ ਤੁੰਨਾਂ ਵਰਿਹਾਂ ਤੀਕੁਰ ਰਾਤ ਦਿਨ ਰੋ ਰੋ ਕੇ ਹਰੇਕ ਨੂੰ ਚਿਤਾਉਣ ਥੋਂ ਨਹੀਂ ਟਲਿਆ ॥੩੨॥ ਅਤੇ ਹੁਣ ਮੈਂ ਤੁਹਾਨੂੰ ਪਰਮੇਸ਼ੁਰ ਅਰ ਉਹ ਦੀ ਕਿਰਪਾ ਦੇ ਬਚਨ ਦੇ ਸੁਪੁਰਦ ਕਰਦਾ ਹਾਂ ਜਿਹੜਾ ਤੁਹਾਨੂੰ ਸਿੱਧ ਬਣਾ ਸੱਕਦਾ ਅਤੇ ਤੁਹਾਨੂੰ ਸਰਬੱਤ ਪਵਿਤ੍ਰ ਕੀਤਿਆਂ ਹੋਇਆਂ ਵਿੱਚ ਅਧਿਕਾਰ ਦੇ ਸੱਕਦਾ ਹੈ ॥੩੩॥ ਮੈਂ ਕਿਸੇ ਦੀ ਚਾਂਦੀ ਜਾਂ ਸੋਨੇ ਜਾਂ ਬਸਤ੍ਰ ਦਾ ਲੋਭ ਨਹੀਂ ਕੀਤਾ ॥੩੪॥ ਤੁਸੀਂ ਆਪ ਜਾਣਦੇ ਹੋ ਭਈ ਮੇਰੇ ਇਹਨਾਂ ਹੀ ਹੱਥਾਂ ਨੇ ਮੇਰੀਆਂ ਅਤੇ ਮੇਰੇ ਸਾਥੀਆਂ ਦੀਆਂ ਲੋੜਾਂ ਪੂਰੀਆਂ ਕੀਤੀਆਂ ॥੩੫॥ ਮੈਂ ਤੁਹਾਨੂੰ ਸਭਨਾਂ ਗੱਲਾਂ ਵਿੱਚ ਇਹ ਕਰ ਵਿਖਾਲਿਆ ਭਈ ਤੁਹਾਨੂੰ ਚਾਹੀਦਾ ਹੈ ਕਿ ਓਸੇ ਤਰਾਂ ਮਿਹਨਤ ਕਰਕੇ ਨਤਾਣਿਆਂ ਦੀ ਸਹਾਇਤਾ ਕਰੋ ਅਤੇ ਪ੍ਰਭੁ ਯਿਸੂ ਦੇ ਬਚਨ ਚੇਤੇ ਰੱਖੋ ਜੋ ਉਹ ਨੇ ਆਪ ਫਰਮਾਇਆ ਭੀ ਭਈ ਲੈਣ ਨਾਲੋਂ ਦੇਣਾ ਹੀ ਮੁਬਾਰਖ ਹੈ ॥

॥੩੬॥ ਅਤੇ ਉਸ ਨੇ ਐਉਂ ਕਹਿ ਕੇ ਗੋਡੇ ਟੇਕੇ ਅਰ ਉਨਾਂ ਸਭਨਾਂ ਦੇ ਨਾਲ ਪ੍ਰਾਰਥਨਾ ਕੀਤੀ ॥੩੭॥ ਅਤੇ ਓਹ ਸਭੋ ਬਹੁਤ ਰੋਏ ਅਤੇ ਪੌਲੁਸ ਦੇ ਗਲ ਮਿਲ ਮਿਲ ਕੇ ਉਹ ਨੂੰ ਚੁੰਮਿਆ ॥੩੮॥ ਅਰ ਨਿੰਜ ਕਰਕੇ ਐਸ ਗੱਲ ਉੱਤੇ ਬਹੁਤ ਉਦਾਸ ਹੋਏ ਜਿਹੜੀ ਉਹ ਨੇ ਆਖੀ ਭਈ ਤੁਸੀਂ ਮੇਰਾ ਮੂੰਹ ਫੇਰ ਕਦੇ ਨਾ ਵੇਖੋਗੇ। ਅਤੇ ਉਨਾਂ ਜਹਾਜ ਤਾਈਂ ਉਸ ਨੂੰ ਪੁਚਾ ਦਿੱਤਾ ॥

੨੧ ਕਾਂਡ

॥ ਅਤੇ ਐਉਂ ਹੋਇਆ ਕਿ ਜਾਂ ਅਸਾਂ ਉਨਾਂ ਥੋਂ ਵਿਦਿਆ ਹੋ ਕੇ ਜਹਾਜ ਖੋਲ੍ਹ ਦਿੱਤਾ ਤਾਂ ਸਿੱਧੇ ਰਾਹ ਕੋਸ ਨੂੰ ਆਏ ਅਰ ਦੂਜੇ ਦਿਨ ਰੁਦੁਸ ਨੂੰ ਅਰ ਉੱਥੋਂ ਪਾ

Original with
Language Department Punjab
Digitized by:
Panjab Digital Library

ਤੁਰਾ ਨੂੰ ॥੨॥ ਅਤੇ ਇੱਕ ਜਹਾਜ ਫੈਨੀਕੇ ਨੂੰ ਪਾਰ ਜਾਣਵਾਲਾ ਵੇਖਕੇ ਅਸੀਂ ਉਸ ਉੱਤੇ ਸੁ-
ਆਰ ਹੋਏ ਅਤੇ ਤੁਰ ਪਏ ॥੩॥ ਅਰ ਜਾਂ ਕੁਪਰੁਸ ਦਿਖਾਈ ਦਿੱਤਾ ਤਾਂ ਉਹ ਨੂੰ ਖੱਬੇ ਹੱਥ
ਛੱਡਕੇ ਸੁਰੀਆ ਨੂੰ ਚੱਲੇ ਅਤੇ ਸੂਰ ਵਿੱਚ ਜਾ ਉੱਤਰੇ ਕਿਉਂ ਜੋ ਉੱਥੇ ਜਹਾਜ ਦਾ ਮਾਲ ਉ-
ਤਾਰਨਾ ਸੀ ॥੪॥ ਅਰ ਸਿੱਖਾਂ ਨੂੰ ਲਭਕੇ ਅਸੀਂ ਸੱਤ ਦਿਨ ਓੱਥੇ ਠਹਿਰੇ। ਉਨਾਂ ਨੇ ਆਤ-
ਮਾ ਦੀ ਰਾਹੀਂ ਪੌਲੁਸ ਨੂੰ ਆਖਿਆ ਜੋ ਯਰੂਸਲੀਮ ਨੂੰ ਨਾ ਜਾਹ ॥੫॥ ਅਤੇ ਮਿਉਂ ਹੋਇਆ
ਕਿ ਜਾਂ ਅਸੀਂ ਉਨਾਂ ਦਿਨਾਂ ਨੂੰ ਪੂਰੇ ਕਰ ਚੁੱਕੇ ਤਾਂ ਨਿੱਕਲਕੇ ਤੁਰ ਪਏ ਅਤੇ ਓਹ ਸਾਰੇ ਤੀ-
ਮੀਆਂ ਅਤੇ ਬਾਲਕਾਂ ਸਣੇ ਨਗਰ ਦੇ ਬਾਹਰ ਤੀਕੁਰ ਸਾਡੇ ਨਾਲ ਆਏ ਅਤੇ ਸਮੁੰ-
ਦਰ ਦੇ ਕੰਢੇ ਪੁਰ ਗੋਡੇ ਟੇਕਕੇ ਅਸਾਂ ਪ੍ਰਾਰਥਨਾ ਕੀਤੀ ॥੬॥ ਅਤੇ ਇੱਕ ਦੂਜੇ ਥੋਂ ਵਿਦਿ-
ਆ ਹੋਕੇ ਅਸੀਂ ਜਹਾਜ ਉੱਤੇ ਸੁਆਰ ਹੋਏ ਪਰ ਓਹ ਆਪਣੇ ਘਰਾਂ ਨੂੰ ਮੁੜ ਗਏ ॥
॥੭॥ ਅਤੇ ਅਸੀਂ ਸੂਰ ਥੋਂ ਸਮੁੰਦਰ ਦਾ ਸਫਰ ਮੁਕਾਕੇ ਤੁਲਿਮਾਇ ਸ ਵਿੱਚ
ਅੱਪੜੇ ਅਰ ਭਾਈਆਂ ਨੂੰ ਸਲਾਮ ਕਰਕੇ ਇੱਕ ਦਿਨ ਉਨਾਂ ਦੇ ਨਾਲ ਰਹੇ ॥੮॥ ਫੇਰ ਅ-
ਗਲੇ ਭੁਲਕ ਅਸੀਂ ਤੁਰਕੇ ਕੈਸਰੀਆ ਵਿੱਚ ਆਏ ਅਤੇ ਫੈਲਬੁਸ ਮੰਗਲਸਮਾਚਾ-
ਰ ਸੁਣਾਉਣਵਾਲੇ ਦੇ ਘਰ ਜਾਕੇ ਉਹ ਦੇ ਨਾਲ ਰਹੇ। ਉਹ ਉਨਾਂ ਸੱਤਾਂ ਵਿੱਚੋਂ ਇੱਕ ਸੀ ॥
੯॥ ਉਹ ਦੇ ਚਾਰ ਕੱਨਿਆਂ ਸੀਆਂ ਜੇਹੜੀਆਂ ਅਗੰਮ ਵਾਕ ਕਰਦੀਆਂ ਸਨ ॥੧੦॥
ਅਤੇ ਜਾਂ ਅਸੀਂ ਕਈ ਦਿਨ ਓੱਥੇ ਠਹਿਰੇ ਤਾਂ ਆਗਾਬੁਸ ਨਾਉਂ ਦਾ ਇੱਕ ਪਿਕੰਬਰ ਯਹੂਦਿਯ

Original with:
Language Department Punjab
Digitized by:
Panjab Digital Library

ਥੋਂ ਉੱਤਰ ਆਇਆ ॥੧੧॥ ਉਹ ਨੇ ਸਾਡੇ ਕੋਲ ਆਣ ਕੇ ਪੌਲੁਸ ਦਾ ਕਮਰ ਪਟਕਾ ਚੁੱਕ
ਲਿਆ ਅਤੇ ਆਪਣੇ ਹੱਥ ਪੈਰ ਬੰਨ੍ਹ ਕੇ ਕਿਹਾ ਜੋ ਪਵਿੱਤ੍ਰ ਆਤਮਾ ਐਉਂ ਆਖਦਾ ਹੈ
ਭਈ ਯਹੂਦੀ ਲੋਕ ਯਰੂਸਲੀਮ ਵਿੱਚ ਉਸ ਮਨੁੱਖ ਨੂੰ ਜਿਹ ਦਾ ਇਹ ਪਟਕਾ ਹੈ ਇਸੇ ਤਰ੍ਹ
ਬੰਨਣਗੇ ਅਤੇ ਪਰਾਈਆਂ ਕੌਮਾਂ ਦਿਆਂ ਲੋਕਾਂ ਦੇ ਹੱਥਾਂ ਵਿੱਚ ਹਵਾਲੇ ਕਰਨਗੇ ॥੧੨
॥ ਜਾਂ ਏਹ ਗੱਲਾਂ ਸੁਣੀਆਂ ਤਾਂ ਅਸਾਂ ਅਤੇ ਉੱਥੋਂ ਦੇ ਰਹਿਣ ਵਾਲਿਆਂ ਨੇ ਬੀ ਉਹ ਦੀ ਮਿੰ
ਨਤ ਕੀਤੀ ਭਈ ਯਰੂਸਲੀਮ ਨੂੰ ਨਾ ਜਾਏ ॥੧੩॥ ਤਦ ਪੌਲੁਸ ਨੇ ਉੱਤਰ ਦਿੱਤਾ ਏਹ ਤੁ
ਸੀਂ ਕੀ ਕਰਦੇ ਹੋ ਜੋ ਰੋਂਦੇ ਅਤੇ ਮੇਰਾ ਦਿਲ ਤੋੜਦੇ ਹੋ ? ਕਿੰਉ ਜੋ ਮੈਂ ਪ੍ਰਭੁ ਯਿਸੂ ਦੇ ਨਾਉਂ ਦੇ
ਬਦਲੇ ਯਰੂਸਲੀਮ ਵਿੱਚ ਨਿਰਾ ਬੰਨ੍ਹੇ ਜਾਣ ਨੂੰ ਹੀ ਨਹੀਂ ਸਗੋਂ ਮਰਨ ਨੂੰ ਬੀ ਤਿਆਰ ਹ
॥੧੪॥ ਅਤੇ ਜਾਂ ਉਹ ਨੇ ਨਾ ਮੰਨਿਆ ਤਾਂ ਅਸੀਂ ਇਹ ਕਹਿ ਕੇ ਚੁੱਪ ਕਰ ਰਹੇ ਭਈ ਪ੍ਰਭੁ ਦੀ
ਮਰਜ਼ੀ ਪੂਰੀ ਹੋਵੇ ॥ ॥੧੫॥ ਅਤੇ ਇਨ੍ਹਾਂ ਦਿਨਾਂ ਦੇ ਪਿੱਛੋਂ ਅਸੀਂ ਆਪਣਾ
ਵਹੀਰ ਲੈ ਕੇ ਯਰੂਸਲੀਮ ਨੂੰ ਤੁਰ ਪਏ ॥੧੬॥ ਅਤੇ ਕੈਸਰੀਆ ਥੋਂ ਬੀ ਕਈ ਸਿੱਖ ਸਾ-
ਡੇ ਨਾਲ ਚੱਲੇ ਅਰ ਮਨਾਸੋਨ ਕੁਪਰੁਸੀ ਇੱਕ ਪੁਰਾਣਾ ਸਿੱਖ ਜਿਹ ਦੇ ਕੋਲ ਅਸਾਂ ਉੱਤਰਨ
ਸੀ ਆਪਣੇ ਨਾਲ ਲਿਆਏ ॥ ॥੧੭॥ ਜਾਂ ਅਸੀਂ ਯਰੂਸਲੀਮ ਵਿੱਚ ਆ
ਪਹੁੰਚੇ ਤਾਂ ਭਾਈਆਂ ਨੇ ਖ਼ੁਸ਼ੀ ਨਾਲ ਸਾਡੀ ਆਗਤ ਭਾਗਤ ਕੀਤੀ ॥੧੮॥ ਅਰ ਦੂਜੇ
ਦਿਨ ਪੌਲੁਸ ਸਾਡੇ ਨਾਲ ਯਾਕੂਬ ਦੇ ਘਰ ਗਿਆ ਅਤੇ ਸਾਰੇ ਬੁਜ਼ੁਰਗ ਓੱਥੇ ਹਾਜ਼ਰ ਸਨ

Original
Language Department Punjab
Digitized by:
Panjab Digital Library

॥੧੮॥ ਅਤੇ ਉਸ ਨੈ ਉਨਾਂ ਨੂੰ ਸਲਾਮ ਕਰਕੇ ਜੋ ਜੋ ਕੰਮ ਪਰਮੇਸੁਰ ਨੈ ਪਰਾਈਆਂ ਕੋਮਾਂ ਵਿੱ-
ਚ ਉਹਦੀ ਟਹਿਲ ਦੇ ਵਸੀਲੇ ਨਾਲ ਕੀਤੇ ਸਨ ਇੱਕ ਇੱਕ ਕਰਕੇ ਸੁਣਾ ਦਿੱਤਾ ॥੨੦॥ ਸੋ
ਉਨਾਂ ਸੁਣਕੇ ਪਰਮੇਸੁਰ ਦੀ ਵਡਿਆਈ ਕੀਤੀ ਅਤੇ ਉਸ ਨੂੰ ਕਿਹਾ ਭਾਈ ਜੀ ਤੂੰ ਵੇਖਦ ੦
ਹੈਂ ਜੋ ਯਹੂਦੀਆਂ ਵਿੱਚ ਕਿੰਨੇਕੁ ਹਜਾਰ ਨਿਹਚਾਵਾਨ ਹਨ ਅਰ ਸਭੇ ਸਰਾ ਦੇ ਗੈਰਤਵ ੦
ਲੇ ਹਨ ॥੨੧॥ ਅਤੇ ਉਨਾਂ ਤੇਰੀ ਇਹ ਖਬਰ ਸੁਣੀ ਹੈ ਜੋ ਤੂੰ ਸਾਰੇ ਯਹੂਦੀਆਂ ਨੂੰ ਜੋ ਹਨ
ਪਰਾਈਆਂ ਕੋਮਾਂ ਵਿੱਚ ਬਾਸ ਦੇ ਹਨ ਇਹ ਸਿਖਾਲਦਾ ਹੈਂ ਭਈ ਮੂਸਾ ਨੂੰ ਤਿਆਗੋ ਅਤੇ
ਆਖਦਾ ਹੈਂ ਜੋ ਆਪਣਿਆਂ ਬਾਲਕਾਂ ਦੀ ਸੁੰਨਤ ਨਾ ਕਰਵਾਓ ਅਤੇ ਰੀਤਾਂ ਪੁਰ ਨਾ ਚੱ-
ਲੋ ॥੨੨॥ ਸੋ ਹੁਣ ਕੀ ਗੱਲ ਹੋਵੇ। ਓਹ ਜਰੂਰ ਸੁਣ ਲੈਣਗੇ ਜੋ ਤੂੰ ਆਇਆ ਹੈਂ ॥੨੩
॥ ਇਸ ਲਈ ਤੂੰ ਐਉਂ ਕਰ ਜਿਸ ਤਰਾਂ ਅਸੀਂ ਤੈਨੂੰ ਦੱਸਦੇ ਹਾਂ। ਸਾਡੇ ਕੋਲ ਚਾਰ ਪੁਰਖ ਹਨ
ਜਿਨਾਂ ਮੰਨਤ ਮੰਨੀ ਹੈ ॥੨੪॥ ਤੂੰ ਉਨਾਂ ਨੂੰ ਲੈਕੇ ਆਪਣੇ ਤਾਈਂ ਉਨਾਂ ਦੇ ਨਾਲ ਸੁੱਧ ਕਰ
ਅਤੇ ਉਨਾਂ ਦੇ ਲਈ ਕੁਛ ਖਰਚ ਕਰ ਜੋ ਓਹ ਆਪਣੇ ਸਿਰ ਮੁਨਾਉਣ ਤਾਂ ਸਭ ਲੋਕ ਜਾ-
ਣਨਗੇ ਭਈ ਜੇਹੜੀਆਂ ਗੱਲਾਂ ਉਹ ਦੀ ਬਾਬਤ ਅਸਾਂ ਸੁਣੀਆਂ ਹਨ ਸੋ ਕੁਛ ਨਹੀਂ
ਸਗੋਂ ਇਹ ਕਿ ਉਹ ਆਪ ਬੀ ਸਰਾ ਨੂੰ ਮੰਨਕੇ ਸਿੱਧੀ ਚਾਲ ਚੱਲਦਾ ਹੈ ॥੨੫॥ ਪਰ
ਪਰਾਈਆਂ ਕੋਮਾਂ ਦੇ ਹੱਕ ਵਿੱਚ ਜਿਨਾਂ ਨਿਹਚਾ ਕੀਤੀ ਹੈ ਅਸਾਂ ਇਹ ਠਰਾਕੇ ਲਿਖ ਭੇ-
ਜਿਆ ਸੀ ਭਈ ਓਹ ਮੂਰਤਾਂ ਦੇ ਝੜਾਵੇ ਅਤੇ ਲਹੂ ਅਤੇ ਗਲਘੁੱਟੇ ਹੋਏ ਦੇ ਮਾਸ ਅਤੇ

Original with
Language Department Punjab
Digitized by
Panjab Digital Library

ਹਰਾਮਕਾਰੀ ਥੋਂ ਆਪ ਨੂੰ ਬੱਚਾ ਰੱਖਣ ॥੨੬॥ ਤਦ ਪੌਲੁਸ ਨੈ ਉਨਾਂ ਮਨੁੱਖਾਂ ਨੂੰ ਨਾਲ਼ ਲਿ-
ਆ ਅਤੇ ਦੂਜੇ ਦਿਨ ਉਨਾਂ ਸਣੇ ਆਪ ਨੂੰ ਸੁੱਧ ਕਰਕੇ ਮੰਦਰ ਵਿੱਚ ਗਿਆ ਅਰ ਸੁੱਧ ਹੋਣ
ਦੇ ਦਿਨਾਂ ਦੇ ਪੂਰੇ ਹੋਣ ਦੀ ਖਬਰ ਦਿੰਦਾ ਗਿਆ ਜਦ ਤਾਈਂ ਉਨਾਂ ਵਿੱਚੋਂ ਹਰੇਕ ਦੇ ਲਈ
ਭੇਟ ਚੜ੍ਹਾਈ ਨ ਗਾਈ ॥ ॥੨੭॥ ਅਤੇ ਜਾਂ ਓਹ ਸੱਤ ਦਿਨ ਪੂਰੇ ਹੋਣ ਲੱ-
ਗੇ ਤਾਂ ਉਨਾਂ ਯਹੂਦੀਆਂ ਨੈ ਜੇਹੜੇ ਆਸਿਯਾ ਦੇ ਸਨ ਉਹ ਨੂੰ ਮੰਦਰ ਵਿੱਚ ਵੇਖਕੇ ਸਾਰੀ
ਭੀੜ ਨੂੰ ਭੜਕਾਇਆ ॥੨੮॥ ਅਰ ਉਸ ਉੱਤੇ ਹੱਥ ਪਾਕੇ ਦੁਹਾਈ ਦੇਣ ਲੱਗੇ ਜੋ ਹੇ ਇ-
ਸਰਾਈਲੀ ਮਰਦੋ ਬਾਹੁੜੋ ਇਹ ਉਹੋ ਮਨੁੱਖ ਹੈ ਜਿਹੜਾ ਹਰ ਜਗਾ ਸਾਡੀ ਕੌਮ ਅਤੇ
ਸ਼ਰਾ ਅਤੇ ਐਸ ਥਾਉਂ ਦੇ ਵਿਰੁੱਧ ਸਭਨਾਂ ਨੂੰ ਸਿੱਖਿਆ ਦਿੰਦਾ ਹੈ। ਅਤੇ ਨਾਲੇ ਉਸ ਨੈ
ਯੂਨਾਨੀਆਂ ਨੂੰ ਬੀ ਮੰਦਰ ਵਿੱਚ ਲਿਆਂਦਾ ਅਤੇ ਇਸ ਪਵਿੱਤ੍ਰ ਥਾਉਂ ਨੂੰ ਭ੍ਰਿਸ਼ਟ ਕੀ-
ਤਾ ਹੈ ॥੨੯॥ ਇਸ ਲਈ ਜੋ ਉਨਾਂ ਨੈ ਏਫ਼ੇਸੁ ਅੱਗੇ ਸ਼ਹਿਰ ਵਿੱਚ ਤ੍ਰੁਫਿਮੁਸ ਅਫਸੀ ਨੂੰ ਉ-
ਹਦੇ ਨਾਲ਼ ਡਿੱਠਾ ਸੀ ਅਤੇ ਭ੍ਰਮ ਕੀਤਾ ਜੋ ਪੌਲੁਸ ਉਹ ਨੂੰ ਮੰਦਰ ਵਿੱਚ ਲਿਆਇਆ
ਹੋਊ ॥੩੦॥ ਤਦ ਸ਼ਾਰੇ ਸ਼ਹਿਰ ਵਿੱਚ ਰੌਲਾ ਪਿਆ ਅਤੇ ਲੋਕ ਦੌੜਕੇ ਕੱਠੇ ਹੋਏ ਅਤੇ ਪੌ-
ਲੁਸ ਨੂੰ ਫੜਕੇ ਮੰਦਰੋਂ ਬਾਹਰ ਖਿੱਚ ਖੜਿਆ ਅਰ ਝੱਟ ਦਰਵੱਜੇ ਬੰਦ ਕੀਤੇ ਗਏ ॥੩੧
॥ ਅਤੇ ਜਾਂ ਓਹ ਉਸ ਦੇ ਮਾਰ ਸੁੱਟਣ ਦੇ ਮਗਰ ਪਏ ਤਾਂ ਫੌਜ ਦੇ ਸਰਦਾਰ ਨੂੰ ਖਬਰ ਪਹੁੰ-
ਚੀ ਭਈ ਸਾਰੇ ਯਰੂਸ਼ਲੀਮ ਵਿੱਚ ਪਸ਼ਾਦ ਮਚ ਗਿਆ ॥੩੨॥ ਅਤੇ ਉਹ ਉੱਸੇ ਵੇਲੇ

Original wi
Language Department Punjab
Digitized by:
Panjab Digital Library

ਸਿਪਾਹੀਆਂ ਅਤੇ ਸੂਬੇਦਾਰਾਂ ਨੂੰ ਲੈਕੇ ਉਨਾਂ ਉੱਤੇ ਦੌੜ ਪਿਆ ਅਤੇ ਓਹ ਲੋਕ ਸਰਦਾਰ
ਅਤੇ ਸਿਪਾਹੀਆਂ ਨੂੰ ਵੇਖਕੇ ਪੌਲੁਸ ਦੇ ਮਾਰਨ ਥੋਂ ਹਟ ਗਏ ॥੩੩॥ ਤਦ ਸਰਦਾਰ ਨੇੜੇ
ਨੇ ਆਣਕੇ ਉਹ ਨੂੰ ਫੜ ਲਿਆ ਅਤੇ ਹੁਕਮ ਦਿੱਤਾ ਭਈ ਉਹ ਨੂੰ ਦੋ ਸੰਗਲਾਂ ਨਾਲ ਬੰਨ
ਲਓ ਅਰ ਪੁੱਛਿਆ ਜੋ ਇਹ ਕੌਣ ਹੈ ਅਤੇ ਇਸ ਨੇ ਕੀ ਕੀਤਾ ਹੈ ॥੩੪॥ ਤਦ ਭੀੜ ਵਿੱਚੋਂ
ਕਈ ਕੁਛ ਪੁਕਾਰਨ ਲੱਗੇ ਅਤੇ ਕਈ ਕੁਛ ਅਰ ਜਾਂ ਉਸ ਰੌਲੇ ਦੇ ਸਬੱਬ ਹਕੀਕਤ ਮਲੂ
ਮ ਨਾ ਕਰ ਸੱਕਿਆ ਤਾਂ ਉਹ ਨੇ ਹੁਕਮ ਦਿੱਤਾ ਭਈ ਇਹ ਨੂੰ ਕਿਲੇ ਵਿੱਚ ਲੈ ਜਾਓ ॥੩੫॥
ਅਤੇ ਜਾਂ ਉਹ ਪੌੜੀਆਂ ਉੱਤੇ ਪਹੁੰਚਿਆ ਤਾਂ ਐਉਂ ਹੋਇਆ ਜੋ ਭੀੜ ਦੇ ਧੱਕੇ ਦੇ ਮਾਰੇ ਸਿਪਾ-
ਹੀਆਂ ਨੇ ਉਹ ਨੂੰ ਚੁੱਕ ਲਿਆ ॥੩੬॥ ਕਿਉਂ ਜੋ ਲੋਕਾਂ ਦੀ ਭੀੜ ਇਹ ਡੰਡ ਪਾਉਂਦੀ ਮਗਰ
ਚੱਲੀ ਆਉਂਦੀ ਸੀ ਭਈ ਇਹ ਨੂੰ ਮਾਰ ਦਿਓ ॥ ॥੩੭॥ ਅਰ ਜਦ ਪੌਲੁਸ
ਨੂੰ ਕਿਲੇ ਦੇ ਅੰਦਰ ਲਜਾਣ ਲੱਗੇ ਤਾਂ ਉਹ ਨੇ ਸਰਦਾਰ ਨੂੰ ਕਿਹਾ ਜੇ ਹੁਕਮ ਹੋਵੇ ਤਾਂ ਮੈਂ ਤੇਰੇ
ਅੱਗੇ ਕੁਛ ਆਖਾਂ। ਉਹ ਬੋਲਿਆ ਭਲਾ ਤੂੰ ਯੂਨਾਨੀ ਬੋਲੀ ਜਾਣਦਾ ਹੈਂ ॥੩੮॥ ਫੇਰ ਤੂੰ ਉ
ਹੋ ਮਿਸਰੀ ਨਹੀਂ ਹੈਂ ਜਿਹੜਾ ਇਨਾਂ ਦਿਨਾਂ ਥੋਂ ਅੱਗੇ ਦੰਗਾ ਕਰਕੇ ਡਾਕੂਆਂ ਦੇ ਚਾਰ ਹਜਾਰ
ਆਦਮੀਆਂ ਨੂੰ ਜੰਗਲ ਵਿੱਚ ਲੈ ਗਿਆ ਸੀ ॥੩੯॥ ਪੌਲੁਸ ਨੇ ਕਿਹਾ ਮੈਂ ਤਾਂ ਇੱਕ ਯਹੂ-
ਦੀ ਮਨੁੱਖ ਕਿਲਿਕਿਯਾ ਦੇ ਤਰਸੁਸ ਦਾ ਰਹਿਣ ਵਾਲਾ ਹਾਂ ਜੋ ਕੋਈ ਮਾੜਾ ਸ਼ਹਿਰ ਨਹੀਂ ਹੈ
ਅਤੇ ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਜੋ ਮੈਨੂੰ ਲੋਕਾਂ ਨਾਲ ਬੋਲਣ ਦੀ ਪਰਵਾਨਗੀ ਦਿ

Original with:
Language Department Punjab
Digitized by:
Panjab Digital Library

ਹ ॥੪੦॥ ਜਾਂ ਉਸ ਨੈ ਪਰਵਾਨਗੀ ਦਿੱਤੀ ਤਾਂ ਪੌਲੁਸ ਨੈ ਪੌੜੀਆਂ ਉੱਤੇ ਖੜੋਕੇ ਲੋਕਾਂ ਨੂੰ ਹੱਥ ਨਾਲ਼ ਸੈਨਤ ਕੀਤੀ ਅਤੇ ਜਾਂ ਓਹ ਸਭ ਚੁੱਪਚਾਪ ਹੋ ਗਏ ਤਾਂ ਉਹ ਇਬਰਾਨੀ ਭਾਖਿਆ ਵਿੱਚ ਬੋਲਣ ਲੱਗਾ ਅਤੇ ਆਖਿਆ ॥

੨੨ ਕਾਂਡ ॥ ਹੇ ਭੁਰਾਵੋ ਅਤੇ ਹੇ ਪਿਤਰੋ ਮੇਰਾ ਇਹ ਉਜਰ ਜੋ ਹੁਣ ਮੈਂ ਤੁਹਾਡੇ ਸਾਹਮਣੇ ਕਰਦਾ ਹਾਂ ਸੁਣੋ ॥ ॥੨॥ ਉਨਾਂ ਨੈ ਜਾਂ ਸੁਣਿਆ ਜੋ ਉਹ ਇਬਰਾਨੀ ਭਾਖਿਆ ਵਿੱਚ ਸਾਡੇ ਨਾਲ਼ ਗੱਲਾਂ ਕਰਦਾ ਹੈ ਤਾਂ ਹੋਰ ਬੀ ਚੁੱਪ ਰਹਿ ਗਏ ।ਤਦ ਉਹ ਬੋਲਿਆ ॥ ॥੩॥ ਮੈਂ ਇੱਕ ਯਹੂਦੀ ਮਨੁੱਖ ਹਾਂ ਜਿਹੜਾ ਕਿਲਿਕਿਯਾ ਦੇ ਤਰਸੁਸ ਵਿੱਚ ਜੰਮਿਆ ਪਰ ਇਸੇ ਸ਼ਹਿਰ ਵਿਖੇ ਗਾਮਲੀਏਲ ਦੇ ਚਰਨਾਂ ਵਿੱਚ ਪਾਲਿਆ ਅਤੇ ਸਾਡੇ ਪਿਉ ਦਾਦਿਆਂ ਦੀ ਸ਼ਰਾ ਦੀਆਂ ਬਰੀਕੀਆਂ ਵਿੱਚ ਵਿੱਦਿਆ ਸਿੱਖੀ ਅਤੇ ਪਰਮੇਸ਼ੁਰ ਦੇ ਲਈ ਅਜਿਹਾ ਹੀ ਗੈਰਤਵਾਲਾ ਸੀ ਜਿਹੇ ਕਿ ਤੁਸੀਂ ਸਭ ਅੱਜ ਦੇ ਦਿਨ ਹੋ ॥੪॥ ਅਰ ਮੈਂ ਪੁਰਖਾਂ ਅਤੇ ਤੀਮੀਆਂ ਨੂੰ ਬੰਨ ਬੰਨ ਕੇ ਅਰ ਕੈਦ ਵਿੱਚ ਪੁਆ ਕੇ ਇਸ ਪੰਥ ਦੇ ਲੋਕਾਂ ਨੂੰ ਮੌਤ ਤੀਕੁਰ ਸਤਾਇਆ ॥ ੫॥ ਜਿਹਾ ਕੁ ਸਰਦਾਰ ਜਾਜਕ ਅਤੇ ਬੁਜ਼ੁਰਗਾਂ ਦੀ ਸਾਰੀ ਪੰਚਾਇਤ ਮੇਰੇ ਲਈ ਸਾਖੀ ਦਿੰਦੀ ਹੈ ਕਿ ਜਿਨਾਂ ਕੋਲੋਂ ਮੈਂ ਭਾਈਆਂ ਦੇ ਨਾਉਂ ਚਿੱਠੀਆਂ ਬੀ ਲੈਕੇ ਦਮਿਸਕ ਨੂੰ ਜਾਂਦਾ ਸੀ ਭਈ ਉਨਾਂ ਨੂੰ ਬੀ ਜੇਹੜੇ ਉੱਥੇ ਸਨ ਸਜ਼ਾ ਦੇਣ ਲਈ ਯਰੂਸ਼ਲੀਮ ਵਿੱਚ ਬੱਧੇ ਹੋਏ ਲਿਆਵਾਂ ॥੬॥ ਅਤੇ ਐਉਂ ਹੋਇਆ

Original with:
Language Department Punjab
Digitized by:
Panjab Digital Library

ਕਿ ਜਾਂ ਮੈਂ ਤੁਰਦੇ ਤੁਰਦੇ ਦਮਿਸਕ ਦੇ ਨੇੜੇ ਪਹੁੰਚਿਆ ਤਾਂ ਦੁਪਹਿਰ ਦੇ ਵੇਲੇ ਮੇਰੇ ਚੁਫੇਰੇ
ਅਚਾਣਕ ਅਕਾਸੋਂ ਵਡੀ ਜੋਤ ਚਮਕੀ ॥੭॥ ਅਰ ਮੈਂ ਜ਼ਮੀਨ ਉੱਤੇ ਡਿਗ ਪਿਆ ਅਤੇ ਇੱ
ਕ ਅਵਾਜ਼ ਸੁਣੀ ਜੋ ਮੈਨੂੰ ਆਖਦੀ ਹੈ ਹੇ ਸੌਲੁਸ ਹੇ ਸੌਲੁਸ ਤੂੰ ਮੈਨੂੰ ਕਿਉਂ ਸਤਾਉਂਦਾ ਹੈਂ ॥
੮॥ ਤਦ ਮੈਂ ਉੱਤਰ ਦਿੱਤਾ ਕਿ ਮਹਾਰਾਜ ਤੂੰ ਕੌਣ ਹੈਂ। ਉਹ ਨੇ ਮੈਨੂੰ ਆਖਿਆ ਮੈਂ ਯਿਸੂ ਨ
ਸ਼ਰੀ ਹਾਂ ਜਿਹ ਨੂੰ ਤੂੰ ਸਤਾਉਂਦਾ ਹੈਂ ॥ ੯॥ ਅਤੇ ਉਹ ਨੇ ਜੋ ਮੇਰੇ ਨਾਲ ਸੀ ਜੋਤ ਤਾਂ ਵੇਖੀ
ਪਰ ਉਹ ਦਾ ਸ਼ਬਦ ਜੋ ਮੇਰੇ ਸੰਗ ਬੋਲਦਾ ਸ਼ੀ ਨ ਸੁਣਿਆ ॥ ੧੦॥ ਫੇਰ ਮੈਂ ਕਿਹਾ ਹੇ ਪ੍ਰ
ਭੂ ਮੈਂ ਕੀ ਕਰਾਂ। ਅਤੇ ਪ੍ਰਭੂ ਨੇ ਮੈਨੂੰ ਆਖਿਆ ਤੂੰ ਉੱਠ ਕੇ ਦਮਿਸਕ ਵਿੱਚ ਜਾਹ ਅਤੇ ਸਭ
ਬਾਤਾਂ ਜੋ ਤੇਰੇ ਕਰਨ ਲਈ ਠਰਾਈਆਂ ਹੋਈਆਂ ਹਨ ਸੋ ਓਥੇ ਹੀ ਤੈਨੂੰ ਦੱਸੀਆਂ ਜਾਣਗੀ
ਆਂ ॥ ੧੧॥ ਅਤੇ ਜਾਂ ਮੈਂ ਉਸ ਜੋਤ ਦੇ ਤੇਜ ਕਰਕੇ ਵੇਖ ਨਾ ਸੱਕਿਆ ਤਾਂ ਆਪਣੇ ਸਾਥੀਆ ੦
ਦੇ ਹੱਥ ਫੜੀ ਦਮਿਸਕ ਵਿੱਚ ਆਇਆ ॥ ੧੨॥ ਅਰ ਇੱਕ ਮਨੁੱਖ ਹਨਾਨਿਯਾਹ ਨਾ
ਮੇ ਜੋ ਸ਼ਰਾ ਦੀ ਰੀਤ ਮੂਜਬ ਭੁਗਤ ਲੋਕ ਸੀ ਅਤੇ ਸਾਰੇ ਯਹੂਦੀਆਂ ਵਿੱਚ ਜੇਹੜੇ ਓਥੇ ਰ
ਹਿਦੇ ਸਨ ਨੇਕ ਨਾਮ ਸੀ ॥ ੧੩॥ ਮੇਰੇ ਪਾਸ ਆਇਆ ਅਤੇ ਉਸ ਨੇ ਕੋਲ ਖੜੇ ਹੋ ਕੇ ਮੈਨੂੰ ਆ ੦
ਖਿਆ ਭਾਈ ਸੌਲੁਸ ਸੁਜਾਖਾ ਹੋ ਜਾਹ। ਅਰ ਓਸੇ ਵੇਲੇ ਮੈਂ ਉਹ ਦੇ ਉੱਤੇ ਨਜ਼ਰ ਕੀਤੀ ॥ ੧੪
॥ ਅਤੇ ਉਹ ਬੋਲਿਆ ਸਾਡੇ ਵਡਿਆਂ ਦੇ ਪਰਮੇਸ਼ੁਰ ਨੇ ਤੈਨੂੰ ਠਰਾਇਆ ਹੈ ਜੋ ਤੂੰ ਉਹ ਦੀ
ਮਰਜ਼ੀ ਨੂੰ ਜਾਣੇਂ ਅਤੇ ਉਸ ਧਰਮੀ ਨੂੰ ਵੇਖੇਂ ਅਤੇ ਉਹ ਦੇ ਮੂੰਹ ਦਾ ਸ਼ਬਦ ਸੁਣੇਂ ॥ ੧੫ ॥ ਕਿਉ

Original with
Language Department Punjab
Digitized by:
Panjab Digital Library

ਜੋ ਓਸ ਦੇ ਲਈ ਤੂੰ ਸਭ ਮਨੁੱਖਾਂ ਦੇ ਅੱਗੇ ਉਨਾਂ ਗੱਲਾਂ ਦਾ ਸਾਖੀ ਹੋਵੇਂਗਾ ਜੋ ਤੈਂ ਵੇਖੀਆਂ ਅਤੇ ਸੁਣੀਆਂ ਹਨ ॥੧੬॥ ਅਤੇ ਹੁਣ ਤੂੰ ਕਿਉਂ ਢਿੱਲ ਕਰਦਾ ਹੈਂ ਉੱਠ ਅਤੇ ਉਹ ਦਾ ਨਾਉਂ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ ॥੧੭॥ ਅਤੇ ਐਉਂ ਹੋਇਆ ਕਿ ਜਾਂ ਮੈਂ ਯਰੂਸਲੀਮ ਨੂੰ ਮੁੜਿਆ ਤਾਂ ਮੰਦਰ ਵਿੱਚ ਪ੍ਰਾਰਥਨਾ ਕਰਦੇ ਹੋਏ ਮੈਂ ਬੇਸੁਧ ਹੋ ਗਿਆ ॥੧੮॥ ਅਤੇ ਉਹ ਨੂੰ ਵੇਖਿਆ ਜੋ ਮੈਨੂੰ ਆਖਦਾ ਸੀ ਕਿ ਛੇਤੀ ਕਰ ਅਤੇ ਯਰੂਸਲੀਮ ਥੋਂ ਸਤਾਬੀ ਨਿੱਕਲ ਜਾਹ ਕਿਉਂ ਜੋ ਓਹ ਮੇਰੇ ਹੱਕ ਵਿੱਚ ਤੇਰੀ ਸਾਖੀ ਨਾ ਮੰਨਣਗੇ ॥੧੯॥ ਅਤੇ ਮੈਂ ਆਖਿਆ ਹੇ ਪ੍ਰਭੂ ਓਹ ਆਪ ਜਾਣਦੇ ਹਨ ਜੋ ਮੈਂ ਉਨਾਂ ਨੂੰ ਜਿਨਾਂ ਤੇਰੇ ਉੱਤੇ ਨਿਹਚ ਕੀਤੀ ਕੈਦ ਕਰਦਾ ਅਤੇ ਹਰੇਕ ਸਮਾਜ ਵਿੱਚ ਮਾਰਦਾ ਸੀ ॥੨੦॥ ਅਰ ਜਾਂ ਤੇਰੇ ਸ਼ਹੀਦ ਇਸਤੀਫਨ ਦਾ ਖੂਨ ਵਹਾਇਆ ਗਿਆ ਤਾਂ ਮੈਂ ਬੀ ਕੋਲ ਖੜਾ ਅਤੇ ਰਾਜੀ ਸੀ ਅਤੇ ਉਹ ਦੇ ਖੂਨੀਆਂ ਦੇ ਬਸਤ੍ਰਾਂ ਦੀ ਰਾਖੀ ਕਰਦਾ ਸੀ ॥੨੧॥ ਅਤੇ ਓਨ ਮੈਨੂੰ ਆਖਿਆ ਕਿ ਤੁਰ ਜਾਹ ਕਿਉਂ ਜੋ ਮੈਂ ਤੈਨੂੰ ਦੂਰ ਵਾਟ ਪਰਾਈਆਂ ਕੌਮਾਂ ਦੇ ਕੋਲ ਘੱਲਾਂਗਾ ॥

॥੨੨॥ ਓਹ ਐਸ ਗੱਲ ਤੀਕੁਰ ਉਹ ਦੀ ਸੁਣਦੇ ਰਹੇ ਤਾਂ ਉੱਚੀ ਅਵਾਜ ਨਾਲ ਆਖਣ ਲੱਗੇ ਭਈ ਇਹੋ ਜਿਹੇ ਮਨੁੱਖ ਨੂੰ ਧਰਤੀ ਉੱਤੋਂ ਦੂਰ ਕਰ ਦਿਓ ਕਿਉਂ ਜੋ ਉਹ ਦਾ ਜੀਉਣਾ ਹੀ ਜੋਗ ਨਹੀਂ ॥੨੩॥ ਅਤੇ ਜਾਂ ਓਹ ਧੂੰਮ ਮਚਾਉਣ ਅਤੇ ਆਪਣੇ ਲੀੜੇ ਸੁੱਟ ਕੇ ਖੇਹ ਉਡਾਉਣ ਲੱਗੇ ॥੨੪॥ ਤਾਂ ਸਰਦਾਰ ਨੈ ਹੁਕਮ ਦਿੱਤਾ ਜੋ ਉਹ ਨੂੰ ਕਿਲੇ ਵਿੱਚ ਲਿਆਉਣ ਅਤੇ ਅ

Original with
Language Department Punjab
Digitized by:
Panjab Digital Library

ਖਿਆ ਭਈਉਹ ਨੂੰ ਕੋਰੜੇ ਮਾਰਕੇ ਪਰਤਾਓ ਤਾਂ ਜੋ ਮੈਨੂੰ ਮਲੂਮ ਹੋਵੇ ਕਿ ਓਹ ਕਿਸ ਸਬੱਬ ਇਹ
ਦੇ ਮਗਰ ਐਉਂ ਡੰਡ ਪਾਉਂਦੇ ਹਨ॥੨੫॥ ਅਤੇ ਜਾਂ ਉਨਾਂ ਉਸ ਨੂੰ ਤਸਮਿਆਂ ਨਾਲ ਜਕੜਿਆ
ਤਾਂ ਪੌਲੁਸ ਨੈ ਸੂਬੇਦਾਰ ਨੂੰ ਜਿਹੜਾ ਕੋਲ ਖੜਾ ਸੀ ਆਖਿਆ ਕੀ ਤੁਹਾਨੂੰ ਜੋਗ ਹੈ ਜੋ ਇੱਕ ਰੂ-
ਮੀ ਆਦਮੀ ਨੂੰ ਦੋਸ ਸਾਬਤ ਕੀਤਿਆਂ ਬਿਨਾ ਕੋਰੜੇ ਮਾਰੋ॥੨੬॥ ਜਾਂ ਸੂਬੇਦਾਰ ਨੈ ਇਹ ਸੁ-
ਣਿਆ ਤਾਂ ਸਰਦਾਰ ਦੇ ਕੋਲ ਜਾਕੇ ਖਬਰ ਦਿੱਤੀ ਅਤੇ ਕਿਹਾ ਤੂੰ ਇਹ ਕੀ ਕਰਨ ਲੱਗਾ ਹੈਂ ਇ-
ਹ ਮਨੁੱਖ ਤਾਂ ਰੂਮੀ ਹੈ॥੨੭॥ ਸਰਦਾਰ ਨੈ ਕੋਲ ਜਾਕੇ ਉਹ ਨੂੰ ਆਖਿਆ ਮੈਨੂੰ ਦੱਸ ਤੂੰ ਰੂਮੀ
ਹੈਂ ਉਹ ਬੋਲਿਆ ਹਾਂ ਜੀ॥੨੮॥ ਤਾਂ ਸਰਦਾਰ ਨੈ ਅੱਗੋਂ ਆਖਿਆ ਮੈਂ ਬਹੁਤ ਪੈਸਾ ਖਰ-
ਚਕੇ ਇਹ ਮਰਾਤਬਾ ਪਾਇਆ। ਪੌਲੁਸ ਬੋਲਿਆ ਪਰ ਮੈਂ ਅਜਿਹਾ ਹੀ ਜੰਮਿਆ॥੨੯॥
ਉਪਰੰਦ ਜੇਹੜੇ ਉਹ ਨੂੰ ਪਰਤਾਉਣ ਲੱਗੇ ਸਨ ਓਹ ਝੱਟ ਉਹ ਦੇ ਪਾਸੋਂ ਹਟ ਗਏ ਅਤੇ ਸਰਦਾ-
ਰ ਬੀ ਇਹ ਜਾਣਕੇ ਭਈ ਉਹ ਰੂਮੀ ਹੈ ਅਤੇ ਮੈਂ ਉਹ ਨੂੰ ਬੰਨਿਆ ਡਰ ਗਿਆ॥
॥੩੦॥ ਅਗਲੇ ਭਲਕ ਉਸ ਨੈ ਇਸ ਅਰਾਦੇ ਨਾਲ ਜੋ ਹਕੀਕਤ ਮਲੂਮ ਕਰੇ ਭਈ ਯ-
ਹੂਦੀਆਂ ਨੈ ਉਹ ਦੇ ਉੱਤੇ ਕਿਉ ਦੋਸ ਲਾਇਆ ਹੈ ਉਸ ਨੂੰ ਛੱਡ ਦਿੱਤਾ ਅਤੇ ਪਰਧਾਨ ਜਾ-
ਜਕਾਂ ਅਤੇ ਸਾਰੀ ਮਹਾਂ ਸਭਾ ਦੇ ਕੱਠੇ ਹੋਣ ਦਾ ਹੁਕਮ ਕੀਤਾ। ਫੇਰ ਉਹ ਨੈ ਪੌਲੁਸ ਨੂੰ ਹੇਠ ਉ-
ਤਾਰਕੇ ਉਨਾਂ ਦੇ ਸਾਹਮਣੇ ਖੜਾ ਕੀਤਾ॥

੨੩ਕਾਂਡ॥ ਉਪਰੰਦ ਪੌਲੁਸ ਨੈ ਸਭਾ ਦੀ ਵਲ ਧਿਆਨ ਲਾਕੇ ਕਿਹਾ ਹੇ ਭਰਾਵੋ ਮੈਂ ਅੱਜ

Original with
Language Dep
Digitized by:
Panjab Digital Library

ਤੀਕੁ ਪੁਰੀ ਨੇ ਕਨੀਅਤੀ ਨਾਲ ਪਰਮੇਸੁਰ ਦੇ ਅੱਗੇ ਚੱਲਦਾ ਰਿਹਾ ਹਾਂ॥ ੨॥ ਤਾਂ ਹਨਾਨਿ-
ਯਾਹ ਨਾਮੇ ਸਰਦਾਰ ਜਾਜਕ ਨੈ ਉਨਾਂ ਨੂੰ ਜੇਹੜੇ ਕੋਲ ਖਲੋਤੇ ਸਨ ਹੁਕਮ ਦਿੱਤਾ ਭਈ ਉਹ
ਦੇ ਮੂੰਹ ਉੱਤੇ ਮਾਰੋ॥ ੩॥ ਤਦ ਪੌਲੁਸ ਨੈ ਉਹ ਨੂੰ ਆਖਿਆ ਹੇ ਕਲੀ ਫੇਰੀ ਹੋਈ ਕੰਧੇ ਪਰਮੇ-
ਸੁਰ ਤੈਨੂੰ ਮਾਰੂਗਾ। ਤੂੰ ਤਾਂ ਸਰਾ ਦੇ ਮੂੰਜਬ ਮੇਰਾ ਨਿਆਉਂ ਕਰਨ ਲਈ ਬੈਠਾ ਹੈਂ ਅਤੇ ਸਰ ੦
ਦੇ ਉਲਟ ਕੀ ਮੈਨੂੰ ਮਾਰਨ ਦਾ ਹੁਕਮ ਦਿੰਦਾ ਹੈਂ॥ ੪॥ ਅਰ ਜੇਹੜੇ ਕੋਲ ਖੜੇ ਸਨ ਓਹ ਬੋ-
ਲੇ ਕੀ ਤੂੰ ਪਰਮੇਸੁਰ ਦੇ ਸਰਦਾਰ ਜਾਜਕ ਨੂੰ ਗਾਲ੍ਹ ਕੱਢਦਾ ਹੈਂ॥ ੫॥ ਅਤੇ ਪੌਲੁਸ ਨੈ ਆ-
ਖਿਆ ਹੇ ਭਰਾਵੋ ਮੈਨੂੰ ਖਬਰ ਨ ਸੀ ਜੋ ਇਹ ਸਰਦਾਰ ਜਾਜਕ ਹੈ ਕਿਉਂ ਜੋ ਲਿਖਿਆ ਹੈ ਭ-
ਈ ਤੂੰ ਆਪਣੀ ਕੌਮ ਦੇ ਸਰਦਾਰ ਨੂੰ ਬੁਰਾ ਨ ਕਹੁ॥ ੬॥ ਪਰ ਜਾਂ ਪੌਲੁਸ ਨੈ ਮਲੂਮ ਕੀਤ ੦
ਜੋ ਇਨਾਂ ਵਿੱਚ ਕਈ ਸਦੂਕੀ ਅਤੇ ਕਈ ਫਰੀਸੀ ਹਨ ਤਾਂ ਸਭਾ ਵਿੱਚ ਉੱਚੀ ਬੋਲਿਆ ਹੇ
ਭਰਾਵੋ ਮੈਂ ਫਰੀਸੀ ਅਤੇ ਫਰੀਸੀਆਂ ਦਾ ਪੁੱਤ ਹਾਂ। ਮੁਰਦਿਆਂ ਦੀ ਆਸ ਅਤੇ ਜੀ ਉੱਠ
ਣ ਦੇ ਬਦਲੇ ਮੇਰੇ ਜੁੰਮੇ ਦੋਸ ਲਾਈਦਾ ਹੈ॥ ੭॥ ਜਾਂ ਉਸ ਨੈ ਇਹ ਕਿਹਾ ਤਾਂ ਫਰੀਸੀਆਂ
ਅਤੇ ਸਦੂਕੀਆਂ ਵਿੱਚ ਝਗੜਾ ਹੋਇਆ ਅਤੇ ਭੀੜ ਵਿੱਚ ਫੁੱਟ ਪੈ ਗਈ॥ ੮॥ ਕਿਉਂ
ਜੋ ਸਦੂਕੀ ਆਖਦੇ ਹਨ ਭਈ ਨ ਕੋਈ ਜੀ ਉੱਠਣਾ ਅਤੇ ਨ ਦੂਤ ਅਤੇ ਨ ਕੋਈ ਆਤ-
ਮਾ ਹੈ ਪਰ ਫਰੀਸੀ ਦੋਹਾਂ ਨੂੰ ਮੰਨਦੇ ਹਨ॥ ੯॥ ਤਦ ਵੱਡਾ ਰੌਲਾ ਪਿਆ ਅਤੇ ਫਰੀਸੀਆ ੦
ਦੀ ਵਲ ਦੇ ਗ੍ਰੰਥੀਆਂ ਵਿੱਚੋਂ ਕਈ ਪੁਰਸ ਉੱਠੇ ਅਤੇ ਇਹ ਕਹਿਕੇ ਝਗੜਨ ਲੱਗੇ ਜੋ ਅ

Original with:
Language Department Punjab
Digitized by:
Panjab Digital Library

ਸ ਮਨੁੱਖ ਵਿੱਚ ਸਾਨੂੰ ਕੋਈ ਬੁਰਿਆਈ ਨਹੀਂ ਮਲੂਮ ਹੁੰਦੀ ਪਰ ਜੇ ਕਿਸੇ ਆਤਮਾ ਜਾਂ ਦੂਤ
ਨੇ ਉਹ ਦੇ ਨਾਲ ਗੱਲ ਕੀਤੀ ਹੈ ਤਾਂ ਫੇਰ ਕੀ ॥੧੦॥ ਅਤੇ ਜਾਂ ਵੱਡਾ ਝਗੜਾ ਹੋਇਆ ਤਾਂ ਫੌਜ
ਦੇ ਸਰਦਾਰ ਨੇ ਇਸ ਡਰ ਦੇ ਮਾਰੇ ਭਈ ਕਿਤੇ ਓਹ ਪੌਲੁਸ ਦੇ ਟੋਟੇ ਨਾ ਕਰ ਦੇਣ ਸਿਪਾਹੀਆਂ
ਨੂੰ ਹੁਕਮ ਦਿੱਤਾ ਜੋ ਉੱਤਰ ਕੇ ਉਸ ਨੂੰ ਉਨਾਂ ਵਿੱਚੋਂ ਬਦੋ ਬਦੀ ਕੱਢ ਕੇ ਕਿਲੇ ਦੇ ਅੰਦਰ ਲੈ ਜਾ-
ਓ ॥ ॥੧੧॥ ਓਸੇ ਰਾਤ ਪ੍ਰਭੁ ਨੇ ਉਹ ਦੇ ਕੋਲ ਖੜੇ ਕੇ ਕਿਹਾ ਖਾਤਰ ਜਮਾ ਰੱਖ ਕਿ-
ਉਂਕਿ ਜਿਸ ਤਰਾਂ ਤੈਂ ਮੇਰੀਆਂ ਗੱਲਾਂ ਉੱਤੇ ਯਰੂਸ਼ਲੀਮ ਵਿੱਚ ਸਾਖੀ ਦਿੱਤੀ ਓਸੇ ਤਰਾਂ ਤੈਨੂੰ
ਰੂਮ ਵਿੱਚ ਬੀ ਸਾਖੀ ਦੇਣੀ ਪਊ ॥ ॥੧੨॥ ਅਰ ਜਾਂ ਦਿਨ ਚੜਿਆ ਤਾਂ ਯਹੂਦੀ-
ਆਂ ਨੇ ਏਕਾ ਕਰ ਕੇ ਆਖਿਆ ਕਿ ਅਸੀਂ ਜਦ ਤੀਕੁਰ ਪੌਲੁਸ ਨੂੰ ਮਾਰ ਨਾ ਲਈਏ ਜੇ ਕੁਛ
ਖਾਈਏ ਪੀਈਏ ਤਾਂ ਸਾਡੇ ਉੱਤੇ ਧ੍ਰਿਗ ਹੋਵੇ ॥੧੩॥ ਅਤੇ ਜਿਨਾਂ ਆਪਸ ਵਿੱਚ ਰਲ ਕੇ ਇ-
ਹ ਸੌਂਹ ਖਾਧੀ ਸੀ ਓਹ ਚਾਹਲੀਆਂ ਥੋਂ ਵੱਧ ਸਨ ॥੧੪॥ ਸੋ ਉਨਾਂ ਨੇ ਪਰਧਾਨ ਜਾਜਕਾਂ ਅ-
ਤੇ ਬੁਜ਼ੁਰਗਾਂ ਦੇ ਪਾਸ ਜਾ ਕੇ ਕਿਹਾ ਭਈ ਅਸਾਂ ਆਪਣੇ ਉੱਤੇ ਧ੍ਰਿਗ ਲਈ ਹੈ ਕਿ ਜਦ ਤੀਕੁ-
ਰ ਪੌਲੁਸ ਨੂੰ ਮਾਰ ਨਾ ਲਈਏ ਅਸੀਂ ਕੁਛ ਨਾ ਚੱਖਾਂਗੇ ॥੧੫॥ ਸੋ ਹੁਣ ਤੁਸੀਂ ਸਭਾ ਦੇ ਨਾਲ
ਰਲ ਕੇ ਫੌਜ ਦੇ ਸਰਦਾਰ ਨੂੰ ਕਹੋ ਜੋ ਉਹ ਉਸ ਨੂੰ ਤੁਹਾਡੇ ਕੋਲ ਲੈ ਆਵੇ ਭਈ ਜਿੱਕੂੰ ਤੁਸੀਂ ਉ-
ਹ ਦੀ ਹਕੀਕਤ ਹੋਰ ਬੀ ਠੀਕ ਤਰਾਂ ਨਾਲ ਮਲੂਮ ਕਰਨੀ ਚਾਹੁੰਦੇ ਹੋ ਅਤੇ ਅਸੀਂ ਉਹ ਦੇ ਨੇੜੇ
ਆਉਣ ਥੋਂ ਪਹਿਲਾਂ ਹੀ ਉਹ ਦੇ ਮਾਰ ਘੱਤਣ ਨੂੰ ਤਿਆਰ ਹੋ ਰਹਾਂਗੇ ॥੧੬॥ ਪਰ ਪੌਲੁਸ ਦ-

Original with:
Language Department Punjab
Digitized by:
Panjab Digital Library

ਕੁਟੇਵਾਂ ਉਨਾਂ ਦੇ ਘਾਤ ਲਾਉਣ ਦਾ ਹਾਲ ਸੁਣਕੇ ਆਇਆ ਅਤੇ ਕਿਲੇ ਦੇ ਅੰਦਰ ਜਾਕੇ ਪੌ-
ਲੁਸ ਨੂੰ ਦੱਸ ਦਿੱਤਾ ॥੧੭॥ ਤਦ ਪੌਲੁਸ ਨੇ ਸੂਬੇਦਾਰਾਂ ਵਿੱਚੋਂ ਇੱਕ ਨੂੰ ਕੋਲ ਸੱਦਕੇ ਆਖ-
ਆ ਭਈ ਇਸ ਜੁਆਨ ਨੂੰ ਫੌਜ ਦੇ ਸਰਦਾਰ ਪਾਸ ਲੈ ਜਾਹ ਕਿਉਂ ਜੋ ਇਸ ਨੇ ਉਹ ਨੂੰ ਕੁਛ ਦੱ-
ਸਣਾ ਹੈ ॥੧੮॥ ਸੋ ਉਸ ਨੇ ਉਹ ਨੂੰ ਆਪਣੇ ਨਾਲ ਲੈਕੇ ਸਰਦਾਰ ਕੋਲ ਆਂਦਾ ਅਤੇ ਕਿਹਾ
ਜੋ ਪੌਲੁਸ ਕੈਦੀ ਨੇ ਮੈਂ ਨੂੰ ਕੋਲ ਸੱਦਕੇ ਅਰਜ਼ ਕੀਤੀ ਜੋ ਇਸ ਜੁਆਨ ਨੂੰ ਤੇਰੇ ਪਾਸ ਲਿਆ-
ਵਾਂ ਕਿਉਂ ਜੋ ਇਹ ਨੇ ਤੇਰੇ ਨਾਲ ਕੋਈ ਗੱਲ ਕਰਨੀ ਹੈ ॥੧੯॥ ਉਪਰੰਦ ਸਰਦਾਰ ਨੇ ਉਹ ਦਾ ਹੱ-
ਥ ਫੜਿਆ ਅਤੇ ਲਾਂਭੇ ਲਜਾਕੇ ਇਕਾਂਤ ਵਿੱਚ ਪੁੱਛਿਆ ਤੂੰ ਕੀ ਹੈਂ ਜੋ ਤੈਂ ਮੈਂ ਨੂੰ ਦੱਸਣਾ
ਹੈ ॥੨੦॥ ਉਹ ਬੋਲਿਆ ਯਹੂਦੀਆਂ ਨੇ ਏਕਾ ਕੀਤਾ ਹੈ ਕਿ ਤੇਰੇ ਕੋਲ ਅਰਜ਼ ਕਰਨ ਜੋ ਤੂੰ
ਭਲਕੇ ਪੌਲੁਸ ਨੂੰ ਸਭਾ ਵਿੱਚ ਲਿਆਵੇਂ ਭਈ ਜਿੱਕੂੰ ਤੂੰ ਉਹ ਦੇ ਹੱਕ ਵਿੱਚ ਕੁਝ ਹੋਰ ਬੀ ਠੀ-
ਕ ਤਰਾਂ ਨਾਲ ਪੁੱਛਿਆ ਚਾਹੁੰਦਾ ਹੈਂ ॥੨੧॥ ਸੋ ਤੂੰ ਉਨਾਂ ਦੀ ਨਾ ਮੰਨੀਂ ਕਿਉਂ ਜੋ ਉਨਾਂ ਵਿੱਚੋਂ
ਚਾਹਲੀਆਂ ਮਨੁੱਖਾਂ ਥੋਂ ਵੱਧ ਉਹ ਦੀ ਘਾਤ ਵਿੱਚ ਲੱਗਾ ਰਹੇ ਹਨ ਜਿਨਾਂ ਆਪਣੇ ਉੱਤੇ ਧਿ-
ਗਾ ਲਈ ਹੈ ਕਿ ਜਦ ਤਾਈਂ ਉਹ ਨੂੰ ਮਾਰ ਨਾ ਲਾਇਜੇ ਅਸੀਂ ਨਾ ਖਾਵਾਂਗੇ ਨਾ ਪੀਆਂਗੇ ਅ-
ਤੇ ਹੁਣ ਓਹ ਤਿਆਰ ਹੋਕੇ ਤੇਰੇ ਹੁਕਮ ਦੀ ਉਡੀਕ ਵਿੱਚ ਬੈਠੇ ਹਨ ॥੨੨॥ ਉਪਰੰਦ ਸਰਦਾ-
ਰ ਨੇ ਉਸ ਜੁਆਨ ਨੂੰ ਇਹ ਹੁਕਮ ਦੇਕੇ ਵਿਦਿਆ ਕੀਤਾ ਭਈ ਕਿਸੇ ਕੋਲ ਨਾ ਆਖੀਂ ਜੋ ਤੈਂ
ਇਹ ਗੱਲ ਮੈਂ ਨੂੰ ਦੱਸੀ ਹੈ ॥੨੩॥ ਅਤੇ ਉਸ ਨੇ ਸੂਬੇਦਾਰਾਂ ਵਿੱਚੋਂ ਦੋ ਜਣਿਆਂ ਨੂੰ ਸੱਦਕੇ

Original from
Language Department-Punjab.
Digitized by:
Panjab Digital Library

ਕਿਹਾ ਭਈ ਦੋ ਸੌ ਸਿਪਾਹੀ ਕੈਸਰੀਆ ਨੂੰ ਜਾਣ ਲਈ ਅਰ ਸੱਤਰ ਅਸਵਾਰ ਅਤੇ ਦੋ ਸੌ ਬ
ਲੇਬਰਦਾਰ ਪਹਿਰ ਰਾਤ ਗਈ ਨੂੰ ਤਿਆਰ ਕਰ ਰੱਖੇ ॥੨੪॥ ਅਤੇ ਅਸਵਾਰੀ ਹਾਜ਼ਰ
ਕਰੋ ਜੋ ਓਹ ਪੌਲੁਸ ਨੂੰ ਚੜਾਕੇ ਫੇਲਿਕਸ ਹਾਕਮ ਦੇ ਪਾਸ ਸੁਖ ਸਾਂਦ ਨਾਲ ਪੁਚਾ ਦੇਣ ॥
੨੫॥ ਫੇਰ ਉਹ ਨੇ ਇਸ ਪਰਕਾਰ ਦਾ ਖਤ ਲਿਖਿਆ ॥ ॥੨੬॥ ਕਲੌਦਿਸ ਲੁ-
ਸਿਯਾਸ ਦਾ ਹਾਕਮ ਫੇਲਿਕਸ ਬਹਾਦੁਰ ਨੂੰ ਸਲਾਮ ॥੨੭॥ ਇਸ ਮਰਦ ਨੂੰ ਜਾਂ ਯ-
ਹੂਦੀ ਲੋਕਾਂ ਨੇ ਫੜਕੇ ਮਾਰ ਸੁੱਟਣ ਉੱਤੇ ਲੱਕ ਬੰਨਿਆ ਤਾਂ ਮੈਂ ਇਹ ਮਲੂਮ ਕਰਕੇ ਭਈ ਉ-
ਹ ਰੂਮੀ ਹੈ ਸਿਪਾਹੀਆਂ ਦੇ ਨਾਲ ਜਾਕੇ ਇਹ ਨੂੰ ਛੁਡਾ ਲਿਆਇਆ ॥੨੮॥ ਅਤੇ ਜਾਂ ਮੈਂ
ਇਹ ਮਲੂਮ ਕਰਨਾ ਚਾਹਿਆ ਕਿ ਉਨਾਂ ਕਿਸ ਸਬੱਬ ਕਰਕੇ ਇਸ ਉੱਤੇ ਨਾਲਸ ਕੀਤੀ ਤਾਂ
ਉਨਾਂ ਦੀ ਸਭਾ ਵਿੱਚ ਇਹ ਨੂੰ ਲੈ ਗਿਆ ॥੨੯॥ ਜੋ ਮੈ ਨੂੰ ਪਤਾ ਲੱਗ ਗਿਆ ਜੋ ਉਨਾਂ ਦੀ
ਸ਼ਰਾ ਦੇ ਝਗੜਿਆਂ ਵਿਖੇ ਇਸ ਉੱਤੇ ਨਾਲਸ ਹੋਈ ਹੈ ਪਰ ਕੋਈ ਇਹੋ ਜਿਹਾ ਦਾਵਾ ਨਹੀਂ ਸੀ
ਜੋ ਉਹ ਦੀ ਕਤਲ ਜਾਂ ਕੈਦ ਦਾ ਸਬੱਬ ਹੋਵੇ ॥੩੦॥ ਅਤੇ ਜਾਂ ਮੈ ਨੂੰ ਖਬਰ ਹੋਈ ਜੋ ਓਹ ਐ
ਸ ਮਨੁੱਖ ਦੀ ਘਾਤ ਵਿੱਚ ਲੱਗਣਗੇ ਤਾਂ ਮੈਂ ਤਾਬੜਤੋੜ ਇਹ ਨੂੰ ਤੇਰੇ ਕੋਲ ਘੱਲ ਦਿੱਤਾ ਅਤੇ
ਇਹ ਦੇ ਮੁਦਈਆਂ ਨੂੰ ਬੀ ਹੁਕਮ ਕੀਤਾ ਜੋ ਤੇਰੇ ਅੱਗੇ ਇਹ ਦੇ ਉੱਤੇ ਨਾਲਸ ਕਰਨ ॥
॥੩੧॥ ਉਪਰੰਦ ਸਿਪਾਹੀਆਂ ਨੇ ਹੁਕਮ ਮੂਜਬ ਪੌਲੁਸ ਨੂੰ ਲੈ ਕੇ ਰਾਤੋ ਰਾਤ ਅੰਤਿਪਾ-
ਸ ਵਿੱਚ ਪੁਚਾਇਆ ॥੩੨॥ ਪਰ ਅਗਲੇ ਭਲਕ ਅਸਵਾਰਾਂ ਨੂੰ ਉਹ ਦੇ ਨਾਲ ਜਾਣ

Original with:
Language Department Punjab
Digitized by:
Panjab Digital Library

ਲਈ ਛੱਡ ਕੇ ਉਹ ਆਪ ਕਿਲੇ ਨੂੰ ਮੁੜੇ ॥੩੩॥ ਜੋ ਉਨਾਂ ਨੇ ਕੈਸਰੀਆ ਵਿੱਚ ਆਣ ਕੇ ਹਾਕਮ ਨੂੰ ਖਤ ਦੇ ਦਿੱਤਾ ਅਤੇ ਪੌਲੁਸ ਨੂੰ ਬੀ ਉਹ ਦੇ ਅੱਗੇ ਹਾਜਰ ਕੀਤਾ ॥੩੪॥ ਅਤੇ ਉਸ ਨੇ ਖਤ ਪੜ੍ਹ ਕੇ ਪੁੱਛਿਆ ਭਈ ਉਹ ਕੇਹੜੇ ਸੂਬੇ ਦਾ ਹੈ ਅਰ ਜਦ ਮਲੂਮ ਕੀਤਾ ਜੋ ਉਹ ਕਿਲਿਕਿਯਾ ਦਾ ਹੈ ॥੩੫॥ ਤਾਂ ਕਿਹਾ ਕਿ ਤੇਰੇ ਮੁਦਈ ਬੀ ਆ ਲੈਣ ਤਦ ਮੈਂ ਤੇਰੀ ਸੁਣਾਂਗਾ ਅਤੇ ਹੁਕਮ ਦਿੱਤਾ ਜੋ ਹੇਰੋਦੇਸ ਦੇ ਦਿਵਾਨਖਾਨੇ ਵਿੱਚ ਉਹ ਨੂੰ ਚੌਕਸੀ ਨਾਲ ਰੱਖੋ ॥

੨੪ ਕਾਂਡ ॥ ਪੰਜਾਂ ਦਿਨਾਂ ਪਿੱਛੋਂ ਹਨਾਨਿਯਾਹ ਸਰਦਾਰ ਜਾਜਕ ਕਈ ਬਜ਼ੁਰਗਾਂ ਸਣੇ ਤਰਤੁੱਲੁਸ ਨਾਮੇ ਇੱਕ ਵਕੀਲ ਨਾਲ ਲੈਕੇ ਆਇਆ ਅਤੇ ਉਨਾਂ ਨੇ ਪੌਲੁਸ ਦੇ ਵਿਰੁੱਧ ਹਾਕਮ ਦੇ ਕੰਨ ਭਰੇ ॥੨॥ ਅਤੇ ਜਾਂ ਉਹ ਬੁਲਾਇਆ ਗਿਆ ਤਾਂ ਤਰਤੁੱਲੁਸ ਇਹ ਕਹਿਕੇ ਉਸ ਉੱਤੇ ਦੋਸ ਲਾਉਣ ਲੱਗਾ ਜੋ ਹੇ ਫੇਲਿਕਸ ਬਹਾਦੁਰ ਇਸ ਲਈ ਜੋ ਅਸੀਂ ਤੇਰੇ ਵਸੀਲੇ ਵੱਡਾ ਸੁਖ ਭੋਗਦੇ ਹਾਂ ਅਤੇ ਤੇਰੀ ਦੂਰਅਨਦੇਸੀ ਨਾਲ ਐਸ ਕੌਮ ਦੇ ਬਹੁਤ ਸਾਰੇ ਕੰਮ ਸੋਰਦੇ ਹਨ ॥੩॥ ਅਸੀਂ ਹਰ ਪਰਕਾਰ ਅਤੇ ਸਭ ਨੀਂ ਥਾਈਂ ਇਹ ਗੱਲ ਵੱਡੇ ਸੁਕਰ ਨਾਲ ਮੰਨ ਲੈਂਦੇ ਹਾਂ ॥੪॥ ਪਰ ਇਸ ਲਈ ਜੋ ਤੈਨੂੰ ਬਹੁਤ ਔਖਾ ਨਾ ਕਰਾਂ ਮੈਂ ਇਹ ਬੇਨਤੀ ਕਰਦਾ ਹਾਂ ਜੋ ਤੂੰ ਕ੍ਰਿਪਾ ਕਰਕੇ ਸਾਡੀਆਂ ਥੋੜ੍ਹੀਆਂ ਜੇਹੀਆਂ ਗੱਲਾਂ ਸੁਣ ਲੈ ॥੫॥ ਕਿਉ ਜੋ ਅਸਾਂ ਇਸ ਮਨੁੱਖ ਨੂੰ ਇੱਕ ਬਲਾ ਅਤੇ ਸਾਰੀ ਦੁਨੀਆਂ ਦੇ ਸਭ ਯਹੂਦੀਆਂ ਵਿੱਚ ਫਸਾਦ ਪਾਉਣ ਵਾਲਾ ਵੇਖਿਆ ਅਤੇ ਨਾਸਰੀਆਂ ਦੇ ਪੰਥ ਦਾ ਆਗੂ ਹੈ ॥੬॥

Original with:
Language Department Punjab
Digitized by:
Panjab Digital Library

ਅਰ ਇਸ ਨੈਮੰਦਰ ਨੂੰ ਬੀ ਭ੍ਰਿਸ਼ਟ ਕਰਨ ਦਾ ਜਤਨ ਕੀਤਾ। ਜੋ ਅਸਾਂ ਇਹ ਨੂੰ ਫੜ ਬੀ ਲਿਆ
॥੮॥ ਅਤੇ ਤੂੰ ਆਪ ਜਾਚ ਕਰ ਕੇ ਉਨਾਂ ਸਾਰੀਆਂ ਗੱਲਾਂ ਦੀ ਬਾਬਤ ਜੋ ਅਸੀਂ ਇਹ ਦੇ ਜ਼ੰਮੇ
ਲਾਉਂਦੇ ਹਾਂ ਇਸ ਥੋਂ ਮਲੂਮ ਕਰ ਸੱਕੇਂਗਾ॥ ੯॥ ਅਤੇ ਯਹੂਦੀਆਂ ਨੈ ਬੀ ਏਕਾ ਕਰ ਕੇ ਕਿਹਾ
ਜੋ ਏਹ ਗੱਲਾਂ ਇੰਜੇ ਤਰਾਂ ਹਨ॥ ॥੧੦॥ ਫੇਰ ਜਾਂ ਹਾਕਮ ਨੈ ਪੌਲੁਸ ਨੂੰ ਬੋਲਣ
ਦੀ ਸੈਨਤ ਕੀਤੀ ਤਾਂ ਉਹ ਨੈ ਉੱਤਰ ਦਿੱਤਾ॥ ॥ਮੈ ਨੂੰ ਮਲੂਮ ਹੈ ਜੋ ਤੂੰ ਬਹੁਤ ਵਰਿ
ਹਾਂ ਥੋਂ ਐਸ ਕੋਮ ਦਾ ਹਾਕਮ ਹੈਂ ਇਸ ਲਈ ਮੈਂ ਖਾਤਰਜਮਾਂ ਨਾਲ ਆਪਣਾ ਉਜਰ ਬਿਆਨ
ਕਰਦਾ ਹਾਂ॥੧੧॥ ਕਿਉਂਕਿ ਤੂੰ ਜਾਣ ਸੱਕਨਾ ਹੈਂ ਜੋ ਬਾਰਾਂ ਦਿਨਾਂ ਥੋਂ ਵੱਧ ਨਹੀਂ ਹੋਏ ਜੋ ਮੈਂ ਬੰਦਗੀ
ਕਰਨ ਲਈ ਯਰੂਸਲੀਮ ਨੂੰ ਗਿਆ ਸੀ॥ ੧੨॥ ਅਤੇ ਉਨਾਂ ਨੈ ਮੰਦਰ ਵਿੱਚ ਮੈ ਨੂੰ ਕਿਸੇ ਦੇਨ
ਲ ਬਹਿਸ ਕਰਦੇ ਜਾਂ ਲੋਕਾਂ ਵਿੱਚ ਬਲਵਾ ਮਚਾਉਂਦੇ ਨਹੀਂ ਵੇਖਿਆ ਨਾ ਤਾਂ ਸਮਾਜਾਂ ਵਿੱਚ ਅ
ਤੇ ਨਾ ਸਹਿਰ ਵਿੱਚ॥ ੧੩॥ ਅਤੇ ਨਾ ਉਨਾਂ ਗੱਲਾਂ ਨੂੰ ਜਿਨਾਂ ਦਾ ਹੁਣ ਮੇਰੇ ਉੱਤੇ ਦੋਸ਼ ਲਾਉਂਦੇ ਹਨ
ਤੇਰੇ ਅੱਗੇ ਸਾਬਤ ਕਰ ਸੱਕਦੇ ਹਨ॥ ੧੪॥ ਪਰ ਮੈਂ ਤੇਰੇ ਅੱਗੇ ਇਹ ਮੰਨ ਲੈਂਦਾ ਹਾਂ ਭਈ ਜਿ
ਸ ਰਾਹ ਨੂੰ ਓਹ ਕੁਰਾਹ ਕਰ ਕੇ ਆਖਦੇ ਹਨ ਓਸੇ ਦੇ ਅਨੁਸਾਰ ਮੈਂ ਆਪਣੇ ਪਿਉ ਦਾਦਿਆਂ
ਦੇ ਪਰਮੇਸ਼ੁਰ ਦੀ ਸੇਵਾ ਕਰਦਾ ਹਾਂ ਅਤੇ ਸਾਰੀਆਂ ਗੱਲਾਂ ਨੂੰ ਮੰਨਦਾ ਹਾਂ ਜੋ ਹੜੀਆਂ ਸਰਾ
ਨਾਲ ਮਿਲਦੀਆਂ ਹਨ ਅਤੇ ਜੋ ਹੜੀਆਂ ਪਿਕੰਬਰਾਂ ਦੇ ਗ੍ਰੰਥਾਂ ਵਿੱਚ ਲਿਖੀਆਂ ਹੋਈਆਂ ਹ
ਨ॥ ੧੫॥ ਅਤੇ ਪਰਮੇਸ਼ੁਰ ਥੋਂ ਇਹ ਆਸ ਰੱਖਦਾ ਹਾਂ ਜਿਹ ਦੀ ਏਹ ਆਪ ਬੀ ਉਡੀਕ ਕਰ-

Original with:
Language Department Punjab
Digitized by:
Panjab Digital Library

ਦੇਹਨ ਕਿ ਕਿਆ ਧਰਮੀ ਅਤੇ ਕਿਆ ਕੁਧਰਮੀ ਦੋਹਾਂ ਦਾ ਜੀ ਉੱਠਣਾ ਹੋਊ ॥੧੬॥ ਅਤੇ ਮੈਂ ਆਪ
ਬੀ ਇਸ ਵਿੱਚ ਸਾਧਨਾ ਕਰਦਾ ਹਾਂ ਜੋ ਪਰਮੇਸੁਰ ਅਤੇ ਮਨੁੱਖਾਂ ਦੇ ਸਾਹਮਣੇ ਕਦੇ ਮੇਰਾ ਮਨ ਮੈ
ਨੂੰ ਦੋਸੀ ਨਾ ਕਰੇ ॥੧੭॥ ਅਰ ਕਈਆਂ ਵਰਿਹਾਂ ਪਿੱਛੋ ਮੈਂ ਆਪਣੀ ਕੌਮ ਦੇ ਲਈ ਦਾਨ ਪੁਚਾਉਣ
ਅਤੇ ਭੇਟ ਚੜ੍ਹਾਉਣ ਆਇਆ ॥੧੮॥ ਇਨਾਂ ਹੀ ਗੱਲਾਂ ਵਿੱਚ ਉਨਾਂ ਨੇ ਮੈਨੂੰ ਮੰਦਰ ਵਿੱਚ ਸੁੱਧ
ਹੋਏ ਹੋਏ ਵੇਖਿਆ ਨਾ ਤਾਂ ਭੀੜ ਅਤੇ ਨਾ ਰੌਲੇ ਨਾਲ ॥੧੯॥ ਪਰ ਆਸਿਯਾ ਦੇ ਕਈ ਯਹੂ-
ਦੀ ਸਨ ਜਿਨਾਂ ਨੂੰ ਚਾਹੀਦਾ ਸੀ ਜੋ ਤੇਰੇ ਅੱਗੇ ਹਾਜਰ ਹੁੰਦੇ ਅਤੇ ਜੇ ਉਨਾਂ ਦਾ ਮੇਰੇ ਉੱਤੇ ਕੋਈ ਦ
ਵਾ ਹੁੰਦਾ ਤਾਂ ਨਾਲਸ ਕਰਦੇ ॥੨੦॥ ਅਥਵਾ ਏਹੋ ਆਪ ਕਹਿ ਦੇਣ ਭਈ ਉਨਾਂ ਨੇ ਜਦ ਮੈਂ ਸਭ ਦ
ਦੇ ਅੱਗੇ ਖੜਾ ਸਾਂ ਮੇਰੇ ਵਿੱਚ ਕੀ ਬੁਰਿਆਈ ਵੇਖੀ ॥੨੧॥ ਬਿਨਾ ਇਸ ਇੱਕ ਗੱਲ ਦੇ ਜਿ-
ਹੜੀ ਮੈਂ ਉਨਾਂ ਵਿੱਚ ਖੜੇ ਪੁਕਾਰ ਕੇ ਆਖੀ ਸੀ ਭਈ ਮੁਰਦਿਆਂ ਦੇ ਜੀ ਉੱਠਣ ਦੇ ਵਿਖੇ ਅੱ-
ਜ ਮੇਰੇ ਉੱਤੇ ਦੋਸ ਲਾਈਦਾ ਹੈ ॥ ॥੨੨॥ ਪਰ ਫੇਲਿਕਸ ਨੇ ਜਿਹੜਾ ਇਸ ਪੰਥ ਦੀ-
ਆਂ ਗੱਲਾਂ ਨੂੰ ਚੰਗੀ ਤਰਾਂ ਜਾਣਦਾ ਸੀ ਇਹ ਕਹਿਕੇ ਉਨਾਂ ਨੂੰ ਟਾਲ ਦਿੱਤਾ ਕਿ ਜਾਂ ਲੁਸਿਯਾਸ
ਫੌਜ ਦਾ ਸਰਦਾਰ ਆਊ ਤਾਂ ਮੈਂ ਤੁਹਾਡੀਆਂ ਗੱਲਾਂ ਦਾ ਨਿਬੇੜਾ ਕਰਾਂਗਾ ॥੨੩॥ ਫੇਰ ਉਹ ਨੇ
ਸੂਬੇਦਾਰ ਨੂੰ ਹੁਕਮ ਦਿੱਤਾ ਜੋ ਪੌਲੁਸ ਨੂੰ ਨਜਰ ਬੰਦ ਰੱਖ ਅਤੇ ਉਹ ਨੂੰ ਚੈਨ ਕਰਨ ਦਿਅ ਅਤੇ
ਉਸ ਦੇ ਆਪਣਿਆਂ ਵਿੱਚੋਂ ਕਿਸੇ ਨੂੰ ਉਹ ਦੀ ਟਹਿਲ ਕਰਨ ਥੋਂ ਨਾ ਰੋਕ ॥ ॥੨੪
॥ਪਰ ਕਈਆਂ ਦਿਨਾਂ ਪਿੱਛੋ ਫੇਲਿਕਸ ਆਪਣੀ ਤੀਮੀਂ ਦਰੂਸਿੱਲਾ ਸਣੇ ਜਿਹੜੀ ਯਹੂਦਣ

Original with:
Language Research Centre, Panjab
Digitized by:
Panjab Digital Library

ਸੀ ਆਇਆ ਅਤੇ ਪੌਲੁਸ ਨੂੰ ਬੁਲਵਾਕੇ ਮਸੀਹ ਯਿਸੂ ਦੇ ਉੱਤੇ ਨਿਹਚਾ ਕਰਨ ਦੀ ਬਾਬਤ
ਉਸ ਥੋਂ ਸੁਣਿਆ ॥੨੫॥ ਅਰ ਜਾਂ ਉਹ ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ ਦੀ
ਬਾਬਤ ਬਚਨ ਸੁਣਾ ਰਿਹਾ ਸੀ ਤਾਂ ਫੇਲਿਕਸ ਨੇ ਡੋਲ ਖਾਧਾ ਅਤੇ ਉੱਤਰ ਦਿੱਤਾ ਭਈ ਮੇਤਕੀ
ਤੂੰ ਜਾਹ ਫੇਰ ਵਿਹੁਲ ਪਾਕੇ ਤੈਨੂੰ ਬੁਲਾਵਾਂਗਾ ॥੨੬॥ ਨਾਲੇ ਇਹ ਬੀ ਆਸ ਰੱਖਦਾ ਸੀ ਭਈ
ਪੌਲੁਸ ਮੈਨੂੰ ਕੁਛ ਰੋਕੜ ਦੇਊ। ਇੱਸੇ ਗੱਲੇ ਉਹ ਨੂੰ ਬਹੁਤ ਵਾਰੀ ਸਦਵਾਕੇ ਉਸ ਨਾਲ ਗੱਲ
ਬਾਤ ਕਰਦਾ ਹੁੰਦਾ ਸੀ ॥੨੭॥ ਅਤੇ ਜਾਂ ਦੋ ਵਰਹੇ ਪੂਰੇ ਹੋਏ ਪੁਰਕਿਯੁਸ ਫੇਸਤੁਸ ਫੇਲਿਕਸ ਦੇ
ਥਾਉਂ ਹਾਕਮ ਹੋਕੇ ਆਇਆ ਅਤੇ ਫੇਲਿਕਸ ਜੋ ਇਹ ਚਾਹੁੰਦਾ ਸੀ ਭਈ ਯਹੂਦੀਆਂ ਨੂੰ ਪ-
ਰਸੰਨ ਕਰੇ ਪੌਲੁਸ ਨੂੰ ਕੈਦ ਹੀ ਛੱਡ ਗਿਆ ॥

੨੫ਕਾਂਡ ॥ ਉਪਰੰਦ ਫੇਸਤੁਸ ਉਸ ਸੂਬੇ ਵਿੱਚ ਪਹੁੰਚਕੇ ਤਿੰਨ ਦਿਨਾਂ ਦੇ ਮਗਰੋਂ ਕੈਸਰੀ-
ਆ ਥੋਂ ਯਰੂਸ਼ਲੀਮ ਨੂੰ ਗਿਆ ॥੧॥ ਤਾਂ ਪਰਧਾਨ ਜਾਜਕਾਂ ਅਤੇ ਯਹੂਦੀ-
ਆਂ ਦੇ ਸਿਰਕਰਦਿਆਂ ਨੇ ਪੌਲੁਸ ਦੇ ਵਿਰੁੱਧ ਉਹ ਦੇ ਕੰਨ ਭਰੇ ॥੨॥ ਅਤੇ ਉਸ ਦੀਆਂ ਮਿੰਨਤ
ਕਰਕੇ ਉਹ ਦੇ ਵਿਰੁੱਧ ਮੌਂਨੀ ਰਿਆਇਤ ਚਾਹੀ ਜੋ ਉਹ ਨੂੰ ਯਰੂਸ਼ਲੀਮ ਵਿਖੇ ਬੁਲਾਵੇ ਅਤੇ
ਘਾਤ ਵਿੱਚ ਸ਼ਨ ਜੋ ਉਹ ਨੂੰ ਰਸਤੇ ਵਿੱਚ ਹੀ ਮਾਰ ਘੱਤਣ ॥੪॥ ਉਪਰੰਦ ਫੇਸਤੁਸ ਨੇ ਉੱਤਰ ਦਿ-
ਤਾ ਜੋ ਪੌਲੁਸ ਕੈਸਰੀਆ ਵਿੱਚ ਨਜ਼ਰ ਬੰਦ ਹੈ ਅਤੇ ਮੈਂ ਆਪ ਓਥੇ ਛੇਤੀ ਜਾਣ ਨੂੰ ਤਿਆਰ ਹਾਂ
॥੫॥ ਫੇਰ ਬੋਲਿਆ ਜੇਹੜੇ ਤੁਹਾਡੇ ਵਿੱਚੋਂ ਗੱਲਵਾਲੇ ਹੋਣ ਓਹ ਮੇਰੇ ਨਾਲ ਚੱਲਣ ਅਤੇ ਜੇ ਉ-

Original with
Language Department Punjab
Digitized by:
Panjab Digital Library

ਸ ਵਿੱਚ ਕੋਈ ਔਰੁਾਣ ਹੋਵੇ ਤਾਂ ਉਹ ਦੇ ਉੱਤੇ ਨਾਲਸ ਕਰਨ ॥ ॥੬॥ ਅਤੇ ਉਹ ਉ-
ਨਾਂ ਵਿੱਚ ਕੋਈ ਅੱਠ ਦਸ ਦਿਨ ਰਹਿ ਕੇ ਕੈਸ਼ਰੀਆ ਨੂੰ ਰਿਆ ਅਰ ਅਗਲੇ ਭੁਲ੍ਹਕ ਅਦਾ-
ਲਤ ਦੀ ਗੱਦੀ ਉੱਤੇ ਬੈਠ ਕੇ ਹੁਕਮ ਦਿੱਤਾ ਜੋ ਪੌਲੁਸ ਨੂੰ ਲਿਆਉਣ ॥੭॥ ਜਾਂ ਉਹ ਹਾਜਰ ਹੋਇ-
ਆ ਤਾਂ ਯਹੂਦੀ ਜੇਹੜੇ ਯਰੂਸਲੀਮ ਥੋਂ ਆਏ ਸਨ ਉਹ ਦੇ ਉਦਾਲੇ ਖੜੇ ਹੋ ਕੇ ਉਸ ਉੱਤੇ ਬਹੁਤ-
ਸਾਰੀਆਂ ਅਤੇ ਭਾਰੀਆਂ ਤੁਹਮਤਾਂ ਲਾਉਣ ਲੱਗੇ ਜਿਨਾਂ ਨੂੰ ਸਾਬਤ ਨਾ ਕਰ ਸੱਕੇ ॥੮॥ ਪਰ
ਪੌਲੁਸ ਨੇ ਆਪਣੇ ਉਜਰ ਵਿੱਚ ਕਿਹਾ ਭਈ ਨਾ ਤਾਂ ਮੈਂ ਯਹੂਦੀਆਂ ਦੀ ਸ਼ਰਾ ਨਾ ਮੰਦਰ ਅਤੇ
ਨਾ ਕੈਸਰ ਦਾ ਕੁਛ ਵਿਗਾੜਿਆ ਹੈ ॥੯॥ ਪਰ ਫੇਸਤੁਸ ਨੇ ਜੋ ਚਾਹੁੰਦਾ ਸੀ ਭੁਈ ਯਹੂਦੀਆਂ
ਨੂੰ ਪਰਸੰਨ ਕਰੇ ਅਰ ਪੌਲੁਸ ਨੂੰ ਆਖਿਆ ਕੀ ਤੂੰ ਯਰੂਸਲੀਮ ਨੂੰ ਜਾਣਾ ਚਾਹੁੰਦਾ ਹੈਂ ਭੁਈ
ਓਥੇ ਮੇਰੇ ਅੱਗੇ ਇਨਾਂ ਗੱਲਾਂ ਵਿਖੇ ਤੇਰਾ ਨਿਆਉਂ ਕੀਤਾ ਜਾਵੇ ॥੧੦॥ ਪੌਲੁਸ ਨੇ ਕਿਹਾ ਮੈਂ ਕੈ-
ਸਰੀ ਅਦਾਲਤ ਦੀ ਗੱਦੀ ਦੇ ਅੱਗੇ ਖੜਾ ਹਾਂ ਚਾਹੀਦਾ ਹੈ ਕਿ ਮੇਰਾ ਨਿਆਉਂ ਏੱਥੇ ਹੀ ਹੋਵੇ। ਯ-
ਹੂਦੀਆਂ ਦੇ ਉੱਤੇ ਮੈਂ ਕੋਈ ਵੱਧਾ ਨਹੀਂ ਕੀਤਾ ਜਿਹਾ ਕਿ ਤੂੰ ਬੀ ਅੱਛੀ ਤਰਾਂ ਜਾਣਦਾ ਹੈਂ ॥੧੧॥ ਸੋ
ਜੇ ਮੈਂ ਕੋਈ ਵੱਧਾ ਕੀਤਾ ਅਤੇ ਕਤਲ ਦੇ ਲਾਇਕ ਕੋਈ ਕੰਮ ਕੀਤਾ ਹੋਵੇ ਤਾਂ ਮੈਂ ਕਤਲ ਹੋਣ ਵਿੱਚ
ਉਜਰ ਨਹੀਂ ਕਰਦਾ ਪਰ ਜੇ ਉਨਾਂ ਗੱਲਾਂ ਦੀ ਕੁਛ ਅਸਲ ਨਾ ਹੋਵੇ ਜਿਨਾਂ ਦਾ ਏਹ ਮੇਰੇ ਉੱਤੇ ਦੋ-
ਸ਼ ਲਾਉਂਦੇ ਹਨ ਤਾਂ ਕਿਸੇ ਦੀ ਮਜਾਲ ਨਹੀਂ ਜੋ ਮੈਨੂੰ ਉਨਾਂ ਦੇ ਹਵਾਲੇ ਕਰੇ। ਮੈਂ ਕੈਸਰ ਦੀ ਦੁਹਾਈ
ਦਿੰਦਾ ਹਾਂ ॥੧੨॥ ਤਦ ਫੇਸਤੁਸ ਨੇ ਸਲਾਹਕਾਰਾਂ ਨਾਲ ਗੱਲ ਰਿਣਕੇ ਉੱਤਰ ਦਿੱਤਾ ਭੁਈ ਤੈਂ ਕੈ-

Original with:
Language Department Punjab
Digitized by:
Panjab Digital Library

ਸ਼ਹਰ ਦੀ ਦੁਹਾਈ ਦਿੱਤੀ ਹੈ ਤੂੰ ਕੈਸਰ ਹੀ ਦੇ ਕੋਲ ਜਾਏਂਗਾ।। ॥੧੩॥ ਅਤੇ ਕੁਛ ਦਿ
ਨ ਬੀਤੇ ਰਾਜਾ ਅਗ੍ਰਿੱਪਾ ਅਤੇ ਬਰਨੀਕੇ ਕੈਸਰੀਆ ਵਿੱਚ ਫੇਸ੍ਤੁਸ ਦੇ ਸਲਾਮ ਨੂੰ ਆਏ॥
੧੪॥ ਅਰ ਜਾਂ ਓਹ ਓੱਥੇ ਕਈ ਦਿਨ ਰਹੇ ਤਾਂ ਫੇਸ੍ਤੁਸ ਨੇ ਪੌਲੁਸ ਦੀ ਵਿਥਿਆ ਰਾਜਾ ਨੂੰ ਸੁਣ ੦
ਕੇ ਕਿਹਾ ਜੋ ਇੱਕ ਮਨੁੱਖ ਹੈ ਜਿਹ ਨੂੰ ਫੇਲਿਕਸ ਕੈਦ ਵਿੱਚ ਛੱਡ ਗਿਆ॥ ੧੫॥ ਅਤੇ ਜਾਂ ਮੈਂ ਯ
ਰੂਸਲੀਮ ਵਿੱਚ ਸਾਂ ਤਾਂ ਪਰਧਾਨ ਜਾਜਕਾਂ ਅਤੇ ਯਹੂਦੀਆਂ ਦੇ ਬੁਜ਼ੁਰਗਾਂ ਨੇ ਉਹ ਦੀ ਬਾਬ
ਤ ਮੇਰੇ ਕੰਨੀਂ ਗੱਲਾਂ ਪਾਈਆਂ ਅਤੇ ਅਰਜ ਕੀਤੀ ਜੋ ਉਸ ਪੁਰ ਸਜਾ ਦਾ ਹੁਕਮ ਹੋਵੇ॥ ੧੬॥
ਉਨਾਂ ਨੂੰ ਮੈਂ ਇਹ ਉੱਤਰ ਦਿੱਤਾ ਭਈ ਰੂਮੀਆਂ ਦਾ ਕਨੂਨ ਨਹੀਂ ਹੈ ਜੋ ਕਿਸੇ ਮਨੁੱਖ ਨੂੰ ਹਵਾਲੇ
ਕਰੇ ਜਿੰਨਾਂ ਚਿਰ ਮੁੱਦਾ ਆਲੇ ਆਪਣੇ ਮੁਦਈਆਂ ਦੇ ਰੋਬਰੋ ਹੋਕੇ ਦਾਵੇ ਦਾ ਜਵਾਬ ਦੇਣ ਦਾ
ਮੌਕਾ ਨਾ ਪਾਵੇ॥ ੧੭॥ ਸੋ ਜਾਂ ਓਹ ਐੱਥੇ ਆਣ ਕੱਠੇ ਹੋਏ ਤਾਂ ਮੈਂ ਕੁਛ ਢਿੱਲ ਨਾ ਕੀਤੀ ਸਗੋਂ
ਅਗਲੇ ਭਲਕ ਅਦਾਲਤ ਦੀ ਗੱਦੀ ਪੁਰ ਬੈਠਕੇ ਹੁਕਮ ਦਿੱਤਾ ਜੋ ਉਸ ਮਨੁੱਖ ਨੂੰ ਹਾਜਰ
ਕਰਨ॥ ੧੮॥ ਪਰ ਜਾਂ ਉਹ ਦੇ ਮੁਦਈ ਖੜੇ ਹੋਏ ਤਾਂ ਉਨਾਂ ਨੇ ਇਹੋ ਜਿਹੀ ਕੋਈ ਬੁਰੀ ਗੱਲ ਉਹ
ਦੇ ਜੁੰਮੇ ਨਾ ਲਾਈ ਜਿਹੀ ਕੁ ਮੈਂ ਸਮਝਦਾ ਸੀ॥ ੧੯॥ ਪਰ ਓਹ ਆਪਣੀ ਦੇਵ ਪੂਜਾ ਵਿਖੇ ਅਤੇ
ਕਿਸੇ ਯਿਸੂ ਦੀ ਬਾਬਤ ਜੋ ਮਰ ਚੁੱਕਿਆ ਪਰ ਪੌਲੁਸ ਆਖਦਾ ਸੀ ਭਈ ਉਹ ਤਾਂ ਜੀਉਂਦਾ ਹੈ ਉ
ਸ ਨਾਲ ਝੱਗੜਾ ਕਰਦੇ ਸਨ॥ ੨੦॥ ਅਤੇ ਜਾਂ ਮੈਂ ਦੁਬਧਾ ਵਿੱਚ ਪਿਆ ਕਿ ਇਨਾਂ ਗੱਲਾਂ ਦਾ ਕਿੰ
ਕੁਰ ਨਿਬੇੜਾ ਕਰਾਂ ਤਾਂ ਮੈਂ ਪੁੱਛਿਆ ਤੂੰ ਯਰੂਸਲੀਮ ਵਿੱਚ ਜਾਣ ਨੂੰ ਰਾਜੀ ਹੈਂ ਜੋ ਓੱਥੇ ਇਨਾਂ ਗੱਲ ੦

Original with
Language Department Punjab
Digitized by:
Panjab Digital Library

ਦੀ ਬਾਬਤ ਤੇਰਾ ਨਿਆਉਂ ਹੋਵੇ ॥੨੧॥ ਪਰ ਜਾਂ ਪੌਲੁਸ ਨੈ ਦੁਹਾਈ ਦਿੱਤੀ ਜੋ ਮੇਰਾ ਨਿਆਉਂ
ਪਾਤਸਾਹ ਦੀ ਅਦਾਲਤ ਉੱਤੇ ਰਹਿਣ ਦਿਹ ਤਾਂ ਮੈਂ ਹੁਕਮ ਦਿੱਤਾ ਜੋ ਉਹ ਨਜ਼ਰ ਬੰਦ ਰਹੇ ਜਦ
ਤਾਈਂ ਮੈਂ ਉਹਨੂੰ ਕੈਸਰ ਕੋਲ ਨਾ ਭੇਜਾਂ ॥੨੨॥ ਉਪਰੰਦ ਅਗ੍ਰਿੱਪਾ ਨੈ ਫੇਸਤੁਸ ਨੂੰ ਕਿਹਾ ਕਿ
ਮੈਂ ਆਪ ਬੀ ਉਸ ਮਨੁੱਖ ਦੀ ਸੁਣਿਆ ਚਾਹੁੰਦਾ ਸਾਂ। ਉਹ ਬੋਲਿਆ ਤੂੰ ਭਲਕੇ ਉਹ ਦੀ ਸੁਣ
ਲੈਣੀ ॥ ॥੨੩॥ ਸੋ ਦੂਜੇ ਦਿਨ ਜਾਂ ਅਗ੍ਰਿੱਪਾ ਅਤੇ ਬਰਨੀਕੇ ਵਡੀ ਧੂਮ ਧਾਮ
ਨਾਲ ਆਏ ਅਤੇ ਫੌਜ ਦੇ ਸਰਦਾਰਾਂ ਅਤੇ ਸ਼ਹਿਰ ਦੇ ਉੱਤਮ ਲੋਕਾਂ ਸਣੇ ਕਚਿਹਰੀ ਵਿੱਚ ਜ
ਵੜੇ ਤਾਂ ਫੇਸਤੁਸ ਦੇ ਹੁਕਮ ਨਾਲ ਪੌਲੁਸ ਨੂੰ ਲਿਆਏ ॥੨੪॥ ਤਦ ਫੇਸਤੁਸ ਨੈ ਆਖਿਆ ਓ
ਹੇ ਰਾਜਾ ਅਗ੍ਰਿੱਪਾ ਅਤੇ ਸਭ ਲੋਕੋ ਜੇਹੜੇ ਐੱਥੇ ਸਾਡੇ ਨਾਲ ਹਾਜ਼ਰ ਹੋ ਤੁਸੀਂ ਐਸ ਮਨੁੱਖ ਨੂੰ
ਵੇਖਦੇ ਹੋ ਜਿਹ ਦੇ ਸਬੱਬ ਯਹੂਦੀਆਂ ਦੇ ਸਾਰੇ ਲੋਕ ਯਰੂਸ਼ਲੀਮ ਵਿੱਚ ਅਰ ਐੱਥੇ ਬੀ ਮੇਰੇ
ਪੈੱਛੇ ਪਏ ਅਤੇ ਇਹ ਰੌਲਾ ਪਾਉਂਦੇ ਸੀ ਜੋ ਇਹ ਦਾ ਅੱਗੇ ਨੂੰ ਜੀਉਂਦਾ ਰਹਿਣਾ ਹੀ ਜੋਗ ਨਹੀਂ ॥
੨੫॥ ਪਰ ਮੈਂ ਜਾਣ ਲਿਆ ਜੋ ਉਹ ਨੈ ਕਤਲ ਦੇ ਲਾਇਕ ਕੁਛ ਨਹੀਂ ਕੀਤਾ ਅਤੇ ਜਦੋਂ ਉਸ ਨੈ
ਆਪ ਪਾਤਸਾਹ ਦੀ ਦੁਹਾਈ ਦਿੱਤੀ ਤਦ ਮੈਂ ਠਾਣਿਆ ਜੋ ਉਹ ਨੂੰ ਭੇਜ ਦਿਆਂ ॥੨੬॥ ਪਰ ਮੈਨੂੰ ਉ
ਹਦੇ ਵਿਖੇ ਕੋਈ ਠੀਕ ਗੱਲ ਨਹੀਂ ਦਿਸਦੀ ਜੋ ਆਪਣੇ ਮਾਲਕ ਨੂੰ ਲਿਖਾਂ ਇਸ ਲਈ ਮੈਂ ਉਹ
ਨੂੰ ਤੁਹਾਡੇ ਅੱਗੇ ਅਤੇ ਨਿੱਜ ਕਰਕੇ ਹੇ ਰਾਜਾ ਅਗ੍ਰਿੱਪਾ ਤੇਰੇ ਅੱਗੇ ਹਾਜ਼ਰ ਕੀਤਾ ਹੈ ਜੋ ਤਹਕੀਕਾ
ਦੇ ਪੈੱਛੇ ਮੈਂ ਕੁਛ ਲਿਖ ਸੱਕਾਂ ॥੨੭॥ ਕਿਉਂ ਜੋ ਮੈਨੂੰ ਇਹ ਅਕਲ ਦੀ ਗੱਲ ਨਹੀਂ ਮਲੂਮ ਹੁੰਦੀ ਭ

Original
Language Department Punjab
Digitized by:
Panjab Digital Library

ਈ ਇੱਕ ਕੈਦੀ ਨੂੰ ਘੱਲਾਂ ਅਤੇ ਨਾਲ੍ਹ ਹੀ ਨਾ ਦੱਸਾਂ ਜੋ ਕੀ ਕੀ ਦੋਸ਼ ਉਹ ਦੇ ਜੁੰਮੇ ਲਾਏ ਹਨ॥

੨੬ਕਾਂਡ॥ ਅਤੇ ਅਗ੍ਰਿੱਪਾ ਨੈ ਪੌਲੁਸ ਨੂੰ ਆਖਿਆ ਤੈਨੂੰ ਆਪਣੇ ਹੱਕ ਵਿੱਚ ਬੋਲਣ ਦੀ ਪ-
ਰਵਾਨਗੀ ਹੈ। ਤਦ ਪੌਲੁਸ ਹੱਥ ਪਸਾਰ ਕੇ ਇਹ ਉਜਰ ਕਰਨ ਲੱਗਾ॥

॥੨॥ ਹੇ ਰਾਜਾ ਅਗ੍ਰਿੱਪਾ ਮੈਂ ਆਪਣੇ ਚੰਗੇ ਭਾਗ ਸਮਝਦਾ ਹਾਂ ਕਿ ਜਿਨਾਂ ਗੱਲਾਂ ਦੀ ਯਹੂਦੀ
ਲੋਕ ਮੇਰੇ ਉੱਤੇ ਨਾਲਸ਼ ਕਰਦੇ ਹਨ ਉਨਾਂ ਸਭਨਾਂ ਦਾ ਅੱਜ ਤੇਰੇ ਅੱਗੇ ਉਜਰ ਕਰਾਂ॥੩॥ ਨਿੱਜ ਕਰਕੇ
ਇਸ ਲਈ ਜੋ ਤੂੰ ਯਹੂਦੀਆਂ ਦੀਆਂ ਸਾਰੀਆਂ ਚਾਲਾਂ ਅਤੇ ਦੀਨੀ ਝਗੜਿਆਂ ਥੋਂ ਅੱਛੀ ਤਰਾਂ ਮਾਹਿ-
ਰ ਮ ਹੈਂ। ਜੋ ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਧੀਰਜ ਨਾਲ ਮੇਰੀ ਗੱਲ ਸੁਣ॥੪॥ ਜੁਆਨੀ ਥੋਂ ਲੈ ਕੇ
ਮੇਰੀ ਚਾਲ ਨੂੰ ਜਿਹੜੀ ਮੁੱਢੋਂ ਆਪਣੀ ਕੌਮ ਵਿੱਚ ਅਤੇ ਯਰੂਸਲੀਮ ਵਿੱਚ ਸੀ ਸਾਰੇ ਯਹੂਦੀ ਜਾਣ-
ਦੇ ਹਨ॥੫॥ ਜੇ ਓਹ ਸਾਖੀ ਦੇਣੀ ਚਾਹੁਣ ਤਾਂ ਮੁੱਢੋਂ ਮੈਨੂੰ ਜਾਣਦੇ ਹਨ ਭਈ ਸਾਡੇ ਧਰਮ ਦੇ ਸਭਨਾਂ ਥੋਂ
ਖਰੇ ਪੰਥ ਦੇ ਅਨੁਸਾਰ ਮੈਂ ਫਰੀਸੀ ਦੀ ਚਾਲ ਚੱਲਿਆ॥੬॥ ਅਤੇ ਹੁਣ ਮੈਂ ਉਸ ਕਰਾਰ ਦੀ ਆਸ
ਦੇ ਕਾਰਨ ਜਿਹੜਾ ਪਰਮੇਸ਼ੁਰ ਨੈ ਸਾਡੇ ਵਡਿਆਂ ਨਾਲ੍ਹ ਕੀਤਾ ਸੀ ਅਦਾਲਤ ਲਈ ਖੜਾ ਹਾਂ॥੭॥
ਉਸੇ ਕਰਾਰ ਨੂੰ ਪ੍ਰਾਪਤ ਕਰਨ ਦੀ ਆਸ ਉੱਤੇ ਸਾਡੀਆਂ ਬਾਰਾਂ ਗੋਤਾਂ ਦਿਨ ਰਾਤ ਵਡੇ ਜਤਨ ਨਾਲ੍ਹ ਪ-
ਰਮੇਸ਼ੁਰ ਦੀ ਸੇਵਾ ਕਰਦੀਆਂ ਹਨ। ਹੇ ਰਾਜਾ ਇਸੇ ਆਸ ਦੇ ਬਦਲੇ ਯਹੂਦੀ ਮੇਰੇ ਉੱਤੇ ਨਾਲਸ਼ ਕਰ-
ਦੇ ਹਨ॥੮॥ ਇਹ ਗੱਲ ਕਿਉਂ ਤੁਹਾਡੇ ਲੇਖੇ ਬੇਇਤਬਾਰ ਗਿਣੀ ਦੀ ਹੈ ਜੋ ਪਰਮੇਸ਼ੁਰ ਮੁਰਦਿਆਂ
ਨੂੰ ਜੁਆਲ੍ਹੇ॥੯॥ ਮੈਂ ਤਾਂ ਆਪਣੇ ਚਿੱਤ ਵਿੱਚ ਇਹ ਸਮਝਿਆ ਭਈ ਜਿਸ ਨਾਸਰੀ ਦੇ ਨਾਉਂ ਦੇ ਵਿ-

Original with:
Language Department Punjab
Digitized by:
Panjab Digital Library

ਰੁੱਧ ਮੈਂ ਨੂੰ ਬਹੁਤ ਕੁਛ ਕਰਨਾ ਚਾਹੀਦਾ ਹੈ॥੧੦॥ ਸੋ ਇਹੋ ਮੈਂ ਯਰੂਸ਼ਲੀਮ ਵਿੱਚ ਕੀਤਾ ਬੀ ਅਤੇ ਪਰਧਾਨ ਜਾਜਕਾਂ ਕੋਲੋਂ ਇਖਤਿਆਰ ਪਾਕੇ ਬਹੁਤ ਸੰਤਾਂ ਨੂੰ ਕੈਦਖਾਨਿਆਂ ਵਿੱਚ ਬੰਦ ਕੀਤਾ ਅਤੇ ਜਾਂ ਓਹਨਾਂ ਦੇ ਸ਼ਨਤਾਂ ਮੈਂ ਉਨਾਂ ਦੇ ਵਿਰੁੱਧ ਹਾਮੀ ਭਰਦਾ ਸਾਂ॥ ੧੧॥ ਅਰ ਮੈਂ ਹਰੇਕ ਸਮਾਜ ਵਿੱਚ ਉਨਾਂ ਨੂੰ ਬਹੁਤ ਵਾਰੀ ਸਜਾ ਦੇਕੇ ਕੁਫਰ ਬਕਵਾਉਣ ਲਈ ਉਨਾਂ ਨੂੰ ਤੰਗ ਕੀਤਾ ਬਲਕਿ ਉਨਾਂ ਦੇ ਵਿਰੋਧ ਵਿੱਚ ਅੱਤ ਸੁਦਾਈ ਹੋਕੇ ਮੈਂ ਪਰਦੇਸ ਦੇ ਨਗਰਾਂ ਤੀਕੁ ਬੀ ਉਨਾਂ ਨੂੰ ਸਤਾਉਂਦਾ ਸੀ॥ ੧੨॥ ਜਾਂ ਮੈਂ ਪਰਧਾਨ ਜਾਜਕਾਂ ਥੋਂ ਇਖਤਿਆਰ ਅਤੇ ਹੁਕਮ ਪਾਕੇ ਐਸ ਗੱਲ ਉੱਤੇ ਦਮਿਸ਼ਕ ਨੂੰ ਚੱਲਿਆ ਜਾਂਦਾ ਸੀ॥ ੧੩॥ ਤਾਂ ਹੇ ਰਾਜਾ ਦੁਪਹਿਰ ਦੇ ਵੇਲੇ ਮੈਂ ਰਾਹ ਵਿੱਚ ਅਕਾਸ਼ ਥੋਂ ਇੱਕ ਜੋ ਤ ਸੂਰਜ ਨਾਲੋਂ ਬੀ ਬਹੁਤ ਉਜਲੀ ਆਪਣੇ ਅਤੇ ਆਪਣਿਆਂ ਸਾਥੀਆਂ ਦੇ ਚੁਫੇਰੇ ਚਮਕਦੀ ਵੇਖੀ॥ ੧੪॥ ਅਤੇ ਜਾਂ ਅਸੀਂ ਸਭੇ ਭੋਂ ਉੱਤੇ ਡਿਗ ਪਏ ਤਾਂ ਮੈਂ ਇੱਕ ਅਵਾਜ ਸੁਣੀ ਜੋ ਇਬਰਾਨੀ ਭਾਖਿਆ ਵਿੱਚ ਮੈਨੂੰ ਐਉਂ ਆਖਦੀ ਹੈ ਕਿ ਹੇ ਸੌਲੁਸ ਹੇ ਸੌਲੁਸ ਤੂੰ ਮੈਨੂੰ ਕਿਉ ਸਤਾਉਂਦਾ ਹੈਂ ਪਰ ਇਨਾਂ ਪੁਰ ਲੱਤ ਮਾਰਨੀ ਤੇਰੇ ਲਈ ਔਖੀ ਹੈ॥ ੧੫॥ ਅਤੇ ਮੈਂ ਆਖਿਆ ਮਹਾਰਾਜ ਤੂੰ ਕੌਣ ਹੈਂ। ਪ੍ਰਭੂ ਬੋਲਿਆ ਮੈਂ ਯਿਸੂ ਹਾਂ ਜਿਹ ਨੂੰ ਤੂੰ ਸਤਾਉਂਦਾ ਹੈਂ॥ ੧੬॥ ਪਰੰਤੂ ਉੱਠ ਅਤੇ ਆਪਣੇ ਪੈਰਾਂ ਉੱਤੇ ਖਲੋ ਜਾਹ ਕਿਉਜੋ ਮੈਂ ਤੈਨੂੰ ਇਸ ਲਈ ਵਿਖਾਈ ਦਿੱਤਾ ਹੈ ਭਈ ਉਨਾਂ ਗੱਲਾਂ ਦਾ ਜਿਨਾਂ ਵਿੱਚ ਤੈਂ ਮੈਨੂੰ ਵੇਖਿਆ ਅਤੇ ਜਿਨਾਂ ਵਿੱਚ ਮੈਂ ਤੈਨੂੰ ਵਿਖਾਈ ਦਿਆਂਗਾ ਤੈਨੂੰ ਸੇਵਕ ਅਤੇ ਸਾਖੀ ਠਹਰਾਵਾਂ॥ ੧੭॥ ਮੈਂ ਤੈਨੂੰ ਇਸ ਕੌਮ ਅਤੇ ਪਰਾਈਆਂ ਕੌਮਾਂ ਥੋਂ ਬਚਾਵਾਂਗਾ ਜਿਨਾਂ ਦੇ ਕੋਲ ਮੈਂ ਤੈਨੂੰ ਘੱਲ-

Original with:
Language Department Punjab
Digitized by:
Panjab Digital Library

ਦਾ ਹਾਂ॥੧੮॥ਤਾਂ ਜੋ ਤੂੰ ਉਨ੍ਹਾਂ ਦੀਆਂ ਅੱਖਾਂ ਨੂੰ ਖੋਲ੍ਹ ਦੇਵੇਂ ਭਈ ਓਹ ਅਨ੍ਹੇਰੇ ਥੋਂ ਚਾਨਣ ਦੀ ਵਲ
ਅਤੇ ਸਤਾਨ ਦੇ ਵੱਸ ਥੋਂ ਪਰਮੇਸ਼ੁਰ ਦੀ ਵਲ ਮੁੜਨ ਕਿ ਓਹ ਪਾਪਾਂ ਦੀ ਮਾਫੀ ਅਤੇ ਉਨ੍ਹਾਂ ਵਿੱਚ
ਜੋ ਮੇਰੇ ਉੱਤੇ ਨਿਹਚਾ ਕਰਨ ਥੋਂ ਪਵਿਤ੍ਰ ਹੋਏ ਹਨ ਵਿਰਸਾ ਪਾਉਣ॥੧੯॥ਜੋ ਹੇ ਰਾਜਾ ਅਗ੍ਰਿੱ-
ਪਾ ਮੈਂ ਉਸ ਸ੍ਵਰਗੀ ਦਰਸ਼ਣ ਥੋਂ ਬੇਮੁੱਖ ਨਾ ਹੋਇਆ॥੨੦॥ਬਲਕ ਪਹਿਲਾਂ ਦੀਮਸਕ
ਦੇ ਰਹਿਣ ਵਾਲਿਆਂ ਨੂੰ ਅਤੇ ਯਰੂਸ਼ਲੀਮ ਅਤੇ ਸਾਰੇ ਯਹੂਦਿਯਾ ਦੇਸ਼ ਵਿੱਚ ਅਤੇ ਪ-
ਰਾਈਆਂ ਕੌਮਾਂ ਨੂੰ ਬੀ ਉਪਦੇਸ਼ ਕੀਤਾ ਭਈ ਤੋਬਾ ਕਰੋ ਅਤੇ ਪਰਮੇਸ਼ੁਰ ਦੀ ਵਲ ਮੁੜੋ
ਅਤੇ ਤੋਬਾ ਦੇ ਲਾਇਕ ਕੰਮ ਕਰੋ॥੨੧॥ਇਨ੍ਹਾਂ ਹੀ ਗੱਲਾਂ ਕਰ ਕੇ ਯਹੂਦੀਆਂ ਨੇ ਮੈਨੂੰ
ਮੰਦਰ ਵਿੱਚ ਫੜ ਲਿਆ ਅਤੇ ਮੇਰੇ ਮਾਰ ਸੁੱਟਣ ਦੇ ਪਿੱਛੇ ਪਏ॥੨੨॥ਸੋ ਪਰਮੇਸ਼ੁਰ
ਦੀ ਮੱਦਤ ਪਾ ਕੇ ਮੈਂ ਅੱਜ ਤਾਈਂ ਖੜਾ ਹਾਂ ਅਤੇ ਛੋਟੇ ਵੱਡੇ ਦੇ ਅੱਗੇ ਸਾਖੀ ਦਿੰਦਾ ਹਾਂ ਅ-
ਰ ਜੇਹੜੀਆਂ ਗੱਲਾਂ ਪਿਕੰਬਰਾਂ ਨੇ ਅਤੇ ਮੂਸਾ ਨੇ ਆਖਿਆ ਸੀ ਭਈ ਹੋਣ ਹੀਆਂ ਉਨ
ਥੋ ਬਿਨਾ ਹੋਰ ਮੈਂ ਕੁਝ ਨਹੀਂ ਕਹਿੰਦਾ॥੨੩॥ਕਿ ਜ਼ਰੂਰ ਹੈ ਜੋ ਮਸੀਹ ਦੁਖ ਝੱਲੇ ਅਤੇ ਪ-
ਹਿਲਾ ਉਹ ਮੁਰਦਿਆਂ ਦੇ ਜੀਉਂ ਠਣ ਥੋਂ ਔਸ ਕੌਮ ਅਤੇ ਪਰਾਈਆਂ ਕੌਮਾਂ ਨੂੰ ਬੀ ਚਾਨਣ ਦਾ
ਪਰਚਾਰ ਕਰੇ॥ ॥੨੪॥ਜਾਂ ਉਹ ਆਪਣਾ ਇਹ ਉਜਰ ਕਰ ਰਿਹਾ ਸੀ ਤਾਂ ਫੇਸ-
ਤੁਸ ਨੇ ਉੱਚੀ ਅਵਾਜ ਨਾਲ ਆਖਿਆ ਹੇ ਪੌਲੁਸ ਤੂੰ ਕਮਲਾ ਹੈਂ ਬਹੁਤੀ ਵਿੱਦਿਆ ਨੇ ਤੈਨੂੰ ਕ-
ਮਲਾ ਕਰ ਦਿੱਤਾ ਹੈ॥੨੫॥ਪੌਲੁਸ ਨੇ ਆਖਿਆ ਹੈ ਫੇਸਤੁਸ ਬਹਾਦੁਰ ਮੈਂ ਕਮਲਾ ਨਹੀਂ ਸਗੋਂ

Original with:
Language Department Punjabi
Digitized by:
Panjab Digital Library

ਸਚਿਆਈ ਅਤੇ ਸੋਝੀ ਦੀਆਂ ਗੱਲਾਂ ਕਰਦਾ ਹਾਂ ॥੨੬॥ ਕਿਉਂਕਿ ਰਾਜਾ ਜਿਹ ਦੇ ਸਾਹਮਣੇ
ਮੈਂ ਬੇਧੜਕ ਬੋਲਦਾ ਹਾਂ ਇਨਾਂ ਗੱਲਾਂ ਨੂੰ ਜਾਣਦਾ ਹੈ ਕਿਉਂ ਜੋ ਮੈ ਨੂੰ ਨਿਹਚਾ ਹੈ ਭਈ ਇਨਾਂ ਵਿ
ਚੋਂ ਕੋਈ ਗੱਲ ਉਸ ਥੋਂ ਲੁਕੀ ਹੋਈ ਨਹੀਂ ਇਸ ਲਈ ਜੋ ਇਹ ਵਾਰਤਾ ਕੁਛ ਖੁੰਜੇ ਵਿੱਚ ਨਹੀਂ ਹੋਈ
॥੨੭॥ ਹੇ ਰਾਜਾ ਅਗ੍ਰਿੱਪਾ ਕੀ ਤੂੰ ਪਿਕੰਬਰਾਂ ਦੀ ਪਰਤੀਤ ਕਰਦਾ ਹੈਂ। ਮੈਂ ਤਾਂ ਜਾਣਦਾ ਹਾਂ ਕਿ
ਤੂੰ ਪਰਤੀਤ ਕਰਦਾ ਹੈਂ ॥੨੮॥ ਅਤੇ ਅਗ੍ਰਿੱਪਾ ਨੈ ਪੌਲੁਸ ਨੂੰ ਆਖਿਆ ਤੈ ਨੂੰ ਆਸ ਹੋਊਗੀ
ਭਈ ਮੈ ਨੂੰ ਥੋੜੇ ਹੀ ਕੀਤੇ ਮਸੀਹੀ ਕਰ ਲੈਂ ॥੨੯॥ ਪੌਲੁਸ ਬੋਲਿਆ ਪਰਮੇਸੁਰ ਕਰੇ ਕਿ ਭਾ
ਵੇਂ ਥੋੜੇ ਭਾਵੇਂ ਬਹੁਤ ਕੀਤੇ ਨਿਰਾ ਤੂੰ ਹੀ ਨਹੀਂ ਪਰ ਓਹ ਸਭ ਭੀ ਜੇਹੜੇ ਅੱਜ ਦੇ ਦਿਨ ਮੇਰੀ ਸੁ
ਣਦੇ ਹਨ ਇਨਾਂ ਬੰਧਨਾਂ ਥੋਂ ਬਿਨਾ ਏਹੋ ਜੇਹੇ ਹੋ ਜਾਣ ਜਿਹੋ ਜਿਹਾ ਮੈਂ ਹਾਂ ॥ ॥੩੦
॥ ਤਦੋਂ ਰਾਜਾ ਅਤੇ ਹਾਕਮ ਅਤੇ ਬਰਨੀਕੇ ਅਰ ਓਹ ਜੇਹੜੇ ਉਨਾਂ ਦੇ ਨਾਲ ਬੈਠੇ ਸਨ ਉੱਠ ਖ
ੜੇ ਹੋਏ ॥੩੧॥ ਅਤੇ ਅਲੱਗਾ ਜਾਕੇ ਆਪਸ ਵਿੱਚ ਗੱਲਾਂ ਕਰਕੇ ਕਹਿਣ ਲੱਗੇ ਜੋ ਇਹ ਮਨੁੱਖ
ਤਾਂ ਮਾਰੇ ਜਾਣ ਜਾਂ ਕੈਦ ਹੋਣ ਦੇ ਲਾਇਕ ਕੁਛ ਨਹੀਂ ਕਰਦਾ ॥੩੨॥ ਉਪਰੰਦ ਅਗ੍ਰਿੱਪਾ ਨੈ ਫੇ-
ਸਤੁਸ ਨੂੰ ਆਖਿਆ ਕਿ ਜੇ ਇਹ ਮਨੁੱਖ ਕੈਸਰ ਦੀ ਦੁਹਾਈ ਨਾ ਦਿੰਦਾ ਤਾਂ ਛੁੱਟ ਸੱਕਦਾ ॥

੨੭ ਕਾਂਡ ॥

ਅਤੇ ਜਾਂ ਇਹ ਗੱਲ ਠਹਿਰੀ ਜੋ ਅਸੀਂ ਜਹਾਜ ਉੱਤੇ ਚੜ੍ਹਕੇ ਇਤਾਲਿਯਾ ਨੂੰ
ਜਾਇਯੇ ਤਾਂ ਉਨਾਂ ਨੈ ਪੌਲੁਸ ਅਤੇ ਕਈ ਹੋਰ ਕੈਦੀਆਂ ਨੂੰ ਯੂਲਿਉਸ ਨਾਮੇ ਪ ੧
ਤਸ਼ਾਹੀ ਪਲਟਣ ਦੇ ਇੱਕ ਸੂਬੇਦਾਰ ਨੂੰ ਸੌਂਪ ਦਿੱਤਾ ॥੨॥ ਅਤੇ ਅਸੀਂ ਅਦ੍ਰਮੁਤਿਯੁਮ ਦੇ ਇੱਕ

Original with:
Language Department Punjab
Digitized by:
Panjab Digital Library

ਜਹਾਜ ਪੁਰ ਜਿਹੜਾ ਆਸਿਯਾ ਦੇ ਕਨਾਰੇ ਦੇ ਸ਼ਹਿਰਾਂ ਨੂੰ ਜਾਣਵਾਲਾ ਸੀ ਸੁਆਰ ਹੋਕੇ ਤੁਰਪ-
ਏ ਅਤੇ ਅਰਿਸਤਰਖੁਸ ਤੱਸਲਨੀਕ ਦਾ ਇੱਕ ਮਕਦੂਨੀ ਸਾਡੇ ਨਾਲ ਸੀ।। ੨।। ਅਗਲੇ ਦ-
ਲ ਅਸੀਂ ਸੈਦਾ ਵਿੱਚ ਜਾ ਉੱਤਰੇ ਅਤੇ ਯੂਲਿਉਸ ਨੈ ਪੌਲੁਸ ਨਾਲ ਸਲੂਕ ਕਰਕੇ ਪਰਵਾ-
ਗੀ ਦਿੱਤੀ ਜੋ ਆਪਣੇ ਮਿਤ੍ਰਾਂ ਕੋਲ ਜਾਕੇ ਚੈਨ ਕਰੇ।। ੪।। ਅਰ ਉੱਥੋਂ ਜਹਾਜ ਖੋਲਕੇ ਅਸੀਂ ਕੁਪ-
ਰੁਸ ਦੇ ਓਹਲੇ ਜਾ ਨਿੱਕਲੇ ਕਿਉਂ ਜੋ ਪੌਣ ਸਾਹਮਣੀ ਸੀ।। ੫।। ਅਤੇ ਜਾਂ ਅਸੀਂ ਕਿਲਿਕਿਯਾ ਅ-
ਰ ਪਮਫੁਲਿਯਾ ਦੇ ਲਾਗਾ ਦੇ ਸਮੁੰਦਰੋਂ ਪਾਰ ਲੰਘੇ ਤਾਂ ਲੁਕਿਯਾ ਦੇ ਨਗਰ ਮੂਰਾ ਵਿੱਚ ਆ ਉੱਤਰੇ
।। ੬।। ਅਰ ਓਥੇ ਸੂਬੇਦਾਰ ਨੈ ਸਿਕੰਦਰਿਯਾ ਦਾ ਇੱਕ ਜਹਾਜ ਇਤਾਲਿਯਾ ਨੂੰ ਜਾਣਵਾਲਾ ਵੇ-
ਖਕੇ ਸਾ ਨੂੰ ਉਹ ਦੇ ਉੱਤੇ ਚਾ ਚੜ੍ਹਾਇਆ।। ੭।। ਅਤੇ ਜਾਂ ਅਸੀਂ ਬਹੁਤ ਦਿਨਾਂ ਤੀਕੁ ਹੌਲੀ ਹੌਲੀ
ਚੱਲੇ ਗਏ ਅਤੇ ਮਸਾਂ ਕਿਵੇਂ ਕਨੀਦੁਸ ਦੇ ਸਾਹਮਣੇ ਪਹੁੰਚੇ ਤਾਂ ਇਸ ਲਈ ਜੋ ਪੌਣ ਸਾ ਨੂੰ ਆ-
ਗਾਹਾਂ ਵਧਣ ਨਾ ਸੀ ਦਿੰਦੀ ਅਸੀਂ ਕਰੇਤ ਦੇ ਓਹਲੇ ਸਲਮੋਨੇ ਦੇ ਸਾਹਮਣੇ ਚੱਲੇ।। ੮।। ਅਰ
ਮਸਾਂ ਕਿਵੇਂ ਉਹ ਦੇ ਲਾਗੇ ਲਾਗੇ ਹੋਕੇ ਸੁੰਦਰ ਘਾਟ ਨਾਮੇ ਇੱਕ ਥਾਂ ਪਹੁੰਚੇ। ਉੱਥੋਂ ਲਸਾਯਾ ਨਗਰ
ਨੇੜੇ ਹੀ ਸੀ।। ।। ੯।। ਅਰ ਜਾਂ ਕਿੰਨਾ ਚਿਰ ਬੀਤ ਗਿਆ ਅਤੇ ਸਮੁੰਦਰ ਦਾ ਸ-
ਫਰ ਡੁਰਾਉਣਾ ਹੋ ਗਿਆ ਸੀ ਇਸ ਲਈ ਜੋ ਵਰਤ ਦੇ ਦਿਨ ਲੰਘ ਚੁੱਕੇ ਸਨ ਤਾਂ ਪੌਲੁਸ ਨੈ ਉਨ੍ਹਾਂ
ਨੂੰ ਇਹ ਕਹਿਕੇ ਸਮਝਾਇਆ।। ੧੦।। ਕਿ ਹੇ ਪੁਰਖੋ ਮੈਨੂੰ ਦਿਸਦਾ ਹੈ ਜੋ ਇਸ ਸਫਰ ਵਿੱਚ ਬੁਰ-
ਾਲ ਅਤੇ ਬਹੁਤ ਘਾਟਾ ਹੋਣ ਵਾਲਾ ਹੈ ਨਿਰਾ ਮਾਲ ਅਤੇ ਜਹਾਜ ਦਾ ਹੀ ਨਹੀਂ ਬਲਕ ਸਾਡੇ ਪ੍

Original with
Language Department Punjab
Digitized by:
Panjab Digital Library

ਟਾਂਦਾ ਬੀ॥੧੧॥ ਪਰ ਸੂਬੇਦਾਰ ਨੈ ਪੌਲੁਸ ਦੀਆਂ ਗੱਲਾਂ ਨਾਲੋਂ ਮਲਾਹਾਂ ਦੇ ਸਿਰ ਕਰਦੇ ਅਤੇ
ਜਹਾਜ ਦੇ ਮਾਲਕ ਦੀਆਂ ਗੱਲਾਂ ਨੂੰ ਵੱਧ ਮੰਨਿਆ॥੧੨॥ ਅਰ ਇਸ ਲਈ ਜੋ ਉਹ ਘਾਟ
ਸਿਆਲ ਕੱਟਣ ਲਈ ਚੰਗਾ ਨਸੀ ਬਹੁਤਿਆਂ ਨੈ ਇਹ ਸਲਾਹ ਦਿੱਤੀ ਜੋ ਅੱਥੋਂ ਚੱਲੇ ਚੱਲਿ-
ਯੇ ਭਈ ਜੇ ਕਿਵੇਂ ਹੋ ਸੱਕੇ ਤਾਂ ਫੈਨੀਕ ਸ ਤੋੜੀ ਪਹੁੰਚ ਕੇ ਸਿਆਲ ਕੱਟਿਯੇ ਜੋ ਉਹ ਕਰੇਤ ਦਾ
ਇੱਕ ਘਾਟ ਹੈ ਜਿਹੜਾ ਉੱਤਰ ਅਤੇ ਪੂਰਬ ਅਰ ਦੱਖਣ ਅਤੇ ਪੂਰਬ ਦੇ ਖੂੰਜੇ ਦੀ ਵਲ ਹੈ
॥੧੩॥ ਅਤੇ ਜਾਂ ਦੱਖਣ ਦੀ ਪੌਣ ਹੌਲੇ ਹੌਲੇ ਵਗਣ ਲੱਗੀ ਤਾਂ ਉਨਾਂ ਇਹ ਸਮਝ ਕੇ ਭਈ ਆ
ਸੀ ਮੁਰਾਦ ਨੂੰ ਪਹੁੰਚੇ ਲੰਗਰ ਚੁੱਕ ਲਿਆ ਅਤੇ ਕਰੇਤ ਦੇ ਲਾਗੇ ਲਾਗੇ ਹੋ ਤੁਰੇ॥੧੪॥ ਪਰ
ਥੋੜੇ ਚਿਰ ਪਿੱਛੇ ਉਸ ਪਾਸਿਓਂ ਇੱਕ ਵਡੀ ਅਨੇਰੀ ਝੁੱਲ ਪਈ ਜਿਹ ਨੂੰ ਯੂਰਕੂਲੋਨ ਕਹਿੰਦੇ ਹ-
ਨ॥੧੫॥ ਅਰ ਜਾਂ ਜਹਾਜ ਪੌਣ ਦੇ ਛੁਏ ਚੜ੍ਹ ਗਿਆ ਅਤੇ ਉਹ ਦੇ ਸਾਹਮਣੇ ਠਹਿਰ ਨਾ ਸੱ-
ਕਿਆ ਤਾਂ ਸਾਡੀ ਕੋਈ ਵਾਹ ਨਾ ਲੱਗੀ ਅਤੇ ਅਸੀਂ ਰੁੜ੍ਹਦੇ ਚੱਲੇ ਗਏ॥੧੬॥ ਅਰ ਕੌਦਾ
ਨਾਮੇ ਇੱਕ ਛੋਟੇ ਟਾਪੂ ਦੇ ਹੇਠ ਹੇਠ ਜਾ ਕੇ ਅਸੀਂ ਮਸਾਂ ਕਿਵੇਂ ਡੋਂਗੀ ਨੂੰ ਕਾਬੂ ਵਿੱਚ ਲਿਆਏ॥
੧੭॥ ਜੋ ਜਾਂ ਉਨਾਂ ਉਸ ਨੂੰ ਚੁੱਕ ਲਿਆ ਤਾਂ ਸਹਾਰਾ ਦੇ ਕੇ ਜਹਾਜ ਨੂੰ ਬੱਲਿਓਂ ਕੱਸਿਆ ਅਤੇ ਇ-
ਸ ਡਰ ਦੇ ਮਾਰੇ ਭਈ ਕਿਤੇ ਬਰੇਤੇ ਵਿੱਚ ਨਾ ਜਾ ਫਸਿਯੇ ਪਾਲ ਉਲਾਹ ਦਿੱਤੇ ਅਤੇ ਐਵੇਂ ਰੁ-
ੜ੍ਹਦੇ ਚੱਲੇ ਗਏ॥੧੮॥ ਅਤੇ ਜਾਂ ਅਨੇਰੀ ਨੈ ਸਾਨੂੰ ਬਹੁਤ ਔਖਿਆਂ ਕੀਤਾ ਤਾਂ ਦੂਜੇ ਦਿਨ ਉਨ
ਨੈ ਜਹਾਜ ਦਾ ਭਾਰ ਕੱਢ ਕੇ ਸੁੱਟ ਦਿੱਤਾ॥੧੯॥ ਅਰ ਤੀਜੇ ਦਿਨ ਉਨਾਂ ਆਪਣੇ ਹੱਥੀਂ ਜਹਾਜ ਦ

Original with:
Language Department Punjab
Digitized by:
Panjab Digital Library

ਅਸਬਾਬਬੀਉਤਾਰਸੁੱਟਿਆ॥੨੦॥ ਅਤੇਜਾਂ ਬਹੁਤਦਿਨਾਂਤਾਈਂ ਨਾ ਸੂਰਜ ਅਤੇਨਾ ੦
ਰੇਵਿਖਾਈਦਿੱਤੇਅਰਵੱਡੀ ਅਨੇਰੀ ਚੱਲਦੀ ਰਹੀਤਾਂ ਓੜਕ ਨੂੰ ਸਾਡੇ ਬਚਣਦੀਸਾਰੀਆ ੦
ਸਮੂਲ੍ਹੇਂਜਾਂਦੀਰਹੀ॥੨੧॥ ਅਤੇਬਹੁਤਸਾਰੇਫਾਕਿਆਂ ਦੇ ਬਾਦ ਪੌਲੁਸਉਨਾਂਦੇਵਿੱਚਖੜੇ
ਹੋਕੇਬੋਲਿਆ ਕਿਹੇਪੁਰਖੋ ਤੁਹਾ ਨੂੰ ਚਾਹੀਦਾ ਸੀ ਜੋ ਮੇਰੀ ਗੱਲ ਮੰਨਕੇ ਕਰੇਤ ਥੋਂ ਜਹਾਜ ਨਾਂਧੋ
ਲਦੇਤਾਂ ਇਹ ਬੁਰਾ ਹਾਲ ਅਤੇ ਘਾਟਾ ਨਾ ਹੁੰਦਾ॥੨੨॥ ਅਤੇ ਹੁਣ ਮੈਂ ਤੁਹਾ ਨੂੰ ਸਮਝਾਉਂਦਾ ਹ ੦
ਭਈ ਤੁਸੀਂ ਖਾਤਰਜਮਾ ਰੱਖੋ ਕਿਉਂਕਿ ਤੁਹਾਡੇ ਵਿੱਚੋਂ ਕਿਸੇ ਦੀ ਜਾਨਦਾ ਨੁਖਸਾਨ ਨਾ ਹੋਊਗਾ
ਪਰ ਛੁੜਾ ਜਹਾਜ ਦਾ॥੨੩॥ ਇਸ ਲਈ ਕਿ ਉਹ ਪਰਮੇਸ਼ੁਰ ਜਿਹ ਦਾ ਮੈਂ ਹਾਂ ਅਤੇ ਜਿਸ ਦੀ
ਸੇਵਾ ਬੀ ਕਰਦਾ ਹਾਂ ਉਹ ਦਾ ਦੂਤ ਅੱਜ ਰਾਤ ਮੇਰੇ ਕੋਲ੍ਹ ਆਣ ਖਲੋਤਾ॥੨੪॥ ਅਤੇ ਬੋਲਿਆ ੦
ਕਿ ਹੇ ਪੌਲੁਸ ਨਾ ਡਰ। ਜਰੂਰ ਹੈ ਜੋ ਤੂੰ ਕੈਸਰ ਦੇ ਅੱਗੇ ਹਾਜਰ ਹੋਵੇਂ ਅਤੇ ਵੇਖ ਪਰਮੇਸ਼ੁਰ ਨੈ ਸ-
ਭਨਾਂ ਨੂੰ ਜੋ ਤੇਰੇ ਨਾਲ੍ਹ ਜਹਾਜ ਵਿੱਚ ਹਨ ਤੈ ਨੂੰ ਬਖਸ਼ ਦਿੱਤਾ ਹੈ॥੨੫॥ ਉਪਰੰਦ ਹੇ ਪੁਰਖੋ ਖਾ-
ਤਰਜਮਾ ਰੱਖੋ ਕਿਉਂ ਜੋ ਮੈਂ ਪਰਮੇਸ਼ੁਰ ਦੀ ਪਰਤੀਤ ਕਰਦਾ ਹਾਂ ਭਈ ਜਿਹਾ ਮੈ ਨੂੰ ਕਿਹਾ ਗਿਆ ੦
ਹੈ ਤਿਹਾ ਹੀ ਹੋਊਗਾ॥੨੬॥ ਪਰ ਕਿਸੇ ਟਾਪੂ ਵਿੱਚ ਅਸੀਂ ਜਰੂਰ ਜਾ ਪਵਾਂਗੇ॥
॥੨੭॥ ਜੋ ਜਾਂ ਚੌਧਵੀਂ ਰਾਤ ਆਈ ਅਤੇ ਅਸੀਂ ਅਦਰਿਯਾ ਦੇ ਸਮੁੰਦਰ ਵਿੱਚ ਇਧਰ ਉਧਰ
ਰੁੜ੍ਹਦੇ ਸਾਂ ਤਾਂ ਅੱਧੀ ਕੁ ਰਾਤੀਂ ਮਲਾਹਾਂ ਨੈ ਅਟਕਲ ਨਾਲ੍ਹ ਜਾਚਿਆ ਭਈ ਅਸੀਂ ਕਿਸੇ ਦੇਸ
ਦੇ ਨੇੜੇ ਆ ਢੁੱਕੇ ਹਾਂ॥੨੮॥ ਤਾਂ ਪਾਣੀ ਦੀ ਥਾਹ ਲਈ ਸੋ ਅੱਸੀ ਹੱਥ ਨਿੱਕਲਿਆ ਅਤੇ ਕੁਛ

Original with
Language Department Punjab
Digitized by:
Panjab Digital Library

ਅੱਗੇ ਵਧਕੇ ਫੇਰ ਬਾਹ ਲਈ ਤਾਂ ਸੱਠ ਹੱਥ ਨਿੱਕਲਿਆ ॥ ੨੮ ॥ ਅਤੇ ਔਸ ਡੂਰ ਦੇ ਮਾਰੇ
ਭਈ ਅਸੀਂ ਕਿਤੇ ਪੱਥਰਾਂ ਵਾਲੇ ਥਾਂ ਨਾ ਜਾ ਪਈਏ ਉਨਾਂ ਨੇ ਜਹਾਜ ਦੇ ਪਿਛਲੇ ਪਾਸਿਓਂ ਚਾਰ
ਲੰਗਰ ਸੁੱਟੇ ਅਤੇ ਸਵੇਰ ਦੀ ਉਡੀਕ ਕਰਦੇ ਰਹੇ ॥ ੩੦ ॥ ਅਤੇ ਜਦ ਮਲਾਹਾਂ ਨੇ ਜਹਾਜ ਉਤੋਂ ਭ-
ਜਣਾ ਚਾਹਿਆ ਅਤੇ ਅਗਲੇ ਪਾਸਿਓਂ ਲੰਗਰ ਪਾਉਣ ਦੇ ਬਹਾਨੇ ਨਾਲ ਡੋਂਗੀ ਨੂੰ ਸਮੁੰਦਰ
ਵਿੱਚ ਉਤਾਰਿਆ ॥ ੩੧ ॥ ਤਦ ਪੌਲੁਸ ਨੇ ਸੂਬੇਦਾਰ ਅਤੇ ਸਿਪਾਹੀਆਂ ਨੂੰ ਕਿਹਾ ਕਿ ਜੇ ਏਹ
ਜਹਾਜ ਉੱਤੇ ਨਾ ਰਹਿਣ ਤਾਂ ਤੁਸੀਂ ਨਹੀਂ ਬਚ ਸੱਕਦੇ ॥ ੩੨ ॥ ਤਦੋਂ ਸਿਪਾਹੀਆਂ ਨੇ ਡੋਂਗੀ ਦੇ
ਰੱਸੇ ਵੱਢਕੇ ਉਹ ਨੂੰ ਡੇਗ ਦਿੱਤਾ ॥ ੩੩ ॥ ਅਤੇ ਜਾਂ ਦਿਨ ਚੜ੍ਹਨ ਲੱਗਾ ਤਾਂ ਪੌਲੁਸ ਨੇ ਸਭਨਾਂ
ਦੀ ਮੰਨਤ ਕੀਤੀ ਜੋ ਕੁਛ ਭੋਜਨ ਛੱਕੋ ਅਤੇ ਆਖਿਆ ਭਈ ਅੱਜ ਤੁਹਾਨੂੰ ਆਸਰਾ ਤੱਕ-
ਦਿਆਂ ਚੌਦਾਂ ਦਿਨ ਹੋਏ ਜੋ ਢਾਕਾ ਕੀਤਾ ਅਤੇ ਕੁਛ ਨਹੀਂ ਖਾਧਾ ॥ ੩੪ ॥ ਸੋ ਮੈਂ ਤੁਹਾਡੀ ਮੰਨਤ
ਕਰਦਾ ਹਾਂ ਭਈ ਕੁਛ ਭੋਜਨ ਛੱਕੋ ਕਿਉਂ ਜੋ ਇਹ ਦੇ ਵਿੱਚ ਤੁਹਾਡਾ ਬਚਾਓ ਹੈ ਇਸ ਲਈ ਜੋ ਤੁ-
ਹਾਡੇ ਵਿੱਚੋਂ ਕਿਸੇ ਦੇ ਸਿਰ ਦਾ ਇੱਕ ਵਾਲ ਬੀ ਵਿਗਾੜਨਾ ਹੋਊਗਾ ॥ ੩੫ ॥ ਇਹ ਕਹਿਕੇ ਉਹ ਨੇ ਰੋ-
ਟੀ ਲਈ ਅਤੇ ਸਭਨਾਂ ਦੇ ਸਾਹਮਣੇ ਪਰਮੇਸੁਰ ਦਾ ਸੁਕਰ ਕੀਤਾ ਅਤੇ ਭੰਨਕੇ ਖਾਣ ਲੱਗਾ
॥ ੩੬ ॥ ਤਾਂ ਉਨਾਂ ਸਭਨਾਂ ਦੀ ਖਾਤਰ ਜਮਾ ਹੋਈ ਅਤੇ ਉਨਾਂ ਆਪ ਬੀ ਅੰਨ ਪਾਣੀ ਖਾਧਾ
॥ ੩੭ ॥ ਅਰ ਅਸੀਂ ਸਰਬੱਤ ਦੇ ਸੌ ਛਿਹੱਤਰ ਪ੍ਰਾਣੀ ਉਸ ਜਹਾਜ ਉੱਤੇ ਸੀ ॥ ੩੮ ॥ ਅਤੇ ਜ
ਓਹ ਅੰਨ ਪਾਣੀ ਖਾਕੇ ਰੱਜ ਗਏ ਤਾਂ ਓਨਾਂ ਕਣਕ ਨੂੰ ਸਮੁੰਦਰ ਵਿੱਚ ਸੁੱਟਕੇ ਜਹਾਜ ਨੂੰ ਹੌਲਿਆ ਕ

Original with:
Language Department Punjab
Digitized by:
Panjab Digital Library

ਕਰ ਲਿਆ ॥ ੩੮ ॥ ਜਦ ਦਿਨ ਚੜ੍ਹਿਆ ਤਦ ਉਨਾਂ ਉਸ ਦੇਸ ਨੂੰ ਨ ਪਛਾਤਾ ਪਰ ਇੱਕ ਖਾੜੀ ਡਿੱਠੀ ਜਿਹ ਦਾ ਕੰਢਾ ਪੱਧਰਾ ਸੀ ਅਤੇ ਓਹ ਸਲਾਹ ਕਰਨ ਲੱਗੇ ਭਈ ਅਸੀਂ ਜਹਾਜ ਨੂੰ ਧੱਕ-
ਕੇ ਉਸ ਉੱਤੇ ਚੜ੍ਹਾ ਸੱਕਦੇ ਹਾਂ ਕੇ ਨਹੀਂ ॥ ੪੦ ॥ ਅਤੇ ਉਨਾਂ ਲੰਗਰ ਖੋਲ੍ਹ ਕੇ ਸਮੁੰਦਰ ਵਿੱਚ ਛੱਡ
ਦਿੱਤੇ ਨਾਲੇ ਚੱਪਿਆਂ ਦੇ ਰੱਸੇ ਖੋਲ੍ਹੇ ਅਤੇ ਪੌਣ ਦੇ ਲੇਟ ਪੁਰ ਅਗਾਲੇ ਪਾਸੇ ਦਾ ਪਾਲ ਚੜ੍ਹਾ ਕੇ ਕੰ-
ਢੇ ਦੀ ਵਲ ਚੱਲੇ ॥ ੪੧ ॥ ਅਤੇ ਇੱਕ ਥਾਂ ਪਹੁੰਚ ਕੇ ਜਿੱਥੇ ਦੋ ਸਮੁੰਦਰ ਮਿਲੇ ਸਨ ਉਨਾਂ ਨੈਜਹ
ਜ ਨੂੰ ਨਿੱਕੇ ਪਾਣੀ ਵਿੱਚ ਚਲਾ ਦਿੱਤਾ ਤਾਂ ਅਗਾਲਾ ਪਾਸਾ ਖੁਭ ਕੇ ਅੜਿਆ ਹੀ ਰਿਹਾ ਪਰ ਪਿ-
ਛਲਾ ਪਾਸਾ ਠੱਠਾਂ ਦੇ ਜੋਰ ਨਾਲ ਟੁੱਟ ਗਿਆ ॥ ੪੨ ॥ ਤਦ ਸਿਪਾਹੀਆਂ ਦੀ ਇਹ ਸਲਾਹ
ਹੋਈ ਜੋ ਕੈਦੀਆਂ ਨੂੰ ਮਾਰ ਸੁੱਟਿਯੇ ਭਈ ਕਿਤੇ ਐਉਂ ਨਾ ਹੋਵੇ ਕਿ ਕੋਈ ਤਰ ਕੇ ਨੱਠ ਜਾਵੇ ॥
੪੩ ॥ ਪਰ ਸੂਬੇਦਾਰ ਨੇ ਜੋ ਇਹ ਚਾਹੁੰਦਾ ਸੀ ਕਿ ਪੌਲੁਸ ਨੂੰ ਬਚਾਵੇ ਉਨਾਂ ਨੂੰ ਇਸ ਅਰਾਦੇ ਥੋਂ
ਹਟਾ ਦਿੱਤਾ ਅਤੇ ਹੁਕਮ ਕੀਤਾ ਭਈ ਜਿਨਾਂ ਨੂੰ ਤਰਨਾ ਆਉਂਦਾ ਹੋਵੇ ਜੋ ਛਾਲ ਮਾਰ ਕੇ ਪਹਿਲ
ਧਰਤੀ ਪੁਰ ਜਾ ਨਿੱਕਲਨ ॥ ੪੪ ॥ ਅਰ ਬਾਕੀ ਦੇ ਕਈ ਫੱਟਾਂ ਉੱਤੇ ਅਰ ਕਈ ਜਹਾਜ ਦੀਆਂ
ਹੋਰ ਚੀਜਾਂ ਉੱਤੇ। ਅਰ ਏੱਸੇ ਤਰਾਂ ਹੋਇਆ ਜੋ ਸਭੋ ਧਰਤੀ ਉੱਤੇ ਬਚ ਨਿੱਕਲੇ ॥

੨੮ ਕਾਂਡ ॥ ਜਾਂ ਬਚ ਨਿੱਕਲੇ ਤਾਂ ਅਸਾਂ ਮਲੂਮ ਕੀਤਾ ਜੋ ਐਸ ਟਾਪੂ ਦਾ ਨਾਉਂ ਮਾਲਟ
ਹੈ ॥ ੨ ॥ ਅਰ ਓੱਥੋਂ ਦੇ ਬਰਬਰੀ ਲੋਕਾਂ ਨੇ ਸਾਡੇ ਨਾਲ ਵਡਾ ਭਾਰਾ ਸਲੂਕ
ਕੀਤਾ ਕਿਉਂ ਜੋ ਉਨਾਂ ਉਸ ਵੇਲੇ ਮੀਂਹ ਦੀ ਝੜੀ ਅਤੇ ਪਾਲੇ ਦੇ ਸਬੱਬ ਅੱਗ ਬਾਲ ਕੇ ਅਸਾਂ ਸਭਨਾਂ

Original with:
Language Department Punjab
Digitized by:
Panjab Digital Library

ਨੂੰ ਕੋਲ੍ਹ ਬੁਲਾ ਲਿਆ ॥ ੩ ॥ ਅਤੇ ਜਾਂ ਪੌਲੁਸ ਨੈ ਬਹੁਤ ਸਾਰੀਆਂ ਲਕੜੀਆਂ ਕੱਠੀਆਂ ਕਰਕੇ
ਅੱਗ ਉੱਤੇ ਪਾਈਆਂ ਤਾਂ ਇੱਕ ਸੱਪ ਜੇਕ ਨਾਲ੍ਹ ਨਿੱਕਲ੍ਹ ਆਇਆ ਅਤੇ ਉਹ ਦੇ ਹੱਥ ਨੂੰ ਚਿੰਬੜ
ਗਿਆ ॥ ੪ ॥ ਤਾਂ ਓਹ ਬਰਬਰੀ ਲੋਕ ਉਸ ਕੀੜੇ ਨੂੰ ਉਹ ਦੇ ਹੱਥ ਨਾਲ੍ਹ ਲਮਕਿਆ ਹੋਇਆ ਵੇ-
ਖਕੇ ਆਪਸ ਵਿੱਚ ਕਹਿਣ ਲੱਗੇ ਭਈ ਠੀਕ ਇਹ ਮਨੁੱਖ ਖੂਨੀ ਹੈ ਕਿ ਭਾਵੇਂ ਇਹ ਸਮੁੰਦਰੋਂ ਬ-
ਚ ਨਿੱਕਲ੍ਹਿਆ ਪਰ ਨਿਆਉਂ ਇਹ ਨੂੰ ਜੀਉਂਦਾ ਨਹੀਂ ਛੱਡਦਾ ॥ ੫ ॥ ਤਦ ਉਸ ਨੈ ਉਸ ਕੀੜੇ
ਨੂੰ ਅੱਗ ਵਿੱਚ ਝਟਕ ਦਿੱਤਾ ਅਤੇ ਕੁਛ ਨੁਖਸਾਨ ਨਾ ਹੋਇਆ ॥ ੬ ॥ ਪਰ ਓਹ ਉਡੀਕਦੇ ਰਹੇ
ਕਿ ਉਹ ਹੁਣੇ ਸੁੱਜ ਜਾਊ ਜਾਂ ਅਚਾਣਕ ਮਰਕੇ ਡਿਗ ਪਊ ਪਰ ਜਾਂ ਉਨਾਂ ਬਹੁਤ ਚਿਰ ਤਾਈਂ ਉ-
ਡੀਕ ਕਰਕੇ ਵੇਖਿਆ ਜੋ ਉਹ ਦਾ ਕੁਛ ਨਹੀਂ ਬਿਗਾੜਿਆ ਤਾਂ ਉਨਾਂ ਨੂੰ ਹੋਰ ਸੋਚ ਆਈ ਅਤੇ
ਕਹਿਣ ਲੱਗੇ ਭਈ ਇਹ ਤਾਂ ਕੋਈ ਦੇਉਤਾ ਹੈ ॥ ॥ ੭ ॥ ਅਤੇ ਉਸ ਥਾਂ ਦੇ ਨੇੜੇ ਪੁ-
ਬਲਿਯੁਸ ਨਾਮੇ ਉਸ ਟਾਪੂ ਦੇ ਸਰਦਾਰ ਦੀ ਮਿਲਖ ਸੀ। ਜੋ ਉਹ ਸਾਨੂੰ ਘਰ ਲ੍ਹ ਜਾਕੇ ਵਡੇ ਪ੍ਰੇ-
ਮ ਨਾਲ੍ਹ ਤਿੰਨਾਂ ਦਿਨਾਂ ਤਾਈਂ ਸਾਡਾ ਆਦਰ ਭਾਉ ਕੀਤਾ ॥ ੮ ॥ ਅਤੇ ਐਉਂ ਹੋਇਆ ਜੋ ਪੁਬਲਿ-
ਯੁਸ ਦਾ ਪਿਉ ਤਾਪ ਅਤੇ ਮਰੋੜਾਂ ਨਾਲ੍ਹ ਮਾਂਦਾ ਪਿਆ ਹੋਇਆ ਸੀ ਜੋ ਪੌਲੁਸ ਨੈ ਉਸ ਕੋਲ੍ਹ ਅੰ-
ਦਰ ਜਾਕੇ ਪ੍ਰਾਰਥਨਾ ਕੀਤੀ ਅਤੇ ਉਸ ਉੱਤੇ ਹੱਥ ਰੱਖਕੇ ਉਹ ਨੂੰ ਚੰਗਾ ਕਰਾ ਦਿੱਤਾ ॥ ੯ ॥ ਐਸ ਗੱ-
ਲ੍ਹ ਬਾਕੀ ਦੇ ਲੋਕ ਭੀ ਜੇਹੜੇ ਉਸ ਟਾਪੂ ਵਿੱਚ ਰੋਗੀ ਸਨ ਆਏ ਅਤੇ ਚੰਗੇ ਕੀਤੇ ਗਏ ॥ ੧੦ ॥
ਅਤੇ ਉਨਾਂ ਨੈ ਸਾਡਾ ਵਡਾ ਆਦਰ ਕੀਤਾ ਅਤੇ ਜਾਂ ਅਸੀਂ ਤੁਰਨ ਲੱਗੇ ਤਾਂ ਜੇਹੜੀਆਂ ਚੀਜ

Original with:
Language Department Punjab
Digitized by:
Panjab Digital Library

ਦੀ ਸਾਰੂੰ ਲੋੜ ਸੀ ਜਹਾਜ ਉੱਤੇ ਲੱਦ ਦਿੱਤੀ ਆਂ ॥ ॥੧੧॥ ਤਿੰਨਾਂ ਮਹੀਨਿਆਂ ਦੇ ਪਿੱਛੇ ਅਸੀਂ ਸਿਕੰਦਰਿਆ ਦੇ ਇੱਕ ਜਹਾਜ ਪੁਰ ਚੜ੍ਹ ਕੇ ਤੁਰ ਪਏ ਜਿਹ ਦਾ ਪਤਾ ਦੇਉਸਕੂਰੀ ਸੀ ਅਤੇ ਉਹ ਨੈ ਸਾਰਾ ਸਿਆਲ ਇਸੇ ਟਾਪੂ ਵਿੱਚ ਕੱਟਿਆ ਸੀ ॥੧੨॥ ਅਰ ਸੈਰਾਕੂਸ ਵਿੱਚ ਉੱਤਰ ਕੇ ਤਿੰਨ ਦਿਨ ਰਹੇ ॥੧੩॥ ਫੇਰ ਓਥੋਂ ਚੱਕਰ ਖਾ ਕੇ ਰੇਗਿਯੁਨ ਵਿੱਚ ਆਏ ਅਤੇ ਇੱਕ ਦਿਨ ਪਿੱਛੇ ਜਾਂ ਦੱਖਣ ਦੀ ਪੌਣ ਵਗੀ ਤਾਂ ਅਸੀਂ ਦੂਜੇ ਦਿਨ ਪੁਤਿਯੁਲੈ ਵਿੱਚ ਪਹੁੰਚੇ ॥ ੧੪॥ ਓਥੇ ਸਾਨੂੰ ਕੁਝ ਭਾਈ ਮਿਲੇ ਜਿੰਨਾਂ ਸਾਡੀ ਮਿੰਨਤ ਕੀਤੀ ਜੋ ਇੱਕ ਸਾਤਾ ਸਾਡੇ ਕੋਲ ਰਹੋ। ਅਤੇ ਇਸੇ ਤਰਾਂ ਅਸੀਂ ਰੂਮ ਨੂੰ ਆਏ ॥੧੫॥ ਅਰ ਓਥੋਂ ਭਾਈ ਲੋਕ ਸਾਡੀ ਖਬਰ ਸੁਣ ਕੇ ਅੱਪੀ ਫੋਰੁਮ ਅਤੇ ਤ੍ਰੈਤਬਰਨੈ ਤੀਕੁਰ ਸਾਡੇ ਮਿਲਣ ਨੂੰ ਆਏ। ਤਾਂ ਪੌਲੁਸ ਨੈ ਉਨਾਂ ਨੂੰ ਵੇਖ ਕੇ ਪਰਮੇਸ਼ੁਰ ਦਾ ਸ਼ੁਕਰ ਕੀਤਾ ਅਤੇ ਖਾਤਰ ਜਮਾ ਹੋਇਆ ॥ ॥੧੬॥ ਜਾਂ ਅਸੀਂ ਰੂਮ ਵਿੱਚ ਪਹੁੰਚੇ ਤਾਂ ਪੌਲੁਸ ਨੂੰ ਉਸ ਸਿਪਾਹੀ ਨਾਲ ਜਿਹੜਾ ਉਹ ਦੀ ਰਾਖੀ ਕਰਦਾ ਸੀ ਅਲੱਗ ਰਹਿਣ ਦੀ ਪਰਵਾਨਗੀ ਹੋਈ ॥ ॥੧੭॥ ਅਤੇ ਐਉਂ ਹੋਇਆ ਜੋ ਤਿੰਨਾਂ ਦਿਨਾਂ ਪਿੱਛੇ ਉਹ ਨੈ ਯਹੂਦੀਆਂ ਦੇ ਵੱਡੇ ਆਦਮੀਆਂ ਨੂੰ ਕੱਠੇ ਬੁਲਾ ਲਿਆ ਅਰ ਜਾਂ ਓਹ ਕੱਠੇ ਹੋਏ ਤਾਂ ਉਨਾਂ ਨੂੰ ਆਖਿਓਸ ਹੇ ਭਰਾਵੋ ਭਾਵੇਂ ਮੈਂ ਆਪਣੀ ਕੌਮ ਦੇ ਅਤੇ ਵਡ੍ਹਿਆਂ ਦੀਆਂ ਰਸਮਾਂ ਦੇ ਉਲਟਾ ਕੁਛ ਨਹੀਂ ਕੀਤਾ ਪਰ ਤਾਂ ਭੀ ਕੈਦੀ ਹੋ ਕੇ ਯਰੂਸਲੀਮ ਥੋਂ ਰੂਮੀਆਂ ਦੇ ਹੱਥ ਹਵਾਲੇ ਕੀਤਾ ਗਿਆ ॥੧੮॥ ਅਤੇ ਉਨਾਂ ਮੇਰੀ ਜਾਚ ਕਰ ਕੇ ਚਾਹਿਆ ਜੋ ਮੈਨੂੰ ਛੱਡ ਦੇਣ ਇਸ ਲਈ

Original with
Language De
Digitized by:
Panjab Digital Library

ਜੋ ਮੇਰੇ ਵਿੱਚ ਕਤਲ ਦੇ ਲਾਇਕ ਕੋਈ ਦੋਸ ਨ ਸੋ ॥੧੮॥ ਪਰ ਜਾਂ ਯਹੂਦੀ ਇਹ ਦੇ ਵਿਰੁੱਧ ਬੋ-
ਲਣ ਲੱਗੇ ਤਾਂ ਮੈਂ ਲਾਚਾਰ ਹੋਕੇ ਕੈਸਰ ਦੀ ਦੁਹਾਈ ਦਿੱਤੀ। ਪਰ ਇਸ ਲਈ ਨਹੀਂ ਜੋ ਮੈਂ ਆਪ-
ਣੀ ਕੌਮ ਉੱਤੇ ਕਿਸੇ ਗੱਲ ਵਿੱਚ ਦੋਸ ਲਾਉਣਾ ਸੀ ॥੨੦॥ ਸੋ ਇਸੇ ਕਰਕੇ ਮੈਂ ਤੁਹਾਡੀ ਮਿੰਨਤ
ਕੀਤੀ ਜੋ ਮੈਨੂੰ ਮਿਲੋ ਅਤੇ ਗੱਲ ਬਾਤ ਕਰੋ ਕਿਉਂ ਜੋ ਮੈਂ ਇਸਰਾਈਲ ਦੀ ਆਸ ਦੇ ਬਦਲੇ
ਐਸ ਸੰਗਲ ਨਾਲ ਜਕੜਿਆ ਹੋਇਆ ਹਾਂ ॥੨੧॥ ਉਨਾਂ ਉਸ ਨੂੰ ਆਖਿਆ ਕਿ ਨਾ ਸਾ
ਨੂੰ ਯਹੂਦਿਯਾ ਥੋਂ ਤੇਰੀ ਬਾਬਤ ਕੋਈ ਚਿੱਠੀ ਆਈ ਅਤੇ ਨਾ ਭਾਈਆਂ ਵਿੱਚੋਂ ਕਿਸੇ ਆਣ-
ਕੇ ਤੇਰੀ ਖਬਰ ਦਿੱਤੀ ਨਾ ਤੇਰੀ ਕੁਛ ਬਦੀ ਸੁਣਾਈ ॥੨੨॥ ਪਰ ਅਸੀਂ ਇਹੋ ਚੰਗਾ ਜਾਣਦੇ
ਹਾਂ ਭਈ ਤੇਰੇ ਕੋਲੋਂ ਹੀ ਸੁਣੀਏ ਜੋ ਤੂੰ ਕੀ ਮੰਨਦਾ ਹੈਂ ਕਿਉਂ ਜੋ ਸਾ ਨੂੰ ਮਲੂਮ ਹੈ ਭਈ ਸਭ ਨੀਂ
ਈਂ ਐਸ ਪੰਥ ਨੂੰ ਬੁਰਾ ਆਖਦੇ ਹਨ ॥ ॥੨੩॥ ਅਤੇ ਜਦ ਉਨਾਂ ਨੇ ਉਹ ਦੇ ਲ-
ਈ ਇੱਕ ਦਿਨ ਠਹਰਾਇਆ ਤਦ ਬਹੁਤ ਸਾਰੇ ਉਹ ਦੇ ਡੇਰੇ ਪੁਰ ਉਸ ਕੋਲ ਆਏ ਅਤੇ ਉਹ
ਪਰਮੇਸੁਰ ਦੇ ਰਾਜ ਉੱਤੇ ਸਾਖੀ ਦੇਕੇ ਅਤੇ ਮੂਸਾ ਦੀ ਸ਼ਰਾ ਅਤੇ ਪਿਕੰਬਰਾਂ ਦਿਆਂ ਗ੍ਰੰਥਾਂ
ਵਿੱਚੋਂ ਜਿਸੂ ਦੀ ਬਾਬਤ ਪਰਮਾਣ ਲਿਆ ਕੇ ਸਵੇਰ ਥੋਂ ਲੈ ਸੰਝ ਤਾਈਂ ਉਨਾਂ ਨੂੰ ਉਪਦੇਸ ਕ-
ਰਦਾ ਰਿਹਾ ॥੨੪॥ ਤਾਂ ਕਈਆਂ ਨੇ ਓਹ ਗੱਲਾਂ ਮੰਨ ਲਈਆਂ ਜੋ ਹੜੀਆਂ ਸੁਣਾਈਆਂ ਗ-
ਈਆਂ ਸਨ ਅਤੇ ਕਈਆਂ ਨੇ ਪਰਤੀਤ ਨਾ ਕੀਤੀ ॥੨੫॥ ਜਾਂ ਓਹ ਆਪਸ ਵਿੱਚ ਇੱਕ ਜਬਾ-
ਨ ਨਾ ਹੋਏ ਤਾਂ ਪੌਲੁਸ ਦੇ ਇਹ ਇੱਕ ਗੱਲ ਕਹਿੰਦੇ ਹੀ ਓਹ ਚੱਲੇ ਗਏ ਕਿ ਪਵਿੱਤ੍ਰ ਆਤਮਾ ਨੇ

Original with:
Language Department Punjab
Digitized by:
Panjab Digital Library

ਤੁਹਾਡੇ ਵਡਿਆਂ ਨੂੰ ਯਸ਼ਾਯਾ ਪਿਕੰਬਰ ਦੀ ਜਬਾਨੀ ਠੀਕ ਆਖਿਆ ਸੀ॥੨੬॥ ਭਈ ਇ
ਸ ਕੋਮ ਦੇ ਪਾਸ ਜਾਹ ਅਤੇ ਕਹੁ ਕਿ ਤੁਸੀਂ ਕੰਨਾਂ ਨਾਲ ਸੁਣੋਗੇ ਪਰ ਮੂਲੇਂ ਨਾ ਸਮਝੋਗੇ ਅਤੇ ਵੇ
ਖਦੇ ਹੋਏ ਵੇਖੋਗੇ ਪਰ ਦ੍ਰਿਸ਼ਟ ਤੁਹਾ ਨੂੰ ਮੂਲੇਂ ਨਹੀਂ ਆਊਗੀ॥੨੭॥ ਕਿਉਂ ਜੋ ਇਨਾਂ ਲੋਕਾਂ ਦਾ
ਮਨ ਮੋਟਾ ਹੋਇਆ ਹੈ ਅਤੇ ਕੰਨਾਂ ਨਾਲ ਉੱਚਾ ਸੁਣਦੇ ਹਨ ਅਤੇ ਇਨਾਂ ਨੇ ਆਪਣੀਆਂ ਅੱ
ਖਾਂ ਮੀਟ ਲਈਆਂ ਹਨ ਤਾਂ ਕਿਤੇ ਐਉਂ ਨਾ ਹੋਵੇ ਜੋ ਅੱਖਾਂ ਨਾਲ ਵੇਖਣ ਅਤੇ ਕੰਨਾਂ ਨਾਲ ਸੁ
ਣਨ ਅਤੇ ਮਨ ਵਿੱਚ ਸਮਝਣ ਅਤੇ ਮੁੜ ਆਉਣ ਅਰ ਮੈਂ ਇਨਾਂ ਨੂੰ ਚੰਗਾ ਕਰਾਂ॥੨੮॥ ਸੋ
ਇਹ ਜਾਣੋ ਭਈ ਪਰਮੇਸ਼ੁਰ ਦੀ ਇਹ ਮੁਕਤਿ ਪਰਾਈਆਂ ਕੋਮਾਂ ਦੇ ਕੋਲ ਘੱਲੀ ਗਈ ਹੈ ਅ
ਤੇ ਓਹ ਸੁਣਬੀ ਲੈਣਗੀਆਂ॥ ॥੩੦॥ ਅਤੇ ਉਹ ਪੂਰੇ ਦੋ ਵਰਹੇ ਆਪਣੇ
ਭਾੜੇ ਦੇ ਘਰ ਵਿੱਚ ਰਿਹਾ ਅਤੇ ਉਨਾਂ ਸਭਨਾਂ ਦਾ ਜੋ ਉਹ ਦੇ ਕੋਲ ਆਉਂਦੇ ਸਨ ਆਦਰ ਭਾ
ਉ ਕਰਦਾ॥੩੧॥ ਅਰ ਬਿਨਾ ਰੋਕ ਟੋਕ ਅੱਤ ਦਿਲੇਰੀ ਨਾਲ ਪਰਮੇਸ਼ੁਰ ਦੇ ਰਾਜ ਦੀ ਮਨ
ਦੀ ਕਰਦਾ ਅਤੇ ਪ੍ਰਭੁ ਯਿਸੂ ਮਸੀਹ ਦੀ ਬਾਬਤ ਉਪਦੇਸ਼ ਦਿੰਦਾ ਰਿਹਾ॥

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library




Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

Original Publication
Language Change
Digitized by
Panty Digital

Original with:
Language Department Punjab
Digitized by:
Panjab Digital Library





Original:
Languages Department, Punjab
Digitized by:
Panjab Digital Library